# ਮੱਧਕਾਲੀ ਪੰਜਾਬੀ ਸਾਹਿਤ

DPBI608

Edited By:
Dr. Satwant Singh

LOVELY PROFESSIONAL UNIVERSITY

# ਮੱਧਕਾਲੀ ਪੰਜਾਬੀ ਸਾਹਿਤ

Edited By
Dr. Satwant singh

# ਮੱਧਕਾਲੀ ਪੰਜਾਬੀ ਸਾਹਿਤ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ-1 | ਮੱਧਕਾਲੀ ਬੋਧ; ਸਮਾਜਿਕ, ਸਭਿਆਚਾਰਕ, ਧਾਰਮਿਕ, ਰਾਜਨੀਤਕ ਸੰਦਰਭ ਅਤੇ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਵਿਸ਼ੇਸ਼ਤਾਵਾਂ | ਡਾ. ਸਤਵੰਤ ਸਿੰਘ | 1-26 |
| ਅਧਿਆਇ-2 | ਮੱਧਕਾਲ ਦੇ ਪ੍ਰਮੁੱਖ ਕਾਵਿ ਰੂਪ I; ਸਲੋਕ, ਸ਼ਬਦ, ਅਸ਼ਟਪਦੀ, ਬਾਰਾਹਮਾਹ ਅਤੇ ਰੁਤੀ ਦਾ ਸਰੂਪ ਅਤੇ ਲੱਛਣ | ਡਾ. ਸਤਵੰਤ ਸਿੰਘ | 27-38 |
| ਅਧਿਆਇ-3 | ਮੱਧਕਾਲ ਦੇ ਪ੍ਰਮੁੱਖ ਕਾਵਿ ਰੂਪ II; ਕਾਫੀ, ਵਾਰ, ਕਿੱਸਾ, ਜੰਗਨਾਮਾ ਦਾ ਸਰੂਪ ਅਤੇ ਲੱਛਣ | ਡਾ. ਸਤਵੰਤ ਸਿੰਘ | 39-52 |
| ਅਧਿਆਇ-4 | ਸ਼ੇਖ ਫਰੀਦ ਜੀ ਦੀ ਬਾਣੀ ਦਾ ਵਿਸ਼ਾ ਪੱਖ; ਮੂਲ ਸਰੋਕਾਰ ਅਤੇ ਲੋਕਧਾਰਾਈ ਪਰਿਪੇਖ | ਡਾ. ਸਤਵੰਤ ਸਿੰਘ | 53-62 |
| ਅਧਿਆਇ-5 | ਸ਼ੇਖ ਫਰੀਦ ਦੀ ਬਾਣੀ ਦਾ ਕਲਾ ਪੱਖ; ਕਲਾਤਮਿਕ ਵਿਸ਼ੇਸ਼ਤਾਵਾਂ ਅਤੇ ਸੂਫੀ ਕਾਵਿ ਵਿਚ ਸਥਾਨ | ਡਾ. ਸਤਵੰਤ ਸਿੰਘ | 63-76 |
| ਅਧਿਆਇ-6 | ਗੁਰੂ ਨਾਨਕ ਦੇਵ ਦੀ ਆਸਾ ਦੀ ਵਾਰ ਦਾ ਵਿਸ਼ਾ-ਵਸਤੂ ਤੇ ਕਲਾ ਪੱਖ; ਬਣਤਰ ਤੇ ਮੂਲ ਸੰਕਲਪ ਅਤੇ ਧਾਰਮਿਕ, ਸਮਾਜਿਕ/ਸਭਿਆਚਾਰਕ ਪਰਿਪੇਖ ਤੇ ਕਲਾਤਮਿਕ ਅਧਿਐਨ | ਡਾ. ਸਤਵੰਤ ਸਿੰਘ | 77-92 |
| ਅਧਿਆਇ-7 | ਕਾਦਰਯਾਰ ਦੇ ਕਿੱਸਾ ਪੂਰਨ ਭਗਤ ਦਾ ਵਿਸ਼ਾ-ਵਸਤੂ ਤੇ ਕਲਾ ਪੱਖ; ਵਿਸ਼ਾਗਤ ਪਾਸਾਰ ਅਤੇ ਲੋਕਧਾਰਾਈ ਪਰਿਪੇਖ, ਕਲਾਤਮਿਕ ਅਧਿਐਨ ਅਤੇ ਬੀਰ ਕਾਵਿ ਵਿਚ ਸਥਾਨ | ਡਾ. ਸਤਵੰਤ ਸਿੰਘ | 93-108 |
| ਅਧਿਆਇ-8 | ਸ਼ਾਹ ਮੁਹੰਮਦ ਦੇ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਦਾ ਵਿਸ਼ਾ-ਵਸਤੂ ਤੇ ਕਲਾ ਪੱਖ; ਮੂਲ ਸਰੋਕਾਰ, ਜੰਗਨਾਮੇ ਵਿਚ ਇਤਿਹਾਸ ਦੀ ਪੇਸ਼ਕਾਰੀ, ਕਲਾਤਮਿਕ ਅਧਿਐਨ ਅਤੇ ਬੀਰ ਕਾਵਿ ਵਿਚ ਸਥਾਨ | ਡਾ. ਸਤਵੰਤ ਸਿੰਘ | 109-134 |
| ਅਧਿਆਇ-9 | ਵਾਰਤਕ ਦੀ ਪਰਿਭਾਸ਼ਾ ਤੇ ਪ੍ਰਕਿਰਤੀ; ਅਰਥ, ਸਰੂਪ ਅਤੇ ਤੱਤ | ਡਾ. ਸਤਵੰਤ ਸਿੰਘ | 135-148 |
| ਅਧਿਆਇ-10 | ਮੱਧਕਾਲੀ ਪੰਜਾਬੀ ਵਾਰਤਕ ਦਾ ਇਤਿਹਾਸ; ਨਿਕਾਸ-ਵਿਕਾਸ ਤੇ ਵਿਸ਼ੇਸ਼ਤਾਵਾਂ | ਡਾ. ਸਤਵੰਤ ਸਿੰਘ | 149-160 |
| ਅਧਿਆਇ-11 | ਮੁੱਢਲੀ ਪੰਜਾਬੀ ਵਾਰਤਕ; ਜਨਮਸਾਖੀ, ਪਰਮਾਰਥ, ਗੋਸ਼ਟ, ਬਚਨ ਦਾ ਸਰੂਪ ਤੇ ਲੱਛਣ | ਡਾ. ਸਤਵੰਤ ਸਿੰਘ | 161-172 |

| | | | |
|---|---|---|---|
| ਅਧਿਆਇ-12 | ਮੁੱਢਲੀ ਪੰਜਾਬੀ ਵਾਰਤਕ॥; ਹੁਕਮਨਾਮਾ, ਪਰਚੀਆਂ, ਟੀਕਾ, ਅਨੁਵਾਦ ਪਰੰਪਰਾ ਦਾ ਸਰੂਪ ਤੇ ਲੱਛਣ | ਡਾ. ਸਤਵੰਤ ਸਿੰਘ | 173-186 |
| ਅਧਿਆਇ-13 | ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ; ਵਿਸ਼ਾਗਤ ਤੇ ਕਲਾਤਮਿਕ ਅਧਿਐਨ | ਡਾ. ਸਤਵੰਤ ਸਿੰਘ | 187-202 |
| ਅਧਿਆਇ-14 | ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ ਦੇ ਵਿਭਿੰਨ ਪੱਖ; ਇਤਿਹਾਸਕ, ਮਿਥਿਹਾਸਕ ਤੇ ਲੋਕਧਾਰਾਈ ਪੱਖ | ਡਾ. ਸਤਵੰਤ ਸਿੰਘ | 203-213 |

# ਅਧਿਆਇ-1 : ਮੱਧਕਾਲੀ ਬੋਧ

**ਵਿਸ਼ਾ ਵਸਤੂ (Content)**


1. ਉਦੇਸ਼
2. ਭੂਮਿਕਾ
3. ਮੱਧਕਾਲ: ਸੰਕਲਪ
4. ਮੱਧਕਾਲੀ ਬੋਧ
5. ਮੱਧਕਾਲ: ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਸੰਦਰਭ
6. ਮੱਧਕਾਲੀ ਪੰਜਾਬੀ ਸਾਹਿਤ ਦੀਆਂ ਵਿਸ਼ੇਸ਼ਤਾਵਾਂ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ


## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਮੱਧਕਾਲ ਅਤੇ ਚੇਤਨਾ ਦੇ ਸੰਕਲਪ ਨੂੰ ਜਾਨਣਗੇ
- ਮੱਧਕਾਲੀ ਪੰਜਾਬ ਦੇ ਵਿਭਿੰਨ ਸਮਾਜਿਕ, ਸਭਿਆਚਾਰਕ, ਧਾਰਮਿਕ, ਰਾਜਨੀਤਕ ਸੰਦਰਭਾਂ ਬਾਰੇ ਗਿਆਨ ਪ੍ਰਾਪਤ ਕਰਨਗੇ
- ਮੱਧਕਾਲੀ ਪੰਜਾਬੀ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਸਮਝ ਹਾਸਿਲ ਕਰਨਗੇ

## ਭੂਮਿਕਾ

ਇਸ ਅਧਿਆਇ ਦਾ ਮੂਲ ਮਕਸਦ ਮੱਧਕਾਲੀਨ ਪੰਜਾਬੀ ਸਾਹਿਤ ਸੰਬੰਧੀ ਪੇਸ਼ ਧਾਰਨਾਵਾਂ ਦਾ ਵਿਸ਼ਲੇਸ਼ਣ ਮੁੱਲਾਂਕਣ ਕਰਨਾ ਹੈ। ਇਸ ਅਧਿਐਨ ਵਿਸ਼ਲੇਸ਼ਣ ਨੂੰ ਪ੍ਰਮਾਣਿਕਤਾ ਸਹਿਤ ਨਜਿੱਠ ਸਕਣ ਅਤੇ ਸਾਰਥਕ ਸਿੱਟਿਆਂ ਉੱਪਰ ਅੱਪੜਣ ਲਈ ਇਹ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਕਿ "ਮੱਧਕਾਲੀਨ ਦਾ ਅਰਥ ਕੀ ਹੈ? ਮੱਧਕਾਲੀ ਚੇਤਨਾ ਕਿਹੋ ਜਿਹੀ ਸੀ। ਮੱਧਕਾਲੀ ਪੰਜਾਬ ਦੀ ਆਰਥਿਕ, ਸਮਾਜ-ਸਭਿਆਚਾਰਕ, ਰਾਜਨੀਤਕ ਤੇ ਧਾਰਮਿਕ ਸਥਿਤੀ ਕਿਹੋ ਜਿਹੀ ਸੀ?

## ਮੱਧਕਾਲ: ਸੰਕਲਪ

ਮੱਧਕਾਲੀਨ ਤੋਂ ਕੀ ਭਾਵ ਹੈ ? ਇਕ ਸੰਕਲਪ ਵਜੋਂ ਅਤੇ ਕਾਲਗਤੀ ਦੇ ਨੁਕਤੇ ਤੋਂ ਪੰਜਾਬੀ (ਭਾਰਤੀ) ਸਾਹਿਤ ਵਿਚ ਇਸਦੇ ਕੀ ਅਰਥ ਉਘੜਦੇ ਹਨ ? ਇੱਥੇ ਇਕ ਪ੍ਰਸ਼ਨ ਹੋਰ ਵੀ ਪੈਦਾ ਹੁੰਦਾ ਹੈ ਕਿ ਕੀ ਸਮੁੱਚੇ ਵਿਸ਼ਵ ਸਾਹਿਤ ਦਾ ਮੱਧਕਾਲੀਨ ਪਰਿਪੇਖ ਇਕ ਹੀ

ਕਾਲ-ਪ੍ਰਵਾਹ ਵਿਚ ਸਮਾਉਂਦਾ ਹੈ ਜਾਂ ਨਹੀਂ ? ਅਤੇ ਕੀ ਇਸ ਮੱਧਕਾਲੀਨ ਯੁਗਬੋਧ ਦੀਆਂ ਸਮਾਜਕ, ਆਰਥਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਵੀ ਸਮਾਨੰਤਰ ਹਨ ਜਾਂ ਵਿਭਿੰਨਤਾ ਦੀਆਂ ਲਖਾਇਕ ਹਨ ? ਜਦੋਂ ਅਸੀਂ ਇਹਨਾਂ ਸਵਾਲਾਂ ਦੇ ਸਨਮੁੱਖ ਹੁੰਦੇ ਹਾਂ ਤਾਂ ਸ਼ਬਦ "ਮੱਧਕਾਲੀਨ ਇਕ ਜਟਿਲ ਸਥਿਤੀ ਦਾ ਬੋਧ ਕਰਵਾਉਂਦਾ ਹੈ। ਦੀਰਘ ਪਰਿਪੇਖ ਵਿਚ ਦੇਖੀਏ ਤਾਂ ਸਧਾਰਨ ਸ਼ਬਦਾਂ ਵਿਚ ਸਮੁੱਚੇ ਵਿਸ਼ਵ ਦੇ ਇਤਿਹਾਸ ਨੂੰ ਤਿੰਨ ਪ੍ਰਮੁੱਖ ਵਰਗਾਂ ਵਿਚ ਵੰਡਿਆ ਜਾਂਦਾ ਹੈ : "ਪ੍ਰਾਚੀਨ ਕਾਲ, "ਮੱਧਕਾਲ ਅਤੇ 'ਆਧੁਨਿਕ ਕਾਲ। ਇਤਿਹਾਸ ਦੀ ਇਹ ਸਾਧਾਰਨ ਕਾਲਵੰਡ 'ਮੱਧਕਾਲ ਨੂੰ "ਪ੍ਰਾਚੀਨ ਅਤੇ ਆਧੁਨਿਕ ਕਾਲ ਦੇ ਵਿਚਕਾਰਲੇ ਸਮੇਂ ਵਿਚ ਸਥਿਤ ਕਰਦੀ ਹੈ। ਸ਼ਬਦ 'ਮੱਧਕਾਲ | ਦੇ ਕੋਸ਼ਗਤ ਅਰਥ ਵੀ ਸਮੇਂ ਦੇ ਇਸੇ ਗਤੀ ਚੱਕਰ ਨੂੰ ਹੀ ਦਰਸਾਉਂਦੇ ਹਨ। ਇਸ ਮੱਧਕਾਲੀਨ ਯੁੱਗ ਵਿਸ਼ੇਸ਼ ਨੂੰ ਪ੍ਰਾਚੀਨ ਅਤੇ ਆਧੁਨਿਕ ਯੁੱਗ ਤੋਂ ਵੱਖਰਾ ਅਤੇ ਵਿਲੱਖਣਤਾ ਪ੍ਰਦਾਨ ਕਰਨ ਵਾਲੇ ਬੁਨਿਆਦੀ ਪ੍ਰੇਰਕ ਤੱਤਾਂ ਦੀ ਲੂੰਡ-ਭਾਲ ਕੀਤੇ ਬਗੈਰ ਇਸ ਦੇ ਸੰਕਲਪੀ ਅਰਥਾਂ ਨੂੰ ਸਮਝਣਾ ਕਾਫ਼ੀ ਕਠਿਨ ਕਾਰਜ ਹੈ। ਇਸ ਦੇਸ ਦੀ ਗਿਆਨ-ਸ਼ਾਸਤਰੀ ਪਰੰਪਰਾ ਇਸ ਗਿਆਨ ਤੋਂ ਅਵੇਸਲੀ ਨਜ਼ਰ ਆਉਂਦੀ ਹੈ। ਭਾਰਤੀ ਸੰਸਕ੍ਰਿਤੀ, ਸਾਹਿਤ ਅਤੇ ਦਰਸ਼ਨ ਦੀ ਇਤਿਹਾਸਕ ਵਿਕਾਸ ਪ੍ਰਕਿਰਿਆ ਨੂੰ ਕਾਲਤਾ ਵਿਚ ਟਿਕਾਉਣ ਪ੍ਰਤਿ ਝਲਕਦੀ ਇਤਿਹਾਸਕ ਸੂਝ ਦੀ ਘਾਟ ਦੇ ਕਈ ਰਾਜਨੀਤਿਕ, ਸਮਾਜਕ ਕਾਰਨ ਹੋ ਸਕਦੇ ਹਨ ਪਰ ਭਾਰਤ ਵਾਸੀਆਂ ਵਿਚ ਸ਼ੁਰੂ-ਸ਼ੁਰੂ ਵਿਚ ਇਤਿਹਾਸਕ ਸੂਝ ਦੀ ਕਾਫ਼ੀ ਘੱਟ ਰਹੀ ਹੈ। ਇਹ ਇਕ ਸਚਾਈ ਹੈ ਜਿਸ ਨੂੰ ਸਵੀਕਾਰ ਕਰਨ ਵਿਚ ਕੋਈ ਹਰਜ਼ ਨਹੀਂ। ਸਾਡੇ ਵਿਚ ਇਤਿਹਾਸ ਦੀ ਥਾਂ ਮਿਥਿਹਾਸ ਨੂੰ ਵਧੇਰੇ ਮਹਾਨਤਾ ਦਿੱਤੀ ਜਾਂਦੀ ਹੈ। ਅਸੀਂ ਆਪਣੇ ਦੇਵੀ-ਦੇਵਤਿਆਂ, ਗੁਰੂਆਂ ਪੀਰਾਂ ਅਤੇ ਪ੍ਰਾਚੀਨ ਨਾਇਕ/ਨਾਇਕਾਵਾਂ ਪ੍ਰਤੀ ਮਿਥਿਹਾਸਕ ਘਟਨਾਵਾਂ ਦਾ ਵਰਣਨ ਜ਼ਿਆਦਾ ਹੋਇਆ ਵੇਖਦੇ ਹਾਂ।" ਭਾਰਤ ਦਾ ਇਤਿਹਾਸ ਖ਼ਾਸਕਰ ਸਾਹਿਤਕ ਇਤਿਹਾਸ ਵਿਚ ਮਿਥਕ ਅਤੇ ਪੰਰਾਣਮੂਲਕ ਚੇਤਨਾ ਉੱਪਰ ਲੋੜੋਂ ਵੱਧ ਬਲ ਦੇਣ ਸਦਕਾ ਕੇਂਦਲ ਧਾਰਮਿਕ ਰੁਚੀਆਂ ਦੁਆਰਾ ਹੀ ਕੰਮ ਸਾਰ ਲਿਆ ਜਾਂਦਾ ਰਿਹਾ ਹੈ। ਭਾਰਤੀ ਦਰਸ਼ਨ ਵਿਚਲੀ ਮਿਥਿਹਾਸਕ ਸੂਝ ਤਾਂ ਭਾਵੇਂ ਚਾਰ ਪ੍ਰਮੁੱਖ ਕਾਲਯੁਗਾਂ ਨੂੰ ਦਿਸਾਲ ਚਿਤਰਪੱਟ ਉੱਪਰ ਪ੍ਰਗਟਾਉਂਦੀ ਰਹੀ ਹੈ ਪਰ ਇਸ ਕਾਲਵੰਡ ਨੂੰ ਭੌਤਿਕਤਾ ਦਾ ਆਧਾਰ ਪ੍ਰਦਾਨ ਕਰਨ ਤੋਂ ਇਹ ਅਸਮਰਥ ਰਹੀ ਹੈ। ਇਹੋ ਕਾਰਨ ਹੈ ਕਿ ਭਾਰਤੀ ਸੰਚਾਰ ਮਾਧਿਅਮਾਂ (ਦੱਖ-ਵੱਖ ਭਾਸ਼ਾਵਾਂ ਵਿਚ ਸ਼ਬਦ 'ਮੱਧਕਾਲ ਕੋਈ ਸਾਰਥਕ ਅਰਥ ਗ੍ਰਹਿਣ ਨਹੀਂ ਕਰ ਸਕਿਆ। ਹਿੰਦੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਹਜ਼ਾਰੀ ਪ੍ਰਸਾਦ ਦਿਵੇਦੀ ਨੇ ਠੀਕ ਹੀ ਲਿਖਿਆ ਹੈ ਕਿ

ਮੱਧਕਾਲ ਜਾਂ ਯੁੱਗ ਸ਼ਬਦ ਭਾਰਤੀ ਭਾਸ਼ਾਵਾਂ ਵਿਚ ਨਵਾਂ ਹੀ ਹੈ। ਭਾਰਤ ਦੇ ਪ੍ਰਾਚੀਨ ਸਾਹਿਤ ਵਿਚ ਇਸ ਪ੍ਰਕਾਰ ਦੇ ਕਿਸੇ ਸ਼ਬਦ ਦਾ ਯੋਗ ਨਹੀਂ ਮਿਲਦਾ। ਮੁੱਢਲੇ ਪ੍ਰਾਚੀਨ ਕਾਲ ਦੇ ਭਾਰਤ ਵਿਚ ਜਿਹੜੇ ਚਾਰ ਯੁੱਗਾਂ ਦੀ ਚਰਚਾ ਹੁੰਦੀ ਰਹੀ ਹੈ, ਉਹ ਹਨ- ਸਤਿਯੁਗ, ਤਰੇਤਾ, ਦੁਆਪਰ ਅਤੇ ਕਲਯੁਗੀ। ਇਸ ਪ੍ਰਕਾਰ ਦੀ ਯੁੱਗ-ਦੌੜ ਜਗਤ ਵਿਚ ਧਾਰਮਿਕ ਮਨੋਬਿਰਤੀ ਦੇ ਘੱਟ ਵੱਧ ਹੋਣ ਨੂੰ ਮੁੱਖ ਰੱਖ ਕੇ ਕੀਤੀ ਗਈ ਸੀ। ਸਪੱਸ਼ਟ ਹੈ ਕਿ ਭਾਰਤੀ ਇਤਿਹਾਸ ਜ਼ਿਆਦਾਤਰ ਮਿਥਿਹਾਸਕ ਕਾਲਕ੍ਰਮ ਵਾਲੀ ਮਿਆਦ ਨਾਲ ਹੀ ਪੌਰਾਣਕਤਾ ਨੂੰ ਉਤਸਾਹਮਈ ਢੰਗ ਨਾਲ ਵਰਤਦਾ ਆ ਰਿਹਾ ਹੈ। ਭਾਰਤੀ ਇਤਿਹਾਸ ਦੀ ਯੁੱਗ ਵੰਡ ਦੇ ਮੁਕਾਬਲੇ ਪੱਛਮੀ ਜਗਤ ਵਿਚ 'ਮੱਧਕਾਲ ਦਾ ਸੰਕਲਪ ਵਧੇਰੇ ਸਪੱਸ਼ਟਤਾ ਸਹਿਤ ਹੋਂਦ ਗ੍ਰਹਿਣ ਕਰਦਾ ਹੈ। ਪੱਛਮੀ ਦੁਨੀਆ ਵਿਚ ਮੱਧਕਾਲ ਦਾ ਸੰਕਲਪ ਅੰਗਰੇਜ਼ੀ ਭਾਸ਼ਾ ਦੇ ਸ਼ਬਦ "ਮਿਡਲ ਏਜ਼ (Middle Age ਦੇ ਸਮਾਨਾਰਥ ਵਜੋਂ ਪਰਿਭਾਸ਼ਤ ਹੋਇਆ ਹੈ। ਯੂਰਪ ਦੇ ਇਤਿਹਾਸ ਵਿਚ ਮਿਡਲ ਏਜ਼ ਦਾ ਅਰਥ ਪੁਰਾਤਨ ਯੂਨਾਨ ਅਤੇ ਰੋਮਨ ਸਭਿਆਚਾਰ ਦੇ ਨਿਘਾਰ ਅਤੇ ਯੂਰਪ ਵਿਚਲੀ ਪੁਨਰ-ਜਾਗ੍ਰਿਤੀ ਕਾਲ ਦੇ ਵਿਚਕਾਰਲੇ ਸਮੇਂ ਨੂੰ ਮੱਧਕਾਲ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ। ਪੱਛਮੀ ਇਤਿਹਾਸਕਾਰਾਂ ਨੇ ਮੱਧਕਾਲ ਦੇ ਆਰੰਭ ਅਤੇ ਪਤਨ ਦੀਆਂ ਤਾਰੀਖ਼ਾਂ ਦੇ ਮਾਮੂਲੀ ਜਿਹੇ ਫੇਰ ਬਦਲ ਨੂੰ ਛੱਡ ਕੇ ਇਸ ਯੁੱਗ ਵਿਸ਼ੇਸ਼ ਦੀ ਉਮਰ ਅਤੇ ਪ੍ਰਕਿਰਤੀ ਬਾਰੇ ਕਿਸੇ ਵੀ ਕਿਸਮ ਦਾ ਵਾਦ ਵਿਵਾਦ ਨਹੀਂ ਛੇੜਿਆ। ਇੰਜ ਪੱਛਮੀ ਇਤਿਹਾਸ ਦੀ ਇਹ ਅਉਧ ਪੰਜਵੀਂ ਸਦੀ ਤੋਂ ਲੈ ਕੇ ਸੋਲ੍ਹਵੀਂ ਸਦੀ ਤਕ ਲਗਭਗ ਇਕ ਹਜ਼ਾਰ ਸਾਲ ਬਣਦੀ ਹੈ ? ਦਰਅਸਲ ਪੱਛਮੀ ਜਗਤ ਵਿਚ ਇਸ ਕਾਲ ਨੂੰ "ਅੰਧਕਾਰ ਯੁੱਗ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਉਹ ਸਮਾਂ ਹੈ ਜਦੋਂ ਉੱਥੇ ਸੰਸਕ੍ਰਿਤੀ ਅਤੇ ਕਲਾ ਦਾ ਕੋਈ ਖਾਸ ਵਿਕਾਸ ਨਹੀਂ ਹੋ ਪਾਇਆ। ਰਾਜਨੀਤਿਕ ਅਤੇ ਸਮਾਜਕ ਤੌਰ ਉੱਪਰ ਵੀ ਇਹ ਸਮਾਂ ਸਾਮੰਤਵਾਦ ਦਾ ਸਮਾਂ ਮੰਨਿਆ ਗਿਆ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਉਪਰੋਕਤ ਵਰਣਿਤ ਪੱਛਮੀ ਮੱਧਕਾਲ ਦਾ ਯੁੱਗ ਉਥੋਂ ਦੀਆਂ ਇਤਿਹਾਸਕ, ਸਮਾਜਕ, ਆਰਥਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਦੇ ਮੱਦੇ ਨਜ਼ਰ ਹੀ ਹੋਂਦ ਗ੍ਰਹਿਣ ਕਰਦਾ ਹੈ।

ਪੱਛਮੀ ਮੱਧਕਾਲ ਦੇ ਸੰਕਲਪ ਨੂੰ ਜਦੋਂ ਭਾਰਤੀ ਪੰਜਾਬੀ ਸਾਹਿਤ ਦੇ ਇਤਿਹਾਸ ਵੱਲ ਲੈ ਕੇ ਮੁੜਦੇ ਹਾਂ ਤਾਂ ਕੁਝ ਬੁਨਿਆਦੀ ਕਿਸਮ ਦੀਆਂ ਮੁਸ਼ਕਲਾਂ ਦੇ ਰੂ-ਬ-ਰੂ ਹੋਣਾ ਪੈਂਦਾ ਹੈ। ਪਹਿਲੀ ਇਹ ਕਿ ਪੱਛਮ ਵਿਚਲੇ ਮੱਧਕਾਲੀ ਯੁੱਗ ਦੀ ਉਮਰ ਭਾਰਤੀ (ਪੰਜਾਬੀ) ਇਤਿਹਾਸ ਦੇ ਮੱਧਕਾਲ ਨਾਲ ਵੇਟ ਨਹੀਂ ਬਹਿੰਦੀ ਕਿਉਂਕਿ ਭਾਰਤੀ ਇਤਿਹਾਸਕਾਰ ਕੁਝ ਕੁ ਰਾਜਨੀਤਿਕ ਘਟਨਾਵਾਂ ਨੂੰ ਆਧਾਰ ਬਣਾ ਕੇ ਮੱਧਕਾਲ ਦੀ ਉਮਰ ਨਿਰਧਾਰਤ ਕਰਦੇ ਹਨ। ਦੂਸਰਾ ਕਾਰਨ ਇਹ ਹੈ ਕਿ ਪੱਛਮੀ ਇਤਿਹਾਸ ਦਾ ਮੱਧਕਾਲ ਦਾ 'ਅੰਧਕਾਰਮਈ ਵਿਸ਼ੇਸ਼ਣ ਵੀ ਭਾਰਤੀ ਸਾਹਿਤ ਦੇ ਮੱਧਕਾਲ ਦੇ ਅਨੁਕੂਲ ਨਹੀਂ ਬੈਠਦਾ। ਕਿਉਂਕਿ ਇਹ ਸਮਾਂ ਪੁਨਰ-ਉਸਾਰੀ ਦਾ ਹੋਣ ਕਰਕੇ ਸਵਰਨ ਯੁੱਗ ਮੰਨਿਆ

ਗਿਆ ਹੈ। ਪੱਛਮੀ ਇਤਿਹਾਸ ਵੰਡ ਦੀ ਤੋਰ ਉੱਪਰ ਭਾਰਤੀ ਇਤਿਹਾਸਕਾਰਾਂ ਵਲੋਂ ਅਪਣਾਏ ਗਏ ਮਾਪਦੰਡਾਂ ਵਿਚ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਸਮਝਣ ਲਈ ਅਪਣਾਈ ਗਈ ਤਰੁਟੀ ਭਰਪੂਰ ਅਤੇ ਗ਼ੈਰ-ਵਿਗਿਆਨਕ ਦ੍ਰਿਸ਼ਟੀ ਕਾਰਨ: ਇੱਥੋਂ ਦੀਆਂ ਤਤਕਾਲੀਨ ਉਤਪਾਦਨ ਪ੍ਰਣਾਲੀਆਂ, ਸਾਮੰਤਵਾਦੀ ਸਿਸਟਮ, ਧਾਰਮਿਕ ਚੇਤਨਾ ਅਤੇ ਸਾਹਿਤ ਤੇ ਕਲਾ ਸਿਰਜਣ ਦੀ ਸਿਖਰਤਾ ਆਦਿ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ।

## ਪਰਿਭਾਸ਼ਾਵਾਂ

ਭਾਰਤੀ ਮੱਧਕਾਲ ਦੇ ਯੁੱਗ ਨੂੰ ਪੱਛਮੀ ਮੱਧਕਾਲ ਦੇ ਮਾਪਦੰਡਾਂ ਉੱਪਰ ਪਰਿਭਾਸ਼ਤ ਕਰਦਿਆਂ **ਹਜ਼ਾਰੀ ਪ੍ਰਸਾਦ ਦਿਵੇਦੀ** ਲਿਖਦੇ ਹਨ ਕਿ :

> ਆਧੁਨਿਕ ਵਿਦਵਾਨ ਅੱਠਵੀਂ ਸਦੀ ਨੂੰ ਭਾਰਤੀ ਸਾਹਿਤ ਦੇ ਸੁਨਹਿਰੀ ਕਾਲ ਦੀ ਅੰਤਿਮ ਸੀਮਾ ਮੰਨਦੇ ਹਨ। ਅਸੀਂ ਵੀ ਵੇਖਿਆ ਹੈ ਕਿ ਕਲਾ-ਚੇਤਨਾ ਦੇ ਖੜੋਤ ਦਾ ਸਮਾਂ ਵੀ ਇਹੀ ਹੈ। ਇਸ ਲਈ ਮੇਰਾ ਸੁਝਾਅ ਹੈ ਕਿ ਇੱਥੋਂ ਹੀ ਭਾਰਤੀ ਸਾਹਿਤ ਦੇ ਸੁਤੰਤਰ ਚਿੰਤਨ ਦੇ ਵਾਸਤਵਿਕ ਪਤਨ ਦਾ ਸਮਾਂ ਮੰਨਿਆ ਜਾਵੇ ਅਤੇ ਇਸ ਕਾਲ ਦੀ ਅੰਤਿਮ ਸੀਮਾ ਅਠਾਰਵੀਂ ਸਦੀ ਤਕ ਸਵੀਕਾਰ ਕੀਤੀ ਜਾਵੇ। ਇਸ ਨੂੰ ਆਧੁਨਿਕ ਪਰਿਭਾਸ਼ਕ ਸ਼ਬਦਾਂ ਵਿਚ ਮੱਧਯੁੱਗ ਜਾਂ ਮੱਧਕਾਲ ਕਿਹਾ ਜਾਣਾ ਚਾਹੀਦਾ ਹੈ।

ਪੁਰਾਤਨਵਾਦ ਅਤੇ ਮਿਥਕਤਾ ਨੂੰ ਉਤਸਾਹਿਤ ਕਰਨ ਵਾਲੀ ਦਿਵੇਦੀ ਦੀ ਮੱਧਕਾਲ ਪ੍ਰਤੀ ਪਹੁੰਚ ਇਕ ਬੁਨਿਆਦੀ ਸਮੱਸਿਆਸਤ ਸਥਿਤੀ ਵੱਲ ਇਸ਼ਾਰਾ ਕਰਦੀ ਹੈ ਕਿ ਪੱਛਮੀ ਮੱਧਕਾਲ ਵਾਲਾ ਅੰਧਕਾਰਮਈ ਯੁੱਗ ਭਾਰਤੀ ਜਾਂ ਪੰਜਾਬੀ ਮੱਧਕਾਲੀ ਯੁੱਗ ਦੇ ਐਨ ਉਲਟ ਹੈ। ਇਸਦਾ ਕਾਰਨ ਇਹ ਹੈ ਕਿ ਪੱਛਮ ਦਾ ਮੱਧਕਾਲੀ ਯੁੱਗ ਕਲਾ ਅਤੇ ਸਾਹਿਤ ਦੇ ਨਿਘਾਰ ਦਾ ਸਮਾਂ ਹੈ ਜਦ ਕਿ ਭਾਰਤੀ ਜਾਂ ਪੰਜਾਬੀ ਸਾਹਿਤ ਸਿਰਜਨ ਦਾ ਮੱਧਕਾਲੀ ਯੁੱਗ ਕਲਾਸੀਕਲ ਸਾਹਿਤ ਨੂੰ ਜਨਮ ਦਿੰਦਾ ਹੈ। ਦੋਨੋ ਯੁੱਗਾਂ ਦੀਆਂ ਤਤਕਾਲੀਨ ਬਹੁਪੱਖੀ ਪਰਿਸਥਿਤੀਆਂ ਇਕ ਦੂਜੇ ਦੇ ਵਿਪਰੀਤ ਦਿਖਾਈ ਦਿੰਦੀਆਂ ਹਨ। ਭਾਰਤੀ ਜਾਂ ਪੰਜਾਬੀ ਦੇ ਕੁਝ ਵਿਦਵਾਨਾਂ ਨੇ ਇਸ ਬੁਨਿਆਦੀ ਫਰਕ ਨੂੰ ਪਛਾਣੇ ਬਗੈਰ ਇਸ ਯੁੱਗ ਦੇ ਸਾਹਿਤ ਦੇ ਮੱਧਕਾਲ ਨੂੰ ਨਿਸ਼ਚਿਤ ਕਰਨ ਸਮੇਂ ਟਪਲੇ ਖਾਧੇ ਹਨ। ਦਰਅਸਲ ਵੱਖ ਵੱਖ ਭੂਰੀਲਾਂ ਉੱਪਰ ਇਤਿਹਾਸਕ ਪ੍ਰਕਿਰਿਆ ਵਿਚ ਮੱਧਕਾਲ ਦਾ ਸੰਕਲਪ ਅਲੱਗ ਅਲੱਗ ਅਰਥਾਂ ਦਾ ਧਾਰਨੀ ਹੈ।ਭਾਰਤੀ ਮੱਧਕਾਲ ਦਾ ਸੰਕਲਪ ਯੂਰਪੀ ਸੰਕਲਪ "ਮਿਡਲ ਏਜ਼ ਦਾ ਸਮਾਨਅਰਥਕ ਨਹੀਂ ਬਲਕਿ ਵਿਲੱਖਣ ਭਾਵ ਬੋਧ ਦਾ ਸੂਚਕ ਹੈ। ਨਿਰਸੰਦੇਹ ਪੱਛਮੀ ਸਾਮੰਤਵਾਦੀ (ਮੱਧਕਾਲੀ) ਦੇਰ ਅਤੇ ਭਾਰਤੀ ਸਾਮੰਤਵਾਦੀ ਕਾਲ ਵਿਚ ਚਿੰਤਨ ਦੇ ਪੱਖੋਂ ਕੁਝ ਬੁਨਿਆਦੀ ਸਾਂਝਾਂ ਹਨ ਜਿਵੇਂ ਦੋਵਾਂ ਥਾਵਾਂ ਤੇ ਇਹ ਸਮਾਂ ਧਰਮ ਚਿੰਤਨ ਦੀ ਪ੍ਰਧਾਨਤਾ ਵਾਲਾ ਸੀ, ਪਰ ਆਪਣੀਆਂ ਵਿਸ਼ੇਸ਼ ਇਤਿਹਾਸਕ ਸਮਾਜਕ ਪਰਿਸਥਿਤੀਆਂ ਦੇ ਅੰਤਰਗਤ ਇਨ੍ਹਾਂ ਦੀ ਪ੍ਰਕਿਰਤੀ ਇਕ ਦੂਜੇ ਤੋਂ ਵਿਲੱਖਣ ਸੁਭਾਅ ਵਾਲੀ ਹੈ। ਭਾਰਤੀ ਮੱਧਕਾਲ ਦਾ ਕਾਲ ਵਿਸ਼ੇਸ਼ ਵੀ ਯੂਰਪੀ ਮੱਧਕਾਲ ਨਾਲੋਂ ਵੱਖਰਾ ਹੈ ਅਤੇ ਵਿਕਾਸ ਦਰ ਤੇ ਵਿਕਾਸ-ਰੇਖਾ ਵੀ ਇਕ ਦੂਜੇ ਤੋਂ ਭਿੰਨ ਹੈ। ਮੱਧਕਾਲ ਦੇ ਸੰਕਲਪ ਦੇ ਇਸ ਵੱਖੋ ਵੱਖਰੇ ਸੁਭਾਅ ਅਤੇ ਮਿਆਦ ਨੂੰ ਪਛਾਣੇ ਬਗੈਰ ਪੰਜਾਬੀ ਸਾਹਿਤ ਦੇ ਮੱਧਕਾਲੀਨ ਯੁੱਗ ਦਾ ਨਿਖੇੜਾ ਕਰਨਾ ਅਸੰਭਵ ਹੈ। ਮੱਧਕਾਲੀਨ ਪੰਜਾਬੀ ਸਾਹਿਤ ਦੇ ਸਮੁੱਚੇ ਵਿਹਾਰ ਅਤੇ ਅਉਧ ਪ੍ਰਤਿ ਵਿਵੇਕਮਈ ਨਿਰਣਾ ਤਾਂ ਹੀ ਬਣ ਸਕਦਾ ਹੈ ਜੇਕਰ ਇਸ ਸਾਹਿਤ ਵਿਚੋਂ ਪ੍ਰਗਟ ਹੁੰਦੇ ਰਾਜਨੀਤਿਕ, ਸਮਾਜਕ ਅਤੇ ਸਭਿਆਚਾਰਕ ਅਵਚੇਤਨ ਨੂੰ ਪਹਿਚਾਨਿਆ ਜਾਵੇ। ਇਸ ਜਟਿਲ ਪ੍ਰਕਿਰਿਆ ਨਾਲ ਨਜਿੱਠਣ ਲਈ ਪੰਜਾਬੀ ਵਿਦਵਾਨਾਂ ਦਾ ਰਵੱਈਆ ਖਾਸ ਗੋਲਣਯੋਗ ਹੈ। ਪੰਜਾਬੀ ਸਾਹਿਤ ਦੇ ਮੱਧਕਾਲ ਨੂੰ ਨਿਰਧਾਰਤ ਕਰਦਿਆਂ **ਡਾ. ਤੇਜਵੰਤ ਸਿੰਘ ਗਿੱਲ** ਦਾ ਵਿਚਾਰ ਹੈ ਕਿ :

> ਇਸ ਪ੍ਰਕਾਰ ਦੇ ਨਿਰਣੇ ਤੇ ਅੱਪੜਣ ਲਈ ਇਕ ਪਾਸੇ ਪੋਰਾਣਿਕਤਾ ਨੂੰ ਵਰੋਸਾਣ ਲਈ ਰਾਸ਼ਟਰੀ ਭਾਵਨਾ ਤੇ ਦੂਜੇ ਪਾਸੇ ਪੁਰਾਤਨਵਾਦ ਦਾ ਪ੍ਰੋਤਸਾਹਨ ਕਰਨ ਵਾਲੀ ਪੱਛਮੀ ਜਗਿਆਸਾ ਤੋਂ ਮੁਕਤ ਰਹਿਣਾ ਲਾਜ਼ਮੀ ਹੈ। ਨਾਲ ਹੀ ਨਾਲ ਲਾਜ਼ਮੀ ਹੈ ਸੁਚੇਤ/ਅਚੇਤ ਰੂਪ ਵਿਚ ਸੰਪਰਦਾਇਕਤਾ ਨਾਲ ਪਰਜਵੱਲਤ ਇਤਿਹਾਸਕਾਰੀ ਸੰਬੰਧੀ ਤਨਕੀਦੀ ਰਵੱਈਆ ਅਪਣਾਉਣਾ ਜੋ ਇਸ ਕਾਲ ਵਿਚਲੇ ਤੁਅੱਸਬ ਨੂੰ ਵੀ ਤੇਜੱਸਵ ਵਿਚ ਤਬਦੀਲ ਕਰਨਾ ਲੋਚਦੀ ਹੈ।

ਮੱਧਕਾਲੀ ਪੰਜਾਬੀ ਸਾਹਿਤ ਦੇ ਸੁਭਾਅ ਅਤੇ ਮਿਆਦ ਨੂੰ ਨਿਰਧਾਰਤ ਕਰਦਿਆਂ ਡਾ. ਗਿੱਲ ਨੇ ਇਸ ਕਾਲ ਪ੍ਰਤਿ ਨਿਰਣਾ ਲੈਣ ਵਾਲੇ ਤਿੰਨ ਪ੍ਰਮੁੱਖ ਪਹੁੰਚ-ਬਿੰਦੂਆਂ ਜਾਂ ਨਿਖੇੜ-ਬਿੰਦੂਆਂ ਦੀ ਸੰਕੀਰਣਤਾ ਉੱਪਰ ਚਾਨਣਾ ਪਾਇਆ ਹੈ। ਇਹ ਬਿੰਦੂ ਹਨ : ਪੌਰਾਣਕਤਾ, ਪੁਰਾਤਨਵਾਦ ਅਤੇ ਸੰਪਰਦਾਇਕਤਾ। ਇੱਥੇ ਪੋਰਾਣਿਕਤਾ ਅਤੇ ਸੰਪਰਦਾਇਕਤਾ ਨਿਰੋਲ ਭਾਰਤੀ ਦਰਸ਼ਨ ਅਤੇ ਸਮਾਜਕ ਵਿਵਸਥਾ ਦੀ ਉੱਪਜ ਹਨ। ਪੋਰਾਣਕਤਾ ਦਾ ਆਧਾਰ ਮਿਥਿਹਾਸ ਹੁੰਦਾ ਹੈ ਅਤੇ ਮਿਥਿਹਾਸ ਇਤਿਹਾਸ ਦੀ ਭੌਤਿਕਤਾ ਨੂੰ ਸਪੱਸ਼ਟ ਨਹੀਂ ਕਰ ਸਕਦਾ। ਸੰਪਰਦਾਇਕਤਾ ਦੇ ਆਧਾਰ ਉੱਪਰ ਵੀ ਕਿਸੇ ਵਿਸ਼ੇਸ਼ ਭੂ-ਖੇਤਰ ਦੇ ਸਮੁੱਚੇ ਸਾਹਿਤ ਦੀ ਕਾਲਵੰਡ ਕਰਨੀ ਅਸੰਭਵ ਹੈ। ਸੰਪਰਦਾਇਕ ਸੋਚ ਨਿਰੋਲ ਕਿਸੇ ਵਰਗ ਵਿਸ਼ੇਸ਼ ਦਾ ਹੀ ਗੁਣਗਾਣ ਕਰਦੀ ਹੋਈ ਉਸ ਵਰਗ/ਸਮੂਹ ਦੁਆਰਾ ਉਤਪਾਦਿਤ ਸਾਹਿਤ ਨੂੰ ਵੱਡਿਆਉਂਦੀ ਹੋਈ ਉਸਨੂੰ ਤੇਜੱਸਵੀ ਐਲਾਨਦੀ ਹੈ। ਪੱਛਮੀ ਮੱਧਕਾਲ ਦੀ ਪੁਰਾਤਨਵਾਦੀ ਸੋਚ ਦਾ ਭਾਰਤੀ ਜਾਂ ਪੰਜਾਬੀ ਸਾਹਿਤ ਦੇ ਮੱਧਕਾਲ ਨਾਲ

ਬੁਨਿਆਦੀ ਤਕਰਾਰ ਇਹ ਹੈ ਕਿ ਇਹਨਾਂ ਦੇ ਸੁਭਾਅ ਅਤੇ ਮਿਆਦ ਦੋਨੋਂ ਹੀ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਰਾਜਨੀਤਿਕ ਤੌਰ ਉੱਪਰ ਪੰਜਾਬੀ ਦੇ ਮੱਧਕਾਲੀਨ ਸਾਹਿਤ ਦੀ ਉਮਰ ਨੂੰ ਵਿਚਾਰੀਏ ਤਾਂ ਇਸਦਾ ਆਰੰਭ ਭਾਰਤ ਵਿਚ ਇਸਲਾਮ ਦੇ ਪ੍ਰਚਾਰ ਜਾਂ ਮੁਸਲਮਾਨੀ ਹਮਲਿਆਂ ਭਾਵ ਦਸਵੀਂ-ਗਿਆਰਵੀਂ ਸਦੀ ਦੇ ਆਰੰਭ ਤੋਂ ਮੰਨਿਆ ਜਾ ਸਕਦਾ ਹੈ ਅਤੇ ਅੰਤ ਵੀ ਇਸਲਾਮੀ ਹਮਲਿਆਂ ਉੱਪਰ ਲੱਗੀ ਰੋਕ ਅਠਾਰਵੀਂ ਸਦੀ ਦੇ ਅੰਤਲੇ ਦਹਾਕਿਆਂ ਤਕ ਮਿਥਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਦੀ ਆਪਣੀ ਭਾਸ਼ਾਈ ਯੋਗਤਾ ਦੇ ਆਧਾਰ ਉੱਪਰ ਇਸ ਦਾ ਆਰੰਭ ਸ਼ੇਖ ਫ਼ਰੀਦ ਤੋਂ ਲੈ ਕੇ ਗ਼ੁਲਾਮ ਫ਼ਰੀਦ ਤਕ ਦਾ ਸਾਹਿਤ ਮੱਧਕਾਲੀਨ ਪੰਜਾਬੀ ਸਾਹਿਤ ਅਖਵਾਉਂਦਾ ਹੈ ॥ ਵਰਤਮਾਨ ਸਮੇਂ ਵਿਚ ਵਿਦਵਾਨਾਂ ਨੇ ਮੱਧਕਾਲੀਨ ਸਾਹਿਤ ਦੇ ਕਾਲ ਖੰਡ ਦੀਆਂ ਕੁਝ ਬਦਲਦੀਆਂ ਤਿੱਥਾਂ ਨੂੰ ਛੱਡ ਕੇ ਇਸਦਾ ਆਰੰਭ ਬਾਰਵੀਂ ਸਦੀ ਤੋਂ ਮੰਨ ਕੇ ਉਨੀਵੀਂ ਸਦੀ ਦੇ ਅੱਧ ਤੀਕ ਫੈਲਾਇਆ ਹੈ। ਇੰਜ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਦਾ ਸਮਾਂ ਲਗਭਗ ਸੱਤ ਸਦੀਆਂ ਬਣਦਾ ਹੈ।

## ਮੱਧਕਾਲੀ ਬੋਧ

ਪੰਜਾਬੀ ਸਾਹਿਤ ਦੇ ਮੱਧਕਾਲੀਨ ਸਾਹਿਤ ਦੀ ਮਿਆਦ ਨੂੰ ਨਿਰਧਾਰਤ ਕਰਨ ਦੇ ਨਾਲ ਨਾਲ ਇਸ ਯੁੱਗ ਦੇ ਸਾਹਿਤ ਦੇ ਮੂਲ ਸੁਭਾਅ ਜਾਂ ਲੱਛਣਾ ਅਤੇ ਇਸਦੀਆਂ ਪ੍ਰਮੁੱਖ ਪਰਿਪਾਟੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਦਰਅਸਲ ਮੱਧਕਾਲੀਨ ਪੰਜਾਬੀ ਸਾਹਿਤ ਦੀ ਬੁਨਿਆਦੀ ਵੱਖ-ਵੱਖ ਸਭਿਆਚਾਰਾਂ ਦੇ ਸੰਸਲੇਸ਼ਣ ਉੱਪਰ ਟਿਕੀ ਹੋਈ ਹੈ। ਇਸਲਾਮੀ ਸਭਿਆਚਾਰ ਅਤੇ ਆਰੀਆਈ ਸਭਿਆਚਾਰ ਜਦੋਂ ਪਹਿਲੇ ਪੜਾਅ ਉੱਪਰ ਇਕ ਦੂਜੇ ਦੇ ਸਨਮੁੱਖ ਹੁੰਦੇ ਹਨ ਤਾਂ ਇਕ ਕਿਸਮ ਦਾ ਸਾਂਸਕ੍ਰਿਤਿਕ ਤਨਾਉ ਪੈਦਾ ਕਰਦੇ ਹਨ ਪਰ ਬਾਅਦ ਵਿਚ ਹੋਲੀ ਹੋਲੀ ਇਹ ਗੰਭੀਰ ਸੰਸਲੇਸ਼ਣ ਵੱਲ ਅਗ੍ਰਸਰ ਹੁੰਦੇ ਹੋਏ ਤਨਾਉਂ ਨੂੰ ਘਟਾਉਂਦਾ ਹੋਇਆ ਪਰਸਪਰ ਸਾਂਝ ਸਥਾਪਿਤ ਕਰਨ ਦੇ ਰਾਹ ਤੁਰਦੇ ਹਨ। ਇੰਜ ਇਹ ਦੋਵੇਂ ਸਾਂਸਕ੍ਰਿਤਿਕ ਤਿਮਾਨ/ਮਾਨਤਾਵਾਂ ਆਪਸ ਵਿਚ ਇਕ ਸੰਬਾਦਕ ਸਥਿਤੀ ਰਾਹੀਂ ਸਾਂਝੇ ਸਭਿਆਚਾਰ ਲਈ ਨਵੇਂ ਮੁੱਲ-ਵਿਧਾਨ ਸਿਰਜਨ ਵਿਚ ਕਿਰਿਆਸ਼ੀਲ ਹੁੰਦੀਆਂ ਹਨ। ਇਸ ਸਾਂਝੇ ਮੁੱਲ ਵਿਧਾਨ ਨੇ ਅਜਿਹੀ ਚੇਤਨਾ ਪੈਦਾ ਕੀਤੀ ਜਿਸ ਰਾਹੀਂ ਰੱਬ ਵਰਗੀ ਪਰਮ ਸ਼ਕਤੀ ਦੇ ਨਵੇਂ ਅਧਿਆਤਮਕ ਅਰਥ ਗ੍ਰਹਿਣ ਕਰਨੇ ਸ਼ੁਰੂ ਕਰ ਦਿੱਤੇ। ਧਰਮ ਆਪਣੀ ਕੱਟੜ ਸੰਸਥਾਮੂਲਕ ਬਿਰਤੀ ਤੋਂ ਟੁੱਟ ਕੇ ਵਿਅਕਤੀਮੁਖ ਅਨੁਭਵ ਨਾਲ ਜੁੜਨ ਲੱਗਦਾ ਹੈ ਜਿਸਨੇ ਨਵੇਂ ਮਾਨਵੀ ਮੁੱਲਾਂ ਦੀ ਗੱਲ ਕਰਕੇ ਧਰਮ ਦਾ ਇਕ ਨਵਾਂ ਸਮਾਜਕ ਪਰਿਪੇਖ ਉਸਾਰਿਆ। ਇਸ ਤੋਂ ਵੀ ਅਗਾਂਹ ਇਸ ਮਾਹੋਲ ਨੇ ਮਨੁੱਖ ਦੀ ਆਜ਼ਾਦੀ ਪ੍ਰਤਿ ਨਵੀਂ ਬੋਧਿਕ ਰੋਸ਼ਨੀ ਪੈਦਾ ਕੀਤੀ। ਮਾਨਵੀ ਸਮੱਸਿਆਵਾਂ ਨੂੰ ਧਰਮ ਦੇ ਸਮਾਜਕ ਪਰਿਪੇਖਾਂ ਵਿਚੋਂ ਵੇਖਿਆ ਜਾਣ ਲੱਗਾ, ਜਿਸਦੇ ਫਲਸਰੂਪ ਇਹਨਾਂ ਮਾਨਵੀ ਚਿੰਤਾਵਾਂ ਨੂੰ ਇਕ ਵੱਖਰੀ ਅਤੇ ਵਿਲੱਖਣ ਸੁਹਜਾਤਮਕ ਅਨੁਭਤੀ ਰਾਹੀਂ ਵਿਅਕਤ ਹੋਣ ਦਾ ਅਵਸਰ ਪ੍ਰਾਪਤ ਹੋਇਆ।

ਇਹ ਸਾਰੀ ਕਿਰਿਆ ਪ੍ਰਕਿਰਿਆ ਸਾਹਿਤ ਦੇ ਮਾਧਿਅਮ ਰਾਹੀਂ ਜਨ ਸਾਧਾਰਨ ਤਕ ਰਸਾਈ ਪੈਦਾ ਕਰਨ ਲੱਗਦੀ ਹੈ। ਇਹੋ ਕਾਰਨ ਹੈ ਕਿ ਸਾਹਿਤ ਦੇ ਪਰੰਪਰਾਗਤ ਰੂਪ ਅਤੇ ਭਾਸ਼ਾਗਤ ਕੱਟੜਤਾ ਵੀ ਇੱਥੇ ਬਦਲਵਾਂ ਰੂਪ ਅਖ਼ਤਿਆਰ ਕਰ ਜਾਂਦੀ ਹੈ। ਇੰਜ ਸਾਹਿਤ ਰੂਪਾਂ ਵਿਚਲੀ ਪਰਿਵਰਤਨਸ਼ੀਲਤਾ ਅਤੇ ਪੰਡਤਾਊ ਭਾਸ਼ਾ ਤੋਂ ਲੋਕ ਭਾਸ਼ਾ ਤਕ ਦਾ ਸਫ਼ਰ ਅਤੇ ਨਵੀਨ ਸਾਹਿਤਕ ਰੁਝੀਆਂ ਦਾ ਪ੍ਰਯੋਗ ਹੀ ਮੱਧਕਾਲੀਨ ਸਾਹਿਤ ਦੀ ਬੁਨਿਆਦ ਬਣਦੇ ਹਨ। ਭਗਤੀ ਕਾਵਿ, ਸੂਫ਼ੀ ਕਾਵਿ, ਗੁਰਮਤਿ ਕਾਵਿ, ਬੀਰ ਕਾਵਿ, ਕਿੱਸਾ ਕਾਵਿ ਅਤੇ ਜਨਮਸਾਖੀ ਸਾਹਿਤ ਆਦਿ ਇਸ ਸਾਹਿਤਕ ਯੁੱਗ ਦੀਆਂ ਉਹ ਮਹੱਤਵਪੂਰਨ ਕਾਵਿ ਪਰਿਪਾਟੀਆਂ ਹਨ ਜਿਹੜੀਆਂ ਵੱਖ ਵੱਖ ਸਭਿਆਚਾਰਾਂ ਦੇ ਸਮਨਵੇ ਵਿਚੋਂ ਸਾਂਝੇ ਮੁੱਲ ਵਿਧਾਨਾਂ ਨੂੰ ਲੈ ਕੇ ਆਪੋ ਆਪਣੀ ਹੋਂਦ ਗ੍ਰਹਿਣ ਕਰਦੀਆਂ ਹਨ। ਭਾਵੇਂ ਇਹ ਕਾਵਿ ਧਰਾਵਾਂ ਵੱਖੋ ਵੱਖਰੇ ਅਸਤਿਤਵ ਦੀਆਂ ਧਾਰਨੀ ਹਨ ਪਰ ਇਹਨਾਂ ਦੇ ਕਾਵਿ-ਸਿਧਾਂਤ ਦੇ ਅਵਚੇਤਨ ਵਿਚਲਾ ਸਾਂਝਾ ਅਤੇ ਬੁਨਿਆਦੀ ਸਰੋਕਾਰ ਇਕ ਮੁੱਲ ਵਿਧਾਨ ਅਤੇ ਅਰਥ ਵਿਸਤਾਰ ਨੂੰ ਹੀ ਜਨਮ ਦਿੰਦਾ ਹੈ ਅਤੇ ਅਗਾਂਹ ਇਹੋ ਬੁਨਿਆਦ ਹੀ ਇਕ ਸਾਂਝੇ ਸਭਿਆਚਾਰਕ ਪੈਰਾਡਾਈਮ ਨੂੰ ਸਿਰਜਦੀ ਹੈ। ਪਰੰਪਰਾ ਨੂੰ ਬਦਲਦੇ ਪਰਿਪੇਖਾਂ ਵਿਚ ਗ੍ਰਹਿਣ ਕਰਨ ਦੇ ਨਾਲ ਨਾਲ ਇਹ ਕਾਵਿ ਧਾਰਾਵਾਂ ਆਪਣੀ ਨਵੀਨ ਮੋਲਿਕਤਾ ਨੂੰ ਵੀ ਦਰਸਾਉਂਦੀਆਂ ਹਨ। ਇੰਜ "ਇਹਨਾਂ ਸੱਤ ਸਦੀਆਂ ਦੌਰਾਨ ਪੰਜਾਬੀ ਜੀਵਨ ਜਿਸ ਦਾ ਚਿਹਨਕਰਣ ਉਪਰੋਕਤ ਕਾਵਿ ਵਿਚ ਪ੍ਰਾਪਤ ਹੈ, ਪੋਰਾਣਕਤਾ, ਪੁਰਾਤਨਤਾ, ਅਗਿਆਨ ਤੇ ਤੁਅੱਸਬ ਦਾ ਹੀ ਵਰਤਾਰਾ ਨਹੀਂ ਰਹਿੰਦਾ । ਇਸ ਵਿਚ ਮੋਲਿਕ ਚਿੰਤਨ, ਪੁਨਰ-ਨਿਰਮਾਣ, ਜਾਤੀ ਤੇ ਉਦਾਰਤਾ ਦਾ ਵੀ ਵਿਸਫੋਟ ਹੁੰਦਾ ਹੈ। ਪੱਛਮ ਵਿਚ ਜਿਸ ਮੱਧਕਾਲ ਨੂੰ ਅੰਧਕਾਰ ਯੁਗ ਦਾ ਨਾਮ ਦਿੱਤਾ ਗਿਆ ਹੈ ਉੱਥੇ ਭਾਰਤੀ ਪੰਜਾਬੀ ਸਾਹਿਤ ਦੇ ਮੱਧਕਾਲ ਨੂੰ ਪੁਨਰ-ਜਾਗ੍ਰਿਤੀ ਅਤੇ ਵਿਭਿੰਨ ਸਭਿਆਚਾਰਾਂ ਦੇ ਏਕੀਕਰਣ ਦਾ ਨਾਮ ਦਿੱਤਾ ਹੈ। **ਡਾ. ਅਤਰ ਸਿੰਘ** ਦਾ ਕਥਨ ਇੱਥੇ ਬੜਾ ਢੁਕਵਾਂ ਹੈ ਕਿ :

> ਇਸਲਾਮ ਦੇ ਆਗਮਨ : ਜਿਹੜਾ ਚਿੰਤਾਵਾਂ ਨੂੰ ਯਕੀਨੀ ਬਣਾਉਣ ਵਾਲਾ ਚੰਗਾ ਸੰਗੀਤ ਧਰਮ ਸੀ, ਨੇ ਸਥਾਨਕ ਪ੍ਰਸਥਿਤੀਆਂ ਵਿਚ ਜੜਾਂ ਫੜ ਲਈਆਂ ਅਤੇ ਆਪਣੀ ਪੱਕੀ ਥਾਂ ਬਣਾ ਕੇ ਭਾਰਤ ਵਿਚ ਸਿਰਜਣਾਤਮਕਤਾ ਨੇ ਨਵੀਨੀਕਰਨ ਦੇ ਮਾਡਲ ਨੂੰ ਸਾਹਮਣੇ ਲਿਆਂਦਾ। ਇਸ ਸਥਿਤੀ ਤੋਂ ਪ੍ਰਭਾਵਿਤ ਲੋਕਾਂ ਨੇ ਆਪਣੇ ਆਪ ਨੂੰ ਭਾਰਤੀ ਪੁਨਰ-ਜਾਗ੍ਰਿਤੀ ਵਿਚ

> ਬਹਾਦਰੀ ਵਾਲੇ, ਜੋਖਮ ਵਾਲੇ ਵਿਚਾਰਾਂ ਵਿਚ ਸਭਿਆਚਾਰਕ ਗਤੀਵਿਧੀਆਂ ਜਿਵੇਂ ਧਰਮ, ਪਾਰਲੋਕਿਕਤਾ, ਰਹੱਸਵਾਦ ਤੇ ਭਾਰਤੀ ਭਾਸ਼ਾਵਾਂ ਦੇ ਸਾਹਿਤਕ ਪਰੰਪਰਾ ਦੇ ਪ੍ਰਗਟਾਅ ਵਿਚ ਮਹਿਸੂਸ ਕੀਤਾ।

ਨਿਰਸੰਦੇਹ ਪੰਜਾਬੀ ਸਾਹਿਤ ਦਾ ਮੱਧਕਾਲੀਨ ਸਮਾਂ ਜਿਹੜੀ ਸਾਂਝੀ ਰਹਿਤਲ ਦੇ ਆਧਾਰ ਉੱਪਰ ਸਭਿਆਚਾਰਕ ਪੁਨਰ-ਜਾਗ੍ਰਿਤੀ ਦਾ ਨਿਰਮਾਣ ਕਰਦਾ ਹੈ ਉਸਨੂੰ ਪਿੱਠਭੂਮੀ ਵਿਚ ਰੱਖ ਕੇ ਹੀ ਇਸ ਸਾਹਿਤ ਦਾ ਅਧਿਐਨ ਕੀਤਾ ਜਾ ਸਕਦਾ ਹੈ। ਮੱਧਕਾਲੀਨ ਸਾਹਿਤ ਦੇ ਇਸ ਉਤਪੰਨ ਹੋਏ ਸਾਂਝੇ ਸਭਿਆਚਾਰਕ ਪੈਰਾਡਾਈਮ ਨੂੰ ਵਿਭਿੰਨ ਪਰਿਪਾਟੀਆਂ ਆਪੋ ਆਪਣੀਆਂ ਵਿਚਾਰ ਪਰੰਪਰਾਵਾਂ ਪ੍ਰਦਾਨ ਕਰਕੇ ਇਕ ਸੰਤੁਲਿਤ ਵਿਹਾਰ ਨੂੰ ਵੀ ਜਨਮ ਦਿੰਦੀਆਂ ਹਨ। **ਡਾ. ਰਵਿੰਦਰ ਸਿੰਘ ਰਵੀ** ਮੱਧਕਾਲੀਨ ਪੰਜਾਬੀ ਸਾਹਿਤ ਦੇ ਇਸ ਵਿਹਾਰ ਨੂੰ ਲੋਕਮੁਖੀ ਬਿਰਤੀ ਦਾ ਲਖਾਇਕ ਮੰਨਦਾ ਹੈ। ਉਸਦਾ ਕਥਨ ਹੈ ਕਿ :

> ਪੰਜਾਬ ਦੇ ਇਤਿਹਾਸ ਦਾ ਇਹ ਇਕ ਅਜਿਹਾ ਦੌਰ ਹੈ ਜਿਸ ਵਿਚ ਸਮਾਜ ਦੀ ਛਿਊਡਲ ਨੀਹ ਦੇ ਬਾਵਜੂਦ ਸਮਾਜਕ ਸਾਰ ਦੇ ਮੁਕਾਬਲਤਨ ਇਨਕਲਾਬੀ ਸੁਭਾਅ ਕਾਰਣ ਧਰਮ ਸਾਹਿਤ ਅਤੇ ਬਾਅਦ ਵਿਚ ਰਾਜਨੀਤੀ ਦਾ ਵਿਚਾਰਧਾਰਕ ਰੂਪ ਸਥਾਪਤ ਸਮਾਜਕ ਬਣਤਰ ਦੇ ਵਿਰੁੱਧ ਲੋਕਹਾਜ ਦੇ ਇਨਕਲਾਬੀ ਪੈਂਤੜੇ ਵਾਲਾ ਰਿਹਾ ਹੈ।

ਮੱਧਕਾਲੀਨ ਪੰਜਾਬੀ ਸਾਹਿਤ ਵਿਚਲੀਆਂ ਵਿਭਿੰਨ ਕਾਵਿ ਪਰਿਪਾਟੀਆਂ ਸਥਾਪਿਤ ਤਤਕਾਲੀਨ ਸਮਾਜਕ ਰਾਜਨੀਤਿਕ ਪ੍ਰਤਿਮਾਨਾਂ ਨੂੰ ਚਿਤਰਨ ਦੀ ਬਜਾਇ ਉਹਨਾਂ ਤੋਂ ਪਰਾਹਨ ਦਾ ਰਸਤਾ ਅਖਤਿਆਰ ਕਰਦੀਆਂ ਹਨ। ਆਪਣੀ ਇਸ ਸਾਂਝੀ ਅਤੇ ਸਮਾਨੰਤਰ ਬਿਰਤੀ ਕਰਕੇ ਹੀ ਇਹ ਪ੍ਰਚਲਿਤ ਪ੍ਰਤਿਮਾਨਾਂ ਤੋਂ ਪਾਰ ਵੇਲ ਕੇ ਪੰਜਾਬੀ ਮਨੁੱਖ ਲਈ ਇਕ ਨਵਾਂ ਤੇ ਬੱਝਵਾਂ ਸਭਿਆਚਾਰਕ ਸੰਕਲਪ ਬਣ ਕੇ ਉਭਰਦੀਆਂ ਹਨ। ਇਸ ਪ੍ਰਸੰਗ ਵਿਚ **ਡਾ. ਸੁਤਿੰਦਰ ਸਿੰਘ ਨੂਰ** ਦਾ ਕਥਨ ਗਲਣਯੋਗ ਹੈ ਕਿ :

> ਗੁਰਮਤਿ ਕਾਵਿ, ਸੂਫ਼ੀ ਕਾਵਿ ਤੇ ਬੀਰ ਕਾਵਿ ਦੇ ਸੰਯੁਕਤ ਸਮਾਨੰਤਰ ਸਭਿਆਚਾਰਕ ਪੈਰਾਡਾਈਮ ਨੇ ਇਕ ਨਵੇਂ, ਸਭਿਆਚਾਰਕ ਵਿਹਾਰ ਨੂੰ ਸਾਹਮਣੇ ਲਿਆਂਦਾ। ਇਹ ਸਭਿਆਚਾਰਕ ਵਿਹਾਰ ਜਿਸ ਨਵੀਂ ਸਭਿਆਚਾਰਕ ਵਿਚਾਰਧਾਰਾ ਨੂੰ ਸਾਹਮਣੇ ਲਿਆਉਂਦਾ ਹੈ, ਇਸ ਨੇ ਸ਼ਕਤੀ ਜਾਂ ਪਾਵਰ ਦੀ ਪਹਿਲੀ ਸੰਰਚਨਾ ਤੇ ਉਸ ਦੇ ਸਭਿਆਚਾਰਕ ਰੂਪਾਂ ਨੂੰ ਵੰਗਾਰਿਆ ਤੇ ਰੱਦ ਕੀਤਾ।

ਮੱਧਕਾਲੀਨ ਸਾਹਿਤ ਦੀਆਂ ਵੱਖ ਵੱਖ ਕਾਵਿ ਧਾਰਾਵਾਂ ਵਿਚਲੇ ਸਾਂਝੇ ਮੁੱਲ ਵਿਧਾਨ ਅਤੇ ਵਿਚਾਰਧਾਰਕ ਪੋਤੜੇ ਸਦਕਾ ਹੀ ਇਹਨਾਂ ਸਾਰੀਆਂ ਧਾਰਾਵਾਂ ਨੂੰ ਇਕੋ ਇਤਿਹਾਸਕ ਪਰਿਪੇਖ ਵਿਚ ਵਿਚਾਰਿਆ ਜਾਂਦਾ ਹੈ। ਇਹ ਕਾਵਿ ਧਾਰਨਾਵਾਂ ਵੱਖ ਵੱਖ ਸਭਿਆਚਾਰਕ ਸਿਮਰਤੀਆਂ ਅਤੇ ਅੰਤਰ-ਦ੍ਰਿਸ਼ਟੀਆਂ ਨਾਲ ਜੁੜੀਆਂ ਹੋਈਆਂ ਹੋਣ ਦੇ ਬਾਵਜੂਦ : ਇਕ ਬਿੰਦੂ ਉੱਪਰ ਸਮਨਵੈ ਪੈਦਾ ਕਰਦੀਆਂ ਹੋਈਆਂ ਇਕ ਵੱਖਰੇ ਅਤੇ ਵਿਲੱਖਣ ਸਾਹਿਤਕ ਸਭਿਆਚਾਰਕ ਸੰਸਾਰ ਨੂੰ ਉਤਪਾਦਿਤ ਕਰਦੀਆਂ ਹਨ।

## ਮੱਧਕਾਲੀ ਪੰਜਾਬ: ਸਮਾਜ-ਸਭਿਆਚਾਰਕ ਸੰਦਰਭ

### ਵਰਨ ਵਿਵਸਥਾ

ਜੇਕਰ ਮੱਧਕਾਲੀ ਸਮਾਜ ਦੀ ਵਰਨ ਵਿਵਸਥਾ ਦੇ ਪਿਛੋਕੜ ਨੂੰ ਦੇਖੀਏ ਤਾਂ ਇਸ ਦੀਆਂ ਜੜ੍ਹਾਂ ਵੇਦਾਂ ਵਿਚ ਹੀ ਦਿਖਾਈ ਦਿੰਦੀਆਂ ਹਨ। ਵੇਦਾਂ ਵਿਚ "ਇਕੋ ਪਰਜਾਪਤੀ ਬ੍ਰਹਮਾ ਦੇ ਵੱਖੋ-ਵੱਖਰੇ ਅੰਗਾਂ ਤੋਂ ਬਾਹਮਣ, ਖਤਰੀ, ਵੈਸ਼, ਅਤੇ ਸ਼ੂਦਰ ਆਦਿ ਵਰਣਾਂ ਦੀ ਉਤਪਤੀ ਪਰਵਾਨ ਕੀਤੀ ਗਈ ਸੀ। ਪਰੰਤੂ ਵੇਦਾਂ ਤੋਂ ਬਾਅਦ ਇਹ ਵਿਵਸਥਾ ਆਪਣਾ ਕੱਟੜਤਾ ਵਾਲਾ ਰੂਪ ਅਖਤਿਆਰ ਕਰ ਲੈਂਦੀ ਹੈ। ਭਗਵਤ ਗੀਤਾ ਵਿਚ ਅਰਜਨ ਆਪਣੀ ਕੁਲ ਦੇ ਖਤਮ ਹੋਣ ਦਾ ਖਦਸ਼ਾ ਪ੍ਰਗਟਾਉਂਦਾ ਹੈ ਕਿ "ਹੇ ਜਨਾਰਧਨ! ਕੁਲ ਦਾ ਨਾਸ਼ ਕਰਨ ਨਾਲ ਕੁਲ ਦੇ ਜੋ ਪੁਰਾਤਨ ਕਰਮ ਚੱਲੇ ਆਉਂਦੇ ਹਨ ਉਨ੍ਹਾਂ ਦਾ ਵੀ ਨਾਸ਼ ਹੋ ਜਾਂਦਾ ਹੈ। ਕੁਲ ਧਰਮ ਦੇ ਨਸ਼ਟ ਹੋਣ ਨਾਲ ਕੁਲ ਦੀਆਂ ਇਸਤ੍ਰੀਆਂ ਆਚਰਣਹੀਣ ਹੋ ਜਾਂਦੀਆਂ ਹਨ, ਉਨ੍ਹਾਂ ਇਸਤ੍ਰੀਆਂ ਤੋਂ ਵਰਨ ਸੰਕਰ ਸੰਤਾਨ ਪੈਦਾ ਹੁੰਦੀ ਹੈ। ਬਰਨ ਸੰਕਰ ਭਾਵ ਪਰਾਏ ਪੁਰਸ਼ਾਂ ਦੀ ਸੰਤਾਨ। ਜਦੋਂ ਵਰਨ ਸੰਕਰ ਸੰਤਾਨ ਹੋਈ ਤਾਂ ਪਿੰਡ ਅਤੇ ਜਲ ਪਿਤਰਾਂ ਨੂੰ ਪਹੁੰਚਣ ਤੋਂ ਰਹਿ ਗਿਆ ਅਤੇ ਪਿਤਰ ਸਵਰਗ ਤੋਂ ਡਿੱਗ ਪੈਣਗੇ।

ਮੱਧਕਾਲੀ ਸਮਾਜ ਦੀ ਵਰਨ-ਵਿਵਸਥਾ ਦਾ ਰੂਪ ਹੋਰ ਵੀ ਸੁੰਗੜਦਾ ਦਿਖਾਈ ਦਿੰਦਾ ਹੈ। ਹਰ ਇਕ ਵਰਨ ਅੱਗੋਂ ਕਈ ਜਾਤੀਆਂ ਵਿਚ ਵੰਡਦਾ ਚਲਿਆ ਗਿਆ ਜਿਸ ਨਾਲ ਸਭ ਤਰ੍ਹਾਂ ਦੇ ਜਾਤਾਂ ਦੀਆਂ ਮਾਨਤਾਵਾਂ ਤੇ ਰਸਮ ਰਿਵਾਜ਼ ਵੀ ਆਪੋ ਆਪਣੀਆਂ ਜਾਤਾਂ ਦੇ ਖੋਲ ਤਕ ਹੀ ਸੁੰਗੜ ਕੇ ਰਹਿ ਗਏ। ਇਨ੍ਹਾਂ ਜਾਤਾਂ ਦੇ ਲੋਕ ਆਪੋ-ਆਪਣੀ ਵਰਨ ਵਿਵਸਥਾ ਤੋਂ ਤੰਗ ਆਉਣ ਲੱਗੇ ਅਤੇ ਇਨ੍ਹਾਂ ਲੋਕਾਂ ਦੀ ਆਰਥਿਕ ਹਾਲਤ ਤਾਂ ਗਿਰ ਹੀ ਚੁੱਕੀ ਸੀ ਪਰ ਧਾਰਮਿਕ ਸਥਾਨਾਂ, ਕਾਰਜਾਂ ਵਿਚ ਵੀ ਇਨ੍ਹਾਂ ਦੀ ਸਾਂਝੇਦਾਰੀ ਨੂੰ ਕਬੂਲ ਨਹੀਂ ਸੀ ਕੀਤਾ ਜਾਂਦਾ। ਮੱਧਕਾਲ ਦੀ ਭਾਜਾ ਸਥਿਤੀ ਕੁੱਝ ਅਜਿਹੀ ਸੀ ਦੂਸਰੇ ਪਾਸੇ ਸੱਤਾਧਾਰੀ ਮੁਸਲਿਮ ਸਮਾਜ ਦੇ ਦਬਦਬੇ ਕਾਰਨ ਉਹ ਦੋਹਰੀ ਮਾਰ ਹੇਠ ਆ ਚੁੱਕੇ ਸਨ। ਇਕ ਪਾਸੇ ਲੋਕ ਆਪਣੇ ਆਰਥਿਕ ਫਾਇਦੇ ਲਈ ਮੁਸਲਿਮ ਧਰਮ ਅਤੇ ਸਭਿਆਚਾਰ ਨੂੰ ਅਪਣਾਉਂਦੇ ਜਾ ਰਹੇ ਸਨ ਦੂਸਰੇ ਪਾਸੇ ਮੁਸਲਿਮ ਬਣੇ ਹਿੰਦੂਆਂ ਨੂੰ ਦੁਬਾਰਾ ਹਿੰਦੂ ਧਰਮ ਵਿਚ ਪ੍ਰਵੇਸ਼ ਕਰਨ ਦੀ ਪਾਬੰਦੀ ਸੀ।

**ਆਸ਼ਰਮ ਵਿਵਸਥਾ**

ਵੈਦਿਕ ਯੁੱਗ ਵਿਚ ਜਿਵੇਂ ਜਾਤੀ ਪ੍ਰਣਾਲੀ ਸਮਾਜ ਦੇ ਵਿਕਾਸ ਦਾ ਹਿੱਸਾ ਸੀ ਉਂਵੇਂ ਆਸ਼ਰਮ ਵਿਵਸਥਾ ਵੀ ਵਿਅਕਤੀ ਦੀ ਉਮਰ-ਵੰਡ ਅਨੁਸਾਰ ਧਾਰਮਿਕ, ਅਧਿਆਤਮਕ ਪੱਖ ਤੋਂ ਸਾਰਥਕ ਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਲਖਾਇਕ ਸੀ। ਪਰੰਤੂ ਵੇਦਾਂ ਤੋਂ ਬਾਅਦ ਜਾਤੀ ਪ੍ਰਥਾ ਦੀ ਤਰ੍ਹਾਂ ਆਸ਼ਰਮ ਵਿਵਸਥਾ ਅਧੀਨ ਮਨੁੱਖੀ ਜੀਵਨ ਨੂੰ ਪੱਕੇ ਤੌਰ 'ਤੇ ਚਾਰ ਆਸ਼ਰਮ : (1) ਬ੍ਰਹਮਚਾਰੀ ਆਸ਼ਰਮ, (2) ਗ੍ਰਹਿਸਥ ਆਸ਼ਰਮ, (3)ਵਾਨਪ੍ਰਸਥ ਆਸ਼ਰਮ, (4) ਸੰਨਿਆਸ ਆਸ਼ਰਮ ਵਿਚ ਵੰਡ ਦਿੱਤਾ ਗਿਆ। ਵਿਅਕਤੀ ਦੀ ਉਮਰ ਸੌ ਸਾਲ ਮੰਨ ਕੇ ਹਰ ਇਕ ਆਸ਼ਰਮ ਲਈ 25 ਸਾਲ ਨਿਰਧਾਰਤ ਕਰ ਦਿੱਤੀ ਗਈ। ਇਹਨਾਂ ਆਸ਼ਰਮਾਂ ਦੀ ਕੱਟੜਤਾ ਇਸ ਕਦਰ ਸਮਾਜ ਦੇ ਵਿਕਾਸ ਵਿਚ ਰੋੜਾ ਬਣ ਗਈ ਸੀ ਕਿ ਵਾਨਥੀ ਤੇ ਸੰਨਿਆਸੀਆਂ ਦੇ ਅਣਗਿਣਤ ਵਿਰਕੇ ਹੋਂਦ ਵਿਚ ਆਉਣ ਲੱਗੇ। ਜਿਹੜੀ ਆਸ਼ਰਮ ਵਿਵਸਥਾ ਮਨੁੱਖ ਦੇ ਸੰਜਮੀ, ਮਰਿਆਦਾ ਪੂਰਵਕ ਅਤੇ ਅਨੁਸ਼ਾਸਨੀ ਜੀਵਨ-ਜਿਉਣ ਲਈ ਲਾਗੂ ਕੀਤੀ ਗਈ ਸੀ। ਉਸ ਵਿਵਸਥਾ ਨੇ ਅੱਗੇ ਚੱਲ ਕੇ ਸਮਾਜ ਵਿਚ ਅਸੰਜਮ, ਅਨੈਤਿਕਤਾ ਆਦਿ ਬੁਰਾਈਆਂ ਦਾ ਜਾਲ ਇਸ ਕਦਰ ਫੈਲਾ ਦਿੱਤਾ ਕਿ ਸੰਨਿਆਸੀ ਫਿਰਕਿਆਂ ਵਾਲੇ ਆਪਣੀਆਂ ਸਰੀਰਕ, ਮਾਨਸਿਕ ਤੇ ਲਿੰਗਕ ਲੋੜਾਂ ਦੀ ਪੂਰਤੀ ਲਈ ਅਸਿੱਧੇ ਤੌਰ 'ਤੇ ਧਾਰਮਿਕ ਡੇਰਿਆਂ, ਮੱਠਾਂ, ਆਸ਼ਰਮਾਂ ਦਾ ਸਹਾਰਾ ਲੈਣ ਲੱਗੇ। ਕਾਨਪ੍ਰਸਥੀ ਤੇ ਸੰਨਿਆਸੀ ਜੀਵਨ ਦਾ ਬੜ੍ਹਾਵਾ ਜੈਨ ਅਤੇ ਬੁੱਧ ਧਰਮ ਦੇ ਸਮੇਂ ਹੋਰ ਤੇਜ਼ ਹੋ ਜਾਂਦਾ ਹੈ। ਮਹਾਤਮਾ ਬੁੱਧ ਦੇ ਸਮੇਂ ਇਸਤਰੀਆਂ ਨੂੰ ਵੀ ਭਿਕਸ਼ਣੀਆਂ ਹੋਣ ਦੀ ਆਗਿਆ ਦੇ ਦਿੱਤੀ ਗਈ ਸੀ। "ਬਾਅਦ ਵਿਚ ਜਾ ਕੇ ਇਸ ਦੇਸ਼ ਵਿਚ ਜੋ ਭ੍ਰਿਸ਼ਟ ਸਾਧੂਆਂ ਦੀ ਸੰਖਿਆ ਵਧੀ ਅਤੇ ਸਿੱਧਾਂ ਨੇ ਜੋ ਇਸਤਰੀਆਂ ਦੇ ਨਾਲ ਮੇਲ ਦੀ ਮਹਿਮਾ ਗਾਉਣੀ ਸ਼ੁਰੂ ਕੀਤੀ, ਉਹ ਸਾਰੇ ਦੇ ਸਾਰੇ ਮਾੜੇ ਕੰਮ ਇਸ ਭਿਕਸੁਣੀ-ਪ੍ਰਥਾ ਤੋਂ ਉਤਪੰਨ ਹੋਏ। ਕੇਵਲ ਬੁੱਧ ਮੱਠਾਂ ਵਿਚ ਹੀ ਨਹੀਂ, ਹਿੰਦੂ ਮੰਦਿਰਾਂ ਵਿਚ ਵੀ ਜੋ ਦੇਵ-ਦਾਸੀ ਦੀ ਪ੍ਰਥਾ ਚੱਲ ਪਈ, ਉਹ ਸ਼ੁੱਧਾਂ ਦੀ ਇਸ ਭਿਕਸ਼ੁਣੀ-ਪ੍ਰਥਾ ਦੀ ਹੀ ਦੇਣ ਹੈ। ਮੱਧਕਾਲੀ ਸਮਾਜ ਵਿਚ ਆਸ਼ਰਮ-ਵਿਵਸਥਾ ਦਾ ਰੂਪ ਇਸ ਕਦਰ ਵਿਗੜ ਚੁੱਕਾ ਸੀ ਕਿ ਸੰਨਿਆਸ ਆਸ਼ਰਮ ਦਾ ਕਿਸੇ ਉਮਰ ਨਾਲ ਕੋਈ ਸੰਬੰਧ ਨਾ ਰਿਹਾ ਸਗੋਂ ਸਮਾਜ ਵਿਚ ਪਰਿਵਾਰ ਪਾਲਣ, ਕਿਰਤ ਕਰਨ ਤੋਂ ਬਿਨਾਂ ਹੀ ਸੁੱਖ ਤੇ ਅਨੰਦਪੁਰਵਕ ਜੀਵਨ ਜਿਉਣ ਦਾ ਸਾਧਨ ਬਣ ਗਿਆ।

**ਪਰਿਵਾਰ, ਵਿਆਹ ਸੰਸਕਾਰ ਅਤੇ ਰਿਸ਼ਤੇ-ਨਾਤੇ**

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਕਿਸੇ ਸਭਿਅਕ ਪਰਿਵਾਰ ਦੀ ਨੀਂਹ ਹੀ ਸੱਭਿਅਕ ਸਮਾਜ ਦਾ ਨਿਰਮਾਣ ਕਰਦੀ ਹੈ। ਪਰਿਵਾਰ ਮਰਦ ਅਤੇ ਇਸਤਰੀ ਦੇ ਲਿੰਗਕ ਸੰਬੰਧਾਂ ਦੀ ਪੈਦਾਵਾਰ ਹੈ। ਪਤੀ-ਪਤਨੀ, ਬੱਚੇ, ਭੈਣ-ਭਰਾ ਆਦਿ ਦੇ ਇਕ ਘਰ ਵਿਚ ਰਹਿਣ ਨੂੰ ਹੀ ਪਰਿਵਾਰ ਨਹੀਂ ਕਿਹਾ ਜਾਂਦਾ, ਸਗੋਂ ਉਨ੍ਹਾਂ ਦੇ ਆਪਸੀ ਸਬੰਧਾਂ, ਵਿਵਹਾਰਾਂ ਅਤੇ ਚੇਤੰਨਤਾ ਤੋਂ ਹੀ ਇਕ ਪੂਰਨ ਪਰਿਵਾਰ ਬਣਦਾ ਹੈ। ਪਰਿਵਾਰ, ਪਰਿਵਾਰਕ ਮੈਂਬਰਾਂ ਦੇ ਸਾਂਝੇ ਆਰਥਿਕ ਵਸੀਲਿਆਂ ਦਾ ਸਾਧਨ ਹੀ ਨਹੀਂ ਹੁੰਦਾ, ਸਗੋਂ ਬੱਚਿਆਂ ਦਾ ਪਾਲਣ-ਪੋਸ਼ਣ, ਸੰਸਕਾਰ, ਵਿਵਹਾਰ ਅਤੇ ਸਮਾਜ ਵਿਚ ਚੰਗੇ ਨਾਗਰਿਕ ਪੈਦਾ ਕਰਨਾ ਸਭ ਤੋਂ ਪਹਿਲਾਂ ਪਰਿਵਾਰ 'ਤੇ ਹੀ ਨਿਰਭਰ ਕਰਦਾ ਹੈ ਜਾਂ ਇੰਝ ਕਹਿ ਲਿਆ ਜਾਵੇ ਕਿ ਹਰ ਖੇਤਰ ਵਿਚ ਸੁਸਖਸ਼ਤ ਹੋਣ ਵਾਲੇ ਮਨੁੱਖ ਨੂੰ ਸਭ ਤੋਂ ਮੁੱਢਲੀ ਸਿੱਖਿਆ ਪਰਿਵਾਰ ਤੋਂ ਹੀ ਹਾਸਿਲ ਹੁੰਦੀ ਹੈ। ਇਸੇ ਲਈ ਹੀ ਸਰਬ ਲੋਕਾਈ ਦੇ ਭਲੇ ਲਈ ਘਰਾਂ ਤੋਂ ਤੁਰੇ ਤੇ ਸਫਰ ਕਰਦੇ ਰਹਿਣ ਵਾਲੇ ਸਮਾਜ-ਸੁਧਾਰਕਾਂ ਦੇ ਜਨਣਹਾਰਿਆਂ ਨੂੰ ਵੀ ਰਹਿੰਦੀ ਦੁਨੀਆਂ ਤੱਕ ਨਮਸਕਾਰ ਕੀਤਾ ਜਾਂਦਾ ਹੈ:

> ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥
> ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ।

(ਸਿਰੀਰਾਗੁ ਮਹਲਾ 3, ਪੰਨਾ-32)

ਪਰਿਵਾਰ ਦਾ ਸਰੂਪ ਦੇਸ਼ ਕਾਲ ਦੀਆਂ ਸਭਿਆਚਾਰਕ ਅਤੇ ਭੂਗੋਲਿਕ ਹਾਲਤਾਂ 'ਤੇ ਆਧਾਰਿਤ ਹੁੰਦਾ ਹੈ। ਭਾਰਤ ਦੇ ਸੰਬੰਧ ਵਿਚ ਪਰਿਵਾਰ ਦਾ ਭਾਵ ਸਦਾ ਹੀ ਸਾਂਝਾ ਪਰਿਵਾਰ ਹੀ ਲਿਆ ਜਾਂਦਾ ਰਿਹਾ ਹੈ ਜਿੱਥੇ ਪੀੜ੍ਹੀਆਂ ਤੋਂ ਇਕ ਟੱਬਰ, ਇਕੋ ਮਾਂ ਪਿਓ ਦੀ ਸੰਤਾਨ ਇਕੋ ਛੱਤ ਥੱਲੇ ਰਹਿੰਦੇ ਅਤੇ ਆਪਣੇ ਟੱਬਰਾਂ ਦੀ ਸਾਂਝੀ ਜਾਇਦਾਦ ਜਾਂ ਕਮਾਈ ਉੱਤੇ ਡੰਗ ਲੰਘਾਉਂਦੀ ਹੈ। ਮੱਧਕਾਲੀ ਸਮਾਜ ਦੇ ਸਾਧਾਰਨ ਲੋਕਾਂ ਵਿਚ ਪਰਿਵਾਰਾਂ ਦੀ ਬਣਤਰ, ਕਾਰਜ- ਵਿਹਾਰ ਬਾਰੇ ਦੱਸਣ ਦੇ ਨਾਲ ਭਗਤ ਸਾਹਿਬਾਨਾਂ ਨੇ ਆਪਣੀ ਬਾਣੀ ਵਿਚ ਪਰਿਵਾਰਕ ਰਿਸ਼ਤਿਆਂ ਦੇ ਨਾਮ ਵੀ ਗਿਣਾਏ ਹਨ ਭਾਵੇਂ ਕਿ ਮਾਤਾ-ਪਿਤਾ, ਪਤੀ-ਪਤਨੀ, ਭਾਈ, ਬੰਧਪ, ਪੁੱਤਰ ਆਦਿ ਦੇ ਨਾਲ-ਨਾਲ ਬਾਕੀ ਰਿਸ਼ਤੇ ਸੱਸ, ਸਹੁਰਾ, ਜੇਠ-ਜਿਠਾਣੀ, ਦੇਵਰ-ਦੇਵਰਾਣੀ, ਨਣਦ ਆਦਿ ਰਿਸ਼ਤਿਆਂ ਦਾ ਜ਼ਿਕਰ ਅਧਿਆਤਮਕ ਅਰਥਾਂ ਵਿਚ ਹੀ ਆਇਆ ਹੈ ਪਰੰਤੂ ਇਹਨਾਂ ਅਧਿਆਤਮਕ ਰਮਜ਼ਾਂ ਰਾਹੀਂ ਮੱਧਕਾਲੀ ਸਮਾਜ ਦੇ ਪਰਿਵਾਰਾਂ ਵਿਚ ਰਿਸ਼ਤਿਆਂ ਦੇ ਸਰੂਪ ਨੂੰ ਮੋਟੇ ਤੌਰ 'ਤੇ ਜਾਣਿਆ ਜਾ ਸਕਦਾ ਹੈ। ਪਰਿਵਾਰਕ ਰਿਸ਼ਤਿਆਂ ਵਿਚਲੇ ਮੋਹ, ਬੇਵਫ਼ਾਈ, ਝਗੜੇ ਆਦਿ ਦੇ ਸਿੱਧੇ ਅਤੇ ਉਦਾਹਰਨਾਂ ਲਈ ਵਰਤੇ ਸੰਕੇਤ ਵੀ ਮਿਲਦੇ ਹਨ ਜਿਨ੍ਹਾਂ ਵਿਚਸਭ ਤੋਂ ਪਹਿਲਾ ਰਿਸ਼ਤਾ ਪਤੀ-ਪਤਨੀ ਦਾ ਹੈ ਜਿਸ ਬਾਰੇ ਉਹ ਸਪਸ਼ਟ ਆਖਦੇ ਹਨ ਕਿ ਪਤੀ-ਪਤਨੀ ਉਹ

ਨਹੀਂ ਜੋ ਇਕੱਠੇ ਹੋ ਕੇ ਬੈਠਣ ਸਗੋਂ ਪਤੀ-ਪਤਨੀ (ਹਰੀ-ਭਗਤ) ਦੇ ਸੱਚੇ ਰਿਸ਼ਤੇ ਵਿਚ ਉਹ ਹੀ ਬੱਝੇ ਹੁੰਦੇ ਹਨ ਜੋ ਦੋ ਮੂਰਤਾਂ ਪਰ ਮਨ ਦੇ ਮਿਲਣ ਕਾਰਨ ਇਕ ਜੋਤ ਹੋਣ ਭਾਵ ਜੋ ਦਵੈਤ ਰੂਪ 'ਚ ਹੁੰਦੇ ਹੋਏ ਅਭੇਦਤਾ ਦੀ ਅਵਸਥਾ 'ਤੇ ਪਹੁੰਚ ਕੇ ਇਕ ਰੂਪ ਹੋ ਜਾਣ।

**ਵਿਆਹ ਸੰਸਕਾਰ**

ਗ੍ਰਹਿਸਥ ਆਸ਼ਰਮ ਵਿਚ ਪ੍ਰਵੇਸ਼ ਕਰਨ ਉਪਰੰਤ ਸਭ ਤੋਂ ਮਹੱਤਵਪੂਰਨ ਸੰਸਕਾਰ ਵਿਆਹ ਦੀ ਰਸਮ ਹੈ, ਜਿਸ ਦੇ ਤਿੰਨ ਮੁੱਖ ਉਦੇਸ਼ ਦੱਸੇ ਹਨ : (ੳ) ਪੁੱਤਰ ਪੈਦਾ ਕਰਕੇ ਵੰਸ਼ ਅੱਗੇ ਤੋਰਨਾ, (ਅ) ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋਏ ਈਸ਼ਵਰ ਦੀ ਪੂਜਾ ਕਰਨਾ ਅਤੇ (ੲ) ਆਪਣੇ ਉਪਰ ਸੰਜਮ ਰਖ ਕੇ ਆਪਣਾ ਆਚਰਣ ਠੀਕ ਰਖਣਾ। ਮੱਧਕਾਲੀ ਪੰਜਾਬੀ ਸਾਹਿਤ ਵਿਚ ਵਿਆਹ ਸੰਸਕਾਰ ਬਾਰੇ ਜੋ ਵੀ ਸੰਕੇਤ ਮਿਲਦੇ ਹਨ ਉਹ ਆਤਮਾ ਤੇ ਪਰਮਾਤਮਾ ਦੇ ਮੇਲ ਨਾਲ ਸਬੰਧਿਤ ਹਨ ਪਰੰਤੂ ਇਨ੍ਹਾਂ ਆਧਿਆਤਮਕ ਅਰਥਾਂ ਦਾ ਧਰਾਤਲ ਲੌਕਿਕ ਸੰਸਾਰ ਹੋਣ ਕਾਰਨ ਜਿੱਥੇ ਤਤਕਾਲੀ ਸਮਾਜ ਵਿਚ ਵਿਆਹ ਸਬੰਧੀ ਕੀਤੇ ਜਾਂਦੇ ਆਡੰਬਰ, ਵਾਧੂ ਦੇ ਰਸਮ ਰਿਵਾਜ਼ ਤੇ ਬੁਰਾਈਆਂ ਨੂੰ ਨਕਾਰਿਆ ਗਿਆ ਹੈ ਉਥੇ ਜੀਵ (ਨਾਰੀ) ਅਤੇ ਬ੍ਰਹਮ (ਪੁਰਖ) ਦੇ ਅਧਿਆਤਮਕ ਮਿਲਾਪ ਰਾਹੀਂ ਸਮਾਜ ਸਾਹਮਣੇ ਵਿਆਹ ਦੇ ਆਦਰਸ਼ ਰੂਪ ਨੂੰ ਰੱਖਿਆ ਗਿਆ ਹੈ। ਸਾਹਿਤ ਵਿਚ ਵਿਆਹ ਸੰਸਕਾਰ ਨਾਲ ਜੁੜੀਆਂ ਮਾਨਤਾਵਾਂ ਨੂੰ ਦੇਖਿਆਂ ਪਤਾ ਚੱਲਦਾ ਹੈ ਕਿ ਵਿਆਹ ਲਈ ਚੰਗਾ ਦਿਨ, ਮਹੂਰਤ, ਗ੍ਰਹਿਆਂ ਤੇ ਦਿਨਾਂ ਦੇ ਸ਼ੁਭ-ਅਸ਼ੁਭ ਆਦਿ ਦੇ ਵਿਚਾਰ ਕੀਤੇ ਜਾਂਦੇ ਸਨ।

**ਬਾਲ-ਵਿਆਹ**

ਮੱਧਕਾਲੀ ਸਮਾਜ ਵਿਚ ਬਾਲ-ਵਿਆਹ ਦੀ ਪ੍ਰਥਾ ਨੇ ਵਧੇਰੇ ਜ਼ੋਰ ਫੜਿਆ। ਇਸਦਾ ਇਕ ਕਾਰਨ ਮੁਸਲਿਮ ਹਮਲਾਵਰਾਂ ਦੁਆਰਾ ਕੀਤੇ ਜਾਂਦੇ ਹਮਲਿਆਂ ਨੂੰ ਮੰਨਿਆ ਜਾਂਦਾ ਹੈ। ਜਿਨ੍ਹਾਂ ਹਮਲਿਆਂ ਦੌਰਾਨ ਇਸਤਰੀ ਸ਼ਰੀਰਕ, ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਸੀ। ਇਹ ਵੀ ਇਕ ਵੱਡਾ ਕਾਰਨ ਸੀ ਕਿ ਹਮਲਿਆਂ ਦੇ ਡਰ ਕਾਰਨ ਹਿੰਦੂ ਆਪਣੀਆਂ ਬੇਟੀਆਂ ਨੂੰ ਬਾਲੜੀ ਉਮਰ ਵਿਚ ਹੀ ਵਿਆਹੁਣ ਨੂੰ ਵਧੇਰੇ ਤਰਜੀਹ ਦੇਣ ਲੱਗੇ ਸਨ।

ਭਗਤ ਬਾਣੀ ਵਿਚਹਰੀ-ਪਤੀ ਨੂੰ ਵੱਡਾ ਦਰਸਾਉਣ ਅਤੇ ਆਪਣੇ ਆਪ ਨੂੰ ਛੁਟਿਆਉਣ ਦੇ ਅਧਿਆਤਮਕ ਅਰਥਾਂ ਰਾਹੀਂ ਸਮਾਜ ਵਿਚ ਲੜਕੀਆਂ ਨੂੰ ਛੋਟੀ ਉਮਰੇ ਵਿਆਹੁਣ ਦੇ ਵਿਚਾਰਾਂ ਨੂੰ ਜਾਣਿਆ ਜਾ ਸਕਦਾ ਹੈ। ਕਈ ਵਾਰੀ ਤਾਂ ਵਰ ਮੇਚ ਦਾ ਵੀ ਖਿਆਲ ਨਹੀਂ ਸੀ ਰੱਖਿਆ ਜਾਂਦਾ ਅਤੇ ਛੋਟੀ ਉਮਰ ਦੀਆਂ ਲੜਕੀਆਂ ਨੂੰ ਵੱਡੀ ਉਮਰ ਦੇ ਮਰਦਾਂ ਨਾਲ ਵਿਆਹ ਦਿੱਤਾ ਜਾਂਦਾ ਸੀ। ਲੋਕਾਂ ਦੁਆਰਾ ਕੀਤੇ ਜਾਂਦੇ ਅਨਜੋੜ ਵਿਆਹਾਂ ਦਾ ਹੀ ਨਤੀਜਾ ਸੀ ਕਿ ਪਤੀ ਦੀ ਮੌਤ ਤੋਂ ਬਾਅਦ ਉਹ ਛੋਟੀ ਉਮਰ ਵਿਚ ਹੀ ਰੰਡੇਪਾ ਕੱਟਦੀਆਂ ਹੋਈਆਂ ਆਪਣਾ ਸਾਰਾ ਜੀਵਨ ਨਿਰਬਲ ਹੋ ਕੇ ਗੁਜ਼ਾਰਦੀਆਂ ਸਨ ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ॥ (ਸੂਹੀ, ਮਹਲਾ 1, ਪੰਨਾ-763) ਛੋਟੀ ਉਮਰੇ ਵਿਆਹ ਦਾ ਮਤਲਬ ਕੁਆਰੀਆਂ ਕੁੜੀਆਂ ਲਈ ਸ਼ਿੰਗਾਰ ਕਰਨ, ਮੁਕਲਾਵੇ ਜਾਣ ਦੀ ਸਮਝ ਤਕ ਹੀ ਸੀਮਤ ਹੁੰਦਾ ਸੀ ਜਦੋਂ ਕਿ ਉਹ ਨਵੇਂ ਰਿਸ਼ਤਿਆਂ ਅਤੇ ਵਧੇਰੇ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਣਜਾਣ ਹੁੰਦੀਆਂ ਸਨ ਕਿਉਂਕਿ ਲੜਕੀ ਪੇਕੇ ਘਰ ਵਿਚਉਨ੍ਹਾਂ ਜ਼ਿੰਮੇਵਾਰੀਆਂ, ਉਲਝਣਾਂ ਤੋਂ ਨਾ ਵਾਕਿਫ਼ ਹੁੰਦੀ ਹੈ ਜੋ ਉਸ 'ਤੇ ਪਏ ਨਹੀਂ ਹੁੰਦੇ ਪਰ ਜਦੋਂ ਉਹ ਵਿਆਹੀ ਜਾਂਦੀ ਹੈ ਤਾਂ ਉਹ ਸਿਰ 'ਤੇ ਪਏ ਅਜਿਹੇ ਬੋਝ ਥੱਲੇ ਆਪਣੇ ਪੇਕੇ ਘਰ ਨੂੰ ਯਾਦ ਕਰਦੀ ਹੋਈ ਮੁੜ ਕੁਆਰੀ ਹੋਣਾ ਲੋਚਦੀ ਹੈ।

**ਸਤੀ ਪ੍ਰਥਾ**

ਮੱਧਕਾਲੀ ਸਮਾਜ ਵਿਚ ਸਤੀ ਪ੍ਰਥਾਂ ਦਾ ਵਧੇਰੇ ਬੋਲਬਾਲਾ ਸੀ ਜਿਸ ਪ੍ਰਥਾ ਅਨੁਸਾਰ ਪਤੀ ਦੇ ਮਰਨ ਤੋਂ ਬਾਅਦ, ਪਤੀ ਦੀ ਚਿਖਾ ਵਿਚ ਪਤਨੀ ਨੂੰ ਸੜ ਕੇ ਮਰਨਾ ਪੈਂਦਾ ਸੀ। ਇਹ ਰਸਮ ਜਾਂ ਪ੍ਰਥਾ ਔਰਤ ਤੇ ਮਨਮਰਜ਼ੀ ਅਤੇ ਜਬਰਦਸਤੀ ਦੋਵੇਂ ਢੰਗਾਂ ਨਾਲ ਲਾਗੂ ਕੀਤੀ ਜਾਂਦੀ ਸੀ। ਹਰਬੰਸ ਸਿੰਘ ਚਾਵਲਾ ਨੇ ਲਿਖਿਆ ਹੈ ਕਿ ਬਰਨੀਅਰ ਆਪਣੇ ਸਫਰਨਾਮੇ ਵਿਚ ਬਾਰ੍ਹਾਂ ਸਾਲਾਂ ਦੀ ਇਕ ਮਾਸੂਮ ਕੁੜੀ ਦਾ ਜ਼ਿਕਰ ਕਰਦਾ ਹੈ ਜਿਸ ਦੇ ਹੱਥ ਪੈਰ ਬੰਨ੍ਹ ਕੇ, ਰੋਂਦੀ ਤੇ ਚਿਲਾਂਦੀ ਨੂੰ ਬਲਦੀ ਚਿਖਾ ਵਿਚ ਸੁੱਟ ਦਿੱਤਾ ਗਿਆ ਸੀ। ਇਸ ਪ੍ਰਥਾ ਦੇ ਆਰੰਭ ਬਾਰੇ ਗੁਰੂ ਅਰਜਨ ਦੇਵ ਇਸ ਵਿਚਾਰ ਵੱਲ ਸੰਕੇਤ ਕਰਦੇ ਹਨ ਕਿ ਕਦੇ ਕੋਈ ਇਸਤਰੀ ਆਪਣੇ ਪਤੀ ਦੇ ਸਨੇਹ ਵਿਚ ਕੀਤੇ ਕਰਮਾਂ ਤੇ ਸੰਯੋਗਾਂ ਵਸ ਜਜ਼ਬਾਤੀ ਹੋਈ ਚਿਖਾ ਵਿਚ ਜਲ ਕੇ ਮਰ ਗਈ ਹੋਵੇਗੀ ਜਿਸਨੂੰ ਦੇਖਾ-ਦੇਖੀ ਤੇ ਮਨ ਦੀ ਹੱਠਤਾ ਕਾਰਨ ਬਾਅਦ ਵਿਚ ਅਪਣਾਇਆ ਜਾਣ ਲੱਗਾ।

**ਪਰਦਾ ਪ੍ਰਥਾ**

ਮੱਧਕਾਲੀ ਪੰਜਾਬੀ ਸਾਹਿਤਕਾਰਾਂ ਨੇ ਹੋਰ ਸਮਾਜਕ ਬੁਰਾਈਆਂ ਦੇ ਨਾਲ ਨਾਲ ਇਸਤਰੀ ਸਬੰਧੀ ਪ੍ਰਚਲਿਤ ਹਰ ਉਸ ਪ੍ਰਥਾ ਜਾਂ ਰਸਮ ਦਾ ਵਿਰੋਧ ਕੀਤਾ ਜੋ ਉਸਨੂੰ ਗੁਲਾਮੀ ਜਾਂ ਨੀਵੇਂਪਣ ਦਾ ਅਹਿਸਾਸ ਦਿਵਾਉਂਦੀ ਸੀ। ਸਮਾਜ ਵਿਚ ਇਸਤਰੀ ਦਾ ਇਕ ਸੀਮਤ ਘੇਰਾ ਸੀ ਜਿਸ ਤੋਂ ਉਸਦਾ ਬਾਹਰ ਹੋਣਾ ਬੁਰਾ ਸਮਝਿਆ ਜਾਂਦਾ ਸੀ। ਪਰਦਾ ਕੇਵਲ ਉਸਦਾ ਚਿਹਰਾ ਢਕਣ ਲਈ ਹੀ ਨਹੀਂ ਸੀ, ਸਗੋਂ ਅਜਿਹਾ ਇਕ

ਪਰਦਾ ਉਸਦੀ ਬੁੱਧੀ 'ਤੇ ਵੀ ਪਾ ਦਿੱਤਾ ਗਿਆ ਸੀ ਜਿਸ ਨੂੰ ਭਗਤ ਕਬੀਰ ਜੀ ਉਠਾਉਂਦੇ ਹਨ। ਕਬੀਰ ਜੀ ਪਰਦਾ ਪ੍ਰਥਾ ਦਾ ਵਿਰੋਧ ਕਰਦੇ ਹੋਏ ਪਰਦਾ ਨਾ ਕਰਨ ਦੀ ਪ੍ਰੇਰਨਾ ਦਾ ਆਰੰਭ ਹੀ ਆਪਣੀ ਘਰ ਦੀ ਨੂੰਹ ਤੋਂ ਕਰਦੇ ਹਨ। ਉਹ ਪਰੰਪਰਾ ਤੋਂ ਚੱਲੀ ਆ ਰਹੀ ਦਿਖਾਵੇ ਦੀ ਇਸ ਪਰੰਪਰਾ ਨੂੰ ਤੋੜਦੇ ਹੋਏ, ਹਰੀ ਦੇ ਗੁਣਾਂ ਦੀ ਖੁਸ਼ੀ ਵਿਚ ਵਿਚਰਦੇ ਜਨਮ ਬਤੀਤ ਕਰਨ ਦਾ ਉਪਦੇਸ਼ ਦਿੰਦੇ ਹਨ :

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਭਾਵੈ ॥ ਅੰਤ ਕੀ ਬਾਰ ਲਹੈਗੀ ਨ ਆਖੈ ॥੧॥ਰਹਾਉ॥...

ਘੂੰਘਟੁ ਤੇਰੋ ਤਉ ਪਰਿ ਸਾਚੈ॥ ਹਰਿ ਗੁਨ ਗਾਇ ਕੂਹਿ ਅਰੁ ਨਾਚੈ॥੩॥

ਕਹਤ ਕਬੀਰ ਬਹੂ ਤਬ ਜੀਤੈ ॥ ਹਰ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪ ॥

### ਮੱਧਕਾਲੀ ਲੋਕਾਂ ਦਾ ਰਹਿਣ-ਸਹਿਣ

ਮਨੁੱਖੀ-ਸਮਾਜ ਦੇ ਪਸ਼ੂ--ਸਮਾਜ ਨਾਲੋਂ ਨਿਖੇੜਨ ਵਾਲੇ ਲੱਛਣ ਭਾਸ਼ਾ, ਬੌਧਿਕ ਸੂਝ-ਬੂਝ ਅਤੇ ਉਸਦਾ ਸਭਿਆਚਾਰ ਹੈ ਜਿਸ ਵਿਚੋਂ ਪਹਿਲੋਂ ਪਹਿਲ ਮਨੁੱਖ ਆਪਣੇ ਨੰਗੇਜ਼ ਨੂੰ ਦਰੱਖਤਾਂ ਦੇ ਪੱਤਿਆਂ, ਘਾਹ-ਫੂਸ, ਪਸ਼ੂਆਂ ਦੀ ਖੱਲ ਆਦਿ ਨਾਲ ਢਕਿਆ ਕਰਦਾ ਸੀ, ਪਰ ਜਿਉਂ ਜਿਉਂ ਉਸਦੀ ਸਰੀਰਕ ਤੇ ਬੌਧਿਕ ਸਮਰੱਥਾ ਵੱਧਦੀ ਗਈ ਉਸਨੇ ਆਪਣੇ ਪਹਿਰਾਵੇ ਅਤੇ ਖਾਣ-ਪੀਣ ਆਦਿ ਦੇ ਨਵੀਨ ਢੰਗ-ਤਰੀਕਿਆਂ ਨੂੰ ਵੀ ਈਜਾਦ ਕਰ ਲਿਆ ਜੋ ਉਸਦੀ ਸਭਿਅਤਾ ਅਤੇ ਸਭਿਆਚਾਰ ਦੀ ਪ੍ਰਮੁੱਖ ਪਹਿਚਾਣ ਬਣਿਆ।

ਮੱਧਕਾਲੀ ਸਮਾਜ ਧਾਰਮਿਕ ਪੱਖ ਤੋਂ "ਹਿੰਦੂ ਅਤੇ ਮੁਸਲਿਮ ਦੋ ਵਰਗਾਂ ਵਿਚ ਵੰਡਿਆ ਹੋਇਆ ਸੀ। ਹਿੰਦੂ ਧਰਮ ਅੱਗੋਂ ਵੀ ਕਈ ਮਤਾਂ, ਸੰਪਰਦਾਵਾਂ, ਜਾਤਾਂ ਵਿਚ ਵੰਡਿਆ ਹੋਇਆ ਸੀ। ਆਰਥਿਕ ਪੱਖ ਤੋਂ ਇਹ ਸਮਾਜ ਅਮੀਰ ਵਰਗੀ' ਅਤੇ 'ਗਰੀਬ ਵਰਗਾਂ ਵਿਚ ਵੰਡਿਆ ਹੋਇਆ ਸੀ। ਭਗਤ ਬਾਣੀ ਵਿਚ ਚਾਰ ਤਰ੍ਹਾਂ ਦੇ ਲੋਕਾਂ ਦੇ ਰਹਿਣ-ਸਹਿਣ ਬਾਰੇ ਜਾਣਿਆ ਜਾ ਸਕਦਾ ਹੈ। ਪਹਿਲਾ ਬਾਦਸ਼ਾਹਾਂ ਜਾਂ ਅਮੀਰ ਲੋਕਾਂ ਬਾਰੇ, ਦੂਸਰਾ ਸਾਧਾਰਨ ਤੇ ਗ਼ਰੀਬ ਲੋਕਾਂ ਬਾਰੇ, ਤੀਸਰਾ ਜੋਗੀਆਂ, ਫਕੀਰਾਂ ਆਦਿ ਬਾਰੇ ਅਤੇ ਚੌਥਾ ਇਕ ਸੱਚੇ ਗੁਰਮੁਖ ਦੇ ਰਹਿਣ-ਸਹਿਣ ਬਾਰੇ। ਇਸੇ ਢੰਗ ਅਨੁਸਾਰ ਬਾਣੀ ਵਿਚੋਂ ਮੱਧਕਾਲੀ ਸਮਾਜ ਦੇ ਲੋਕਾਂ ਦੇ ਰੋਜ਼ਾਨਾ ਦੇ ਜੀਵਨ, ਕਾਰ-ਵਿਹਾਰ, ਖੇਡਾਂ, ਮਨੋਰੰਜਨ, ਨੈਤਿਕ ਜੀਵਨ ਆਦਿ ਦਾ ਅਧਿਐਨ ਕਰਨ ਦੇ ਯਤਨ ਹੇਠ ਲਿਖੇ ਅਨੁਸਾਰ ਕੀਤੇ ਗਏ ਹਨ।

### ਬਾਦਸ਼ਾਹਾਂ ਜਾਂ ਅਮੀਰ ਲੋਕਾਂ ਦਾ ਰਹਿਣ-ਸਹਿਣ

ਭਗਤ ਬਾਣੀਕਾਰਾਂ ਨੇ ਅਮੀਰ ਵਰਗ ਦੁਆਰਾ ਬਿਤਾਏ ਐਸ਼ ਭਰਪੂਰ ਜੀਵਨ ਨੂੰ ਸੰਕੇਤ ਮਾਤਰ ਆਪਣੀਆਂ ਰਚਨਾਵਾਂ ਰਾਹੀਂ ਬਿਆਨ ਕੀਤਾ ਹੈ। ਮੱਧਕਾਲੀ ਸਮਾਜ ਵਿਚ ਅਮੀਰ ਵਰਗ ਦੀ ਸ਼੍ਰੇਣੀ ਵਿਚ ਰਾਜੇ, ਸੁਲਤਾਨ, ਖਾਨ, ਮੰਤਰੀ ਆਦਿ ਅਧਿਕਾਰੀ ਆ ਜਾਂਦੇ ਹਨ ਜੋ ਬੇਸ਼ੁਮਾਰ ਧਨ, ਦੌਲਤ, ਹਾਥੀ ਘੋੜੇ ਆਦਿ ਦੇ ਮਾਲਕ ਹੁੰਦੇ ਸਨ। ਉਸ ਸਮੇਂ ਦੇ ਰਾਜੇ ਜਾਂ ਹੋਰ ਅਮੀਰ ਲੋਕ ਬੜੀ ਐਸ਼ ਵਾਲਾ ਜੀਵਨ ਬਤੀਤ ਕਰਦੇ ਸਨ ਕੇਵਲ ਉਹ ਆਪਣੇ ਪਹਿਰਾਵੇ ਵਿਚ ਹੀ ਪਟ ਜਾਂ ਰੇਸ਼ਮ ਨਹੀਂ ਸੀ ਪਹਿਨਦੇ, ਸਗੋਂ ਉਨ੍ਹਾਂ ਦੇ ਦੀਵਾਨਾਂ, ਉੱਚੇ ਸਿੰਘਾਸ਼ਣਾਂ ਅਤੇ ਸਿਰਾਂ 'ਤੇ ਝੂਲਣ ਵਾਲੇ ਛਤ੍ਰ ਵੀ ਰੇਸ਼ਮ ਦੇ ਕੱਪੜਿਆਂ ਨਾਲ ਲਪੇਟੇ ਹੁੰਦੇ ਸਨ। ਉਹ ਮੂੰਹ ਵਿਚ ਪਾਨ ਕਪੂਰ ਚਬਾਉਂਦੇ ਅਤੇ ਤਨ ਨੂੰ ਚੰਦਨ ਆਦਿ ਨਾਲ ਸੁਗੰਧਿਤ ਕਰਦੇ ਸਨ।

ਰਾਜ ਭੋਗ ਅਰੁ ਛਤੁ ਸਿੰਘਾਸਨ ਬਹੁ ਸੁੰਦਰਿ ਰਮਨਾ ॥

ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥

(ਆਸਾ, ਕਬੀਰ, ਪੰਨਾ-476-477)

ਜਿਵੇਂ ਉਨ੍ਹਾਂ ਦੇ ਤਨ 'ਤੇ ਪਹਿਨੇ ਜਾਣ ਵਾਲੇ ਤਰ੍ਹਾਂ ਤਰ੍ਹਾਂ ਦੇ ਲਿਬਾਸ ਰੇਸ਼ਮ ਤੋਂ ਬਣੇ ਹੁੰਦੇ ਹਨ। ਉਵੇਂ ਉਨ੍ਹਾਂ ਦੇ ਸੌਣ ਲਈ ਪਲੰਘ, ਨਵਾਰੀ ਤੇ ਮਖਮਲੀ ਵਿਛਾਉਣੇ, ਚਾਦਰਾਂ ਦੇ ਨਾਲ ਨਾਲ ਸੇਜ ਮਾਨਣ ਨੂੰ ਸੁੰਦਰ ਨਾਰੀਆਂ (ਰਾਣੀਆਂ ਹੁੰਦੀਆਂ ਸਨ। ਬਾਦਸ਼ਾਹ, ਰਾਜੇ ਆਪਣੇ ਲਈ ਵੱਡੇ-ਵੱਡੇ ਮਹਿਲ, ਕਿਲ ਉਸਾਰ ਕੇ ਰਹਿੰਦੇ ਸਨ। ਮਹਿਲਾਂ ਵਿਚ ਰਾਜੇ ਮਹਾਰਾਜਿਆਂ ਦੀਆਂ ਅਣਗਿਣਤ ਰਾਣੀਆਂ ਅਤੇ ਔਲਾਦ ਆਰਾਮ ਨਾਲ ਜੀਵਨ ਗੁਜ਼ਾਰਦੇ ਤੇ ਉਨ੍ਹਾਂ ਦੇ ਅੱਗੇ ਪਿੱਛੇ ਦਾਸ, ਦਾਸੀਆਂ ਸੇਵਾ ਲਈ ਹਰ ਵਕਤ ਹਾਜ਼ਿਰ ਰਹਿੰਦੇ ਸਨ। ਅਮੀਰ, ਜਿਮੀਂਦਾਰ, ਚੌਧਰੀ ਲੋਕ ਸਿਰ ਤੇ ਸੋਹਣੇ ਤਰੀਕੇ ਨਾਲ ਪੱਗੜੀ ਬੰਨਿਆ ਕਰਦੇ ਸਨ। ਜਿਸ ਨੂੰ ਆਪਣੇ ਮਾਣ ਜਾਂ ਹੰਕਾਰ ਵਿਚ ਟੇਢਾ ਕਰਕੇ ਬੰਨਦੇ ਸਨ ਅਤੇ ਆਕੜ ਜਾਂ ਹੰਕਾਰ ਵਿਚ ਟੇਢੀ ਚਾਲ ਚਲਦੇ ਤੇ ਮੂੰਹ ਵਿਚ ਪਾਨ-ਬੀੜੇ ਚਬਾਉਂਦੇ ਸਨ। ਉਨ੍ਹਾਂ ਲੋਕਾਂ ਦਾ ਪ੍ਰੇਮ ਭਗਤੀ ਨਾਲ ਤਾਂ ਕੋਈ ਵਾਸਤਾ ਨਹੀਂ ਸੀ ਹੁੰਦਾ, ਸਗੋਂ ਉਹ ਤਾਂ ਧਨ-ਦੌਲਤ, ਸੁੰਦਰ ਇਸਤਰੀਆਂ ਨੂੰ ਦੇਖ ਦੇਖ ਸੱਚ ਮੰਨਦੇ ਤੇ ਕਚਹਿਰੀਆਂ ਜਾਂ ਦੀਵਾਨ ਲਗਾਉਣ ਵਿਚ ਹੀ ਮਸਤ ਰਹਿੰਦੇ ਜਾਂ ਫਿਰ ਆਪੋ ਆਪਣੀਆਂ ਰਿਆਸਤਾਂ ਨੂੰ ਵਧਾਉਣ ਹਿੱਤ ਇਕ ਦੂਸਰੇ ਨਾਲ ਯੁੱਧ ਕਰਦੇ ਰਹਿੰਦੇ ਜਿਸ ਕਰਕੇ ਉਹ ਅਣਗਿਣਤ ਹਾਥੀ, ਘੋੜੇ, ਕਟਾਰਾਂ, ਨੇਜ਼ੇ, ਤੀਰ, ਤਲਵਾਰਾਂ ਆਦਿ ਹਥਿਆਰਾਂ ਨਾਲ ਲੈਸ ਭਾਰੀ ਗਿਣਤੀ ਵਿਚ ਫੌਜਾਂ ਰੱਖਦੇ ਸਨ। ਅਮੀਰ ਲੋਕਾਂ ਦੇ ਹਾਰ-ਸ਼ਿੰਗਾਰ ਤੇ ਗਹਿਣਿਆਂ ਵਿਚ ਕੰਨਾਂ ਲਈ ਸੋਨੇ ਦੇ ਕੁੰਡਲ (ਜਿਨ੍ਹਾਂ ਉਪਰ ਲਾਲ ਜੜੇ ਹੁੰਦੇ ਸਨ। ਅਤੇ ਗਲ ਵਿਚ ਮੋਤੀਆਂ ਦੀ ਮਾਲਾ ਆਦਿ ਪਹਿਨੇ ਜਾਂਦੇ ਸਨ। ਅਜਿਹਾ ਐਸ਼ ਭਰਪੂਰ ਜੀਵਨ ਹੀ ਰਾਜ ਘਰਾਣਿਆਂ ਅਤੇ ਹੋਰ ਇਸਤਰੀਆਂ ਦਾ

ਹੁੰਦਾ ਸੀ ਜੋ ਹਰ ਵਕਤ ਰੇਸ਼ਮੀ ਪਹਿਰਾਵਿਆਂ ਵਿਚ ਲਿਪਟੀਆਂ, ਮਖਮਲੀ ਸੇਜਾਂ ਮਾਣਦੀਆਂ ਸਨ। ਛਤ੍ਰਪਤੀ ਰਾਜਿਆਂ ਦੀਆਂ ਇਨ੍ਹਾਂ ਸੁੰਦਰ ਇਸਤਰੀਆਂ ਦੇ ਵਾਹਨ ਹਾਥੀ, ਘੋੜੇ ਹੁੰਦੇ ਸਨ।

ਰਾਜਾ ਸ਼੍ਰੇਣੀ ਦੇ ਉੱਚੇ ਉੱਚੇ ਮਹਿਲਾਂ ਵਿਚ ਬਣੀਆਂ ਵੱਡੀਆਂ ਵੱਡੀਆਂ ਰਸੋਈਆਂ ਹੁੰਦੀਆਂ ਸਨ। ਉਨ੍ਹਾਂ ਰਸੋਈਆਂ ਵਿਚ ਖਾਣਾ ਪਕਾਉਣ ਲਈ ਵਧੇਰੇ ਵੱਡੀਆਂ ਭੱਠੀਆਂ ਦੀ ਲੋੜ ਪੈਂਦੀ ਹੋਵੇਗੀ ਜਿਨ੍ਹਾਂ ਭੱਠੀਆਂ ਦੀ ਤੁਲਨਾ ਲਈ ਕਬੀਰ ਜੀ ਨੇ ਚੰਦ, ਸੂਰਜ ਦੁਆਰਾ ਰਸੋਈ ਤਪਾਉਣ ਵਾਲੇ ਰਾਵਣ ਦੀ ਮਿੱਥ ਦੇ ਮਾਧਿਅਮ ਰਾਹੀਂ ਰਾਜਿਆਂ ਦੀਆਂ ਸੁਖ-ਸਹੂਲਤਾਂ ਵਾਲੇ ਜੀਵਨ ਦੀ ਤਸਵੀਰ ਖਿੱਚੀ ਹੈ:

ਚੰਦੁ ਸੂਰਜ ਜਾ ਕੇ ਤਪਤ ਰਸੋਈ ॥
ਬੈਸੰਤਰੁ ਜਾ ਕੇ ਕਪਰੇ ਧੋਈ ॥੩॥

(ਆਸਾ ਕਬੀਰ, ਪੰਨਾ- 48)

ਮਾਸਾਹਾਰੀ ਭੋਜਨ ਦਾ ਹਿੰਦੂ ਸਮਾਜ ਦੇ ਲੋਕਾਂ ਦੀ ਬਜਾਏ ਭਾਵੇਂ ਮੁਸਲਿਮ ਸਮਾਜ ਦੇ ਲੋਕਾਂ ਵਿਚ ਵਧੇਰੇ ਰੁਝਾਨ ਸੀ ਪਰੰਤੂ ਇਹ ਨਹੀਂ ਕਿਹਾ ਜਾ ਸਕਦਾ ਕਿ ਮੁਸਲਮਾਨਾਂ ਦੇ ਆਗਮਨ ਤੋਂ ਪਹਿਲਾਂ ਹਿੰਦੂ ਲੋਕਾਂ ਵਿਚ ਮਾਸ ਹੀ ਨਹੀਂ ਸੀ ਖਾਧਾ ਜਾਂਦਾ, ਸਗੋਂ ਵੈਦਿਕ ਯੁੱਗ ਵਿਚ ਪਸ਼ੂ-ਬਲੀ ਦਾ ਵਿਧਾਨ ਮਿਲਦਾ ਹੈ। ਮੁਸਲਮਾਨਾਂ ਦੇ ਆਉਣ ਨਾਲ ਹੌਲੀ ਹੌਲੀ ਹਿੰਦੂ ਲੋਕਾਂ ਵਿਚ ਵੀ ਮਾਸ ਖਾਣ ਦਾ ਰੁਝਾਨ ਵਧ ਗਿਆ ਪਰ ਹਿੰਦੂਆਂ ਦੀ ਬਹੁਗਿਣਤੀ ਫਿਰ ਵੀ ਵਧੇਰੇ ਸ਼ਾਕਾਹਾਰੀ ਹੀ ਹੁੰਦੀ ਸੀ। ਰਾਜਾ ਸ਼੍ਰੇਣੀ ਵਿਚ ਮਾਸ ਖਾਣ ਦੀ ਕੋਈ ਮਨਾਹੀ ਨਹੀਂ ਸੀ ਹੁੰਦੀ। ਸ਼ਾਹੀ ਜਾਂ ਰਾਜ ਘਰਾਣਿਆਂ ਦੇ ਰਸੋਈ ਘਰਾਂ ਵਿਚ ਬਣਨ ਵਾਲੇ ਅਣਗਿਣਤ ਸੁਆਦੀ ਭੋਜਨ ਦੇ ਨਾਲ ਨਾਲ ਇਨ੍ਹਾਂ ਘਰਾਣਿਆਂ ਨਾਲ ਜੁੜੇ ਹੋਰ ਛੋਟੇ-ਵੱਡੇ ਕਰਿੰਦੇ ਵੀ ਬੜੀ ਸ਼ਾਨ ਵਾਲਾ ਜੀਵਨ ਬਤੀਤ ਕਰਿਆ ਕਰਦੇ ਸਨ। ਇਹ ਲੋਕ ਮਾਸਾਹਾਰੀ ਭੋਜਨ ਤੋਂ ਇਲਾਵਾ ਸਬਜ਼ੀਆਂ, ਚਾਵਲ, ਰੋਟੀ, ਦਾਲਾਂ, ਦੁੱਧ, ਦਹੀਂ, ਘਿਉ, ਖੀਰ ਆਦਿ ਦੀ ਵਰਤੋਂ ਵੀ ਕਰਿਆ ਕਰਦੇ ਸਨ। ਕਈ ਅਜਿਹੇ ਲੋਕ ਵੀ ਹੁੰਦੇ ਸਨ ਜਿਨ੍ਹਾਂ ਨੂੰ ਰਾਜਿਆਂ, ਬਾਦਸ਼ਾਹਾਂ ਵੱਲੋਂ ਇਕ ਜਾਂ ਇਕ ਤੋਂ ਵੱਧ ਪਿੰਡ ਜਾਂ ਜ਼ਮੀਨ ਇਨਾਮ ਵਜੋਂ ਮਾਫ਼ ਕਰ ਦਿੱਤੀ ਜਾਂਦੀ ਸੀ। ਇਨ੍ਹਾਂ ਲੋਕਾਂ ਦੇ ਘਰ ਦਸ ਦਸ ਮਣ ਅਨਾਜ ਅਤੇ ਬਹੁਤਾ ਧਨ-ਦੌਲਤ ਰਹਿੰਦਾ ਸੀ ਜਦੋਂ ਕਿ ਬਾਣੀਕਾਰਾਂ ਅਨੁਸਾਰ ਇਸ ਤਰ੍ਹਾਂ ਦਾ ਜੀਵਨ, ਧਨ-ਦੌਲਤ, ਜਗੀਰਾਂ ਤਾਂ ਕੀ, ਵੱਡੇ-ਵੱਡੇ ਪ੍ਰਤਾਪੀ ਰਾਜੇ ਵੀ ਆਪਣਾ ਸਭ ਕੁੱਝ ਏਥੇ ਹੀ ਛੱਡ ਕੇ ਪਲਾਂ ਵਿਚ ਚਲੇ ਗਏ।

### ਸਾਧਾਰਨ ਤੇ ਗਰੀਬ ਲੋਕਾਂ ਦਾ ਰਹਿਣ-ਸਹਿਣ

ਮੱਧਕਾਲੀ ਸਾਹਿਤਕਾਰ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਰਹਿਣ ਵਾਲੇ ਸਨ ਜੋ ਵਧੇਰੇ ਕਰਕੇ ਉਸ ਸਮੇਂ ਕੀਤੀ ਵਰਣ-ਵੰਡ ਅਨੁਸਾਰ ਨਿਮਨ ਤੇ ਪਛੜੀਆਂ ਜਾਤੀਆਂ ਵਿਚੋਂ ਸਨ। ਇਸ ਲਈ ਉਨ੍ਹਾਂ ਦਾ ਪ੍ਰਚਾਰ-ਖੇਤਰ ਵੀ ਪਿੰਡਾਂ, ਸ਼ਹਿਰਾਂ ਵਿਚ ਵਸਣ ਵਾਲੇ ਆਮ ਲੋਕ ਹੀ ਹੋਇਆ ਕਰਦੇ ਸਨ। ਆਮ ਲੋਕਾਂ ਦਾ ਸਿੱਧਾ-ਸਾਦਾ ਜੀਵਨ ਉਨ੍ਹਾਂ ਲਈ ਵਧੇਰੇ ਖਿੱਚ ਦਾ ਕੇਂਦਰ ਸੀ। ਇਹੀ ਕਾਰਨ ਸੀ ਕਿ ਉਹ ਸਹਿਜ, ਸਾਦੇ ਰਹਿਣ-ਸਹਿਣ, ਖਾਣ-ਪੀਣ ਨੂੰ ਵਧੇਰੇ ਤਰਜੀਹ ਦਿੰਦੇ ਹੋਏ ਤਰ੍ਹਾਂ ਤਰ੍ਹਾਂ ਦੇ ਖਾਣੇ, ਪੇਟ ਭਰ ਖਾਣ ਤੇ ਬਹੁਤੇ ਆਰਾਮ ਨੂੰ ਤਰਜੀਹ ਨਹੀਂ ਸਨ ਦਿੰਦੇ। ਇਕ ਉਹ ਲੋਕ ਜੋ ਆਪਣੀ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਮੰਦਰਾਂ, ਵਿਚ ਚੜ੍ਹਾਵੇ ਵਜੋਂ ਚਾਵਲ, ਦਾਲਾਂ, ਲੱਸੀ, ਪੰਜੀਰੀ, ਖੀਰ ਆਦਿ ਚੜ੍ਹਾਉਣ ਦੇ ਵੀ ਯੋਗ ਹੁੰਦੇ ਸਨ। ਭੋਜਨ ਦੀਆਂ ਇਹਨਾਂ ਵਸਤਾਂ ਤੋਂ ਇਲਾਵਾ ਉਹ ਖੀਰ, ਖੰਡ, ਘਿਉ, ਖਿਚੜੀ, ਸ਼ੱਕਰ, ਗੁੜ, ਸ਼ਹਿਦ, ਦੁੱਧ ਆਦਿ ਦੀ ਵਰਤੋਂ ਕਰਿਆ ਕਰਦੇ ਸਨ। ਇਨ੍ਹਾਂ ਦੇ ਫਲਾਂ ਵਿਚ ਅੰਬ, ਨਿੰਬੂ, ਕੇਲਾ, ਨਾਰੀਅਲ, ਬੇਰ, ਦਾਖਾਂ, ਖਜੂਰਾਂ ਆਦਿ ਹੁੰਦੇ ਸਨ ਜਦੋਂ ਕਿ ਹਰ ਰੋਜ਼ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਵਿਚ ਰਾਈ, ਲਸਣ, ਹਿੰਗ, ਤੇਲ, ਖਲ ਆਦਿ ਅਤੇ ਸਬਜ਼ੀਆਂ ਵਿਚ ਲਉਕੀ ਆਦਿ ਵਰਤੀਆਂ ਜਾਂਦੀਆਂ ਸਨ।

ਆਮ ਜਾਂ ਸਾਧਾਰਨ ਲੋਕਾਂ ਦੇ ਦੂਸਰੇ ਵਰਗ ਵਿਚ ਉਹ ਲੋਕ ਆ ਜਾਂਦੇ ਹਨ ਜੋ ਆਰਥਿਕ ਤੌਰ 'ਤੇ ਏਨੇ ਨਪੀੜੇ ਹੁੰਦੇ ਸਨ ਜਿਨ੍ਹਾਂ ਨੂੰ ਪੇਟ ਭਰਨ ਲਈ ਵੀ ਉਪਰੋਕਤ ਲੋਕਾਂ ਦੁਆਰਾ ਖਾਧੇ ਜਾਂਦੇ ਭੋਜਨ ਦੀ ਵੀ ਪ੍ਰਾਪਤੀ ਨਹੀਂ ਸੀ ਹੁੰਦੀ ਅਤੇ ਉਹ ਰੋਟੀ ਨੂੰ ਤਰਸਦੇ ਰਹਿੰਦੇ ਸਨ। ਉਹ ਘਰਾਂ ਵਿਚ ਚੰਗੇ ਬਿਸਤਰੇ ਦੀ ਥਾਂ ਗਲੀ ਹੋਈ ਜੁੱਲੀ ਜਾਂ ਪਰਾਲੀ ਦੀ ਵਰਤੋਂ ਕਰਦੇ ਸਨ। ਇਹ ਲੋਕ ਮੰਗ ਕੇ ਖਾਂਦੇ ਜਾਂ ਕੂੜਾ ਫਰੋਲਣ ਲਈ ਵੀ ਮਜ਼ਬੂਰ ਹੁੰਦੇ ਸਨ ਅਤੇ ਦਾਣੇ ਆਦਿ ਚਬਾਕੇ ਹੀ ਗੁਜ਼ਾਰਾ ਕਰਦੇ ਸਨ। ਕਈ ਵਾਰ ਤਾਂ ਅਜਿਹੇ ਲੋਕਾਂ ਦੇ ਘਰਾਂ ਵਿਚ ਲੂਣ ਤਕ ਵੀ ਨਹੀਂ ਸੀ ਹੁੰਦਾ।

## ਧਾਰਮਿਕ ਸੰਸਥਾਵਾਂ

ਧਰਮ ਹੀ ਸਮਾਜਕ ਸੰਗਠਨ ਦਾ ਮੁੱਢਲਾ ਸੋਮਾ ਹੈ ਅਤੇ ਧਰਮ ਨੇ ਹੀ ਮਨੁੱਖ ਨੂੰ ਆਗਿਆ ਪਾਲਣ ਅਤੇ ਅਨੁਸ਼ਾਸਨ ਆਦਿ ਜਿਹੇ ਗੁਣ ਸਿਖਾਏ। ਆਦਿਮ ਸਮਾਜਾਂ ਵਿਚ ਤਾਂ ਕੇਵਲ ਧਰਮ ਹੀ ਸਮਾਜਕ, ਸਭਿਆਚਾਰਕ ਨਿਰੰਤਰਨ ਦਾ ਪ੍ਰਮੁੱਖ ਸਾਧਨ ਸੀ। ਇਤਿਹਾਸਕ ਪੱਖ ਤੋਂ ਭਾਰਤ ਵਿਚ ਹਿੰਦੂ ਧਰਮ ਸਭ ਤੋਂ ਪ੍ਰਾਚੀਨ ਧਰਮ ਹੈ। ਹਿੰਦੂ ਧਰਮ ਵਿਚ ਵੇਦਾਂ ਤੋਂ ਲੈ ਕੇ ਉਪਨਿਸ਼ਦ, ਪੁਰਾਣ, ਸਿਤੀ, ਸ਼ਾਸਤਰ, ਆਦਿ ਧਾਰਮਿਕ ਗ੍ਰੰਥਾਂ ਦੀ ਰਚਨਾ ਹੋਈ ਜਿਨ੍ਹਾਂ ਗ੍ਰੰਥਾਂ ਦਾ ਮਨੁੱਖ ਦੇ ਅਧਿਆਤਮਕ ਤੇ ਵਿਹਾਰਕ ਜੀਵਨ 'ਤੇ ਪ੍ਰਭਾਵ ਨੂੰ ਵਿਸਥਾਰ ਸਹਿਤ ਤੀਸਰੇ

ਅਧਿਆਇ ਵਿਚ ਅਧਿਐਨ ਕੀਤਾ ਗਿਆ ਹੈ। ਸੰਖੇਪ ਵਿਚ ਕਹਿਣਾ ਹੋਵੇ ਤਾਂ ਕਿਰਤਕ ਸ਼ਕਤੀਆਂ ਦੇ ਦੈਵੀਕਰਨ ਤੋਂ ਲੈ ਕੇ ਬਹੁਦੇਵਵਾਦੀ ਦੇਵੀ-ਦੇਵਤਿਆਂ ਦੇ ਸੰਕਲਪ, ਇਕੋ ਪਰਮ-ਸ਼ਕਤੀ ਦੀ ਸਿਰਜਣਾ, ਮੂਰਤੀ-ਪੂਜਾ, ਅਵਤਾਰ-ਪੂਜਾ, ਸਰਗੁਣ ਤੇ ਨਿਰਗੁਣ ਬ੍ਰਹਮ ਦਾ ਸੰਕਲਪ ਆਦਿ ਬਹੁਤ ਕੁੱਝ ਭਾਰਤੀ ਸਮਾਜ ਦੇ ਲੋਕਾਂ ਦੀਆਂ ਧਾਰਮਿਕ ਆਸਥਾਵਾਂ ਪ੍ਰਤੀ ਬਦਲਦੀ, ਵਿਗਸਦੀ ਮਾਨਸਿਕਤਾ ਦਾ ਸਿੱਟਾ ਹੈ ਜਿਸ ਵਿਚੋਂ ਭਗਤੀ ਧਾਰਾ ਦੇ ਵੱਖ ਵੱਖ ਪੜਾਵਾਂ ਅਧੀਨ ਆਉਂਦੇ ਸੰਤਾਂ, ਭਗਤਾਂ, ਫਕੀਰਾਂ ਦੀ ਇਕ ਅਜਿਹੀ ਸੰਤੁਲਨਮਈ ਮਾਨਸਿਕਤਾ ਉੱਭਰਦੀ ਹੈ ਜੋ ਇਕੋ ਇਕ ਨਿਰਅਕਾਰ, ਪ੍ਰਭੂ-ਨਾਮ ਵਿਚ ਵਿਸ਼ਵਾਸ ਤੇ ਸਰਬ-ਪ੍ਰਵਾਨਿਤ ਮਨੁੱਖੀ ਨੈਤਿਕ ਗੁਣਾਂ ਦੀ ਹਾਮੀ ਭਰਦੀ ਹੈ। ਇਸ ਧਾਰਾ ਨਾਲ ਸੰਬੰਧਿਤ ਸੰਤਾਂ, ਭਗਤਾਂ, ਫਕੀਰਾਂ ਨੇ ਸਮਾਜ ਦੇ ਸਕਾਰਾਤਮਕ ਤੇ ਨਕਾਰਾਤਮਕ ਹਲਾਤਾਂ ਤੇ ਕਾਬੂ ਪਾਉਣ ਲਈ ਲੋਕਾਂ ਨੂੰ ਧਰਮ ਪ੍ਰਤੀ ਨਵੀਨ ਦ੍ਰਿਸ਼ਟੀਕੋਣ ਅਪਣਾਉਣ ਲਈ ਅਗਰਸਰ ਕੀਤਾ।

ਧਾਰਮਿਕ ਪੱਖ ਤੋਂ ਮੱਧਕਾਲ ਦਾ ਭਾਰਤੀ ਸਮਾਜ ਹਿੰਦੂ ਧਰਮ' ਅਤੇ 'ਮੁਸਲਿਮ ਧਰਮ ਵਿਚ ਵੰਡਿਆ ਜਾ ਚੁੱਕਾ ਸੀ। ਹਿੰਦੂ ਧਰਮ ਵਿਚ ਪਰੰਪਰਾ ਤੋਂ ਚੱਲੀਆਂ ਆ ਰਹੀਆਂ ਨਿਰਾਰਥਕ ਧਾਰਮਿਕ, ਸਮਾਜਕ ਰੂੜੀਆਂ ਜਿਉਂ ਦੀਆਂ ਤਿਉਂ ਚੱਲੀਆਂ ਆ ਰਹੀਆਂ ਸਨ। ਦੂਸਰੇ ਪਾਸੇ ਮੁਸਲਿਮ ਕਾਰਜ ਜਮਾਤ ਵੱਲੋਂ ਹਿੰਦੂ ਜਨਤਾ ਨਾਲ ਕੀਤੇ ਜਾਂਦੇ ਧਾਰਮਿਕ ਵਿਤਕਰੋ, ਧਨ-ਦੌਲਤ ਦੀ ਲੁੱਟ-ਖਸੁੱਟ ਤੇ ਮਜਬੂਰਨ ਧਰਮ ਤਬਦੀਲੀ ਆਦਿ ਅਤਿਆਚਾਰਾਂ ਦੀ ਗਿਣਤੀ ਨਹੀਂ ਸੀ। ਹਿੰਦੂ ਧਰਮ ਵਿਚ ਨੀਵੀਆਂ ਸ਼੍ਰੇਣੀਆਂ ਦੇ ਲੋਕ ਯੋਗ ਪੱਧਰ 'ਤੇ ਪਹੁੰਚ ਚੁੱਕੀ ਜਾਤੀ-ਵੰਡ ਤੋਂ ਅੱਕ ਕੇ ਇਸਲਾਮ ਨੂੰ ਅਪਣਾ ਰਹੇ ਸਨ। ਓਧਰ ਬ੍ਰਾਹਮਣ ਲੋਕਾਂ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਪ੍ਰਤੀ ਭੱਟ ਤੇ ਲੁੱਟ ਦੋਵੇਂ ਢੰਗ ਅਪਣਾ ਰੱਖੇ ਸਨ। ਭਗਤ ਬਾਣੀ ਵਿਚ ਮੱਧਕਾਲੀ ਸਮਾਜ ਦੀ ਅਜਿਹੀ ਧਾਰਮਿਕ ਸਥਿਤੀ ਬਾਰੇ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ : ਹਿੰਦੂ ਧਰਮ ਵਿਚ ਪ੍ਰਚਲਿਤ ਕਰਮਕਾਂਡ ਬਾਹਮਣ ਜਾਂ ਪੰਤ ਲੋਕਾਂ ਦੇ ਧਰਮ-ਕਰਮ : ਹਿੰਦੂ ਧਰਮ ਵਿਚ ਹੀ ਏਨੇ ਮਤ, ਵਿਰਕੇ, ਸੰਪਰਦਾਵਾਂ ਆਦਿ ਪੈਦਾ ਹੋ ਚੁੱਕੀਆਂ ਸਨ ਕਿ ਆਮ ਲੋਕਾਈ ਦੀ ਜੀਵਨ-ਦਸ਼ਾ ਤੇ ਦਿਸ਼ਾ ਦੋਵੇਂ ਚੌਰਾਹੇ ਵਿਚ ਭਟਕ ਰਹੀ ਸੀ ਅਤੇ ਹਿੰਦੂ ਧਰਮ ਦੀ ਵਾਗਡੋਰ ਸੰਭਾਲੀ ਬੈਠੇ ਬ੍ਰਾਹਮਣ ਲੋਕ ਜੋ ਆਖਦੇ, ਜੋ ਦਿਖਾਉਂਦੇ, ਜੋ ਕਰਦੇ, ਸਾਧਾਰਨ ਜਨਤਾ ਉਹ ਹੀ ਦੇਖਦੀ ਤੇ ਕਰਦੀ ਜਾ ਰਹੀ ਸੀ। ਅਜਿਹੇ ਹਲਾਤਾਂ ਵਿਚ ਵੀ ਕੇਵਲ ਉਹ ਭਗਤ ਜਨ ਹੀ ਜੀਵਨ ਦੀ ਔਖੀ ਘਾਟੀ ਨੂੰ ਸਹਿਜੇ ਹੀ ਪਾਰ ਕਰਦੇ ਸਨ ਜੋ ਪ੍ਰਭੂ-ਪ੍ਰੇਮ, ਪ੍ਰਭੂ-ਨਾਮ ਦੀ ਘਾਟੀ 'ਤੇ ਚੜ੍ਹ ਜਾਂਦੇ ਸਨ। ਜਦੋਂ ਕਿ ਸਿਵਾਏ ਭਗਤ ਜਨਾਂ ਦੇ ਬਾਹਮਣ ਲੋਕ ਸਭ ਦੇ ਗੁਰੂ ਬਣ ਬੈਠੇ ਸਨ ਅਤੇ ਧਾਰਮਿਕ ਪੁਸਤਕਾਂ ਵਿਚ ਹੀ ਉਲਝਦੇ ਤੇ ਆਮ ਲੋਕਾਂ ਨੂੰ ਉਲਝਾਉਂਦੇ ਰਹਿੰਦੇ ਸਨ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੂ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥

(ਸਲੋਕ, ਕਬੀਰ)

ਹਿੰਦੂ ਧਰਮ ਦੇ ਗ੍ਰੰਥ ਵੇਦ ਆਦਿ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿਚ ਹੋਣ ਕਾਰਨ ਆਮ ਲੋਕ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ, ਸਮਝਣ ਵਿਚ ਅਸਮਰਥ ਸਨ। ਲੋਕਾਂ ਦੀ ਇਸ ਅਸਮਰਥਾ ਦਾ ਲਾਭ ਬ੍ਰਾਹਮਣ ਲੋਕ ਹਰ ਪੱਖ ਤੋਂ ਉਠਾਉਂਦੇ ਸਨ। ਭਗਤ ਕਬੀਰ ਜੀ ਕਹਿੰਦੇ ਹਨ ਕਿ ਪੰਡਿਤ ਲੋਕ ਬਾਵਨ ਜਾਂ ਬਵੰਜਾ ਅੱਖਰਾਂ ਵਿਚ ਲਿਖੀਆਂ ਧਰਮ ਪੁਸਤਕਾਂ ਦੁਆਰਾ ਪ੍ਰਾਪਤ ਕੀਤੀ ਵਿੱਦਿਆ ਨੂੰ ਧਨ, ਪਦਾਰ ਆਦਿ ਇਕੱਠਾ ਕਰਨ ਦਾ ਸਾਧਨ ਹੀ ਸਮਝਦੇ ਸਨ ਜਦੋਂ ਕਿ ਅਸਲ ਪੰਡਿਤ ਤਾਂ ਉਹ ਹੈ ਜੋ ਸਦਾ ਅੱਖਰਾਂ ਦੁਆਰਾ ਅਸਲ ਤੱਤ ਸਰੂਪ ਪ੍ਰਭੂ ਦੀ ਪ੍ਰਾਪਤੀ ਦੇ ਉੱਦਮ ਵਿਚ ਲੱਗਦਾ ਹੈ। ਬ੍ਰਾਹਮਣ ਲੋਕ ਆਪਣਾ ਬਾਹਰੀ ਸਾਫ਼-ਸੁਥਰਾ ਪਹਿਰਾਵਾ-ਧੋਤੀ (ਤੀਹਰੇ ਤੀਹਰੇ ਤਗ ਵਾਲੀਆਂ), ਹੱਥਾਂ ਵਿਚ ਲੋਟੇ, ਮੱਥੇ ਤੇ ਤਿਲਕ ਤੇ ਆਦਿ ਰੱਖਦੇ ਹੋਏ ਬਾਹਰੀ ਸੁੱਚਮ ਦਾ ਏਨਾ ਖਿਆਲ ਰੱਖਦੇ ਸਨ ਕਿ ਮਿੱਟੀ ਖੋਦ ਕੇ, ਚੁਲ੍ਹੇ ਬਣਾਉਂਦੇ, ਚੌਂਕੇ ਨੂੰ ਗੋਹੇ ਨਾਲ ਲਿੱਪ ਕੇ, ਲੱਕੜੀ ਨੂੰ ਧੋ ਕੇ ਜਲਾਉਂਦੇ ਅਤੇ ਵਰਤਣਾਂ ਨੂੰ ਚੰਗੀ ਤਰ੍ਹਾਂ ਮਾਂਜ ਕੇ ਵਰਤਦੇ ਸਨ ਪਰੰਤੂ ਭਗਤ ਸਾਹਿਬਾਨਾਂ ਨੇ ਇਨ੍ਹਾਂ ਸਾਰੇ ਭੇਖਾਂ, ਪਾਖੰਡਾਂ ਦਾ ਵਿਰੋਧ ਕੀਤਾ। ਕਬੀਰ ਜੀ ਆਖਦੇ ਹਨ ਕਿ ਅਜਿਹੇ ਬਾਹਰੀ ਦਿਖਾਵਿਆਂ ਨਾਲ ਰੱਬ ਰਾਜੀ ਨਹੀਂ ਹੁੰਦਾ। ਲੋਕਾਂ ਨੇ ਤਾਂ ਹਰੀ ਨੂੰ ਖਿਡਾਉਣਾ ਹੀ ਸਮਝ ਰੱਖਿਆ ਹੈ। ਜਦੋਂ ਕਿ ਅਜਿਹੇ ਪਾਖੰਡੀ ਲੋਕਾਂ ਨੂੰ ਸੰਤ ਨਹੀਂ, ਸਗੋਂ ਬਨਾਰਸ ਦੇ ਠੱਗ ਕਹਿਣਾ ਚਾਹੀਦਾ ਹੈ। ਕਿਉਂਕਿ ਇਸ ਸੰਸਾਰ ਵਿਚ ਕੀ ਸੁੱਚਾ ਤੇ ਕੀ ਜੂਠਾ ਸਗੋਂ ਮਨੁੱਖ ਦੁਆਰਾ ਕੀਤੇ ਜਾਂਦੇ ਸਾਰੇ ਕਰਮ ਹੀ ਜੂਠੇ ਹਨ।

### ਤੀਰਥ, ਵਰਤ, ਜੱਗ, ਬਲੀ, ਦਾਨ ਆਦਿ ਕਰਮ

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਦੇ ਲੋਕਾਂ ਵਲੋਂ ਤੀਰਥਾਂ ਦਾ ਭ੍ਰਮਣ, ਵਰਤ ਰੱਖਣੇ, ਜੱਗ ਕਰਨੇ, ਪਸ਼ੂ-ਬਲੀ, ਦਾਨ ਦੇਣ ਆਦਿ ਧਾਰਮਿਕ ਕਰਮਕਾਂਡਾ ਦਾ ਵਧੇਰੇ ਜ਼ਿਕਰ ਹੋਣ ਤੋਂ ਪਤਾ ਲੱਗਦਾ ਹੈ ਕਿ ਮੱਧਕਾਲੀ ਸਮਾਜ ਵਿਚ ਇਨ੍ਹਾਂ ਕਾਰਜਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਸੀ। ਬਾਣੀਕਾਰਾਂ ਨੇ ਹਿੰਦੂਆਂ ਦੁਆਰਾ ਕੀਤੇ ਜਾਂਦੇ ਅਠਸਠਿ (68) ਤੀਰਥਾਂ ਦੇ ਇਸ਼ਨਾਨ ਆਦਿ ਦਾ ਥਾਂ ਥਾਂ ਜ਼ਿਕਰ ਕੀਤਾ ਹੈ। ਇਨ੍ਹਾਂ 68 ਤੀਰਥਾਂ ਵਿਚੋਂ ਕੁੱਝ ਕੁ ਤੀਰਥ-ਸਥਾਨਾਂ ਦੇ ਬਾਣੀ ਵਿਚ ਨਾਮ ਵੀ ਪ੍ਰਾਪਤ ਹੁੰਦੇ ਹਨ। ਜਿਵੇਂ ਕਾਸ਼ੀ, ਗਇਆ, '24, ਗੰਗਾ, ਗੋਦਾਵਰਿ, ਕੁੰਭਿ, ਕੇਦਾਰ, ਗੋਮਤੀ5, ਬੇਣੀ-ਸੰਗਮ (ਤ੍ਰਿਵੇਣੀ) ਭਾਵ ਭਿੰਨ ਨਦੀਆਂ ਗੰਗਾ, ਜਮੁਨਾ, ਸਰਸਵਤੀ ਦਾ ਸੰਗਮ ਜਾਂ ਮਿਲਣ

ਵਾਲਾ ਤੀਰਥ ਸਥਾਨ ਅਤੇ ਪ੍ਰਾਗ (ਉੜੀਸਾ ਪ੍ਰਾਂਤ ਦਾ ਜਗਨਨਾਥ ਤੀਰਥ) ਆਦਿ ਹਨ। ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥ ਇਹ ਤੀਰਥ ਸਥਾਨ ਹਿੰਦੂਆਂ ਦੇ ਪ੍ਰਮੁੱਖ ਤੇ ਪ੍ਰਸਿੱਧ ਤੀਰਥ ਸਥਾਨਾਂ ਵਿਚੋਂ ਹਨ ਅਤੇ ਇਨ੍ਹਾਂ ਦਾ ਭ੍ਰਮਣ ਤੇ ਇਸ਼ਨਾਨ ਕਰਨਾ ਹਰ ਹਿੰਦੂ ਆਪਣਾ ਧਰਮ-ਕਰਮ ਸਮਝਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮਨ ਦੀ ਸ਼ੁੱਧਤਾ ਅਤੇ ਪ੍ਰਭੂ-ਪ੍ਰੇਮ, ਨਾਮ-ਸਿਮਰਨ, ਗੁਰੂ ਦੀ ਸੇਵਾ, ਹੁਕਮ ਮੰਨਣ ਤੋਂ ਬਿਨਾਂ ਤੀਰਥ ਭ੍ਰਮਣ ਅਤੇ ਤੀਰਥ ਇਸ਼ਨਾਨ ਨੂੰ ਕੋਈ ਤਰਜੀਹ ਨਹੀਂ ਦਿੱਤੀ

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥

### ਪਿਤਰੀ-ਕਰਮ

ਹਿੰਦੂ ਲੋਕਾਂ ਦੁਆਰਾ ਪਿਤਰੀ-ਕਰਮ ਵਿਚ ਆਪਣੇ ਬਾਪ, ਦਾਦਾ, ਪੜਦਾਦਾ ਆਦਿ ਵਡੇਰਿਆਂ ਦੇ ਸ਼ਰਾਧ ਕਰਾਏ ਜਾਂਦੇ ਸਨ ਜਿਸ ਵਿਚ ਆਪਣੇ ਪਿਤਰਾਂ ਲਈ ਭੋਜਨ, ਵਸਤਰ ਆਦਿ ਪਦਾਰਥ ਦਾਨ ਕੀਤੇ ਜਾਂਦੇ ਸਨ। "ਹਿੰਦੂਮਤ ਵਿਚ ਸ਼ਾਧ ਦੇ ਚਾਰ ਭੇਦ ਹਨ (ੳ) ਨਿਤਯ ਸ਼ਾਧ, ਜੋ ਨਿੱਤ ਹੀ ਦੇਵਤਾ ਪਿਤਰਾਂ ਨੂੰ ਜਲ ਆਦਿ ਦੇਣਾ। (ਅ) ਪਾਰਵਣ, ਜੋ ਅਮਾਵਸ ਆਦਿ ਪਰਵਾਂ ਪੂਰ ਕਰਨਾ। (ੲ) ਕਯਾਹ ਜੋ ਮੋਏ ਹੋਏ ਪਿਤਰ ਦੇ ਦੇਹਾਂਤ ਵਾਲੇ ਦਿਨ ਕਰਨਾ। (ਸ) ਮਹਾਲਯ, ਜੋ ਅੱਸੂ ਦੇ ਪਹਿਲੇ ਪੱਖ ਵਿਚ ਕਰਨਾ। ਗੁਰਬਾਣੀ ਵਿਚ ਇਸ ਕਿਸਮ ਦੇ ਕਰਮ ਦਾ ਵਿਰੋਧ ਮਿਲਦਾ ਹੈ ਕਿਉਂਕਿ ਜਿਉਂਦੇ ਬਜ਼ੁਰਗਾਂ ਨੂੰ ਤਾਂ ਕੋਈ ਆਦਰ ਸਤਿਕਾਰ ਨਹੀਂ ਦਿੰਦਾ ਜਿਨ੍ਹਾਂ ਦੇ ਮਰਨ 'ਤੇ ਲੋਕ ਸ਼ਰਾਧ ਕਰਾਉਂਦੇ ਹਨ ਜਦੋਂ ਕਿ ਉਨ੍ਹਾਂ ਨਮਿਤ ਖਵਾਏ ਜਾਂਦੇ ਭੋਜਨ ਆਦਿ ਤਾਂ ਕਾਂ, ਕੁੱਤੇ ਹੀ ਖਾਂਦੇ ਹਨ। ਮਰੇ ਹੋਏ ਪਿਤਰ ਤਾਂ ਮਿੱਟੀ ਦੇ ਦੇਵੀ-ਦੇਵਤਿਆਂ ਵਰਗੇ ਹਨ ਜਿਨ੍ਹਾਂ ਅੱਗੇ ਜੀਵਾਂ ਦੀ ਬਲੀ ਦਿੱਤੀ ਜਾਦੀ ਪਰ ਉਹ ਆਪ ਕਹਿ ਕੇ ਕੁੱਝ ਮੰਗਣ ਜੋਗੇ ਨਹੀਂ। ਕਬੀਰ ਜੀ ਕਹਿੰਦੇ ਹਨ ਕਿ ਅਜਿਹੇ ਲੋਕ ਹਰੀ-ਨਾਮ ਦੀ ਤਿਮਤਿ ਨਾ ਜਾਣਦੇ ਹੋਏ ਲੋਕਾਚਾਰੀ ਰਸਮਾਂ ਦੇ ਭੈਅ ਵਿਚ ਹੀ ਪਏ ਰਹਿੰਦੇ ਹਨ।

### ਥਿਤਾਂ ਅਤੇ ਦਿਨਾਂ ਆਦਿ ਦੇ ਭਰਮ

ਮਹੀਨੇ ਵਿਚ ਚੰਦ੍ਰਮਾ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਦੋਵੇਂ ਪੱਖਾਂ ਦੀਆਂ ਤਰੀਕਾਂ ਨੂੰ ਤਿਥ ਜਾਂ ਥਿੱਤੀ ਕਿਹਾ ਜਾਂਦਾ ਹੈ। ਕਬੀਰ ਜੀ ਆਪਣੀ 'ਥਿਤੀ ਸਿਰਲੇਖ ਅਧੀਨ ਰਚੀ ਬਾਣੀ ਵਿਚ ਲੋਕਾਂ ਦੁਆਰਾ ਇਨ੍ਹਾਂ ਤਿਥਾਂ ਵਿਚ ਕੀਤੇ ਜਾਂਦੇ ਕਰਮਕਾਂਡਾਂ ਦੀ ਬਜਾਏ ਵਿਕਾਰਾਂ ਨੂੰ ਤਿਆਗ, ਸੰਸਾਰ ਦੀ ਨਿਰਲੇਪਤਾ, ਹਰੀ-ਨਾਮ, ਸਤਿਗੁਰੂ ਦੀ ਸੇਵਾ, ਸਤਿਸੰਗਤਿ ਆਦਿ ਜੀਵਨ ਦੇ ਸਹਿਜ, ਸਰਲ ਮਾਰਗ ਨੂੰ ਅਪਣਾਉਣ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਕਬੀਰ ਜੀ ਨੇ ਵਾਰ (ਸਤਵਾਰ) ਸਿਰਲੇਖ ਅਧੀਨ ਰਚੀ ਬਾਣੀ ਵਿਚ ਹਫਤੇ ਦੇ ਸੱਤ ਦਿਨਾਂ ਨੂੰ ਲੈ ਕੇ ਤਤਕਾਲ ਵਿਚ ਕੀਤੇ ਜਾਂਦੇ ਵਹਿਮ-ਭਰਮ ਦੀ ਬਜਾਏ ਹਫ਼ਤੇ ਦੇ ਸੱਤੇ ਦਿਨਾਂ ਵਿਚ ਪ੍ਰਭੂ-ਨਾਮ ਅਤੇ ਪ੍ਰਭੂ ਭਗਤੀ ਦੀ ਪੌੜੀ ਦਾ ਮਾਰਗ ਦੱਸਿਆ ਹੈ। ਆਦਿਤ (ਐਤਵਾਰ) ਨੂੰ ਪ੍ਰਭੂ-ਭਗਤੀ ਦਾ ਆਰੰਭ, ਸੋਮਵਾਰ ਨੂੰ ਭਗਤੀ ਦਾ ਅੰਮ੍ਰਿਤ ਬਰਨਾ, ਮੰਗਲਵਾਰ ਨੂੰ ਸਿਮਰਨ ਦੁਆਰਾ ਬੁਰਾਈਆਂ ਨੂੰ ਰੋਕਣ ਲਈ ਆਪਣੇ ਆਲੇ-ਦੁਆਲੇ ਕਿਲ੍ਹਾ ਉਸਾਰ ਲੈਣਾ, ਬੁੱਧਵਾਰ ਨੂੰ ਪ੍ਰਭੂ ਦੀ ਯਾਦ ਵਿਚ ਲੀਨ ਤੇ ਹਿਰਦੇ ਵਿਚ ਪ੍ਰਭੂ ਦਾ ਪ੍ਰਕਾਸ਼ ਕਰਨਾ, ਬ੍ਰਿਹਸਪਤਿ ਨੂੰ ਮਾਇਆ ਬਿਖਿਆ ਨੂੰ ਰੋਹੜ ਦੇਣਾ, ਸ਼ੁਕਰਵਾਰ ਨੂੰ ਚੰਗੇ ਕਰਮਾਂ ਦੇ ਸਹਾਰੇ ਮਨ ਨੂੰ ਕਾਬੂ ਕਰਕੇ ਔਖੇ ਪ੍ਰਣ ਦੀ ਘਾਟੀ ਚੜ੍ਹਨਾ ਅਤੇ ਸ਼ਾਵਰ ( ਸ਼ਨਿਚਰਵਾਰ) ਨੂੰ ਮਨ ਨੂੰ ਦਸਮ ਦੁਆਰ ਵਿਚ ਟਿਕਾ ਲੈਣਾ ਹੀ ਪ੍ਰਭੂ-ਭਗਤੀ ਦਾ ਮਨੋਰਥ ਹੈ।

### ਵੇਦ, ਸਿੰਮ੍ਰਿਤ, ਸ਼ਾਸਤਰ, ਪੁਰਾਣ ਆਦਿ ਦੇ ਪਾਠ-ਰਟਣ

ਹਿੰਦੂ ਧਰਮ ਵਿਚ ਕਿਸੇ ਇਕ ਧਰਮ-ਗ੍ਰੰਥ ਨੂੰ ਨਹੀਂ, ਸਗੋਂ ਚਾਰੇ ਵੇਦ ਆਧਾਰਿਤ ਰਚਿਤ ਸਿਮ੍ਰਿਤੀਆਂ, ਸ਼ਾਸਤਰ, ਉਪਨਿਸ਼ਦ, ਪੁਰਾਣ, ਗੀਤਾ, ਮਹਾਂਭਾਰਤ ਆਦਿ ਗ੍ਰੰਥਾਂ 'ਤੇ ਵਿਸ਼ਵਾਸ ਤੇ ਸ਼ਰਧਾ ਰੱਖੀ ਜਾਂਦੀ ਹੈ ਜਿਨ੍ਹਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮੱਧਕਾਲੀ ਸਮਾਜ ਵਿਚ ਵਧੇਰੇ ਸਿੰਮ੍ਰਤੀਆਂ, ਸਾਸ਼ਤਰ, ਪੁਰਾਨ ਆਦਿ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਗ੍ਰੰਥਾਂ ਨੂੰ ਬ੍ਰਾਹਮਣ, ਲੋਕ ਹੀ ਪੜ੍ਹਿਆ ਕਰਦੇ ਸਨ ਕਿਉਂਕਿ ਆਮ ਜਨਤਾ ਇਕ ਤਾਂ ਸੰਸਕ੍ਰਿਤ ਭਾਸ਼ਾ ਸਮਝਣ ਤੋਂ ਅਸਮਰਥ ਸੀ ਦੂਸਰਾ ਉਨ੍ਹਾਂ ਨੂੰ ਧਰਮ-ਕਰਮ ਆਪਣੇ ਹੱਥੀਂ ਕਰਨ ਦੀ ਬਜਾਏ, ਬ੍ਰਾਹਮਣਾਂ ਕੋਲੋਂ ਕਰਾਉਣ ਦਾ ਹੀ ਵਿਧਾਨ ਸੀ। ਇਨ੍ਹਾਂ ਪੰਡਿਤ ਲੋਕਾਂ ਨੇ ਵੇਦਾਂ, ਸਾਸ਼ਤ੍ਰੀ ਆਦਿ ਗ੍ਰੰਥਾਂ ਦੇ ਪਾਠ ਨੂੰ ਅਮਲੀ ਜੀਵਨ ਵਿਚ ਢਾਲਣ ਦੀ ਬਜਾਏ, ਰੋਜ਼ਮਰਾ ਤੇ ਬਾਹਰੀ ਜੀਵਨ ਦਾ ਹਿੱਸਾ ਬਣਾ ਲਿਆ ਸੀ ਜਿਸ ਕਰਮ ਨੂੰ ਉਹ ਬੜੇ ਹੰਕਾਰ ਵਸ ਨਿਭਾਉਂਦੇ ਸਨ। ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਵਾਲੇ ਤੇ ਸੁਣਨ ਵਾਲੇ ਆਪੋ ਆਪਣਾ ਧਾਰਮਿਕ ਕਰਮ ਨਿਭਾਉਣ ਤੋਂ ਇਲਾਵਾ ਆਪਣੇ ਜੀਵਨ ਵਿਚ ਸ਼ੁੱਭ ਗੁਣਾਂ ਨੂੰ ਨਹੀਂ ਢਾਲਦੇ ਸਨ। ਅਜਿਹੇ ਬਾਹਰੀ ਕਰਮਾਂ ਵਿਚ ਹੀ ਸਮਾਂ ਅਜਾਈਂ ਗੁਆ ਕੇ ਵੱਡੇ ਵੱਡੇ ਸਿਆਣੇ, ਗਿਆਨੀ ਕਹਾਉਣ ਵਾਲੇ ਅੰਤ ਨੂੰ ਨਿਰਾਸ਼ ਹੋ ਕੇ ਦੁਨੀਆਂ ਤੋਂ ਚਲੇ ਜਾਂਦੇ ਸਨ :

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥
ਕਾਲ ਗ੍ਰਸਤ ਸਭ ਲੋਗ ਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥

(ਸੋਰਠਿ, ਕਬੀਰ)

**ਸਿੱਧਾਂ, ਜੋਗੀਆਂ ਦੇ ਵਿਭਿੰਨ ਫਿਰਕੇ**

ਮੱਧਕਾਲੀ ਭਾਰਤ ਵਿਚ ਜਿੱਥੇ ਭਗਤੀ ਲਹਿਰ ਅਧਿਆਤਮਕ ਤੇ ਸਮਾਜਕ ਪੱਧਰ 'ਤੇ ਇਕ ਸਾਂਝੇ ਮਾਰਗ ਨੂੰ ਲੈ ਕੇ ਵਿਕਾਸ ਕਰ ਰਹੀ ਸੀ ਉਥੇ ਨਾਲੋਂ ਨਾਲ ਹਿੰਦੂ ਧਰਮ ਆਪਣੀਆਂ ਸੀਮਤ ਘੇਰੇਬੰਦੀਆਂ ਕਾਰਨ ਅਸੰਤੁਲਨ ਅਤੇ ਬਾਹਰੀ ਭੇਖਾਂ, ਪਾਖੰਡਾਂ ਕਾਰਨ ਦਿਨ-ਬ-ਦਿਨ ਬੇਸ਼ੁਮਾਰ ਸੰਪ੍ਰਦਾਵਾਂ, ਫਿਰਕਿਆਂ ਵਿਚ ਤਬਦੀਲ ਹੁੰਦਾ ਜਾ ਰਿਹਾ ਸੀ। ਹਿੰਦੂ ਧਰਮ ਵਿਚ ਵੇਦਾਂ ਤੋਂ ਲੈ ਕੇ ਸਮੇਂ ਸਮੇਂ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਹੋਈ ਜਿਨ੍ਹਾਂ ਗ੍ਰੰਥਾਂ ਦੇ ਅਰਥਾਂ ਨੂੰ ਹਰ ਮਤ, ਵਿਰਕੇ ਦੇ ਆਗੂਆਂ ਨੇ ਆਪਣੇ ਅਨੁਸਾਰ ਢਾਲਕੇ ਆਮ ਲੋਕਾਂ ਨੂੰ ਆਪੋ-ਆਪਣੀ ਤਰਫ ਖਿੱਚਣ ਦੇ ਯਤਨ ਕੀਤੇ। ਹਿੰਦੂ ਧਰਮ ਵਿਚ ਵੱਖ-ਵੱਖ ਮਤਾਂ ਫਿਰਕਿਆਂ ਦੇ ਹੋਂਦ ਹਿਣ ਕਰਨ ਵਿਚ ਵੱਡੀ ਭੂਮਿਕਾ ਆਸ਼ਰਮ ਵਿਵਸਥਾ ਦੀ ਸੀ ਜਿਸ ਵਿਚੋਂ ਹਿਸਥ ਨੂੰ ਤਿਆਗ ਕੇ ਵਾਣਪ੍ਰਸਥ ਤੇ ਸੰਨਿਆਸੀ ਜੀਵਨ ਨੂੰ ਹੀ ਅਪਣਾਇਆ ਜਾਣ ਲੱਗਾ। ਵਾਣਪ੍ਰਥੀ ਤੇ ਸੰਨਿਆਸੀ ਬਣ ਚੁੱਕੇ ਲੋਕਾਂ ਨੇ ਪ੍ਰਭੂ-ਭਗਤੀ ਤੇ ਪ੍ਰਭੂ-ਪ੍ਰਾਪਤੀ ਦੇ ਮਾਰਗ ਅਤੇ ਜਿਉਣ ਢੰਗ ਨੂੰ ਸਮਾਜ ਦੇ ਆਮ ਲੋਕਾਂ ਨਾਲੋਂ ਕਈ ਤਰੀਕਿਆਂ, ਸਿਧਾਤਾਂ ਦੁਆਰਾ ਨਿਖੇੜ ਲਿਆ। ਇਨ੍ਹਾਂ ਸਿੱਧਾਂ, ਜੋਗੀਆਂ, ਸੰਨਿਆਸੀਆਂ ਦੇ ਕਈ ਵਿਰਕਿਆਂ ਦੇ ਨਾਮ ਅਤੇ ਉਨ੍ਹਾਂ ਦੁਆਰਾ ਕੀਤੇ ਜਾਂਦੇ ਭੇਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਵੀ ਦ੍ਰਿਸ਼ਟੀਗੋਚਰ ਕੀਤਾ ਹੈ ਜਿਨ੍ਹਾਂ ਵਿਚੋਂ ਜੋਗੀ, ਜੰਗਮ, ਜਪੀ, ਤਪੀ, ਸੰਨਿਆਸੀ, ਸਿੰਧ, ਉਦਾਸੀ, ਜਟਾਧਾਰੀ, ਕਾਪੜੀ, ਭੇਖਧਾਰੀ, ਅਵਧੂਤ, ਬੈਸਨੋ, ਜੋਗੀ, ਮੋਨੀ, ਗੁੰਡਿਤ, ਮੁੰਡਿਤ, ਇਕਸ਼ਬਦੀ, ਅਪਰਸ, ਸਾਕਤ, ਵਾਮ-ਮਾਰਗੀ ਆਦਿ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ।

**ਮੁਸਲਮਾਨੀ ਧਰਮ-ਕਰਮ**

ਹਰ ਧਰਮ ਦੀਆਂ ਮੁੱਢਲੀਆਂ ਸਿੱਖਿਆਵਾਂ ਕੁੱਝ ਹੋਰ ਹੁੰਦੀਆਂ ਹਨ ਜੋ ਮਨੁੱਖ ਦੇ ਵਿਹਾਰਕ ਜੀਵਨ ਨਾਲ ਪੂਰਨ ਤੌਰ ਤੇ ਜੁੜੀਆਂ ਹੁੰਦੀਆਂ ਹਨ। ਇਹ ਸਿੱਖਿਆਵਾਂ ਜਿਨਾਂ ਗੁਰੂਆਂ, ਪੈਗੰਬਰਾਂ 'ਤੇ ਨਾਜ਼ਲ ਹੁੰਦੀਆਂ ਹਨ ਉਨ੍ਹਾਂ ਸਿੱਖਿਆਵਾਂ ਨੂੰ ਮਹਾਨ ਪੈਗੰਬਰਾਂ ਨੇ ਆਪਣੇ ਅਮਲੀ ਜੀਵਨ ਵਿਚ ਹੰਢਾਇਆ ਹੁੰਦਾ ਹੈ ਪਰੰਤੂ ਸਮੇਂ-ਸਮੇਂ ਇਨ੍ਹਾਂ ਨੂੰ ਮੰਨਣ ਵਾਲੇ ਪੈਰੋਕਾਰ ਸਿੱਖਿਆਵਾਂ ਦੀ ਵੀਚਾਰ ਨਾ ਕਰਕੇ, ਹੋਰ ਹੀ ਅਰਥਾਂ ਵਿਚ ਪ੍ਰਚਲਿਤ ਜਾਂ ਰੂ ਕਰ ਦਿੰਦੇ ਹਾਂ ਜੋ ਮਨੁੱਖ ਦੇ ਵਿਹਾਰਕ ਜੀਵਨ ਦੀ ਸਜਾਏ ਨਿਰੋਲ ਰੋਜ਼ਮਰਾ ਦੇ ਕਰਮ ਵੱਧ ਬਣ ਜਾਂਦੇ ਹਨ। ਮੱਧਕਾਲੀ ਸਮਾਜ ਵਿਚ ਅਜਿਹੀ ਸਥਿਤੀ ਜਿੱਥੇ ਹਿੰਦੂ ਧਰਮ ਦੀ ਸੀ ਉਥੇ ਇਹੋ ਹਾਲਤ ਮੁਸਲਿਮ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਹੋ ਚੁੱਕੀ ਸੀ। ਮੁਸਲਿਮ ਧਰਮ ਦੇ ਲੋਕਾਂ ਵਿਚ ਅਜਿਹੀਆਂ ਪ੍ਰਵਿਰਤੀਆਂ ਦੇ ਪੈਦਾ ਹੋਣ ਦਾ ਇਕ ਕਾਰਨ ਉਨ੍ਹਾਂ ਦਾ ਭਾਰਤ ਵਿਚ ਸੱਤਾਧਾਰੀ ਧਿਰ ਵਜੋਂ ਕਾਬਜ਼ ਹੋਣਾ ਸੀ ਜਿਸ ਅਨੁਸਾਰ ਉਹ ਆਪਣੇ ਹੀ ਧਰਮ ਨੂੰ ਸ੍ਰੇਸ਼ਟ ਧਰਮ ਸਿੱਧ ਕਰਨ ਦੀ ਹੋੜ ਵਿਚ ਸਨ। ਭਾਰਤ ਵਿਚ ਮੁਸਲਿਮ ਹਕੂਮਤ ਦਾ ਜੋ ਜੋਰ, ਜਬਰ, ਲੁੱਟ-ਖਸੁੱਟ ਵਾਲਾ ਰੋਲ ਰਿਹਾ, ਜੇਕਰ ਉਸਨੂੰ ਪਾਕ ਗ੍ਰੰਥ ਕੁਰਾਨ ਸ਼ਰੀਫ ਦੀਆਂ ਸਿੱਖਿਆਵਾਂ ਦੇ ਸਨਮੁਖ ਰੱਖ ਕੇ ਦੇਖਿਆ ਜਾਵੇ ਤਾਂ ਭਾਰਤ ਵਿਚ ਮੁਸਲਿਮ ਰਾਜਸੀ ਆਗੂਆਂ ਦਾ ਆਚਰਨ ਔਗੁਣਾਂ ਵਾਲਾ, ਅੱਲਹ ਨੂੰ ਨਾ ਮਨਜ਼ੂਰ ਦ੍ਰਿਸ਼ਟੀ ਵਾਲਾ ਹੀ ਜਾਪਦਾ ਹੈ। ਕੁਰਾਨ ਸ਼ਰੀਫ ਦੀ 31ਵੀਂ ਸੂਰਤ ਲੁਕਮਾਨ' ਵਿਚ ਲਿਖਿਆ ਹੈ ਕਿ "ਪੁੱਤਰ! ਨਮਾਜ਼ ਕਾਇਮ ਕਰ, ਨੇਕੀ ਦਾ ਹੁਕਮ ਦੇ, ਬੁਰਾਈ ਤੋਂ ਵਰਜਦਾ ਰਹਿ ਅਤੇ ਜੋ ਮੁਸੀਬਤ ਵੀ ਆ ਪਵੇ ਉਸ 'ਤੇ ਸਬਰ ਕਰ। ਇਹ ਉਹ ਗੱਲਾਂ ਹਨ ਜਿਹਨਾਂ ਦੀ ਵੱਡੀ ਤਾਕੀਦ ਕੀਤੀ ਗਈ ਹੈ ਅਤੇ ਲੋਕਾਂ ਨਾਲੋਂ ਮੂੰਹ ਫੇਰ ਕੇ ਗੱਲਾਂ ਨਾ ਕਰ, ਨਾ ਧਰਤੀ ਉਤੇ ਆਕੜ ਕੇ ਤੁਰ, ਅੱਲਾਹ ਕਿਸੇ ਹੰਕਾਰੀ ਤੇ ਸ਼ੇਖੀ-ਖੋਰੇ ਨੂੰ ਪਸੰਦ ਨਹੀਂ ਕਰਦਾ।

**ਨਮਾਜ਼**

ਪੰਜ ਵਕਤ ਨਮਾਜ਼ ਪੜ੍ਹਨਾ ਮੁਸਲਿਮ ਧਰਮ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਨਾਮਜ਼ ਪੜ੍ਹਨ ਦਾ ਵਿਰੋਧ ਨਹੀਂ ਕੀਤਾ ਸਗੋਂ ਨਮਾਜ਼ ਪਨ ਦੇ ਨਾਲ-ਨਾਲ ਨਮਾਜ਼ ਦੇ ਸਾਰਥਕ ਅਰਥਾਂ ਨੂੰ ਅਮਲੀ ਜੀਵਨ ਵਿਚ ਢਾਲਣ ਦੀ ਤਾਕੀਦ ਕੀਤੀ ਹੈ ਅਤੇ ਫੋਕੀਆਂ ਨਮਾਜ਼ਾਂ ਪੜ੍ਹਨ ਵਾਲੇ, ਸੁਭ ਅਮਲਾਂ ਤੋਂ ਸੱਖਣੇ ਮੁਸਲਮਾਨ ਕਾਜੀ, ਮੁੱਲਾਂ ਨੂੰ ਪਾਖੰਡ ਕਰਨ ਦੀ ਬਜਾਏ, ਅੱਲਾਹ ਦੀ ਨਮਾਜ਼ ਅਦਾ ਕਰਨ ਦੇ ਸਹੀ ਅਰਥ ਸੁਝਾਉਂਦੇ ਹੋਏ ਆਖਿਆ ਹੈ ਕਿ ਨਮਾਜ਼ ਉਹ ਹੈ ਜਿਸ ਨੂੰ ਪੜ੍ਹਕੇ ਨਿਆਂ ਦੀ ਵੀਚਾਰ ਕੀਤੀ ਜਾਵੇ, ਬੁੱਧ ਬਿਬੇਕ ਤੇ ਸੱਚੇ ਗਿਆਨ ਦਾ ਕਲਮਾ ਪੜ੍ਹਿਆ ਜਾਵੇ ਅਤੇ ਆਪਣੇ ਮਨ ਦੇ ਪੰਜ ਵਿਕਾਰਾਂ ਨੂੰ ਦੂਰ ਕਰਨ ਨੂੰ ਹੀ ਮੁੱਸਲਾ ਬਣਾ ਕੇ ਵਿਛਾਇਆ ਜਾਵੇ। ਸੋ ਸੱਚੇ ਧਰਮ ਦੇ ਸ਼ੁੱਭ ਕਰਮਾਂ ਦੀ ਪਛਾਣ ਕਰਕੇ ਸਰਬ-ਵਿਆਪੀ ਐਲਾਹ ਦੀ ਪਛਾਣ ਕਰਦੇ ਹੋਏ ਜੀਵਾਂ ਪ੍ਰਤੀ ਦਇਆ ਰੱਖਣੀ ਹੀ ਧਰਮ ਪਾਲਣ ਦਾ ਰਸਤਾ ਹੈ ਜਿਸ 'ਤੇ ਚੱਲਣ ਅਤੇ ਹੋਰਾਂ ਨੂੰ ਚਲਾਉਣ ਨਾਲ ਹੀ ਸਵਰਗ ( ਭਿਸਤ) ਦੇ ਭਾਗੀਦਾਰ ਬਣਿਆ ਜਾ ਸਕਦਾ ਹੈ।

**ਹੱਜ**

ਕਾਅਬੇ ਦੀ ਯਾਤਰਾ ਕਰਨਾ ਹਰ ਮੁਸਲਮਾਨ ਲਈ ਧਰਮ ਦਾ ਨਿਯਮ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿਵੇਂ ਹਿੰਦੂਆਂ ਵਿਚ ਤੀਰਥ-ਯਾਤਰਾ ਨੂੰ ਤਰਜੀਹ ਨਹੀਂ ਦਿੱਤੀ, ਉਵੇਂ ਹੀ ਮੁਸਲਮਾਨਾਂ ਵਿਚ ਹੱਜ ਕਰਨ ਨੂੰ ਕੋਈ ਤਰਜੀਹ ਨਹੀਂ ਦਿੱਤੀ ਉਨ੍ਹਾਂ ਦਾ ਮੂਲ ਸੰਕਲਪ ਬ੍ਰਹਮ ਦੀ | ਸਰਬ-ਵਿਆਪਕਤਾ ਦਾ ਹੈ ਜਿਸ ਬਾਬਤ ਕਬੀਰ ਜੀ ਆਖਦੇ ਹਨ ਕਿ ਇਕ ਵਾਰ ਮੈਂ ਹੱਜ ਕਰਨ ਕਾਬੇ ਜਾ ਰਿਹਾ ਸਾਂ ਕਿ ਖ਼ੁਦਾ ਰਸਤੇ ਵਿਚ ਹੀ ਮਿਲ ਗਿਆ ਤੇ ਆਖਣ ਲੱਗਾ ਕਿ ਤੈਨੂੰ ਕਿਸਨੇ ਆਖ ਦਿੱਤਾ ਕਿ ਮੈਂ ਏਥੇ ਰਹਿੰਦਾ ਹਾਂ? ਭਾਵ ਉਹ ਤਾਂ ਸਰਬ ਵਿਆਪਕ ਹੈ। ਇੰਝ ਹੀ ਅਗਲੇ ਸਲੋਕ ਵਿਚ ਉਹ ਕਈ ਵਾਰ ਹੱਜ ਕਰਨ ਲਈ ਕਾਬੇ ਜਾਣ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ ਕਿ ਮੈਂ ਕਈ ਵਾਰ ਹੱਜ ਕਰਨ ਗਿਆ, ਪਰ ਪਤਾ ਨਹੀਂ ਮੇਰੇ ਤੋਂ ਕੀ ਗੁਨਾਹ ਹੋਇਆ ਕਿ ਮੇਰਾ ਮਾਲਕ ਮੇਰੇ ਨਾਲ ਮੂੰਹੋਂ ਨਾ ਬੋਲਿਆ। ਇਸ ਪਿੱਛੇ ਵੀ ਅੱਲਾਹ ਦੀ ਸਰਬ-ਵਿਆਪਕਤਾ ਦਾ ਹੀ ਸੰਦੇਸ਼ ਹੈ :

ਕਬੀਰ ਹਜ ਕਾਬੇ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥

(ਸਲੋਕ, ਕਬੀਰ ਜੀ)

### ਸੁੰਨਤ

"ਅਰਬੀ ਭਾਸ਼ਾ ਦੇ ਸ਼ਬਦ "ਸੁੰਨਤ ਦਾ ਅਰਥ ਹੈ ਮਰਯਾਦਾ। ਇਸਲਾਮ ਵਿਚ ਸੁੰਨਤ ਉਨ੍ਹਾਂ ਸਾਰੀਆਂ ਸਿਖਿਆਵਾਂ ਜਾਂ ਉਪਦੇਸ਼ਾਂ ਦੀ ਪਾਲਣਾ ਦਾ ਸੂਚਕ ਸ਼ਬਦ ਹੈ ਜਿਹੜੇ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਦਿੱਤੇ ਸਨ। ਇਸ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ | ਵਲੋਂ ਚਲਾਈ ਆਚਰਣ-ਵਿਧੀ ਹੀ ਸੁੰਨਤ ਹੈ। ਪਰ ਅੱਜ ਕੱਲ੍ਹ ਇਸ ਸ਼ਬਦ ਦੀ ਵਰਤੋਂ ਖਤਨਾਂ ਲਈ ਰੂੜ੍ਹ ਹੋ ਚੁੱਕੀ ਹੈ। 'ਖਤਨਾਂ ਵੀ ਇਸਲਾਮਿਕ ਮਰਯਾਦਾ ਵਿਚ ਸ਼ਾਮਲ ਹੈ। ਹਜ਼ਰਤ ਮੁਹੰਮਦ ਤੋਂ ਪਹਿਲਾਂ ਸਾਮੀ ਦੇਸ਼ਾਂ ਵਿਚ ਖਤਨਾ ਦੀ ਪ੍ਰਥਾ ਮੌਜੂਦ ਸੀ। ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਸ ਮਰਯਾਦਾ ਦਾ ਵਿਰੋਧ ਕੀਤਾ। ਕਬੀਰ ਜੀ ਲਿਖਦੇ ਹਨ ਕਿ ਇਸਤਰੀ ਦੇ ਸੁਨੇਹ ਕਾਰਨ ਕੀਤੀ ਗਈ ਸੁੰਨਤ ਨੂੰ ਮੈਂ ਨਹੀਂ ਮੰਨਦਾ। ਜੇ ਸੁੰਨਤ ਕਰਨ ਨਾਲ ਬੰਦੇ ਵਿਚ ਕੁੱਝ ਅੰਤਰ ਆ ਜਾਂਦਾ ਹੈ ਜਾਂ ਸੱਚ-ਮੁੱਚ ਹੀ ਖ਼ੁਦਾ ਵੱਲੋਂ ਮੁਸਲਮਾਨ ਆਮ ਇਨਸਾਨਾਂ ਨਾਲੋਂ ਵੱਖਰੇ ਹੁੰਦੇ ਹਨ ਤਾਂ ਇਹ ਆਪੇ ਹੀ ਕੱਟ ਜਾਣੀ ਚਾਹੀਦੀ ਹੈ। ਫਿਰ ਦਲੀਲ ਦਿੰਦੇ ਹਨ ਕਿ ਜੇ ਪੁਰਸ਼ ਦੀ ਸੁੰਨਤ ਕੀਤਿਆਂ ਉਹ ਮੁਸਲਮਾਨ ਬਣ ਜਾਂਦਾ ਹੈ ਤਾਂ ਫਿਰ ਔਰਤ ਦਾ ਮੁਸਲਮਾਨ ਹੋਣ ਲਈ ਕੀ ਕੀਤਾ ਜਾਵੇ? ਇਸ ਲਈ ਅਰਧ ਸਰੀਰੀ (ਭਾਵ ਉਮਰ ਭਰ ਸਾਥ ਰਹਿਣ ਵਾਲੀ ) ਔਰਤ ਤਾਂ ਛੱਡੀ ਨਹੀਂ ਜਾਂਦੀ, ਤਾਂ ਤੇ ਹਿੰਦੂ ਰਹਿਣਾ ਹੀ ਚੰਗਾ ਹੈ। ਸੋ ਕਬੀਰ ਜੀ ਫਰਮਾਉਂਦੇ ਹਨ ਕਿ ਹੇ ਕਾਜੀ! ਇਨ੍ਹਾਂ ਸ਼ਰ੍ਹਾਂ ਦੀਆਂ ਗੱਲਾਂ ਨੂੰ ਛੱਡ ਕੇ ਉਸ ਅੱਲਾਹ ਦੇ ਧਿਆਨ ਵਿਚ ਲੱਗਾ ਰਹਿ, ਐਵੇਂ ਕਿਉਂ ਵਾਦ-ਵਿਵਾਦ ਤੇ ਜ਼ੁਲਮ ਦੇ ਰਸਤੇ ਪਿਆ ਰਹਿੰਦਾ ਹੈ :

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ।
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥

(ਭਗਤ ਕਬੀਰ)

### ਹਲਾਲ

ਹਲਾਲ ਤੋਂ ਭਾਵ ਜੋ ਜਾਇਜ਼ ਹੋਵੇ। "ਧਰਮ ਦੀ ਮਰਿਯਾਦਾ ਅਨੁਸਾਰ ਵਰਤਣ ਲਈ ਸਵੀਕ੍ਰਿਤ ਵਸਤੂ ਹਲਾਲ ਹੈ, ਜੋ ਸਵੀਕ੍ਰਿਤ ਨਹੀਂ, ਉਹ ਹਰਾਮ ਹੈ। 11 ਮੁਸਲਿਮ ਧਰਮ ਵਿਚ ਜਿਬਾਹ ਕੀਤੇ ਜੀਵ ਦੇ ਮਾਸ ਖਾਣ ਨੂੰ ਵੀ ਹਲਾਲ ਕਿਹਾ ਜਾਂਦਾ ਹੈ ਮੁਸਲਿਮ ਧਰਮ ਵਿਚ ਕੁਰਬਾਨੀ ਦਾ ਤਿਉਹਾਰ ਈਦੁਲਹਾ ਮਨਾਇਆ ਜਾਂਦਾ ਹੈ ਜਿਸ ਨੂੰ 'ਬਕਰੀਦ' ਵੀ ਕਿਹਾ ਜਾਂਦਾ ਹੈ। ਇਸ ਵਿਚ ਗਊ, ਬਕਰੇ ਆਦਿ ਪਸ਼ੂ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਜਿੱਥੇ ਭਗਤ ਰਵਿਦਾਸ ਜੀ ਕਬੀਰ ਜੀ ਦੀ ਕੁਲ ਵਿਚ ਕੀਤੀ ਜਾਂਦੀ ਇਸ ਰੀਤੀ ਨੂੰ ਉਨ੍ਹਾਂ ਦੁਆਰਾ ਤਿਆਗਣ ਦਾ ਜ਼ਿਕਰ ਕਰਦੇ ਹਨ। ਉਥੇ ਖ਼ੁਦ ਕਬੀਰ ਜੀ ਆਪਣੀ ਬਾਣੀ ਵਿਚ ਸਪਸ਼ਟ ਸ਼ਬਦਾਂ ਵਿਚ ਇਸ ਦਾ ਵਿਰੋਧ ਕਰਦੇ ਹਨ। ਉਹ ਬਿਸਮਿੱਲਾ (ਮਿਸਮਿਲ) ਭਾਵ ਅੱਲਾਹ ਦੇ ਨਾਮ 'ਤੇ ਕੀਤੀ ਗਈ ਪਸ਼ੂ ਦੀ ਹੱਤਿਆ ਦੀ ਥਾਂ ਆਪਣੇ ਵਿਕਾਰਾਂ ਅਤੇ ਮਨ ਦੀ ਮੈਂ (ਹੰਕਾਰ) ਨੂੰ ਮਾਰਦੇ ਹੋਏ ਸ਼ਾਂਤੀ, ਸਬਰ ਵਾਲਾ ਹੋਣ ਨੂੰ ਤਰਜੀਹ ਦਿੰਦੇ ਹਨ ਅਤੇ ਮੁਲਾਂ ਨੂੰ ਆਖਦੇ ਹਨ ਕਿ ਇਕ ਪਾਸੇ ਤਾਂ ਤੂੰ ਸਭ ਵਿਚ ਇਕ ਖ਼ੁਦਾ ਦੱਸਦਾ ਹੈ ਤੇ ਅੱਲਾਹ ਦੇ ਇਨਸਾਫ਼ ਦਾ ਪਾਠ ਪੜ੍ਹਾਉਂਦਾ ਹੈ ਪਰ ਤੂੰ ਆਪ ਮੁਰਗੀ ਲਿਆ ਕੇ ਮਾਰਦਾ ਹੈ। ਉਸ ਮਰੇ ਜੀਵ ਦੀ ਜੋਤ ਤਾਂ ਪ੍ਰਭੂ-ਜੋਤ ਵਿਚ ਮਿਲ ਗਈ ਫਿਰ ਤੂੰ ਹਲਾਲੁ ਕਿਸ ਨੂੰ ਕੀਤਾ। ਕਬੀਰ ਜੀ ਅਨੁਸਾਰ ਇਸ ਮਾਸ ਦੀ ਰੋਟੀ ਖਾਣ ਬਦਲੇ ਆਪਣਾ ਗਲਾ ਕਟਾਉਣ ਨਾਲ ਤਾਂ

ਦਾਲ, ਚਾਵਲ ਆਦਿ ਤੋਂ ਬਣਾਈ ਖਿਚੜੀ ਖਾਣਾ ਹੀ ਚੰਗਾ ਹੈ ਜਿਸ 'ਚ ਸੁਆਦ ਅਨੁਸਾਰ ਲੂਣ ਪਾਇਆ ਹੁੰਦਾ ਹੈ। ਪਰੰਤੂ ਹਲਾਲ ਦੇ ਨਾਂ ਤੇ ਜ਼ੋਰ, ਜ਼ੁਲਮ ਕਰਕੇ ਜੀਵ ਜਾਂ ਪਸ਼ੂਆਂ ਦੀ ਹੱਤਿਆ ਕਰਨ ਵਾਲਿਆਂ ਨੂੰ ਅੱਲਾਹ ਦੀ ਦਰਗਾਹ ਵਿਚ ਲੇਖੇ ਜ਼ਰੂਰ ਦੇਣੇ ਪੈਣਗੇ

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਾਲਾਲੁ॥

ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥

(ਸਲੋਕ, ਕਬੀਰ)

## ਫਰਿਸ਼ਤੇ

ਜਿਵੇਂ ਹਿੰਦੂ ਧਰਮ ਵਿਚ ਤੇਤੀ ਕ੍ਰੋੜ ਦੇਵਤਿਆਂ ਦਾ ਸੰਕਲਪ ਮਿਲਦਾ ਹੈ ਉਵੇਂ ਇਸਲਾਮ ਧਰਮ ਵਿਚ ਅੱਲਾਹ ਦਾ ਪੈਗ਼ਾਮ ਪਹੁੰਚਾਉਣ ਵਾਲੇ ਪੈਗੰਬਰ ਅਤੇ ਅੱਲਾਹ ਦੇ ਨੂਰ ਤੋਂ ਪੈਦਾ ਹੋਏ ਫਰਿਸ਼ਤਿਆਂ ਆਦਿ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਵਰਿਸ਼ਤਿਆਂ ਦੀ ਗਿਣਤੀ ਸਬੰਧੀ ਵਿਭਿੰਨ ਵਿਚਾਰ ਮਿਲਦੇ ਹਨ। ਕਬੀਰ ਜੀ ਸਰਬ-ਵਿਆਪਕ, ਸ਼ਕਤੀਸ਼ਾਲੀ ਪ੍ਰਭੂ ਦੀ ਵਡਿਆਈ ਦੀ ਤਸਵੀਰ ਉਲੀਕਦੇ ਹੋਏ ਜਿੱਥੇ ਇਸਲਾਮ ਅਨੁਸਾਰ ਖ਼ੁਦਾ ਦੇ ਸੰਤਰ ਸੋ ਫਰਿਸ਼ਤੇ (ਸਲਾਰ), ਸਵਾ ਲੱਖ ਪੈਗੰਬਰ, ਅਠਾਸੀ ਕ੍ਰੋੜ ਵਿਦਵਾਨ (ਸ਼ੇਖ, ਪੀਰ), ਛਪੰਜਾ ਕ੍ਰੜ ਮੁਸਾਹਿਬ (ਸੁਹਬਤ ਵਿਚ ਰਹਿਣ ਵਾਲਾ, ਸਾਥੀ ਤੇ ਪਾਰਖਦ) ਆਦਿ ਹੋਣ ਨੂੰ ਪ੍ਰਵਾਨਦੇ ਹਨ ਉਥੇ ਤੇਤੀ ਕ੍ਰੋੜ ਦੇਵਤਿਆਂ ਨੂੰ ਉਸ ਦੇ ਦਰ ਦੇ ਸੇਵਕ, ਚੌਰਾਸੀ ਲੱਖ ਜੂਨਾਂ ਦੇ ਜੀਵਾਂ ਦਾ ਖਾਨਾਬਦੋਸ਼ਾਂ ਵਾਗੂੰ ਭਟਕਣਾ ਅਤੇ ਇਸਲਾਮ ਧਰਮ ਅਨੁਸਾਰ ਬਾਬਾ ਆਦਮ ਦੁਆਰਾ ਵਰਜਿਤ ਫਲ ਖਾਣ ਦੇ ਅਪਰਾਧ ਕਾਰਨ ਉਸਨੂੰ ਭਿਸ਼ਤ (ਸਵਰਗ) ਤੋਂ ਸੁੱਟੇ ਜਾਣ ਦਾ ਵੀ ਜ਼ਿਕਰ ਕਰਦੇ ਹਨ। ਕਬੀਰ ਜੀ ਆਖਦੇ ਹਨ ਕਿ ਉਸ ਖ਼ੁਦਾ ਦੇ ਏਡੇ ਵੱਡੇ ਦਰਬਾਰ ਵਿਚ ਫਿਰ ਮੇਰੇ ਵਰਗੇ ਗ਼ਰੀਬ ਨੂੰ ਕੌਣ ਪੁੱਛੇਗਾ? ਉਸ ਅੱਲਾਹ ਦੀ ਮਜਲਿਸ (ਦਰਬਾਰ) ਭਾਵ ਉਹ ਅੱਲਾਹ ਜੇਕਰ ਬਹੁਤ ਦੂਰ (ਸੱਤਵੇਂ ਅਸਮਾਨ) ਤੇ ਰਹਿੰਦਾ ਹੈ। ਫਿਰ ਏਡੀ ਦੂਰ ਮੈਂ ਉਸਦੇ ਟਿਕਾਣੇ ਜਾਂ ਦਰਬਾਰ ਵਿਚ ਕਿਵੇਂ ਪਹੁੰਚਾਂਗਾ? ਕਬੀਰ ਜੀ ਖ਼ੁਦਾ ਦੀ ਇਸ ਅਸੀਮਤਾ ਨੂੰ ਹਿੰਦੂ ਤੇ ਮੁਸਲਿਮ ਧਰਮਾਂ ਵਿਚ ਪ੍ਰਵਾਨਿਤ ਵਿਸ਼ਵਾਸਾਂ ਅਨੁਸਾਰ ਪ੍ਰਗਟਾਉਂਦੇ ਹੋਏ ਰੱਬ ਦੀ ਇਸ ਵਿਸ਼ਾਲਤਾ ਸਾਹਮਣੇ ਆਪਣੇ ਆਪ ਨੂੰ ਤੁੱਛ, ਨਿਮਾਣਾ ਜਾਣਦੇ ਹਨ ਅਤੇ ਪ੍ਰਭੂ ਦੀ ਯਾਦ ਦੇ ਚਰਨਾਂ ਰੂਪੀ ਬਹਿਸ਼ਤ (ਸਵਰਗ), ਵਿਚ ਹੀ ਰਹਿਣ ਦੀ ਬੇਨਤੀ ਕਰਦੇ ਹਨ।

## ਆਰਥਿਕ ਸੰਸਥਾਵਾਂ

ਅਰਥ ਸ਼ਬਦ ਤੋਂ ਭਾਵ ਵਸਤੂ ਜਾਂ ਪਦਾਰਥ ਤੋਂ ਹੈ। ਇਸ ਲਈ ਅ ਵਿਚ ਸਾਰੀਆਂ ਪਦਾਰਥਕ ਵਸਤਾਂ ਨੂੰ ਸ਼ਾਮਿਲ ਕਰਦੇ ਹਾਂ। ਇਨ੍ਹਾਂ ਵਸਤਾਂ ਦੀ ਸਹਾਇਤਾ ਨਾਲ ਵਿਅਕਤੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਦਾ ਹੈ। ਅਰਥ ਦਾ ਭਾਵ ਕੇਵਲ ਧਨ ਤੋਂ ਹੀ ਨਹੀਂ ਸਗੋਂ ਇਸ ਵਿਚ ਹੋਰ ਸਾਰੀਆਂ ਪਦਾਰਥਕ ਵਸਤਾਂ ਵੀ ਆ ਜਾਂਦੀਆਂ ਹਨ। ਜੋ 14 ਸਮਾਜ ਦੀ ਆਰਥਿਕਤਾ ਦਾ ਸਿੱਧਾ ਸੰਬੰਧ ਸਮਾਜ ਦੀ ਪਦਾਰਥਕਤਾ ਨਾਲ ਹੈ ਜਿਸ ਵਿਚ ਧਨ, ਸੰਪਤੀ ਕਮਾਉਣ ਲਈ ਕੀਤੇ ਜਾਂਦੇ ਹਰ ਤਰ੍ਹਾਂ ਦੇ ਯਤਨ, ਕੋਸ਼ਿਸ਼ਾਂ, ਧਨ-ਖਰਚੀ ਅਤੇ ਲੋਕਾਂ ਦਾ ਆਪਸੀ ਅਦਾਨ-ਪ੍ਰਦਾਨ ਆਦਿ ਆ ਜਾਂਦਾ ਹੈ। ਹਰ ਦੇਸ਼ ਦੀਆਂ ਸਮਾਜਕ, ਧਾਰਮਿਕ, ਰਾਜਨੀਤਕ ਤੇ ਸਾਂਸਕ੍ਰਿਤਕ ਵਿਸ਼ੇਸ਼ਤਾਵਾਂ ਉਸਦੇ ਆਰਥਿਕ ਢਾਂਚੇ ਤੋਂ ਵਧੇਰੇ ਪ੍ਰਭਾਵਿਤ ਹੁੰਦੀਆਂ ਹਨ। ਭਾਰਤ ਦੇ ਪ੍ਰਾਚੀਨ ਹਿੰਦੂ ਧਰਮ ਗ੍ਰੰਥਾਂ, ਸ਼ਾਸਤਰਾਂ ਵਿਚ ਮਨੁੱਖ ਦੇ ਚਾਰੇ ਪਰਮ ਲਕਸ਼ (ਪੁਰਸ਼ਾਰਥ) ਧਰਮ, ਅਰਥ, ਕਾਮ, ਮੋਕਸ਼ ਦੱਸੇ ਗਏ ਹਨ।

## ਮੁੱਖ ਕਿੱਤੇ ਖੇਤੀ

ਮੱਧਕਾਲੀ ਸਮਾਜ ਦੇ ਲੋਕਾਂ ਦਾ ਪ੍ਰਮੁੱਖ ਧੰਦਾ ਖੇਤੀਬਾੜੀ ਸੀ ਅਤੇ ਉਸ ਸਮੇਂ ਸਾਲ ਵਿਚ ਦੋ ਫਸਲਾਂ ਹਾੜੀ ਅਤੇ ਸਾਉਣੀ ਬੀਜੀਆਂ ਜਾਂਦੀਆਂ ਸਨ। ਵਾਹੀਯੋਗ ਜ਼ਮੀਨ ਪਿੰਡ ਦੇ ਜ਼ਿਮੀਂਦਾਰ ਦੇ ਅਧੀਨ ਹੁੰਦੀ ਸੀ। ਜਗੀਰਦਾਰ ਜਾਂ ਜ਼ਿਮੀਂਦਾਰ ਉਹ ਹੁੰਦਾ ਸੀ ਜਿਸ ਨੂੰ ਰਾਜੇ ਵਲੋਂ ਕੁੱਝ ਇਕ ਪਿੰਡਾਂ ਦੀ ਮਾਲਕੀ ਤੇ ਖੇਤੀਬਾੜੀ ਯੋਗ ਜ਼ਮੀਨ ਦਾਨ ਕਰ ਦਿੱਤੀ ਜਾਂਦੀ ਸੀ। ਕਿਸਾਨ ਉਸ ਜ਼ਮੀਨ 'ਤੇ ਫਸਲ ਬੀਜਦੇ, ਸਿੰਜਦੇ ਤੇ ਇਕੱਠੀ ਕਰਦੇ ਸਨ ਪਰੰਤੂ ਮਿਹਨਤ ਮੁਸ਼ੱਕਤ ਕਰਨ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੀ ਕਮਾਈ ਦਾ ਬਹੁਤ ਘੱਟ ਮਿਹਨਤਾਨਾ ਦਿੱਤਾ ਜਾਂਦਾ ਸੀ। ਵਧੇਰੇ ਹਿੱਸਾ ਜ਼ਿਮੀਦਾਰ ਆਪਣੇ ਅਧਿਕਾਰ ਵਿਚ ਕਰ ਲੈਂਦੇ ਸਨ। ਇਸ ਮਾਲਕੀ ਤੇ ਮਨਮਰਜ਼ੀ ਕਾਰਨ ਜ਼ਿਮੀਂਦਾਰ ਕਿਸਾਨਾਂ ਦਾ ਬਣਦਾ ਹਿੱਸਾ ਵੀ ਨਾ ਦਿੰਦੇ ਤੇ ਉਪਰੋਂ ਉਨ੍ਹਾਂ ਤੋਂ ਧੱਕੇ ਨਾਲ ਕਈ ਤਰ੍ਹਾਂ ਦੇ ਟੈਕਸਾਂ (ਵੱਢੀ) ਦੀ ਉਗਰਾਹੀ ਵੀ ਕਰਿਆ ਕਰਦੇ ਸਨ। ਚੌਧਰੀ, ਪਟਵਾਰੀ, ਮੁਨਸ਼ੀ (ਧਰਮਰਾਜ) ਮਾਮਲਾ ਉਗਰਾਹੀ ਜਾਂ ਕਈ ਤਰ੍ਹਾਂ ਦੇ ਟੈਕਸ ਆਦਿ ਲੈਣ ਵਾਲੇ ਨਿੱਤ ਦਿਨ ਜ਼ਮੀਨ ਵਿਚ ਕੰਮ ਕਰਨ ਵਾਲੇ ਕਿਸਾਨਾਂ (ਪੰਜ ਇੰਦੇ) ਕੋਲੋਂ ਲੈਣ-ਦੇਣ ਦਾ ਹਿਸਾਬ ਤੇ ਪੁੱਛ-ਪੜਤਾਲ ਕਰਕੇ ਤੰਗ, ਪਰੇਸ਼ਾਨ ਕਰਿਆ ਕਰਦੇ ਸਨ। ਕਈ ਵਾਰ ਤਾਂ ਇਸ ਸਭ ਤੋਂ ਕਿਸਾਨ ਲੋਕ ਏਨੇ ਤੰਗ ਆ ਜਾਂਦੇ ਕਿ ਉਹ ਅੱਕ ਕੇ ਪਿੰਡ ਤੋਂ ਹੀ ਭੱਜਣ ਲਈ ਮਜ਼ਬੂਰ ਹੋ ਜਾਂਦੇ ਸਨ ਪਰ ਉਨ੍ਹਾਂ ਦੀ

ਇਸ ਕੋਸ਼ਿਸ਼ ਨੂੰ ਵੀ ਸਫਲ ਨਾ ਹੋਣ ਦਿੱਤਾ ਜਾਂਦਾ। ਉਨ੍ਹਾਂ ਨੂੰ ਫੜਕੇ ਰਾਜੇ ਦੇ ਦਰਬਾਰ ਵਿਚ ਲਿਜਾਇਆ ਜਾਂਦਾ ਸੀ ਪਰ ਸਜ਼ਾ ਦੇ ਡਰ ਤੋਂ ਕਿਸਾਨ ਉਨ੍ਹਾਂ ਅੱਗੇ ਹਾਰ ਕੇ ਇਹ ਹੀ ਕਹਿ ਦਿੰਦੇ ਸਨ ਕਿ ਖੇਤ 'ਚ ਹੀ ਨਿਬੇੜਾ ਕਰ ਲਵੋ, ਜੋ ਲੈਣਾ ਹੈ ਲੈ ਲਵੋ, ਪਰ ਜਾਨ ਬਖਸ਼ ਦੇਵੋ।

### ਵਣਜ ਅਤੇ ਵਿਆਜ

ਮੱਧਕਾਲੀ ਭਾਰਤ ਦੇ ਅੰਦਰਲੇ ਵਪਾਰ ਦੇ ਨਾਲ ਨਾਲ ਉਸਦਾ ਬਾਹਰਲੇ ਜਗਤ ਨਾਲ ਵਪਾਰਕ ਸੰਬੰਧ ਵੀ ਧਿਆਨ ਦੇਣ ਯੋਗ ਹੈ। ਸਮੁੰਦਰੀ ਮਾਰਗ ਤੋਂ ਉਸ ਦਾ ਵਪਾਰਕ ਸੰਬੰਧ ਯਰੂਪ ਦੇ ਦੂਰ ਦੇ ਖੇਤਰਾਂ, ਮਲਾਇਆ, ਜਜ਼ੀਰੇ ਤੇ ਚੀਨ ਤੇ ਸ਼ਾਂਤ ਮਹਾਂਸਾਗਰ ਦੇ ਹੋਰ ਦੇਸ਼ਾਂ ਨਾਲ ਸੀ। ਥਲ-ਮਾਰਗ ਤੋਂ ਉਸਦਾ ਸਬੰਧ ਮਧ ਏਸ਼ੀਆ, ਅਫ਼ਗਾਨਿਸਤਾਨ, ਈਰਾਨ, ਤਿਬਤ ਤੇ ਭੂਪਾਲ ਦੇ ਨਾਲ ਸੀ।

### ਕੱਪੜਾ ਬੁਣਨਾ

ਭਗਤ ਕਬੀਰ ਜੀ ਜੁਲਾਹਾ ਜਾਤੀ ਨਾਲ ਸੰਬੰਧ ਰੱਖਦੇ ਸਨ ਜਿਸ ਕਰਕੇ ਕੱਪੜਾ ਬੁਣਨ ਦੀ ਸਾਰੀ ਪ੍ਰਕ੍ਰਿਆ ਨੂੰ ਉਨ੍ਹਾਂ ਨੇ ਮਨੁੱਖੀ ਸਰੀਰ ਦੇ ਪ੍ਰਸੰਗ ਵਿਚ ਬੜੀ ਬਰੀਕੀ ਨਾਲ ਚਿਤਰਿਆ ਹੈ। ਇਸ ਤਾਣੀ ਵਿਚ ਨੌ ਗੋਲਕਾਂ ਵਾਲਾ ਸਰੀਰ, ਦਸ ਇੰਦਰੇ, ਇਕੀ ਗਜ਼ , ਪੰਜ ਤੱਤ, ਪੰਜ ਵਿਸ਼ੇ, ਦਸ ਪ੍ਰਾਣ ਤੇ ਮਨ ਦੀ ਇਕ ਤਾਣੀ ਤਣੀ ਗਈ ਹੈ। ਉਸ ਵਿਚ ਸੰਠ ਨਾੜੀਆਂ ਤਾਣੇ ਦਾ ਸੂਤ, ਸਰੀਰ ਦੇ ਨੌ ਜੋੜ, ਬਹੱਤਰ ਨਾੜੀਆ ਦਾ ਪੇਟਾ ਪਾਇਆ ਗਿਆ ਹੈ। ਇਸ ਤਾਣੀ ਵਿਚ ਹਰ ਰੋਜ਼ ਢਾਈ ਸੇਰ ਤਾਂ ਤੰਦ ਜੋੜਨ ਵਾਲਾ ਮਾਵਾ ਲੱਗਦਾ ਹੈ। ਇਹ ਤਾਣੀ ਗਜਾਂ ਨਾਲ ਮਿਣੀ ਨਹੀਂ ਜਾਂਦੀ, ਨਾ ਵੱਟ ਨਾਲ ਤੋਲੀ ਜਾਂਦੀ ਹੈ। ਜੇਕਰ ਇਸ ਨੂੰ ਸਮੇਂ ਸਿਰ ਮਾਵਾ (ਖੁਰਾਕ) ਨਾ ਮਿਲੇ ਤਾਂ ਇਹ ਮਾਲਕ (ਸਰੀਰ) ਰੌਲਾ ਪਾਉਂਦਾ ਹੈ। ਤ੍ਰਿਸ਼ਨਾ ਵਿਚ ਸਿਆ ਇਹ ਤਾਣੀ ਰੂਪ ਸਰੀਰ ਬੇੜੀ ਉਮਰ ਲਈ ਖਸਮ ਤੋਂ ਆਕੀ ਹੋ ਜਾਂਦਾ ਹੈ। ਤਾਣੀ (ਸਰੀਰ) ਦੇ ਕੁੰਡੇ ਛੁੱਟ ਜਾਂਦੇ ਹਨ, ਨਲੀਆਂ ਭਿਜੀਆਂ ਹੀ ਰਹਿ ਜਾਂਦੀਆਂ ਹਨ, ਸਰੀਰ ਰੂਪ ਜੁਲਾਹਾ ਰੁਸ ਜਾਂਦਾ ਹੈ। ਅਖੀਰ ਸੁਆਸਾਂ ਦੀ ਨਲੀ ਖਾਲੀ ਹੋ ਜਾਂਦੀ ਹੈ, ਸੁਆਸਾਂ ਦੀ ਤੰਦ ਨਿਕਲਦੀ ਨਹੀਂ ਤੇ ਇਹ ਸਰੀਰ ਰੂਪ ਤਾਣੀ ਲਪੇਟੀ ਨਹੀਂ ਜਾਂਦੀ ਭਾਵ ਉਲਝ ਕੇ ਖਿਲਰ ਜਾਂਦੀ ਹੈ।

### ਕੱਪੜੇ ਸਿਲਾਈ ਦਾ ਕੰਮ

ਭਗਤ ਨਾਮਦੇਵ ਜੀ ਛੀਬਾ ਜਾਤੀ 'ਚੋਂ ਹੋਏ। ਉਹ ਆਪਣਾ ਜੱਦੀ ਕਿੱਤਾ ਕੱਪੜੇ ਸਿਲਾਈ ਦਾ ਕੰਮ ਕਰਿਆ ਕਰਦੇ ਸਨ। ਇਸ ਕਾਰਨ ਹੀ ਉਨ੍ਹਾਂ ਦੀ ਬਾਣੀ ਵਿਚ ਵਧੇਰੇ ਕਰਕੇ ਕੱਪੜੇ ਸਿਲਾਈ ਅਤੇ ਰੰਗਾਈ ਆਦਿ ਨਾਲ ਸੰਬੰਧਿਤ ਪ੍ਰਤੀਕਾਂ ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਦੇ ਮਾਧਿਅਮ ਰਾਹੀਂ ਵਿਕਾਰਾਂ ਵਾਲੇ ਜੀਵਨ ਨੂੰ ਮਨ ਰੂਪੀ ਗਜ ਅਤੇ ਜੀਭ ਰੂਪੀ ਕੈਂਚੀ ਨਾਲ (ਪ੍ਰਭੂ-ਨਾਮ ਦੇ ਸਿਮਰਨ ਨਾਲ) ਕੱਟਣ, ਮਨ ਨੂੰ ਪ੍ਰਭੂ-ਨਾਮ ਨਾਲ ਰੰਗਣਾ ਅਤੇ ਪ੍ਰਭੂ-ਪ੍ਰੇਮ ਦੀਆਂ ਸਿਉਣਾ ਮਾਰਨੀਆਂ ਆਦਿ ਦੇਸ਼ਾਂ ਨੂੰ ਪ੍ਰਗਟਾਇਆ ਗਿਆ ਹੈ। ਅਜਿਹਾ ਕਰਨ ਨਾਲ ਗੁਰੂ ਦੀ ਕਿਰਪਾ ਦੁਆਰਾ ਬ੍ਰਹਮ ਨਾਲ ਜੁੜੀ ਬਿਰਤੀ ਸੋਨੇ ਦੀ ਸੂਈ ਅਤੇ ਮ ਨਾਲ ਜੁੜੀ ਸੁਰਤਿ ਚਾਂਦੀ ਦਾ ਧਾਗਾ (ਸ਼ੁਧ-ਸੁਰਤੀ) ਬਣ ਜਾਂਦੀ ਹੈ ਤੇ ਪ੍ਰਭੂ-ਭਗਤ, ਗੁਰਮੁਖ ਗਿਆਨੀ ਇਹੋ ਜਿਹੀ ਕਮਾਈ ਤੋਂ ਬਿਨਾਂ ਘੜੀ ਮਾਤਰ ਵੀ ਦੂਰ ਨਹੀਂ ਹੋ ਸਕਦੇ :

### ਮੋਏ ਪਸ਼ੂ ਢੋਣਾ ਤੇ ਜੁੱਤੀਆਂ ਬਨਾਉਣ ਦਾ ਕੰਮ

ਭਗਤ ਰਵਿਦਾਸ ਜੀ ਮਰੇ ਪਸ਼ੂਆਂ ਨੂੰ ਚੋਣ ਤੇ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਇਸ ਦੀ ਜਾਣਕਾਰੀ ਉਹ ਆਪਣੀ ਰਚਨਾ ਵਿਚ ਸਪਸ਼ਟ ਰੂਪ ਵਿਚ ਦਿੰਦੇ ਹਨ ਕਿ ਉਨ੍ਹਾਂ ਦੇ ਹੱਥ ਨਿੱਤ ਹੀ ਚੰਮ ਫੜਿਆ ਰਹਿੰਦਾ ਸੀ। ਇਹ ਕੋਈ ਬੁਰਾ ਕੰਮ ਤਾਂ ਨਹੀਂ ਸੀ। ਸੱਚੇ, ਸਰਬ-ਵਿਆਪਕ ਪਰਮਾਤਮਾ ਨੂੰ ਕਿਰਤ ਕਰਕੇ ਖਾਣ ਵਾਲੇ ਮਿਹਨਤੀ ਇਨਸਾਨ ਭਾਉਂਦੇ ਹਨ।

### ਗਹਿਣੇ ਬਨਾਉਣਾ

ਸੋਨੇ, ਚਾਂਦੀ, ਹੀਰੇ, ਮੋਤੀ ਆਦਿ ਜਿਨ੍ਹਾਂ ਦੀ ਸਭ ਤੋਂ ਵੱਧ ਕੀਮਤ ਹੁੰਦੀ ਸੀ। ਦੀ ਪਰਖ ਅਤੇ ਉਨ੍ਹਾਂ ਤੋਂ ਗਹਿਣੇ ਬਣਾਉਣ ਦਾ ਕੰਮ ਵਿਰਲੇ (ਆਰਥਿਕ ਪੱਖ ਤੋਂ ਮਜ਼ਬੂਤ ਲੋਕ) 'ਸਰਾਫ' ਤੇ "ਸੁਨਿਆਰ ਕਰਿਆ ਕਰਦੇ ਸਨ। ਸਰਾਫ਼ ਤੋਂ ਭਾਵ ਚਾਂਦੀ, ਸੋਨਾ ਪਰਖਣ, ਵੇਚਣ, ਖੀਦਣ ਵਾਲੇ ਸਿਆਣੇ ਤੋਂ ਹੈ।" ਜਿੱਥੇ ਸਰਾਫ਼ ਸੋਨੇ, ਚਾਂਦੀ ਆਦਿ ਦੀ ਸ਼ੁੱਧਤਾ ਬਾਰੇ ਪਰਖ ਕਰਿਆ ਕਰਦਾ ਸੀ ਉਥੇ ਸੁਨਿਆਰ ਦਾ ਕੰਮ ਗਹਿਣੇ ਬਣਾਉਣਾ ਹੁੰਦਾ ਸੀ। ਸੁੰਦਰ ਤੇ ਵਧੇਰੇ | ਨਮੂਨੇਦਾਰ ਗਹਿਣੇ ਬਣਾਉਣ ਦਾ ਕੰਮ ਕਰਨ ਵੇਲੇ ਸੁਨਿਆਰ ਬੜੀ ਨੀਝ ਤੇ ਬਰੀਕਬੀਨੀ ਤੋਂ ਕੰਮ ਲੈਂਦਾ ਸੀ :

### ਬੇੜਾ ਬਨਾਉਣ ਤੇ ਚਲਾਉਣ ਦਾ ਕੰਮ

ਮੱਧਕਾਲੀ ਸਮਾਜ ਵਿਚ ਜਿੱਥੇ ਦੇਸ਼ ਦੀ ਆਵਾਜਾਈ ਦੇ ਸਾਧਨਾਂ ਵਿਚ ਬਲ ਯਾਤਰਾ ਲਈ ਹਾਥੀ, ਘੋੜੇ, ਊਠ, ਬੈਲ-ਗੱਡੀਆਂ ਆਦਿ ਹੋਇਆ ਕਰਦੇ ਸਨ ਉਥੇ ਜਲ-ਯਾਤਰਾ ਲਈ ਨੌਕਾ/ਬੇੜੀਆਂ, ਜਹਾਜ਼ ਆਦਿ ਹੁੰਦੇ ਸਨ। ਭਾਰਤ ਦੁਆਰਾ ਕੀਤਾ ਜਾਂਦਾ | ਵਿਦੇਸ਼ੀ ਲੈਣ-ਦੇਣ (ਵਪਾਰ) ਵਧੇਰੇ ਦਰਿਆਰਾਂ, ਸਮੁੰਦਰੀ ਤੱਟਾਂ ਰਾਹੀਂ ਹੁੰਦਾ ਸੀ। "ਕੁੱਝ ਦਰਿਆ ਜਿਨ੍ਹਾਂ ਵਿਚ ਸਾਲ ਭਰ ਕਿਸ਼ਤੀਆਂ ਚਲਾਈਆਂ ਜਾ ਸਕਦੀਆਂ ਸਨ ਤੇ ਕੁੱਝ ਜਿਨ੍ਹਾਂ ਵਿਚ ਕੁੱਝ ਸਮੇਂ ਤੱਕ ਬੇੜੀਆਂ ਚਲਦੀਆ ਸਨ, ਜੋ ਭਾਰੀ ਮਾਲ ਦੀ ਆਵਾਜਾਈ ਲਈ ਉੱਤਮ ਸਾਧਨ

ਸਨ।"! " ਬੇੜੇ ਆਦਿ ਚਲਾਉਣ ਵਾਲਿਆਂ ਲਈ ਸਮੇਂ ਸਿਰ ਬੇੜੇ ਤਿਆਰ ਕਰਨੇ ਬੜੇ ਜ਼ਰੂਰੀ ਹੁੰਦੇ ਸਨ। ਇਸ ਪ੍ਰਤੀ ਜੇਕਰ ਉਹ ਜ਼ਰਾ ਵੀ ਅਵੇਸਲੇ ਹੁੰਦੇ ਤਾਂ ਦਰਿਆ (ਸੰਸਾਰ-ਸਮੁੰਦਰ ਤੋਂ ਪਾਰ ਜਾਣਾ ਬਹੁਤ ਮੁਸ਼ਕਿਲ ਹੋ ਜਾਂਦਾ ਸੀ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥

(ਸ਼ੇਖ ਫ਼ਰੀਦ)

### ਘਰੇਲੂ ਕੰਮ-ਧੰਦੇ

ਭਗਤ ਬਾਣੀਕਾਰਾਂ ਨੇ ਘਰ ਵਿਚ ਕੀਤੇ ਜਾਣ ਵਾਲੇ ਰੋਜ਼ਮਰਾ ਦੇ ਉਨ੍ਹਾਂ ਕੰਮਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਕੰਮ ਵਧੇਰੇ ਕਰਕੇ ਇਸਤਰੀਆਂ ਕਰਦੀਆਂ ਸਨ ਜਿਵੇਂ ਦੁੱਧ ਰਿੜਕਨਾ ਜੋ ਬਾਣੀ ਵਿਚ ਅਧਿਆਤਮਕ ਅਰਥਾਂ ਵਿਚ ਹਰੀ ਨਾਮ-ਅੰਮ੍ਰਿਤ, ਪ੍ਰਭੂ ਰੂਪੀ ਮੱਖਣ ਆਦਿ ਦੇ ਪ੍ਰਸੰਗ ਨੂੰ ਬਿਆਨ ਕਰਨ ਦਾ ਸ਼ੋਸ਼ਣ ਮਾਧਿਅਮ ਰਿਹਾ ਹੈ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਆਮ ਲੋਕ ਆਪਣੇ ਰੋਜ਼ਮਰਾ ਦੇ ਖਾਣ-ਪੀਣ ਵਾਲੇ ਪਦਾਰਥ ਘਿਉ, ਮੱਖਣ, ਲੱਸੀ ਆਦਿ ਘਰ ਵਿਚ ਰੱਖੀ ਗਊ, ਭੈਂਸ ਦੇ ਦੁੱਧ ਤੋਂ ਹੀ ਪ੍ਰਾਪਤ ਕਰਦੇ ਸਨ। ਘਰਾਂ ਤੋਂ ਬਾਹਰ ਇਸਤਰੀਆਂ ਖੂਹਾਂ 'ਤੇ ਪਾਣੀ ਭਰਨ ਆਦਿ ਕੰਮਾਂ ਲਈ ਹੀ ਜਾਇਆ ਕਰਦੀਆਂ ਸਨ ਜੋ ਕਈ ਕਈ ਜਾਣੀਆਂ ਇਕੱਠੀਆਂ ਹਸੇਂਦੀਆਂ, ਗੱਲਾਂ ਬਾਤਾਂ ਕਰਦੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਹੋਰ ਰੋਜ਼ਾਨਾ ਦੇ ਕੰਮਾਂ ਵਿਚ ਦੁੱਧ ਚੋਣਾ, ਆਟਾ ਪੀਹਣਾ, ਪਾਣੀ ਦੇ ਘਾਟ 'ਤੇ ਕੱਪੜੇ ਧੋਣਾ ਜੋ ਵਧੇਰੇ ਕਰਕੇ ਧੋਬੀ ਕਰਿਆ ਕਰਦੇ ਸਨ ਅਤੇ ਉਹ ਕੱਪੜਿਆਂ ਨੂੰ ਗੱਡਿਆਂ 'ਤੇ ਲੱਦ ਕੇ ਲਿਜਾਂਦੇ ਸਨ ਦਾ ਜ਼ਿਕਰ ਮਿਲਦਾ ਹੈ।

### ਸਿੱਕੇ (ਮੁਦਰਾ)

ਮੱਧਕਾਲ ਵਿਚ ਅਮੀਰ ਸ਼੍ਰੇਣੀ ਅਤੇ ਗਰੀਬ ਸ਼੍ਰੇਣੀ ਦੀ ਆਰਥਿਕ ਸਥਿਤੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਜਿੱਥੇ ਅਮੀਰ ਸ਼੍ਰੇਣੀ ਵਿਚ ਆਪਣੇ ਵਪਾਰਕ ਕਾਰਜਾਂ ਵਿਚ ਜਾਂ ਹੋਰ ਖਰਚ ਆਦਿ ਕਰਨ ਲਈ ਲੈਣ-ਦੇਣ ਸੋਨੇ, ਚਾਂਦੀ, ਹੀਰੇ, ਮੋਤੀਆਂ ਆਦਿ ਨਾਲ ਕੀਤਾ ਜਾਂਦਾ ਸੀ ਉਥੇ ਗ਼ਰੀਬ ਸ਼੍ਰੇਣੀ ਵਿਚ ਜੀਵਨ ਨਿਰਬਾਹ ਕਰਨ ਲਈ ਜੁਟਾਈਆਂ ਰੋਜ਼ਮਰਾ ਦੀਆਂ ਵਸਤਾਂ ਆਦਿ ਦਾ ਹੀ ਵਟਾਂਦਰਾ ਵਧੇਰੇ ਹੁੰਦਾ ਸੀ। ਬਾਣੀ ਅਨੁਸਾਰ ਅਮੀਰਾਂ ਦੇ ਧਨ, ਮਾਲ ਵਿਚ ਸੋਨੇ, ਚਾਂਦੀ, ਤਾਂਬੇ ਦੀਆਂ ਧਾਤਾਂ, ਹੀਰ, ਮੋਤੀ, ਜਵਾਹਰ, ਧਨ-ਸੰਪਤੀ ਆਦਿ ਅਤੇ ਗਰੀਬ ਲੋਕਾਂ ਵਿਚ ਕਉਡੀ, ਦਾਮ, ਟਕੇ, ਅਧਦਾਮ ਆਦਿ ਸਿੱਕੇ ਹੀ ਹੁੰਦੇ ਸਨ। ਜਦੋਂ ਕਿ ਉਨ੍ਹਾਂ ਵਿਚਕਾਰ ਵਧੇਰੇ ਵਸਤ-ਵਟਾਂਦਰਾ ਹੀ ਹੁੰਦਾ ਸੀ।

### ਰਾਜਨੀਤਕ ਸੰਸਥਾਵਾਂ

ਮੱਧਕਾਲੀ ਭਾਰਤ ਦੀ ਰਾਜਨੀਤਕ ਅਵਸਥਾ ਬਾਰੇ ਕੁੱਝ ਕਹਿਣ ਤੋਂ ਪਹਿਲਾਂ ਰਾਜਾ, ਰਾਜਨੀਤੀ ਆਦਿ ਸ਼ਬਦਾਂ ਦੇ ਮੂਲ ਅਰਥਾਂ ਤੋਂ ਜਾਣੂ ਹੋ ਜਾਣਾ ਵੀ ਲਾਜ਼ਮੀ ਹੈ। ਮਹਾਨਕੋਸ਼ ਵਿਚ ਰਾਜਾ' ਸ਼ਬਦ ਦੇ ਅਰਥ ਰੱਜਿਆ, ਤ੍ਰਿਪਤ, ਸੰਤੁਸ਼ਟ ਅਤੇ ਆਪਣੀ ਨੀਤਿ ਅਤੇ ਸ਼ੁਭ ਗੁਣਾਂ ਨਾਲ ਪ੍ਰਜਾ ਨੂੰ ਰੰਜਨ (ਪ੍ਰਸੰਨ ਕਰਨ ਵਾਲੇ ਰਾਜੇ ਤੋਂ ਲਏ ਗਏ ਹਨ। ਇਸੇ ਤਰ੍ਹਾਂ ਹੀ 'ਰਾਜਨੀਤੀ ਤੋਂ ਭਾਵ ਰਾਜ ਦੀ ਉਹ ਰੀਤਿ ਅਤੇ ਵਿਦਿਆ ਜਿਸ ਨਾਲ ਰਾਜ ਦਾ ਪ੍ਰਬੰਧ ਉੱਤਮ ਢੰਗ ਨਾਲ ਚਲਾਇਆ ਜਾ ਸਕੇ। ਚਾਣਕਯ ਦੀ ਪ੍ਰਸਿੱਧ ਪੁਸਤਕ 'ਚਾਣਕਯ ਨੀਤੀ ਵਿਚ ਵੀ ਰਾਜੇ ਦੇ ਕਲਿਆਣਕਾਰੀ ਤੇ ਸੰਤੋਖੀ ਗੁਣਾਂ ਨੂੰ ਤਰਜੀਹ ਦਿੱਤੀ ਗਈ ਹੈ। ਚਾਣਕਯ ਅਨੁਸਾਰ "ਰਾਜਾ ਦੇ ਧਾਰਿਮਕ ਹੋਣ 'ਤੇ ਪਰਜਾ ਵੀ ਧਰਮ ਪਾਲਕ, ਰਾਜੇ ਦੇ ਪਾਪੀ ਹੋਣ 'ਤੇ ਪਰਜਾ ਵੀ ਪਾਪੀ, ਰਾਜਾ ਦੇ ਉਦਾਸੀਨ ਹੋਣ 'ਤੇ ਪਰਜਾ ਵੀ ਉਦਾਸੀਨ ਹੋ ਜਾਂਦੀ ਹੈ।

ਮੱਧਕਾਲੀ ਭਾਰਤੀ ਸਮਾਜ ਦਾ ਢਾਂਚਾ ਰਾਜਾ ਸ਼੍ਰੇਣੀ ਦੁਆਰਾ ਘੜੇ ਸਮਾਜਕ, ਧਾਰਿਮਕ, ਆਰਥਿਕ ਤੇ ਰਾਜਨੀਤਕ ਪ੍ਰਣਾਲੀਆਂ ਤੇ ਵਧੇਰੇ ਉਸਰਿਆ ਹੁੰਦਾ ਸੀ ਜਿਸ ਵਿਚ ਆਮ ਜਨਤਾ ਦੀ ਸੁਤੰਤਰਤਾ ਬਹੁਤ ਘੱਟ ਹੁੰਦੀ ਸੀ। ਰਾਜਾ ਸ਼੍ਰੇਣੀ ਦੁਆਰਾ ਉਸਾਰੀ ਪ੍ਰਬੰਧ-ਪ੍ਰਣਾਲੀ ਦਾ ਕੋਈ ਨਿਸ਼ਚਿਤ ਰੂਪ ਨਹੀਂ ਸੀ ਹੁੰਦਾ, ਸਗੋਂ ਹਰ ਸੂਬੇ ਜਾਂ ਰਿਆਸਤ ਦਾ ਰਾਜਾ ਆਪਣੇ ਸੁਭਾਅ ਅਨੁਕੂਲ ਤੇ ਇਲਾਕਈ, ਭੂਗੋਲਿਕ ਸਥਿਤੀਆਂ ਅਨੁਸਾਰ ਨੀਤੀਆਂ ਘੜ ਲੈਂਦਾ ਸੀ ਜਿਨ੍ਹਾਂ ਨੂੰ ਆਮ ਲੋਕਾਂ ਲਈ ਬਿਨਾਂ ਸਹੀ, ਗਲਤ ਸੋਚਿਆਂ ਲਾਗੂ ਕਰ ਦਿੱਤਾ ਜਾਂਦਾ ਸੀ।

ਮੱਧਕਾਲ ਉਹ ਸਮਾਂ ਸੀ ਜਿਸਨੂੰ ਇਤਿਹਾਸਕ ਪੱਖ ਤੋਂ ਦਿੱਲੀ ਸਲਤਨਤ ਅਤੇ ਮੁਗ਼ਲ ਸਾਮਰਾਜ ਦਾ ਸਮਾਂ ਕਿਹਾ ਜਾਂਦਾ ਹੈ ਜਿਸ ਸਮੇਂ ਦੌਰਾਨ ਤੁਰਕੀ, ਗੁਲਾਮ, ਖਿਲਜੀ, ਤੁਗ਼ਲਕ, ਸਯਦ, ਲੋਧੀ ਵੰਸ਼ ਅਤੇ ਮੁਗਲ ਸਾਮਰਾਜ ਦੇ ਮੁਸਲਮਾਨ ਬਾਦਸ਼ਾਹਾਂ ਦਾ ਲੰਮੇ ਸਮੇਂ ਤਕ ਰਾਜ ਰਿਹਾ। ਪਰੰਪਰਾ ਤੋਂ ਚੱਲੇ ਆ ਰਹੇ ਪ੍ਰਾਚੀਨ ਹਿੰਦੂ ਧਰਮ ਅਤੇ ਹਮਲਾਵਰ ਰੂਪ 'ਚ ਆਏ ਮੁਸਲਿਮ ਲੋਕ, ਦੋਵਾਂ ਦੀ ਕਸ਼ਮਕਸ਼ 'ਚ ਭਾਰਤੀ ਸਮਾਜ ਦੀ ਸਮਾਜਕ, ਆਰਥਿਕ, ਧਾਰਮਿਕ ਤੇ ਰਾਜਸੀ ਹਲਾਤਾਂ ਬਾਰੇ ਭਗਤ ਸਾਹਿਬਾਨਾਂ ਨੇ ਸੋਚਿਆ, ਸਮਝਿਆ ਅਤੇ ਇਕ ਨਵੀਨ ਸਰਬ ਸਾਂਝੇ, ਬਰਾਬਰੀ ਵਾਲੇ ਭਾਈਚਾਰੇ ਦੇ ਸੰਕਲਪ ਨੂੰ ਲੋਕਾਂ ਅੱਗੇ ਪੇਸ਼ ਕਰਨ ਦੇ ਕ੍ਰਾਂਤੀਕਾਰੀ ਯਤਨ ਆਰੰਭੇ। ਇਸ ਕਾਲ ਵਿਚ ਭਾਰਤ ਦੀ ਰਾਜਨੀਤਕ ਵਿਵਸਥਾ ਬਹੁਤੀ ਸੰਤੋਖਜਨਕ ਨਹੀਂ ਸੀ ਅਤੇ ਰਾਜ, ਰਾਜਾ ਤੇ ਰਾਜਨੀਤੀ ਦੇ ਅਰਥ

ਹੀ ਕੁੱਝ ਹੋਰ ਹੋ ਗਏ ਸਨ। ਜੇਕਰ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਦੇਖਣਾ ਹੋਵੇ ਤਾਂ ਭਾਰਤ ਦੀ ਮੱਧਕਾਲੀਨ ਰਾਜਨੀਤਕ ਅਵਸਥਾ ਬਾਰੇ ਬਾਣੀਕਾਰਾਂ ਦੀ ਰਚਨਾ ਵਿਚ ਅਧਿਆਤਮਕ ਪ੍ਰਸੰਗ ਰਾਹੀਂ, ਕੁੱਝ ਸਿੱਧੇ ਤੌਰ ਤੇ, ਕੁੱਝ ਉਦਾਹਰਨਾਂ ਲਈ ਅਤੇ ਕੁੱਝ ਇਤਿਹਾਸਕ, ਮਿਥਿਹਾਸਕ ਹਵਾਲਿਆਂ ਅਨੁਸਾਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

### ਰਾਜਾ ਜਾਂ ਸੁਲਤਾਨ

ਮੱਧਕਾਲ ਵਿਚ ਰਾਜਾ ਪ੍ਰਸ਼ਾਸਨਿਕ-ਪ੍ਰਬੰਧ ਦਾ ਸਭ ਤੋਂ ਉੱਚਾ ਅਧਿਕਾਰੀ ਹੁੰਦਾ ਸੀ ਜੋ ਆਪਣੇ ਅਧੀਨ ਅਤੇ ਆਪਣੇ ਦੁਆਰਾ ਦਿੱਤੇ ਇਲਾਕੇ, ਰਿਆਸਤਾਂ ਦਾ ਕਰਤਾ-ਧਰਤਾ ਹੁੰਦਾ ਸੀ। ਭਾਵੇਂ ਕਿ ਉਸਦੇ ਇਸ ਸਾਰੇ ਪ੍ਰਬੰਧ ਲਈ ਮੰਤਰੀ-ਮੰਡਲ ਤੇ ਹੋਰ ਵਿਸ਼ੇਸ਼ ਅਧਿਕਾਰੀ ਵੀ ਹੁੰਦੇ ਸਨ ਪਰੰਤੂ ਬਾਦਸ਼ਾਹ ਹਰ ਤਰ੍ਹਾਂ ਦੇ ਫੈਸਲੇ ਲੈਣ, ਨੀਤੀਆਂ ਲਾਗੂ ਕਰਨ ਲਈ ਸੁਤੰਤਰ ਹੁੰਦਾ ਸੀ। ਇਸ ਸੁਤੰਤਰਤਾ ਕਾਰਨ ਹੀ ਉਸ ਸਮੇਂ ਦੀ ਰਾਜਾ ਸ਼੍ਰੇਣੀ ਵਿਚ ਕਈ ਪ੍ਰਕਾਰ ਦੀਆਂ ਬੁਰਾਈਆਂ, ਦੇਖਣ ਨੂੰ ਮਿਲਦੀਆਂ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਮੱਧਕਾਲੀ ਇਤਿਹਾਸ ਵਿਚ ਰਾਜੇ ਜਾਂ ਸੁਲਤਾਨ ਦੀ ਚੋਣ ਦਾ ਕੋਈ ਨਿਸ਼ਚਿਤ ਢੰਗ ਜਾਂ ਨਿਯਮ ਨਹੀਂ ਸੀ ਹੁੰਦਾ। ਰਾਜਗੱਦੀ ਅਕਸਰ ਵਿਰਾਸਤੀ ਹੁੰਦੀ ਸੀ ਜਿਸ ਅਨੁਸਾਰ ਜਾਂ ਤਾਂ ਰਾਜਾ ਆਪ ਆਪਣੇ ਪੁੱਤਰ, ਪੋਤਰੇ ਨੂੰ ਉਤਰਾਧਿਕਾਰੀ ਥਾਪ ਦਿੰਦਾ ਸੀ। ਪੁੱਤਰ ਜਾਂ ਕੋਈ ਰਿਸ਼ਤੇਦਾਰ ਨਾ ਹੋਣ ਦੀ ਸੂਰਤ ਵਿਚ ਰਾਜ ਦੇ ਕਿਸੇ ਵਿਸ਼ੇਸ਼ ਯੋਗ ਅਧਿਕਾਰੀ ਨੂੰ ਗੱਦੀ ਸੌਂਪ ਦਿੱਤੀ ਜਾਂਦੀ ਸੀ ਪਰੰਤੂ ਵਧੇਰੇ ਕਰਕੇ ਰਾਜਗੱਦੀ ਹਾਸਿਲ ਕਰਨ ਲਈ ਰਾਜੇ ਦੇ ਆਪਣੇ ਆਨਦਾਨ, ਰਿਸ਼ਤੇਦਾਰ ਮੈਂਬਰਾਂ ਦੇ ਨਾਲ ਨਾਲ ਹੋਰ ਵਿਸ਼ੇਸ਼ ਅਧਿਕਾਰੀ ਵੀ ਹਮੇਸ਼ਾ ਤਾਕ 'ਚ ਰਹਿੰਦੇ ਸਨ। ਰਾਜਗੱਦੀ ਪ੍ਰਾਪਤ ਕਰਨ ਲਈ ਹੁੰਦੇ ਲੜਾਈ-ਝਗੜੇ ਅਤੇ ਕਤਲੋਗਾਰਤ ਦਾ ਸਾਰਾ ਮੱਧਕਾਲੀ ਇਤਿਹਾਸ ਗਵਾਹ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਪਿਉ, ਪੁੱਤਰ ਨੂੰ, ਪੁੱਤਰ, ਪਿਉ ਨੂੰ, ਭਰਾ, ਭਰਾ ਨੂੰ ਬੇਰਹਿਮੀ ਨਾਲ ਕਤਲ ਕਰ ਦਿੰਦਾ ਸੀ। ਕਾਰਨ ਉਹੀਓ ਸੀ ਕਿ ਰਾਜਾ ਆਪਣੇ-ਆਪ ਵਿਚ ਸੁਤੰਤਰ ਹੋਣ ਕਾਰਨ, ਮਨ-ਮਰਜ਼ੀ ਦਾ ਮਾਲਕ, ਹੁਕਮ ਚਲਾਉਂਦਾ, ਧਨ-ਦੌਲਤ, ਐਸ਼ ਵਾਲਾ ਤੇ ਵਿਲਾਸੀ ਜੀਵਨ ਜਿਉਂਦਾ ਸੀ :

ਰਾਜ ਭੋਗ ਅਰ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥

(ਭਗਤ ਕਬੀਰ)

ਰਾਜਾ ਆਪਣੀਆਂ ਬੁਰੀਆਂ ਆਦਤਾਂ, ਇੱਛਾਵਾਂ ਕਾਰਨ ਆਮ ਲੋਕਾਂ ਦੇ ਦੁੱਖਾਂ, ਤਕਲੀਫਾਂ, ਲੋੜਾਂ, ਥੁੜਾਂ ਵੱਲ ਬਹੁਤਾ ਧਿਆਨ ਨਹੀਂ ਸੀ ਦਿੰਦਾ ਪਰੰਤੂ ਸਮੇਂ ਦੀ ਤਾਕਤ, ਚੋਰ-ਜ਼ਬਰ ਤੇ ਜ਼ੁਲਮਾਂ ਦੇ ਡਰ ਤੋਂ ਸਾਧਾਰਨ ਜਨਤਾ ਤੇ ਹੋਰ ਸਾਰੇ ਅਧਿਕਾਰੀ ਉਸਦਾ ਪਾਣੀ ਭਰਦੇ ਸਨ। ਜਿਹੋ ਜਿਹੀ ਰਾਜੇ ਦੀ ਸਰਕਾਰ ਹੁੰਦੀ ਸੀ, ਉਹੋ ਜਿਹੇ ਉਸਦੇ ਸਾਰੇ ਛੋਟੇ, ਵੱਡੇ ਅਧਿਕਾਰੀ ਹੁੰਦੇ ਸਨ ਜੋ ਰਾਜੇ ਦੇ ਹੁਕਮ ਦੀ ਤਾਮੀਲ ਕਰਦੇ ਸਨ ਪਰੰਤੂ ਬਾਣੀਕਾਰਾਂ ਨੇ ਰਾਜਿਆਂ ਦੇ ਕਰਮ, ਵਿਵਹਾਰ ਦੀ ਨਿੰਦਾ ਕਰਦੇ ਹੋਏ ਉਸਾਰੂ ਸਮਾਜਕ ਕਾਰਜਾਂ ਤੇ ਨਿਰਮਲ ਆਚਰਣ ਆਦਿ ਗੁਣਾਂ ਵਾਲੇ ਇਕ ਆਦਰਸ਼ ਰਾਜੇ ਦੀ ਸਖਸ਼ੀਅਤ ਨੂੰ ਉਘਾੜਿਆ ਹੈ।

### ਮੰਤਰੀ-ਮੰਡਲ ਤੇ ਹੋਰ ਅਧਿਕਾਰੀ

ਭਾਵੇਂ ਕਿ ਪੂਰੇ ਰਾਜ-ਪ੍ਰਬੰਧ ਵਿਚ ਵਿਸ਼ੇਸ਼ ਅਧਿਕਾਰ ਰਾਜੇ ਦੇ ਹੀ ਹੁੰਦੇ ਸਨ ਪਰੰਤੂ ਵਿਸ਼ਾਲ ਰਾਜ-ਪ੍ਰਬੰਧ ਨੂੰ ਚਲਾਉਣ ਲਈ ਵੱਖ-ਵੱਖ ਵਿਭਾਗਾਂ ਅਤੇ ਇਨ੍ਹਾਂ ਵਿਭਾਗਾਂ ਦੇ ਕੰਮਕਾਜ ਲਈ ਵੱਖੋ-ਵੱਖਰੇ ਮੰਤਰੀਆ ਤੇ ਹੋਰ ਛੋਟੇ-ਛੋਟੇ ਵੱਡੇ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ। ਮੰਤਰੀਆਂ ਨੂੰ ਰਾਜ ਦੀਆਂ ਅੱਖਾਂ ਵੀ ਕਿਹਾ ਜਾਂਦਾ ਹੈ। ਅਸਲ ਵਿਚ ਪਰਜਾਂ ਅਤੇ ਰਾਜੇ ਦੇ ਵਿਚਾਲੇ ਮੰਤਰੀ-ਮੰਡਲ ਅਤੇ ਹੋਰ ਹੁਕਮਰਾਨ ਵਿਚੋਲੇ ਦਾ ਕੰਮ ਕਰਦੇ ਹਨ। ਇਨ੍ਹਾਂ ਦੀ ਹੁਸ਼ਿਆਰੀ ਇਸੇ ਵਿਚ ਹੈ ਕਿ ਇਹ ਪਰਜਾ ਨੂੰ ਢਾਰਸ ਦੇ ਸਕਣ ਅਤੇ ਰਾਜੇ ਨੂੰ ਵੀ ਸ਼ਾਸਨ-ਪ੍ਰਬੰਧ ਵੱਲੋਂ ਤਸੱਲੀ ਦੇ ਸਕਣ ਪਰੰਤੂ ਮੱਧਕਾਲੀ ਸਮਾਜ ਵਿਚ ਜਿਹੋ-ਜਿਹੀ ਕਰੂਪ ਰਾਜਿਆਂ, ਬਾਦਸ਼ਾਹਾਂ ਦੀ ਤਸਵੀਰ ਹੋ ਚੁੱਕੀ ਸੀ ਉਹੋ ਜਿਹੇ ਲਾਲਚੀ ਉਸਦੇ ਵਜ਼ੀਰ, ਦੀਵਾਨ, ਸਿਕਦਾਰ (ਚੌਧਰੀ), ਡਾਂਡੀ (ਜ਼ਮੀਨ ਦੀ ਮਿਣਤੀ ਕਰਨ ਵਾਲੇ ਜਰੀਬਕਸ਼), ਮੁਸਫ (ਕੋਟਵਾਲ), ਪਟਵਾਰੀ ਆਦਿ ਹੋ ਚੁੱਕੇ ਸਨ ਜੋ ਰਾਜਿਆਂ ਨੂੰ ਤਾਂ ਬੇਸ਼ੱਕ ਖੁਸ਼ ਰੱਖਦੇ ਸਨ ਪਰ ਪਰਜਾ ਤੋਂ ਮਜਬੂਰਨ ਤਰ੍ਹਾਂ ਤਰ੍ਹਾਂ ਦੀਆਂ ਉਗਰਾਹੀਆਂ ਕਰਦੇ, ਜ਼ਮੀਨਾਂ ਦੀ ਮਿਣਤੀ ਕਰਨ ਵਿਚ ਤੇ ਹੋਰ ਹਰ ਤਰ੍ਹਾਂ ਦੇ ਕੰਮਾਂ ਵਿਚ ਪ੍ਰੇਸ਼ਾਨ ਕਰਦੇ ਸਨ :

ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥

(ਭਗਤ ਕਬੀਰ)

ਗੁਰੂ ਸਾਹਿਬਾਨ ਨੇ ਪੰਚਾਇਤ ਪ੍ਰਣਾਲੀ ਨੂੰ ਵੀ ਕਾਫ਼ੀ ਮਹੱਤਵ ਦਿੱਤਾ ਹੈ। ਡਾ. ਮਨਮੋਹਨ ਸਹਿਗਲ ਦਾ ਵਿਚਾਰ ਹੈ ਕਿ, "ਰਾਜਵਾੜਾਸ਼ਾਹੀ ਯੁੱਗ ਵਿਚ ਵੀ ਗੁਰੂ ਗ੍ਰੰਥ ਸਾਹਿਬ ਦੇ ਚਿੰਤਨ ਵਿਚ ਪੰਚਾਇਤੀ ਰਾਜ ਦੇ ਦ੍ਰਿਸ਼ਟੀਕੋਣ ਦੀ ਪੁਰਾਣੀ ਭਾਰਤੀ ਪ੍ਰਣਾਲੀ ਨੂੰ ਮਹੱਤਵ ਦਿੱਤਾ ਗਿਆ ਹੈ। ਪੁਰਾਣੇ ਸਮਿਆਂ ਵਿਚ ਰਾਜ ਗੱਦੀ ਤੇ ਬਿਠਾਉਣ ਸਮੇਂ ਰਾਜ-ਪ੍ਰੋਹਤ ਰਾਜੇ ਨੂੰ ਰਾਜ-ਦੰਡ ਸਪੁਰਦ ਕਰਨ ਤੋਂ ਪਹਿਲਾਂ ਉਸ ਦੰਡ ਨਾਲ ਰਾਜੇ ਦੇ ਪਿੱਠ ਦੇ ਹਿੱਸੇ ਨੂੰ ਛੂੰਹਦਾ ਸੀ ਜਿਸਦਾ ਸਾਫ਼ ਤੌਰ ਤੇ ਮਤਲਬ ਇਹ ਹੁੰਦਾ ਸੀ ਕਿ ਰਾਜ-ਦੰਡ ਜਨਤਾ ਦੀ ਅਮਾਨਤ ਹੈ, ਜੇਕਰ ਅਯੋਗ ਉਪਾਵਾਂ ਨਾਲ ਰਾਜ ਚਲਾਇਆ ਗਿਆ ਤਾਂ ਜਨਤਾ ਦਾ ਦੰਡ ਰਾਜੇ ਦੀ ਪਿੱਠ ਤੇ ਵੀ ਵਰਤਿਆ ਜਾ ਸਕਦਾ ਹੈ। ਇਹੀ ਭਾਵ ਕਾਲ-ਕ੍ਰਮ ਅਨੁਸਾਰ ਪੰਚਾਇਤੀ ਅਧਿਕਾਰਾਂ ਨੂੰ ਸਾਕਾਰ ਰੂਪ ਦੇ ਸਕਿਆ ਹੋਵੇਗਾ, ਸਾਡੀ ਅਜਿਹੀ ਧਾਰਨਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਇਸ ਭਾਵ ਤੋਂ ਪ੍ਰਭਾਵਤ ਹੋਏ ਲਗਦੇ ਹਨ।

ਗੁਰੂ ਨਾਨਕ ਸਾਹਿਬ ਪੰਚਾਂ ਦੀ ਪ੍ਰਵਾਨਤਾ, ਪ੍ਰਧਾਨਤਾ ਤੇ ਪੰਚਾਂ ਦੇ ਰਾਜ-ਦਰਬਾਰ ਵਿਚ ਮਾਨ-ਸਨਮਾਨ ਮਿਲਣ ਵੱਲ ਇਸ ਤਰ੍ਹਾਂ ਸੰਕੇਤ ਕਰਦੇ ਹਨ :

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕ ਧਿਆਨੁ ॥

(ਗੁਰੂ ਨਾਨਕ)

ਬਾਣੀ ਵਿਚ ਰਾਜ ਮੰਤਰੀ ਤੇ ਅਧਿਕਾਰੀਆਂ ਵਿਚੋਂ ਵਜ਼ੀਰ, ਦੀਵਾਨ, ਨੈਬ (ਨਾਇਬ), ਸਲਾਰ, ਸਿਕਦਾਰ, ਆਮਿਲ, ਚਉਧਰੀ, ਪਟਵਾਰੀ, ਕੋਤਵਾਲ, ਮੁੰਸਕ, ਪੰਚ, ਕਾਜੀ ਮੁਲਾਂ ਆਦਿ ਤੋਂ ਇਲਾਵਾ ਖਾਨ, ਮਲਿਕ, ਅਮੀਰ, ਉਮਰਾ, ਸ਼ੇਖ, ਮਸਾਇਖ ਅਤੇ ਸਾਦਿਕ ਆਦਿ ਅਹੁਦੇਦਾਰ ਲੋਕਾਂ ਦਾ ਜ਼ਿਕਰ ਮਿਲਦਾ ਹੈ। ਰਾਜੇ ਦੇ ਖ਼ੂਬਸੂਰਤ ਰਾਜ-ਮਹਿਲਾਂ ਵਿਚ ਚਾਰੇ ਪਾਸੇ ਕਨਾਤਾਂ ਦਾ ਤਣੇ ਹੋਣਾ, ਤਸਵੀਰ ਘਰ (ਚਿਸਾਲਾ), ਮਹਿਲਾਂ ਦੀ ਸ਼ਾਨੋ-ਸ਼ੌਕਤ, ਗਾਉਣ-ਵਜਾਉਣ ਵਾਲੇ ਢਾਢੀ, ਚੌਰ ਬਰਦਾਰ (ਚੌਰ ਝੁਲਾਉਣ ਵਾਲੇ), ਮਹਿਲਾਂ ਵਿਚ ਵਿਸ਼ਾਲ ਰਸੋਈਆਂ, ਆਰਾਮ ਕਰਨ ਲਈ ਵੱਡੇ ਵੱਡੇ ਪਲੰਗ, ਲਮਕਦੀਆਂ ਤਣੀਆਂ ਵਾਲੀਆਂ ਸੇਜਾਂ, ਅਣਗਿਣਤ ਪਾਣੀ ਭਰਨ ਵਾਲੇ ਨੌਕਰ-ਚਾਕਰ, ਬਰਤਣ ਬਨਾਉਣ ਵਾਲੇ ਆਦਿ ਤੋਂ ਇਲਾਵਾ ਰਾਜ-ਮਹਿਲਾਂ ਦੀ ਰਖਵਾਲੀ ਲਈ ਦਰਬਾਰਾਂ 'ਤੇ ਤਾਇਨਾਤ ਡਾਂਗੀ (ਚੋਬਦਾਰ), ਦਰਬਾਨੀ, ਪਲ ਪਲ ਦੀ ਖਬਰ ਲੈਣ ਤੇ ਲੇਖਾ ਲਿਖਣ ਵਾਲੇ ਮੁਨਸ਼ੀ, ਲੋਕਾਂ ਤੇ ਰੋਹਬ ਨਾਲ ਹਾਲਾ (ਕਰ) ਉਗਰਾਹੁਣ ਵਾਲੇ ਕੋਟਵਾਲ ਆਦਿ ਰਾਜ ਦਰਬਾਰਾਂ ਵਿਚ ਖਿਡੌਣੇ ਬਰਾਬਰ ਹੁੰਦੇ ਸਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਖਿਦਮਤਗਾਰ, ਸੋਨੇ, ਚਾਂਦੀ ਤੇ ਰੁਪਿਆਂ ਨਾਲ ਭਰੇ ਖਜਾਨੇ, ਪਾਤਸ਼ਾਹ ਨੂੰ ਮਿਲਦੀਆਂ ਸਲਾਮਾਂ ਅਤੇ ਹਥਿਆਰ ਬੰਦ ਸਿਪਾਹੀ, ਬੋਲ ਨਗਾਰੇ ਆਦਿ ਰਾਜੇ ਦੇ ਅਸੀਮ ਅਧਿਕਾਰਾਂ ਦਾ ਵਰਨਣ ਮੰਤਰੀਆ ਤੇ ਹੋਰ ਅਧਿਕਾਰੀਆਂ ਬਾਰੇ ਗੁਰਬਾਣੀ ਦੀਆਂ ਅਨੇਕਾਂ ਸ਼ਬਦ-ਪੰਕਤੀਆ ਵਿਚ ਕੀਤਾ ਗਿਆ ਹੈ ਜਿਨ੍ਹਾਂ ਨੂੰ ਇਸ ਅਧਿਆਇ ਵਿਚ ਢੁਕਵੇਂ ਸੰਕਲਪ, ਪ੍ਰਸੰਗ ਅਨੁਸਾਰ ਵਾਰ-ਵਾਰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ।

## ਨਿਆਂ-ਪ੍ਰਬੰਧ

ਇਸਲਾਮੀ-ਰਾਜ ਦੇ ਸਮੇਂ ਨਿਆਂ ਵਿਭਾਗ ਦੀ ਗਣਨਾ ਰਾਜ ਦੇ ਪ੍ਰਮੁੱਖ ਵਿਭਾਗਾਂ ਵਿਚ ਕੀਤੀ ਜਾਂਦੀ ਸੀ। ਇਸ ਦਾ ਮੁਖੀ ਇਸਲਾਮੀ-ਬਰਾ ਤੋਂ ਜਾਣੂ ਤੇ ਧਾਰਮਿਕ ਰਹੁ-ਰੀਤਾਂ ਦਾ ਪਾਬੰਦ ਵਿਅਕਤੀ ਹੀ ਹੋ ਸਕਦਾ ਸੀ। ਨਿਆਂ ਕਰਨ ਸਮੇਂ ਉਸ ਕੋਲੋਂ ਆਸ ਰੱਖੀ ਜਾਂਦੀ ਸੀ ਕਿ ਉਹ ਨਿਰਪੱਖ ਹੋ ਕੇ ਆਪਣਾ ਫੈਸਲਾ ਦੇਵੇਗਾ। ਗੁਰਬਾਣੀ ਵਿਚ ਉਪਲਬਧ ਹਵਾਲੇ ਅਤੇ ਪੱਛਮੀ ਦੇਸ਼ਾਂ ਤੋਂ ਆਏ ਯਾਤਰੂਆਂ ਦੇ ਸਫਰਨਾਮੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਭ ਤੋਂ ਵੱਧ ਰਿਸ਼ਵਤ ਅਤੇ ਬੇਈਮਾਨੀ ਇਸੇ ਵਿਭਾਗ ਵਿਚ ਪ੍ਰਚਲਿਤ ਸੀ। ਮੱਧਕਾਲੀ ਸਮਾਜ ਵਿਚ ਰਾਜੇ ਅਤੇ ਰਾਜ ਅਧਿਕਾਰੀਆਂ ਵਲੋਂ ਬਿਨਾਂ ਕਸੂਰ ਤੋਂ ਹੀ ਬੇਰਹਿਮੀ ਨਾਲ ਆਮ ਲੋਕਾਂ ਨੂੰ ਦੰਡ ਦਿੱਤੇ ਜਾਂਦੇ ਸਨ ਜਿਨ੍ਹਾਂ ਦਾ ਕਾਰਨ ਲੋਕਾਂ ਨੂੰ ਮੁਸਲਿਮ ਧਰਮ ਅਖਤਿਆਰ ਕਰਨ ਲਈ ਮਜਬੂਰ ਕਰਨਾ, ਨਾਜਾਇਜ਼ ਢੰਗਾਂ ਨਾਲ ਲੋਕਾਂ ਦੇ ਮਿਹਨਤਾਨੇ ਨੂੰ ਦੱਬ ਕੇ ਤਰ੍ਹਾਂ ਤਰ੍ਹਾਂ ਦੇ ਕਰ (ਟੈਕਸ) ਲਗਾ ਕੇ ਧਨ-ਦੌਲਤ ਹਥਿਆਉਣਾ ਹੁੰਦਾ ਸੀ। ਗ਼ੈਰ ਇਸਲਾਮੀ ਲੋਕਾਂ ਤੋਂ ਕਈ ਤਰੀਕਿਆਂ ਰਾਹੀਂ ਚੌਧਰੀ, ਪਟਵਾਰੀ, ਡਾਂਡੀ, ਮੁੰਸਵ ਆਦਿ ਦੁਆਰਾ ਆਮ ਲੋਕਾਂ ਦੇ ਕੰਮਾਂ-ਧੰਦਿਆਂ ਵਿਚ ਵਿਉਪਾਰ, ਕਿਰਸਾਨੀ ਤੋਂ ਬਣਦੀ ਕਮਾਈ ਜਾਂ ਹਿੱਸੇ ਨੂੰ ਵੀ ਖਿੱਚ ਲਿਆ ਜਾਂਦਾ ਸੀ। 47 ਇਸ ਲਈ ਗੁਰੂ ਨਾਨਕ ਸਾਹਿਬ ਰਾਜਿਆਂ ਨੂੰ ਖੂਨ ਪੀਣੇ ਸ਼ੇਰ ਅਤੇ ਉਸਦੇ ਅਹਿਲਕਾਰਾ ਨੂੰ ਰਾਜੇ ਦੀਆਂ ਨੌਂਦਰਾਂ ਆਖਦੇ ਹਨ ਜੋ ਆਮ ਲੋਕਾਂ ਨੂੰ ਹਰ ਵੇਲੇ ਤੰਗ ਕਰਦੇ (ਨੌਂਦਰਾਂ ਮਾਰਦੇ) ਤੇ ਰਾਜੇ (ਸ਼ੇਰ) ਦੀਆਂ ਮਾਰੀਆਂ ਨੌਂਦਰਾਂ ਦੁਆਰਾ ਲੋਕਾਂ ਦਾ ਖ਼ੂਨ ਪੀਂਦੇ ਸਨ ਪਰ ਗੁਰੂ ਸਾਹਿਬ ਆਖਦੇ ਹਨ ਕਿ ਜੇਕਰ ਏਥੇ ਇਹ ਲੋਕਾਂ ਨਾਲ ਨਿਆਂ ਨਹੀਂ ਕਰਦੇ ਤਾਂ ਜਦੋਂ ਇਨ੍ਹਾਂ ਦੀ ਕਰਣੀ ਦੀ ਪਰਖ ਹੋਵੇਗੀ ਤਾਂ ਇਹ ਬੇਇਤਬਾਰੇ, ਨੱਕ ਵੱਢੇ ਸਾਬਿਤ ਹੋਣਗੇ :

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਜਿਥੈ ਜੀਆਂ ਹੋਸੀ ਸਾਰ॥ ਨੱਕੀ ਦੀ ਲਾਇਤਬਾਰ ॥

ਇਹ ਹੀ ਨਹੀਂ ਰਾਜਸੀ ਦੰਡ ਨੀਤੀਆਂ ਵਿਚ ਇਸਲਾਮੀ ਧਰਮ ਦੇ ਠੇਕੇਦਾਰ ਕਾਜ਼ੀ, ਮੁਲਾਂ ਧਰਮ ਦੇ ਆਧਾਰ ਤੇ ਲੋਕਾਂ ਨੂੰ ਦੰਡ ਦੇਣ ਦੀ ਕਸਰ ਬਾਕੀ ਨਹੀਂ ਸਨ ਛੱਡਦੇ। ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਥਾਂ ਇਨ੍ਹਾਂ ਦੇ ਮੈਲੇ ਕਿਰਦਾਰਾਂ ਨੂੰ ਉਘਾੜਿਆ ਗਿਆ ਹੈ। ਕਾਜ਼ੀ ਅਕਸਰ ਰਿਸ਼ਵਤ ਲੈ ਕੇ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਬਣਾ ਕੇ ਫੈਸਲਾ ਦੇ ਦਿੰਦੇ ਸਨ।

### ਫੌਜ ਅਤੇ ਕਿਲੇ

ਸੁਲਤਾਨਾਂ, ਬਾਦਸ਼ਾਹਾਂ ਦੁਆਰਾ ਵੱਧ ਤੋਂ ਵੱਧ ਇਲਾਕੇ, ਰਿਆਸਤਾਂ ਨੂੰ ਜਿੱਤਣ ਲਈ, ਵਿਰੋਧੀ ਰਾਜਿਆਂ ਦੇ ਕਿਲਿਆਂ, ਰਿਆਸਤਾਂ ਉੱਤੇ ਅਣਗਿਣਤ ਹਮਲੇ ਕੀਤੇ ਜਾਂਦੇ ਅਤੇ ਖੁਲੇ ਮੈਦਾਨਾਂ ਵਿਚ ਯੁੱਧ ਲੜੇ ਜਾਂਦੇ ਸਨ। ਯੁੱਧ ਲੜਨ ਲਈ ਹਜ਼ਾਰਾਂ, ਲੱਖਾਂ ਦੀ ਗਿਣਤੀ ਵਿਚ ਫੌਜ ਅਤੇ ਚੰਗੇ ਅਸਤ੍ਰਾਂ, ਸ਼ਾਸਤਰਾਂ ਦੀ ਲੋੜ ਪੈਂਦੀ ਸੀ। ਚਾਣਕਯ ਲਿਖਦਾ ਹੈ ਕਿ "ਰਾਜਾ ਲੋਕ ਆਪਣੇ ਕੋਲ ਕੁਲੀਨ ਲੋਕਾਂ ਦਾ ਸੰਗ੍ਰਹਿ ਇਸ ਲਈ ਰੱਖਦੇ ਸਨ ਕਿ ਉਹ ਉੱਨਤੀ ਅਤੇ ਅਵਨਤੀ ਸਮੇਂ ਖੁਸ਼ਹਾਲੀ ਅਤੇ ਵਿਪਤਾ ਸਮੇਂ ਜਿੱਤ ਅਤੇ ਹਾਰ ਸਮੇਂ ਕਿਸੇ ਵੀ ਅਵਸਥਾ ਵਿਚ (ਰਾਜੇ) ਦਾ ਸਾਥ ਨਹੀਂ ਛੱਡਦੇ।" ਮੱਧਕਾਲ ਵਿਚ ਬੇਸ਼ੱਕ ਰਾਜਾ ਦੀ ਸ਼ਕਤੀ ਅਤੇ ਉਸਦੇ ਅਧਿਕਾਰ ਸ੍ਰੇਸ਼ਠ ਸਨ ਪਰੰਤੂ ਅਕਸਰ ਰਾਜਘਰਾਣਿਆਂ ਦੇ ਮੈਂਬਰਾਂ ਤੇ ਰਾਜ-ਦਰਬਾਰਾਂ ਦੇ ਮੋਢੀ ਅਧਿਕਾਰੀ ਆਦਿ ਰਾਜਗੱਦੀ ਦੀ ਪ੍ਰਾਪਤੀ ਲਈ ਵਿਰੋਧੀ ਧਿਰ ਨਾਲ ਗੰਢਤੁਪ ਕਰਨ ਤੇ ਹਮਲਾ ਕਰਨ ਲਈ ਤਾਕ 'ਚ ਹੀ ਰਹਿੰਦੇ ਸਨ। ਭਾਵੇਂ ਫੌਜ ਜਾਂ ਸੈਨਾ ਦੇ ਮੁੱਖ ਕਾਰਜ ਆਪਣੇ ਸਾਮਰਾਜ ਦੀ ਅੰਦਰੂਨੀ ਸੁਰੱਖਿਆ ਕਰਨਾ, ਸ਼ਾਂਤੀ ਕਾਇਮ ਰੱਖਣਾ, ਬਾਹਰੀ ਤੇ ਗੁਆਂਢੀ ਹਮਲਾਵਰਾਂ ਦੇ ਹਮਲਿਆਂ ਦਾ ਮੁਕਾਬਲਾ ਕਰਨਾ ਤੇ ਉਨ੍ਹਾਂ ਨੂੰ ਜਿੱਤਣਾ ਆਦਿ ਸਨ ਪਰੰਤੂ ਮੱਧਕਾਲ ਵਿਚ ਧਨ-ਦੌਲਤ ਲੁੱਟਣਾ, ਰਿਆਸਤਾਂ ਤੇ ਕਿਲੇ ਆਦਿ ਹਥਿਆਉਣ ਵਿਚ ਰਾਜੇ ਆਪਣੇ ਵਧੇਰੇ ਸਮਾਂ ਲਗਾਉਂਦੇ ਸਨ।

### ਆਦਰਸ਼ ਰਾਜ ਦਾ ਸੰਕਲਪ

ਤਲਵਾਰ ਦੇ ਜ਼ੋਰ 'ਤੇ ਰਾਜਗੱਦੀ ਹਾਸਿਲ ਕਰਨ, ਕਿਲ੍ਹ, ਰਿਆਸਤਾਂ ਜਿੱਤਣ, ਪਰਜਾ ਪ੍ਰਤੀ ਗ਼ੈਰ ਜ਼ਿੰਮੇਵਾਰਾਨਾ ਰਵੱਈਆ, ਰਿਸ਼ਵਤ, ਲੁੱਟ-ਖੋਹ, ਅਨਿਆਂ ਆਦਿ ਅਸਹਿ ਜ਼ੁਲਮ ਮੱਧਕਾਲੀ ਰਾਜਾ ਸ਼੍ਰੇਣੀ ਦਾ ਪਹਿਲਾ ਉਦੇਸ਼ ਬਣ ਚੁੱਕਿਆ ਸੀ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮੱਧਕਾਲੀ ਰਾਜਨੀਤਕ ਹਾਲਤ ਦੀ ਅਜਿਹੀ ਗਿਰਾਵਟ ਨੂੰ ਦੇਖਦੇ ਹੋਏ ਆਦਰਸ਼ ਰਾਜੇ ਅਤੇ ਇਕ ਆਦਰਸ਼ ਰਾਜ ਦੇ ਸੰਕਲਪ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਸੱਚ ਪਛਾਨਣ ਵਾਲੇ ਰਾਜੇ ਨੂੰ ਤਖਤ ਦੇ ਲਾਇਕ ਦੱਸਦੇ ਹੋਏ ਪਹਿਲਾਂ ਮਨ ਦੇ ਵਿਕਾਰਾਂ ਨਾਲ ਯੁੱਧ ਕਰਨ ਤੇ ਬਾਅਦ ਵਿਚ ਦੀਨਾਂ, ਗਰੀਬਾਂ ਦੇ ਹੱਕਾਂ ਲਈ ਲੜ੍ਹਨ ਵਾਲੇ ਸੱਚੇ ਸੂਰਮੇ ਨੂੰ ਅਸਲ (ਸੱਚਾ) ਰਾਜਾ ਹੋਣ ਦਾ ਖਿਤਾਬ ਦਿੱਤਾ ਅਤੇ ਸਮਾਜ ਵਿਚ ਇਕ ਅਜਿਹੇ ਆਦਰਸ਼ ਰਾਜ ਦਾ ਸੰਕਲਪ ਪੇਸ਼ ਕੀਤਾ ਜੋ ਬੇਗ਼ਮ, ਦੁੱਖ, ਚਿੰਤਾਵਾਂ ਤੋਂ ਮੁਕਤ ਹੋਵੇ। | ਜਿੱਥੇ ਨਾ ਕੋਈ ਖਿਰਾਜ (ਕਰ), ਨਾ ਕੋਈ ਅਜਿਹਾ ਮਾਲ ਹੋਵੇ ਜਿਸ 'ਤੇ ਮਸੂਲ ਜਾਂ ਟੈਕਸ ਲਗਾਇਆ ਜਾ ਸਕਦਾ ਹੋਵੇ। ਅਜਿਹੇ ਸ਼ਹਿਰ ਜਾਂ ਨਗਰ ਵਿਚ ਨਾ ਕੋਈ ਡਰ, ਨਾ ਗਲਤੀਆਂ ਕਰਨ ਵਾਲੀ ਬੁੱਧੀ ਵਾਲੇ ਲੋਕ ਅਤੇ ਨਾ ਕਿਸੇ ਕਿਸਮ ਦਾ ਕੋਈ ਘਾਟਾ ਹੋਵੇ। ਰਵਿਦਾਸ ਜੀ ਅਨੁਸਾਰ ਅਜਿਹੀ ਸੋਹਣੀ ਨਗਰੀ ਵਿਚ ਨਾ ਕੋਈ ਉੱਚਾ ਤੇ ਨਾ ਕੋਈ ਨੀਵਾਂ ਹੋਕੇ ਜਿੱਥੇ ਸਭ ਬੌਧਿਕ ਸੂਝ-ਸੂ੪ ਵਾਲੇ ਰਜੇ-ਪੁੱਜੇ ਗਿਆਨੀ ਪੁਰਸ਼ ਵਸਦੇ ਹੋਣ। ਉਥੇ ਕਿਸੇ ਨੂੰ ਕੋਈ ਰੋਕ-ਟੋਕ ਕਰਨ ਵਾਲਾ ਵੀ ਨਾ ਹੋਵੇ, ਸਗੋਂ ਉਸ ਮਹਿਲ (ਨਗਰੀ) ਵਿਚ ਸਭ ਬਰਾਬਰ ਘੁੰਮ-ਫਿਰ ਸਕਦੇ ਹੋਣ। | ਅਜਿਹੇ ਉੱਘੇ, ਖੈਰ, ਸੁੱਖ ਵਾਲੇ ਨਗਰ ਵਿਚ ਹੀ ਸਭ ਦੀ ਸਦਾ ਪਾਤਸ਼ਾਹੀ ਬਣੀ ਰਹਿੰਦੀ ਹੈ। ਲਾਲਸਾਵਾਂ ਤੋਂ ਮੁਕਤੀ ਪਾਉਣ ਵਾਲਾ ਹੀ ਐਸੀ ਸੱਚੀ ਤੇ ਉੱਘੀ ਨਗਰੀ ਦਾ ਵਾਸੀ ਹੁੰਦਾ ਹੈ:

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ, ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥

(ਭਗਤ ਰਵਿਦਾਸ)

## ਮੱਧਕਾਲੀ ਸਾਹਿਤ ਦੀਆਂ ਵਿਸ਼ੇਸਤਾਵਾਂ

ਮੱਧਕਾਲੀਨ ਪੰਜਾਬੀ ਸਾਹਿਤ ਸਾਡੇ ਸਮੁੱਚੇ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇੱਕ ਗੋਰਵਮਈ ਭਾਗ ਹੈ। ਇਸ ਕਾਲ ਵਿੱਚ ਸਾਹਿਤ ਦੇ ਵੱਖ-ਵੱਖ ਰੂਪਾਂ ਨੇ ਜਨਮ ਲਿਆ ਅਤੇ ਵਿਕਾਸ ਕੀਤਾ। ਇਸ ਕਾਲ ਵਿੱਚ ਚਾਰ ਪ੍ਰਮੁੱਖ ਕਾਵਿ ਧਾਰਾਵਾਂ ਸਮਾਨ ਅੰਤਰ ਵਿਚਰੀਆਂ ਅਤੇ ਆਪਣੇ ਵਿਕਾਸ ਦੀ ਸਿੱਖਰਾਂ ਨੂੰ ਛੋਹ ਲਿਆ। ਇਸ ਕਾਲੀ ਦੇ ਸਾਹਿਤ ਦੀ ਵਿਸ਼ੇਸ਼ਤਾ ਇਸ ਦੇ ਸਾਂਝੇ ਲੱਛਣਾ ਵਿਚ ਵੀ ਮੂਰਤੀਮਾਨ ਹੁੰਦੀ ਹੈ।

ਇਸ ਕਾਰਨ ਹੀ ਅਸੀਂ ਮੱਧ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਵੀ ਕਹਿੰਦੇ ਹਨ। ਸੂਫ਼ੀ ਅਤੇ ਭਗਤੀ ਧਾਰਾ ਦੀਆਂ ਪ੍ਰਵਿਰਤੀਆਂ 'ਆਦਿ ਕਾਲ' ਵਿੱਚ ਹੀ ਪੈਦਾ ਹੋ ਗਈਆਂ ਸਨ। ਉਹਨਾਂ ਧਾਰਾਵਾਂ ਨੇ ਮੱਧਕਾਲ ਵਿੱਚ ਪਹੁੰਚ ਕੇ ਬਹੁਤ ਪ੍ਰਗਤੀ ਕੀਤੀ। ਇਹਨਾਂ ਤੋਂ ਬਿਨਾਂ ਗੁਰਮਤਿ ਕਾਵਿ, ਕਿੱਸਾ ਕਾਵਿ, ਬੀਰ ਕਾਵਿ ਅਤੇ ਵਾਰਤਕ ਆਦਿ ਕੁੱਝ ਨਵੇਂ ਸਾਹਿਤ ਦੇ ਰੂਪ ਵੀ ਪੈਦਾ ਹੋਏ।

**ਡਾ. ਪਰਮ ਸਿੰਘ ਅਨੁਸਾਰ:-** ਮੱਧਕਾਲੀਨ ਪੰਜਾਬੀ ਸਾਹਿਤ ਸਾਡਾ ਗੋਰਵਮਈ ਅਤੇ ਅਮੀਰ ਵਿਰਸਾ ਹੈ। ਜਿਸ ਦਾ ਮਹੱਤਵ ਕੇਵਲ ਸਾਹਿਤਿਕ ਪੱਖ ਤੋਂ ਹੀ ਨਹੀਂ ਸਗੋਂ ਧਾਰਮਿਕ, ਇਤਿਹਾਸਕ, ਸਭਿਆਚਾਰਕ ਅਤੇ ਸਿਆਸੀ ਆਦਿ ਅਨੇਕਾਂ ਪੱਖਾਂ ਤੋਂ ਵੀ ਹੈ। ਇਸ ਵਿੱਚੋਂ ਗੁਰਬਾਣੀ ਅਤੇ ਸੂਫ਼ੀ ਧਾਰਾਵਾਂ ਨੇ ਇੱਕ ਪਾਸੇ ਆਪਣੇ ਸਮੇਂ ਦੀਆਂ ਤਤਕਾਲੀਨ ਸਾਹਿਤਿਕ ਧਾਰਾਵਾਂ ਉੱਪਰ ਅਮਿੱਟ ਪ੍ਰਭਾਵ ਪਾਇਆ ਸੀ।
ਬਿਕਰਮ ਸਿੰਘ ਘੁਮਣ ਅਨੁਸਾਰ:- ਮੱਧਕਾਲੀਨ ਪੰਜਾਬੀ ਸਾਹਿਤ ਸਾਡੇ ਸਮੁੱਚੇ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇੱਕ ਗੋਰਵਮਈ ਭਾਗ ਹੈ। ਇਸ ਕਾਲ ਵਿੱਚ ਸਾਹਿਤ ਦੇ ਵੱਖ-ਵੱਖ ਰੂਪਾਂ ਨੇ ਜਨਮ ਲਿਆ ਅਤੇ ਵਿਕਾਸ ਕੀਤਾ। ਮੱਧਕਾਲੀਨ ਪੰਜਾਬੀ ਸਹਿਤ ਦੀ ਇਮਾਰਤ ਦੇ ਗੁਰਮਤਿ, ਸੂਫ਼ੀ, ਕਿੱਸਾ ਤੇ ਬੀਰ ਕਾਵਿ ਚਾਰ ਵੱਡੇ ਥਮ ਹਨ। ਜਿਹਨਾਂ ਦੇ ਆਸਰੇ ਇਹ ਇਮਾਰਤ ਖਲੋਤੀ ਹੈ।

**ਸਰਵਸ਼ਕਤੀਮਾਨਤਾ**

ਮੱਧਕਾਲੀਨ ਦੀਆਂ ਸਾਹਿਤਕ ਪਰੰਪਰਾਵਾਂ ਦਾ ਇੱਕ ਸਾਂਝਾ ਲੱਛਣ ਪ੍ਰਭੂ ਦੀ ਸਰਵਸ਼ਕਤੀ ਮਾਨਤਾ, ਸਰਵਉਚਤਾ, ਅਤੇ ਨਿਰੰਕੁਸ਼ਤਾ ਹੈ। ਇਹਨਾਂ ਸਾਰੀਆਂ ਪਰੰਪਰਾਵਾਂ ਵਿੱਚ ਪ੍ਰਭੂ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਅਤੇ ਸੰਚਾਲਕ ਮੰਨਿਆ ਹੈ। **ਡਾ. ਪਰਮਿੰਦਰ ਸਿੰਘ ਅਨੁਸਾਰ**:- ਪਹਿਲੀ ਵਾਰ ਸੂਫ਼ੀ ਕਵੀਆਂ ਨੇ ਰੱਬ ਦੀ ਸਰਵ ਵਿਆਪਕ ਹੋਂਦ ਨੂੰ ਸਵੀਕਾਰ ਕੇ ਧਾਰਮਿਕ ਸਹਿਣਸੀਲਤਾ ਦਾ ਪ੍ਰਚਾਰ ਕੀਤਾ। ਜਿਸ ਨਾਲ ਇਹ ਕਵਿਤਾ ਨੋਰਲ ਮੁਸਲਮਾਨੀ ਘੇਰਿਆਂ ਵਿੱਚੋਂ ਨਿਕਲ ਕੇ ਪੰਜਾਬ ਦੇ ਜੀਵਨ ਦਾ ਅੰਗ ਬਣ ਗਈ। ਉਦਾਹਰਨ:-

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ
ਅੰਦਰ ਤੂੰ ਹੈਂ ਬਾਹਰ ਤੂੰ ਹੈ। ਰੋਮਿ ਰੋਮਿ ਵਿੱਚ ਤੂੰ
ਤੂੰ ਹੈਂ ਤਾਣਾ ਤੂੰ ਹੈਂ ਬਾਣਾ, ਸਭ ਕੁੱਛ ਮੇਰਾ ਤੂੰ
ਕਹੇਂ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ

(ਸ਼ਾਹ ਹੁਸੈਨ)

## ਪ੍ਰਭੂ ਦੀ ਪ੍ਰੇਮ ਭਗਤੀ

**ਡਾ. ਬਿਕਰਮ ਸਿੰਘ ਅਨੁਸਾਰ**:- ਇਸ ਕਾਲ ਦੀ ਹਰ ਧਾਰਾ ਵਿੱਚ ਪ੍ਰਭੂ ਦਾ ਗੁਣਗਾਣ ਕੀਤਾ ਗਿਆ। ਭਗਤਾਂ, ਸੂਫੀਆਂ, ਕਵੀਆਂ ਨੇ ਇਹ ਸਪੱਸ਼ਟ ਕਰਦਿੱਤਾ ਗਿਆ ਸੀ ਕਿ ਪ੍ਰਭੂ ਦੀ ਪ੍ਰਾਪਤੀ ਲਈ ਪ੍ਰੇਮਭਗਤੀ ਦਾ ਸਹਾਰਾ ਹੀ ਸਭ ਤੋਂ ਮੱਧਕਾਲੀਨ ਸਾਹਿਤ ਵਿੱਚ ਭਗਤੀ ਦੀ ਗੂੰਜ਼ ਸੁਣੀ ਜਾ ਸਕਦੀ ਹੈ।6 ਸਾਚ ਕਹੋ ਸੁਨਿ ਲੇਹੁ ਸਭੈ ਜਿਨਿ ਪ੍ਰੇਮ ਕੀਉ ਤਿਨਿ ਹੀ ਪ੍ਰਭੁ ਪਾਇਉ ਗੁਰੂ ਗੋਬਿੰਦ ਸਿੰਘ

**ਜਾਤ ਪਾਤ ਦਾ ਖੰਡਨ**

ਮੱਧਕਾਲੀਨ ਕਵੀਆਂ ਨੇ ਹਿੰਦੂ ਵਰਣ ਵਿਵਸਥਾ ਦਾ ਖੰਡਨ ਕਰਦਿਆਂ ਹੋਇਆਂ ਮਨੁੱਖੀ ਸਮਾਨਤਾ ਦੇ ਸਿਧਾਂਤ ਉੱਤੇ ਡਟ ਕੇ ਪਹਿਰਾ ਦਿੱਤਾ ਹੈ। ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵੀਦਾਸ ਨੇ ਆਪਣੀ ਬਾਣੀ ਵਿੱਚ ਵਾਰ ਵਾਰ ਇਹ ਦ੍ਰਿੜ ਕਰਵਾਇਆ ਹੈ ਕਿ ਸਾਰੇ ਮਨੁੱਖ ਇੱਕ ਹੀ ਪ੍ਰਮਾਤਮਾ ਦੇ ਮਾਜੇ ਹੋਏ ਸਨ ਅਤੇ ਸਾਰੇ ਹੀ ਇੱਕ ਦੂਜੇ ਦੇ ਬਰਾਬਰ ਤੇ ਸਮਾਨ ਹਨ। ਗਰਵ ਵਾਸ ਸਹਿ ਕੁਲ ਨਹੀਂ ਜਾਤੀ ਬ੍ਰਹਮ ਬਿੰਦ ਕੇ ਸਭ ਉਤਪਤੀ ਕਹੁ ਕੇ ਪੰਡਤ ਬਾਹਮਨ ਕਬ ਕੇ ਹੋਏ ਬਾਮਨ ਕਹਿ ਕਹਿ ਜਨਮ ਮਤ ਸੰਤ ਕਬੀਰ

**ਸਾਲ-ਸੰਮਤ ਦਾ ਵੇਰਵਾ**

ਜੰਗਨਾਮਾ ਲੇਖਕਾਂ ਅਤੇ ਕਿੱਸਾ ਕਵੀਆਂ ਨੇ ਆਪਣੀਆਂ ਰਚਨਾਵਾਂ ਦੇ ਅੰਤ ਵਿੱਚ ਸਾਲ-ਸੰਮਤ ਦੇ ਵੇਰਵੇ ਅਤੇ ਆਪਣਾ ਆਪਣਾ ਨਿੱਜੀ ਪਤਾ ਟਿਕਾਣਾ ਵੀ ਲਿਖਦੇ ਸਨ।

ਪੰਦਰਾਂ ਸੈ ਤੇ ਅਤੇ ਉਨਤਰੀ ਸੰਮਤ ਬਿਕ੍ਰਮ ਗਏ

ਹੀਰ ਤੇ ਰਾਂਝੇ ਹੋਏ ਇੱਕਠੇ ਹੋਰ ਝੇੜੇ ਰੁਕਾਏ

### ਸਭਿਆਚਾਰਕ ਵੇਰਵੇ

ਸਭਿਆਚਾਰਕ ਵਿਗਿਆਨੀਆਂ ਲਈ ਵੀ ਇਹ ਮੱਧਕਾਲੀਨ ਪੰਜਾਬੀ ਸਾਹਿਤ ਦੀਅ ਵੱਖ ਵੱਖ ਰਚਨਾਵਾਂ ਬਹੁਮਲੀ ਸਾਮੱਗਰੀ ਸਾਂਭੀ ਬੈਠੀਆਂ ਸਨ। ਸੇਖ ਫ਼ਰੀਦ ਦੇ ਸਲੋਕਾਂ ਵਿੱਚ ਮੱਧਕਾਲੀਨ ਪੰਜਾਬ ਦੇ ਸਲੋਕਾਂ ਵਿੱਚ ਮੱਧਕਾਲੀਨ ਪੰਜਾਬ ਦੇ ਕੰਮ ਧੰਦਿਆਂ, ਖਾਦ ਖੁਰਾਕ, ਪਹਿਰਾਵਾ, ਫਸਲ, ਬਾੜੀ ਰਸਮ ਰਿਵਾਜਾਂ ਅਤੇ ਸਾਕਾਦਾਰੀ ਬਾਰੇ ਬੜੇ ਮਹੱਤਵਪੂਰਨ ਤੱਥ ਪ੍ਰਾਪਤ ਹੁੰਦੇ ਹਨ। ਸ਼ਾਹ ਹੁਸੈਨ, ਬਾਬਾ ਫਰੀਦ ਅਤੇ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਵਿਚੋਂ ਵੀ ਸੱਭਿਆਚਾਰ ਬਾਰੇ ਕਈ ਪੱਖਾਂ ਤੋ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਫਰੀਦਾ ਵੱਖ ਕਪਾਹੈ ਜਿ ਥੀਆਂ ਜਿ ਸਿਰਿ ਥੀਆ ਤਿਲਾਹ

ਕਮਾਦੈ ਮਾਰੁ ਕਾਗਦੈ ਕੁੰਨੇ ਕੋਇਲਿ ਆਹ।

ਮੰਦੇ ਅਮਲ ਕਰੇਦਿਆਂ ਏ ਸਜਾਇ ਤਿਨਾਹ।

(ਸੇਖ ਫਰੀਦ)

### ਕਾਵਿ ਰੂਪਾਂ ਦੀ ਵੰਨ ਸੁਵੰਨਤਾ

ਮੱਧਕਾਲੀਨ ਪੰਜਾਬੀ ਸਾਹਿਤ ਕਾਵਿ ਰੂਪਾਂ ਦੀ ਦ੍ਰਿਸ਼ਟੀ ਤੋਂ ਬੜੀ ਵੰਨ ਸੁਵੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਕਾਲ ਦੀ ਪ੍ਰਤੀਨਿਧਤਾ ਕਰਨ ਵਾਲੀ ਸਭ ਤੋਂ ਪ੍ਰਮਾਣੀਕ ਰਚਨਾ ਹੈ। ਇਸ ਵਿੱਚ ਵਾਰਾਂ, ਬਾਰਾਮਾਹੇ, ਖਿਤੀ, ਸਤਾਰਵੇ, ਕਾਫੀ, ਸ਼ਬੱਦ, ਪਦਾਂ, ਅਜੋਲੀ, ਘੋੜੀਆਂ, ਛੰਦ, ਸਲੋਕ, ਪਟੀ, ਪਹਿਰੇ, ਗਾਥਾ, ਲਾਵਾਂ, ਅਲਾਹੁਣੀਆਂ, ਗੋਸਟ ਆਦਿ ਅਨੇਕਾਂ ਰੂਪਾਂ ਦਾ ਪ੍ਰਯੋਗ ਹੋਇਆ ਹੈ।

### ਸਾਰਾਂਸ਼

ਪੰਜਾਬੀ ਸਾਹਿਤ ਦੇ ਮੱਧਕਾਲ ਵਿੱਚ ਸੋਲਵੀਂ ਸ਼ਤਾਬਦੀ ਨੂੰ ਪੰਜਾਬੀ ਸਾਹਿਤ ਦਾ 'ਸਵਰਨ ਯੁੱਗ' ਮੰਨਿਆ ਜਾਂਦਾ ਹੈ। ਇਸ ਕਾਲ ਨੂੰ ਮੁਗਲ ਕਾਲ ਦੇ ਰੂਪ ਵਿੱਚ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਕਾਲ ਵਿੱਚ ਪੰਜਾਬ ਅਤੇ ਸਮੁੱਚਾ ਭਾਰਤ ਮੁਗਲਾਂ ਦੇ ਅਧੀਨ ਰਿਹਾ। ਉਸ ਸਮੇਂ ਦੇ ਲੋਕਾਂ ਦੀ ਸਮਾਜਿਕ, ਆਰਥਿਕ ਜਾਂ ਰਾਜਸੀ ਹਾਲਤ ਕੁੱਝ ਜਿਆਦਾ ਵਧੀਆ ਨਹੀਂ ਸੀ। ਮੱਧਕਾਲ ਦੇ ਸਾਹਿਤ ਵਿੱਚ ਬਾਕੀ ਸਾਹਿਤਕਾਰਾਂ ਨਾਲੋਂ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਸ੍ਰੇਸ਼ਟ ਪਦਵੀਂ ਹੈ। 'ਇਸ ਕਰਕੇ ਇਸ ਕਾਲ ਨੂੰ ਗੁਰੂ ਨਾਨਕ ਕਾਲ ਵੀ ਕਿਹਾ ਜਾਂਦਾ ਹੈ।' ਮੱਧਕਾਲ ਦੇ ਪੰਜਾਬੀ ਸਾਹਿਤ ਦਾ ਕੋਈ ਵੀ ਵਿਸ਼ਾ ਰੂਪ ਵੰਨਗੀ ਜਾਂ ਪ੍ਰਵਿਰਤੀ ਅਜਿਹੀ ਨਹੀਂ ਸੀ ਜਿਸ ਦੇ ਚਿੰਨ੍ਹ ਜਾਂ ਪ੍ਰਮਾਣ ਸਾਨੂੰ ਇਸ ਕਾਲ ਦੇ ਪ੍ਰਾਪਤ ਸਾਹਿਤ ਵਿਚੋਂ ਦਿਖਾਈ ਨਾ ਦੇਣ। ਇਸ ਕਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1601 ਤੋਂ 1604 ਈ. ਤੱਕ ਹੋਇਆ। ਇਸ ਤਰ੍ਹਾਂ ਮੱਧਕਾਲੀਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਨਵੇਂ ਸਿਖਰਾਂ ਨੂੰ ਛੋਂਹਦਾ ਹੈ। 'ਗੁਰੂ ਨਾਨਕ ਕਾਲ ਤੋਂ ਮੁਗ਼ਲ ਕਾਲ ਦਾ ਸਮਾਂ ਲਗਭਗ ਇੱਕ ਹੀ ਹੈ। ਪਹਿਲੀ ਵਾਰ ਇੱਕ ਸ਼ਕਤੀਸ਼ਾਲੀ ਰਾਜ ਦੀ ਸਥਾਪਨਾ ਇਸ ਦੇਸ਼ ਵਿੱਚ ਰਾਜਸੀ ਸਥਿਰਤਾ ਕਾਇਮ ਹੋ ਗਈ।'

ਇਹ ਮੁਸਲਮਾਨ ਹਮਲਾਵਰ ਸਿਰਫ਼ ਰਾਜੇ ਬਣ ਕੇ ਹੀ ਨਾ ਆਏ ਬਲਕਿ ਆਪਣੇ ਨਾਲ ਆਪਣਾ ਸੱਭਿਆਚਾਰ ਅਤੇ ਚਿੰਤਨ ਵੀ ਲੈ ਕੇ ਆਏ। 'ਸਾਮੀ ਅਤੇ ਭਾਰਤੀ ਚਿੰਤਨ ਨਾਲ ਜੁੜੇ ਮਾਨਵਵਾਦੀ ਭਗਤਾਂ, ਸੂਫ਼ੀਆਂ ਅਤੇ ਬਾਣੀਕਾਰਾਂ ਨੇ ਇੱਕ ਦੂਸਰੇ ਨਾਲ ਟੱਕਰ ਦੀ ਭਾਵਨਾ ਤੋਂ ਮੁਕਤ ਹੋ ਕੇ ਇੱਕ ਦੂਸਰੇ ਦੇ ਵਿਚਾਰਾਂ ਨੂੰ ਸਮਝਣ ਅਤੇ ਪਛਾਣਨ ਪ੍ਰਤਿ ਕਿਰਿਆਸ਼ੀਲਤਾ ਦਿਖਾਈ। ਇਹ ਕਿਰਿਆਸ਼ੀਲਤਾ ਹੀ ਉਹ ਧਰਾਤਲ ਬਣੀ ਜਿੱਥੋਂ ਵਿਚਾਰਧਾਰਕ ਅਤੇ ਸਭਿਆਚਾਰਕ ਸੰਸਲੇਸ਼ਣ ਦੀ ਯਾਤਰਾ ਸ਼ੁਰੂ ਹੋਈ। ਦੋ ਵਿਭਿੰਨ ਚਿੰਤਨ ਇੱਕ ਦੂਜੇ ਦੇ ਨੇੜੇ ਆਏ, ਵਿਚਾਰ ਦਾ ਸੰਜੋਗ ਹੋਇਆ, ਇੱਕ ਦੂਜੇ ਨੂੰ ਪ੍ਰਭਾਵਿਤ ਕੀਤਾ। ਇਸ ਦੇ ਕਾਰਨ ਵਿਚਾਰਧਾਰਕ ਨੇੜਤਾ, ਸਭਿਆਚਾਰਕ ਆਦਾਨ ਪ੍ਰਦਾਨ ਨੇ ਹੀ ਉਸ ਸੰਸਲੇਸ਼ਣ ਨੂੰ ਸਾਕਾਰ ਕੀਤਾ। ਇਸ ਕਿਰਿਆਸ਼ੀਲਤਾ ਨਾਲ ਭਗਤ ਆਤਮਾਵਾਂ ਵਿੱਚ ਟਕਰਾਓ ਦੀ ਥਾਂ ਮੇਲ ਮਿਲਾਪ ਵਧਿਆ ਇੱਕ ਦੂਸਰੇ ਨੂੰ ਸ਼ੁੱਧ ਭਾਵਨਾ ਨਾਲ ਅਪਣਾਇਆ, ਜਿਸ ਦੇ ਸਦਕਾ ਮੱਧਕਾਲ ਦੇ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰ ਇੱਕ ਦੂਜੇ ਦੇ ਪੂਰਕ ਹਨ।

ਇਸ ਤਰ੍ਹਾਂ ਉਪਰੋਕਤ ਤੋਂ ਸਪੱਸ਼ਟ ਹੁੰਦਾ ਹੈ ਕਿ ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਕਾਫੀ ਸਮਾਨਤਾਵਾਂ ਮਿਲਦੀਆ ਹਨ ਭਾਵੇ ਨਾਲ-ਨਾਲ ਕੁੱਝ ਵੱਖਰਤਾਵਾਂ ਵੀ ਚਲਦੀਆਂ ਹਨ। ਮੱਧਕਾਲ ਵਿੱਚ ਸਿਰਜੇ ਗਏ ਪੰਜਾਬੀ ਸਾਹਿਤ ਦੀਆਂ ਸਾਰੀਆਂ ਵੰਨਗੀਆ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵੰਨਗੀਆਂ ਵਿੱਚ ਕਈ ਤਰ੍ਹਾਂ ਦੇ ਸਾਂਝੇ ਲੱਛਣ ਪਾਏ ਜਾਂਦੇ ਹਨ। ਇਸ ਕਾਲ ਵਿੱਚ ਪੰਜਬੀ ਸਾਹਿਤ ਦੀ ਹਰ ਧਾਰਾ ਨੇ ਆਪਣੀ ਸਿਖਰ ਛੋਹ ਲਈ ਸੀ। ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਅਤੇ ਬੀਰ ਕਾਵਿ ਧਾਰਾ ਨੇ ਆਪਣੀਆਂ ਰਚਨਾਤਮਕ ਸੰਭਾਵਨਾਵਾਂ ਦੇ ਸਿਖਰ ਇਸੇ ਕਾਲ ਵਿੱਚ ਹੀ ਛੋਹੇ। ਇਹੀ ਮੱਧਕਾਲ ਦੇ ਪੰਜਾਬੀ ਸਾਹਿਤ ਦੀ ਪ੍ਰਾਪਤੀ ਹੈ। ਮੱਧਕਾਲ ਤੋਂ ਪਹਿਲਾਂ ਇਨ੍ਹਾਂ ਧਾਰਾਵਾਂ ਦਾ ਜਾਂ ਤਾਂ ਕੋਈ ਵਜੂਦ ਨਹੀਂ ਮਿਲਦਾ ਜੇ ਮਿਲਦਾ ਵੀ ਹੈ ਤਾਂ ਉਨ੍ਹਾਂ ਨੂੰ ਮੁਢਲੇ ਯਤਨ ਹੀ ਆਖਿਆ ਜਾ ਸਕਦਾ ਹੈ। ਮੱਧਕਾਲ ਤੋਂ ਬਾਅਦ ਇਨ੍ਹਾਂ ਧਾਰਾਵਾਂ ਦਾ ਵਜੂਦ ਬਿਲਕੁੱਲ ਸਿਮਟ ਗਿਆ ਅਤੇ ਕੁੱਝ ਇੱਕ ਤਾਂ ਖਤਮ ਹੋ ਗਈਆਂ। ਮੱਧਕਾਲਲੀਨ ਪੰਜਾਬੀ ਸਾਹਿਤ ਦੀ ਪ੍ਰਾਪਤੀ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਕਾਲ ਪੰਜਾਬੀ ਸਾਹਿਤ ਦੀ ਪ੍ਰਗਤੀ ਅਤੇ ਵਿਕਾਸ ਨੂੰ ਦਰਸਾਉਣ ਵਾਲ ਇੱਕ ਸੁਨਿਹਰੀ ਕਾਲ ਹੈ।

## ਕੇਂਦਰੀ ਸ਼ਬਦ

- 
- **ਮੱਧਕਾਲ** - ਮੱਧਕਾਲ ਨੂੰ "ਪ੍ਰਾਚੀਨ ਅਤੇ ਆਧੁਨਿਕ ਕਾਲ ਦੇ ਵਿਚਕਾਰਲੇ ਸਮੇਂ ਵਿਚ ਸਥਿਤ ਕਰਦੀ ਹੈ। ਸ਼ਬਦ 'ਮੱਧਕਾਲ | ਦੇ ਕੋਸ਼ਗਤ ਅਰਥ ਵੀ ਸਮੇਂ ਦੇ ਇਸੇ ਗਤੀ ਚੱਕਰ ਨੂੰ ਹੀ ਦਰਸਾਉਂਦੇ ਹਨ
- **ਪ੍ਰਦਾ ਪ੍ਰਥਾ**- ਸਮਾਜ ਵਿਚ ਇਸਤਰੀ ਦਾ ਇਕ ਸੀਮਤ ਘੇਰਾ ਸੀ ਜਿਸ ਤੋਂ ਉਸਦਾ ਬਾਹਰ ਹੋਣਾ ਬੁਰਾ ਸਮਝਿਆ ਜਾਂਦਾ ਸੀ। ਪਰਦਾ ਉਹਨਾਂ ਵਿਚੋਂ ਇਕ ਸੀ।
- **ਸਭਿਆਚਾਰ** ਦੋ ਸ਼ਬਦਾਂ ਦਾ ਯੋਗ ਹੈ, ਸੱਭਿਯ+ਅਚਾਰ। ਸੱਭਿਯ ਸ਼ਬਦ ਸਭਿਅਕ ਲੋਕਾਂ ਦਾ ਸੰਕੇਤ ਹੈ ਤੇ ਅਚਾਰ ਸ਼ਬਦ ਤੋਂ ਭਾਵ ਹੈ ਨਿਯਮ, ਢੰਗ, ਤਰੀਕਾ ਭਾਵ ਕਿ ਸੱਭਿਅਕ ਲੋਕਾਂ ਦੇ ਰਹਿਣ ਦੇ ਨਿਯਮ ਜਾਂ ਢੰਗ ਤਰੀਕਾ।
- **ਲੋਕਾਚਾਰ** ਤੋਂ ਭਾਵ ਹੈ ਕਿਸੇ ਸਮਾਜਕ ਸਮੂਹ ਦਾ ਜੀਵਨ-ਵਿਹਾਰ।

## ਸਵੈ-ਮੁਲਾਂਕਣ

**ਪ੍ਰਸ਼ਨ 1. ਪੰਜਾਬੀ ਸਾਹਿਤ ਦਾ ਸੁਨਿਹਰੀ ਯੁੱਗ ਕਿਸ ਕਾਲ ਨੂੰ ਕਿਹਾ ਜਾਂਦਾ ਹੈ?**

ੳ) ਪਰਿਵਰਤਨ ਕਾਲ ਨੂੰ

ਅ) ਮੱਧਕਾਲ ਨੂੰ

ੲ) ਆਧੁਨਿਕ ਕਾਲ ਨੂੰ

ਸ) ਪੁਰਾਤਨ ਕਾਲ ਨੂੰ

**ਪ੍ਰਸ਼ਨ 2. ਕਿਸ ਪ੍ਰਸਿੱਧ ਅੰਗਰੇਜ਼ ਵਿਦਵਾਨ ਨੇ Primitive Culture ਪੁਸਤਕ ਵਿਚ ਸਭਿਆਚਾਰ ਦੀ ਪਰਿਭਾਸ਼ਾ ਦਿੱਤੀ ਹੈ?**

ੳ) Melville J Herskovits

ਅ) E. B.Tylor

ੲ) B. Malinowski

ਸ) Lewis Henry Morgan

**ਪ੍ਰਸ਼ਨ 3. ਬੋਧਾਤਾਮਕ ਸਭਿਆਚਾਰ ਦੀ ਵਿਸ਼ੇਸ਼ਤਾ ਹੈ:**

ੳ) ਲੋਕ ਸਾਹਿਤ

ਅ) ਘਰ

ੲ) ਰਿਸ਼ਤੇ-ਨਾਤੇ

ਸ) ਲੋਕ ਗਹਿਣੇ

**ਪ੍ਰਸ਼ਨ 4. ਦੀਰਘ ਪਰਿਪੇਖ ਵਿਚ ਦੇਖੀਏ ਤਾਂ ਸਧਾਰਨ ਸ਼ਬਦਾਂ ਵਿਚ ਸਮੁੱਚੇ ਵਿਸ਼ਵ ਦੇ ਇਤਿਹਾਸ ਨੂੰ ਕਿੰਨੇ ਪ੍ਰਮੁੱਖ ਵਰਗਾਂ ਵਿਚ ਵੰਡਿਆ ਗਿਆ ਹੈ?**

ੳ) ਦੋ

ਅ) ਤਿੰਨ

ੲ) ਪੰਜ

ਸ) ਚਾਰ

**ਪ੍ਰਸ਼ਨ 5. ਇਤਿਹਾਸ ਦੀ ਸਾਧਾਰਨ ਕਾਲਵੰਡ 'ਮੱਧਕਾਲ ਨੂੰ ਕਿਸ ਸਮੇਂ ਵਿਚ ਸਥਿਤ ਕਰਦੀ ਹੈ?**

ੳ) ਨਵੀਂਨ ਅਤੇ ਆਧੁਨਿਕ ਕਾਲ ਵਿਚਕਾਰ

ਅ) ਆਧੁਨਿਕ ਅਤੇ ਆਦਿ ਕਾਲ ਦੇ ਵਿਚਕਾਰ

ੲ) ਪ੍ਰਾਚੀਨ ਅਤੇ ਆਧੁਨਿਕ ਕਾਲ ਦੇ ਵਿਚਕਾਰ

ਸ) ਉਪਰੋਕਤ ਸਾਰੇ

**ਪ੍ਰਸ਼ਨ 6. ਮੁੱਢਲੇ ਪ੍ਰਾਚੀਨ ਕਾਲ ਦੇ ਭਾਰਤ ਵਿਚ ਕਿਹੜੇ ਚਾਰ ਯੁੱਗਾਂ ਦੀ ਚਰਚਾ ਹੁੰਦੀ ਰਹੀ ਹੈ?**

ੳ) ਸਤਿਯੁ ਤੇ ਤਰੇਤਾ ਯੁਗ

ਅ) ਕਲਯੁਗ ਅਤੇ ਦੁਆਪਰ ਯੁਗ

ੲ) ਉਪਰੋਕਤ ਸਾਰੇ

ਸ) ਕੋਈ ਨਹੀਂ

**ਪ੍ਰਸ਼ਨ 7. ਪੰਜਾਬੀ ਸਾਹਿਤ ਦੀ ਆਪਣੀ ਭਾਸ਼ਾਈ ਯੋਗਤਾ ਦੇ ਆਧਾਰ ਉੱਪਰ ਇਸ ਦਾ ਆਰੰਭ ਸ਼ੇਖ ਫ਼ਰੀਦ ਤੋਂ ਲੈ ਕੇ .......ਤੱਕ ਦਾ ਸਾਹਿਤ ਮੱਧਕਾਲੀਨ ਪੰਜਾਬੀ ਸਾਹਿਤ ਅਖਵਾਉਂਦਾ ਹੈ।**

ੳ) ਬਾਬਾ ਨਾਨਕ

ਅ) ਬੁਲੇ ਸਾਹ

ੲ) ਵਾਰਿਸ਼ ਸ਼ਾਹ

ਸ) ਗੁਲਾਮ ਫ਼ਰੀਦ

**ਪ੍ਰਸ਼ਨ 8. ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਪੁਸਤਕ ਕਿਸ ਪ੍ਰਸਿੱਧ ਪੰਜਾਬੀ ਵਿਦਵਾਨ ਦੀ ਹੈ**?

ੳ) ਡਾ. ਗੁਰਬਖਸ਼ ਸਿੰਘ ਫਰੈਂਕ

ਅ) ਡਾ. ਜਸਵਿੰਦਰ ਸਿੰਘ

ੲ) ਡਾ. ਸੋਹਿੰਦਰ ਸਿੰਘ ਬੇਦੀ

ਸ) ਡਾ. ਨਾਹਰ ਸਿੰਘ

**ਪ੍ਰਸ਼ਨ 9. ਵਰਤਮਾਨ ਸਮੇਂ ਵਿਚ ਵਿਦਵਾਨਾਂ ਨੇ ਮੱਧਕਾਲੀਨ ਸਾਹਿਤ ਦੇ ਕਾਲ ਖੰਡ ਦੀਆਂ ਕੁਝ ਬਦਲਦੀਆਂ ਤਿੱਥਾਂ ਨੂੰ ਛੱਡ ਕੇ ਇਸਦਾ ਆਰੰਭ ਬਾਰਵੀਂ ਸਦੀ ਤੋਂ ਮੰਨ ਕੇ ......... ਫੈਲਾਇਆ ਹੈ।**

ੳ) 19ਵੀਂ ਸਦੀ ਤੱਖ

ਅ) 19ਵੀਂ ਸਦੀ ਦੇ ਅੱਧ ਤੱਖ

ੲ) 18ਵੀਂ ਸਦੀ ਤੱਕ

ਸ) 18ਵੀਂ ਸਦੀ ਦੇ ਅੱਧ ਤੱਕ

**ਪ੍ਰਸ਼ਨ 10. ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਦਾ ਸਮਾਂ ਲਗਭਗ ਕਿੰਨੀਆਂ ਸਦੀਆਂ ਬਣਦਾ ਹੈ।**

ੳ) ਅੱਠ ਸਦੀਆਂ

ਅ) ਨੌਂ ਸਦੀਆਂ

ੲ) ਸੱਤ ਸਦੀਆਂ

ਸ) ਪੰਜ ਸਦੀਆਂ

**ਪ੍ਰਸ਼ਨ 11. ਦਰਅਸਲ ਮੱਧਕਾਲੀਨ ਪੰਜਾਬੀ ਸਾਹਿਤ ਦੀ ਬੁਨਿਆਦ ਵੱਖ-ਵੱਖ ........ਦੇ ਸੰਸਲੇਸ਼ਣ ਉੱਪਰ ਟਿਕੀ ਹੋਈ ਹੈ।**

ੳ) ਸਮਿਆਂ

ਅ) ਕਾਲਾਂ ਦੇ

ੲ) ਸਭਿਆਚਾਰਾਂ

ਸ) ਯੁਗਾਂ ਦੇ

**ਪ੍ਰਸ਼ਨ 12. ਪੱਛਮ ਵਿਚ ਜਿਸ ਮੱਧਕਾਲ ਨੂੰ ਅੰਧਕਾਰ ਯੁਗ ਦਾ ਨਾਮ ਦਿੱਤਾ ਗਿਆ ਹੈ ਉੱਥੇ ਭਾਰਤੀ ਪੰਜਾਬੀ ਸਾਹਿਤ ਦੇ ਮੱਧਕਾਲ ਨੂੰ .........ਦਾ ਨਾਮ ਦਿੱਤਾ ਹੈ।**

ੳ) ਖੁਸ਼ਹਾਲੀ

ਅ) ਯੁਗ ਬਦਲ ਦਾ

ੲ) ਸੁਨਹਿਰੀ ਕਾਲ

ਸ) ਪੁਨਰ-ਜਾਗ੍ਰਿਤੀ

**ਪ੍ਰਸ਼ਨ 13. ਮੱਧਕਾਲੀ ਸਮਾਜ ਦੀ ਵਰਨ ਵਿਵਸਥਾ ਦੇ ਪਿਛੋਕੜ ਨੂੰ ਦੇਖੀਏ ਤਾਂ ਇਸ ਦੀਆਂ ਜੜ੍ਹਾਂ...... ਵਿਚ ਹੀ ਦਿਖਾਈ ਦਿੰਦੀਆਂ ਹਨ।**

ੳ) ਧਰਮ

ਅ) ਕਰਮ

ੲ) ਵੇਦਾਂ

ਸ) ਲੋਕਾਂ

**ਪ੍ਰਸ਼ਨ 14. ਆਸ਼ਰਮ ਵਿਵਸਥਾ ਅਧੀਨ ਮਨੁੱਖੀ ਜੀਵਨ ਨੂੰ ਪੱਕੇ ਤੌਰ 'ਤੇ ਕਿੰਨੇ ਆਸ਼ਰਮਾਂ ਵਿਚ ਵੰਡਿਆ ਗਿਆ ਹੈ?**

ੳ) ਦੋ

ਅ) ਤਿੰਨ

ੲ) ਚਾਰ

ਸ) ਪੰਜ

**ਪ੍ਰਸ਼ਨ 15. . ਮੁੱਢਲੇ ਪ੍ਰਾਚੀਨ ਕਾਲ ਦੇ ਭਾਰਤ ਵਿਚ ਜਿਹੜੇ ਚਾਰ ਯੁੱਗਾਂ ਦੀ ਚਰਚਾ ਹੁੰਦੀ ਰਹੀ ਹੈ, ਉਹ ਕਿਹੜੇ ਹਨ?**

ੳ) ਸਤਿਯੁਗ ਤੇ ਤਰੇਤਾ ਯੁੱਗ

ਅ) ਕਲਯੁਗ ਅਤੇ ਦੁਆਪਰ ਯੁੱਗ

ੲ) ਉਪਰੋਕਤ ਸਾਰੇ

ਸ) ਕੋਈ ਨਹੀਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਅ** | **2 ਅ** | **3.ੳ** | **4. ਅ** | **5. ੲ** |
| **6. ੲ** | **7. ਸ** | **8. ੲ** | **9. ਅ** | **10. ੲ** |
| **11. ੲ** | **12. ਸ** | **13. ੲ** | **14. ੲ** | **15. ਸ** |

## ਅਭਿਆਸ ਪ੍ਰਸ਼ਨ

1. ਮੱਧਕਾਲੀ ਬੋਧ ਤੋਂ ਕੀ ਭਾਵ ਹੈ?

2 ਮੱਧਕਾਲ ਵਿਚ ਸਹਿਤ ਦੇ ਰੂਪ ਕਿਹੜੇ ਸਨ?

3. ਮੱਧਕਾਲੀ ਸਭਿਆਚਾਰ ਕਿਹੋ ਜਿਹਾ ਸੀ?

4. ਆਸ਼ਰਮ ਵਿਵਸਥਾ ਵਿਚ ਸਮਾਜ ਨੂੰ ਕਿਹੜੇ ਨਾਮ ਦਿੱਤੇ ਗਏ ਹਨ?

5. ਮੱਧਕਾਲੀ ਸਮਾਜ ਕਿੰਨੇ ਵਰਨਾਂ ਵਿਚ ਵੰਡਿਆ ਗਿਆ ਹੈ?

## ਸੰਦਰਭ ਪੁਸਤਕਾਂ


1. ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
2. ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
3. ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
4. ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
5. ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
6. ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://pa.wikipedia.org/wiki/%E0%A8%AE%E0%A9%B1%E0%A8%A7%E0%A8%

95%E0%A8%BE%E0%A8%B2%E0%A9%80%E0%A8%A8_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B8%E0%A8%BE%E0%A8%B9%E0%A8%BF%E0%A8%A4

- https://egyankosh.ac.in/bitstream/123456789/76021/1/Unit-5.pdf
- https://egyankosh.ac.in/bitstream/123456789/76023/1/Unit-7.pdf

# ਅਧਿਆਇ-2 : ਮੱਧਕਾਲ ਦੇ ਪ੍ਰਮੁੱਖ ਕਾਵਿ ਰੂਪ 1

**ਵਿਸ਼ਾ ਵਸਤੂ (Content)**


1. ਉਦੇਸ਼
2. ਭੂਮਿਕਾ
3. ਸਲੋਕ ਕਾਵਿ ਰੂਪ ਦਾ ਸਰੂਪ ਅਤੇ ਲੱਛਣ
4. ਸ਼ਬਦ ਕਾਵਿ ਰੂਪ ਦਾ ਸਰੂਪ ਅਤੇ ਲੱਛਣ
5. ਅਸ਼ਟਪਦੀ ਕਾਵਿ ਰੂਪ ਦਾ ਸਰੂਪ ਅਤੇ ਲੱਛਣ
6. ਬਾਰਾਹਮਾਹ ਕਾਵਿ ਰੂਪ ਦਾ ਸਰੂਪ ਅਤੇ ਲੱਛਣ
7. ਰੁਤੀ ਕਾਵਿ ਰੂਪ ਦਾ ਸਰੂਪ ਅਤੇ ਲੱਛਣ
8. ਸਾਰਾਂਸ਼
9. ਕੇਂਦਰੀ ਸ਼ਬਦ
10. ਸਵੈ-ਮੁਲਾਂਕਣ
11. ਸਵੈ-ਮੁਲਾਂਕਣ ਲਈ ਉੱਤਰ
12. ਅਭਿਆਸ ਪ੍ਰਸ਼ਨ
13. ਸੰਦਰਭ ਪੁਸਤਕਾਂ


## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਸਲੋਕ ਸਾਹਿਤ ਰੂਪ ਤੋਂ ਜਾਣੂ ਹੋ ਸਕਣਗੇ
- ਸਲੋਕ ਦੇ ਲੱਛਣਾਂ ਨੂੰ ਪਹਿਚਾਣ ਸਕਣਗੇ
- ਅਸ਼ਟਪਦੀ ਦੇ ਕਾਵਿ ਰੂਪ ਨੂੰ ਜਾਣ ਸਕਣਗੇ
- ਰੁਤੀ ਕਾਵਿ ਰੂਪ ਬਾਰੇ ਜਾਣ ਸਕਣਗੇ
- ਬਾਰਾਹਮਾਹ ਕਾਵਿ ਰੂਪ ਬਾਰੇ ਜਾਣ ਸਕਣਗੇ

## ਭੂਮਿਕਾ

ਮੱਧਕਾਲੀ ਕਾਲ ਵਿਚ ਪੰਜਾਬੀ ਕਾਵਿ ਪਰੰਪਰਾ ਵਿਚ ਸਭ ਤੋਂ ਵੱਧ ਵਿਸ਼ੇਸਤਾ ਅਤੇ ਮਹਾਨਤਾ ਰੱਖਣ ਵਾਲੀ ਧਾਰਾ ਹੈ। ਇਸ ਕਰਕੇ ਇਸ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਵੀ ਕਿਹਾ ਜਾਂਦਾ ਹੈ। ਇਸ ਕਾਲ ਵਿਚ ਪੰਜਾਬੀ ਕਾਵਿ ਰੂਪ ਨੇ ਆਪਣੇ ਕਈ ਰੂਪਾਂ ਨੂੰ ਵਿਕਸਿਤ ਕੀਤਾ। ਸੋ ਇਸ ਕਾਲ ਵਿਚ ਹੀ ਪੰਜਾਬੀ ਕਾਵਿ ਦੇ ਬਹੁਤ ਸਾਰੇ ਕਾਵਿ ਰੂਪਾਂ ਦਾ ਜਨਮ ਹੋਇਆ ਜਾਂ ਉਹਨਾਂ ਨੂੰ ਪ੍ਰਮਾਣਿਕਤਾ ਮਿਲੀ। ਅੱਗੇ ਅਸੀਂ ਉਹਨਾਂ ਸਥਾਪਿਤ ਹੋਏ ਕਾਵਿ ਰੂਪਾਂ ਦੇ ਕਾਵਿ ਸਰੂਪ ਅਤੇ ਲੱਛਣਾ ਦੀ ਅਭਿਵਿਅਕਤੀ ਦੀ ਗਲ ਕਰਾਂਗੇ।

## ਸਲੋਕ ਕਾਵਿ ਰੂਪ ਦਾ ਸਰੂਪ

ਸਲੋਕ ਕਾਵਿ ਦਾ ਉਹ ਰੂਪ ਹੈ ਜਿਸ ਵਿਚ ਕਿਸੇ ਦੀ ਸ਼ਿਫਤ ਕੀਤੀ ਜਾਂਦੀ ਹੈ ਜਾਂ ਸ਼ਿਫਤ ਕੀਤੀ ਗਈ ਹੋਵੇ। ਉਸਨੂੰ ਸਲੋਕ ਕਿਹਾ ਜਾਂਦਾ ਹੈ। ਸੰਸਕ੍ਰਿਤੀ ਗ੍ਰੰਥਾਂ ਵਿਚ ਪਦ ਕਾਵਿ ਲਈ ਸਲੋਕ ਸ਼ਬਦ ਵਰਤਿਆ ਗਿਆ ਹੈ। ਇਸ ਵਿਸ਼ੇਸ਼ ਛੰਦ ਦਾ ਨਾਂ ਅਨੁਸ਼ਟੁਭ ਛੰਦ

ਵੀ ਹੈ। ਇਸ ਵਿਚ ਚਾਰ ਚਰਣ ਅਤੇ 32 ਮਾਤਰਾਵਾਂ ਹੁੰਦੀਆਂ ਹਨ। ਇਹ ਮਾਤ੍ਰਿਕ ਛੰਦ ਦਾ ਇਕ ਭੇਦ ਹੈ ਜਿਸ ਵਿਚ ਹਰ ਚਰਨ ਵਿਚ ਅੱਠ ਮਾਤਰਾਵਾਂ ਹੁੰਦੀਆਂ ਹਨ। ਹਰ ਚਰਨ ਦੀ ਪੰਜਵੀਂ ਮਾਤਰਾ ਲਘੂ, ਛੇਵੀਂ ਦੀਰਘ ਅਤੇ ਦੂਜੇ ਅਤੇ ਚੋਥੇ ਚਰਨ ਦੀ ਸੱਤਵੀਂ ਮਾਤਰਾ ਲਘੂ ਹੋਣੀ ਚਾਹੀਦੀ ਹੈ। ਇਸ ਦੀ ਵਰਤੋਂ ਸਭ ਤੋਂ ਪਹਿਲਾਂ ਬਾਲਮਿਕੀ ਜੀ ਨੇ ਕੀਤੀ ਹੈ। ਸੰਸਕ੍ਰਿਤ ਦੇ ਪਦਾਂ ਜਾਂ ਛੋਂਦਾਂ ਨੂੰ ਆਮ ਤੌਰ ਤੇ ਸਲੋਕ ਕਹਿ ਦਿੱਤਾ ਜਾਂਦਾ ਹੈ।

**ਸਲੋਕ ਕਾਵਿ ਰੂਪ ਦੇ ਲੱਛਣ**

ਸਲੋਕ ਮੱਧ ਕਾਲ ਦੇ ਕਾਵਿ ਨਾਲ ਸਬੰਧਿਤ ਇਕ ਲੋਕ-ਪ੍ਰਿਆ ਰੂਪਾਕਾਰ ਹੈ। ਸਲੋਕ ਕਿਸੇ ਨਾ ਕਿਸੇ ਰੂਪ ਵਿਚ ਭਾਰਤੀ ਸਾਹਿਤਕ ਪਰੰਪਰਾ ਵਿਚ ਵੇਦਾਂ ਦੇ ਸਮੇਂ ਤੋਂ ਹੀ ਵਰਤਿਆ ਜਾਂਦਾ ਰਿਹਾ ਹੈ। ਸੰਸਕ੍ਰਿਤੀ ਵਿਚ ਅੱਠ ਅੱਖਰ ਛੰਦ ਜਿਸ ਨੂੰ ਅਨੁਸ਼ਟੁਪ ਛੰਦ ਕਹਿੰਦੇ ਸਨ, ਇਕ ਪ੍ਰਕਾਰ ਨਾਲ ਸਲੋਕ ਦਾ ਹੀ ਪੂਰਾਣਾ ਰੂਪ ਹੈ ਜਿਸ ਦੀ ਪ੍ਰਪੰਰਾ ਵੇਦਾਂ ਨਾਲ ਜੁੜਦੀ ਹੈ। ਉਹਨਾਂ ਸਮਿਆਂ ਵਿਚ ਇਹ ਦੋ ਸਤਰਾਂ ਵਾਲਾ ਸੰਦ ਸੀ ਅਤੇ ਹਰ ਸਤਰ ਵਿਚ ਅੱਠ ਅੱਖਰ ਹੁੰਦੇ ਸਨ। ਛੰਦ ਰੂਪ ਵਿਚ ਸ਼ਾਸ਼ਤਰੀ ਬੰਧਨਾਂ ਵਿਚ ਬੱਝਣ ਤੋਂ ਪਹਿਲਾਂ ਇਹ ਲੋਕ ਕਾਵਿ ਵਿਚੋਂ ਨਿਸ਼ਰਿਆ ਕਾਵਿ ਰੂਪ ਸੀ ਜਿਸ ਲਈ ਕਿਸੇ ਨਿਸ਼ਚਿਤ ਕਾਵਿ ਛੰਦ ਦੀ ਵਰਤੋਂ ਲਾਜ਼ਮੀ ਨਹੀਂ ਸੀ। ਅੱਜ ਵੀ ਇਹ ਛੰਦ ਰੂਪ ਨਾਲੋਂ ਕਾਵਿ ਰੂਪ ਹੀ ਹੈ। ਉਪਦੇਸ਼ ਇਸ ਦਾ ਸੰਚਾਲਕ ਨੁਕਤਾ ਹੈ। ਗੁਰਬਾਣੀ ਉੱਤਮ ਸਲੋਕ ਸਾਧ ਕੇ ਬਚਨ ਕਹਿ ਕੇ ਇਸ ਪੱਖ ਵੱਲ ਸੰਕੇਤ ਕਰਦੀ ਹੋਈ ਇਹ ਦੱਸਦੀ ਹੈ ਕਿ ਇਸ ਕਾਵਿ ਰੂਪ ਨੂੰ ਸਾਧ ਸੰਤ ਆਮ ਵਰਤਦੇ ਸਨ।

ਮੱਧਕਾਲੀ ਸਾਹਿਤ ਦੀ ਪ੍ਰਮਾਣਿਕ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਭਿੰਨ ਭਿੰਨ ਆਕਾਰ ਪ੍ਰਕਾਰ ਦੇ ਸਲੋਕ ਦਰਜ ਸਨ। ਹਰ ਸਲੋਕ ਇਕ ਨਿਸ਼ਚਿਤ ਭਾਵ ਨੂੰ ਪੇਸ਼ ਕਰਦਾ ਹੈ। ਕਬੀਰ, ਫਰੀਦ, ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਰਜਨ ਦੇਵ, ਤੇ ਗੁਰੂ ਤੇਗ ਬਹਾਦਰ ਦੇ ਸਲੋਕ ਇਸ ਰੂਪਾਕਾਰ ਦੀ ਮਾਣ ਯੋਗ ਪ੍ਰਾਪਤੀ ਹਨ। ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਦੁਆਰਾ ਰਚੇ ਦੋ ਤੋਂ 16 ਤੁਕਾਂ ਤੱਕ ਦੇ ਸਲੋਕ ਦਰਜ ਹਨ ਪ੍ਰੰਤੂ ਆਮ ਕਰਕੇ ਸਲੋਕ ਦੋ ਜਾਂ ਵੱਧ ਤੋਂ ਵੱਧ ਚਾਰ ਚਾਰ ਤੁਕਾਂ ਦੇ ਹੀ ਰਚੇ ਜਾਣ ਦੀ ਪਰੰਪਰਾ ਰਹੀ ਹੈ। ਸੁਖਮਨੀ ਸਾਹਿਬ ਵਿਚ ਦਰਜ ਸਲੋਕ, ਗੁਰੂ ਤੇਗ਼ ਬਹਾਦਰ ਦੇ ਸਲੋਕ ਤੋਂ ਬਾਬਾ ਫ਼ਰੀਦ ਦੇ ਬਹੁਤੇ ਸਲੋਕ ਦੋ ਤੁਕਾਂ ਵਾਲੇ ਹੀ ਹਨ। ਗੁਰੂ ਗ੍ਰੰਥ ਸਾਹਿਬ ਵਿਚੋਂ ਦੋ ਸਲੋਕ ਉਦਾਹਰਨ ਵਜੋਂ ਵੇਖੋ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

(ਆਸਾ ਦੀ ਵਾਰ)

ਫਰੀਦਾ ਸ਼ਕਰ ਖੰਡ ਨਿਵਾਤ ਗੁੜੁ ਮਾਕਿਉ ਮਾਝਾ ਦੁਧੁ॥
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ॥

ਪਹਿਲੇ ਸਲੋਕ ਦੇ ਰਚੇਤਾ ਆਪਣੇ ਗੁਰੂ ਪ੍ਰਤਿ ਤੀਬਰ ਪ੍ਰੇਮ ਅਤੇ ਸੱਚੀ ਸ਼ਰਧਾ ਦਾ ਪ੍ਰਗਟਾਵਾ ਕਰ ਰਹੇ ਹਨ। ਗੁਰੂ ਦਾ ਜੋ ਸਾਧਾਰਨ ਮਨੁੱਖ ਨੂੰ ਦੇਵਦੇ ਦੇ ਰੂਪ ਵਿਚ ਬਦਲਣ ਦੇ ਸਮਰੱਥ ਹੈ। ਦੂਜੇ ਸਲੋਕ ਵਿਚ ਬਾਬਾ ਫਰੀਦ ਆਪਣੇ ਪ੍ਰਭੂ ਨਾਲ ਸੰਵਾਦ ਰਚਾ ਰਹੇ ਹਨ। ਕਿਸੇ ਤੀਜੇ ਸ੍ਰੋਤਾ ਜਾਂ ਸ੍ਰੋਤਾ ਸਮੂਹ ਦੀ ਹੋਂਦ ਤੋਂ ਬੇਖਬਰ। ਇਹ ਪ੍ਰਭੂ ਉਹਨਾਂ ਲਈ ਦੁਨੀਆਂ ਦੀ ਮਿੱਠੀ ਤੋਂ ਮਿੱਠੀ ਚੀਜ ਤੋਂ ਵੀ ਵੱਧ ਮਿੱਠਾ ਤੇ ਪਿਆਰਾ ਹੈ। ਇਹ ਸੰਬੋਧਨੀ ਬਿਰਤੀ ਸਲੋਕਾਂ ਨੂੰ ਪ੍ਰਗਤੀ ਕਾਵਿ ਦੇ ਸ਼ਕਤੀਸ਼ਾਲੀ ਰੂਪ ਵਜੋਂ ਉਭਾਰਦੀ ਹੈ।

ਸਲੋਕ ਦੀ ਸੁਤਰਿਕ ਸ਼ੈਲੀ ਅਤੇ ਪਰੰਪਰਾਗਤ ਲੋਕ ਪ੍ਰਿਯਤਾ ਕਾਰਨ ਦੋ ਤੁਕਾਂ ਵਾਲੀਆਂ ਮੁਤਾਬਿਕ ਰਚਨਾਵਾਂ ਆਧੁਨਿਕ ਯੁਗ ਦੇ ਪੰਜਾਬੀ ਕਵੀ ਵੀ ਕਦੇ ਕਦੇ ਰਚਦੇ ਰਹੇ ਹਨ। ਇਹਨਾਂ ਨੂੰ ਉਹ ਸਲੋਕ ਦਾ ਨਿਸਚਿਤ ਨਾਮ ਦੇਣ ਦੀ ਥਾਂ ਦੋਹਾ ਕਹਿ ਦਿੰਦੇ ਹਨ। ਇਥੇ ਦੋਹਾ ਤੋਂ ਉਹਨਾਂ ਦਾ ਭਾਵ ਦੋਹਿਰਾ ਨਾਮੀ ਮਾਤ੍ਰਿਕ ਛੰਦ ਨਹੀਂ, ਕੇਵਲ ਦੋ ਸਤਰਾਂ ਦਾ ਮੁਕਤਕ ਹੀ ਹੈ। ਜਿਸਨੂੰ ਪਰੰਪਰਾਗਤ ਰੂਪ ਵਿਚ ਸਲੋਕ ਵਜੋਂ ਪਛਾਣਿਆ ਜਾਂਦਾ ਹੈ। ਉਵੇਂ ਦੋਹਰੇ ਦੇ ਵੀ ਦੋ ਹੀ ਚਰਨ ਹੁੰਦੇ ਹਨ ਤੇ ਹਰ ਚਰਨ ਭਾਵ ਤੁਕ ਵਿਚ 24 ਮਾਤਰਾਵਾਂ ਜਿਨ੍ਹਾਂ ਵਿਚ ਪਹਿਲਾ ਵਿਸ਼ਰਾਮ 13 ਮਾਤਰਾਵਾਂ ਉੱਤੇ ਹੁੰਦਾ ਹੈ ਤੇ ਦੂਜਾ 11 ਉੱਤੇ।

ਸਲੋਕ ਮੂਲ ਰੂਪ ਵਿਚ ਲੋਕ-ਕਾਵਿ ਦਾ ਹੀ ਇਕ ਰੂਪ ਹੈ। ਸਲੋਕ ਦੇ ਸ਼ਾਬਦਿਕ ਅਰਥ ਪ੍ਰਸ਼ਸਾ ਹਨ। ਹੌਲੀ ਹੌਲੀ ਇਹ ਉਸ ਕਾਵਿ ਰੂਪ ਲਈ ਰਾਖਵੇਂ ਅਤੇ ਰੂੜ ਹੋ ਗਿਆ ਜਿਸ ਵਿੱਚ ਕਿਸੇ ਦੇਵਤੇ ਦੀ ਮਹਮਾ ਜਾਂ ਜਸ ਹੋਵੇ। ਮੱਧਕਾਲ ਵਿਚ ਨੀਤੀ ਦੇ ਆਚਾਰ ਵਿਹਾਰ ਦੀ ਅਭਿਵਿਆਕਤੀ ਸ਼ਲੋਕਾਂ ਵਿਚ ਕੀਤੀ ਗਈ ਹੈ। ਭਰਤਰੀ ਹਰੀ ਦੇ ਤਿੰਨ ਸਲੋਕ ਵਿਚ ਹਨ। ਸਲੋਕ ਦੀ ਲੈਅ, ਛੰਦ ਅਤੇ ਪੰਕਤੀਆਂ ਦੀ ਗੀਣਤੀ ਨਿਸ਼ਚਿਤ ਨਹੀਂ। ਫਿਰ ਵੀ ਫਿਰ ਵੀ ਇਸ ਦੇ ਪ੍ਰਧਾਨ ਛੰਦ ਦੋਹਰਾ ਅਤੇ ਚੌਪਾਈ ਹਨ। ਪੰਜਾਬੀ ਵਿਚ ਸਲੋਕ ਸੁਣਾਉਣ ਜਿਹੇ ਮੁਹਾਵਰੇ ਦਾ ਜਨਮ ਹੋਇਆ ਹੈ।

**ਸ਼ਬਦ ਕਾਵਿ ਰੂਪ ਦਾ ਸਰੂਪ ਅਤੇ ਲੱਛਣ:**

ਮੱਧਕਾਲੀ ਕਾਵਿ ਰੂਪਾਂ ਵਿਚੋਂ ਅਨੇਕਾਂ ਕਵੀਆਂ ਵੱਲੋਂ ਅੱਲਗ ਅੱਲਗ ਕਾਵਿ-ਰੂਪਾਂ ਨੂੰ ਵਰਤਿਆ ਗਿਆ ਹੈ ਉਹਨਾਂ ਵਿਚੋਂ ਇਕ ਹੈ ਸ਼ਬਦ। ਇਹ ਕਾਵਿ-ਰੂਪ ਭਾਰਤ ਦੇ ਕਲਾਸੀਕਲ ਦੌਰ ਵਿਚ ਨਹੀਂ ਸਗੋਂ ਮੱਧਕਾਲ ਵਿਚ ਹੀ ਵਿਕਸਿਤ ਹੋਇਆ ਹੈ। ਇਸਦੀ ਵਰਤੋਂ ਵਧੇਰੇ ਭਗਤ ਕਵੀਆਂ ਨੇ ਕੀਤੀ ਹੈ। ਜਿਸ ਵਿਚ ਬਾਬਾ ਫਰੀਦ, ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਆਦਿ ਹੋਰ ਬਹੁਤ ਸਾਰੇ ਮੱਧਕਾਲੀ ਕਵੀਆਂ ਨੇ ਇਸ ਕਾਵਿ ਰੂਪ ਨੂੰ ਵਰਤਿਆ ਹੈ। ਇਸ ਵਿਚ ਸ਼ਲੋਕ ਨਾਲੋਂ ਕੁਝ ਲਮੇਰੇ ਆਕਾਰ ਦੀ ਰਚਨਾ ਕੀਤੀ ਜਾਂਦੀ ਹੈ ਅਤੇ ਨੈਤਿਕ ਸਿਖਿਆ ਨਾਲੋਂ ਭਗਤੀ ਜਾਂ ਪ੍ਰੇਮ ਦੀ ਭਾਵਨਾ ਨੂੰ ਵਧੇਰੇ ਵਿਅਕਤ ਕੀਤਾ ਜਾਂਦਾ ਹੈ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥1॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆ ਸਫਲੁ ਸੇ ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥

ਇਸ ਸ਼ਬਦ ਵਿਚ ਕਵੀ ਨੇ ਰੱਬੀ ਪਿਆਰ ਦੀ ਭਾਵਨਾ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਪੇਸ਼ ਕੀਤਾ ਹੈ ਜਿਸ ਨਾਲ ਪਾਠਕ ਜਾਂ ਸਰੋਤੇ ਦੇ ਮਨ ਉੱਤੇ ਇਕ ਖ਼ਾਸ ਕਿਸਮ ਦਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੇ 4 ਸ਼ਬਦ ਫਰੀਦ ਬਾਣੀ ਵਿਚ ਮਿਲਦੇ ਹਨ। ਸੇਖ ਫਰੀਦ ਦੇ ਚਾਰ ਸ਼ਬਦ ਰਾਗ ਵਿਚ ਦਰਜ ਹਨ ਜਿਨਾਂ ਵਿਚੋ ਦੋ ਸ਼ਬਦ ਰਾਗ ਆਸਾ ਵਿਚ ਹਨ ਅਤੇ ਦੋ ਸ਼ਬਦ ਰਾਗ ਸੂਹੀ ਵਿਚ ਦਰਜ ਹੈ। ਬਾਬਾ ਫ਼ਰੀਦ ਜੀ ਨੇ ਸੰਦੇਸ਼ ਸੰਚਾਰ ਕਰਨ ਲਈ ਸ਼ਬਦ ਕਾਵਿ-ਰੂਪ ਨੂੰ ਚੁਣਿਆ ਹੈ। ਇਸ ਰਾਹੀਂ ਬਾਬਾ ਫ਼ਰੀਦ ਜੀ ਨੇ ਆਪਣੇ ਕਲਾਮ ਵਿਚ ਵੱਡੇ ਤੋਂ ਵੱਡੇ ਅਧਿਆਤਮਕ ਸੰਦੇਸ਼ ਨੂੰ ਸੌਖੇ ਤੋਂ ਸੌਖੇ ਪ੍ਰਤੀਕ-ਵਿਧਾਨ ਵਿਚ ਢਾਲ ਕੇ ਪੇਸ਼ ਕੀਤਾ ਹੈ।

## ਸ਼ਬਦ ਕਾਵਿ ਰੂਪ ਦੇ ਲੱਛਣ

'ਸ਼ਬਦ' ਦੇ ਕੋਸ਼ਗਤ ਅਰਥ ਹਨ ਧੁਨੀ, ਆਵਾਜ਼। ਸ਼ਬਦ ਦੇ ਦੋ ਪ੍ਰਕਾਰ ਹਨ-ਵਰਣਾਤਮਕ ਅਤੇ ਧੁਨੀ-ਆਤਮਕ। ਵਾਗ-ਸੰਤ੍ਰ (ਬੋਲਣ-ਇੰਦਰੀ) ਦੁਆਰਾ ਪੈਦਾ ਹੋਣ ਵਾਲੇ ਸ਼ਬਦ ਵਰਣਾਤਮਕ ਹਨ ਅਤੇ ਢੋਲ, ਤਾੜੀ, ਛੈਣੇ ਤੋਂ ਪੈਦਾ ਹੋਣ ਵਾਲੇ ਸ਼ਬਦ ਧੁਨੀ-ਆਤਮਕ ਕਹੇ ਜਾਂਦੇ ਹਨ। ਵਰਣਾਤਮਕ ਸ਼ਬਦਾਂ ਦੀਆਂ ਵੀ ਅੱਗੋਂ ਦੋ ਕਿਸਮਾਂ ਹਨ-ਵਿਅਕਤ (ਸਾਰਥਕ) ਅਤੇ ਅਵਿਅਕਤ (ਨਿਰਰਥਕ) ਵਿਆਕਰਣ ਅਨੁਸਾਰ ਉਹ ਵਰਣ ਸਮੂਹ, ਜੋ ਸਾਰਥਕ ਹੋਵੇ, ਸ਼ਬਦ ਅਖਵਾਂਦਾ ਹੈ।

ਮਹਾਪੁਰਸ਼ ਸੰਤਾਂ, ਫ਼ਕੀਰਾਂ ਦੇ ਬੋਲਾਂ ਜਾਂ ਬਾਣੀ ਦੇ ਪਦਿਆਂ ਨੂੰ ਵੀ ਸਬਦ/ਸ਼ਬਦ ਕਿਹਾ ਜਾਂਦਾ ਹੈ। ਇਹ ਪਰਮਾਤਮਾ ਦਾ ਇਕ ਵਾਚਕ ਵੀ ਹੈ। ਸ਼ਬਦ ਬ੍ਰਹਮ ਦੀ ਧਾਰਣਾ ਬਹੁਤ ਪੁਰਾਣੀ ਹੈ। ਰਿਗਵੇਦ (1/64/65) ਵਿਚ ਇਸ ਦਾ ਵਰਣਨ ਪ੍ਰਸ਼ਯੰਤੀ ਰੂਪ ਵਿਚ ਹੋਇਆ ਹੈ। ਕਠ ਉਪਨਿਸ਼ਦ (1/2/16) ਅਨੁਸਾਰ ਸ਼ਬਦ-ਬ੍ਰਹਮ ਦੇ ਗਿਆਨ ਨਾਲ ਮਨੁੱਖ ਮਨ-ਇਛਿਤ ਕਾਮਨਾਵਾਂ ਪੂਰੀਆਂ ਕਰ ਲੈਂਦਾ ਹੈ। ਮਾਂਡੂਕ੍ਯ ਉਪਨਿਸ਼ਦ (ਮੰਤਰ 1) ਵਿਚ ਵੀ ਸ਼ਬਦ ਦੀ ਮਹਿਮਾ ਓਅੰਕਾਰ ਰੂਪ ਵਿਚ ਗਾਈ ਗਈ ਹੈ। ਬ੍ਰਹਮਸੂਤ੍ਰ ਸ਼ਾਂਕਰ ਭਾਸ਼੍ਯ (1/3/28) ਵਿਚ ਸ਼ਬਦ ਤੋਂ ਸੰਸਾਰ ਦੀ ਉਤਪੱਤੀ ਮੰਨੀ ਗਈ ਹੈ। ਪੁਰਾਣਾਂ ਵਿਚ ਵੀ ਸ਼ਬਦ-ਬ੍ਰਹਮ ਦਾ ਜ਼ਿਕਰ ਹੋਇਆ ਹੈ। ਨਾਥ ਪੰਥੀਆਂ ਨੇ ਵੀ ਸ਼ਬਦ ਦੇ ਮਹੱਤਵ ਦੀ ਸਥਾਪਨਾ ਕੀਤੀ ਹੈ। ਗੋਰਖਨਾਥ ਨੇ ਸ਼ਬਦ ਨੂੰ ਹੀ ਤਾਲਾ ਅਤੇ ਕੁੰਜੀ ਕਿਹਾ ਹੈ। ਸ਼ਬਦ ਰਾਹੀਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸ਼ਬਦ ਤੋਂ ਹੀ ਸ਼ਬਦ ਦਾ ਪਰਿਚਯ ਮਿਲਦਾ ਹੈ ਅਤੇ ਸ਼ਬਦ ਦਾ ਅੰਤ ਵੀ ਸ਼ਬਦ ਵਿਚ ਹੁੰਦਾ ਹੈ।

ਸ਼ਬਦ ਦੀ ਰਚਨਾ ਤਾਂ ਭਾਰਤ ਵਿਚ ਬਹੁਤ ਪੁਰਾਣੇ ਸਮੇਂ ਤੋਂ ਅਰਥਾਤ ਵੈਦਿਕ ਕਾਲ ਤੋਂ ਹੀ ਹੁੰਦੀ ਰਹੀ ਹੈ। ਇਹ ਇਕ ਅਜਿਹਾ ਕਾਵਿ-ਰੂਪ ਹੈ ਜਿਸ ਵਿਚ ਭਾਵ ਸੰਚਾਰ ਦੀ ਸੰਜਮ ਅਤੇ ਸੰਖੇਪਤਾ ਹੁੰਦੀ ਹੈ। ਇਸ ਵਿਚ ਕਵੀ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਇਸ ਢੰਗ ਨਾਲ ਪ੍ਰਸਤੁਤ ਕਰਦਾ ਹੈ ਕਿ ਪਾਠਕ ਜਾਂ ਸਰੋਤੇ ਦੇ ਮਨ ਉੱਤੇ ਬੱਝਵਾਂ ਪ੍ਰਭਾਵ ਪੈਂਦਾ ਹੈ। ਮਿਸਾਲ ਦੇ ਤੌਰ ਤੇ ਫਰੀਦ ਬਾਣੀ ਦੇ ਕੁਝ ਸ਼ਲੋਕ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਸ਼ਬਦ ਕਾਵਿ ਰਾਹੀਂ ਮੱਧਕਾਲੀ ਕਵੀਆਂ ਨੇ ਲੁਕਾਈ ਅੱਗੇ ਆਪਣੇ ਵਿਚਾਰ ਬੜੇ ਹੀ ਸੰਜਮ ਅਤੇ ਅਸਰਦਾਰ ਢੰਗ ਨਾਲ ਪੇਸ਼ ਕੀਤੇ ਹਨ ਜੋ ਮਨੁਖ ਨੂੰ ਅਹਿੰਸਾ ਵਲ ਪ੍ਰੇਰਦੇ ਹਨ।

ਗੁਰਬਾਣੀ ਵਿਚਲੀ ਸ਼ਬਦ ਕਾਵਿ ਬਾਣੀ ਵਿਚ ਪੇਸ਼ ਕੀਤੇ ਗਏ ਅਲੰਕਾਰ, ਬਿੰਬ ਅਤੇ ਰਸ-ਵਿਧਾਨ ਅਜਿਹੇ ਬਣਾ ਕੇ ਪੇਸ਼ ਕੀਤੇ ਗਏ ਹਨ ਕਿ ਪਾਠਕ ਨੂੰ ਬੌਧਿਕ ਪੱਧਰ 'ਤੇ ਜਾ ਕੇ ਸਮਝਾਉਂਦੇ ਹਨ। ਅਤਿ ਸਰਲ ਤੇ ਸਪੱਸ਼ਟ ਅਤੇ ਬਹੁਤ ਹੀ ਭਾਵ-ਭਿੰਨੀ ਹੋਣ ਕਰਕੇ ਇਹ ਆਮ ਲੋਕਾਂ ਵਿਚ ਹਰਮਨ-ਪਿਆਰਾ ਕਾਵਿ ਰੂਪ ਬਣ ਗਿਆ ਹੈ। ਜੇਕਰ ਇਸ ਪੱਖ ਨੂੰ ਹੋਰ ਸਪੱਸ਼ਟ ਕਰਕੇ ਵੇਖਣਾ ਹੋਵੇ ਤਾਂ ਬਾਬਾ

ਫ਼ਰੀਦ ਜੀ ਦੇ ਸਦਾਚਾਰ ਸੰਬੰਧੀ ਉਪਦੇਸ਼ਾਂ ਨੂੰ ਰੂਪਮਾਨ ਕਰਦੇ ਸ਼ਬਦਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ ਜਿਨ੍ਹਾਂ ਵਿਚ ਜ਼ਿੰਦਗੀ ਦੇ ਉੱਚੇ-ਸੁੱਚੇ ਮੁੱਲਾਂ 'ਤੇ ਡਟ ਕੇ ਪਹਿਰਾ ਦੇਣ ਦੀ ਗੱਲ ਕੀਤੀ ਗਈ ਹੈ।

## ਅਸ਼ਟਪਦੀ ਕਾਵਿ ਰੂਪ ਦਾ ਸਰੂਪ ਅਤੇ ਲੱਛਣ:

ਜਿਸ ਪਦ-ਸਮੂਹ ਵਿੱਚ ਅੱਠ ਪਦੇ ਜਾਂ ਪਦੀਆਂ ਸਕਿੰਲਿਤ ਹੋਣ, ਉਸਨੂੰ 'ਅਸ਼ਟਪਦੀ ' ਕਿਹਾ ਜਾਂਦਾ ਹੈ। ਜਿਸ ਪ੍ਰਕਾਰ 'ਚਉਪਦੇ' ਇੱਕ ਪਦ ਸਮੂਹ ਦਾ ਨਾਂ ਹੈ। ਉਸੇ ਪ੍ਰਕਾਰ 'ਅਸ਼ਟਮੀ' ਵੀ ਪਦ-ਸਮੂਹ ਦਾ ਨਾਂ ਹੈ। ਇਸ ਕਰਕੇ ਇਹ ਕੋਈ ਛੰਦ-ਭੇਦ ਨਹੀਂ ਹੈ। ਅੱਠ ਪਦੇ ਜਾਪਦੀਆਂ ਸੰਕਲਿਤ ਹੋਣ ਵਾਲੇ ਪਦ-ਸਮੂਹ ਨੂੰ 'ਅਸ਼ਟਪਦੀ' ਕਿਹਾ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਸੱਤ ਤੋਂ ਲੈ ਕੇ ਬਾਰਾਂ ਪਦਿਆ/ ਪਦੀਆਂ ਦੇ ਸਮੂਹ ਵੀ 'ਅਸ਼ਟਪਦੀ' ਸਿਰਲੇਖ ਅਧੀਨ ਰੱਖਿਆ ਗਿਆ ਹੈ ਕਿਉਂਕਿ ਇਸ ਪ੍ਰਕਾਰ ਦੇ ਪਦ-ਸਮੂਹਾਂ ਵਿਚੋਂ ਅਧਿਕਾਂਸ਼ ਅਸ਼ਪਦੀਆਂ ਹਨ। 'ਪਦਾ' ਨੂੰ 'ਬੰਦ' ਵੀ ਕਿਹਾ ਜਾਂਦਾ ਹੈ। ਗੁਰਬਾਣੀ ਦੇ ਵਿੱਚ ਇਹਨਾਂ ਪਦੇ। ਪਦੀਆਂ ਦੀ ਤੁਕ ਸੰਖਿਆ ਇੱਕ ਤੋਂ ਦਸ ਤਕ ਦੱਸੀ ਜਾਂਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ' ਹਰ ਪਹਿਲੇ ਪਦੇ ਬੰਦ ਤੋਂ ਬਾਅਦ ਇੱਕ ਜਾਂ ਦੋ ਪੰਕਿਤੀਆਂ ਰਹਾਉ(ਟੇਕ) ਦੀਆਂ ਹੁੰਦੀਆਂ ਹਨ ਜਿਹਨਾਂ ਵਿੱਚ ਸਾਰੀ ਅਸ਼ਟਪਦੀ ਦਾ ਕੇਂਦਰੀ ਭਾਵ ਸੰਯੋਜਿਤ ਹੁੰਦਾ ਹੈ। ' ਰਹਉ ਦਾ ਅਰਥ ਹੀ ਠਹਿਰਾਉ ਹੁੰਦਾ ਹੈ। ਰਹਾਉ (ਟੇਕ) ਦੀਆਂ ਪੰਕਤੀਆਂ ਵਿੱਚ ਹੀ ਸਾਰੀ ਅਸ਼ਟਪਦੀ ਦਾ ਅਰਥ ਸਮਝ ਆਉਂਦਾ ਹੈ। ਅਸ਼ਟਪਦੀਆਂ ਵਿੱਚ ਗੁਰੂ ਸਾਹਿਬਾਨ ਦੇ ਰੱਹਸਵਾਦੀ ਅਨੁਭਵ ਦੇ ਨਾਲ –ਨਾਲ ਉਹਨਾਂ ਦੇ ਧਾਰਮਿਕ ਦ੍ਰਿਸ਼ਟੀਕੋਣ ਦੀ ਵੀ ਗੰਭੀਰ ਵਿਆਖਿਆ ਹੋਈ ਮਿਲਦੀ ਹੈ। 'ਅਸ਼ਟਪਦੀਆਂ ਵਿੱਚ ਚੌਪਈ, ਨਿਸ਼ਾਨੀ, ਉਪਾਸਨਾ, ਸਾਰ ਆਦਿ ਛੰਦਾਂ ਦੇ ਲੱਛਣਾਂ ਨੂੰ ਘਟਾਇਆ ਜਾ ਸਕਦਾ ਹੈ। 'ਸੁਖਮਨੀ ਸਾਹਿਬ' ਵਿੱਚ 29 ਅਸ਼ਟਪਦੀਆਂ ਮਿਲਦੀਆਂ ਹਨ।

ਪ੍ਰਤੀਤ ਹੁੰਦਾ ਹੈ ਕਿ ਸੱਤ ਪਦ ਜਾਂ ਇਸ ਤੋਂ ਵਧੇਰੇ ਪਦਾਂ ਦੇ ਸਮੂਹ ਵਾਲੀਆਂ ਕਾਵਿ ਰਚਨਾਵਾਂ ਨੂੰ ਅਸਟਪਦੀ ਦਾ ਨਾਮ ਦੇਣ ਦੀ ਪਰੰਪਰਾ ਰਹੀ ਹੈ। ਘੱਟੋ ਘੱਟ ਗੁਰੂ ਗ੍ਰੰਥ ਸਾਹਿਬ ਨਾਲ ਵਿਚ ਅੰਕਿਤ ਅਸ਼ਟਪਦੀਆਂ ਦਾ ਰੂਪ ਵਿਧਾਨ ਇਹੋ ਦ੍ਰਿੜ ਕਰਵਾਉਂਦਾ ਹੈ। ਸੋ ਲਈ ਇਥੇ ਸੱਤ ਪਦੀਆਂ ਵਾਲੇ ਰੂਪ ਵੀ ਹਨ ਅਤੇ ਸਤਾਈ ਪਦਾਂ ਵਾਲੀਆਂ ਵੀ। ਇਕ ਹੋਰ ਗੱਲ ਨੋਟ ਕਰਨ ਵਾਲੀ ਹੈ ਕਿ ਅਸ਼ਟਪਦੀਆਂ ਵਿਚ ਪਦੇ ਇਕ ਇਕ ਤੁਕ ਦੇ ਹੀ ਹਨ। ਅਸ਼ਪਦੀਆਂ ਦੇ ਬੰਦ ਇਕ ਤੁਕੇ, ਦੋ ਤੁਕੇ, ਤਿੰਨ ਤੁਕੇ, ਚਾਰ ਤੇ ਅੱਠ ਤੁਕੇ ਜਾਂ ਦਸ ਤੁਕਾ ਵਾਲੇ ਵੀ ਹੋ ਸਕਦੇ ਹਨ। ਇਸ ਕਰੇ ਗੁਰੂ ਗ੍ਰੰਥ ਸਾਹਿਬ ਵਿਚ ਨਾ ਬੰਦ ਬਾਰੇ ਕੋਈ ਕਰੜਾ ਨੇਮ ਹੈ ਅਤੇ ਨਾ ਹੀ ਤੁਕ ਸੰਖੀਆ ਬਾਰੇ। ਡਾ. ਮਹਿੰਦਰ ਕੌਰ ਗਿੱਲ ਨੇ ਆਪਣੀ ਪੁਸਤਕ 'ਬਾਣੀ : ਰੂਪ ਪ੍ਰਬੰਧ' ਵਿਚ ਅਸ਼ਟਪਦੀਆਂ ਨੂੰ ਵਿਸ਼ੇ ਪੱਖੋਂ ਮਹਿਮਾਮਈ ਬਿਰਤੀ ਨਾਲ ਜੋੜਿਆ ਹੈ। ਉਸ ਅਨੁਸਾਰ ਇਹ ਮਹਿਮਾ ਪ੍ਰਭੂ ਦੀ ਵੀ ਹੋ ਸਕਦੀ ਹੈ। ਉਸਦੇ ਨਾਮ ਦੀ ਵੀ, ਸੰਤ ਦੀ ਵੀ ਉਦਸੇ ਗੁਰੂ ਦੀ ਵੀ। ਸਪਖਮਨੀ ਦੀਆਂ ਅਸ਼ਟਪਦੀਆਂ ਸੰਤ, ਨਾਮ, ਸਾਧ, ਬ੍ਰਹਮਗਿਆਨੀ, ਦੀ ਮਹਿਮਾ ਕਰਦਿਆਂ ਹੋਇਆਂ ਇਸ ਕਾਵਿ ਰੂਪ ਦੇ ਵਰਣਾਤਮਕ ਸਰੂਪ ਨੂੰ ਉਜਾਗਰ ਕਰਦੀਆਂ ਹਨ। ਇਸ ਦੇ ਬਾਵਜੂਦ ਇਸ ਕਾਵਿ ਰੂਪ ਨੰ ਵਰਣਾਤਮਕ ਰੂਪਾਕਾਰ ਦੀਆਂ ਸੀਮਾਵਾਂ ਤੋੜ ਕੇ ਪ੍ਰਗਤੀ ਦੇ ਖੇਤਰ ਵਿਚ ਪ੍ਰਵੇਸ਼ ਕਰਦਿਆਂ ਵੇਖਿਆ ਜਾ ਸਕਦਾ ਹੈ। ਗੁਰੂ ਕਾਵਿ ਇਸ ਕਿਸਮ ਦੀ ਖੁੱਲ੍ਹ ਅਕਸਰ ਲੈਂਦਾ ਹੈ। ਉਂਜ, ਗੁਰੂ ਕਾਵਿ ਦੀ ਸਮੁੱਚੀ ਪ੍ਰਕਿਰਤੀ ਪ੍ਰਗੀਤਕ ਵਧੇਰੇ ਹੈ। ਅਸ਼ਟਪਦੀ ਬਾਰੇ ਉਪਰੋਤਕ ਕਾਵਿ ਸਾਸ਼ਤਰੀ ਧਾਰਨਾਵਾਂ ਦੀ ਸਪਸ਼ਟਤਾ ਹਿੱਤ ਗੁਰੂ ਨਾਨਕ ਰਚਿਤ ਇਕ ਅਸ਼ਟਪਦੀ ਦੀ ਉਦਾਹਰਨ ਇਥੇ ਦੇ ਰਹੇ ਹਾਂ

**ਉਦਾਹਰਨ**

ਚੋਆ ਚੇਦਨੁ ਅੰਕਿ ਚਰਾਵਉ।।
ਪਾਟ ਪਟੰਬਰ ਪਹਿਰਿ ਹਢਾਵਉ।।
ਬਿਨ ਹਰਿ ਨਾਮ ਕਹਾ ਸੁਖੁ ਪਾਵਉ।।1
ਕਿਆ ਪਹਿਰਉ ਕਿਆ ਓਢਿ ਦਿਖਾਵਉ।।
ਬਿਨੁ ਜਗਦੀਸ਼ ਕਹਾ ਸੁਖੁ ਪਾਵਉ।।ਰਹਾਓ
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ।।
ਲਾਲ ਨਿਹਾਲੀ ਫੂਲ ਗੁਲਾਲਾ।।
ਬਿਨ ਜਗਦੀਸ਼ ਕਹਾ ਸੁਖੁ ਭਾਲਾ।।2
ਨੈਨ ਸਲੋਨੀ ਸੁੰਦਰ ਨਾਰੀ।।
ਖੋੜ ਸੀਗਾਰ ਕਰੈ ਅਤਿ ਪਿਆਰੀ।।
ਬਿਨ ਜਗਦੀਸ਼ ਭਜੇ ਨਿੱਤ ਖੁਆਰੀ।।3

ਦਰ ਘਰ ਮਹਲਾ ਸੇਜ ਸੁਖਾਲੀ॥
ਅਹਿਨਿਸਿ ਫੂਲ ਵਿਛਾਵੇ ਮਾਲੀ॥
ਬਿਨ ਰਹਿ ਨਾਮ ਸੁ ਦੇਹਿ ਦੁਖਾਲੀ॥4
ਹੈਵਰ ਗੈਵਰ ਨੇਜੇ ਵਾਜੇ॥
ਲਸਕਰ ਨੇਬ ਖਵਾਸੀ ਪਾਜੇ॥
ਬਿਨ ਜਗਦੀਸ਼ ਝੂਠੇ ਦਿਵਾਜੇ॥5
ਸਿਧ ਕਹਾਵਉ ਰਿਧਿ ਸਿਧਿ ਬੁਲਾਵਉ॥
ਤਾਜ ਕੁਲਹ ਸਿਰਿ ਛਤ੍ਰ ਬਨਵਾਉ॥
ਬਿਨ ਜਗਦੀਸ਼ ਕਹਾ ਸਚੁ ਪਾਵਉ॥6
ਕਾਨ ਮਲੂਕੁ ਕਹਾਵਉ ਰਾਜਾ॥
ਅਬੇ ਅਬੇ ਕੂੜੇ ਹੈ ਪਾਜਾ॥
ਬਿਨ ਗੁਰ ਸ਼ਬਦ ਨ ਸਵਰਸਿ ਕਾਜਾ॥7
ਹਉਮੈ ਮਮਤਾ ਗੁਰ ਸ਼ਬਦਿ ਵਿਸਾਰੀ॥
ਗੁਰਮਿਤ ਜਾਨਿਆ ਰਿਦੈ ਮੁਰਾਰੀ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ॥8

ਉਪਰੋਕਤ ਅਸ਼ਟਪਦੀ ਦੇ ਅੱਠ ਪਦ ਹਨ। ਰਹਾਉ ਵਾਲਾ ਪਦ ਇਸ ਤੋਂ ਅਤਿਰਿਕਤ ਹੈ। ਹਰ ਪਦ ਵਿਚ ਅੱਗੋਂ ਤਿੰਨ ਸਤਰਾਂ ਹਨ। ਪਰ ਰਹਾਉ ਵਾਲੇ ਪਦ ਵਿਚ ਦੋ ਹੀ ਸਤਰਾਂ ਹਨ। ਇਹ ਅਸ਼ਟਪਦੀ ਦਾ ਬਿਰਤਾਂਤ ਕੇਵਲ ਇਹ ਹੈ ਕਿ ਅਕਾਲ ਪੁਰਖ ਤੇ ਉਸਦੇ ਨਾਮ ਬਿਨਾ ਕੋਈ ਚਾਰਾ ਨਹੀਂ ਪਰ ਇਸ ਬਿਰਤਾਂਤ ਉੱਤੇ ਪ੍ਰਗੀਤਕ ਛਾਪ ਬਹੁਤ ਗਹਿਰੀ ਹੈ। ਗੁਰੂ ਨਾਨਕ ਰਚਿਤ ਇਹ ਅਸ਼ਟਪਦੀ ਲੋਕ ਰੂਪਾਕਾਰ ਨੂੰ ਸਹਿਜੇ ਹੀ ਆਪਣੀ ਦਾਰਸ਼ਨਿਕ ਲੋੜ ਅਨੁਕੂਲ ਢਾਲਦੀ ਦਿੱਸਦੀ ਹੈ। ਅਸਟਪਦੀ ਨੂੰ ਭਾਵੇਂ ਅਸੀਂ ਬਿਰਤਾਂਤਕ ਵਰਗ ਵਿਚ ਰੱਖਿਆ ਹੈ ਪ੍ਰੰਤੂ ਇਸ ਵਿਚ ਬਿਰਤਾਂਤ ਦੀ ਥਾਂ ਵਰਣਨ ਹੀ ਪੇਸ਼ ਹੈ ਤੇ ਇਸ ਵਰਣਨ ਉੱਤੇ ਵੀ ਪ੍ਰਗੀਤਤ ਛਾਪ ਹੈ।

## ਬਾਰਾਹਮਾਹ ਕਾਵਿ ਰੂਪ ਦਾ ਸਰੂਪ ਅਤੇ ਲੱਛਣ

ਬਾਰਾਹਮਾਹ ਉਹ ਕਾਵਿ ਰੂਪ ਹੈ ਜਿਸ ਦੇ ਲੋਕ ਸਾਹਿਤ ਤੇ ਵਿਸਿਸ਼ਟ ਸਾਹਿਤ ਦੋਹਾਂ ਰੂਪਾਂ ਵਿਚ ਬਰਾਬਰ ਮਾਣ ਪ੍ਰਪਤ ਕੀਤਾ ਹੈ। ਬਾਰਾਹਮਾਹ ਕਾਵਿ ਰੂਪ ਦਾ ਵਿਕਾਸ ਭਾਰਤੀ ਸਾਹਿਤ ਵਿਚ ਪ੍ਰਪਤ ਖਟ ਰਿਤੂ ਵਰਣਨ ਜਾਂ ਰੁਤੀ ਕਾਵਿ ਰੂਪ ਵਿਚੋਂ ਹੋਇਆ। ਖਟ ਰਿਤੂ ਵਰਣਨ ਵਿਚ ਛੇ ਰੁੱਤਾਂ ਬਸੰਤ (ਚੇਤ ਵਿਸਾਖ), ਗ੍ਰੀਖਮ (ਜੇਠ ਹਾੜ), ਬਰਸਾਤ (ਸੌਣ ਭਾਦੋਂ) ਸ਼ਰਦ (ਅਸ਼ੂ ਕਤਕ), ਹੇਮਤ (ਮੱਘਰ ਪੋਹ), ਤੇ ਸ਼ਿਸ਼ਰ (ਮਾਘ ਫਗਣ) ਵਿਚ ਪ੍ਰਕਿਰਤੀ ਵਰਣਨ ਕਰਦੇ ਹੋਏ ਜੀਵਨ ਦੀਆਂ ਖੁਸ਼ੀਆਂ ਗਮੀਆਂ ਨੂੰ ਪੇਸ਼ ਕੀਤਾ ਜਾਂਦਾ ਸੀ। ਭਾਵੇ ਛੇ ਰੁਤਾਂ ਵਾਂਗ ਹੀ ਬਾਰਾਂ ਮਹਿਨਿਆਂ ਦਾ ਅੱਡੋ ਅੱਡ ਵਰਣਨ ਬਾਰਾਮਾਹ ਦਾ ਆਧਾਰ ਬਣਿਆ ਪਰ ਇਕ ਅੰਤਰ ਹੋਰ ਵਾਪਰਿਆ। ਉਹ ਸੀ ਵਿਸ਼ੇ ਪੱਖ ਦਾ। ਵਿਸ਼ੇ ਪੱਖੋਂ ਖਟ ਰਿਤੂ ਵਰਣਨ ਵਿਚ ਖੁਸ਼ੀ ਮੰਗਲ ਦੀ ਰਚਨਾ ਵਧੇਰੇ ਹੁੰਦੀ ਹੈ। ਜਦ ਕਿ ਬਾਰਾਹਮਾਹ ਵਿਚ ਬਿਰਹੋਂ ਦੀ ਭਾਵਨਾ ਵਧੇਰੇ ਭਾਰੂ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਬਿਰਹੋਂ ਦੇ ਦੁੱਖਾਂ ਅਤੇ ਤੜਪ ਦਾ 11 ਮਹਿਨੇ ਵਿਚ ਚਿਤਰਨ ਕਰਨ ਉਪਰੰਤ ਅੰਤਲੇ ਮਹਿਨੇ ਵਿਚ ਖੁਸ਼ੀਆਂ ਦਾ ਚੰਨ ਚੜਦਾ ਦਿੱਸਦਾ ਹੈ।

ਪੰਜਾਬ ਵਿਚ ਬਾਰਾਹਮਾਹ ਦੀ ਪਰੰਪਰਾ ਕਾਫੀ ਪੁਰਾਣੀ ਹੈ। ਗਿਆਰਵੀਂ ਸਦੀ ਦੇ ਮਸਉਦ ਸੁਆਦ ਸੁਲੇਮਾਨ ਲਾਹੌਰੀ (1047-1122) ਦਾ ਫਾਰਸੀ ਬਾਰਾਹਮਾਹ ਇਸ ਦਾ ਪ੍ਰਮਾਣ ਹੈ। ਪੰਜਾਬੀ ਵਿਚ ਗੁਰੂ ਨਾਨਕ ਰਚਿਤ ਬਾਰਾਹਮਾਹ (ਤੁਖਾਰੀ) ਇਸ ਕਾਵਿ ਰੂਪ ਦੀ ਸਭ ਤੋਂ ਪਹਿਲੀ ਰਚਨਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਕਾਵਿ ਰੂਪ ਗੁਰੂ ਨਾਨਕ ਦੇ ਸਮੇਂ ਵਿਚ ਲੋਕ ਸਾਹਿਤ ਵਿਚ ਆਪਣੀ ਵਸ਼ਿਸ਼ਟ ਥਾਂ ਬਣਾ ਚੁੱਕਾ ਸੀ। ਪ੍ਰਕਿਰਤੀ ਸਹੁਜ ਕਲਾਤਮਕ ਨਿਪੁਨੰਤਾ ਅਤੇ ਅਧਿਆਤਮਕਤਾ ਪ੍ਰੇਮ ਦਾ ਸੁੰਦਰ ਸੁਮੇਲ ਹੈ। ਗਰੂ ਨਾਨਕ ਬਾਰਾਹਮਾਹ ਵਿਚੋਂ ਉਦਾਹਰਨ ਲਈ ਸਾਵਣ ਮਹੀਨੇ ਦਾ ਬਿਰਤਾਂਤ ਦੇਖੋ।

ਸਾਵਣ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈਂ ਮਨਿ ਤਨਿ ਸਹੁ ਭਾਵੇਂ ਪਿਰ ਪਰਦੇਸਿ ਸਿਦਾਏ ॥
ਪਿਰੁ ਘਰਿ ਨਹੀਂ ਸਹੁ ਭਾਵੇਂ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥

ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਾਇਆ ਦੁਖੁ ਮਾਏ ॥

ਗੁਰੂ ਅਰਜਨ ਦੇਵ ਦਾ ਬਾਰਾਹਮਾਹ ਇਸੇ ਪਰੰਪਰਾ ਦੀ ਅਗਲੀ ਰਚਨਾ ਹੈ। ਇਹ ਉਪਦੇਸ਼ ਪ੍ਰਦਾਨ ਹੈ। ਸਰਲਤਾਂ ਅਤੇ ਰਵਾਨੀ ਇਸ ਦਾ ਵਿਸੇਸ਼ ਗੁਣ ਹੈ। ਉਦਾਹਰਨ ਦੇਖੋ:

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉੱਤਰੈ ਮਨ ਤੇ ਜਾਇ ਗੁਮਾਨ ॥
ਕਾਮਿ ਰਕੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੇ ਮਾਰਗਿ ਚਲਦਿਆ ਉਸਤਿਤ ਕਰੇ ਜਹਾਨ ॥

ਲੋਕ ਕਾਵਿ ਰੂਪਾਂ ਵਜੋਂ ਤਾਂ ਪੰਜਾਬੀ ਬਾਰਾਹਮਾਹ ਪ੍ਰਾਪਤ ਹਨ ਹੀ, ਸੂਫ਼ੀਆਂ ਸੰਤਾਂ ਅਤੇ ਕਿਸਾਕਾਰਾਂ ਨੇ ਵੀ ਇਸ ਕਾਵਿ ਰੂਪ ਦੀ ਭਰਪੂਰ ਵਰਤੋਂ ਕੀਤੀ ਹੈ। ਅਠਾਰਵੀਂ ਉਨ੍ਹੀਵੀਂ ਸਦੀ ਵਿਚ ਵੱਡੀ ਗਿਣਤੀ ਵਿਚ ਬਾਰਾਂਮਾਹੇ ਰਚੇ ਗਏ। ਬਾਰਾਹਮਾਹ ਨੂੰ ਕਿੱਸੇ ਕਹਾਣੀਆਂ ਦੱਸਣ ਲਈ ਵੀ ਵਰਤਿਆ ਗਿਆ। ਪੂਰਮ ਭਗਤ ਕਿਰਤ ਕਲਿਆਣ ਦਾਸ, ਕਿੱਸਾ ਗੋਪੀ ਚੰਦ ਅਤੇ ਸੋਹਣਾ ਗੰਗਾ ਰਾਮ ਇਸ ਦਾ ਪ੍ਰਮਾਣ ਹਨ। ਰਾਧਾ ਕ੍ਰਿਸ਼ਨ ਦੇ ਪ੍ਰੇਮ ਨਾਲ ਸੰਬੰਧਿਤ ਬਾਰਾਹਮਾਹ ਦੇ ਕਾਵਿ ਰੂਪ ਦਾ ਵੱਡਮੁੱਲਾ ਵਿਰਸਾ ਹਨ। ਗੋਪੀਆਂ ਅਤੇ ਕ੍ਰਿਸ਼ਨ ਦਾ ਬਿਰਹਾਂ ਕੇਸੋ ਗੁਣੀ ਦਿਆਲ ਸਿੰਘ, ਸਾਹਿਬ ਸਿੰਘ ਮ੍ਰਿਗਿਦ ਤੇ ਗੁਲਾਮ ਹੁਸੈਨ ਆਦਿ ਕਈ ਕਵੀਆਂ ਨੇ ਬਾਰਾਹਮਾਹ ਦੇ ਕਾਵਿ ਰੂਪ ਨੂੰ ਪੇਸ਼ ਕੀਤਾ। ਹਾਸ਼ਨ, ਹਾਫ਼ਜ ਬਰਖੁਰਦਾਰ ਤੇ ਗੁਲਾਮ ਹੁਸੇਨ ਜਿਹੇ ਮੁਸਲਮਾਨ ਕਵੀਆਂ ਨੇ ਵੀ ਇਸ ਕਾਵਿ ਰੂਪ ਨੂੰ ਵਰਤਿਆ ਹੈ। ਹਜਰਤ ਮਹੁਮਦ ਅਤੇ ਕਾਅਬੇ ਦੇ ਦਰਸ਼ਨ ਦੀ ਸਿਕ ਵੀ ਬਾਰਾਹਮਾਹ ਦੇ ਰੂਪ ਵਿਚ ਪੇਸ਼ ਹੋਈ ਹੈ। ਰਹਿਮ ਬਖਸ਼ ਦਾ ਬਾਰਾਹਮਾਹ ਇਸ ਦਾ ਪ੍ਰਮਾਣ ਹੈ। ਇਸ਼ਕ ਮਜ਼ਾਜ਼ੀ ਦੇ ਖੇਤਰ ਵਿਚ ਕਿਸ਼ਨ ਸਿੰਘ ਆਰਿਫ਼ ਤੇ ਭਗਵਾਨ ਸਿੰਘ ਨੇ ਇਸ ਕਾਵਿ ਰੂਪ ਨੂੰ ਵਰਤਿਆ ਹੈ। ਆਧੁਨਿਕ ਪੰਜਾਬੀ ਸਾਹਿਤ ਰੂਪ ਵਿਚ ਵੀ ਇਸ ਕਾਵਿ ਰੂਪ ਦੀ ਵਰਤੋਂ ਹੋ ਰਹੀ ਹੈ। ਇਸ ਕਾਵਿ ਰੂਪ ਨੂੰ ਮੱਧਕਾਲ ਦੇ ਲਗਪਗ ਹਰ ਕਵੀ ਨੇ ਵਰਤਿਆ। ਇਸ ਦਾ ਬੋਲਬਾਲਾ ਆਧੁਨਿਕ ਕਾਲ ਵਿਚ ਵੀ ਰਿਹਾ। ਇਸ ਨੂੰ ਕਵੀਸ਼ਰਾਂ ਨੇ ਅਤੇ ਆਧੁਨਿਕ ਕਵੀਆਂ ਨੇ ਵੀ ਖ਼ੂਬ ਵਰਤਿਆ।

ਮੂਲ ਰੂਪ ਵਿਚ ਬਾਰਾਹਮਾਹ ਵਰਣਾਤਮਕ ਕਾਵਿ ਦੀ ਹੀ ਇਕ ਕਿਸਮ ਹੈ। ਇਸ ਵਿਚ ਪੇਸ਼ ਵਰਣਨ ਮਹਿਨੇ ਦੀ ਵਿਸ਼ੇਸ਼ਤਾ ਦੇ ਸਮਾਨੰਤਰ ਤੁਰਦਾ ਹੈ। ਇਹ ਇਸ ਕਾਵਿ ਰੂਪ ਦੀ ਪਛਾਣ ਜੁਗਤ ਹੈ। ਇਸ ਕਾਵਿ ਰੂਪ ਨੂੰ ਬਿਰਹਣ ਦੀ ਬਦਲ ਰਹੀ ਮਨੋਸਥਿਤੀ ਦੇ ਵਰਣਨ ਲਈ ਵੀ ਵਰਤਿਆ ਗਿਆ ਹੈ। ਅਜਿਹੇ ਸਮੇਂ ਵਿਚ ਵਰਣਾਤਮਕ ਅੰਸ਼ ਕਾਫੀ ਸੰਘਣਾ ਹੋ ਜਾਂਦਾ ਹੈ। ਬਾਰਾਹਮਾਹ ਉਨ੍ਹਾਂ ਥੋੜੇ ਜਿਹੇ ਕਾਵਿ ਰੂਪਾਂ ਵਿਚੋਂ ਇਕ ਹੈ ਜਿੱਥੇ ਪਰੰਪਰਾਗਤ ਕਾਵਿ ਰੂਪਾਂ ਨੂੰ ਨਵਾਂ ਚੇਤਨਾ ਦੇ ਪ੍ਰਗਟਾਵੇ ਲਈ ਸਫਲਤਾ ਸਹਿਤ ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਤੁਕਾਰੀ ਅਤੇ ਮਾਝ ਰਾਗ ਦੇ ਬਾਰਾਹਮਾਹ ਭਾਵੇਂ ਵਰਣਨਾਤਮਕ ਅੰਸ਼ਾਂ ਤੋਂ ਮੁਕਤ ਨਹੀਂ, ਪ੍ਰੰਤੂ ਗੁਰਬਾਣੀ ਦੇ ਸਮੁੱਚੇ ਪ੍ਰਗੀਤਕ ਸੁਭਾਅ ਅਨੁਰੂਪ ਇਹ ਰਚਨਾਵਾਂ ਸੰਘਣੇ ਪ੍ਰਗੀਤਕ ਅੰਸ਼ਾਂ ਨਾਲ ਉਤਪਤ ਹਨ।

## ਰੁਤੀ ਕਾਵਿ ਰੂਪ ਦਾ ਸਰੂਪ ਅਤੇ ਲੱਛਣ:

ਰੁਤੀ ਮੱਧ-ਕਾਲ ਵਿੱਚ ਪ੍ਰਚਲਿਤ ਇੱਕ ਵਿਸ਼ੇਸ਼ ਕਾਵਿ ਰੂਪਾਕਾਰ ਹੈ। ਇਸ ਦਾ ਪੁਰਾਣਾ ਨਾਮ ਖਟ ਰਿਤੂ ਵਰਣਨ ਸੀ। ਇਸ ਰੂਪਾਕਾਰ ਵਿੱਚ ਮਨੁੱਖ ਦੇ ਦੁੱਖ-ਸੁੱਖ ਦਾ ਵਰਣਨ ਰੁੱਤਾਂ ਨਾਲ ਜੋੜ ਕੇ ਕੀਤਾ ਜਾਂਦਾ ਸੀ। ਇਹੀ ਵਰਣਨ ਕੁਝ ਅੰਤਰ ਨਾਲ ਸਾਲ ਦੇ ਬਾਰਾਂ ਮਹੀਨਿਆਂ ਨਾਲ ਜੁੜ ਕੇ ਬਾਰਾਹਮਾਹ ਦੇ ਕਾਵਿ ਰੂਪਾਕਾਰ ਵਿੱਚ ਤਬਦੀਲ ਹੋਇਆ ਪ੍ਰਤੀਤ ਹੁੰਦਾ ਹੈ। ਲੋਕ-ਕਾਵਿ ਦੇ ਇਸ ਲੋਕ-ਪ੍ਰਿਆ ਰੂਪ ਨੂੰ ਸੰਸਕ੍ਰਿਤ ਕਵੀਆਂ ਦੀ ਅਮੀਰ ਪਰੰਪਰਾ ਤੱਕ ਜੁੜਿਆ ਵੇਖਿਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਦੇ ਜਨਮ ਤੋਂ ਪਹਿਲਾਂ ਪੰਜਾਬੀ ਦੀ ਜਨਮਦਾਤੀ ਅਪਭ੍ਰੰਸ਼ ਦੇ ਕਵੀ ਅਦਹਮਾਨ ਦੇ ਸਨੇਹ ਰਾਸਹਿ ਵਿੱਚ ਛੇ ਰੁੱਤਾਂ ਦਾ ਵਰਣਨ ਹੈ। ਇਸ ਦੇ ਨੇੜੇ ਹੀ ਜਾ ਇਸ ਦੇ ਪਦਮਾਵਤ ਵਿੱਚ ਵੀ ਖਟ ਰਿਤੂ ਵਰਣਨ ਹੈ। ਹੋਰ ਪਿੱਛੇ ਜਾਈਏ ਤਾਂ ਕਾਲੀਦਾਸ ਦਾ ਰਿਤੂ ਸੰਹਾਰ ਖਟ ਰਿਤੂ ਵਰਣਨ ਹੀ ਹੈ।

ਰੁਤੀ ਜਾਂ ਖਟ ਰਿਤੂ ਵਰਣਨ ਦਾ ਆਧਾਰ ਛੇ ਰੁੱਤਾਂ ਹਨ । ਅੱਜ ਅਸੀਂ ਗਰਮੀ, ਸਰਦੀ, ਬਰਸਾਤ ਤੇ ਬਹਾਰ ਦੀਆਂ ਚਾਰ ਰੁੱਤਾਂ ਨਾਲ ਹੀ ਪਰੀਚਿਤ ਹਾਂ, ਪਰ ਭਾਰਤੀ ਪਰੰਪਰਾ ਸਾਲ ਦੇ ਬਾਰਾਂ ਮਹੀਨਿਆਂ ਨੂੰ ਦੋ ਮਹੀਨਿਆਂ ਦੇ ਛੇ ਜੁੱਟਾਂ ਵਿੱਚ ਵੰਡ ਕੇ ਛੇ ਰੁੱਤਾਂ ਦਾ ਪ੍ਰਬੰਧ ਸਿਰਜਦੀ ਹੈ। ਇਸ ਪ੍ਰਬੰਧ ਵਿੱਚ ਚੇਤ ਵਿਸਾਖ ਬਸੰਤ ਰੁੱਤ ਹੈ। ਜੇਠ ਹਾੜ ਨੂੰ ਗ੍ਰੀਸ਼ਮ ਦਾ ਨਾਂ ਦਿੱਤਾ ਗਿਆ ਹੈ ਅਤੇ ਸਾਉਣ ਭਾਦੋਂ ਨੂੰ ਬਰਖਾ ਦਾ। ਅੱਸੂ ਕੱਤੇ ਸਰਦੀ ਦੀ ਰੁੱਤ ਹੈ ਤੇ ਮੱਘਰ ਪੋਹ ਹੇਮੰਤ ਦੀ। ਮਾਘ ਫਗਣ ਨੂੰ ਸ਼ਿਸ਼ਰ ਦੀ ਰੁੱਤ ਕਿਹਾ ਗਿਆ ਹੈ। ਰੁੱਤਾਂ ਦੇ ਵਿਸਤ੍ਰਿਤ ਚਿਤਰਨ ਨੂੰ ਮਹਾਂਕਾਵਿ ਦਾ ਇੱਕ ਵਿਸ਼ੇਸ਼ ਲੱਛਣ ਮੰਨਣ ਦੀ ਪਰੰਪਰਾ ਭਾਰਤੀ ਕਾਵਿ-ਸ਼ਾਸਤਰ ਵਿੱਚ ਹੈ। ਪੁਰਾਤਨ ਕਵੀ ਆਪਣੇ ਨਾਇਕ-ਨਾਇਕਾ ਦੀਆਂ ਖੁਸ਼ੀਆਂ ਗਮੀਆਂ ਨੂੰ ਰੁੱਤਾਂ ਨਾਲ ਜੋੜ ਕੇ ਹੀ ਚਿਤਰਦੇ ਹਨ। ਮਹਾਂ-ਕਵੀ ਕਾਲੀਦਾਸ ਦੇ ਮਹਾਂਕਾਵਿ

ਰਘੂਵੰਸ਼ ਵਿੱਚ ਖਟ ਰਿਤੂ ਵਰਣਨ ਇਸੇ ਉਦੇਸ਼ ਦੀ ਪੂਰਤੀ ਕਰਦਾ ਹੈ। ਰਿਤੂ ਸੰਸਾਰ ਵਿੱਚ ਕਾਲੀਦਾਸ ਨੇ ਪ੍ਰਕਿਰਤੀ ਚਿਤਰਨ ਦੀ ਪਿੱਠ-ਭੂਮੀ ਵਿੱਚ ਪ੍ਰੇਮੀ-ਪ੍ਰੇਮਿਕਾ ਦੀ ਮਨੋਸਥਿਤੀ ਬੜੇ ਵਿਸਥਾਰ ਨਾਲ ਪੇਸ਼ ਕੀਤੀ ਹੈ।

ਪੰਜਾਬੀ ਦੇ ਪ੍ਰਾਪਤ ਲਿਖਤ ਸਾਹਿਤ ਵਿੱਚ ਗੁਰੂ ਅਰਜਨ ਦੇਵ ਨੇ ਇਸ ਕਾਵਿ-ਰੂਪ ਦੀ ਵਰਤੋਂ ਪਹਿਲੀ ਵਾਰ ਕੀਤੀ। ਉਹਨਾਂ ਨੇ ਹੀ ਖਟ ਰਿਤੂ ਵਰਣਨ ਨੂੰ ਰੁਤੀ ਦਾ ਨਾਮ ਦਿੱਤਾ। ਉਹਨਾਂ ਦੁਆਰਾ ਰਚਿਤ ਰੁਤੀ ਦੇ ਅੱਠ ਕਾਵਿ ਬੰਦ ਹਨ। ਹਰ ਬੰਦ ਤੋਂ ਪਹਿਲਾਂ ਦੋ ਸਲੋਕ ਹਨ। ਇਸ ਰਚਨਾ ਦੇ ਪਹਿਲੇ ਬੰਦ ਵਿੱਚ ਮੰਗਲਾਚਰਨ ਹੈ। ਇਸ ਬੰਦ ਦੇ ਦੋਵੇਂ ਸਲੋਕ ਤੇ ਛੰਤ ਦੋਵੇਂ ਹੀ ਮੰਗਲਾਚਰਨ ਨੂੰ ਸਮਰਪਿਤ ਹਨ। ਅੰਤਿਮ ਬੰਦ ਧੰਨਵਾਦ ਦਾ ਹੈ। ਇਸ ਬੰਦ ਦੇ ਸਲੋਕ ਤੇ ਛੰਦ ਦੋਵੇਂ ਧੰਨਵਾਦ ਦੀ ਸੁਰ ਵਿੱਚ ਉਚਾਰੇ ਗਏ ਹਨ। ਵਿਚਕਾਰਲੇ ਛੇ ਕਾਵਿ ਬੰਦ ਬਸੰਤ, ਗ੍ਰੀਖਮ, ਬਰਸਾਤ, ਸਰਦੀ, ਸ਼ਿਸਰ ਤੇ ਹਿਮਕਰ (ਹੇਮੰਤ) ਭਾਰਤੀ ਪਰੰਪਰਾ ਅਨੁਸਾਰ ਛੇ ਰੁੱਤਾਂ ਦਾ ਬਿਰਤਾਂਤ ਅਧਿਆਤਮਿਕ ਸੰਦੇਸ਼ ਦੇ ਸੰਚਾਰ ਲਈ ਸਹਾਇਕ ਪਿੱਠ-ਭੂਮੀ ਵਜੋਂ ਉਸਾਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਰਾਮਕਲੀ ਰਾਗ ਵਿੱਚ ਪੰਨਾ 927 ਉੱਤੇ ਦਰਜ ਗੁਰੂ ਅਰਜਨ ਦੇਵ ਰਚਿਤ ਰੁਤੀ ਦਾ ਸੰਖਿਪਤ ਪਾਠ ਇਸ ਪ੍ਰਕਾਰ ਹੈ :

ਕਰ ਬੰਦਨ ਪ੍ਰਭ ਪਾਰਬ੍ਰਹਮ ਬਾਛਹੁ ਸਾਧਰ ਧੂਰਿ ॥<br>
ਆਪ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥ ੧ ॥

ਛੰਤੁ ॥ ਜਸੁ ਗਾਵਹੁ ਵਡਭਾਗੀਹੋ<br>
ਕਰਿ ਕਿਰਪਾ ਭਗਵੰਤ ਜੀਉ ॥<br>
ਰੁਤਿ ਮਾਹ ਮੂਰਤ ਘੜੀ<br>
ਗੁਣ ਉਚਰਤ ਸੋਭਾਵੰਤ ਜੀਉ ॥

ਛੰਤੁ ॥ ਰੁਤਿ ਸਰਸ ਬਸੰਤ ਮਾਹ<br>
ਚੇਤ ਵੈਸਾਖ ਸੁਖ ਮਾਸੁ ਜੀਉ ॥<br>
ਹਰ ਜੀਉ ਨਾਹੁ ਮਿਲਿਆ<br>
ਮਉਲਿਆ ਮਨੁ ਤਨੁ ਸਾਸੁ ਜੀਉ ॥

ਛੰਤੁ ॥ ਗ੍ਰੀਖਮ ਰੁਤ ਅਤਿ ਗਾਖੜੀ<br>
ਜੇਠ ਅਖਾੜੈ ਘਾਮ ਜੀਉ ॥<br>
ਪ੍ਰੇਮ ਬਿਛੋਹੁ ਦੁਹਾਗਣੀਂ<br>
ਦ੍ਰਿਸਟਿ ਨ ਕਰੀ ਰਾਮ ਜੀਉ ॥

ਛੰਤੂ ॥ ਰੁਤਿ ਬਰਸੁ ਸੁਹੇਲੀਆ<br>
ਸਾਵਣ ਭਾਦਵੇ ਆਨੰਦ ਜੀਉ ॥<br>
ਘਣ ਉਨਵਿ ਵੁਠੇ ਜਲ ਥਲ<br>
ਪੂਰਿਆ ਮਕਰੰਦ ਜੀਉ ॥

ਛੰਤ ॥ ਰੁਤਿ ਸਰਦ ਅੜੰਬਰੋ ਅਸੂ ਕਤਕੇ<br>
ਹਰਿ ਪਿਆਸ ਜੀਉ ॥<br>
ਖੋਜੰਤੀ ਦਰਸਨੁ ਫਿਰਤ ਕਬ<br>
ਮਿਲੀਐ ਗੁਣਤਾਸ ਜੀਉ ॥

ਛੰਤ ॥ ਰੁਤਿ ਸਿਸੀਅਰ ਸੀਤਲ ਹਰਿ<br>
ਪ੍ਰਗਟੇ ਮੰਘਰ ਪੋਹੁ ਜੀਉ ॥<br>
ਜਲਨਿ ਬੁਝੀ ਦਰਸੁ ਪਾਇਆ

ਬਿਨਸੇ ਮਾਇਆ ਧ੍ਰੋਹ ਜੀਉ ॥

ਛੰਤ ॥ ਹਿਮਕਰ ਰੁਤਿ ਮਨ ਭਾਵਤੀ
ਮਾਘੁ ਫਗਣੁ ਗੁਣਵੰਤ ਜੀਉ ॥
ਸਖੀ ਸਹੇਲੀ ਗਾਉ ਮੰਗਲੋਂ
ਗ੍ਰਿਹਿ ਆਏ ਹਰਿ ਕੰਤ ਜੀਉ ॥

ਛੰਤ ॥ ਗੋਵਿੰਦ ਗੁਣ ਨਿਧਿ ਸ੍ਰੀ ਰੰਗ
ਸੁਆਮੀ ਆਦਿ ਕਉ ਆਦੇਸੁ ਜੀਉ ॥
ਬਿਨਵੰਤਿ ਨਾਨਕ ਮਇਆ ਧਾਰਹੁ
ਜੁਗੁ ਜੁਗੋ ਇਕ ਵੇਸੁ ਜੀਉ ॥

ਇਸ ਰਚਨਾ ਵਿੱਚ ਰੁੱਤਾਂ ਤੇ ਮਹੀਨਿਆਂ ਦੇ ਨਾਮ ਸਾਫ਼ ਅੰਕਿਤ ਹਨ। ਸਮੁੱਚੀ ਰਚਨਾ ਦਰਸ਼ਨ ਤੇ ਮੇਲ ਦੇ ਅਨੰਦਮਈ ਸਿਖਰ ਵੱਲ ਵੱਧਦੀ ਦਿਸਦੀ ਹੈ। ਸ਼ੁਰੂ ਤੋਂ ਹੀ ਇਸ ਮੰਗਲਮਈ ਅਵਸਰ ਦੇ ਆਸਾਰ ਬਣਨੇ ਸ਼ੁਰੂ ਹੋ ਜਾਂਦੇ ਹਨ ਤੇ ਰਚਨਾ ਦੇ ਅੰਤ ਤਕ ਅਪੜਦੇ-ਅਪੜਦੇ ਇਹ ਪੂਰੀ ਤਰ੍ਹਾਂ ਸਕਾਰ ਹੋ ਜਾਂਦੇ ਹਨ।

ਗੁਰੂ ਸਾਹਿਬ ਨੇ ਰੁਤੀ ਕਾਵਿ-ਰੂਪ ਨੂੰ ਲੋਕ ਸਾਹਿਤ ਤੇ ਭਾਰਤੀ ਕਾਵਿ-ਪਰੰਪਰਾ ਵਿੱਚੋਂ ਚੁੱਕ ਕੇ ਆਪਣੇ ਉਦੇਸ਼ਾਂ ਦੀ ਪੂਰਤੀ ਹਿਤ ਵਰਤਿਆ ਹੈ। ਇਸ ਰਚਨਾ ਦਾ ਸੰਦੇਸ਼ ਇਹ ਹੈ ਕਿ ਰੁੱਤਾਂ ਵਿੱਚ ਕੁਝ ਨਹੀਂ ਪਿਆ। ਇਹਨਾਂ ਨਾਲ ਕੋਈ ਵਹਿਮ-ਭਰਮ ਜੋੜਨ ਦੀ ਲੋੜ ਨਹੀਂ। ਕੋਈ ਰੁੱਤ ਵੀ ਆਪਣੇ-ਆਪ ਵਿੱਚ ਚੰਗੀ ਮਾੜੀ ਨਹੀਂ। ਜਿਸ ਵੀ ਰੁੱਤ ਨੂੰ ਰੱਬੀ ਯਾਦ ਦੇ ਲੇਖੇ ਲਾ ਕੇ ਚੰਗੇ ਕੰਮਾਂ ਲਈ ਵਰਤ ਲਉ ਉਹੀ ਮੰਗਲਮਈ ਅਵਸਰ ਬਣਾ ਦੇਵੇਗੀ। ਭਾਵੇਂ ਗੁਰੂ ਕਾਵਿ ਵਿੱਚ ਰੁਤੀ ਪ੍ਰਗੀਤਕ ਦਾਰਸ਼ਨਿਕ ਸੁਰ ਦੀ ਧਾਰਨੀ ਹੈ ਪਰੰਤੂ ਇਸ ਰੂਪਾਕਾਰ ਨੂੰ ਬਿਰਤਾਂਤਕ ਵਰਣਨਾਤਮਿਕ ਉਦੇਸ਼ਾਂ ਦੀ ਪੂਰਤੀ ਲਈ ਵਰਤਨ ਦੀਆਂ ਸੰਭਾਵਨਾਵਾਂ ਹਨ।

### ਸਾਰਾਂਸ਼

ਸੋਂ ਅਸੀਂ ਉਪਰੋਕਤ ਸਾਰੀ ਚਰਚਾ ਤੋਂ ਇਸ ਗੱਲ ਦੀ ਨਿਰਧਾਰਨਾ ਤੇ ਪੁੱਜਦੇ ਹਾਂ ਕਿ ਮਾਧਕਾਲੀ ਦੌਰ ਵਿਚ ਪੰਜਾਬੀ ਕਾਵਿ ਵਿਧਾਵਾਂ ਨੇ ਵਿਕਾਸ ਕਰਦੇ ਹੋਏ ਆਪਣੇ ਸਰੂਪ ਨੂੰ ਸਥਾਪਿਤ ਕੀਤਾ ਅਤੇ ਪੰਜਾਬੀ ਜਨ-ਜੀਵਨ ਦਾ ਅਭੀਵਿਆਕਤੀ ਕੀਤੀ। ਇਸ ਕਰਕੇ ਇਸ ਯੁਗ ਨੂੰ ਪੰਜਾਬੀ ਸਾਹਿਤ ਦਾ ਸੁਨਿਹਰੀ ਕਾਲ ਵੀ ਕਿਹਾ ਜਾਂਦਾ ਹੈ। ਇਸ ਦੌਰ ਵਿਚ ਪੰਜਾਬੀ ਕਾਵਿ ਪਰੰਪਰਾ ਸਮਾਜਿਕ, ਸਭਿਆਚਾਰਕ, ਅਧਿਆਤਮਕ ਆਦਿ ਵਿਸ਼ਿਆਂ ਦੇ ਸਨਮੁੱਖ ਹੁਦੀ ਰਹੀ ਹੈ। ਉਪਰੋਕਤ ਚਰਚਾ ਦਾ ਵਿਸ਼ਾ ਪੰਜਾਬੀ ਮਧਕਾਲੀ ਕਾਵਿ ਰੂਪਾਂ ਦੇ ਸਰੂਪ ਨੂੰ ਵਾਚਣਾ ਸੀ। ਜਿਸ ਵਿਚ ਅਸੀਂ ਪਾਉਂਦੇ ਹਾਂ ਕਿ ਹਰ ਕਾਵਿ ਰੂਪ ਦੀ ਵਖਰਤਾਂ ਦਾ ਆਪਣੀ ਇਕ ਸੰਚਾਰੀ ਤੇ ਵਿਧਾਨਕ ਵੱਖਰਤਾ ਰਹੀ ਹੈ।

## ਕੇਂਦਰੀ ਸ਼ਬਦ

- **ਸਲੋਕ-** ਇਕ ਕਾਵਿ ਰੂਪ ਜਿਸ ਵਿਚ ਉਸਤਤ ਕੀਤੀ ਜਾਂਦੀ ਹੈ।
- **ਰੂਪਾਕਾਰ-** ਕਿਸ ਸਾਹਿਤਕ ਵਿਧਾ ਦਾ ਸਰੂਪ।
- **ਰਿਤੂ-** ਮੱਧਕਾਲ ਦਾ ਇਕ ਕਾਵਿ ਰੂਪ।
- **ਮਾਤ੍ਰਿਕ ਛੰਦ-** ਮਾਤਰਾਵਾਂ ਨੂੰ ਆਧਾਰ ਬਣਾ ਕੇ ਲਿਖਿਆ ਜਾਣ ਵਾਲਾ ਕਾਵਿ ਰੂਪ।
- **ਸੁਤਰਿਕ ਸ਼ੈਲੀ** - ਕਾਵਿ ਰੂਪ ਨੂੰ ਪੇਸ਼ ਕਰਨ ਦਾ ਇਕ ਵਿਧਾਨ।
- **ਅਸ਼ਟਪਦੀ-** ਮੱਧਕਾਲੀ ਕਾਵਿ ਦਾ ਰੂਪ ਇਕ ਰੂਪ ਜਿਸ ਦੇ ਅੱਠ ਪਦ ਹੁੰਦੇ ਹਨ।

## ਸਵੈ-ਮੁਲਾਂਕਣ

**ਪ੍ਰਸ਼ਨ 1. ਰੁਤੀ ਕਾਵਿ ਦਾ ਪੁਰਾਣਾ ਨਾਮ ਕੀ ਸੀ?**

ੳ) ਰਿਤੂ

ਅ) ਖਟ

ੲ) ਵਰਣਨ

ਸ) ਖਟ ਰਿਤੂ ਵਰਣਨ

**ਪ੍ਰਸ਼ਨ 2. ਰੁਤੀ ਦਾ ਵਰਣਨ ਕਿੰਨੀਆਂ ਰੁਤਾਂ ਹਨ?**

ੳ) 4

ਅ) 6

ੲ) 8

ਸ) 5

**ਪ੍ਰਸ਼ਨ 3. ਬਾਰਾਹਮਾਹ ਕਾਵਿ ਰੂਪ ਦੀ ਕਿਹੜੀ ਸ਼ੁਰੂਆਤੀ ਸਦੀ ਹੈ?**

ੳ) 12ਵੀਂ

ਅ) 13ਵੀਂ

ੲ) 14ਵੀਂ

ਸ) 11ਵੀਂ

**ਪ੍ਰਸ਼ਨ 4. ਬਾਰਾਹਮਾਹ ਵਿਚ ਕਿਹੜੀ ਭਾਵਨਾ ਵਧੇਰੇ ਹੁੰਦੀ ਹੈ?**

ੳ) ਖੁਸ਼ੀ ਦੀ

ਅ) ਬਿਰਹੋਂ ਦੀ

ੲ) ਗਮ ਦੀ

ਸ) ਹਾਸੇ ਦੀ

**ਪ੍ਰਸ਼ਨ 5. ਅਸਟਪਦੀ ਵਿਚ ਕਿੰਨੇ ਪਦ ਹੁੰਦੇ ਹਨ?**

ੳ) ਅੱਠ

ਅ) ਸੱਤ

ੲ) ਛੇ

ਸ) ਪੰਜ

**ਪ੍ਰਸ਼ਨ 6. ਅਸ਼ਟਪਦੀ ਵਿਚ ਵੱਧ ਤੋਂ ਵੱਧ ਕਿੰਨੇ ਪਦ ਹੋ ਸਕਦੇ ਹਨ?**

ੳ) ਵੱਧ ਤੋਂ ਵੱਧ ਅੱਠ

ਅ) ਅੱਠ ਤੋਂ ਘਟ

ੲ) ਅੱਠ ਤੋਂ ਵੱਧ ਵੀ

ਸ) ਉਪਰੋਤਕ ਸਾਰੇ

**ਪ੍ਰਸ਼ਨ 7. ਅਸ਼ਪਦੀਆਂ ਦੇ ਬੰਦ ਵੱਧ ਤੋਂ ਵੱਧ ਕਿੰਨੇ ਤੁਕਾਂ ਵਾਲੇ ਹੋ ਸਕਦੇ ਹਨ?**

ੳ) ਇਕ ਤੁਕੇ,

ਅ) ਦੋ ਤੁਕੇ,

ੲ) ਤਿੰਨ ਤੁਕੇ,

ਸ) ਉਪਰੋਕਤ ਸਾਰੇ

**ਪ੍ਰਸ਼ਨ 8. ਡਾ. ਮਹਿੰਦਰ ਕੋਰ ਗਿੱਲ ਨੇ ਆਪਣੀ ਪੁਸਤਕ 'ਬਾਣੀ : ਰੂਪ ਪ੍ਰਬੰਧ' ਵਿਚ ਅਸ਼ਟਪਦੀਆਂ ਨੂੰ ਵਿਸ਼ੇ ਨਾਲ ਜੋੜਿਆ ਹੈ।**

ੳ) ਮਹਿਮਾਮਈ ਬਿਰਤੀ ਨਾਲ

ਅ) ਸ਼ਾਂਤ ਮਈ ਬਿਰਤੀ ਨਾਲ

ੲ) ਕਾਲਪਨਿਕ ਬਿਰਤੀ ਨਾਲ

ਸ) ਭਗਤੀ ਬਿਰਤੀ ਨਾਲ

**ਪ੍ਰਸ਼ਨ 9. ਆਪਣੀ ਬਾਣੀ ਕਿਹੜੇ ਗੁਰੂ ਸਾਹਿਬਾਨ ਨੇ ਸਿਰਫ ਸਲੋਕਾਂ ਵਿਚ ਰਚੀ ਹੈ?**

ੳ) ਬਾਬਾ ਫ਼ਰੀਦ ਨੇ

ਅ) ਗੁਰੂ ਨਾਨਕ ਦੇਵ ਨੇ

ੲ) ਗੁਰੂ ਅੰਗਦ ਦੇਵ ਨੇ

ਸ) ਉਪਰੋਕਤ ਸਾਰੇ

**ਪ੍ਰਸ਼ਨ 10. ਗੁਰੂ ਗ੍ਰੰਥ ਸਾਹਿਬ ਵਿਚ ਵੱਧ ਤੋਂ ਵੱਧ ਕਿੰਨੀਆਂ ਤੁਕਾਂ ਦਾ ਸਲੋਕ ਦਰਜ ਹੈ?**

ੳ) 12

ਅ) 16

ੲ)14

ਸ) 15

**ਪ੍ਰਸ਼ਨ 11. ਸਲੋਕ ਦਾ ਸੰਚਾਲਕ ਨੁਕਤਾ ਕੀ ਹੈ?**

ੳ) ਹੁਕਮ

ਅ) ਆਗਿਆ

ੲ)ਉਪਦੇਸ਼

ਸ) ਆਦੇਸ਼

**ਪ੍ਰਸ਼ਨ 12. ਬਾਰਾਹਮਾਹ ਦੇ ਆਖਰੀ ਮਹੀਨੇ ਵਿਚ ਕਿਹੜਾ ਭਾਵ ਉਸਾਰਿਆ ਜਾਂਦਾ ਹੈ?**

ੳ) ਬਿਰਹੋਂ

ਅ) ਕਰੋਧ

ੲ) ਸੰਯੋਗ

ਸ) ਕੋਈ ਨਹੀਂ

**13. ਪ੍ਰਸ਼ਨ 13. ਬਾਰਾਮਾਹ ਦੇ ਰੁਤ ਵਰਣਨ ਵਿਚ 'ਸ਼ਿਸ਼ਰ' ਮਹਿਨੇ ਵਿਚ ਕਿਹੜੇ ਮਹੀਨੇ ਆਉਂਦੇ ਹਨ?**

ੳ) ਮਾਘ-ਫੱਗਣ

ਅ) ਜੇਠ-ਹਾੜ

ੲ) ਚੇਤ-ਵਿਸ਼ਾਖ

ਸ) ਅਸੂ-ਕੱਤਕ

**ਪ੍ਰਸ਼ਨ 14. ਸੰਸਕ੍ਰਿਤੀ ਗ੍ਰੰਥਾਂ ਵਿਚ ਪਦ ਕਾਵਿ ਲਈ ਕਿਹੜਾ ਸ਼ਬਦ ਵਰਤਿਆ ਗਿਆ ਹੈ?**

ੳ) ਅਸ਼ਟਪਦੀ

ਅ) ਬਾਰਾਹਮਾਹ

ੲ) ਸ਼ਬਦ

ਸ) ਸਲੋਕ

**ਪ੍ਰਸ਼ਨ 15. ਸ਼ਬਦ ਕਾਵਿ ਰੂਪ ਦੀ ਸਭ ਤੋਂ ਜਿਆਦਾ ਵਰਤੋਂ ਕਿਸ ਨੇ ਕੀਤੀ ਹੈ?**

ੳ) ਬਾਬਾ ਫਰੀਦ

ਅ) ਗੁਰੂ ਨਾਨਕ ਦੇਵ

ੲ) ਗੁਰੂ ਅੰਗਦ ਦੇਵ

ਸ) ਉਪਰੋਕਤ ਕੋਈ ਨਹੀ

## ਸਵੈ-ਮੁਲਾਂਕਣ ਲਈ ਉੱਤਰ

| | | | | |
|---|---|---|---|---|
| **1 ਸ** | **2 ਅ** | **3.ਸ** | **4. ਅ** | **5. ਅ** |
| **6. ਸ** | **7. ਸ** | **8. ੳ** | **9. ਸ** | **10. ਅ** |
| **11. ੲ** | **12. ੲ** | **13. ੳ** | **14. ਸ** | **15. ੳ** |

## ਸਵੈਂ ਅਭਿਆਸ ਪ੍ਰਸ਼ਨ

**ਪ੍ਰਸ਼ਨ 1** ਸਲੋਕ ਤੋਂ ਕੀ ਭਾਵ ਹੈ?

**ਪ੍ਰਸ਼ਨ 2** ਅਸ਼ਟਪਦੀ ਵਿਚ ਕਿੰਨੇ ਪਦ ਹੁੰਦੇ ਹਨ?

**ਪ੍ਰਸ਼ਨ 3** ਬਾਰਾਹਮਹ ਵਿਚ ਕਿੰਨੇ ਮਹੀਨਿਆਂ ਨੂੰ ਆਧਾਰ ਬਣਾਇਆ ਜਾਂਦਾ ਹੈ?

**ਪ੍ਰਸ਼ਨ 4** ਸ਼ਬਦ ਕਾਵਿ ਤੋਂ ਕੀ ਭਾਵ ਹੈ?

**ਪ੍ਰਸ਼ਨ 5** ਬਾਬਾ ਫਰੀਦ ਦੇ ਕਿੰਨੇ ਸ਼ਬਦ ਮਿਲਦੇ ਹਨ?

**ਸੰਦਰਭ ਪੁਸਤਕਾਂ**


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


**ਵੈਬ ਲਿੰਕ**

- https://punjabipedia.org/topic.aspx?txt=%E0%A8%B6%E0%A8%AC%E0%A8%A6
- https://punjabipedia.org/topic.aspx?txt=%E0%A8%B8%E0%A8%B2%E0%A9%8B%E0%A8%95&k=4
- https://punjabipedia.org/topic.aspx?txt=%E0%A8%85%E0%A8%B8%E0%A8%9F%E0%A8%AA%E0%A8%A6%E0%A9%80&k=4
- https://punjabipedia.org/topic.aspx?txt=%E0%A8%B0%E0%A9%81%E0%A8%A4%E0%A9%80%2F%E0%A8%96%E0%A8%9F+%E0%A8%B0%E0%A8%BF%E0%A8%A4%E0%A9%82++%E0%A8%B5%E0%A8%B0%E0%A8%A3%E0%A8%A8&k=4

# ਅਧਿਆਇ-3 : ਮੱਧਕਾਲ ਦੇ ਪ੍ਰਮੁੱਖ ਕਾਵਿ ਰੂਪ II

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਕਾਫ਼ੀ ਕਾਵਿ ਰੂਪ ਦਾ ਸਰੂਪ ਅਤੇ ਲੱਛਣ
4. ਵਾਰ ਕਾਵਿ ਰੂਪ ਦਾ ਸਰੂਪ ਅਤੇ ਲੱਛਣ
5. ਕਿੱਸਾ ਕਾਵਿ ਰੂਪ ਦਾ ਸਰੂਪ ਅਤੇ ਲੱਛਣ
6. ਜੰਗਨਾਮਾ ਕਾਵਿ ਰੂਪ ਦਾ ਸਰੂਪ ਅਤੇ ਲੱਛਣ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਮੱਧਕਾਲੀ ਕਾਵਿ ਰੂਪਾਂ ਬਾਰੇ ਗਿਆਨ ਪ੍ਰਾਪਤ ਕਰਨਗੇ
- ਕਾਫੀ, ਕਿੱਸਾ, ਵਾਰ ਅਤੇ ਜੰਗਨਾਮਾ ਕਾਵਿ ਰੂਪ ਦੇ ਸਰੂਪ ਬਾਰੇ ਜਾਣਨਗੇ
- ਪੰਜਾਬੀ ਸਾਹਿਤ ਵਿਚ ਕਾਫੀ, ਕਿੱਸਾ, ਵਾਰ ਅਤੇ ਜੰਗਨਾਮਾ ਕਾਵਿ ਰੂਪਾਂ ਦੀ ਮਹਤੱਤਾ ਬਾਰੇ ਗਿਆਨ ਹਾਸਿਲ ਕਰਨਗੇ

## ਭੂਮਿਕਾ

ਇਸ ਅਧਿਆਇ ਵਿਚ ਅਸੀਂ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਕਾਵਿ ਧਾਰਾਵਾਂ ਵਿਚੋਂ ਕਾਫ਼ੀ ਕਾਵਿ, ਵਾਰ ਕਾਵਿ, ਕਿੱਸਾ ਕਾਵਿ ਅਤੇ ਜੰਗਨਾਮਾ ਕਾਵਿ ਬਾਰੇ ਚਰਚਾ ਕਰਨੀ ਹੈ ਅਤੇ ਇਹਨਾਂ ਕਾਵਿ ਰੂਪਾਂ ਦਾ ਸਰੂਪ ਅਤੇ ਲੱਛਣਾਂ ਦੀ ਨਿਸ਼ਾਨਦੇਹੀ ਕਰਦੇ ਹੋਏ। ਇਹਨਾਂ ਦਾ ਪੰਜਾਬੀ ਕਾਵਿ ਵਿਚਲੀ ਭੂਮਿਕਾ ਤੇ ਕਾਰਗੁਜ਼ਾਰੀ ਤੇ ਵੀ ਗੱਲ ਕਰਨੀ ਹੈ। ਇਸ ਅਧਿਆਇ ਵਿਚ ਅਸੀਂ ਉਪਰੋਕਤ ਕਾਵਿ ਰੂਪਾਂ ਨੂੰ ਵਾਚਦੇ ਹੋਏ ਵੇਖਦੇ ਹਾਂ ਕਿ 'ਕਾਫ਼ੀ' ਸੂਫ਼ੀ ਕਵਿਤਾ ਦਾ ਇੱਕ ਕਲਾਸੀਕਲ ਰੂਪ ਹੈ। ਜ਼ਿਆਦਾਤਰ ਕਾਫ਼ੀਆਂ ਪੰਜਾਬੀ ਅਤੇ ਸਿੰਧੀ ਭਾਸ਼ਾ ਵਿਚ ਹੀ ਮਿਲਦੀਆਂ ਹਨ। ਕਾਫ਼ੀਆਂ ਰਚਣ ਵਾਲੇ ਕਵੀਆਂ ਵਿਚ ਬਾਬਾ ਫ਼ਰੀਦ, ਬੁੱਲੇ ਸ਼ਾਹ, ਸ਼ਾਹ ਹੁਸੈਨ, ਸ਼ਾਹ ਅਬਦੁਲ ਲਤੀਫ਼ ਭਟਾਈ, ਸਚਲ ਸਰਮਸਤ ਅਤੇ ਖ਼ਵਾਜਾ ਗੁਲਾਮ ਫ਼ਰੀਦ ਹਨ। 'ਕਾਫ਼ੀ' ਰੂਹ ਅਤੇ ਇਸਦੇ ਸਿਰਜਣਹਾਰ ਦੀ ਸਾਂਝਦਾਰੀ ਤੇ ਕੇਂਦਰਿਤ ਰਹਿੰਦੀ ਹੈ। ਇਹ ਸਾਂਝਦਾਰੀ ਮੁਰੀਦ ਤੇ ਮੁਰਸ਼ਦ ਅਤੇ ਕਦੇ ਮਸ਼ੂਕ ਤੇ ਆਸ਼ਿਕ ਦੇ ਪ੍ਰਤੀਕ ਵਜੋਂ ਨਜ਼ਰ ਆਉਂਦੀ ਹੈ। ਵਾਰ ਦੀ ਗੱਲ ਕਰੀਏ ਤਾਂ ਵਾਰ ਪੰਜਾਬੀ ਦਾ ਇੱਕ ਕਾਵਿ-ਰੂਪ ਹੈ। ਇਹ ਪਉੜੀ ਛੰਦ ਵਿੱਚ ਰਚੀ ਜਾਂਦੀ ਹੈ। ਇਹ ਕਾਵਿ ਰੂਪ ਸਿੱਖ-ਸਾਹਿਤ ਵਿੱਚ ਵਧੇਰੇ ਪ੍ਰਚਲਿਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹੋਇਆ ਹਨ। ਇਹ ਲੋਕ ਪਰੰਪਰਾ ਉੱਤੇ ਆਧਾਰਿਤ ਪੰਜਾਬੀ ਭਾਸ਼ਾ ਦਾ ਇੱਕ ਕਾਵਿ ਰੂਪ ਹੈ। ਪੰਜਾਬੀ ਸਾਹਿਤ ਵਿੱਚ ਕਿੱਸਿਆਂ ਦਾ ਇੱਕ ਵਿਸ਼ੇਸ਼ ਸਥਾਨ ਹੈ। ਵੱਖ-ਵੱਖ ਕਵੀਆਂ ਵੱਲੋਂ ਲਗਭਗ ਹਰ ਕਾਲ ਵਿੱਚ ਲਿਖੀਆਂ ਅਨੇਕਾਂ ਪ੍ਰੇਮ ਕਥਾਵਾਂ ਸਾਨੂੰ ਕਿੱਸਾ ਰੂਪ ਵਿੱਚ ਮਿਲਦੀਆਂ ਹਨ। ਕਹਾਣੀਆਂ ਸੁਣਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਇਹਨਾਂ ਕਹਾਣੀਆਂ ਨੂੰ ਸਾਹਿਤ ਵਿੱਚ

ਲਿਆਉਣ ਲਈ ਕਵਿਤਾ ਨੂੰ ਮਾਧਿਅਮ ਬਣਾਇਆ ਗਿਆ ਸੀ ਅਤੇ ਇਹਨਾਂ ਕਵਿਤਾਵਾਂ ਵਿੱਚ ਲਿਖੀਆਂ ਗਈਆਂ ਕਹਾਣੀਆਂ ਨੂੰ ਹੀ ਕਿੱਸਾ ਕਿਹਾ ਜਾਣ ਲੱਗਾ। ਜੰਗਨਾਮਾ ਫ਼ਾਰਸੀ ਦਾ ਪ੍ਰਸਿੱਧ ਕਾਵਿ ਰੂਪ ਹੈ। ਇਸ ਵਿੱਚ ਕਿਸੇ ਲੜਾਈ ਅਥਵਾ ਜੰਗ ਦਾ ਵਿਸਤਰਿਤ ਵਰਣਨ ਕੀਤਾ ਜਾਂਦਾ ਹੈ। ਇਹਨਾਂ ਉਪਰੋਕਤ ਕਾਵਿ ਰੂਪਾਂ ਬਾਰੇ ਅੱਗੇ ਵਿਸਥਾਰ ਨਾਲ ਗੱਲ ਕਰਦੇ ਹਾਂ।

## ਕਾਫ਼ੀ: ਅਰਥ ਤੇ ਪਰਿਭਾਸ਼ਾ

"ਕਾਫ਼ੀ" ਸ਼ਬਦ ਅਰਬੀ ਦੇ ਕਾਫ਼ਾ ਅਰਥ ਸਮੂਹ ਤੋਂ ਲਿਆ ਗਿਆ ਹੈ। ਇਸ ਸਿਨਫ਼ ਦਾ ਮੂਲ ਅਰਬੀ ਕਾਵਿ ਰੂਪ ਕੱਸੀਦਾ ਨੂੰ ਮੰਨਿਆ ਜਾਂਦਾ ਹੈ। 'ਕਾਫ਼ੀ' ਲੋਕਧਾਰਾ ਵਿਚੋਂ ਨਾਇਕਤਵ ਭਰੀਆਂ ਤੇ ਮਹਾਨ ਰੋਮਾਂਟਿਕ ਕਹਾਣੀਆਂ ਨੂੰ ਰਹੱਸਵਾਦੀ ਸਚਾਈਆਂ ਅਤੇ ਕਾਫ਼ੀ ਇੱਕ ਕਾਵਿ-ਰੂਪ ਹੈ। ਇਸ ਅਧਿਆਤਮਿਕ ਸਰੋਦੀ ਕਾਵਿ ਰੂਪ ਬਾਰੇ ਪੰਜਾਬੀ ਵਿੱਚ ਬੜਾ ਮੱਤ-ਭੇਦ ਹੈ। ਕੁਝ ਵਿਦਵਾਨ ਕਾਫ਼ੀ ਨੂੰ ਰਾਗਣੀ ਮੰਨਦੇ ਹਨ, ਦੂਸਰੇ ਇਸ ਨੂੰ ਛੰਦ ਅਥਵਾ ਤਾਟੰਕ ਛੰਦ ਦੀ ਇੱਕ ਚਾਲ ਕਹਿੰਦੇ ਹਨ। ਬਹੁਤੀਆਂ ਕਾਫ਼ੀਆਂ ਭਿੰਨ- ਭਿੰਨ ਰਾਗਾਂ ਵਿੱਚ ਹੋਣ ਕਰ ਕੇ ਇਸ ਨੂੰ ਰਾਗਣੀ ਨਹੀਂ ਕਿਹਾ ਜਾ ਸਕਦਾ। ਕਾਫ਼ੀ ਦੀਆਂ ਮਿਥੀਆਂ ਮਾਤਰਾਂ ਜਾਂ ਬੱਝਵਾਂ ਰੂਪ-ਵਿਧਾਨ ਨਾ ਹੋਣ ਕਰ ਕੇ ਇਸ ਨੂੰ ਛੰਦ ਵੀ ਨਹੀਂ ਮੰਨਿਆ ਜਾ ਸਕਦਾ। ਕਾਫ਼ੀ ਇੱਕ ਸੁਤੰਤਰ ਕਾਵਿ-ਭੇਦ ਹੈ, ਜੋ ਲੋਕ-ਕਾਵਿ ਦੇ ਹੋਰ ਰੂਪਾਂ ਵਾਂਗ ਪਰੰਪਰਾ ਤੋਂ ਉਪਜਿਆ ਹੈ।

ਸੂਫ਼ੀਆਂ ਦੀਆਂ ਮਜਲਸਾਂ ਵਿੱਚ ਕਾਫ਼ੀ ਗਾਉਣ ਦੀ ਪ੍ਰਥਾ ਰਹੀ ਹੈ। ਇਹਨਾਂ ਮਜਲਸਾਂ ਵਿੱਚ ਸਥਾਈ ਵਾਲੀ ਤੁਕ ਨੂੰ ਆਧਾਰ ਬਣਾ ਕੇ ਗਾਉਣ ਵਾਲੇ ਪਦੇ ਨਾਲ ਜੋੜ ਲਏ ਜਾਂਦੇ। ਇਹ ਪਦੇ ਉਸੇ ਵੇਲੇ ਵੀ ਘੜ ਲਏ ਜਾਂਦੇ। ਲੋਕ-ਗੀਤਾਂ ਵਾਂਗ ਇਹਨਾਂ ਪਦਿਆਂ ਦੀ ਵੀ ਨਾ ਤਾਂ ਗਿਣਤੀ ਨਿਸ਼ਚਿਤ ਹੁੰਦੀ ਅਤੇ ਨਾ ਹੀ ਮਾਤਰਾਵਾਂ ਤੇ ਸਤਰਾਂ ਬਾਰੇ ਕੋਈ ਬੰਦਸ਼। ਮਜਲਸ ਵਿੱਚ ਪ੍ਰਧਾਨ ਗਾਇਕ ਪ੍ਰੇਮ ਰੰਗ ਵਿੱਚ ਰੰਗੇ ਪਦੇ ਗਾਇਆ ਕਰਦਾ, ਉਸਦੇ ਪਿੱਛੇ ਸਾਰੀ ਮੰਡਲੀ ਸਥਾਈ ਦੀ ਤੁਕ ਨੂੰ ਰਲ ਕੇ ਗਾਉਂਦੀ। ਇਸ ਨਾਲ ਸੂਫ਼ੀਆਂ ਦੀਆਂ ਮਜਲਸਾਂ ਵਿੱਚ ਕਾਫ਼ੀ ਇੱਕ ਵੱਖਰੀ ਧਾਰਨਾ ਦਾ ਰੂਪ ਗ੍ਰਹਿਣ ਕਰ ਗਈ। ਇਸ ਦ੍ਰਿਸ਼ਟੀ ਤੋਂ ਕਾਫ਼ੀ ਗਾਉਣ ਦਾ ਇੱਕ ਢੰਗ ਵਿਸ਼ੇਸ਼ ਹੈ।

**ਤੇਜਾ ਸਿੰਘ ਅਨੁਸਾਰ** :

ਕਾਫ਼ੀ ਕੋਈ ਖ਼ਾਸ ਰਾਗ ਨਹੀਂ। ਨਾ ਹੀ ਕਾਫ਼ੀ ਛੰਦਾਬੰਦੀ ਦੀ ਕੋਈ ਜ਼ਾਤ ਹੈ। ਕਾਫ਼ੀ ਦਾ ਮਤਲਬ ਵਾਰ-ਵਾਰ ਆਉਣਾ ਹੈ। ਸ਼ੁਰੂ-ਸ਼ੁਰੂ ਵਿੱਚ ਗੀਤ ਕਾਫ਼ੀ ਫ਼ਕੀਰਾਂ ਨੇ ਵਰਤਿਆ। ਕਾਫ਼ੀ ਦੀ ਅੰਤਲੀ ਸੁਰ ਨੂੰ ਸਾਰੇ ਰਲ ਕੇ ਗਾਉਂਦੇ ਹਨ।

ਕਾਫ਼ੀ ਨਿਰੋਲ ਦੇਸੀ ਕਾਵਿ-ਸ਼ੈਲੀ ਹੈ, ਜਿਸਦਾ ਪ੍ਰਯੋਗ ਗੁਰੂ ਸਾਹਿਬਾਨਾਂ ਅਤੇ ਸੂਫ਼ੀ ਕਵੀਆਂ ਨੇ ਅਧਿਆਤਮਿਕ ਰਹੱਸਵਾਦੀ ਭਾਵਾਂ ਦੇ ਪ੍ਰਗਟਾਅ ਲਈ ਕੀਤਾ। ਕਾਫ਼ੀ ਵਿੱਚ ਰਹੱਸਵਾਦੀ ਵਿਸ਼ੇ ਦਾ ਲੋਕ-ਬੋਲੀ ਵਿੱਚ ਪ੍ਰਗਟਾਅ, ਇਹਨਾਂ ਦਾ ਸੰਗੀਤਿਕ ਪੱਖ, ਲੋਕ-ਜੀਵਨ ਵਿੱਚੋਂ ਲਏ ਗਏ ਪ੍ਰਤੀਕ, ਲੋਕ-ਗੀਤਾਂ ਵਾਲੀਆਂ ਬਹਿਰਾਂ ਅਤੇ ਲੋਕ- ਕਾਵਿ ਰੂਪਾਂ ਦੀ ਵਰਤੋਂ ਇਹਨਾਂ ਨੂੰ ਲੋਕ-ਗੀਤਾਂ ਵਾਲੀ ਰੰਗਤ ਪ੍ਰਦਾਨ ਕਰਦੇ ਹਨ। ਲੋਕ-ਗੀਤਾਂ ਵਾਂਗ ਹੀ ਇਹ ਲੋਕ-ਪ੍ਰਿਆ ਹਨ।

## ਕਾਫ਼ੀ ਰੂਪ ਸਰੂਪ ਅਤੇ ਲੱਛਣ

ਕਾਫ਼ੀ ਦਾ ਜਨਮ ਸਥਾਨ ਮੁਲਤਾਨ ਮੰਨਿਆ ਜਾਂਦਾ ਹੈ, ਜਿੱਥੇ ਸੂਫ਼ੀਆਂ ਦੀਆਂ ਮੁੱਢਲੀਆਂ ਮਜਲਸਾਂ ਲੱਗਦੀਆਂ ਰਹੀਆਂ। ਲਹਿੰਦੇ ਵਾਲੇ ਪਾਸੇ ਕਾਫ਼ੀ ਨੂੰ ਮੁਲਤਾਨੀ ਕਾਫ਼ੀ ਆਖਿਆ ਜਾਂਦਾ ਹੈ। ਮੁਲਤਾਨ, ਝੰਗ ਅਤੇ ਮਘਿਆਣਾ ਆਦਿ ਇਲਾਕਿਆਂ ਵਿੱਚ ਅੱਜ ਵੀ ਕਾਫ਼ੀ ਦੂਜੇ ਕਾਵਿ- ਰੂਪਾਂ ਨਾਲੋਂ ਵਧੇਰੇ ਪ੍ਰਚਲਿਤ ਹੈ। ਲਹਿੰਦੇ ਵਿੱਚ ਤਾਂ ਇਹ ਕਾਵਿ-ਰੂਪ ਲੋਕ ਪੱਧਰ ਤੇ ਏਨਾ ਵਿਕਸਿਤ ਹੋਇਆ ਕਿ ਕੰਮ ਵਿੱਚ ਰੁੱਝੇ ਹਾਲੀ, ਡੰਗਰ ਚਾਰਦੇ ਵਾਗੀ ਅਤੇ ਖੂਹਾਂ ਤੇ ਪਾਣੀ ਭਰਦੀਆਂ ਜਾਂ ਭੱਤਾ ਲੈ ਕੇ ਜਾਂਦੀਆਂ ਮੁਟਿਆਰਾਂ ਵੀ ਕਾਫ਼ੀਆਂ ਗੁਣਗੁਣਾਉਂਦੀਆਂ ਰਹਿੰਦੀਆਂ।

- ਕਾਫ਼ੀ ਅਰਬੀ ਦਾ ਸ਼ਬਦ ਹੈ, ਜਿਸਦੇ ਕਈ ਅਰਥਾਂ ਵਿੱਚੋਂ ਇੱਕ ਅਰਥ ਸਥਾਈ ਵਾਲੀ ਤੁਕ ਹੈ।
- ਕਾਫ਼ੀ ਇੱਕ ਅਧਿਆਤਮਿਕ ਸਰੋਦੀ ਕਾਵਿ ਰੂਪ ਹੈ।
- ਕਾਫ਼ੀ ਇੱਕ ਸੁਤੰਤਰ ਕਾਵਿ-ਭੇਦ ਹੈ, ਜੋ ਲੋਕ-ਕਾਵਿ ਦੇ ਹੋਰ ਰੂਪਾਂ ਵਾਂਗ ਪਰੰਪਰਾ ਤੋਂ ਉਪਜਿਆ ਹੈ।
- ਕਾਫ਼ੀ ਵਿੱਚ ਸਥਾਈ ਤੁਕ ਲਾਜ਼ਮੀ ਤੱਤ ਮੰਨੀ ਜਾਂਦੀ ਹੈ। ਇਸੇ ਤੁਕ ਵਿੱਚੋਂ ਕਾਫ਼ੀ ਦਾ ਮੁੱਖ ਭਾਵ ਪ੍ਰਗਟ ਹੁੰਦਾ ਹੈ।
- ਜਿਸ ਕਰ ਕੇ ਉਹ ਤੁਕ ਕਾਫ਼ੀ ਦੀ ਮੂਲ-ਪਛਾਣ ਅਥਵਾ ਇਸਦੀ ਵਿਲੱਖਣਤਾ ਬਣ ਗਈ ਹੈ।
- ਇਸ ਸਥਾਈ ਵਾਲੀ ਤੁਕ ਦੇ ਵਾਰ-ਵਾਰ ਦੁਹਰਾਉਣ ਤੋਂ ਇਸਦਾ ਨਾਂ ਕਾਫ਼ੀ ਪੈ ਗਿਆ।
- ਕਾਫੀ ਕੋਈ ਖ਼ਾਸ ਰਾਗ ਨਹੀਂ ਅਤੇ ਨਾ ਹੀ ਕਾਫ਼ੀ ਛੰਦਾਬੰਦੀ ਦੀ ਕੋਈ ਜ਼ਾਤ ਹੈ। ਕਾਫ਼ੀ ਦਾ ਮਤਲਬ ਵਾਰ-ਵਾਰ ਆਉਣਾ ਹੈ।
- ਕਾਫ਼ੀਆਂ ਦਾ ਬੁਨਿਆਦੀ ਤੱਤ ਰਾਗਾਤਮਿਕਤਾ ਅਤੇ ਲੈਅ ਹੈ।

ਕਾਫ਼ੀ ਦਾ ਮੂਲ ਵਿਸ਼ਾ ਇਸ਼ਕ ਹੈ। ਇਹਨਾਂ ਵਿੱਚ ਬਿਰਹਾ ਦਾ ਸਲ, ਪ੍ਰੇਮ ਦੀਆਂ ਖਿੱਚਾਂ, ਸੰਸਾਰਿਕ ਨਾਸ਼ਮਾਨਤਾ ਆਦਿ ਰਹੱਸਮਈ ਅਤੇ ਉੱਚੇ-ਸੁੱਚੇ ਵਿਚਾਰਾਂ ਨੂੰ ਬਿਆਨਿਆ ਹੁੰਦਾ ਹੈ। ਕਾਫ਼ੀ ਵਿੱਚ ਇਸ਼ਕ ਮਿਜਾਜ਼ੀ ਦੇ ਬੋਲਾਂ ਵਿੱਚ ਇਸ਼ਕ ਹਕੀਕੀ ਦੀਆਂ ਤਾਨਾਂ ਵਜਦੀਆਂ ਹਨ। ਪ੍ਰੀਤਮ ਨਾਲ ਮੇਲ ਦੀਆਂ ਘੜੀਆਂ ਦਾ ਸੁਆਦ ਅਤੇ ਵਿਯੋਗ ਦੀ ਪੀੜਾ ਦਾ ਬੇਬਾਕ ਵਰਣਨ ਹੁੰਦਾ ਹੈ। ਇਹਨਾਂ ਵਿਚਲਾ ਪ੍ਰੇਮ ਰੱਬ ਨਾਲ ਵੀ ਹੋ ਸਕਦਾ ਹੈ ਤੇ ਮੁਰਸ਼ਦ ਨਾਲ ਵੀ। ਸੰਸਾਰ ਦੇ ਝੂਠੇ ਪਿਆਰ ਨੂੰ ਤਿਆਗ ਕੇ ਹੀ ਸੱਚਾ ਪਿਆਰ ਕੀਤਾ ਜਾ ਸਕਦਾ ਹੈ। ਬੁੱਲ੍ਹੇਸ਼ਾਹ ਨੇ ਸਮਾਜਿਕ ਭ੍ਰਿਸ਼ਟਾਚਾਰ ਨੂੰ ਵੀ ਕਾਫ਼ੀ ਦੇ ਵਿਸ਼ਿਆਂ ਵਿੱਚ ਸ਼ਾਮਲ ਕਰ ਲਿਆ ਸੀ। ਨਾਲ ਹੀ ਗਿਲੇ, ਨਿਹੋਰੇ ਅਤੇ ਉਲਾਂਭੇ ਦਾ ਰੰਗ ਵੀ ਚੋਖਾ ਹੈ। ਇਹਨਾਂ ਕਾਫ਼ੀਆਂ ਵਿੱਚ ਸੂਫ਼ੀ ਵਿਚਾਰਧਾਰਾ ਦੀ ਵਿਆਖਿਆ ਵੀ ਹੁੰਦੀ ਚਲੀ ਜਾਂਦੀ ਹੈ :

ਆਪੁ ਨੂੰ ਪਛਾਣ ਬੰਦੇ।
ਜੇ ਤੁਧ ਆਪਣਾ ਆਪ ਪਛਾਤਾ,
ਸਾਹਿਬ ਦਾ ਮਿਲਣ ਆਸਾਨ ਬੰਦੇ।
ਉੱਚੀ ਮਾੜੀ ਸੁਇਨੇ ਦੀ ਸੇਜਾ,
ਹਰ ਬਿਨ ਜਾਣ ਮਸਾਣ ਬੰਦੇ।
ਇਥੇ ਰਹਿਣ ਕਿਸੇ ਦਾ ਨਾਹੀਂ,
ਕਾਹੇ ਨੂੰ ਤਾਣਹਿ ਤਾਣ ਬੰਦੇ।
ਕਹੈ ਹੁਸੈਨ ਫ਼ਕੀਰ ਰੱਬਾਣਾ,
ਫ਼ਾਨੀ ਸਭ ਜਹਾਨ ਬੰਦੇ।

ਕਾਫ਼ੀਆਂ ਦਾ ਬੁਨਿਆਦੀ ਤੱਤ ਰਾਗਾਤਮਿਕਤਾ ਅਤੇ ਲੈਅ ਹੈ। ਸੰਬੋਧਨਾਤਮਿਕ ਸ਼ਬਦ ਸਰਲ ਸੁਭਾਵਿਕ ਬੋਲੀ, ਘਰੇਲੂ ਪ੍ਰਤੀਕ, ਜਜ਼ਬੇ ਦਾ ਤੀਖਣ ਬਿਆਨ, ਸਰੋਦੀ ਹੂਕ, ਬਿਆਨ ਦੀ ਨਜ਼ਾਕਤ, ਭਾਵ ਸੂਖਮਤਾ ਆਦਿ ਸਾਰੀਆਂ ਵਿਸ਼ੇਸ਼ਤਾਈਆਂ ਰਲ ਕੇ ਕਾਫ਼ੀ ਨੂੰ ਵੱਖਰੀ ਪਛਾਣ ਬਖ਼ਸ਼ਦੀਆਂ ਹਨ। ਅਸਲ ਵਿੱਚ ਕਾਫ਼ੀ ਅਜਿਹਾ ਕਾਵਿ-ਰੂਪ ਹੈ, ਜਿਸ ਵਿੱਚ ਸਭ ਤੋਂ ਵੱਧ ਜਜ਼ਬੇ ਦੀ ਤੀਬਰਤਾ ਦੀ ਲੋੜ ਹੈ ਅਤੇ ਜਿਸ ਵਿੱਚ ਸਭ ਤੋਂ ਘੱਟ ਰੂਪਕ ਬੰਦਸ਼ ਹੈ। ਇਸ ਵਰਗੀ ਤੋਲ ਦੀ ਭਿੰਨਤਾ, ਵਿਸ਼ੇ ਵਿਭਿੰਨਤਾ ਤੇ ਜਜ਼ਬਿਆਂ ਦੀ ਬਹੁਰੰਗੀ ਤਸਵੀਰ ਹੋਰ ਕਿਸੇ ਕਾਵਿ-ਰੂਪ ਵਿੱਚ ਨਹੀਂ ਮਿਲਦੀ।

ਬੁੱਲ੍ਹੇਸ਼ਾਹ ਤੋਂ ਮਗਰੋਂ ਕਾਫ਼ੀ ਰਚਨਾ ਇਕਦਮ ਮੱਧਮ ਪੈ ਗਈ, ਪਰ ਪੱਛਮੀ ਪੰਜਾਬ ਵਿੱਚ ਅੱਜ ਵੀ ਮੇਲਿਆਂ ਅਤੇ ਇਕੱਠਾਂ `ਤੇ ਕਾਫ਼ੀਆਂ ਦੀਆਂ ਮਹਿਫ਼ਲਾਂ ਲੱਗਦੀਆਂ ਹਨ। ਉੱਥੇ ਲੰਮਾ ਸਮਾਂ ਬੀਤ ਜਾਣ ਤੇ ਵੀ ਕਾਫ਼ੀ ਆਪਣੀ ਮੂਲ ਪਰੰਪਰਾ ਤਿਆਗ ਨਹੀਂ ਸਕੀ। ਇਸਦਾ ਪ੍ਰਧਾਨ ਵਿਸ਼ਾ ਇਸ਼ਕ ਹੀ ਰਿਹਾ ਹੈ ਅਤੇ ਬੋਲੀ ਲਹਿੰਦੇ ਪ੍ਰਭਾਵ ਵਾਲੀ ਪੰਜਾਬੀ। ਵਿਸ਼ੇ ਵਿਭਿੰਨਤਾ, ਤੋਲ ਦੀ ਭਿੰਨਤਾ ਅਤੇ ਬਹੁਰੰਗੀ ਭਾਵਾਂ ਕਾਰਨ ਕਾਫ਼ੀ ਦੇ ਰੂਪ ਵਿੱਚ ਲਚਕਤਾ ਜ਼ਰੂਰ ਆ ਗਈ ਹੈ। ਰੂਹਾਨੀ ਤੜਪ ਲਈ ਇਕ ਰੂਪਕ ਵਜੋਂ ਵਰਤਦੀ ਹੈ।

ਪੰਜਾਬੀ ਵਿੱਚ ਕਾਵਿ ਰਚਨਾ ਦਾ ਇੱਕ ਲੰਮਾ ਇਤਿਹਾਸ ਹੈ। ਪੰਜਾਬੀ ਵਿੱਚ 'ਕਾਫ਼ੀ' ਦੇ ਨਿਕਾਸ ਬਾਰੇ ਕੋਈ ਨਿਸ਼ਚਿਤ ਰਾਇ ਨਹੀਂ ਮਿਲਦੀ। ਸੁਰਿੰਦਰ ਸਿੰਘ ਕੋਹਲੀ 'ਕਾਫ਼ੀ' ਰਚਨਾ ਦਾ ਆਰੰਭ ਬਾਬਾ ਸ਼ੇਖ਼ ਫ਼ਰੀਦ ਤੋਂ ਮੰਨਦੇ ਹਨ। ਉਹ ਇੱਕ 'ਕਾਫ਼ੀ' ਵੀ ਪੇਸ਼ ਕਰਦੇ ਹਨ ਪਰੰਤੂ ਬਾਬਾ ਫ਼ਰੀਦ ਦੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਬਾਰੇ 'ਕਾਫ਼ੀ' ਸ਼ੰਕੇ ਪਾਏ ਜਾਂਦੇ ਹਨ। ਇਸ ਕਰਕੇ ਬਹੁਤੇ ਵਿਦਵਾਨ ਪੰਜਾਬੀ ਵਿੱਚ ਕਾਵਿ ਰਚਨਾ ਦਾ ਮੁੱਢ ਗੁਰੂ ਨਾਨਕ ਦੇਵ ਜੀ ਤੋਂ ਮੰਨਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀਆਂ ਕੁੱਲ ਗਿਆਰਾਂ ਕਾਫ਼ੀਆਂ ਦਰਜ ਹਨ। ਰਾਗ ਆਸਾ ਵਿਚ ਪੰਜ ਰਾਗ ਸੂਹੀ ਅਤੇ ਰਾਗ ਮਾਰੂ ਵਿੱਚ ਤਿੰਨ-ਤਿੰਨ ਕਾਫ਼ੀਆਂ ਸ਼ਾਮਲ ਹਨ। ਉਨ੍ਹਾਂ ਦੀਆਂ ਕਾਫ਼ੀਆਂ ਵਿੱਚ ਰਹਾਉ ਦੀ ਪੰਕਤੀ ਤੋਂ ਇਲਾਵਾ ਛੇ ਤੋਂ ਲੈ ਕੇ ਗਿਆਰਾਂ ਤੱਕ ਅੰਤਰੇ ਹਨ। ਸਥਾਈ ਦੀ ਪੰਕਤੀ ਇੱਕ 'ਕਾਫ਼ੀ' ਵਿੱਚ ਸ਼ੁਰੂ ਵਿੱਚ ਆਉਂਦੀ ਹੈ। ਬਾਕੀ ਕਾਫ਼ੀਆਂ ਵਿੱਚ ਪਹਿਲੇ ਅੰਤਰੇ ਤੋਂ ਬਾਅਦ ਵਿਚ ਆਈ ਹੈ ਅਤੇ ਬਾਕੀਆਂ ਅੰਤਰੇ ਇਸ ਤੋਂ ਪਿੱਛੋਂ। ਕਾਫ਼ੀਆਂ ਵਿੱਚ ਰੱਬ ਦੀ ਸਰਬ ਵਿਆਪਕਤਾ, ਰੱਬੀ ਭਾਣੇ ਦੀ ਅਟੱਲਤਾ, ਰੱਬੀ ਮਿਹਰ, ਜਗਤ ਦੀ ਨਾਸ਼ਮਾਨਤਾ, ਨਾਮ ਸਿਮਰਨ, ਸਤਿਗੁਰੂ ਦੀ ਰਹਿਨੁਮਾਈ, ਮਨੁੱਖ ਦੀ ਮੁਕਤੀ ਆਦਿ ਵਿਸ਼ੇ ਪੇਸ਼ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਮਰਦਾਸ ਦੀ ਰਾਗ ਆਸਾ ਵਿੱਚ ਇੱਕ 'ਕਾਫ਼ੀ', ਗੁਰੂ ਰਾਮਦਾਸ ਦੀਆਂ ਰਾਗ ਆਸਾ ਵਿਚ ਦੋ, ਗੁਰੂ ਅਰਜਨ ਦੇਵ ਜੀ ਦੀਆਂ ਰਾਗ ਆਸਾ ਵਿਚ ਦਸ ਅਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਰਾਗ ਤਿਲੰਗ ਵਿਚ ਤਿੰਨ ਕਾਫ਼ੀਆਂ ਮਿਲਦੀਆਂ ਹਨ। ਇਨ੍ਹਾਂ ਦਾ ਪੈਟਰਨ ਗੁਰੂ ਨਾਨਕ ਦੇਵ ਜੀ ਦੇ ਕਾਫ਼ੀਆਂ ਦੇ ਪੈਟਰਨ ਨਾਲ ਹੀ ਮਿਲਦਾ ਹੈ।

ਸੋਲ੍ਹਵੀਂ ਸਦੀ ਵਿੱਚ ਗੁਰੂ ਕਵੀਆਂ ਤੋਂ ਇਲਾਵਾ ਮਹੱਤਵਪੂਰਨ ਕਵੀ ਸ਼ਾਹ ਹੁਸੈਨ ਹੈ ਜਿਸ ਨੇ 'ਕਾਫ਼ੀ' ਰਚਨਾ ਨੂੰ ਇੱਕ ਨਵਾਂ ਮੁਕਾਮ ਦਿੱਤਾ ਅਤੇ ਇਸ ਵਿੱਚ ਸੂਫ਼ੀ ਤਸੱਵਫ਼ ਦੀ ਪੇਸ਼ਕਾਰੀ ਕੀਤੀ। ਸ਼ਾਹ ਹੁਸੈਨ ਦਾ ਸਾਰਾ ਹੀ ਕਲਾਮ ਕਾਫ਼ੀਆਂ ਦੇ ਰੂਪ ਵਿੱਚ ਮਿਲਦਾ ਹੈ

ਅਤੇ ਇਨ੍ਹਾਂ ਦੀ ਗਿਣਤੀ ਲਗ-ਪਗ 165 ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ 33 ਰਾਗਾਂ ਵਿਚ ਮਿਲਦੀਆਂ ਹਨ ਅਤੇ ਕਈ ਛੰਦ ਦੀਆਂ ਬੰਦਿਸ਼ਾਂ ਵਿਚ ਮੌਜੂਦ ਹਨ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਕੋਈ ਇਕ ਸੰਰਚਨਾ ਜਾਂ ਇਕਸਾਰਤਾ ਵਾਲੀਆਂ ਨਹੀਂ ਹਨ। ਉਸ ਨੇ ਰਹਾਉ ਦੇ ਨਾਲ ਤਿੰਨ ਅੰਤਰਿਆਂ ਤੋਂ ਲੈ ਕੇ ਗਿਆਰਾਂ ਅੰਤਰਿਆਂ ਤੱਕ ਦੀਆਂ ਕਾਫ਼ੀਆਂ ਰਚੀਆਂ ਹਨ। ਸ਼ਾਹ ਹੁਸੈਨ ਆਪਣੀਆਂ ਕਾਫ਼ੀਆਂ ਵਿੱਚ ਅੱਲ੍ਹਾ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਕਲਾਮ ਦੀ ਰਚਨਾ ਕਰਦਾ ਹੈ। ਸ਼ਾਹ ਹੁਸੈਨ ਦਾ ਅੱਲ੍ਹਾ ਇੱਕ ਹੈ ਤੇ ਹਰ ਜ਼ੱਰੇ ਵਿੱਚ ਸਮਾਇਆ ਹੋਇਆ ਹੈ। ਉਸ ਦਾ ਰਸਤਾ ਇਸ਼ਕ ਦਾ ਰਸਤਾ ਹੈ, ਜਿਸ ਵਿੱਚ ਮਸਤੀ ਤੇ ਨਸ਼ਾ ਸ਼ਾਮਿਲ ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿੱਚ ਰੱਬੀ ਮੇਲ ਨਾਲੋਂ ਬਿਰਹਾ ਦਾ ਦਰਦ ਜ਼ਿਆਦਾ ਭਾਰੂ ਹੈ। ਸ਼ਾਹ ਹੁਸੈਨ ਦੀ ਮੰਜ਼ਿਲ ਅੱਲ੍ਹਾ ਨੂੰ ਹਾਸਿਲ ਕਰਨਾ ਹੈ। ਉਸ ਦੇ ਅੰਦਰ ਦਾ ਸਫ਼ਰ ਸਵੈ ਪਹਿਚਾਣ ਤੋਂ ਸ਼ੁਰੂ ਹੁੰਦਾ ਹੈ। ਉਹ ਅੰਦਰੂਨੀ ਰੂਪ ਵਿੱਚ ਹਉਮੈ ਦਾ ਤਿਆਗ, ਨਿਮਰਤਾ, ਮਨ ਦਾ ਸੰਜਮ, ਨਫ਼ਸ ਨੂੰ ਮਾਰਨਾ, ਦਰਦ, ਚੰਗੇ ਅਮਲ, ਫ਼ਕੀਰੀ, ਰੱਬ ਦੀ ਰਜ਼ਾ ਆਦਿ ਗੁਣ ਗ੍ਰਹਿਣ ਕਰਦਾ ਹੈ ਤੇ ਬਾਹਰੀ ਰੂਪ ਵਿੱਚ ਮੁਰਸ਼ਦ ਦੀ ਟੇਕ ਸਾਧ ਸੰਗਤ ਦੀ ਓਟ ਅਤੇ ਜ਼ਿਕਰ ਦਾ ਸਹਾਰਾ ਲੈਂਦਾ ਹੈ। ਸ਼ਾਹ ਹੁਸੈਨ ਦੇ ਅਧਿਆਤਮਕ ਸਫ਼ਰ ਦੌਰਾਨ ਉਕਤ ਗੱਲਾਂ ਉਸ ਦੇ ਸਹਾਇਕ ਵਜੋਂ ਪੇਸ਼ ਹੋਈਆਂ ਹਨ। ਉਸ ਦੇ ਸਫ਼ਰ ਵਿੱਚ ਸੰਸਾਰ, ਜਨਮ, ਮੌਤ, ਧਨ, ਅਮੀਰੀ, ਸ਼ੁਹਰਤ, ਸ਼ਰੀਅਤ ਬਾਹਰੀ ਦਿਖਾਵਟ ਦੀਆਂ ਗੱਲਾਂ ਵਿਰੋਧੀ ਤੱਤ ਵਜੋਂ ਪੇਸ਼ ਹਨ। ਸ਼ਾਹ ਹੁਸੈਨ ਦਾ ਕਾਵਿ ਸਬਜੈੱਕਟ ਇਕ ਕਵਾਰੀ ਕੰਨਿਆ ਹੈ ਜਿਹੜੀ ਸਹੁਰੇ ਘਰ ਜਾਣ ਦੀ ਤਿਆਰੀ ਕਰ ਰਹੀ ਹੈ। ਸ਼ਾਹ ਹੁਸੈਨ ਨੇ ਪੰਜਾਬੀ ਸਥਾਨਕ ਭੂਗੋਲਿਕ ਦ੍ਰਿਸ਼, ਬਿੰਬ ਅਤੇ ਪ੍ਰਤੀਕ ਵਰਤੇ ਹਨ। ਉਸ ਦੀ ਭਾਸ਼ਾ ਸਧਾਰਣ ਹੋਣ ਦੇ ਬਾਵਜੂਦ ਦਾਰਸ਼ਨਿਕ ਗਹਿਰਾਈ ਵਾਲੀ ਹੈ। ਸ਼ਾਹ ਹੁਸੈਨ ਨੇ ਸੂਫ਼ੀ ਦੀ ਮਨੋਸਥਿਤੀ ਨੂੰ ਜ਼ਾਹਿਰ ਕਰਨ ਲਈ ਪਹਿਲੀ ਵਾਰ ਹੀਰ ਰਾਂਝੇ ਦਾ ਪ੍ਰਤੀਕ ਵਰਤਿਆ।

ਕਾਫ਼ੀ ਇਕ ਅਜਿਹਾ ਅਧਿਆਤਮਕ ਸਰੋਦੀ ਕਾਵਿ ਰੂਪ ਹੈ, ਜਿਸ ਵਿਚ ਰਹੱਸਵਾਦੀ ਵਿਚਾਰਾਂ ਨੂੰ ਸਾਧਾਰਨ ਲੋਕ ਭਾਸ਼ਾ, ਘਰੋਗੀ ਬਿੰਬਾਂ, ਪ੍ਰਤੀਕਾਂ ਵਿਚ ਪ੍ਰਗਟਾਇਆ ਜਾਂਦਾ ਹੈ। ਰੂਪ ਪੱਖ ਤੋਂ ਵੇਖਿਆ ਜਾਵੇ ਇਸ ਦੀਆਂ ਕੋਈ ਵਿਸ਼ੇਸ਼ ਮਾਤਰਾਵਾਂ, ਚਰਣ, ਰਾਗ ਜਾਂ ਛੰਦ ਆਦਿ ਦੀ ਬੰਦਿਸ਼ ਨਿਸ਼ਚਿਤ ਨਹੀਂ।

ਮਿੱਤਰ ਪਿਆਰੇ ਕਾਰਨ ਨੀ ਮੈਂ ਲੋਕ ਉਲ੍ਹਾਮੇਂ ਲੈਨੀ ਹਾਂ

ਲੱਗਾ ਨੇਹੁੰ ਮੇਰਾ ਜਿਸ ਸੇਤੀ, ਸਰਹਾਣੇ ਵੇਖ ਪਲੰਘ ਦੇ ਜੀਤੀ,
ਆਲਮ ਕਿਉਂ ਸਮਝਾਵੇ ਰੀਤੀ, ਮੈਂ ਡਿੱਠੇ ਬਾਝ ਨਾ ਰਹਿਨੀ ਹਾਂ।
ਮਿੱਤਰ ਪਿਆਰੇ ਕਾਰਨ ਨੀ ਮੈਂ ਲੋਕ ਉਲ੍ਹਾਮੇਂ ਲੈਨੀ ਹਾਂ।

ਤੁਸੀਂ ਸਮਝਾਓ ਵੀਰੋ ਭੋਰੀ, ਰਾਂਝਣ ਵੇਂਹਦਾ ਮੈਥੋਂ ਚੋਰੀ,
ਜੀਹਦੇ ਇਸ਼ਕ ਕੀਤੀ ਮੈਂ ਡੋਰੀ, ਮੈਂ ਨਾਲ ਆਰਾਮ ਨਾ ਬਹਿਨੀ ਹਾਂ।
ਮਿੱਤਰ ਪਿਆਰੇ ਕਾਰਨ ਨੀ ਮੈਂ ਲੋਕ ਉਲ੍ਹਾਮੇਂ ਲੈਨੀ ਹਾਂ।

ਬਿਰਹੋਂ ਆ ਵੜਿਆ ਵਿਚ ਵਿਹੜੇ, ਜ਼ੋਰੋ ਜ਼ੋਰ ਦੇਵੇ ਤਨ ਘੇਰੇ,
ਦਾਰੂ ਦਰਦ ਨਾ ਬਾਝੋਂ ਤੇਰੇ, ਮੈਂ ਸੱਜਣਾਂ ਬਾਝ ਮਰੇਨੀ ਹਾਂ ।
ਮਿੱਤਰ ਪਿਆਰੇ ਕਾਰਨ ਨੀ ਮੈਂ ਲੋਕ ਉਲ੍ਹਾਮੇਂ ਲੈਨੀ ਹਾਂ ।

ਬੁੱਲ੍ਹੇ ਸ਼ਾਹ ਘਰ ਰਾਂਝਣ ਆਵੇ, ਮੈਂ ਤੱਤੀ ਨੂੰ ਲੈ ਗਲ ਲਾਵੇ,
ਨਾਲ ਖ਼ੁਸ਼ੀ ਦੇ ਰੈਣ ਵਿਹਾਵੇ, ਨਾਲ ਖ਼ੁਸ਼ੀ ਦੇ ਰਹਿਨੀ ਹਾਂ ।
ਮਿੱਤਰ ਪਿਆਰੇ ਕਾਰਨ ਨੀ ਮੈਂ ਲੋਕ ਉਲ੍ਹਾਮੇਂ ਲੈਨੀ ਹਾਂ ।

## ਵਾਰ ਕਾਵਿ ਰੂਪ ਦਾ ਸਰੂਪ ਅਤੇ ਲੱਛਣ:

ਵਾਰ ਦਾ ਸ਼ਾਬਦਿਕ ਅਰਥ- ਵਾਰ ਸ਼ਬਦ ਦੀ ਨਿਰੁਕਤੀ ਬਾਰੇ ਬਹੁਤ ਸਾਰੇ ਮੱਤ ਹਨ। ਇਸ ਦੀ ਨਿਰੁਕਤੀ ਸੰਸਕ੍ਰਿਤ ਭਾਸ਼ਾ ਦੇ ਸ਼ਬਦ "ਵਰਨਾ" ਤੋਂ ਮੰਨੀ ਜਾਂਦੀ ਹੈ। ਇਹ ਢਾਡੀਆਂ ਦੁਆਰਾ ਲੋਕਾਂ ਦੇ "ਬਾਰ" ਉੱਤੇ ਖੜਕੇ ਗਾਏ ਜਾਣ ਵਾਲਾ ਰੂਪ ਹੈ। ਉਤਸ਼ਾਹ ਤੇ ਵੀਰ ਰਸ ਭਰਪੂਰ ਕਾਵਿ ਨੂੰ ਵਾਰ ਕਾਵਿ ਕਿਹਾ ਜਾਂਦਾ ਹੈ। ਇਸ ਵਿਚ ਵੀਰ ਰਸ ਦੀ ਨਿਸ਼ਪਤੀ ਹੁੰਦੀ ਹੈ। ਪੰਜਾਬੀ ਵਿਚ ਵੀਰ ਕਾਵਿ ਦੇ ਦੋ ਪ੍ਰਮੁੱਖ ਕਾਵਿ ਰੂਪ ਹਨ: 1) ਵਾਰ, 2) ਜੰਗਨਾਮਾ।

**ਵਾਰ ਦੇ ਅਰਥ:**

1) ਵਾਰ ਸ਼ਬਦ ਸੰਸਕ੍ਰਿਤ ਦੇ ਵਾਰਣ ਤੋਂ ਉਤਪੰਨ ਹੋਇਆ ਹੈ। ਜਿਸ ਦੇ ਅਰਥ ਕਿਸੇ ਕੰਮ ਨੂੰ ਵਾਰ-ਵਾਰ ਕਰਨ ਤੋਂ ਲਏ ਜਾਂਦੇ ਹਨ। ਇਸ ਵਿਚ ਵਰਣਿਤ ਵਿਸ਼ੇ ਦਾ ਵਧੇਰੇ ਪ੍ਰਭਾਵ ਪਾਉਣ ਲਈ ਘਟਨਾਵਾਂ ਦਾ ਵਾਰ ਵਾਰ ਉਲੇਖ ਹੁੰਦਾ ਹੈ।
2) ਅਜਿਹਾ ਕਾਵਿ ਰੂਪ ਜਿਹੜਾ ਆਪਣੇ ਆਪ ਵਿਚ ਕਿਸੇ ਦੀ ਸਿਫਤ ਨੂੰ ਸਮੋਏ ਅਤੇ ਉਹ ਸਿਫਤ ਨਾਇਕ ਦੇ ਵੀਰ ਪੱਖ ਨਾਲ ਸਬੰਧ ਰੱਖਦੀ ਹੋਵੇ, ਵਾਰ ਕਿਹਾ ਜਾਂਦਾ ਹੈ।
3) ਇਕ ਮੱਤ ਹੈ ਕਿ ਢਾਢੀ/ਮਰਾਸੀ ਰਾਜਿਆ, ਮਹਾਰਾਜਿਆਂ ਦੇ ਬਾਰ/ਦਰਵਾਜਿਆ ਤੇ ਬੈਠ ਕੇ ਉਨ੍ਹਾਂ ਦੀ ਕੁੱਲ ਪਰੰਪਰਾ ਦਾ ਜੱਸ ਗਾਉਂਦੇ ਸਨ ਇਸ ਤੋਂ ਵਾਰ ਨਾਮ ਪ੍ਰਚਲਿਤ ਹੋ ਗਿਆ।

**ਵਾਰ ਦੀ ਪਰਿਭਾਸ਼ਾ**

**ਕਾਨ੍ਹ ਸਿੰਘ ਨਾਭਾ ਅਨੁਸਾਰ,** "ਯੁੱਧ ਸੰਬੰਧੀ ਕਾਵਯ ਉਹ ਰਚਨਾ ਜਿਸ ਵਿੱਚ ਸੁਰ-ਵੀਰਤਾ ਦਾ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ ਪਉੜ੍ਹੀ ਛੰਦ ਭੀ ਹੋਇਆ ਹੈ, ਕਿਉਂ ਕਿ ਯੋਧਿਆਂ ਦੀ ਸੁਰਵੀਰਤਾ ਦਾ ਜੱਸ ਪੰਜਾਬੀ ਕਵੀਆ ਨੇ ਬਹੁਤ ਕਰਕੇ ਇਸੇ ਛੰਦ ਵਿੱਚ ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਾਉੜ੍ਹੀ ਛੰਦਾ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ, ਵਾਰ ਨਾਮ ਤੋਂ ਪ੍ਰਸਿੱਧ ਹੈ।"

**ਰਤਨ ਸਿੰਘ ਜੱਗੀ ਅਨੁਸਾਰ,** "ਵਾਰ ਸ਼ਬਦ ਸੰਸਕ੍ਰਿਤ ਦੇ ਵਾਰਣ ਸ਼ਬਦ ਤੋਂ ਵਿਉਤਪਤ ਪ੍ਰਤੀਤ ਹੁੰਦਾ ਹੈ ਕਿਉਂਕਿ ਇਸ ਵਿੱਚ ਵਰਣਿਤ ਵਿਸੇ ਦਾ ਉਚਿਤ ਪ੍ਰਭਵ ਪਾਉਣ ਲਈ ਘਟਨਾਵਾਂ ਦਾ ਵਾਰ-2 ਉਲੇਖ ਹੁੰਦਾ ਹੈ ਕਈ ਵਿਦਵਾਨਾ ਦਾ ਮਤ ਹੈ ਕਿ ਢਾਡੀ ਆਪਣੇ ਆਸਰਾ ਦਾਤਿਆ ਦੇ ਬਾਰਾ (ਦਰਵਾਜ਼ਿਆਂ) `ਤੇ ਜਾ ਕੇ ਉਹਨਾਂ ਦੀ ਅਤੇ ਉਹਨਾਂ ਦੀ ਕੁੱਲ ਪਰੰਪਰਾ ਦੀ ਸਿਫ਼ਤ ਕਰਦੇ ਨੂੰ ਸਮੋਏ ਅਤੇ ਸਿਫ਼ਤ ਨਾਇਕ ਦੇ ਵੀਰ ਪੱਖ ਨਾਲ ਸਬੰਧ ਰੱਖਦੀ ਹੋਵੇ ਵਾਰ ਆਖਿਆ ਜਾਣ ਲੱਗਾ।"

**ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਅਨੁਸਾਰ,** "ਵਾਰਾਂ ਕਹਿਣ ਦਾ ਰਿਵਾਜ ਢੇਰ ਪੁਰਾਣਾ ਹੈ ਅਤੇ ਗੁਰੂ ਸਾਹਿਬਾਂ ਦੇ ਸਮੇਂ ਤਕ ਪੇਸ਼ਾਵਰ ਕਵੀਆਂ ਦੀਆਂ ਅਜਿਹੀਆਂ ਕਈ ਟੋਲੀਆਂ ਹੁੰਦੀਆਂ ਸਨ ਜੋ ਥਾਂ ਥਾਂ ਤੇ ਜਾ ਕੇ ਵਾਰਾਂ ਗਾਉਂਦੀਆਂ। ਇਨ੍ਹਾਂ ਨੂੰ ਢਾਡੀ ਜਾਂ ਭੱਟ ਕਿਹਾ ਜਾਂਦਾ ਸੀ। . . . ਢਾਡੀ ਜਾਂ ਭੱਟ ਤੋਂ ਆਮ ਕਰ ਕੇ ਜੱਸ ਜਾਂ ਪ੍ਰਸੰਸਾ ਵਾਲੀ ਕਵਿਤਾ ਗਾਉਣ ਤੋਂ ਲਿਆ ਜਾਂਦਾ ਹੈ। . . . ਇਸ ਵਿਚ ਕਿਸੇ ਯੋਧੇ ਦੀ ਬੀਰਤਾ ਦਾ ਬਿਆਨ ਤੇ ਜੱਸ ਹੁੰਦਾ ਹੈ। ਜੁੱਧ ਦਾ ਬਿਰਤਾਂਤ, ਬੀਰਤਾ ਭਰਿਆ ਵਾਯੂਮੰਡਲ ਤੇ ਨਾਇਕ ਦੀ ਬਹਾਦਰੀ ਦੀ ਪ੍ਰਸੰਸਾ ਕਰਕੇ ਉਸਦੀ ਸ਼ਖ਼ਸੀਅਤ ਨੂੰ ਨਾਟਕੀ ਹੁਨਰ ਰਾਹੀਂ ਉਘਾੜਨਾ, ਇਸਦੇ ਵਿਸ਼ੇਸ਼ ਲੱਛਣ ਹਨ।"

**ਹਰਿੰਦਰ ਸਿੰਘ ਰੂਪ** ਨੇ ਵਾਰ ਦੇ ਲੱਛਣ ਇਸ ਤਰਾਂ ਦੱਸੇ ਹਨ, "ਵਾਰ ਦਾ ਅਰਥ ਹਨ-ਹਮਲਾ ਕਰਨਾ, ਜੱਸ ਕਰਨਾ, ਜਾਂ ਯੁੱਧ ਦੀ ਗੱਲ ਕਰਨਾ ਜਿਸ ਵਿਚ ਸੂਰਮੇ ਦਾ ਜੱਸ ਗਾਇਆ ਜਾਂਦਾ ਹੈ। ਅਤੇ ਦੂਜੇ ਵਿਚ ਵਾਹਿਗੁਰੂ, ਸਤਿਗੁਰੂ, ਸਤਿਪੁਰਖ, ਦਾ ਮਹਿਮਾ ਗਾਈ ਜਾਂਦੀ ਹੈ ਜਾਂ ਫਿਰ ਗੁਣਾਂ ਦੀ ਵਡਿਆਈ ਪਰਗਟ ਕੀਤੀ ਜਾਂਦੀ ਹੈ। ਇਸ ਵਿਚ ਸ਼ੁੱਭ ਅਤੇ ਅਸ਼ੁੱਭ ਗੁਣਾਂ ਦੀ ਟੱਕਰ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਪਰਖਿਆ ਯੁੱਧ ਕਥਾ ਦੇ ਵਰਣਨ ਦੁਆਰਾ ਸੂਰਬੀਰ ਯੋਧਿਆਂ ਦਾ ਪਉੜੀ ਛੰਦ ਵਿਚ ਜੱਸ ਗਾਇਨ ਕਰਨ ਵਾਲੀ ਰਚਨਾ ਨੂੰ ਵਾਰ ਕਿਹਾ ਜਾਂਦਾ ਹੈ।"

**ਵਾਰ ਦੀਆਂ ਕਿਸਮਾਂ**

ਪੰਜਾਬੀ ਦੇ ਪੁਰਾਤਨ ਅਤੇ ਮੱਧ-ਕਾਲੀ ਸਾਹਿਤ ਵਿੱਚ ਦੋ ਤਰ੍ਹਾਂ ਦੀਆਂ ਵਾਰਾਂ ਦੀ ਰਚਨਾ ਹੋਈ ਹੈ। ਲੋਕ-ਵਾਰਾਂ ਅਤੇ ਅਧਿਆਤਮਿਕ ਵਾਰਾਂ। ਲੋਕ-ਵਾਰਾਂ ਵਿੱਚ ਆਮ ਤੌਰ ਤੇ ਯੁੱਧ ਦਾ ਵਰਣਨ ਕੀਤਾ ਜਾਂਦਾ ਹੈ ਅਤੇ ਬੀਰ ਰਸ ਦੀ ਸਿਰਜਣਾ ਕੀਤੀ ਜਾਂਦੀ ਹੈ ਜਦੋਂ ਕਿ ਅਧਿਆਤਮਿਕ ਵਾਰਾਂ ਰੂਹਾਨੀ ਜਾਂ ਨੈਤਿਕ ਵਿਸ਼ਿਆਂ ਦੀ ਪੇਸ਼ਕਾਰੀ ਕਰਦੀਆਂ ਹਨ ਅਤੇ ਇਹਨਾਂ ਵਿੱਚ ਸ਼ਾਂਤ ਰਸ ਦੀ ਪ੍ਰਧਾਨਤਾ ਹੁੰਦੀ ਹੈ।

ਵਾਰ ਪੰਜਾਬੀ ਦਾ ਇੱਕ ਕਾਵਿ-ਰੂਪ ਹੈ। ਇਹ ਪਉੜੀ ਛੰਦ ਵਿੱਚ ਰਚੀ ਜਾਂਦੀ ਹੈ। ਇਹ ਕਾਵਿ ਰੂਪ ਸਿੱਖ-ਸਾਹਿਤ ਵਿੱਚ ਵਧੇਰੇ ਪ੍ਰਚਲਿਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹੋਇਆ ਹਨ। ਇਹ ਲੋਕ ਪਰੰਪਰਾ ਉੱਤੇ ਆਧਾਰਿਤ ਪੰਜਾਬੀ ਭਾਸ਼ਾ ਦਾ ਇੱਕ ਕਾਵਿ ਰੂਪ ਹੈ। ਵਾਰ ਕਾਵਿਮਈ ਉਤਸ਼ਾਹ ਵਰਧਕ ਵਾਰਤਾ ਹੈ ਜਿਸ ਵਿੱਚ ਆਕਰਮਣ ਜਾਂ ਸੰਘਰਸ਼ ਦੇ ਪ੍ਰਸੰਗ ਵਿੱਚ ਨਾਇਕ ਦਾ ਯਸ਼ ਗਾਇਆ ਜਾਂਦਾ ਹੈ। ਵਾਰਾਂ ਪਉੜੀਆਂ ਵਿੱਚ ਲਿਖੀਆਂ ਜਾਂਦੀਆਂ ਸਨ। ਇਸ ਵਿੱਚ ਆਮ ਤੌਰ 'ਤੇ ਵੀਰ ਰਸ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਇਸ ਨੂੰ ਗਾਉਣ ਵਾਲੇ ਅਤੇ ਕਿਸੇ ਹੱਦ ਤਕ ਰਚੇਤਾ ਵੀ ਭੱਟ ਜਾਂ ਢਾਡੀ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਵਾਰ ਨੂੰ ਵੀਰ-ਰਸ ਦੇ ਖੇਤਰ ਵਿਚੋਂ ਕੱਢ ਕੇ ਅਧਿਆਤਮਿਕਤਾ ਦੀ ਸ਼ਾਂਤ ਭਾਵ-ਭੂਮੀ ਵੱਲ ਮੋੜੀਆਂ ਅਤੇ ਵਾਰ ਦੇ ਵਿਸ਼ੇ ਖੇਤਰ ਵਿੱਚ ਵਿਸਤਾਰ ਕੀਤਾ।

ਵਾਰ ਲੋਕ-ਮਾਨਸ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਮੁਕਤੀ-ਪ੍ਰਾਪਤੀ ਦੇ ਮਾਰਗ ਉੱਤੇ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਅਧਿਆਤਮਿਕ ਵਾਰਾਂ ਵਿੱਚ ਪਰਮਾਤਮਾ ਨੂੰ ਸਰਵ-ਸ਼ਕਤੀਮਾਨ ਨਾਇਕ ਮੰਨ ਕੇ ਉਹ ਦਾ ਯਸ਼ ਗਾਇਆ ਗਿਆ ਹੈ। 'ਪਉੜੀ ' ਦੇ ਦੋ ਰੂਪ ਵਰਤੇ ਗਏ ਹਨ—ਨਿਸ਼ਾਨੀ ਅਤੇ ਸਿਰਖੰਡੀ। ਇਸ ਦੀ ਭਾਸ਼ਾ ਜਨ- ਪੱਧਰ ਦੀ ਹੁੰਦੀ ਹੈ ਅਤੇ ਯੁੱਧ ਦਾ ਵਾਤਾਵਰਨ ਸਿਰਜਣ ਲਈ ਤਲਖ਼ ਅਤੇ ਕਠੋਰ ਧੁਨੀਆਂ ਵਾਲੇ ਵਰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਢਾਡੀ ਲੋਕ ਗਾਉਣ ਵੇਲੇ ਵਿਆਖਿਆ ਦੀ ਰੁਚੀ ਅਧੀਨ ਪਉੜੀਆਂ ਨਾਲ ਸਲੋਕ ਵੀ ਜੋੜ ਦਿੰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਜੋ ਸਲੋਕ ਪੂਰਵ-ਵਰਤੀ ਗੁਰੂ ਸਾਹਿਬਾਨ ਦੀਆਂ ਵਾਰਾਂ ਨਾਲ ਜੁੜ ਚੁੱਕੇ ਸਨ, ਉਨ੍ਹਾਂ ਨੂੰ ਉਸੇ ਤਰਾਂ ਰੱਖ ਕੇ ਪਉੜੀਆਂ ਦੀ ਬਿਰਤੀ ਅਨੁਸਾਰ ਕਈ ਹੋਰ ਸਲੋਕ ਵੀ ਜੋੜ ਕੇ ਵਾਰ ਨੂੰ ਪਉੜੀ-ਬੰਧ ਦੀ ਥਾਂ ਸਲੋਕ-ਪਉੜੀ-ਬੰਧ ਵਾਲਾ ਰੂਪ ਦੇ ਦਿੱਤਾ।

ਵਾਰ ਦੇ ਪੁਰਾਤਨ ਹੋਣ ਦਾ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨੌਂ ਵਾਰਾਂ ਦੇ ਲੋਕ-ਪ੍ਰਚਲਨ ਅਤੇ ਲੋਕਪ੍ਰਿਯਤਾ ਕਾਰਨ ਪਰਵਾਨ ਚੜ੍ਹੀਆਂ ਧੁਨੀਆਂ ਤੋਂ ਹੋ ਜਾਂਦਾ ਹੈ। ਇਹ ਨੌਂ ਵਾਰਾਂ ਇਸ ਪ੍ਰਕਾਰ ਹਨ— ਵਾਰ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ, ਵਾਰ ਟੁੰਡੇ ਅਸਰਾਜੇ ਕੀ, ਵਾਰ ਰਾਇ ਕਮਾਲ ਦੀ ਮਉਜਦੀ, ਵਾਰ ਸਿਕੰਦਰ ਬਰਾਹਮ ਕੀ, ਵਾਰ ਲਲਾਬਹਿਲੀਮਾ ਕੀ, ਵਾਰ ਜੋਧੈ ਵੀਰੈ ਪੂਰਬਣੀ ਕੀ, ਵਾਰ ਰਾਇ ਮਹਿਮੇ ਹਸਨੇ ਕੀ, ਵਾਰ ਰਾਣੈ ਕੈਲਾਸ ਤਥਾ ਮਾਲਦੇ ਕੀ, ਵਾਰ ਮੂਸੇ ਕੀ। ਇਨ੍ਹਾਂ ਦੇ ਧੁਨੀ-ਗਤ ਸੰਕੇਤਾਂ ਤੋਂ ਪੁਰਾਤਨ ਵਿਰਸੇ ਦਾ ਬੋਧ ਹੁੰਦਾ ਹੈ। ਪਰ ਇਨ੍ਹਾਂ ਵਾਰਾਂ ਵਿੱਚ ਵਰਣਿਤ ਬ੍ਰਿੱਤਾਂਤਾਂ ਦੇ ਆਧਾਰ'ਤੇ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਵਿਚੋਂ ਪੰਜ ਦਾ ਸਮਾਂ ਗੁਰੂ-ਕਾਲ ਬਣਦਾ ਹੈ ਅਤੇ ਚਾਰ ਆਦਿ- ਕਾਲ ਵਿੱਚ ਸਮੇਟੀਆਂ ਜਾ ਸਕਦੀਆਂ ਹਨ। ਆਦਿ- ਕਾਲੀਨ ਚਾਰ ਵਾਰਾਂ ਹਨ—ਟੁੰਡੇ ਅਸ ਰਾਜੇ ਦੀ ਵਾਰ, ਸਿਕੰਦਰ ਬਰਾਹਮ ਕੀ ਵਾਰ, ਮੂਸੇ ਕੀ ਵਾਰ ਅਤੇ ਲੱਲਾ ਬਹਲੀਮਾ ਕੀ ਵਾਰ। ਇਨ੍ਹਾਂ ਵਾਰਾਂ ਦਾ ਪੂਰਾ ਪਾਠ ਨਹੀਂ ਮਿਲਦਾ। ਸਿੱਖ-ਇਤਿਹਾਸ-ਨੁਮਾ ਰਚਨਾਵਾਂ ਅਥਵਾ ਕੋਸ਼ਾਂ ਵਿੱਚ ਇਨ੍ਹਾਂ ਦੇ ਕੁੱਝ ਉਧਰਿਤ ਅੰਸ਼ ਜ਼ਰੂਰ ਮਿਲ ਜਾਂਦੇ ਹਨ

### ਵਾਰ ਦੇ ਲੱਛਣ

ਵਾਰ ਕਾਵਿ-ਰੂਪ ਬੁਨਿਆਦੀ ਤੌਰ ਤੇ ਲੋਕ-ਕਾਵਿ ਹੈ। ਵਾਰਾਂ ਲੋਕ-ਗੀਤਾਂ ਵਾਂਗ ਭੱਟਾਂ ਅਥਵਾ ਮਰਾਸੀਆਂ ਦੀ ਸਮੂਹਿਕ ਰਚਨਾ ਰਹੀਆਂ ਹਨ। ਇਹਨਾਂ ਵਾਰਾਂ ਵਿੱਚ ਉਹਨਾਂ ਦੀਆਂ ਕਈ ਪੀੜ੍ਹੀਆਂ ਦਾ ਅਨੁਭਵ ਘੁਲਿਆ ਹੋਇਆ ਹੈ। ਵਾਰਾਂ ਵਿੱਚ ਲੋਕ ਭਾਵਨਾ ਅਤੇ ਮਰਯਾਦਾ ਦਾ ਅੰਸ਼ ਪ੍ਰਬਲ ਹੈ। ਵਾਰ ਤੋਂ ਵਧੇਰੇ ਭਾਵ ਯੁੱਧ ਸੰਬੰਧੀ ਕਾਵਿ ਤੋਂ ਲਿਆ ਜਾਂਦਾ ਹੈ। ਅਜਿਹੀ ਵਾਰਤਾ ਜਿਸ ਵਿੱਚ ਸੂਰਮਿਆਂ ਦੇ ਯੁੱਧ ਸੰਬੰਧੀ ਕਾਰਨਾਮਿਆਂ ਦਾ ਵਿਸ਼ੇਸ਼ ਢੰਗ ਨਾਲ ਗਾਇਨ ਕੀਤਾ ਗਿਆ ਹੋਵੇ-ਵਾਰ ਕਹੀ ਜਾਂਦੀ ਹੈ। ਇਹਨਾਂ ਵਿੱਚ ਨਾਇਕ/ਨਾਇਕ ਦੀ ਬੀਰਤਾ ਦਾ ਜੱਸ ਅਜਿਹੀ ਲੈਅ ਵਿੱਚ ਗਾਇਆ ਜਾਂਦਾ ਸੀ ਜਿਸ ਨਾਲ ਪਾਠਕ ਅਤੇ ਸ੍ਰੋਤਾ ਇੱਕ ਅਨੋਖਾ ਉਤਸ਼ਾਹ ਅਨੁਭਵ ਕਰਦਿਆਂ ਨਾਇਕ/ਨਾਇਕ ਨੂੰ ਇੱਕ ਆਦਰਸ਼ ਯੋਧਾ ਸਵੀਕਾਰ ਕਰਨ ਲੱਗ ਪੈਣ। ਇਸ ਨਾਲ ਉਹਨਾਂ ਅੰਦਰ ਵੀ ਨਾਇਕ ਵਰਗੇ ਭਾਵ ਉਜਾਗਰ ਹੋ ਜਾਣ ਅਤੇ ਉਹ ਵੀ ਨਾਇਕ ਵਾਂਗ ਦੁਸ਼ਮਣ ਨਾਲ ਯੁੱਧ ਕਰਨ ਅਤੇ ਲੜ ਮਰਨ ਲਈ ਤਿਆਰ ਹੋ ਜਾਣ। ਮਤਲਬ ਇਹ ਕਿ ਵਾਰ ਵਿੱਚ ਕਿਸੇ ਨਾਇਕ ਅਤੇ ਉਸ ਦੀ ਬੀਰਤਾ ਵਾਲੇ ਕਰਤੱਵ ਦਾ ਹੋਣਾ ਲਾਜ਼ਮੀ ਹੈ। ਇਸ ਵਿੱਚ ਨਾਇਕ ਦੀ ਜਿੱਤ ਓਨੀ ਜ਼ਰੂਰੀ ਨਹੀਂ ਜਿੰਨੀ ਕਿ ਉਸ ਦੀ ਬੀਰਤਾ ਅਤੇ ਦ੍ਰਿੜ੍ਹਤਾ।

ਵਾਰ ਸ਼ਬਦ ਦੇ ਅਜਿਹੇ ਪ੍ਰਬੰਧਕ ਅਰਥ ਵੀ ਹਨ ਜਿਨ੍ਹਾਂ ਅਨੁਸਾਰ ਵਾਰ ਇੱਕ ਖ਼ਾਸ ਵਿਸ਼ੇ ਵਾਲਾ ਪ੍ਰਬੰਧ-ਕਾਵਿ ਹੈ। ਪ੍ਰਬੰਧ-ਕਾਵਿ ਵਿੱਚ ਇੱਕਸੂਤਰਤਾ ਅਤੇ ਲੜੀਬੱਧਤਾ ਵਿਚ ਨਾਇਕ ਦਾ ਸਰਬਾਂਗੀ ਜੀਵਨ ਇੱਕ ਕਥਾ-ਸੂਤਰ ਵਿੱਚ ਪਰੋਇਆ ਗਿਆ ਹੁੰਦਾ ਹੈ। ਵਾਰ ਵਿੱਚ ਬੀਰ-ਰਸੀ ਵਾਰ ਦਾ ਨਾਇਕ ਕੋਈ ਪ੍ਰਸਿੱਧ ਇਤਿਹਾਸਿਕ ਸੂਰਮਾ ਜਾਂ ਕਿਸੇ ਪ੍ਰਸਿੱਧ ਜਾਤੀ ਦਾ ਵਿਅਕਤੀ ਹੁੰਦਾ ਹੈ। ਨਾਇਕ ਕੋਈ ਮਿਥਹਾਸਿਕ ਵਿਅਕਤੀ ਵੀ ਹੋ ਸਕਦਾ ਹੈ ਜੋ ਧਰਮ, ਕੌਮ ਜਾਂ ਪਰਉਪਕਾਰ ਖ਼ਾਤਰ ਜਿੱਤਦਾ ਜਾਂ ਸ਼ਹੀਦ ਹੁੰਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਦੀ ਨਾਇਕ ਦੁਰਗਾ ਦੇਵੀ ਇੱਕ ਮਿਥਹਾਸਿਕ ਪਾਤਰ ਹੈ।

ਵਾਰ ਦਾ ਆਪਣਾ ਵੱਖਰਾ ਹੀ ਲਹਿਜਾ ਹੁੰਦਾ ਹੈ। ਵਿਸ਼ਾ ਯੁੱਧ ਹੋਣ ਕਰ ਕੇ ਇਸਦਾ ਵਾਤਾਵਰਨ ਅਸਧਾਰਨ ਹੁੰਦਾ ਹੈ। ਫ਼ੌਜਾਂ ਦੀ ਚੜ੍ਹਤ, ਸ਼ਸਤਰਾਂ ਦੀ ਚਮਕ, ਸਰੀਰਕ ਡੀਲ-ਡੌਲ, ਕੱਟ-ਵੱਢ, ਨਾਹਰੇ, ਲਲਕਾਰੇ, ਤੋਪਾਂ ਦੀ ਗੜਗੜਾਹਟ, ਧੌਂਸਿਆਂ ਦੀਆਂ ਚੋਟਾਂ ਆਦਿ ਵਾਰ ਦੇ ਵਾਤਾਵਰਨ ਨੂੰ ਉਘਾੜਦੇ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਵਾਰ ਵਿੱਚ ਸੂਰਮਿਆਂ ਦੇ ਕਾਰਨਾਮੇ ਜਿੰਨੀ ਸੂਖਮਤਾ ਅਤੇ ਬਰੀਕੀ ਨਾਲ ਚਿੱਤਰੇ ਹੋਣਗੇ, ਵਾਰ ਓਨੀ ਹੀ ਸਫਲ ਹੋਵੇਗੀ। ਨਾਇਕ ਦੀ ਸੂਰਮਤਾ ਨੂੰ ਉਘਾੜਨ ਲਈ ਪ੍ਰਤਿ ਨਾਇਕ ਅਤੇ ਵਿਰੋਧੀ ਸੈਨਿਕਾਂ ਦੀ ਬੀਰਤਾ, ਦਲੇਰੀ ਅਤੇ ਯੁੱਧ-ਕਲਾ ਵਿੱਚ ਨਿਪੁੰਨਤਾ ਨੂੰ ਪੂਰੀ ਥਾਂ ਦਿੱਤੀ ਜਾਂਦੀ ਹੈ। ਵਾਰ ਵਿੱਚ ਅਜਿਹੀ ਨਿਰਪੱਖਤਾ ਉੱਤਮ ਵਾਰ ਦੀ ਨਿਸ਼ਾਨੀ ਹੈ।

### ਵਾਰ ਦਾ ਸਰੂਪ

- ਮੰਗਲਾਚਰਣ

- ਯੁੱਧ ਦੇ ਕਾਰਨ
- ਸੰਘਰਸ਼/ਟਕਰਾਅ
- ਸਮਾਧਾਨ
- ਮਹਾਤਮ
- ਪਉੜੀ ਛੰਦ (ਸਿਰਖੰਡੀ ਤੇ ਨਿਸ਼ਾਨੀ)
- ਬੀਰ ਰਸ
- ਬੋਲੀ ਠੇਠ, ਜ਼ੋਰਦਾਰ ਤੇ ਸਰਲ
- ਸ਼ੈਲੀ ਬਿਰਤਾਂਤਕ, ਵਰਣਨਾਤਮਕ


ਵਾਰ ਦੇ ਵਾਤਾਵਰਨ ਨੂੰ ਪ੍ਰਚੰਡ ਕਰਨ ਲਈ ਵੰਨ-ਸਵੰਨੇ ਅਲੰਕਾਰਾਂ, ਬਿੰਬਾਂ, ਸ਼ਬਦ ਚਿੱਤਰਾਂ, ਬੋਲ ਚਿੱਤਰਾਂ ਅਤੇ ਨਾਦ ਚਿੱਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਗਾਏ ਜਾਣ ਯੋਗ ਬਣਾਉਣ ਲਈ ਇਸ ਵਿੱਚ ਲੈਅ ਦਾ ਹੋਣਾ ਜ਼ਰੂਰੀ ਹੈ। ਸਫਲ ਵਾਰ ਦਾ ਪ੍ਰਧਾਨ ਰਸ ਬੀਰ-ਰਸ ਹੁੰਦਾ ਹੈ। ਬਾਕੀ ਰਸ ਜਿਵੇਂ ਕਰੁਣਾ ਰਸ, ਰੋਦਰ ਰਸ, ਹਾਸ ਰਸ ਆਦਿ ਵੀ ਬੀਰ-ਰਸ ਨੂੰ ਹੀ ਪ੍ਰਚੰਡ ਕਰਦੇ ਹਨ।

ਸਰਹੱਦੀ ਸੂਬਾ ਹੋਣ ਕਰ ਕੇ ਪੰਜਾਬ ਸ਼ੁਰੂ ਤੋਂ ਜਰਵਾਣਿਆਂ ਦੀ ਮਾਰ ਹੇਠ ਰਿਹਾ। ਇੱਥੋਂ ਦੇ ਵਾਸੀਆਂ ਨੂੰ ਪ੍ਰਚੰਡ ਅਤੇ ਦਲੇਰ ਕਰਨ ਲਈ ਵਾਰ ਰਚਨਾ ਵੀ ਢੇਰ ਚਿਰ ਤੋਂ ਹੁੰਦੀ ਆ ਰਹੀ ਹੈ। ਰਾਜੇ ਮਹਾਰਾਜਿਆਂ ਨੇ ਵਾਰਾਂ ਗਾਉਣ ਲਈ ਆਪਣੇ ਦਰਬਾਰਾਂ ਵਿੱਚ ਢਾਡੀ ਰੱਖੇ ਹੁੰਦੇ ਸਨ ਜੋ ਅਣਖੀਲੇ ਯੋਧਿਆਂ ਦੀਆਂ ਵਾਰਾਂ ਹੇਕ ਲਾ ਕੇ ਗਾਉਂਦੇ ਸਨ।

## ਕਿੱਸਾ ਕਾਵਿ ਰੂਪ ਦਾ ਸਰੂਪ ਅਤੇ ਲੱਛਣ:

ਪੰਜਾਬੀ ਸਾਹਿਤ ਵਿੱਚ ਕਿੱਸਿਆਂ ਦਾ ਇੱਕ ਵਿਸ਼ੇਸ਼ ਸਥਾਨ ਹੈ। ਵੱਖ-ਵੱਖ ਕਵੀਆਂ ਵੱਲੋਂ ਲਗਭਗ ਹਰ ਕਾਲ ਵਿੱਚ ਲਿਖੀਆਂ ਅਨੇਕਾਂ ਪ੍ਰੇਮ ਕਥਾਵਾਂ ਸਾਨੂੰ ਕਿੱਸਾ ਰੂਪ ਵਿੱਚ ਮਿਲਦੀਆਂ ਹਨ। ਕਹਾਣੀਆਂ ਸੁਣਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਇਹਨਾਂ ਕਹਾਣੀਆਂ ਨੂੰ ਸਾਹਿਤ ਵਿੱਚ ਲਿਆਉਣ ਲਈ ਕਵਿਤਾ ਨੂੰ ਮਾਧਿਅਮ ਬਣਾਇਆ ਗਿਆ ਸੀ ਅਤੇ ਇਹਨਾਂ ਕਵਿਤਾਵਾਂ ਵਿੱਚ ਲਿਖੀਆਂ ਗਈਆਂ ਕਹਾਣੀਆਂ ਨੂੰ ਹੀ ਕਿੱਸਾ ਕਿਹਾ ਜਾਣ ਲੱਗਾ। ਪੰਜਾਬੀ ਵਿੱਚ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ ਸਾਹਿਬਾ ਆਦਿ ਕਿੱਸੇ ਮਿਲਦੇ ਹਨ। ਜਿਹੜੇ ਅੱਜ ਵੀ ਪੰਜਾਬ ਦੇ ਲੋਕਾਂ ਦੀਆਂ ਜ਼ੁਬਾਨਾਂ ਉੱਪਰ ਚੜ੍ਹੇ ਹੋਏ ਹਨ। ਇਹਨਾਂ ਕਿੱਸਿਆਂ ਦੀਆਂ ਜੜਾ ਪੂਰੇ ਪੰਜਾਬ ਵਿੱਚ ਬਹੁਤ ਡੂੰਘੀਆਂ ਹਨ।

ਪੰਜਾਬੀ ਕਿੱਸਾ ਕਾਵਿ ਦੇ ਉਦਭਵ ਸੰਬੰਧੀ ਪੰਜਾਬੀ ਸਾਹਿਤ ਦੇ ਵਿਦਵਾਨਾਂ ਦਾ ਵਧੇਰੇ ਮੱਤ ਇਹੋ ਰਿਹਾ ਹੈ ਕਿ ਇਹ ਕਾਵਿ ਧਾਰਾ ਮਸਨਵੀ ਪਰੰਪਰਾ ਰਾਹੀਂ ਪੰਜਾਬ ਵਿੱਚ ਆਇਆ। ਕਿੱਸਾ ਅਰਬੀ ਜਬਾਨ ਦਾ ਸ਼ਬਦ ਹੈ। ਜਿਸਦਾ ਅਰਥ ਹੈ ਬਿਆਨ; ਕਲਪਿਤ ਕਹਾਣੀ, ਕਥਾ ਆਦਿ। ਪੰਜਾਬੀ ਕਿੱਸਾ ਫ਼ਾਰਸੀ ਦੇ ਪ੍ਰਸਿਧ ਕਾਵਿ ਰੂਪ ਮਸਨਵੀ ਤੇ ਆਧਾਰਿਤ ਹੈ।




ਡਾ. ਕੁਲਬੀਰ ਸਿੰਘ ਕਾਂਗ ਦਾ ਵੀ ਇਹੋ ਮਤ ਹੈ ਕਿ ਪੰਜਾਬੀ ਕਿੱਸਾ ਫ਼ਾਰਸੀ ਦੀ ਮਸਨਵੀ ਪਰੰਪਰਾ ਦਾ ਵਧੇਰੇ ਰਿਣੀ ਹੈ। ਪੰਜਾਬ ਕਈ ਸਦੀਆਂ ਤੱਕ ਈਰਾਨ ਦੇ ਅਧੀਨ ਰਿਹਾ ਹੈ। ਇੱਥੇ ਕਈ ਪ੍ਰਸਿੱਧ ਫ਼ਾਰਸੀ ਸ਼ਾਇਰ ਹੋਏ ਬਾਅਦ ਵਿੱਚ ਫ਼ਾਰਸੀ ਅੱਠ ਸਦੀਆਂ ਸਰਕਾਰੀ ਭਾਸ਼ਾ

ਦੇ ਰੂਪ ਵਿੱਚ ਰਾਜ ਕਰਦੀ ਰਹੀ। ਫ਼ਾਰਸੀ ਸਾਹਿਤ ਤੇ ਵਿਸ਼ੇਸ਼ ਕਰ ਕਿੱਸਾਕਾਰੀ, ਜਿਸ ਵਾਹਨ ਮਸਨਵੀ ਸੀ, ਦਾ ਪ੍ਰਭਾਵ ਪੰਜਾਬੀ ਕਿੱਸਾਕਾਰੀ ਨੇ ਬਹੁਤ ਹੱਦ ਤੱਕ ਕਬੂਲਿਆ। ਪੰਜਾਬੀ ਵਿੱਚ ਕਿੱਸਾ ਲਿਖਣ ਦਾ ਮੋਢੀ ਦਮੋਦਰ ਨੂੰ ਮੰਨਿਆ ਜਾਂਦਾ ਹੈ। ਉਸਨੇ ਪਹਿਲੀ ਵਾਰ ਪੰਜਾਬੀ ਵਿੱਚ 'ਹੀਰ' ਦਾ ਕਿੱਸਾ ਲਿਖਿਆ ਅਤੇ ਪੰਜਾਬੀ ਵਿੱਚ ਕਿੱਸਾ ਲਿਖਣ ਦੀ ਪਰੰਪਰਾ ਸ਼ੁਰੂ ਕੀਤੀ। ਪਰੰਤੂ ਕੁੱਝ ਵਿਦਵਾਨ ਦਮੋਦਰ ਤੋਂ ਪਹਿਲਾਂ ਕਿੱਸਾ ਰਚਣ ਬਾਰੇ ਸੰਕੇਤ ਕਰਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਦਮੋਦਰ ਤੋਂ ਪਹਿਲਾਂ ਦੋ ਕਿੱਸਿਆਂ ਦਾ ਵਰਣਨ ਕਰਦਾ ਹੈ। ਉਸ ਅਨੁਸਾਰ ਦਮੋਦਰ ਤੋਂ ਪਹਿਲਾਂ ਪ੍ਰਸ਼ਯ ਕਵੀ ਦੁਆਰਾ ਸੱਸੀ ਪੁੰਨੂੰ ਤੇ ਮੁਲਾ ਦਾਊਦ ਦੇ ਚਾਂਦ ਨਾਮੇ ਨਾਂ ਦਾ ਕਿੱਸਾ ਲਿਖਿਆ ਹੈ। ਭਾਵੇਂ ਡਾ. ਮੋਹਨ ਸਿੰਘ ਦੀਵਾਨ ਕਿੱਸਾ ਕਾਵਿ ਦਾ ਮੁੱਢ ਪੂਰਵ ਨਾਨਕ ਕਾਲ ਵਿੱਚ ਹੀ ਮਿਥਦੇ ਹਨ ਪਰ ਇਹਨਾਂ ਰਚਨਾਵਾਂ ਦੇ ਨਮੂਨੇ ਪੂਰੀ ਤਰਾਂ ਪ੍ਰਾਪਤ ਨਾ ਹੋਣ ਕਰਕੇ ਇਹਨਾਂ ਬਾਰੇ ਕੁੱਝ ਕਿਹਾ ਨਹੀਂ ਜਾ ਸਕਦਾ। ਏਸੇ ਤਰਾਂ ਕੁੱਝ ਉਨ੍ਹਾਂ ਕਿੱਸਿਆਂ ਦੇ ਕੁੱਝ ਇੱਕ ਧਾਰਮਿਕ ਤੇ ਲੋਕਿਕ ਕਥਾਵਾਂ ਦੇ ਆਧਾਰ ਤੇ ਕਿੱਸੇ ਲਿਖੇ ਜਾਣ ਦੀਆਂ ਸੰਭਾਵਨਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਪਰ ਉਹਨਾ ਦੀਆਂ ਕਿਰਤਾਂ ਦੇ ਵੀ ਕੋਈ ਪ੍ਰਮਾਣ ਸਾਡੇ ਤਕ ਨਹੀਂ ਪੁੱਜੇ। ਇਸ ਲਈ ਕਿੱਸਾ ਕਾਵਿ ਦਾ ਅਸਲ ਮੁੱਢ ਅਸੀਂ ਗੁਰੂ ਨਾਨਕ ਕਾਲ ਤੋਂ ਸਿੱਖਦੇ ਹਾਂ। ਇਸ ਲਈ ਪੰਜਾਬੀ ਕਿੱਸਾ ਕਾਵਿ ਦਾ ਆਰੰਭ ਸ੍ਰੀ ਗਣੇਸ਼, ਦਮੋਦਰ ਦੀ ਹੀਰ ਨਾਲ ਹੀ ਮੰਨਿਆ ਜਾਂਦਾ ਹੈ ਭਾਵੇਂ ਕਿੱਸਾ ਕਾਵਿ ਦੀ ਹੋਂਦ ਬਾਰੇ ਦਮੋਦਰ ਤੋਂ ਪਹਿਲਾਂ ਵੀ ਸੰਕੇਤ ਮਿਲਦੇ ਹਨ ਪਰ ਅਜੇ ਤੱਕ ਕੋਈ ਸੰਪੂਰਨ ਕਿੱਸਾ ਪ੍ਰਾਪਤ ਨਹੀਂ ਹੋਇਆ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਵਿੱਚ ਪਹਿਲਾ ਸਥਾਨਕ ਕਿੱਸਾ ਦਮੋਦਰ ਦੁਆਰਾ ਰਚਿਤ ਹੀਰ ਰਾਂਝਾ ਹੈ।"ਪੰਜਾਬੀ ਵਿੱਚ ਸਥਾਨਕ ਕਿੱਸਿਆਂ ਦੀ ਪਰੰਪਰਾ ਹੀਰ ਰਾਂਝਾ ਤੋਂ ਸ਼ੁਰੂ ਹੁੰਦੀ ਹੈ ਤੇ ਇਸ ਦਾ ਪਹਿਲਾ ਰਚਨਹਾਰ ਕਵੀ ਦਮੋਦਰ ਸੀ। ਇਸ ਤੋਂ ਇਲਾਵਾ ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਪੂਰਨ ਭਗਤ, ਰਾਜਾ ਰਸਾਲੂ, ਰੋਡਾ ਜਲਾਲੀ, ਰੂਪ-ਬਸੰਤ ਆਦਿ ਪੰਜਾਬ ਦੇ ਸਥਾਨਕ ਪ੍ਰੀ ਕਿੱਸੇ ਹਨ

## ਪਰਿਭਾਸ਼ਾ


**ਡਾ. ਮੋਹਨ ਸਿੰਘ ਦੀਵਾਨਾ** ਦਾ ਕਥਨ ਹੈ ਕਿ ਪੰਜਾਬੀ ਵਿੱਚ ਆਮ ਤੌਰ ਤੇ ਕਿੱਸੇ ਦੇ ਅਰਥ ਕਲਪਿਤ ਜਾਂ ਅਰਧ ਕਲਪੀ ਵਾਰਤਾ ਲਈ ਲਿਆ ਜਾਂਦਾ ਹੈ।

**ਡਾ. ਦੀਵਾਨ ਸਿੰਘ** ਦਾ ਮੱਤ ਹੈ, ਕਿੱਸਾ ਅਰਬੀ ਜ਼ੁਬਾਨ ਦਾ ਲਫ਼ਜ ਹੈ ਜਿਸਦਾ ਅਰਥ ਹੈ: ਅਫ਼ਸਾਨਾ, ਕਹਾਣੀ, ਗੱਲ, ਜ਼ਕਾਦਿਤ, ਸਰਗੁਜ਼ਸ਼ਤ ਆਦਿ ਤੋਂ ਅੰਤ ਦਾ ਹਾਲ ਖੋਲ੍ਹ ਕੇ ਬਿਆਨ ਕਰਨਾ ਹੈ।"

**ਡਾ. ਰਤਨ ਸਿੰਘ ਜੱਗੀ** "ਪੰਜਾਬੀ ਵਿੱਚ ਕਿੱਸਾ ਉਸ ਛੰਦ-ਬੱਧ ਬਿਰਤਾਂਤਿਕ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿੱਚ ਕਥਾਨਕ ਦਾ ਸਬੰਧ ਪ੍ਰੇਮ, ਰੋਮਾਂਸ, ਬੀਰਤਾ, ਭਗਤੀ, ਦੇਸ਼ ਪ੍ਰੇਮ, ਧਰਮ ਜਾਂ ਸਮਾਜ ਸੁਧਾਰ ਨਾਲ ਹੋਵੇ।

### ਕਿੱਸੇ ਦੇ ਲੱਛਣ:

ਪੰਜਾਬੀ ਕਿੱਸੇ ਦੀਆਂ ਕੁੱਝ ਵਿਸ਼ੇਸ਼ ਲੱਛਣ ਹਨ ਜੋ ਇਸ ਨੂੰ ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਨਾਲੋਂ ਵੱਖਰਾ ਕਰਦੇ। ਪੰਜਾਬੀ ਕਿੱਸਾ ਵੱਖ-ਵੱਖ ਕਿੱਸਾਕਾਰਾਂ ਦੇ ਹੱਥੋਂ ਵਿੱਚ ਦੀ ਲੰਘਦਾ ਹੋਇਆ ਵਿਸ਼ੇਸ਼ ਲੱਛਣਾਂ ਦਾ ਧਾਰਨੀ ਹੋ ਗਿਆ ਜੋ ਹੇਠ ਲਿਖੇ ਅਨੁਸਾਰ ਹਨ।




### ਮੰਗਲਾਚਰਨ

ਮੰਗਲਾਚਰਨ ਦਾ ਕਿੱਸੇ ਵਿੱਚ ਵਿਸ਼ੇਸ਼ ਸਥਾਨ ਹੈ। ਕਿੱਸੇ ਦਾ ਆਰੰਭ ਮੰਗਲਾਚਰਨ ਨਾਲ ਕੀਤਾ ਜਾਂਦਾ ਹੈ ਜਿਸ ਵਿੱਚ ਕਵੀ ਅੱਲਾਹ ਉਸ ਦੇ ਪੈਗ਼ੰਬਰਾਂ ਤੇ ਗੁਰੂ ਪੀਰਾਂ ਦੀ ਅਰਾਧਨਾ ਕਰਦਾ ਹੈ। ਕਿਸ਼ਨ ਸਿੰਘ ਗੁਪਤਾ ਦਾ ਵੀ ਇਹ ਕਹਿਣਾ ਹੈ। "ਕਿੱਸੇ ਦਾ ਆਰੰਭ ਮੰਗਲਾਚਰਨ ਨਾਲ

ਹੁੰਦਾ ਹੈ, ਜਿਸ ਵਿੱਚ ਕਵੀ ਆਪਣੀ ਸ਼ਰਧਾ ਦੇ ਇਸ਼ਟ ਦੇਵ ਪ੍ਰਤੀ ਸ਼ਰਧਾ ਪ੍ਰਗਟ ਕਰਦਾ ਹੋਇਆ ਹਥਲੀ ਰਚਨਾ ਦੀ ਸੰਪੂਰਨਤਾ ਲਈ ਪ੍ਰਾਥਨਾ ਕਰਦਾ ਹੈ।" ਇਸੇ ਤਰਾਂ ਅਸੀਂ 'ਹੀਰ ਵਾਰਿਸ' ਦੇ ਮੰਗਲਾਚਰਨ ਦੀ ਉਦਾਹਰਨ ਵੇਖਦੇ ਹਾਂ:

ਅੱਵਲ ਹਮਦ ਖ਼ੁਦਾਈ ਦਾ ਵਿਰਦ ਕੱਚੇ,
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ,
ਪਹਿਲਾਂ ਆਪਸੀ ਰੱਬ ਨੇ ਇਸ਼ਕ ਕੀਤਾ
ਤੇ ਮਸ਼ੂਕ ਹੈ ਨਬੀ ਰਸੂਲ ਮੀਆਂ। (ਵਾਰਿਸ ਸ਼ਾਹ)

### ਪਰਾਸਰੀਰਕ ਅੰਸ਼

ਮੱਧਕਾਲ ਵਿੱਚ ਵਿੱਦਿਆ ਦੀ ਘਾਟ ਕਾਰਨ ਆਮ ਜਨਤਾ ਤਰਕਸ਼ੀਲ ਘੱਟ ਅਤੇ ਵਹਿਮ ਭਰਤੀ ਜ਼ਿਆਦਾ ਸੀ। ਉਨ੍ਹਾਂ ਦਾ ਦੈਵੀ ਸ਼ਕਤੀਆਂ ਵਿੱਚ ਅੰਧਵਿਸ਼ਵਾਸ ਸੀ। ਪਾਠਕਾਂ ਦੀਆਂ ਇਹਨਾਂ ਭਾਵਨਾਵਾਂ ਦੀ ਤ੍ਰਿਪਤੀ ਲਈ ਕਿੱਸਾਕਾਰਾਂ ਨੇ ਪਰਾਸਰੀਰਕ ਅੰਸ਼ ਦਾ ਪ੍ਰਯੋਗ ਕੀਤਾ ਹੈ। ਪਰਾਸਰੀਰਕ ਅੰਸ਼ਾਂ ਦੀ ਭਰਮਾਰ ਵਾਰਿਸ ਦੀ ਹੀਰ ਵਿੱਚ ਦੇਖੀ ਜਾ ਸਕਦੀ। ਇਸ ਰਚਨਾ ਵਿੱਚ :ਪੰਜ ਪੀਰ ਖੱਲੇ ਰੂਪ ਵਿੱਚ ਵਿਚਰਦੇ ਹਨ। ਦੇਖੋ:

ਪੰਜਾਂ ਪੀਰਾਂ ਦਰਗਾਹ ਵਿੱਚ ਅਰਜ਼ ਕੀਤਾ,
ਦਿਓ ਫ਼ੱਕਰ ਚਰਮ ਪਲੰਘ ਦਾ ਜੀ।
ਹੋਇਆ ਹੁਕਮ ਦਰਗਾਹ ਥੀਂ ਹੀਰ ਬਖ਼ਸ਼ੀ,
ਬੇੜਾ ਲਾਇ ਦਿੱਤਾ ਅਸਾਂ ਢੰਗਦਾ ਜੀ (ਵਾਰਿਸ ਸ਼ਾਹ)

### ਬਿਰਤਾਂਤ

ਕਿੱਸੇ ਦਾ ਅਰਥ ਬਿਰਤਾਂਤ, ਕਥਾ, ਕਹਾਣੀ ਆਦਿ ਤੋਂ ਹੈ। ਇਸ ਲਈ ਕਿੱਸੇ ਬਿਰਤਾਂਤ ਰਚਨਾ ਹੁੰਦੇ ਹਨ। ਕਿੱਸੇ ਦੀ ਕਾਮਯਾਬੀ ਕਵੀ ਦੀ ਬਿਰਤਾਂਤ ਕਲਾ ਉੱਪਰ ਨਿਰਭਰ ਕਰਦੀ ਹੈ। ਇਸ ਬਿਰਤਾਂਤ ਵਿੱਚ ਕਿੱਸਾਕਾਰ ਨਾਇਕ/ਨਾਇਕਾ, ਸੁੰਦਰਤਾ, ਸੁਭਾਅ ਪਹਿਰਾਵਾ, ਦ੍ਰਿਸ਼ ਵਰਣਨ ਆਦਿ ਵਧਾ-ਘਟਾ ਕੇ ਪੇਸ਼ ਕਰਦਾ ਹੈ।ਪੰਜਾਬੀ ਕਿੱਸਿਆਂ ਵਿੱਚ ਵਾਰਿਸ ਦੀ ਬਿਰਤਾਂਤ ਕਲਾ ਸਿਖ਼ਰਾਂ ਨੂੰ ਛੂੰਹਦੀ ਹੈ। ਦੇਖੋ:

ਚਿੜੀ ਚੂਕਦੀ ਨਾਲ ਉੱਠ ਤੁਰੇ ਪਾਂਧੀ,
ਪਈਆਂ ਦੁੱਧ ਦੇ ਵਿੱਚ ਮਧਾਣੀਆਂ ਨੇ।
ਉੱਠ ਨਾਵਣੇ ਵਾਸਤੇ ਜੁਆਨ ਦੌੜੇ,
ਸੇਜਾਂ ਜਿਹਨਾਂ ਨੇ ਰਾਤ ਨੂੰ ਮਾਣੀਆਂ ਨੇ। (ਹੀਰ ਵਾਰਿਸ)

### ਕਵੀਓ ਵਾਚ

ਕਾਵਿਓ ਵਾਚ ਜਾਂ ਕਲਾਮੇ ਸ਼ਾਇਰ ਵੀ ਕਿੱਸੇ ਦਾ ਇੱਕ ਗੁਣ ਹੈ। ਕਿੱਸਿਆਂ ਵਿੱਚ ਕਿੱਸਾਕਾਰ ਆਪਣੀ ਉਕਤੀ ਨੂੰ ਕਲਾਮੇ ਸ਼ਾਇਰ ਜਾਂ ਕਵੀਓ ਵਾਚ ਨਾਲ ਛੋਹਦਾ ਹੈ। ਇਸ ਕਲਾਮ ਵਿੱਚ ਕਿੱਸਾਕਾਰ, ਚਲੰਤ ਮਾਮਲੇ ਬਾਰੇ ਲੰਮੇ ਆਪਣੀ ਰਾਏ ਦਿੰਦਾ ਹੈ। ਪਰ ਇਹ ਵਿਚਾਰ ਕਿਤੇ ਕਿਤੇ ਬਹੁਤ ਲੰਮੇ ਹੋਣ ਕਾਰਨ ਕਹਾਣੀ ਨੂੰ ਹਾਨੀ ਪਹੁੰਚਾਉਂਦੇ ਹਨ।ਕਵੀਓ ਵਾਚ ਦਾ ਨਮੂਨਾ ਵਾਰਿਸ ਸ਼ਾਹ ਦੇ ਕਿੱਸੇ ਵਿੱਚ ਵਧੇਰੇ ਦੇਖਿਆ ਜਾ ਸਕਦਾ ਹੈ। ਉਸਦੇ ਛੋਟੇ-ਛੋਟੇ ਕਲਾਮੇ ਸ਼ਾਇਰ ਜਾਂ ਕਵੀਓ ਵਾਚ ਬਹੁਤ ਖ਼ੂਬਸੂਰਤ ਹਨ ਜਿਵੇਂ:

ਵਾਰਿਸ ਸ਼ਾਹ ਲੁਕਾਈਏ ਖ਼ਲਕ ਕੋਲੋਂ
ਭਾਵੇਂ ਆਪਣਾ ਹੀ ਗੁੜ ਖਾਈਏ ਜੀ। (ਹੀਰ ਵਾਰਿਸ)

## ਜੰਗਨਾਮਾ ਕਾਵਿ ਰੂਪ ਦਾ ਸਰੂਪ ਅਤੇ ਲੱਛਣ:

#### ਜੰਗਨਾਮਾ ਦਾ ਸ਼ਾਬਦਿਕ ਅਰਥ

ਜਿਵੇਂ ਕਿ ਜੰਗਨਾਮਾ ਸ਼ਬਦ ਤੋਂ ਹੀ ਪਤਾ ਚਲ ਦਾ ਹੈ ਕਿ ਇਸ ਵਿੱਚ ਕਿਸੇ 'ਜੰਗ' ਜਾਂ ਯੁੱਧ ਦਾ ਵਰਣਨ ਹੋਵੇਗਾ ਉਸੇ ਤਰ੍ਹਾਂ ਵੱਖ-ਵੱਖ ਵਿਦਵਾਨਾਂ ਨੇ ਇਸ ਦੇ ਸ਼ਾਬਦਿਕ ਅਰਥ ਪੇਸ਼ ਕੀਤੇ ਹਨ, **ਗੁਰਦੇਵ ਸਿੰਘ ਅਨੁਸਾਰ**, "ਜੰਗ ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ-

'ਖ਼ਤ', 'ਚਿੱਠੀ ਜਾਂ ਪੱਤਰ"।(1) ਭਾਵ ਯੁੱਧ ਦਾ ਬਿਰਤਾਂਤ ਜਾਂ ਲੜਾਈ ਦਾ ਹਾਲ ਇਸੇ ਤਰ੍ਹਾਂ **ਡਾ. ਦਿਲਬਾਰਾ ਸਿੰਘ ਬਾਜਵਾ** 'ਜੰਗ' ਅਤੇ 'ਨਾਮਾ' ਨੂੰ ਸੰਯੁਕਤ ਰੂਪ ਦੱਸਦੇ ਹੋਏ ਇਨ੍ਹਾਂ ਸ਼ਬਦਾਂ ਨੂੰ ਫ਼ਾਰਸੀ ਦੇ ਦੱਸਦੇ ਹਨ ਅਤੇ ਇਨ੍ਹਾਂ ਸ਼ਬਦਾਂ ਦੇ ਅਰਥ ਉਹੀ ਗੁਰਦੇਵ ਸਿੰਘ ਵਾਲੇ ਹੀ ਲੈਂਦੇ ਹਨ।(2) 'ਜੰਗਨਾਮੇ' ਦੇ ਸ਼ਾਬਦਿਕ ਅਰਥ ਜਾਣਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਜੰਗਨਾਮਾ, ਫ਼ਾਰਸੀ ਜੰਗਨਾਮਾ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਹੋਵੇਗਾ।

**ਇਤਿਹਾਸਕ ਪਿਛੋਕੜ**

"ਸਤਾਰ੍ਹਵੀਂ ਸਦੀ ਵਿੱਚ ਪੀਰ ਮੁਹੰਮਦ ਕਾਸਬੀ ਨਾਲ ਜੰਗਨਾਮਾ ਕਾਵਿ ਦੀ ਵੱਖਰੀ ਪ੍ਰਥਾ ਸ਼ੁਰੂ ਹੁੰਦੀ ਹੈ। ਇਸ ਨੇ 1092 ਹਿਜਰੀ ਅਰਥਾਤ ਔਰੰਗਜ਼ੇਬ ਦੇ ਸਮੇਂ ਜੰਗਨਾਮਾ ਇਮਾਮ ਹੁਸੈਨ ਲਿਖਿਆ, ਇਸ ਪਿੱਛੋਂ ਅਠਾਰ੍ਹਵੀਂ ਸਦੀ ਵਿੱਚ ਇਹ ਪ੍ਰਣਾਲੀ ਮੁਸਲਮਾਨ ਪੰਜਾਬੀਆਂ ਵਿੱਚ ਚੱਲਦੀ ਰਹੀਂ।"(5) ਜਿਸ ਕਰ ਕੇ ਹੋਰ ਵੀ ਬਹੁਤ ਸਾਰੇ ਜੰਗਨਾਮਿਆਂ ਦੀ ਰਚਨਾ ਹੋਈ ਜੋ ਇਸ ਤਰ੍ਹਾਂ ਹਨ:- i) ਜੰਗਨਾਮਾ ਕਰਬਲਾ, ਪੀਰ ਮੁਹੰਮਦ ਕਾਸਬੀ ii) ਜੰਗਨਾਮਾ ਇਮਾਮ ਹੁਸੈਨ, ਹਾਫ਼ਿਜ਼ ਬਰਖ਼ੁਰਦਾਰ ਰਾਂਝਾ iii) ਜੰਗਨਾਮਾ ਮੁਹੰਮਦ ਬਿਨ ਹਨੀਫ਼, ਹਾਫ਼ਿਜ਼ ਬਰਖ਼ੁਰਦਾਰ ਰਾਂਝਾ iv) ਜੰਗ ਇਮਾਮ ਹਨੀਫ਼, ਉਹੀ v) ਜੰਗਿ ਕਲਾਂ, ਹਾਮਿਦ ਸ਼ਾਹ ਅੱਬਾਸੀ।"

ਇਸ ਤਰ੍ਹਾਂ ਪੰਜਾਬੀ ਜੰਗਨਾਮਾ ਇਸਲਾਮੀ ਇਤਿਹਾਸ ਦੀ ਇੱਕ ਮਹੱਤਵਪੂਰਨ ਘਟਨਾ ਹੈ, ਜੋ ਜੰਗੇ ਕਰਬਲਾ ਨਾਲ ਸ਼ੁਰੂ ਹੋਇਆ। ਸ਼ੁਰੂ ਤੋਂ ਹੀ ਇਹ ਕਾਵਿ-ਰੂਪ ਵਾਰਾਂ ਤੋਂ ਵੱਖਰਾ ਪਛਾਣਿਆ ਗਿਆ, ਕਿਓਕਿ ਇਹਦੇ ਛੰਦ ਅਤੇ ਧੁਨਾਂ ਵਾਰਾਂ ਤੋਂ ਵੱਖਰਾ ਪਛਾਣਿਆ ਗਿਆ, ਕਿਓਕਿ ਇਹਦੇ ਛੰਦ ਅਤੇ ਧੁਨਾਂ ਵਾਰਾਂ ਵਾਲੀਆਂ ਨਹੀਂ ਹਨ ਜਿਵੇਂ ਕਿ **ਬਿਕਰਮ ਸਿੰਘ ਘੁੰਮਣ** ਕਹਿੰਦੇ ਹਨ ਕਿ "ਜੰਗਨਾਮੇ ਵਿੱਚ ਕਿਸੇ ਵਿਸ਼ੇਸ਼ ਛੰਦ ਦੀ ਬੰਦਸ਼ ਨਹੀਂ ਹੁੰਦੀ। ਇਸ ਦਾ ਛੰਦ ਪ੍ਰਬੰਧ ਫ਼ਾਰਸੀ ਮਸਨਵੀ ਨਾਲ ਮਿਲਦਾ ਜੁਲਦਾ ਹੈ ਅਤੇ ਪੰਜਾਬੀ ਜੰਗਨਾਮਾ ਲੇਖਕਾਂ ਨੇ ਆਪਣੇ ਜੰਗਨਾਮਿਆਂ ਵਿੱਚ ਵਧੇਰੇ ਦਵੱਈਏ ਅਤੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ।"

**ਪਰਿਭਾਸ਼ਾ**

ਜੰਗਨਾਮੇ ਦੀ ਪਰਿਭਾਸ਼ਾ ਦੋ ਤਰ੍ਹਾਂ ਨਾਲ ਦਿੱਤੀ ਗਈ ਹੈ। ਕੁੱਝ ਵਿਦਵਾਨ ਇਸ ਨੂੰ ਪੰਜਾਬੀ ਸਾਹਿਤ ਰੂਪ ਦੱਸਦੇ ਹਨ ਅਤੇ ਕੁੱਝ ਫ਼ਾਰਸੀ ਕਾਵਿ ਰੂਪ।

**ਪੰਜਾਬੀ ਸਾਹਿਤ ਕੋਸ਼** ਵਿੱਚ ਜੰਗਨਾਮੇ ਨੂੰ ਫ਼ਾਰਸੀ ਕਾਵਿ ਰੂਪ ਸਵੀਕਾਰ ਕੀਤਾ ਗਿਆ ਹੈ ਜਿਵੇਂ:- "ਜੰਗਨਾਮਾ ਫ਼ਾਰਸੀ ਦਾ ਪ੍ਰਸਿੱਧ ਕਾਵਿ ਰੂਪ ਹੈ। ਇਸ ਵਿੱਚ ਕਿਸੇ ਲੜਾਈ ਅਥਵਾ ਜੰਗ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ।" ਇਸ ਦੇ ਉਲਟ **ਹਾਫ਼ਿਜ ਮਹਿਮੂਦ ਸ਼ੀਰਾਨੀ** ਅਨੁਸਾਰ ਜੰਗਨਾਮਾ ਪੰਜਾਬੀ ਸਾਹਿਤ ਰੂਪ ਹੈ। ਉਹ ਕਹਿੰਦੇ ਹਨ, "ਜੰਗਨਾਮੇ ਪੰਜਾਬੀ ਸਾਹਿਤ ਦਾ ਇੱਕ ਸਾਹਿਤਕ ਰੂਪ ਹਨ। ਜਿਹਨਾਂ ਵਿੱਚ ਕਰਵਾਲਾ ਦੇ ਸ਼ਹੀਦਾਂ ਅਤੇ ਉਹਨਾਂ ਦੀਆਂ ਲੜਾਈਆਂ ਦਾ ਜ਼ਿਕਰ ਮਿਲਦਾ ਹੈ।" ਇਹ ਸਹੀ ਹੈ ਕਿ ਪੰਜਾਬੀ ਜੰਗਨਾਮੇ ਦੀ ਆਪਣੀ ਵੱਖਰੀ ਵਿਧਾ ਹੈ, ਪਰ ਇਸ ਤੋਂ ਵੀ ਬੇਮੁਖ ਨਹੀਂ ਹੋਣਾ ਚਾਹੀਦਾ ਕਿ ਇਹ ਫ਼ਾਰਸੀ ਜੰਗਨਾਮੇ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਹੈ।

**ਕਾਨ੍ਹ ਸਿੰਘ ਨਾਭਾ ਅਨੁਸਾਰ,** ਯੁੱਧ ਦੀ ਕਥਾ ਦਾ ਗ੍ਰੰਥ ਕਿਹਾ ਹੈ। ਜੰਗਨਾਮਾ ਫ਼ਾਰਸੀ ਦਾ ਪ੍ਰਸਿੱਧ ਕਾਵਿ–ਰੂਪ ਹੈ। ਇਸ ਵਿਚ ਕਿਸੇ ਲੜਾਈ ਅਥਵਾ ਜੰਗ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ।

ਪੰਜਾਬੀ ਜੰਗਨਾਮਾ ਫ਼ਾਰਸੀ ਜੰਗਨਾਮੇ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਅਤੇ ਇਹ ਇੱਕ ਵੱਖਰੀ ਵਿਧਾ ਸਥਾਪਿਤ ਕਰਦਾ ਹੈ। ਪੰਜਾਬੀ ਜੰਗਨਾਮਾ ਵੱਖਰੀ ਵਿਧਾ ਕਿਵੇਂ ਸਥਾਪਿਤ ਕਰਨ ਵਿਚ ਇਸ ਦੇ ਕੁੱਝ ਵਿਸ਼ੇਸ਼ ਲੱਛਣ ਹਨ ਜੋ ਇਸ ਨੂੰ ਦੂਸਰੀ ਵਿਧਾਵਾਂ ਤੋਂ ਵੱਧ ਕਰਦੇ ਹਨ। ਸਭ ਤੋਂ ਵੱਧ ਜੰਗਨਾਮੇ ਨੂੰ ਵਾਰ ਨਾਲ ਜੋੜ ਕੇ ਇਸ ਨੂੰ ਇੱਕ ਵੱਖਰਾ ਰੂਪ ਨਾਂ ਮੰਨਣ ਵਾਲਾ ਹੈ ਸੋ ਇਸ ਸਵਾਲ ਵਿਚੋਂ ਜੰਗਨਾਮਾ ਦੇ ਵਿਸ਼ੇਸ਼ ਲੱਛਣ ਲੱਭਦੇ ਹਾਂ ਕਿਉਂਕਿ ਹਾਂ ਬਹੁਤ ਸਾਰੇ ਵਿਦਵਾਨ ਜੰਗਨਾਮੇ ਨੂੰ ਪਰਿਭਾਸ਼ਤ ਕਰਦਿਆਂ ਜੰਗਨਾਮੇ ਅਤੇ ਵਾਰ ਨੂੰ ਇੱਕੋ ਦੱਸਦੇ ਹਨ ਜਿਵੇਂ:-

**ਸੁਰਿੰਦਰ ਸਿੰਘ ਕੋਹਲੀ ਅਨੁਸਾਰ**, "ਯੁੱਧ ਕਾਵਿ ਦਾ ਨਾਂ ਹੈ 'ਵਾਰ' ਜਾਂ ਜੰਗਨਾਮਾ, 'ਵਾਰ' ਜਾਂ ਜੰਗਨਾਮਾ ਪਹਿਲੇ ਚਾਰਣ, ਢਾਡੀ, ਬੰਦੀ ਜਨ ਜਾਂ ਭੱਟ ਜਾਂ ਕਵੀ ਲੋਕ ਖ਼ਾਸ ਤੌਰ 'ਤੇ ਰਾਜ ਦਰਬਾਰਾਂ ਵਿੱਚ ਉਹਨਾਂ ਦੀਆਂ ਫ਼ੌਜਾਂ ਨੂੰ ਯੋਧਿਆ ਦੀਆਂ ਬਹਾਦਰੀਆਂ ਸੁਣਾ ਕੇ ਜੰਗ ਦਾ ਜੋਸ਼ ਜਾਂ ਉਤਸ਼ਾਹ ਦੇਣ ਲਈ ਗਾਇਆ ਕਰਦੇ ਸਨ।"

**ਸ਼ਮਸ਼ੇਰ ਸਿੰਘ 'ਅਸ਼ੋਕ'** ਕਹਿੰਦੇ ਹਨ ਕਿ "ਸਾਹਿਤ ਵਿੱਚ ਜੰਗਨਾਮਾ ਅਥਵਾ 'ਵਾਰ' ਇੱਕੋ ਹੀ ਅਰਥ ਰੱਖਣ ਵਾਲੇ ਦੋ ਸ਼ਬਦ ਹਨ।" ਉਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਨੂੰ ਵੀ ਜੰਗਨਾਮਾ ਅਥਵਾ ਵਾਰ ਕਹਿੰਦੇ ਹਨ। ਜਦਕਿ ਜੰਗਨਾਮੇ ਵਿੱਚ ਕੋਈ ਵਾਸਤਵਿਕ

ਘਟਨਾ ਦਾ ਹੀ ਬਿਆਨ ਹੁੰਦਾ ਹੈ। ਪਰ ਵਾਰ ਕਾਲਪਨਿਕ ਘਟਨਾਵਾਂ ਉੱਤੇ ਵੀ ਲਿਖੀ ਜਾਂ ਸਕਦੀ ਹੈ ਅਤੇ ਚੰਡੀ ਦੀ ਵਾਰ ਵਿੱਚ ਸਿਰਫ਼ ਕਾਲਪਨਿਕ ਅਤੇ ਮਿਥਿਹਾਸਿਕ ਪਾਤਰ ਹੀ ਹਨ। ਜਿਸ ਕਰ ਕੇ ਇਸਨੂੰ ਵਾਰ ਹੀ ਕਿਹਾ ਜਾ ਸਕਦਾ ਹੈ ਜੰਗਨਾਮਾ ਨਹੀਂ।

"ਜੰਗਨਾਮੇ ਵਿੱਚ ਇਤਿਹਾਸਕ ਪੱਖ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਜਿਵੇਂ-ਲੜਾਈ ਦਾ ਸਥਾਨ, ਹਥਿਆਰਾਂ ਦਾ ਵਰਣਨ, ਹਾਣ-ਲਾਭ ਦਾ ਅਨੁਮਾਨ, ਅੰਤਿਮ, ਜਿੱਤ ਤੇ ਉਸ ਦੇ ਸਿੱਟੇ ਆਦਿ। ਇੱਥੇ ਕਵੀ ਵਾਸਤਵਿਕਤਾ ਦੇ ਨੇੜੇ ਰਹਿਣ ਦਾ ਜਤਨ ਕਰਦਾ ਹੈ। ਪਰ ਵਾਰ ਇਨ੍ਹਾਂ ਗੱਲਾਂ ਵੱਲ ਧਿਆਨ ਰੱਖਣ ਦੀ ਕੋਈ ਪਾਬੰਦੀ ਨਹੀਂ।" ਇਸ ਤੋਂ ਇਲਾਵਾ ਜੰਗਨਾਮੇ ਦਾ ਨਾਇਕ ਆਮ ਤੋਰ ਤੇ ਗਰਦਾ ਹੈ ਅਤੇ ਵਾਰ ਦਾ ਨਾਇਕ ਵਧੇਰੇ ਤੌਰ 'ਤੇ ਜਿੱਤਦਾ ਹੈ। ਇਸ ਤਰ੍ਹਾਂ ਪੰਜਾਬੀ ਜੰਗਨਾਮਾ ਆਪਣੀ ਵੱਖਰੀ ਵਿਧਾ ਸਥਾਪਿਤ ਕਰਦਾ ਹੈ ਅਤੇ ਇਹ ਵਾਰ ਤੋਂ ਬਿਲਕੁਲ ਵੱਖਰਾ ਹੈ।

**ਵਾਰ ਤੇ ਜੰਗਨਾਮਾ ਵਿਚ ਅੰਤਰ**

1. ਜੰਗਨਾਮੇ ਵਿਚ ਕੋਈ ਵਾਸਤਵਿਕ ਘਟਨਾ ਦਾ ਹੀ ਬਿਆਨ ਹੁੰਦਾ ਹੈ। ਪਰ ਵਾਰ ਕਾਲਪਨਿਕ ਘਟਨਾ ਉੱਤੇ ਵੀ ਲਿਖੀ ਜਾ ਸਕਦੀ ਹੈ, ਜਿਵੇਂ 'ਚੰਡੀ ਦੀ ਵਾਰ'। ਇੱਥੋਂ ਇਹ ਵੀ ਨਤੀਜਾ ਨਿਕਲਦਾ ਹੈ ਕਿ ਜੰਗਨਾਮੇ ਦੇ ਪਾਤਰ ਲਹੂ ਮਾਸ ਦੇ ਵਾਸਤਵਿਕ ਮਨੁੱਖ ਹੁੰਦੇ ਹਨ, ਪਰ ਵਾਰ ਵਿਚ ਇਹ ਮਿਥਿਹਾਸਕ ਵੀ ਲਾਏ ਜਾਂਦੇ ਹਨ ਜਿਵੇਂ ਦੁਰਗਾ, ਸੁੰਭ ਨਿਸੁੰਭ, ਧੂਮਰ ਨੈਣ, ਕਲ–ਨਾਰਦ ਆਦਿ।
2. ਵਾਰ ਦਾ ਮੁੱਖ ਨਿਸ਼ਾਨਾ ਕਿਸੇ ਨਾਇਕ ਦਾ ਜਸ ਗਾਉਣਾ ਹੁੰਦਾ ਹੈ, ਪਰ ਜੰਗਨਾਮੇ ਵਿਚ ਅਸਲ ਮੰਤਵ ਤਾਰੀਖ਼ੀ ਘਟਨਾ ਦਾ ਬਿਆਨ ਕਰਨਾ ਹੈ, ਇਸ ਲਈ ਉਸ ਵਿਚ ਨਾਇਕ ਦੇ ਨਾਲ ਬਾਕੀ ਪਾਤਰਾਂ ਨੂੰ ਵੀ ਪੂਰੀ ਮਹੱਤਾ ਪ੍ਰਾਪਤ ਹੁੰਦੀ ਹੈ।
3. ਜੰਗਨਾਮੇ ਵਿਚ ਇਤਿਹਾਸਕ ਪੱਖ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ, ਜਿਵੇਂ ਲੜਾਈ ਦਾ ਸਥਾਨ, ਹਥਿਆਰਾਂ ਦਾ ਵਰਣਨ, ਹਾਣ–ਲਾਭ ਦਾ ਅਨੁਮਾਨ, ਅੰਤਿਮ ਜਿੱਤ ਤੇ ਉਸ ਦੇ ਸਿੱਟੇ ਆਦਿ। ਇੱਥੇ ਕਵੀ ਵਾਸਤਵਿਕਤਾ ਦੇ ਨੇੜੇ ਰਹਿਣ ਦਾ ਯਤਨ ਕਰਦਾ ਹੈ, ਪਰ ਵਾਰ ਵਿਚ ਇਨ੍ਹਾਂ ਗੱਲਾਂ ਵੱਲ ਧਿਆਨ ਰੱਖਣ ਦੀ ਕੋਈ ਪਾਬੰਦੀ ਨਹੀਂ। ਕਵੀ ਕੇਵਲ ਅਜਿਹੀਆਂ ਘਟਨਾਵਾਂ ਹੀ ਬਿਆਨ ਕਰਦਾ ਹੈ ਜਿਸ ਵਿਚ ਨਾਇਕ ਦਾ ਪਲੜਾ ਭਾਰੀ ਰਹਿੰਦਾ ਹੋਵੇ।
4. ਜੰਗਨਾਮੇ ਦਾ ਨਾਇਕ ਆਮ ਤੌਰ ਤੇ ਹਾਰਦਾ ਅਤੇ ਵਾਰ ਦਾ ਨਾਇਕ ਵਧੇਰੇ ਤੌਰ ਤੇ ਜਿੱਤਦਾ ਹੈ।
5. ਜੰਗਨਾਮੇ ਵਧੇਰੇ ਤੌਰ ਤੇ ਮੁਸਲਮਾਨ ਸ਼ਾਇਰਾਂ ਨੇ ਲਿਖੇ ਹਨ ਅਤੇ ਵਾਰਾਂ ਦੇ ਵਧੇਰੇ ਕਰਤਾ ਹਿੰਦੂ ਸਿੱਖ ਕਵੀ ਹਨ। ਇਸ ਲਈ ਜੰਗਨਾਮਿਆਂ ਦੀ ਸ਼ਬਦਾਵਲੀ ਵਧੇਰੇ ਤੌਰ ਤੇ ਅਰਬੀ ਫ਼ਾਰਸੀ ਵੱਲ ਝੁੱਕੀ ਹੁੰਦੀ ਹੈ ਤੇ ਵਾਰਾਂ ਦੀ ਹਿੰਦੀ ਸੰਸਕ੍ਰਿਤ ਵੱਲ।

### ਜੰਗਨਾਮਾ ਦੇ ਵਿਸ਼ੇਸ਼ ਲੱਛਣ:

- ਜੰਗਨਾਮੇ ਵਿਚ ਵਾਸਤਵਿਕ ਘਟਨਾ ਦਾ ਉਲੇਖ ਹੁੰਦਾ ਹੈ।
- ਜੰਗਨਾਮੇ ਵਿਚ ਤਾਰੀਖੀ ਘਟਨਾ ਦਾ ਬਿਆਨ ਹੁੰਦਾ ਹੈ।
- ਜੰਗਨਾਮੇ ਵਿਚ ਇਤਿਹਾਸਕ ਪੱਖ ਦਾ ਵਿਸ਼ੇਸ਼ ਸਥਾਨ ਹੁੰਦਾ ਹੈ।
- ਜੰਗਨਾਮੇ ਵਿਚ ਨਾਇਕ ਧਿਰ ਦੀ ਹਾਰ ਹੁੰਦੀ ਹੈ।
- ਜੰਗਨਾਮੇ ਵਿਚ ਜੰਗ ਦੇ ਇਤਿਹਾਸਕ ਕਾਰਨਾਂ ਅਤੇ ਹਾਲਤਾਂ ਦਾ ਵੇਰਵਾ ਦਰਜ ਹੁੰਦਾ ਹੈ।
- ਜੰਗਨਾਮੇ ਵਿਚ ਤੱਤਕਾਲੀ ਸਮਾਜ ਦੇ ਰਾਜਨੀਤਕ, ਆਰਥਿਕ, ਸਭਿਆਚਾਰਕ, ਧਾਰਮਿਕ ਆਦਿ ਵੇਰਵੇ ਦਿੱਤੇ ਗਏ ਹੁੰਦੇ ਹਨ।
- ਜੰਗਨਾਮੇ ਵਿਚ ਕਰੁਣਾ ਅਤੇ ਵੀਰ ਰਸ ਪ੍ਰਧਾਨ ਹੁੰਦਾ ਹੈ।
- ਜੰਗਨਾਮਿਆਂ ਵਿੱਚ ਵਧੇਰੇ ਦਵੱਈਏ ਅਤੇ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੈ।

## ਸਾਰਾਂਸ਼

ਮੱਧਕਾਲੀ ਪੰਜਾਬੀ ਸਾਹਿਤ ਨੂੰ ਸਮੁੱਚੇ ਇਤਿਹਾਸ ਦਾ ਇੱਕ ਗੌਰਵਮਈ ਭਾਗ ਮੰਨਿਆ ਜਾਂਦਾ ਹੈ। ਇਸ ਕਾਲ ਵਿੱਚ ਸਾਹਿਤ ਦੀਆ ਭਿੰਨ-ਭਿੰਨ ਪ੍ਰਵਿਰਤੀਆਂ ਅਤੇ ਧਾਰਾਵਾਂ ਨੇ ਆਪਣੇ ਵਿਕਾਸ ਦੀਆਂ ਸਿਖ਼ਰਾਂ ਨੂੰ ਛੋਹ ਲਿਆ। ਇਸੇ ਕਰਕੇ ਮੱਧਕਾਲੀਨ ਪੰਜਾਬੀ ਸਾਹਿਤ ਨੂੰ

'ਸੁਨਹਿਰੀ ਕਾਲ' ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਸੂਫ਼ੀ ਕਾਵਿ ਅਤੇ ਭਗਤੀ ਧਾਰਾ ਦੀਆਂ ਪ੍ਰਵਿਰਤੀਆਂ ਤਾਂ ਆਦਿ ਕਾਲ ਵਿੱਚ ਹੀ ਪੈਦਾ ਹੋ ਗਈਆਂ ਸਨ ਪਰੰਤੂ ਉਨ੍ਹਾਂ ਨੇ ਮੱਧਕਾਲ ਵਿੱਚ ਪਹੁੰਚ ਕੇ ਹੀ ਪ੍ਰਗਤੀ ਕੀਤੀ। ਭਗਤੀ ਲਹਿਰ ਦੁਆਰਾ ਪੈਦਾ ਹੋਈ ਅਧਿਆਤਮਕ ਅਤੇ ਨਿਰਗੁਣ ਕਾਵਿ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਬਾਅਦ ਦੇ ਸਿੱਖ ਗੁਰੂ ਸਾਹਿਬਾਨ ਨੇ ਵਧੇਰੇ ਵਿਆਪਕ ਅਤੇ ਸਰਬਪੱਖੀ ਪਰਿਪੇਖ ਪ੍ਰਦਾਨ ਕੀਤਾ। ਸ਼ੇਖ਼ ਫ਼ਰੀਦ ਜੀ ਦੁਆਰਾ ਸ਼ੁਰੂ ਕੀਤੀ ਸੂਫ਼ੀ ਕਾਵਿ ਦੀ ਪਰੰਪਰਾ ਨੂੰ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਬੁਲ੍ਹੇ ਸ਼ਾਹ ਵਰਗੇ ਕਵੀਆਂ ਨੇ ਨਵੀਂ ਗਤੀਸ਼ੀਲਤਾ ਅਤੇ ਊਰਜਾ ਪ੍ਰਦਾਨ ਕੀਤੀ। ਲੌਕਿਕ ਪ੍ਰੇਮ, ਦੇ ਅਨੁਭਵ ਨੂੰ ਪ੍ਰਮਾਣਿਕ ਦੱਸ ਕੇ ਪ੍ਰਗਟਾਉਣ ਵਾਲੀ ਇੱਕ ਨਵੀਂ ਵਿਧਾ ਕਿੱਸਾ ਕਾਵਿ ਨੇ ਜਨਮ ਲਿਆ, ਜਿਸ ਨੇ ਪਰਮਾਤਮਾ ਅਤੇ ਵਿਅਕਤੀ ਦੇ ਅਧਿਆਤਮਕ ਪ੍ਰੇਮ ਦੇ ਸਮਾਨੰਤਰ ਪੁਰਸ਼ ਅਤੇ ਇਸਤਰੀ ਦੇ ਪ੍ਰੇਮ ਨੂੰ ਕਾਵਿ-ਬੱਧ ਕੀਤਾ। ਇਸ ਕਾਲ ਵਿੱਚ ਬੀਰਤਾ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਸਤੇ ਲੌਕਿਕ ਵਾਰਾਂ ਦੇ ਨਾਲ-ਨਾਲ ਅਧਿਆਤਮਕ ਵਾਰਾਂ ਵੀ ਰਚੀਆਂ ਜਾਂਦੀਆਂ ਰਹੀਆਂ। ਇਸ ਪ੍ਰਸੰਗ ਵਿੱਚ ਭਾਈ ਗੁਰਦਾਸ ਦੀਆਂ 39 ਵਾਰਾਂ ਉਲੇਖਯੋਗ ਹਨ।ਮੱਧਕਾਲੀਨ ਸਾਹਿਤ, ਬਿਰਤਾਂਤ-ਵਿਧੀਆਂ ਅਤੇ ਰੂਪਾਕਾਰ ਲੱਛਣਾਂ ਦੀ ਦ੍ਰਿਸ਼ਟੀ ਤੋਂ ਵੀ ਆਪਸ ਵਿੱਚ ਕਾਫ਼ੀ ਸਾਂਝ ਦਰਸਾਉਂਦਾ ਹੈ। ਇਸ ਕਾਲ ਵਿੱਚ ਵਾਰਾਂ, ਕਿੱਸੇ, ਜੰਗਨਾਮੇ,ਇਹ ਸਭ ਬਿਰਤਾਂਤ-ਕਾਵਿ ਦੀ ਪੇਸ਼ਕਾਰੀ ਕਰਨ ਵਾਲੇ ਰੂਪਾਕਾਰ ਹਨ। ਇਨ੍ਹਾਂ ਰੂਪਾਕਾਰਾਂ ਦੇ ਆਰੰਭ ਵਿੱਚ ਕਵੀ ਲੋਕ 'ਮੰਗਲਾਚਰਨ' ਵਿਧੀ ਦਾ ਪ੍ਰਯੋਗ ਕਰਦੇ ਹਨ। ਮੰਗਲਾਚਰਨ ਦਾ ਅਰਥ ਹੈ, ਕਿਸੇ ਕਿਰਤ ਦਾ ਉਹ ਟੁਕੜਾ ਜਾਂ ਚਰਨ ਜਿਸ ਵਿੱਚ ਕਵੀ ਆਪਣੇ ਇਸ਼ਟ-ਦੇਵ, ਪਰਮਾਤਮਾ ਜਾਂ ਸਤਿਗੁਰੂ ਦਾ ਸਿਮਰਨ ਕਰਕੇ ਉਸ ਤੋਂ ਅਨੁਗ੍ਰਹਿ ਦੀ ਕਾਮਨਾ ਕਰਦਾ ਹੈ। ਵਾਰਾਂ, ਜੰਗਨਾਮਿਆਂ, ਕਿੱਸਿਆਂ ਅਤੇ ਪ੍ਰਬੰਧ ਕਾਵਿ ਦੇ ਕੁੱਝ ਹੋਰ ਨਮੂਨਿਆਂ ਵਿੱਚ ਇਸ ਵਿਧੀ ਦਾ ਪ੍ਰਯੋਗ ਸਾਂਝੇ ਰੂਪ ਵਿੱਚ ਦਿਖਾਈ ਦਿੰਦਾ ਹੈ। ਜੰਗਨਾਮੇ ਵਿਚ

## ਕੇਂਦਰੀ ਸ਼ਬਦ

- **ਜੰਗਨਾਮਾ-** ਇਸ ਵਿੱਚ ਕਿਸੇ ਲੜਾਈ ਅਥਵਾ ਜੰਗ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ।
- **ਵਾਰ**-ਇਸ ਵਿਚ ਕਿਸੇ ਨਾਇਕ ਦਾ ਜਸ ਗੁਣਗਾਣ ਕੀਤਾ ਜਾਂਦਾ ਹੈ।
- **ਕਿੱਸਾ**- ਮੱਧਕਾਲੀ ਪ੍ਰੇਮ ਕਥਾਵਾਂ ਨੂੰ ਬਿਆਨ ਕਰਨ ਵਾਲਾ ਕਾਵਿ ਰੂਪ।
- **ਮੰਗਲਾਚਰਨ-** ਮੱਧਕਾਲ ਵਿਚ ਕਿਸੇ ਸਾਹਿਤਕ ਰਚਨਾ ਤੋਂ ਪਹਿਲਾਂ ਕੀਤੀ ਜਾਂ ਵਾਲੀ ਅਕਾਲ ਉਸਤਤ।
- **'ਕਾਫ਼ੀ' -** ਸ਼ਬਦ ਅਰਬੀ ਦੇ ਕਾਫ਼ਾ ਅਰਥ ਸਮੂਹ ਤੋਂ ਲਿਆ ਗਿਆ ਹੈ। ਇਸ ਸਿਨਫ਼ ਦਾ ਮੂਲ ਅਰਬੀ ਕਾਵਿ ਰੂਪ ਕ਼ਸੀਦਾ ਨੂੰ ਮੰਨਿਆ ਜਾਂਦਾ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਪੰਜਾਬੀ ਵਾਰਾਂ ਦੀਆਂ ਕਿੰਨੀਆਂ ਕਿਸਮਾਂ ਦਸੀਆਂ ਗਈਆਂ ਹਨ।**

ੳ) ਦੋ

ਅ) ਪੰਜ

ੲ) ਤਿੰਨ

ਸ) ਚਾਰ

**ਪ੍ਰਸ਼ਨ 2. ਪੰਜਾਬੀ ਵਾਰਾਂ ਦੀ ਵਰਗ ਵੰਡ ਵਿਚ ਸ਼ਾਮਿਲ ਸਨ।**

ੳ) ਅਧਿਐਆਤਮਕ ਵਾਰਾਂ

ਅ) ਬੀਰ ਰਸੀ ਵਾਰਾਂ

ੲ) ਲੋਕ ਵਾਰਾਂ

ਸ) ਉਪਰੋਤਕਤ ਸਾਰੇ

**ਪ੍ਰਸ਼ਨ 3. ਗੁਰੂ ਗ੍ਰਥ ਸਾਹਿਬ ਵਿਚ ਕਿੰਨੀਆਂ ਵਾਰਾਂ ਦਰਜ ਹਨ।**

ੳ) 12

ਅ) 15

ੲ) 14

ਸ) 22

**ਪ੍ਰਸ਼ਨ 4. ਵਾਰ ਕਿਹੜੇ ਛੰਦ ਵਿਚ ਰਚੀ ਜਾਂਦੀ ਹੈ।**

ੳ) ਵੈਤ

ਅ) ਦਵਈਆ

ੲ) ਪਾਉੜੀ

ਸ) ਪਰੋਕਤ ਕੋਈ ਨਹੀ

**ਪ੍ਰਸ਼ਨ 5. ਗੁਰੂ ਨਾਨਕ ਦੇਵ ਨੇ ਵਾਰਾਂ ਨੂੰ ਵੀਰ ਰਸ ਤੋਂ ਕਢ ਕੇ ਕਿਸ ਕੇਤਰ ਨਾਲ ਜੋੜਿਆ।**

ੳ) ਭਗਤੀ

ਅ) ਅਧਿਆਤਮਕ

ੲ) ਉਸਤਤ

ਸ) ਬੰਦਗੀ

**ਪ੍ਰਸ਼ਨ 6. ਵਾਰ ਯੁਧ ਸੰਬੰਧੀ ਕਾਵਿ ਹੈ।**

ੳ) ਸਹੀ

ਅ) ਗਲਤ

ੲ) ਅੰਸ਼ਕ ਸਹੀ

ਸ) ਅਸ਼ਕ ਗਲਤ

**ਪ੍ਰਸ਼ਨ 7. ਪੰਜਾਬੀ ਵਿਚ ਕਾਫੀ ਦਾ ਆਰੰਭ ਕਿਸ ਕਵੀ ਤੋਂ ਹੋਇਆ।**

ੳ) ਗੁਰੂ ਨਾਨਕ ਦੇਵ

ਅ) ਵਾਰਿਸ਼ ਸਾਹ

ੲ) ਬੁਲ੍ਹੇ ਸ਼ਾਹ

ਸ) ਬਾਬਾ ਫਰੀਦ

**ਪ੍ਰਸ਼ਨ 8. ਵਾਰ ਦੇ ਲੱਛਣ ਕਿਹੜੇ ਹਨ।**

ੳ) ਵਾਰ ਵਿਚ ਸੁਰਵੀਰਤਾ ਦਾ ਵਰਣਨ ਹੁੰਦਾ ਹੈ।

ਅ) ਵਾਰ ਵਿਚ ਯੋਧਿਆ ਦਾ ਜਸ ਹੁੰਦਾ ਹੈ।

ੲ) ਵਾਰ ਅਤੇ ਪਉੜੀ ਦਾ ਸੰਬੰਧ ਸਮੀਧੀ ਹੈ।

ਸ) ਉਪਰੋਕਤ ਸਾਰੇ

**ਪ੍ਰਸ਼ਨ 9. ਮੰਗਲਾ ਚਰਨ ਕਿਸ ਦਾ ਹਿਸਾ ਹੈ।**

ੳ) ਵਾਰ ਦਾ

ਅ) ਜੰਗਨਾਮਾ ਦਾ

ੲ) ਕਿੱਸਾ

ਸ) ਉਪਰੋਤਕ ਸਾਰੇ

**ਪ੍ਰਸ਼ਨ 10. ਸੱਸੀ ਪੁੰਨੂ ਕੀ ਹੈ।**

ੳ) ਇਕ ਕਥਾ

ਅ) ਇਕ ਵਾਰ

ੲ) ਇਕ ਕਿੱਸਾ

ਸ) ਇਕ ਜੰਗਨਾਮਾ

**ਪ੍ਰਸ਼ਨ 11. ਕਾਫੀ ਸ਼ਬਦ ਦਾ ਅਰਬੀ ਵਿਚ ਕੀ ਅਰਥ ਦੱਸਿਆ ਜਾਂਦਾ ਹੈ।**

ੳ) ਉਸਤਤ

ਅ) ਬੰਦਗੀ

ੲ)ਕਸੀਦਾ

ਸ) ਭਗਤੀ

**ਪ੍ਰਸ਼ਨ 12. ਕਿਸਾ ਕਿਸ ਭਾਸ਼ਾ ਦਾ ਸ਼ਬਦ ਹੈ।**

ੳ) ਅਰਬੀ

ਅ) ਫਾਰਸੀ

ੲ) ਉਰਦੂ

ਸ) ਪੰਜਾਬੀ

**13. ਪ੍ਰਸ਼ਨ ਪੁਸ਼ਯ ਨੇ ਕਿਹੜਾ ਕਿੱਸਾ ਰਚਿਆ ਹੈ।**

ੳ) ਹੀਰ ਰਾਂਝਾ

ਅ) ਸੱਸੀ ਪੁਨੂੰ

ੲ)ਮਿਰਜਾ ਸਾਹਿਬਾ

ਸ) ਯੂਸਫ ਜੁਲੇਖਾ

**ਪ੍ਰਸ਼ਨ 14. ਜੰਗਨਾਮਾ ਸਿੰਘਾ ਤੇ ਫੰਰੀਗੀਆਂ ਕਿਸ ਦੀ ਰਚਨਾ ਹੈ**

ੳ) 2 ਦਮੋਦਰ

ਅ) 3 ਸਾਹ ਮਹੁਮੰਦ

ੲ) 4 ਵਾਰਿਸ਼ ਸ਼ਾਹ

ਸ) 5 ਮੁਕਬਲ

**ਪ੍ਰਸ਼ਨ 15. ਕਾਫ਼ੀ ਸ਼ਬਦ ਕਿਸ ਭਾਸ਼ਾ ਤੋਂ ਵਿਆ ਗਿਆ ਹੈ।**

ੳ) ਫਾਰਸੀ

ਅ) ਅਰਬੀ

ੲ) ਉਰਦੂ

ਸ) ਪੰਜਾਬੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਸ | 3.ਸ | 4. ੲ | 5. ਅ |
| 6. ੳ | 7. ਸ | 8. ਸ | 9. ਸ | 10. ੲ |
| 11. ੲ | 12. ਅ | 13. ਅ | 14. ਅ | 15. ਅ |

## ਅਭਿਆਸ ਪ੍ਰਸ਼ਨ

1. ਕਿੱਸਾ ਸ਼ਬਦ ਕਿਹੜੀ ਭਾਸ਼ਾ ਤੋਂ ਲਿਆ ਗਿਆ ਹੈ?
2. ਗੁਰੂ ਨਾਨਕ ਦੇਵ ਦੀ ਵਾਰ ਦਾ ਨਾਮ ਲਿਖੋ?
3. ਚੰਡੀ ਦਾ ਵਾਰ ਕਿਸ ਦੀ ਰਚਨਾ ਹੈ?
4. ਕਾਫੀ ਸ਼ਬਦ ਤੋਂ ਕੀ ਭਾਵ ਹੈ?
5. ਵਾਰਿਸ਼ ਸ਼ਾਹ ਨੇ ਕਿਹੜੇ ਕਿਸੇ ਦੀ ਰਚਨਾ ਕੀਤੀ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://punjabipedia.org/topic.aspx?txt=%E0%A8%9C%E0%A9%B0%E0%A8%97%E0%A8%A8%E0%A8%BE%E0%A8%AE%E0%A8%BE
- https://punjabipedia.org/topic.aspx?txt=%E0%A8%95%E0%A8%BF%E0%A9%B1%E0%A8%B8%E0%A8%BE%E0%A8%95%E0%A8%BE%E0%A8%B5%E0%A8%BF&k=4

**Dr.** *Satwant Singh*, **Lovely Professional University**

# ਅਧਿਆਇ-4 : ਸ਼ੇਖ ਫਰੀਦ ਜੀ ਦੀ ਬਾਣੀ ਦਾ ਵਿਸ਼ਾ ਪੱਖ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਸ਼ੇਖ ਫਰੀਦ: ਜੀਵਨ ਤੇ ਰਚਨਾ
4. ਬਾਣੀ ਦੇ ਮੂਲ ਸਰੋਕਾਰ
5. ਬਾਣੀ ਦਾ ਲੋਕਧਾਰਾਈ ਪਰਿਪੇਖ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਬਾਬਾ ਫਰੀਦ ਦੇ ਜੀਵਨ ਤੋਂ ਜਾਣੂ ਹੋ ਸਕਣਗੇ
- ਫਰੀਕ ਦੀਆਂ ਰਚਨਾਵਾਂ ਤੋਂ ਜਾਣੂ ਹੋ ਸਕਣਗੇ
- ਬਾਬਾ ਫਰੀਦ ਦੀ ਬਾਣੀ ਦੇ ਮੂਲ ਸਰੋਕਾਰਾਂ ਤੋਂ ਜਾਣੂ ਹੋ ਸਕਣਗੇ
- ਬਾਬਾ ਫਰੀਦ ਬਾਣੀ ਵਿਚ ਲੋਕਧਰਾਈ ਤੱਤਾਂ ਨੂੰ ਜਾਣ ਸਕਣਗੇ

## ਭੂਮਿਕਾ

ਬਾਬਾ ਫ਼ਰੀਦ ਜੀ ਦੀ ਰਚਨਾ ਭਾਵੇਂ ਆਕਾਰ ਵਿੱਚ ਬਹੁਤੀ ਨਹੀਂ, ਪਰ ਕਾਵਿ ਗੁਣਾਂ ਕਰ ਕੇ, ਵਿਸ਼ੇ ਦੀ ਸ੍ਰੇਸ਼ਟਤਾ ਵਿੱਚ ਉੱਤਮ ਤੇ ਸਦੀਵੀ ਯੋਗਦਾਨ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਪ੍ਰਾਪਤ ਹੋਈ ਰਚਨਾ ਕਰ ਕੇ ਉਨ੍ਹਾਂ ਨੂੰ ਪੰਜਾਬੀ ਦਾ ਪਹਿਲਾ ਕਵੀ ਜਾ ਸ਼ਾਇਰ ਮੰਨ ਲਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਨੇ ਪੰਜਾਬੀ ਸਾਹਿੱਤ ਵਿੱਚ ਸਭ ਤੋਂ ਵਡਮੁੱਲਾ ਯੋਗਦਾਨ ਉਸ ਸਮੇਂ ਪੰਜਾਬੀ ਵਿੱਚ ਸਲੋਕਾਂ ਤੇ ਸ਼ਬਦਾਂ ਦੀ ਰਚਨਾ ਕਰ ਕੇ ਦਿੱਤਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਦੀ ਉੱਚਤਾ ਹੋਣ ਕਾਰਨ ਹੀ 'ਪਹਿਲੇ ਚਾਰ ਗੁਰੂਆਂ ਨੇ ਉਨ੍ਹਾਂ ਦੀ ਬਾਣੀ ਨੂੰ ਸੰਭਾਲਿਆ ਤੇ ਪੰਜੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਬਾਣੀ ਨੂੰ ਇਕੱਤਰ ਕਰ ਕੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰ ਕੇ ਇਸ ਬਾਣੀ ਨੂੰ ਅਹਿਮ ਸਥਾਨ ਦਿੱਤਾ "ਇਸ ਰਚਨਾ ਤੋਂ ਇਲਾਵਾ 'ਮੀਆਂ ਮੌਲਾ ਬਖ਼ਸ਼ ਕੁਸ਼ਤਾਂ ਨੇ ਬਾਬਾ ਫ਼ਰੀਦ ਦੀਆਂ ਲਿਖੀਆਂ ਚਾਰ ਪੁਸਤਕਾਂ ਦੀ ਦੱਸ ਇਉਂ ਪਾਈ ਹੈ, ਆਪ ਦੀਆਂ ਚਾਰ ਕਿਤਾਬਾਂ, ਤਿੰਨ ਨਸਰ (ਵਾਰਤਕ) ਦੀਆਂ ਤੇ ਇੱਕ ਨਜ਼ਮ ਦੀ (ਸਲੋਕ) ਹਨ, ਕੁਸ਼ਤਾ ਜੀ ਨੇ ਇੱਕ ਗੱਲ ਇਹ ਵੀ ਸਾਬਤ ਕੀਤੀ ਹੈ ਕਿ ਪਾਕਪਟਨ ਦੇ ਵਾਸ ਵੇਲੇ ਲੋਕ ਭਾਸ਼ਾ ਪੰਜਾਬੀ ਵਿੱਚ ਉਨ੍ਹਾਂ ਨੇ ਰਚਨਾ ਕੀਤੀ। ਇਸ ਅਧਿਆਇ ਵਿਚ ਅਸੀਂ ਬਾਬਾ ਫ਼ਰੀਦ ਦੇ ਜੀਵਨ ਨੂੰ ਜਾਣਦੇ ਹੋਏ ਉਨ੍ਹਾਂ ਦੇ ਕਾਵਿ ਸਰੋਕਾਰ ਅਤੇ ਪੰਜਾਬੀ ਰਹਿਤਲ ਦੀ ਪੇਸ਼ਕਾਰੀ ਨੂੰ ਕੇਂਦਰਿਤ ਕਰਦੇ ਹੋਏ ਆਪਣੀ ਚਰਚਾ ਦਾ ਵਿਸ਼ਾ ਬਣਾਵਾਂਗੇ। ਜੋ ਅੱਗੇ ਲਿਖੇ ਅਨੁਸਾਰ ਹੈ।

## ਸ਼ੇਖ਼ ਫ਼ਰੀਦ: ਜੀਵਨ ਤੇ ਰਚਨਾ

### ਜਨਮ

ਬਾਬਾ ਫ਼ਰੀਦ ਦਾ ਜਨਮ 1381ਸੂਫ਼ੀ ਖੇਤਰ ਜ਼ਿਲ੍ਹਾ ਮੁਲਤਾਨ (ਹੁਣ ਪਾਕਿਸਤਾਨ) ਵਿੱਚ ਜਮਾਲ-ਉਦ-ਦੀਨ ਸੁਲੇਮਾਨ ਅਤੇ ਸ਼ੇਖ਼ ਵਜੀਹ-ਉਦ-ਦੀਨ ਖੋਜੇਂਦੀ ਦੀ ਧੀ ਮਰੀਅਮ ਬੀਬੀ ਦੇ ਘਰ ਹੋਇਆ ਸੀ।[1] ਫ਼ਰੀਦ ਜੀ ਦੀ ਜਨਮ ਤਾਰੀਖ਼, ਸੰਮਤ ਅਤੇ ਪਿੰਡ ਦਾ ਅਸਲ ਨਾਂ ਦੱਸਣਾ ਔਖਾ ਕੰਮ ਵੀ ਹੈ। ਵੱਖ-ਵੱਖ ਵਿਦਵਾਨਾਂ ਨੇ ਬਾਬਾ ਫ਼ਰੀਦ ਜੀ ਦੇ ਜਨਮ ਸਮੇਂ ਅਤੇ ਸਥਾਨ ਬਾਰੇ ਆਪਣੀਆਂ ਲਭਤਾਂ (ਖੋਜਾਂ) ਰਾਹੀਂ ਆਪਣੇ-ਆਪਣੇ ਵਿਚਾਰ ਦੱਸ ਕੇ ਬਾਬਾ ਫ਼ਰੀਦ ਜੀ ਦੇ ਜਨਮ ਸੰਮਤ ਅਤੇ ਸਥਾਨ ਬਾਰੇ ਦੱਸਿਆ ਹੈ। ਜਿਵੇਂ:-

**ਮੀਆਂ ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ** ਆਪ ਯਕਮ ਅਜ਼ਾਨ 569 ਹਿਜਰੀ ਮੁਤਾਬਿਕ ਸੰਨ 1173 ਈਸਵੀ ਨੂੰ ਪੈਦਾ ਹੋਏ।

**ਸੀਅਰੁਲ ਔਲੀਆ ਅਨੁਸਾਰ** ਫ਼ਰੀਦ ਜੀ ਦਾ ਜਨਮ 569 ਹਿਜਰੀ ਜਾਂ 1173 ਈਸਵੀ ਵਿੱਚ ਹੋਇਆ।

**ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ** ਬਾਬਾ ਫ਼ਰੀਦ 582 ਹਿਜਰੀ 1186 ਈਸਵੀ ਨੂੰ ਖੋਤਵਾਲ ਪਿੰਡ ਸੂਬਾ ਮੁਲਤਾਨ ਵਿੱਚ ਹੋਇਆ ਸੀ।

**ਡਾ. ਰਤਨ ਸਿੰਘ ਜੱਗੀ ਅਨੁਸਾਰ** ਪੰਜਾਬੀ ਸੂਫ਼ੀ ਕਾਵਿ ਦੇ ਮੋਢੀ ਕਵੀ ਅਤੇ ਚਿਸ਼ਤੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਸਾਧਕ ਸ਼ੇਖ਼ ਫਰੀਦੁਦੀਨ ਮਸਊਦ ਸ਼ਕਰਗੰਜ ਦਾ ਜਨਮ ਸ਼ੇਖ਼ ਜਮਾਲੁੱਦੀਨ ਸੁਲੇਮਾਨ ਦੇ ਘਰ ਬੀਬੀ ਕੁਰਸੂਮ ਦੀ ਕੁੱਖੋਂ 1173 ਈਸਵੀ ਪਿੰਡ ਖੋਤਵਾਲ ਵਿੱਚ ਹੋਇਆ। ਆਪ ਜੀ ਨੂੰ ਸ਼ਕਰਗੰਜ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।

### ਸਿੱਖਿਆ

"ਬਾਬਾ ਫ਼ਰੀਦ ਜੀ ਦੀ ਸਿੱਖਿਆ ਬਾਰੇ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਪਿਤਾ ਬਾਬਾ ਫ਼ਰੀਦ ਜੀ ਨੂੰ ਕੇਵਲ 18 ਮਹੀਨੇ ਦੀ ਉਮਰ ਵਿੱਚ ਛੱਡ ਕੇ ਆਪ ਗੁੱਜਰ ਗਏ ਸਨ। ਆਪ ਜੀ ਦੀ ਮਾਤਾ ਕੁਰਸੂਮ ਨੇ ਹੀ ਆਪਜੀ ਨੂੰ ਪਾਲ ਕੇ ਧਾਰਮਿਕ ਵਿੱਦਿਆ ਦਿੱਤੀ। ਮੁੱਢਲੀ ਵਿੱਦਿਆ ਮਾਤਾ ਪਾਸੋਂ ਪ੍ਰਾਪਤ ਕਰਨ ਪਿੱਛੋਂ ਇਨ੍ਹਾਂ ਨੇ ਕੁਰਆਨ ਮਜ਼ੀਦ ਮੌਲਾਨਾ ਅੱਬੂ ਹਾਫ਼ਜ਼ ਕੋਲੋਂ ਪੜ੍ਹਿਆ ਫੇਰ ਉਹ ਬਗ਼ਦਾਦ ਚਲੇ ਗਏ ਜਿੱਥੇ ਉਨ੍ਹਾਂ ਨੇ 'ਅਬਦੁਲ ਕਾਦਰ ਜੀਲਾਨੀ', 'ਸ਼ੇਖ਼ ਸ਼ਿਰਾਬੁਦੀਨ ਸੁਹਰਾਵਰਦੀ', 'ਖ਼ਵਾਜਾ ਮੁਅਈਉਨਦੀਨ ਚਿਸ਼ਤੀ' ਤੇਠ 'ਸ਼ੇਖ਼ ਕਿਰਸਾਨੀ' ਆਦਿ ਦੀ ਸੰਗਤ ਤੋਂ ਲਾਭ ਲਿਆ।"

### ਗੱਦੀ ਦੀ ਪ੍ਰਾਪਤੀ

ਬਾਬਾ ਫ਼ਰੀਦ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਇੱਕ ਪ੍ਰਸਿੱਧਪ੍ਰਸਿੱਧ ਆਗੂ ਹੋਏ ਹਨ। ਇਹ ਸਿਲਸਿਲਾ ਖ਼ਵਾਜਾ ਹਸਨ ਬੰਸਰੀ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ, ਜਿਹਨਾਂ ਬਾਰੇ ਦੱਸਿਆ ਜਾਂਦਾ ਹੈ ਕਿ ਫ਼ਕੀਰੀ ਦੀ ਗੋਦੜੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ। ਖ਼ਵਾਜਾ ਹਸਨ ਬੰਸਰੀ ਦੇ ਅੱਠਵੇਂ ਗੱਦੀਦਾਰ ਖ਼ਵਾਜਾ ਅੱਬੂ ਇਸਹਾਕ ਤੋਂ ਪਿੱਛੋਂ ਉਨ੍ਹਾਂ ਦੇ ਪੰਜ ਹੋਰ ਗੱਦੀਦਾਰਾਂ ਨੇ ਇਸ ਪਿੰਡ 'ਚਿਸ਼ਤ' ਨੂੰ ਹੀ ਆਪਣਾ ਟਿਕਾਣਾ ਬਣਾਈ ਰੱਖਿਆ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਸਿਲਸਿਲੇ ਦਾ ਨਾਂ 'ਚਿਸ਼ਤ' ਪਿੰਡ ਦੇ ਸੰਬੰਧ ਕਰ ਕੇ ਚਿਸ਼ਤੀ ਮਸ਼ਹੂਰ ਖ਼ਵਾਜਾ ਹਸਨ ਬੰਸਰੀ ਦੇ ਚੋਣਵੇਂ ਖ਼ਲੀਫ਼ੇ ਖ਼ਵਾਜਾ ਮੁਈਨੱਦ - ਦੀਨ ਹਸਨ ਸਿਜਜ਼ੀ ਚਿਸ਼ਤੀ ਹੋਏ, ਇਹ ਪਹਿਲੇ ਚਿਸ਼ਤੀ ਆਗੂ ਸਨ ਜਿਹਨਾਂ ਨੇ ਹਿੰਦੁਸਤਾਨ ਵਿੱਚ ਚਿਸ਼ਤੀ ਸੰਪਰਦਾਇ ਦੀ ਨੀਂਹ ਰੱਖੀ। ਇਹਨਾਂ ਨੇ ਆਪਣੀਆਂ ਪ੍ਰਚਾਰਕ ਸਰਗਰਮੀਆਂ ਦਾ ਕੇਂਦਰ ਪਹਿਲਾਂ ਦਿੱਲੀ ਤੇ ਪਿੱਛੋਂ ਅਜਮੇਰ ਨੂੰ ਬਣਾਇਆ। ਅਜਮੇਰ ਵਿੱਚ ਉਸ ਸਮੇਂ ਜੋਗੀਆਂ ਦਾ ਰਾਜ ਸੀ ਤੇ ਰਾਏ ਪਿਥੋਰਾ ਦਾ ਰਾਜ ਸੀ। ਇਹਨਾਂ ਦੋਨਾਂ ਸਥਾਪਿਤ ਸ਼ਕਤੀਆਂ ਵੱਲੋਂ ਖ਼ਵਾਜਾ ਸਾਹਿਬ ਦਾ ਵਿਰੋਧ ਕੁਦਰਤੀ ਸੀ। ਜਦੋਂ ਸੂਫ਼ੀਆਂ ਨੇ ਆਪਣੇ ਚਰਨ ਹਿੰਦੁਸਤਾਨ ਵਿੱਚ ਪਾਏ ਤਾਂ ਇੱਥੋਂ ਦਾ ਹਨੇਰਾ ਇਸਲਾਮ ਦੇ ਨੂਰ ਨਾਲ ਉੱਜਵਲ ਹੋ ਉੱਠਿਆ। ਇੱਥੇ ਆ ਕੇ ਖ਼ਵਾਜਾ ਮੁਈਨੱਦਦੀਨ ਨੇ ਆਪਣੀ ਗੱਦੀ ਖ਼ਵਾਜਾ ਕੁਤਬੁੱਦ-ਦੀਨ ਬਖ਼ਤਯਾਰ ਕਾਕੀ ਚਿਸ਼ਤੀ ਨੂੰ ਬਖ਼ਸ਼ੀ ਤਾਂ ਉਸ ਵੇਲੇ 'ਮੁਲਤਾਨ' ਉੱਤਰ ਪੱਛਮੀ ਹਿੰਦੁਸਤਾਨ ਦੇ ਵਪਾਰ, ਸਭਿਆਚਾਰ ਤੇ ਰਾਜਨੀਤੀ ਦਾ ਇੱਕ ਬਹੁਤ ਵੱਡਾ ਇਸਲਾਮੀ ਕੇਂਦਰ ਸੀੜ ਹੋਰ ਦੇਸ਼ਾਂ ਵਿਚੋਂ ਮੌਲਵੀ ਤੇ ਸੂਫ਼ੀ ਹੁੰਮ੍ਹ ਹੁੰਮਾ ਕੇ ਮੁਲਤਾਨ ਪਹੁੰਚਿਆ ਕਰਦੇ ਸਨ। ਇਸ ਥਾਂ ਦੀਆਂ ਸ਼ਾਨਦਾਰ ਮਸੀਤਾਂ, ਵਿਦਿਆਲੇ ਸਨ ਅਤੇ ਉੱਚ ਇਸਲਾਮੀ ਸਿੱਖਿਆ ਲਈ ਇਹ ਥਾਂ ਬਹੁਤ ਮਸ਼ਹੂਰ ਸੀ। ਇਸੇ ਸਥਾਨ ਤੇ ਹੀ ਇੱਕ ਦਿਨ ਕਾਕੀ ਜੀ ਵੀ ਆਏ ਅਤੇ ਉਨ੍ਹਾਂ ਦੀ ਫ਼ਰੀਦ ਜੀ ਨਾਲ ਇੱਕ ਮਸੀਤ ਵਿੱਚ ਗੋਸ਼ਟੀ ਹੋਈ ਜਿਸ ਪਿੱਛੋਂ ਫ਼ਰੀਦ ਜੀ ਕਾਕੀ ਜੀ ਤੋਂ ਇਨ੍ਹਾਂ ਪ੍ਰਸ਼ੰਨ ਹੋਏ ਕੀ ਉਨ੍ਹਾਂ ਦੇ ਕਦਮਾਂ ਵਿੱਚ ਡਿਗ ਪਏ ਇਹ ਸੀ ਫ਼ਰੀਦ ਜੀ ਦੀ ਆਪਣੇ ਪੀਰ ਨਾਲ ਪਹਿਲੀ ਮਿਲਣੀ। ਕਾਕੀ ਜੀ ਨੇ ਮੁਲਤਾਨ ਤੋਂ ਦਿੱਲੀ ਜਾਣਾ ਸੀ ਉਹ ਫ਼ਰੀਦ ਦੇ ਕਹਿਣ ਤੇ ਉਸ ਨੂੰ ਵੀ ਨਾਲ ਹੀ ਲੈ ਗਏ। ਕਾਕੀ ਜੀ ਨੇ ਫ਼ਰੀਦ ਨੂੰ ਗਿਆਨ ਬਖ਼ਸ਼ ਕੇ ਹਰ ਇੱਕ ਗੁਣਾ ਪੱਖੋਂ ਪਰਪੱਕ ਕਰ ਦਿੱਤਾ। ਲੰਮੇ ਫ਼ਾਕੇ ਕੱਟਣ, ਮਨ ਦੀ ਗ਼ਰੀਬੀ ਧਾਰਨ, ਰੋਜ਼ੇ ਨਮਾਜ਼ ਵਾਲਾ ਸ਼ਰੱਈ ਜੀਵਨ ਬਿਤਾਉਣ ਤੇ ਸਬਰ ਸੰਤੋਖ ਨਾਲ ਰਹਿਣ ਵਿਚੋਂ ਫ਼ਰੀਦ ਜੀ ਉਤਨੇ ਹੀ ਸਿਰਕੱਢ ਸਨ ਜਿਤਨੇ ਕਾਕੀ ਜੀ, ਇਸ

ਸਾਧਨਾਂ ਦਾ ਫਲ ਇਹ ਹੋਇਆ ਕਿ ਕਾਕੀ ਜੀ ਮ੍ਰਿਤ ਸਮੇਂ ਫ਼ਰੀਦ ਜੀ ਨੂੰ ਆਪਣਾ ਖ਼ਲੀਫ਼ਾ ਥਾਪ ਗਏ। ਹਾਂਸੀ ਨੂੰ ਸੂਫ਼ੀਆਂ ਦੇ ਗੜ੍ਹ ਵਜੋਂ ਸਥਾਪਿਤ ਤੇ ਵਿਕਸਿਤ ਕਰਨ ਦਾ ਸਿਹਰਾ ਸ਼ੇਖ਼ ਫ਼ਰੀਦ ਸ਼ਕਰਗੰਜ ਦੇ ਸਿਰ ਬੱਝਦਾ ਹੈ। ਸ਼ੇਖ਼ ਫ਼ਰੀਦ ਨੇ ਬਾਰਾਂ ਸਾਲ ਇੱਥੇ ਚਿਲਾ ਕੀਤਾ ਸੀ

## ਬਾਬਾ ਫ਼ਰੀਦ ਅਤੇ ਸੂਫ਼ੀ ਮੱਤ

"ਜਦੋਂ ਫ਼ਰੀਦ ਜੀ ਨੇ ਚਿਸ਼ਤੀ ਪੰਥ ਦੀ ਵਾਗ ਡੋਰ ਸੰਭਾਲੀ ਉਦੋਂ ਹਿੰਦੁਸਤਾਨ ਵਿੱਚ ਸੂਫ਼ੀਆਂ ਦੇ ਦੋ ਹੋਰ ਵੱਡੇ ਫ਼ਿਰਕੇ, ਕਾਦਰੀ ਤੇ ਸੁਹਰਾਵਰਦੀ ਵੀ ਧਰਮ ਪ੍ਰਚਾਰ ਦੇ ਖੇਤਰ ਵਿੱਚ ਕੰਮ ਕਰ ਰਹੇ ਸਨ। ਬਾਬਾ ਫ਼ਰੀਦ ਜੀ ਤੇ ਅੱਗੋਂ ਉਨ੍ਹਾਂ ਦੇ ਖ਼ਲੀਫ਼ੇ ਸ਼ੇਖ਼ ਨਿਜਾਮੁੱਦ-ਦੀਨ ਔਲ਼ਿਆਂ ਨੇ ਚਿਸ਼ਤੀ ਸੰਪਰਦਾਇ ਨੂੰ ਐਸੀ ਟੀਸੀ ਉੱਤੇ ਪਹੁੰਚਾਇਆ ਕਿ ਸੁਹਰਾਵਰਦੀ ਤਾਂ ਬੱਸ ਮੁਲਤਾਨ ਜੋਗੇ ਹੀ ਰਹਿ ਗਏ ਤੇ ਕਾਦਰੀ ਵੀ ਕੋਈ ਬਹੁਤੀ ਤਰੱਕੀ ਨਾ ਕਰ ਸਕੇ। ਇਸ ਵੇਲੇ ਸੂਫ਼ੀ ਸਿਲਸਿਲਆ ਵਿਚੋਂ ਚਿਸ਼ਤੀ ਸਿਲਸਿਲਾ ਹਿੰਦੁਸਤਾਨ ਤੇ ਪਾਕਿਸਤਾਨ ਵਿੱਚ ਸਭ ਤੋਂ ਵੱਡਾ ਸਿਲਸਿਲਾ ਹੈ।"

## ਬਾਬਾ ਫ਼ਰੀਦ ਜੀ ਦਾ ਰਚਨਾ ਸੰਸਾਰ

ਬਾਬਾ ਫ਼ਰੀਦ ਜੀ ਦੀ ਰਚਨਾ ਭਾਵੇਂ ਆਕਾਰ ਵਿੱਚ ਬਹੁਤੀ ਨਹੀਂ, ਪਰ ਕਾਵਿ ਗੁਣਾਂ ਕਰ ਕੇ, ਵਿਸ਼ੇ ਦੀ ਸ੍ਰੇਸ਼ਟਤਾ ਵਿੱਚ ਉੱਤਮ ਤੇ ਸਦੀਵੀ ਯੋਗਦਾਨ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਪ੍ਰਾਪਤ ਹੋਈ ਰਚਨਾ ਕਰ ਕੇ ਉਨ੍ਹਾਂ ਨੂੰ ਪੰਜਾਬੀ ਦਾ ਪਹਿਲਾ ਕਵੀ ਜਾ ਸ਼ਾਇਰ ਮੰਨ ਲਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਨੇ ਪੰਜਾਬੀ ਸਾਹਿੱਤ ਵਿੱਚ ਸਭ ਤੋਂ ਵਡਮੁੱਲਾ ਯੋਗਦਾਨ ਉਸ ਸਮੇਂ ਪੰਜਾਬੀ ਵਿੱਚ ਸਲੋਕਾਂ ਤੇ ਸ਼ਬਦਾਂ ਦੀ ਰਚਨਾ ਕਰ ਕੇ ਦਿੱਤਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਦੀ ਉੱਚਤਾ ਹੋਣ ਕਾਰਨ ਹੀ 'ਗੁਰੂ ਅਰਜਨ ਦੇਵ' ਜੀ ਨੇ ਉਨ੍ਹਾਂ ਦੀ ਬਾਣੀ ਨੂੰ ਇਕੱਤਰ ਕਰ ਕੇ 'ਆਦਿ ਸ੍ਰੀ ਗੁਰੂ ਗ੍ਰੰਥ' ਸਾਹਿਬ ਵਿੱਚ ਦਰਜ ਕਰ ਕੇ ਇਸ ਬਾਣੀ ਨੂੰ ਅਹਿਮ ਸਥਾਨ ਦਿੱਤਾ ਅਤੇ ਇਸ ਦੀ ਸੰਭਾਲ ਕੀਤੀ।'ਆਦਿ ਸ੍ਰੀ ਗੁਰੂ ਗ੍ਰੰਥ' ਸਾਹਿਬ ਵਿੱਚ ਬਾਬਾ ਫ਼ਰੀਦ ਜੀ ਦੇ ਕੁੱਲ 4 ਸ਼ਬਦ (ਦੋ ਸ਼ਬਦ ਆਸਾ ਰਾਗ ਵਿੱਚ ਦੋ ਸੂਹੀ ਰਾਗ ਵਿਚ) ਅਤੇ ਆਪ ਜੀ ਦੇ 112 ਸਲੋਕ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੇ।

"ਇਸ ਰਚਨਾ ਤੋਂ ਇਲਾਵਾ 'ਮੀਆਂ ਮੌਲਾ ਬਖ਼ਸ਼ ਕੁਸ਼ਤਾ' ਨੇ ਬਾਬਾ ਫ਼ਰੀਦ ਦੀਆਂ ਲਿਖੀਆਂ ਚਾਰ ਪੁਸਤਕਾਂ ਦੀ ਦੱਸ ਇਉਂ ਪਾਈ ਹੈ, ਆਪ ਦੀਆਂ ਚਾਰ ਕਿਤਾਬਾਂ, ਤਿੰਨ ਨਸਰ (ਵਾਰਤਕ) ਦੀਆਂ ਤੇ ਇੱਕ ਨਜ਼ਮ ਦੀ (ਸਲੋਕ) ਹਨ, ਕੁਸ਼ਤਾ ਜੀ ਨੇ ਇੱਕ ਗੱਲ ਇਹ ਵੀ ਸਾਬਤ ਕੀਤੀ ਹੈ ਕਿ ਪਾਕਪਟਨ ਦੇ ਵਾਸ ਵੇਲੇ ਲੋਕ ਭਾਸ਼ਾ ਪੰਜਾਬੀ ਵਿੱਚ ਉਨ੍ਹਾਂ ਨੇ ਰਚਨਾ ਕੀਤੀ।"

**ਜੋਤੀ ਜੋਤ ਸਮਾਉਣਾ**

ਬਾਬਾ ਫ਼ਰੀਦ ਜੀ ਪਾਕਪਟਨ ਵਿਖੇ 1266 ਈਸਵੀ ਵਿੱਚ ਜੋਤੀ ਜੋਤ ਸਮਾ ਗਏ।

## ਬਾਬਾ ਫਰੀਦ ਦੀ ਬਾਣੀ ਦੇ ਮੂਲ ਸਰੋਕਾਰ

### ਫਰੀਦ ਜੀ ਦੀ ਬਾਣੀ

ਭਗਤ ਫ਼ਰੀਦ ਜੀ ਦੀ ਬਾਣੀ ਦਾ ਅਸਲ ਸੰਦੇਸ਼ ਸਮੁੱਚੀ ਲੁਕਾਈ ਨਾਲ ਪਿਆਰ ਅਤੇ ਸਨੇਹ ਹੈ। ਬਾਬਾ ਫ਼ਰੀਦ ਜੀ ਅਨੁਸਾਰ ਇੱਟ ਦਾ ਜੁਆਬ ਪੱਥਰ ਨਾਲ ਨਹੀਂ ਦੇਣਾ ਬਲਕਿ ਉਨ੍ਹਾਂ ਨਾਲ ਵੀ ਪਿਆਰ ਕੀਤਾ ਜਾਣਾ ਚਾਹੀਦਾ ਹੈ, ਜੋ ਤੁਹਾਨੂੰ ਮਾਰਦੇ ਹਨ। ਆਪਸੀ ਪਿਆਰ ਅਤੇ ਭਾਈਚਾਰੇ ਨੂੰ ਦਰਸਾਉਣ ਵਾਲੀ ਅਜਿਹੀ ਮਿਸਾਲ ਸ਼ਾਇਦ ਹੀ ਦੁਨੀਆ ਦੇ ਕਿਸੇ ਹੋਰ ਮਹਾਂਪੁਰਸ਼ ਨੇ ਦਿੱਤੀ ਹੋਵੇ। ਇਸ ਦਾ ਮਤਲਬ ਇਹ ਨਹੀਂ ਕਿ ਬਾਬਾ ਫ਼ਰੀਦ ਜੀ ਆਪਣੇ ਆਪ ਨੂੰ ਹੀਣਾ ਕਰ ਦੇਣ ਵਿਚ ਵਿਸ਼ਵਾਸ ਕਰਦੇ ਹਨ। ਸਵੈਮਾਣ ਦੀ ਭਾਵਨਾ ਵੀ ਬਾਬਾ ਫ਼ਰੀਦ ਜੀ ਦੀ ਦੇਣ ਹੈ। ਉਹ ਆਖਦੇ ਹਨ ਕਿ ਕਿਸੇ ਦੇ ਅਧੀਨ ਹੋਣ ਨਾਲੋਂ ਮਰ ਜਾਣਾ ਚੰਗਾ ਹੈ। ਸ਼ੇਖ਼ ਫ਼ਰੀਦ ਜੀ ਦੇ ਅਨੁਸਾਰ ਨਿਮਰਤਾ ਅਤੇ ਗ਼ੁਲਾਮੀ ਵਿਚ ਫ਼ਰਕ ਹੈ। ਨਿਮਰਤਾ ਮਨੁੱਖ ਨੂੰ ਮਹਾਨ ਅਤੇ ਉਦਾਰ ਬਣਾਉਂਦੀ ਹੈ, ਪਰ ਗ਼ੁਲਾਮੀ ਵਿਅਕਤੀ ਦੀ ਹੋਂਦ ਨੂੰ ਖ਼ਤਮ ਕਰ ਦਿੰਦੀ ਹੈ।

ਬਾਬਾ ਫ਼ਰੀਦ ਦੀ ਬਾਣੀ ਵਿਚ ਇੱਕ ਵਿਸ਼ੇਸ਼ ਭਾਂਤ ਦੀ ਕਾਵਿ-ਸੰਵੇਦਨਾ ਦ੍ਰਿਸ਼ਟੀ ਗੋਚਰ ਹੁੰਦੀ ਹੈ ਜਿਸਦੇ ਪਿਛੋਕੜ ਵਿਚ ਤਸੱਵਫ਼ ਅਤੇ ਇਸ਼ਕ-ਹਕੀਕੀ ਦੇ ਲਖਾਇਕ ਸੂਫ਼ੀ ਸੰਕਲਪ ਨਜ਼ਰ ਆਉਂਦੇ ਹਨ। ਇਹ ਵਿਸ਼ੇਸ਼ ਭਾਂਤ ਦੀ ਧਾਰਮਿਕ ਚੇਤਨਾ 'ਬਿਰਹਾ',ਨੇਹੁ', ਅਤੇ 'ਇਸ਼ਕ' ਦੇ ਸੰਕਲਪਾਂ ਰਾਹੀਂ ਮੂਰਤੀਮਾਨ ਹੁੰਦੀ ਹੈ। ਮਿਸਾਲ ਵਜੋਂ ਬਾਬਾ ਫ਼ਰੀਦ ਦੀ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥24॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀਂ ਨੇਹੁ ॥

(ਗੁਰੂ ਗ੍ਰੰਥ ਸਾਹਿਬ, ਪੰਨਾ – 1379.)

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂੰ ॥ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥

(ਆਦਿ ਗ੍ਰੰਥ, ਪੰਨਾ – 488.)

ਇਸ ਤਰ੍ਹਾਂ ਫ਼ਰੀਦ ਬਾਣੀ ਦਾ ਨਿਚੋੜ ਸੂਫ਼ੀ ਸ਼ਾਇਰੀ ਦੇ ਨਾਲ ਨਾਲ ਗੁਰਬਾਣੀ ਜਾਂ ਗੁਰਮਤਿ ਕਾਵਿ ਨਾਲ ਵੀ ਸਹਿਜੇ ਹੀ ਮੇਲ ਖਾ ਜਾਂਦੇ ਹਨ। ਭਾਵੇਂ ਮਨੁੱਖ ਦੀ ਰੂਹਾਨੀ ਇਕੱਲਤਾ ਅਤੇ ਸੰਸਾਰ ਦੀ ਨਾਸ਼ਮਾਨਤਾ ਦਾ ਅਹਿਸਾਸ ਫ਼ਰੀਦ ਬਾਣੀ ਦੀ ਵਿਸ਼ੇਗਤ ਉਸਾਰੀ ਮੂਲ ਆਧਾਰ ਹੈ ਪਰ ਇਨ੍ਹਾਂ ਸਰੋਕਾਰਾਂ ਨੂੰ ਸਮਕਾਲੀ ਸਮਾਜਿਕ ਅਤੇ ਸਭਿਆਚਾਰਕ ਸੰਦਰਭ ਨਾਲ ਜੋੜ ਕੇ ਵੀ ਵਾਚਿਆ ਜਾ ਸਕਦਾ ਹੈ। ਪੰਜਾਬੀ ਦੇ ਸੁਪ੍ਰਸਿੱਧ ਆਲੋਚਕ ਨਜ਼ਮ ਹੁਸੈਨ ਸੱਯਦ ਨੇ ਫ਼ਰੀਦ ਬਾਣੀ ਦਾ ਇਸੇ ਕਿਸਮ ਦਾ ਅਧਿਐਨ ਆਪਣੀ ਪੁਸਤਕ ਫ਼ਰੀਦੋਂ ਨਾਨਕ, ਨਾਨਕੋਂ ਫ਼ਰੀਦ ਵਿਚ ਪੇਸ਼ ਕੀਤਾ ਹੈ ਜਿਸ ਵਿਚ ਇਸ ਰਚਨਾ ਦਾ ਲੋਕ ਪੱਖੀ ਚਰਿੱਤਰ ਮੂਰਤੀਮਾਨ ਹੁੰਦਾ ਹੈ। ਨਜ਼ਮ ਹੁਸੈਨ ਸੱਯਦ ਨੇ ਫ਼ਰੀਦ ਬਾਣੀ ਦੀਆਂ ਗੁੱਝੀਆਂ ਰਮਜ਼ਾਂ ਅਤੇ ਸੈਨਤਾਂ ਦੀ ਵਿਆਖਿਆ ਕਰਦਿਆਂ ਉਸਨੂੰ ਤਤਕਾਲੀ ਯਥਾਰਥ ਦੀ ਰੌਸ਼ਨੀ ਵਿਚ ਪੜ੍ਹਨ ਦੀ ਚੇਸ਼ਟਾ ਕੀਤੀ ਹੈ।

ਇਹ ਪ੍ਰਵਾਣਿਤ ਤੱਥ ਹੈ ਕਿ ਫ਼ਰੀਦ ਜੀ ਧਾਰਮਿਕ ਵਿਸ਼ਵਾਸ ਸਿਰਜਣ ਅਤੇ ਦ੍ਰਿੜ੍ਹ ਕਰਨ ਦੇ ਨਾਲ-ਨਾਲ ਆਦਰਸ਼ਕ ਸਮਾਜਕ ਆਚਾਰ ਅਤੇ ਵਿਅਕਤੀ ਦੀ ਸਿਰਜਣਾ ਲਈ ਕੁੱਝ ਨੈਤਿਕ ਕੀਮਤਾਂ ਉੱਪਰ ਸਚੇਤ ਪੱਧਰ ਉੱਪਰ ਬਲ ਦੇਂਦੇ ਹਨ। ਇਨ੍ਹਾਂ ਨੈਤਿਕ ਕੀਮਤਾਂ ਦਾ ਸੰਬੰਧ ਸਵੈ-ਸਮੀਖਿਆ, ਅਹਿੰਸਾ, ਨਿਮਰਤਾ, ਸੇਵਾ, ਧੀਰਜ, ਪ੍ਰਹੇਜ਼ਗਾਰੀ ਅਤੇ ਸਬਰ ਨਾਲ ਹੈ। ਫ਼ਰੀਦ ਬਾਣੀ ਕਿਧਰੇ ਵੀ ਐਸ਼ੋ-ਇਸ਼ਰਤ ਭਰਪੂਰ, ਇੰਦਰਿਆਵੀ ਸੁੱਖ ਨੂੰ ਹੀ ਜੀਵਨ ਦਾ ਇਕੋ ਇੱਕ ਸੁੱਖ ਮੰਨਣ ਅਤੇ ਬੇਰੋਕ ਪਾਸ਼ਵਿਕ ਵਿਹਾਰ ਦਾ ਪੱਖ ਪੂਰਦੀ ਦਿਖਾਈ ਨਹੀਂ ਦੇਂਦੀ। ਇਹ ਰਚਨਾ ਤਾਂ ਉਨ੍ਹਾਂ ਨਾਲ ਖੜ੍ਹਦੀ ਜਾਂ ਉਸ ਜੀਵਨ ਸ਼ੈਲੀ ਦਾ ਪੱਖ ਪੂਰਦੀ ਹੈ ਜਿਸਦੀ ਬੁਨਿਆਦ ਵਿਚ ਪਵਿੱਤਰਤਾ, ਸਬਰ, ਸ਼ੁਕਰ ਅਤੇ ਪਰਹੇਜ਼ ਵਿਦਮਾਨ ਹੈ। ਇਹ ਮਨੁੱਖ ਨੂੰ ਪਾਸ਼ਵਿਕ ਧਰਾਤਲ ਤੋਂ ਚੁੱਕ ਕੇ ਮਾਨਵੀ ਪੱਧਰ ਤਕ ਲਿਆਉਂਦੀ ਅਤੇ ਅੱਗੇ ਧਾਰਮਿਕ ਆਦਰਸ਼ ਨਾਲ ਜੋੜਦੀ ਹੈ। ਇਸ ਬਾਣੀ ਵਿਚ ਕੋਠੇ ਮੰਡਪ ਮਾੜੀਆਂ ਉਸਾਰਨਾ "ਕੂੜਾ ਸੌਦਾ" ਹੈ, ਚੋਪੜੀਆਂ ਦਾ ਸਿੱਟਾ ਦੁੱਖ ਨੂੰ ਦੱਸਿਆ ਹੈ, ਕਾਲੇ ਲੇਖ ਲਿਖਣ ਦਾ ਮਸ਼ਵਰਾ ਨਹੀਂ ਦਿੱਤਾ ਗਿਆ ਬੁਰੇ ਦਾ ਭਲਾ ਕਰਨ ਦੀ ਸਲਾਹ ਦਿੱਤੀ ਗਈ ਹੈ ਅਤੇ ਹਿਆਉ ਨ ਕੇਹੀ ਠਾਹਿ ਦਾ ਪੈਗ਼ਾਮ ਦਿੱਤਾ ਗਿਆ ਹੈ। ਧਾਰਮਿਕ ਘੇਰੇ ਵਿਚ ਰਹਿਣ ਦੇ ਬਾਵਜੂਦ ਇਹ ਉਨ੍ਹਾਂ ਦੇ ਨਾਲ ਨਾਲ ਜਾਂ ਸੰਗ-ਸਾਥ ਵਿਚਰਦੀ ਹੈ ਜਿਨ੍ਹਾਂ ਦੀ ਜੀਵਨ ਸਥਿਤੀ "ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ" ਜੇਹੀ ਹੈ। ਇਸ ਦਾ ਸਪਸ਼ਟ ਸੁਨੇਹਾ ਹੈ ਕਿ "ਫ਼ਰੀਦਾ ਕੋਠੇ ਮੰਡਪ ਮਾੜ੍ਹੀਆਂ ਏਤੁ ਨ ਲਾਏ ਚਿਤੁ"। ਸਿਰਫ ਖਾਣ-ਪੀਣ ਅਤੇ ਦੇਹੀ-ਪਾਲਣ ਵਾਲੇ ਫ਼ਰੀਦ ਬਾਣੀ ਦਾ ਤਿੱਖੇ ਵਿਅੰਗ ਦਾ ਵਿਸ਼ਾ ਹਨ। ਅਜੋਕੇ ਪ੍ਰਸੰਗ ਵਿਚ ਅਜ ਵੀ ਫ਼ਰੀਦ ਬਾਣੀ ਦੀਆਂ ਅਨੇਕਾਂ ਪ੍ਰਤਿਧੁਨੀਆਂ ਚੋਖੀਆਂ ਮੁੱਲਵਾਨ ਹਨ।

ਸ਼ੇਖ਼ ਫ਼ਰੀਦ ਜੀ ਦੀ ਬਾਣੀ ਦਾ ਕੇਂਦਰੀ ਬਿੰਦੂ ਪਰਮਾਤਮਾ ਦੀ ਪ੍ਰਾਪਤੀ ਹੈ। ਇਸ ਪ੍ਰਾਪਤੀ ਦਾ ਰਾਹ ਦੱਸਦੇ ਹੋਏ ਬਾਬਾ ਫ਼ਰੀਦ ਜੀ ਆਪਣੇ ਕਲਾਮ ਵਿਚ ਮਨੁੱਖ ਨੂੰ ਮੌਤ ਦਾ ਡਰ, ਅੱਗੇ ਮਿਲਣ ਵਾਲੀਆਂ ਸਜਾਵਾਂ ਦੀ ਯਾਦ ਦਿਵਾਉਂਦੇ ਹਨ ਤਾਂ ਕਿ ਮਨੁੱਖ ਪਰਮਾਤਮਾ ਦੀ ਭਗਤੀ ਦੇ ਮਾਰਗ ’ਤੇ ਤੁਰ ਸਕੇ। ਉਸ ਪਰਮਾਤਮਾ ਲਈ ਬਾਬਾ ਫ਼ਰੀਦ ਜੀ ਨੇ ਅੱਲ੍ਹਾ, ਖ਼ੁਦਾ ਜਾਂ ਸਾਹਿਬ ਦੀਆਂ ਵਿਸ਼ੇਸ਼ਣੀ ਸੰਗਿਆ ਜਾਂ ਨਾਂਵ ਹਨ। ਇਨ੍ਹਾਂ ਸਾਰੇ ਵਿਸ਼ੇਸ਼ਣਾਂ ਦਾ ਸੰਬੰਧ ਇਸਲਾਮੀ ਸੰਸਕ੍ਰਿਤੀ ਨਾਲ ਹੈ। ਇਸ ਲਈ ਬਾਬਾ ਫ਼ਰੀਦ ਜੀ ਪਰਮਾਤਮਾ ਦੇ ਇਸਲਾਮੀ ਸੰਕਲਪ ਦਾ ਚਿੱਤਰ ਪੇਸ਼ ਕਰਦੇ ਹਨ ਜਿਸ ਅਨੁਸਾਰ ਪਰਮਾਤਮਾ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿੰਦਾ ਹੈ। ਸ਼ੇਖ਼ ਫ਼ਰੀਦ ਜੀ ਦੀ ਬਾਣੀ ਦਾ ਪੰਜਾਬੀ ਸੂਫ਼ੀ-ਕਾਵਿ ਪਰੰਪਰਾ ਵਿਚ ਮਹੱਤਵਪੂਰਨ ਸਥਾਨ ਹੈ। ਇਹ ਉਹ ਬਾਣੀ ਹੈ ਜਿਸ ਦੁਆਰਾ ਪੰਜਾਬੀ ਪਾਠਕਾਂ ਦੀ ਸੂਫ਼ੀ ਕਵਿਤਾ ਨਾਲ ਪਹਿਲੀ ਸਾਂਝ ਪਈ। ਸ਼ੇਖ਼ ਫ਼ਰੀਦ ਜੀ ਦੀ ਬਾਣੀ ਵਿਚ ਆਤਮਾ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਪਤੀ-ਪਤਨੀ ਜਾਂ ਕੰਤ ਦੇ ਪ੍ਰਤੀਕ ਦੁਆਰਾ ਰੂਪਮਾਨ ਕੀਤਾ ਗਿਆ ਹੈ। ਦੂਜੇ ਪਾਸੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਤੋਂ ਬਾਅਦ ਦੀ ਸਾਰੀ ਸੂਫ਼ੀ ਕਵਿਤਾ ਪਤੀ-ਪਤਨੀ ਦੇ ਪ੍ਰਤੀਕ ਨੂੰ ਛੱਡ ਕੇ ਪ੍ਰੇਮੀ-ਪ੍ਰੇਮਿਕਾ ਦੇ ਪ੍ਰਤੀਕ ਦੀ ਸਿਰਜਣਾ ਵੱਲ ਪਰਤ ਜਾਂਦੀ ਹੈ।

ਸ਼ੇਖ਼ ਫ਼ਰੀਦ ਜੀ ਦੀ ਸਮੁੱਚੀ ਬਾਣੀ ਵਿਚ ਜੀਵ ਰੂਪੀ ਕੰਨਿਆ ਦੇ ਸੱਚੀ ਸੁਹਾਗਣ ਸਿੱਧ ਹੋਣ ਦੀ ਦਾਸਤਾਨ ਕਲਮਬੰਦ ਹੈ। ਭਗਤ ਫ਼ਰੀਦ ਜੀ ਦੀ ਬਾਣੀ ਦਾ ਸਮੁੱਚਾ ਅਵਲੋਕਨ ਕਰਨ ’ਤੇ ਇਹ ਤੱਥ ਸਹਿਜੇ ਹੀ ਨਜ਼ਰ ਆ ਜਾਂਦਾ ਹੈ ਕਿ ਹਰ ਸਲੋਕ ਦੀ ਤਹਿ ਵਿਚ ਆਦਰਸ਼ਕ ਜੀਵ ਜਾਂ ਜੀਵ ਰੂਪੀ ਇਸਤਰੀ ਬਣਨ ਦੀ ਮਰਯਾਦਾ ਕਿਰਿਆਸ਼ੀਲ ਹੈ। ਇਨ੍ਹਾਂ ਸਲੋਕਾਂ ਵਿਚ ਨੈਤਿਕਤਾ ਦੇ ਵਿਵੇਚਨ ਦੇ

ਨਾਲ-ਨਾਲ ਅਧਿਆਤਮਕ ਖਿੱਚ ਵੀ ਮੂਰਤੀਮਾਨ ਹੁੰਦੀ ਹੈ। ਇਸ ਅਧਿਆਤਮਕ ਖਿੱਚ ਦੀ ਅਣਹੋਂਦ ਵਿਚ ਸਮੁੱਚੀ ਨੈਤਿਕਤਾ ਕੇਵਲ ਕਰਮਕਾਂਡ ਬਣ ਕੇ ਹੀ ਰਹਿ ਜਾਂਦੀ ਹੈ। ਸ਼ੇਖ਼ ਫ਼ਰੀਦ ਜੀ ਦੁਆਰਾ ਪੇਸ਼ ਕੀਤਾ ਗਿਆ ਆਦਰਸ਼ ਮਾਡਲ ਬੁਰੇ ਕਰਮ ਨਹੀਂ ਕਰਦਾ। ਉਹ ਮਨੁੱਖ ਹਿੰਸਾ ਦਾ ਜਵਾਬ ਪ੍ਰਤੀ-ਹਿੰਸਾ ਵਿਚ ਨਹੀਂ ਦਿੰਦਾ। ਆਪਣੇ ਸੱਜਣਾਂ ਮਿੱਤਰਾਂ ਦੀ ਸਹਾਇਤਾ ਲਈ ਹਰ ਸਮੇਂ ਤਿਆਰ ਰਹਿੰਦਾ ਹੈ। ਕਿਸੇ ਨੂੰ ਕੌੜਾ ਨਹੀਂ ਬੋਲਦਾ ਕਿਉਂਕਿ ਉਹ ਜਾਣਦਾ ਹੈ ਕਿ ਹਰ ਮਨੁੱਖ ਦੇ ਦਿਲ ਵਿਚ ਪਰਮਾਤਮਾ ਦਾ ਨਿਵਾਸ ਹੈ।

ਇਸ ਤੋਂ ਇਲਾਵਾ ਫ਼ਰੀਦ ਬਾਣੀ ਆਪਣੇ ਪ੍ਰਗਟਾਵੇ ਲਈ ਵਧੇਰੇ ਲੋਕ-ਕਾਵਿ ਦੀਆਂ ਰੀਤਾਂ ਅਤੇ ਰਵਾਇਤਾਂ ਨੂੰ ਆਧਾਰ ਬਣਾਉਂਦੀ ਹੈ। ਇਹ ਪੰਜਾਬ ਦੇ ਪ੍ਰਕਿਰਤਕ ਵਾਯੂ-ਮੰਡਲ ਅਤੇ ਸਭਿਆਚਾਰਕ ਮਾਹੌਲ ਨਾਲ ਸੰਬੰਧਿਤ ਸਾਮਗ੍ਰੀ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਬਣਾਉਂਦੀ ਹੈ। ਮਿਸਾਲ ਵਜੋਂ ਕੁੱਝ ਪੰਗਤੀਆਂ ਪੇਸ਼ ਹਨ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

ਪੰਜਾਬੀ ਸੂਫ਼ੀ ਸ਼ਾਇਰਾਂ ਨੇ ਹਰ ਦੌਰ ਵਿਚ ਇਸ਼ਕ ਹਕੀਕੀ ਮਤਲਬ ਰਬੀ ਪਿਆਰ ਨਾਲ ਵਫ਼ਾ ਪਾਲੀ ਹੈ। ਸੂਫ਼ੀਵਾਦ ਅਸਲ ਵਿਚ ਇਸਲਾਮ ਦਾ ਰਹੱਸਵਾਦੀ ਮਾਰਗ ਹੈ ਜੋ ਕੁਰਾਨ ਸ਼ਰੀਫ਼ ਦੇ ਬਾਹਰਮੁਖੀ ਅਰਥਾਂ ਨਾਲੋਂ ਉਸਦੇ ਅੰਤਰਮੁਖੀ ਅਧਿਆਤਮਕ ਅਰਥਾਂ ਉੱਤੇ ਜ਼ਿਆਦਾ ਬਲ ਦਿੰਦਾ ਹੈ। ਇਹੀ ਕਾਰਨ ਹੈ ਕਿ ਸੂਫ਼ੀ ਲਹਿਰ ਧਾਰਮਿਕ ਕਰਮ-ਕਾਂਡ ਅਤੇ ਦਿਖਾਵੇ ਦੇ ਵਿਰੋਧ ਵਿਚ ਸਾਹਮਣੇ ਆਈ ਹੈ। ਇਨ੍ਹਾਂ ਪਿੜਾਵਾਂ ਦੀ ਰੌਸ਼ਨੀ ਵਿਚ ਜਦੋਂ ਅਸੀਂ ਬਾਬਾ ਫ਼ਰੀਦ ਦੇ ਕਲਾਮ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਉਹ ਸ਼ਰ੍ਹੀਅਤ ਦੇ ਪੜਾਉ ਦੀ ਗੱਲ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਹਨ।

ਉਠੁ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥71॥
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥72॥
ਫ਼ਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥70॥

ਫ਼ਰੀਦ ਜੀ ਨੇ ਆਪਣੀ ਬਾਣੀ ਰਾਹੀ ਰੱਬੀ ਇਸ਼ਕ ਪਰਚਾਰਿਆ । ਬੁਰੇ ਦਾ ਵੀ ਭਲਾ ਕਰੋ, ਬੁਰਾ ਨਾ ਬੋਲੋ, ਮੱਤ ਹੁੰਦੇ ਵੀ ਆਪਣੇ ਆਪ ਨੂੰ ਨਿਮਾਣਾ ਸਮਝੋ ਮਤਲਬ ਹੰਕਾਰ ਨਹੀਂ, ਅੰਮ੍ਰਿਤ ਵੇਲੇ ਉੱਠ ਕੇ ਪਰਮਾਤਮਾ ਨੂੰ ਯਾਦ ਕਰੋ, ਇਸ ਧਰਤੀ ਤੇ ਆਏ ਹੋ ਤਾਂ ਕਰਮ ਕਮਾ ਕੇ ਜਾਉ ,ਉਮਰ ਦਾ ਕੋਈ ਤਕਾਜ਼ਾ ਨਹੀਂ ਕਦੋਂ ਮੌਤ ਆ ਜਾਏ ਇਸ ਕਰਕੇ ਪੰਜ ਵਖਤ ਨਮਾਜ਼ ਪੜਨ ਲਈ ਬੁੱਢੇ ਹੋਣ ਦਾ ਇੰਤਜ਼ਾਰ ਨਾ ਕਰੋ, ਰੱਬ ਜੰਗਲ ਵਿੱਚ ਨਹੀਂ ਹੈ ਰੱਬ ਤੇਰੇ ਹਿਰਦੈ ਵਿੱਚ ਹੈ, ਤੂੰ ਉਸ ਨੂੰ ਜੰਗਲ ਵਿੱਚ ਕਿਉਂ ਢੂੰਡ ਰਿਹਾ ਹੈ।

ਇਹ ਗੱਲ ਠੀਕ ਹੈ ਕਿ ਬਾਬਾ ਫ਼ਰੀਦ ਸ਼ਰ੍ਹਾ ਦੇ ਨੇਮਾਂ ਦੀ ਪਾਲਨਾ ਕਰਨ ਉੱਤੇ ਜ਼ੋਰ ਦਿੰਦੇ ਹਨ ਪਰ ਉਹ ਨਿਰੋਲ ਸ਼ਰ੍ਹਾ ਦੇ ਕਵੀ ਨਹੀਂ ਮੰਨੇ ਜਾ ਸਕਦੇ। ਸ਼ਰ੍ਹਾ ਦੇ ਨਾਲ ਨਾਲ ਉਨ੍ਹਾਂ ਦੀ ਸ਼ਾਇਰੀ ਵਿਚ ਸੂਫ਼ੀ ਸਿੱਧਾਂਤਾਂ ਦਾ ਪ੍ਰਗਟਾਵਾ ਵੀ ਉਤਨੀ ਹੀ ਸ਼ਿੱਦਤ ਨਾਲ ਹੈ , ਜਿੰਨੀ ਸ਼ਿੱਦਤ ਨਾਲ ਸ਼ਰ੍ਹਾ ਦਾ। ਜੇ ਉਹ 'ਜੋ ਸਿਰੁ ਸਾਂਈ ਨਾ ਨਿਵੈ' ਨੂੰ 'ਕਪਿ ਉਤਾਰਿ' ਦੇਣ ਦੀ ਗੱਲ ਕਰਦੇ ਹਨ ਤਾਂ ਇਸਦੇ ਨਾਲ ਹੀ ਉਹ ਰੱਬੀ ਪਿਆਰ ਅਤੇ ਖ਼ੁਦਾ ਦੇ ਇਸ਼ਕ ਵਿਚ ਰੱਤੇ ਹੋਏ ਬੰਦਿਆਂ ਦੀ ਗੱਲ ਵੀ ਕਰਦੇ ਹਨ।

## ਫਰੀਦ ਬਾਣੀ ਦਾ ਲੋਕਧਾਰਾਈ ਪਰਿਪੇਖ

ਪੰਜਾਬੀ ਲੋਕਧਰਾਈ ਸਭਿਆਚਾਰ ਦੀ ਤਰਜ਼ਮਾਨੀ ਕਰਦਿਆਂ ਬਾਬਾ ਫ਼ਰੀਦ ਜੀ ਆਪਣੇ ਕਲਾਮ ਵਿਚ ਮਨੁੱਖ ਅੰਦਰ ਗ਼ੈਰਤ, ਸਵੈਮਾਣ ਦੀ ਭਾਵਨਾ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕਰਦੇ ਹਨ। ਬਾਬਾ ਫ਼ਰੀਦ ਜੀ ਵੱਲੋਂ ਪੇਸ਼ ਗ਼ੈਰਤ ਆਧੁਨਿਕ ਪੰਜਾਬੀ ਸਭਿਆਚਾਰ ਵਿੱਚ ਵੀ ਸਾਰਥਿਕ ਹੈ। ਇਸ ਤੋਂ ਇਲਾਵਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਸਚਿਆਰੇ ਮਨੁੱਖ ਦਾ ਸੰਕਲਪ ਪੇਸ਼ ਕਰਦੀ ਹੈ। ਬਾਬਾ ਫ਼ਰੀਦ ਜੀ ਇੱਕ ਪਾਸੇ ਜਿੱਥੇ ਗੁਲਾਮੀ ਨੂੰ ਮੌਤ ਦੇ ਬਰਾਬਰ ਮੰਨਦੇ ਹਨ, ਉੱਥੇ ਨਾਲ ਹੀ ਕਿਸੇ ਦੂਜੇ ਵਿਅਕਤੀ ਦੇ ਦਰਵਾਜ਼ੇ 'ਤੇ ਮੰਗਣ ਵਾਲੇ ਵਿਅਕਤੀ ਨੂੰ ਤਾੜਨਾ ਕਰਦੇ ਹਨ। ਉਹ ਮੰਗ ਕੇ ਖਾਣ ਨਾਲੋਂ ਮੌਤ ਨੂੰ ਵਧੇਰੇ ਚੰਗਾ ਸਮਝਦੇ ਹਨ। ਇਸ ਤੋਂ ਇਲਾਵਾ ਸੂਫ਼ੀ ਦਾ ਅਸਲ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਹੈ। ਸੂਫ਼ੀ ਸਾਧਕ ਪੂਰੀ ਜ਼ਿੰਦਗੀ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਸੂਫ਼ੀ ਦੀ ਅੰਤਿਮ ਮੰਜ਼ਿਲ ਪ੍ਰਭੂ-ਪਿਤਾ ਪਰਮਾਤਮਾ ਵਿਚ ਅਭੇਦ ਹੋਣਾ ਹੈ। ਉਸ ਨੂੰ ਸੰਸਾਰਕ ਵਸਤੂਆਂ, ਸੁੱਖਾਂ ਅਤੇ ਵਿਲਾਸਤਾ ਦਾ ਮੋਹ ਨਹੀਂ ਹੈ। ਸੂਫ਼ੀ ਆਪਣੇ ਆਪ ਨੂੰ ਪਰਮਾਤਮਾ ਨਾਲੋਂ ਵਿੱਛੜੀ ਆਤਮਾ ਮੰਨਦੇ ਹਨ ਅਤੇ ਪਰਮਾਤਮਾ ਵਿਚ ਅਭੇਦਤਾ ਹੀ ਉਨ੍ਹਾਂ ਦਾ ਅੰਤਿਮ ਲਕਸ਼ ਹੈ।

ਜ਼ਮਾਨੇ ਦੀ ਕਰਵੱਟ ਅਤੇ ਦਾਨਿਸ਼ਵਰਾਂ ਦੀ ਸੋਚ ਮੁਤਾਬਿਕ ਫ਼ਰੀਦ ਬਾਣੀ ਦੇ ਅਧਿਐਨਾਂ ਦੇ ਰੰਗ ਬਦਲਦੇ ਰਹੇ ਹਨ ਪਰੰਤੂ ਇਸ ਪਾਠ ਦਾ ਮੂਲ ਜੁੱਸਾ ਅਜੇ ਵੀ ਬਰਕਰਾਰ ਹੈ। ਇਸ ਦਾ ਉੱਪਰੋਂ ਸਰਲ ਤੇ ਵਿਚੋਂ ਜਟਿਲ ਸੁਭਾਅ ਅਜੇ ਵੀ ਕਿਸੇ ਪ੍ਰਮਾਣਿਕ ਵਿਧੀ ਦੀ ਤਲਾਸ਼ ਲਈ ਉਕਸਾਉਂਦਾ ਹੈ। ਇਹ ਸਾਡੇ ਵਿਰਸੇ ਦਾ ਅਟੁੱਟ ਅੰਗ ਹੈ। ਵਿਰਸੇ ਨੂੰ ਰੱਦ ਕਰਨ ਸਮੇਂ ਰਸੂਲ ਹਮਜ਼ਾਤੋਵ ਦੇ ਇਸ ਮਸ਼ਵਰੇ ਕਿ "ਜੇ ਤੁਸੀਂ ਅਤੀਤ ਨੂੰ ਪਸਤੌਲ ਨਾਲ ਫੁੰਡੋਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਉਡਾਏਗਾ" ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਤੇ ਅਤੀਤ ਜਾਂ ਵਿਰਸੇ ਨਾਲ ਸੰਬੰਧਿਤ ਫੋਕਟ, ਅਰਥ ਗੁਆ ਚੁੱਕੇ, ਹਨੇਰ ਬਿਰਤੀ ਨਾਲ ਭਰੇ ਅਤੇ ਵੇਲਾ ਵਿਹਾ ਚੁੱਕੇ ਵਰਤਾਰਿਆਂ ਨੂੰ ਅਗਾਂਹ ਠੇਲ੍ਹਣ ਵਿਚ ਵੀ ਕੋਈ ਸਿਆਣਪ ਨਹੀਂ। ਅਤੀਤ ਦੀਆਂ ਉਹੀ ਲਿਖਤਾਂ ਆਪਣੇ ਸਮੇਂ ਤੋਂ ਪਾਰ ਫੈਲਦੀਆਂ ਹਨ ਜਿਨ੍ਹਾਂ ਦਾ ਸੰਬੰਧ ਮੂਲ ਮਾਨਵੀ ਆਦਰਸ਼ਾਂ, ਸਰੋਕਾਰਾਂ ਅਤੇ ਭਾਵਨਾਵਾਂ ਨਾਲ ਹੁੰਦਾ ਹੈ। ਇਸ ਕੋਣ ਤੋਂ ਫ਼ਰੀਦ ਬਾਣੀ ਦੀ ਕਾਇਆ ਵਿਚ ਬਹੁਤ ਕੁੱਝ ਅਜਿਹਾ ਮੌਜੂਦ ਹੈ, ਜਿਹੜਾ ਅਜੋਕੇ ਜੀਵਨ ਦੇ ਮੂਲ ਆਦਰਸ਼ਾਂ ਅਤੇ ਪ੍ਰਮਾਣਿਕ ਜੀਵਨ ਸ਼ੈਲੀ ਲਈ ਲੋਅ ਪ੍ਰਦਾਨ ਕਰਦਾ ਹੈ।

ਫ਼ਰੀਦ ਬਾਣੀ ਦੀ ਸਤਹ ਤੋਂ ਗੁਜ਼ਰੋ ਤਾਂ ਇਸ ਵਿਚ ਮੌਤ, ਸੰਸਾਰ, ਰੱਬ, ਸਬਰ ਸੰਤੋਖ, ਸ਼ਾਂਤੀ, ਹਉਮੈ ਦੇ ਤਿਆਗ ਅਤੇ ਮਿੱਠਾ ਬੋਲਣ ਆਦਿ ਸੰਬੰਧੀ ਸਲੋਕ ਮਿਲ ਜਾਂਦੇ ਹਨ। ਕਿਰਦਾਰ ਅਤੇ ਗੱਲਬਾਤ ਜਾਂ ਭੇਖ ਅਤੇ ਅਮਲ ਦੇ ਫ਼ਰਕ ਨੂੰ ਉਘਾੜਨ ਵਾਲਾ ਸ਼ਲੋਕ:

ਫ਼ਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥

ਅਕਸਰ ਲੋਕਾਂ ਦੀ ਜ਼ੁਬਾਨ ਤੋਂ ਸੁਣੀਂਦਾ ਹੈ। ਜੀਵਨ ਦੀ ਛਿਣ ਭੰਗਰਤਾ ਨੂੰ ਦਰਸਾਉਂਦੇ ਬੋਲ: *ਫ਼ਰੀਦਾ ਕਿਥੈ ਤੈਂਡੇ ਮਾਪਿਆ ਜਿਨ੍ਹੀ ਤੂ ਜਣਿਓਹਿ* ਵੀ ਅਕਸਰ ਲੋਕ ਹੋਠਾਂ ਤੇ ਗੂੰਜਦੇ ਸੁਣਾਈ ਦੇਂਦੇ ਹਨ। ਵੱਡਾ ਕਾਰਨ ਜਿਸ ਸਦਕਾ ਫ਼ਰੀਦ ਦੀ ਰਚਨਾ ਪੂਰੇ ਪੰਜਾਬ ਅਤੇ ਪੰਜਾਬੀਅਤ ਅੰਦਰ ਡੂੰਘੀ ਉੱਤਰੀ ਹੋਈ ਹੈ ਉਹ ਹੈ ਇਸ ਵਿਚਲਾ ਆਪਣਾ ਆਪਣਾ ਮਾਹੌਲ, ਮਹਿਕ ਅਤੇ ਸਮੁੱਚਾ ਵਾਤਾਵਰਨ। ਇਸ ਵਿਚ ਓਪਰਾ, ਪਰਾਇਆ ਜਾਂ ਮੰਗਵਾਂ ਕੁੱਝ ਵੀ ਨਹੀਂ। ਨਿਰਸੰਦੇਹ ਇਸ ਵਿਚਲਾ ਵਾਤਾਵਰਨ ਪੰਜਾਬੀਆਂ ਦਾ ਆਪਣਾ ਵਾਤਾਵਰਨ ਹੈ ਅਤੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਫ਼ਰੀਦ ਉਨ੍ਹਾਂ ਦੇ ਹੀ ਧੁਰ-ਡੂੰਘ ਵਿਚੋਂ ਕੋਈ ਬੋਲ ਉਚਾਰ ਰਿਹਾ ਹੋਵੇ।

ਬਾਬਾ ਫ਼ਰੀਦ ਨੇ ਆਪਣੀ ਰਚਨਾ ਵਿਚ ਬਹੁਤ ਸਾਰੀਆਂ ਪਹਿਲਕਦਮੀਆਂ ਕੀਤੀਆਂ: ਲੋਕ ਭਾਸ਼ਾ ਵਿਚ ਆਪਣੀ ਗੱਲ ਆਖਣਾ, ਦੋ ਪੰਗਤੀਆਂ ਵਿਚ ਜੀਵਨ ਦੇ ਅਰਕ ਤੇ ਸਿਆਣਪ ਨੂੰ ਨਿਚੋੜ ਕੇ ਰੱਖ ਦੇਣਾ, ਆਪਣੀ ਵਿਚਾਰਧਾਰਾ ਨੂੰ ਗੁੱਝੇ ਢੰਗ ਨਾਲ ਆਪਣੀ ਰਚਨਾ ਦੇ ਆਰ ਪਾਰ ਫੈਲਾਅ ਦੇਣਾ, ਗੂੜ੍ਹੇ ਸਥਾਨਕ ਰੰਗ ਨੂੰ ਅਪਣਾਉਣਾ, ਦੋ ਵੱਖ-ਵੱਖ ਪਰੰਪਰਾਵਾਂ ਨੂੰ ਸਿਰਜਣ-ਕਾਰਜ ਸਮੇਂ ਇਕਸੁਰ ਕਰ ਦੇਣਾ, ਸ਼ਾਇਰੀ ਦੇ ਗੁੱਝੇ ਢੰਗ ਤਰੀਕੇ ਨੂੰ ਕਿਧਰੇ ਵੀ ਜ਼ਰਬ ਨਾ ਆਉਣ ਦੇਣਾ, ਅਪਣਾਏ ਰੂਪਾਂ ਤੇ ਗ੍ਰਹਿਣ ਕੀਤੀ ਭਾਸ਼ਾ ਨਾਲ ਕੁੱਝ ਇਸ ਕਦਰ ਖੇਡਣਾ ਕਿ ਉਹ ਅਸਲੋਂ ਮੌਲਿਕ ਸਰੂਪ ਅਖ਼ਤਿਆਰ ਕਰ ਜਾਵੇ, ਕਿਸੇ ਵੀ ਅਣਸਿਰਜਤ ਜਾਂ ਗੈਰ ਸਿਰਜਨਾਤਮਕ ਵੇਰਵੇ ਨੂੰ ਆਪਣੀ ਸਿਰਜਣਾ ਦੇ ਅੰਦਰਵਾਰ ਦਾਖਲ ਨਾ ਹੋਣ ਦੇਣਾ ਅਤੇ ਆਪਣੀ ਰਚਨਾ ਵਿਚ ਕੁੱਝ ਅਜਿਹੀਆਂ ਸਿਆਣਪਾਂ ਨੂੰ ਛੁਪਾ ਜਾਣਾ ਜਿਹੜੀਆਂ ਸਮੇਂ-ਸਥਾਨ ਦੀਆਂ ਹੱਦਾਂ ਵਿਚ ਕੈਦ ਹੋਣ ਤੋਂ ਬਾਗ਼ੀ ਹੁੰਦੀਆਂ ਹਨ ਆਦਿ ਕੁੱਝ ਉਹ ਖ਼ੂਬੀਆਂ ਹਨ ਜੋ ਫ਼ਰੀਦ ਬਾਣੀ ਦੀ ਵਿਲੱਖਣਤਾ ਨੂੰ ਉਭਾਰਦੀਆਂ ਹਨ। ਉਸਦੀ ਸਿਰਜਣਾ ਵਿਚ ਦੋ ਪਰੰਪਰਾਵਾਂ (ਸਾਮੀ ਅਤੇ ਭਾਰਤੀ) ਦੀ ਕਾਵਿ ਸਿਆਣਪ ਆਪਣੇ ਸਿਖਰ ਅਤੇ ਪੂਰੇ ਜਲੌ ਵਿਚ ਦਿਖਾਈ ਦੇਂਦੀ ਹੈ।

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ"॥

ਇਸ ਬਾਣੀ ਰਾਹੀਂ ਇਸ ਭੂ-ਖੰਡ ਵਿਚ ਵੱਸਦੇ ਲੋਕਾਂ ਲਈ ਹੀ ਨਹੀਂ ਬਲਕਿ ਸਮੁੱਚੀ ਮਨੁੱਖਜਾਤੀ ਲਈ ਇੱਜ਼ਤ, ਅਣਖ ਅਤੇ ਸਵੈ-ਮਾਨ ਨਾਲ ਜਿਊਣ ਦੇ ਮਾਨਵੀ ਅਰਥਾਂ ਦਾ ਖ਼ੁਲਾਸਾ ਕਰਦੀ ਹੈ। ਇਹ ਸੂਰਤ ਤੇ ਸੀਰਤ, ਦਿੱਖ ਤੇ ਤੱਤ ਦਾ ਅਜੇਹਾ ਰਿਸ਼ਤਾ ਸਿਰਜਦੀ ਹੈ ਜਿਹੜਾ ਇਸਦੀ ਸਰਲਤਾ ਹੇਠ ਅੰਤਾਂ ਦੀ ਜਟਿਲਤਾ, ਗੰਭੀਰਤਾ ਅਤੇ ਅਰਥਾਂ ਦੇ ਬਹੁਪਾਸਾਰਾਂ ਨੂੰ ਛੁਪਾ ਲੈਣ ਦੇ ਸਮਰੱਥ ਹੈ। ਇਹ ਸ਼ਾਇਰੀ ਹੈ ਅਤੇ ਸ਼ਾਇਰੀ, ਪ੍ਰਸੰਗਾਂ ਅਤੇ ਸੰਦਰਭਾਂ ਨਾਲ ਬੱਝੀ ਹੋਣ ਦੇ ਬਾਵਜੂਦ, ਉਨ੍ਹਾਂ ਦੀ ਕੈਦ ਅਤੇ ਗੁਲਾਮੀ ਨੂੰ ਨਾਕਬੂਲ ਕਰਦੀ ਹੈ। ਇਸ ਲਈ ਇਸਨੂੰ ਕੈਦ ਕਰਨ ਨਾਲੋਂ ਮਾਨਵੀ ਖੁੱਲ ਦੇ ਮੰਡਲਾਂ ਵਿਚ ਵੀ ਵਿਚਰਨ ਦਾ ਅਵਸਰ ਪ੍ਰਦਾਨ ਕਰਨਾ ਚਾਹੀਦਾ ਹੈ। ਫ਼ਰੀਦ ਬਾਣੀ ਦੇ ਸਮੁੱਚੇ ਵਜੂਦ ਨੂੰ ਇਕਾਈ ਵਜੋਂ ਗ੍ਰਹਿਣ ਕਰੀਏ ਤਾਂ ਇਸ ਤੱਥ ਸੰਬੰਧੀ ਕੋਈ ਭਰਮ ਭੁਲੇਖਾ ਨਹੀਂ ਰਹਿੰਦਾ ਕਿ ਇੱਕ ਧਾਰਮਿਕ ਚੇਤਨਾ ਇਸ ਰਚਨਾ ਦੇ ਸਮੁੱਚੇ ਵਜੂਦ ਦੇ ਆਰ ਪਾਰ ਫੈਲ ਕੇ ਇਸਨੂੰ ਸੰਗਠਿਤ ਕਰਦੀ ਹੈ। ਇਹ ਧਾਰਮਿਕ ਚੇਤਨਾ ਮੌਤ ਦੀ ਅਨਿਵਾਰਿਤਾ ਅਤੇ

ਅਟੱਲਤਾ ਨਾਲ ਪੱਕੇ ਪੀਡੇ ਰਿਸ਼ਤੇ ਵਿੱਚ ਬੱਝੀ ਹੋਈ ਹੈ। ਇਸ ਧਾਰਮਿਕਤਾ ਦੀ ਸਮਾਜਕਤਾ ਨੂੰ ਲੱਭੀਏ ਤਾਂ ਇਸ ਵਿਚੋਂ ਆਦਰਸ਼ਕ ਸਮਾਜ, ਆਦਰਸ਼ਕ ਆਚਾਰ ਅਤੇ ਆਦਰਸ਼ਕ ਵਿਅਕਤੀ ਜਾਂ ਜੀਵਨ ਮੁੱਲਾਂ ਦੇ ਮਾਡਲ ਦਿਖਾਈ ਦੇਂਦੇ ਹਨ। ਇਹ ਵੀ ਦਰੁਸਤ ਹੈ ਕਿ ਰਚਨਾ ਦਾ ਜ਼ੋਰ ਤਿਆਗ ਉੱਪਰ ਹੈ ਅਤੇ ਇਹ ਦਰਵੇਸ਼ੀ ਜੀਵਨ ਸ਼ੈਲੀ ਦਾ ਪੱਖ ਪੂਰਦੀ ਹੈ। ਅਸਲ ਵਿਚ ਇਸ ਤਿਆਗ ਨੂੰ ਨਿਰਲਿਪਤੀ ਦੇ ਅਰਥਾਂ ਵਿਚ ਵਧੇਰੇ ਸਮਝਣ ਤੇ ਪਰਿਭਾਸ਼ਤ ਕਰਨ ਦੀ ਜ਼ਰੂਰਤ ਹੈ। ਇਸ ਨਿਰਲਿਪਤੀ ਦਾ ਪ੍ਰਸੰਗ ਮਨੁੱਖ ਦੀ ਅਸੀਮ ਲਾਲਸਾ ਨੂੰ ਕਾਬੂ ਹੇਠ ਰੱਖਣ ਨਾਲ ਜਾ ਜੁੜਦਾ ਹੈ। "ਆਜੁ ਮਿਲਾਵਾ ਸ਼ੇਖ਼ ਫ਼ਰੀਦ ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆਂ" - ਪੰਗਤੀਆਂ ਇਸੇ ਤੱਥ ਵੱਲ ਹੀ ਇਸ਼ਾਰਾ ਕਰਦੀਆਂ ਹਨ। ਅਸਲ ਵਿਚ ਫ਼ਰੀਦ ਬਾਣੀ ਵਿਚ ਧਾਰਮਿਕ ਪ੍ਰਸੰਗ ਅਤੇ ਸਮਾਜਕ ਪ੍ਰਯੋਜਨ ਇੱਕ ਦੂਸਰੇ ਦੇ ਨਾਲ-ਨਾਲ ਤੁਰਦੇ ਹਨ। ਫ਼ਰੀਦ ਜੀ ਉਪਦੇਸ਼ ਜਾਂ ਪਰਚਾਰ ਦੀ ਸੁਰ ਨੂੰ ਉੱਚਾ ਹੋਣ ਦਾ ਮੌਕਾ ਨਹੀਂ ਦੇਂਦੇ, ਧੀਮੇ ਬੋਲਾਂ ਰਾਹੀਂ ਮਾਨਵੀ ਸਥਿਤੀਆਂ ਅਤੇ ਸਰੋਕਾਰਾਂ ਨੂੰ ਉਜਾਗਰ ਕਰਦੇ ਹਨ।

ਬਾਬਾ ਫ਼ਰੀਦ ਜੀ ਦੀ ਪੰਜਾਬੀਅਤ ਨੂੰ ਸਭ ਤੋਂ ਵੱਡੀ ਅਤੇ ਅਹਿਮ ਦੇਣ ਉਸ ਸਮੇਂ ਆਮ ਲੋਕਾਂ ਵਿਚ ਪ੍ਰਚੱਲਤ ਪੰਜਾਬੀ ਭਾਸ਼ਾ ਵਿਚ ਬਾਣੀ ਦੀ ਰਚਨਾ ਕਰਨਾ ਹੈ। ਇਹ ਪਹਿਲੀ ਵਾਰ ਹੋਇਆ ਕਿ ਵਿਦਵਾਨਾਂ ਦੀ ਭਾਸ਼ਾ ਦੀ ਬਜਾਇ ਕਿਸੇ ਵਿਅਕਤੀ ਨੇ ਆਮ ਬੋਲ-ਚਾਲ ਦੀ ਬੋਲੀ ਦੇ ਅੰਤਰਗਤ ਆਮ ਲੋਕਾਂ ਲਈ ਬਾਣੀ ਦੀ ਰਚਨਾ ਕੀਤੀ। ਇਸ ਵਿਚ ਸਭ ਨੂੰ ਸਾਂਝਾ ਉਪਦੇਸ਼ ਦਿੱਤਾ ਗਿਆ। ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਕਿਤੇ ਵੀ ਜਾਤ-ਪਾਤ, ਧਰਮ, ਰੰਗ-ਰੂਪ, ਇਸਤਰੀ-ਪੁਰਸ਼ ਆਦਿ ਦਾ ਵਿਤਕਰਾ ਨਹੀਂ ਕੀਤਾ ਗਿਆ। ਸ਼ੇਖ਼ ਫ਼ਰੀਦ ਜੀ ਦੀ ਬਾਣੀ ਵਿਚ ਮਨੁੱਖ ਨੂੰ ਨਿਮਰਤਾ, ਬਖਸ਼ਿਸ, ਤਿਆਗ ਅਤੇ ਰੱਬੀ ਚਿੰਤਨ ਦੀ ਪ੍ਰੇਰਨਾ ਦਿੱਤੀ ਗਈ ਹੈ। ਆਪ ਜੀ ਨੇ ਮਨੁੱਖ ਦੇ ਕਰਮ ਨੂੰ ਹੀ ਸੱਚੀ ਭਗਤੀ ਮੰਨਿਆ ਹੈ। ਆਪ ਜੀ ਨੇ ਧਰਮ ਨਿਰਪੱਖਤਾ ਰਾਹੀਂ ਮਨੁੱਖ ਦੀਆਂ ਕੱਟੜਵਾਦ ਦੀਆਂ ਬੇੜੀਆਂ ਕੱਟੀਆਂ। ਉਨ੍ਹਾਂ ਨੇ ਆਪਣੇ ਕਲਾਮ ਵਿਚ ਮਨੁੱਖ ਨੂੰ ਆਪਸੀ ਭਾਈਚਾਰੇ, ਬਰਾਬਰੀ ਅਤੇ ਆਜ਼ਾਦੀ ਦਾ ਸੰਦੇਸ਼ ਦਿੱਤਾ।

## ਸਾਰਾਂਸ਼

ਉਪਰੋਕਤ ਕੀਤੀ ਗਈ ਸਮੁੱਚੀ ਵਿਚਾਰ-ਚਰਚਾ ਦੇ ਆਧਾਰ 'ਤੇ ਅਸੀਂ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਸ਼ੇਖ਼ ਫ਼ਰੀਦ ਜੀ ਦੀ ਬਾਣੀ ਦਾ ਥੀਮ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਤ ਕਰਨਾ ਹੈ। ਸ਼ੇਖ਼ ਫ਼ਰੀਦ ਜੀ ਦੀ ਬਾਣੀ ਅਨੁਸਾਰ ਮਨੁੱਖ ਦਾ ਅਸਲ ਮਕਸਦ ਪ੍ਰਭੂ ਦੀ ਪ੍ਰਾਪਤੀ ਹੈ। ਬਾਬਾ ਫ਼ਰੀਦ ਜੀ ਆਪਣੀ ਬਾਣੀ ਵਿਚ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਸੰਸਾਰਕ ਵਸਤੂਆਂ, ਸੁੱਖਾਂ, ਐਸ਼ਪ੍ਰਸਤੀ ਅਤੇ ਵਿਲਾਸਤਾ ਦੇ ਜੀਵਨ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ। ਸ਼ੇਖ਼ ਫ਼ਰੀਦ ਜੀ ਦੀ ਬਾਣੀ ਅਨੁਸਾਰ ਮਨੁੱਖ ਦਾ ਪਰਮਾਤਮਾ ਵਿਚ ਅਭੇਦ ਹੋਣਾ ਹੀ ਅਸਲ ਅਤੇ ਅੰਤਿਮ ਲਕਸ਼ ਹੈ, ਜਿਸ ਨੂੰ ਸੂਫ਼ੀ ਸਾਧਕ ਆਪਣੀ ਪ੍ਰੇਮਾ-ਭਗਤੀ ਨਾਲ ਪ੍ਰਾਪਤ ਕਰਦਾ ਹੈ। ਕਿਸੇ ਵੀ ਮਹਾਨ ਸਾਹਿਤ ਦੀ ਸਭ ਤੋਂ ਵੱਡੀ ਪਹਿਚਾਣ ਇਹ ਹੁੰਦੀ ਹੈ ਕਿ ਉਹ ਆਪਣੇ ਦੇਸ਼-ਕਾਲ ਦੀਆਂ ਸਮੱਸਿਆਵਾਂ ਨੂੰ ਉਲੰਘ ਕੇ ਦੂਜੇ ਦੇਸ਼ਾਂ ਅਤੇ ਕਾਲਾਂ ਲਈ ਵੀ ਸਾਰਥਿਕ ਅਤੇ ਅਰਥ ਭਰਪੂਰ ਰਹਿੰਦਾ ਹੈ। ਇਸ ਤੋਂ ਇਲਾਵਾ ਮਹਾਨ ਸਾਹਿਤ ਵਿਚ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਸੇਧ ਦੇਣ ਵਾਲੇ ਸਵਾਲ ਪੇਸ਼ ਕੀਤੇ ਜਾਂਦੇ ਹਨ। ਬਾਬਾ ਫ਼ਰੀਦ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਪਤਾ ਚੱਲਦਾ ਹੈ ਕਿ ਇਹ ਬਾਣੀ ਮਹਾਨ ਸਾਹਿਤ ਹੋਣ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਰੱਖਦੀ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਕਿਸੇ ਖ਼ਾਸ ਕਾਲ ਅਤੇ ਖ਼ਾਸ ਦੇਸ਼ ਦੀ ਸੀਮਾ ਵਿਚ ਬੰਨ੍ਹ ਕੇ ਨਹੀਂ ਰੱਖਿਆ ਜਾ ਸਕਦਾ। ਬਾਬਾ ਫ਼ਰੀਦ ਜੀ ਦੁਆਰਾ ਪੇਸ਼ ਵਿਚਾਰ/ਸਿਧਾਂਤ ਅਜੋਕੇ ਸਮੇਂ ਵੀ ਉਤਨੇ ਸਾਰਥਿਕ ਹਨ, ਜਿੰਨੇ ਕਿ ਸ਼ੇਖ਼ ਫ਼ਰੀਦ ਜੀ ਦੇ ਕਾਲ ਵਿਚ ਸਨ।

## ਕੇਂਦਰੀ ਸ਼ਬਦ

**ਚਿਸ਼ਤੀ** - ਸੂਫ਼ੀ ਵਿਚਾਰਧਾਰਾ ਵਾਲਾ ਇੱਕ ਸਮੂਹ।

**ਅਵਲੋਕਨ** - ਕਿਸੇ ਜੀਚ ਦਾ ਅਧਿਐਨ ਕਰਨਾ।

**ਕਰਮਕਾਂਡ** – ਮਨੁੱਖ ਦੁਆਰਾ ਕੀਤੀ ਜਾਣ ਵਾਲੀ ਜੀਵਨ ਪ੍ਰਕਿਰਿਆ।

**ਮੂਰਤੀਮਾਨ** - ਪ੍ਰਸ਼ਤੂਤ ਕਰਨਾ ਜਾਂ ਸਾਹਮਣੇ ਲਿਆਉਣਾ।

**ਦ੍ਰਿੜ੍ਹਤਾ** - ਪੱਕਾ ਨਿਸਚਿਯ ਕਰਨਾ

## ਸਵੈ-ਮੁਲਾਂਕਣ

**ਪ੍ਰਸ਼ਨ 1. ਸੇਖ ਫਰੀਦ ਅਨੁਸਾਰ ਮਨੁੱਖ ਦਾ ਅਸਲੀ ਮਕਸਦ ਕੀ ਹੈ?**

ੳ) ਮੌਜ ਮਸਤੀ

ਅ) ਪ੍ਰਭੂ ਭਗਤੀ

ੲ) ਦਾਨ ਕਰਨਾ

ਸ) ਨਿੰਦਾ ਕਰਨਾ

**ਪ੍ਰਸ਼ਨ 2. ਫਰੀਦ ਬਾਣੀ ਕਿਸ ਚੀਜ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੀ ਹੈ?**

ੳ) ਸੰਸਾਰਕ ਵਸਤੂਆਂ

ਅ) ਵਿਲਾਸਤਾ

ੲ) ਐਸ਼ਪ੍ਰਸਤੀ

ਸ) ਉਪਰੋਕਤ ਸਾਰੇ

**ਪ੍ਰਸ਼ਨ 3. ਬਾਬਾ ਫਰੀਦ ਦਾ ਜਨਮ ਕਦੋਂ ਹੋਇਆ?**

ੳ) 1273

ਅ) 1175

ੲ) 1173

ਸ) 1275

**ਪ੍ਰਸ਼ਨ 4. ਬਾਬਾ ਫਰੀਦ ਆਪਣੀ ਬਾਣੀ ਵਿਚ ਕਿਹੜਾ ਮਸ਼ਵਰਾ ਦਿੰਦਾ ਹੈ?**

ੳ) ਕਾਲੇ ਲੇਖ ਨਾ ਲਿਖਣ ਦਾ

ਅ) ਘਟ ਬੋਲਣ ਦਾ

ੲ) ਸਾਦਾ ਰਹਿਣ ਦਾ

ਸ) ਉਪਰੋਕਤ ਸਾਰੇ

**ਪ੍ਰਸ਼ਨ 5. ਬਾਬਾ ਫਰੀਦ ਦੀ ਜੀਵਨ ਸ਼ੈਲੀ ਕਿਸ ਦਾ ਪੱਖ ਪੂਰਦੀ ਹੈ?**

ੳ) ਪਵਿੱਤਰਤਾ

ਅ) ਸਬਰ

ੲ) ਸ਼ੁਕਰ

ਸ) ਉਪਰੋਕਤ ਸਾਰੇ

**ਪ੍ਰਸ਼ਨ 6. ਬਾਬਾ ਫਰੀਦ ਦੀ ਬਾਣੀ ਵਿਚ ਕੋਠੇ ਮੰਡਪ ਮਾੜੀਆਂ ਉਸਾਰਣਾ ਕੀ ਹੈ?**

ੳ) ਕੂੜ ਸੋਦਾ

ਅ) ਨੇਕ ਕੰਮ

ੲ) ਜੀਵਨ ਪ੍ਰਪਤੀ

ਸ) ਵਾਧੂ ਖਰਚ

**ਪ੍ਰਸ਼ਨ 7. ਬਾਬਾ ਫਰੀਦ ਕਿਸ ਦੇ ਚੇਲੇ ਸਨ?**

ੳ) ਬਖਤਿਆਰ ਕਾਕੀ

ਅ) ਮੁਈਨੱਦਦੀਨ

ੲ) ਕੁਤਬੁਦੀਨ

ਸ) ਔਲੀਆ ਖਾਨ

**ਪ੍ਰਸ਼ਨ 8. ਬਾਬਾ ਫਰੀਦ ਦਾ ਦਿਹਾਂਤ ਕਿਸ ਸ਼ਹਿਰ ਹੋਇਆ?**

ੳ) ਪਟਨਾ

ਅ) ਲਾਹੌਰ

ੲ) ਪਾਕਪਟਨ

ਸ) ਗੁਰਦਾਸਪੁਰ

**ਪ੍ਰਸ਼ਨ 9. ਬਾਬਾ ਫਰੀਦ ਦਾ ਦਿਹਾਂਤ ਕਦੋਂ ਹੋਇਆ?**

ੳ) 1260

ਅ) 1266

ੲ) 1270

ਸ) 1275

**ਪ੍ਰਸ਼ਨ 10. ਬਾਬਾ ਫਰੀਦ ਦੇ ਸ਼ਬਦ ਕਿਹੜੇ ਰਾਗਾਂ ਵਿਚ ਦਰਜ ਹਨ?**

ੳ) ਦੋ ਆਸਾ ਰਾਗ ਵਿਚ

ਅ) ਦੋ ਸੂਹੀ ਰਾਗ ਵਿਚ

ੲ)ਉਪਰੋਕਤ ਦੋਵੇ

ਸ) ਉਪਰੋਕਤ ਕੋਈ ਨਹੀਂ

**ਪ੍ਰਸ਼ਨ 11. ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਦੇ ਕਿੰਨੇ ਸਲੋਕ ਦਰਜ ਹਨ?**

ੳ) 114

ਅ) 115

ੲ)116

ਸ) 112

**ਪ੍ਰਸ਼ਨ 12. ਬਾਬਾ ਫਰੀਦ ਨੇ ਕਿੰਨੇ ਸ਼ਬਦਾਂ ਦੀ ਰਚਨਾ ਕੀਤੀ?**

ੳ) 8

ਅ) 12

ੲ) 4

ਸ) 10

**13. ਪ੍ਰਸ਼ਨ ਇਸਲਾਮ ਅਤੇ ਸੂਫ਼ੀਵਾਦ ਕਿਸ ਦੀ ਰਚਨਾ ਹੈ?**

ੳ) ਗੁਲਵੰਤ ਸਿੰਘ

ਅ) ਹਰਵਿੰਦਰ ਸਿੰਘ

ੲ) ਕੁਲਜੀਤ ਸ਼ੈਲੀ

ਸ) ਪਿਆਰਾ ਸਿਘ ਪਦਮ

**ਪ੍ਰਸ਼ਨ 14. ਬਾਬਾ ਫਰੀਦ ਕਿਸ ਸਿਸਸਿਲੇ ਨਾਲ ਸੰਬੰਧਤ ਸੀ?**

ੳ) ਸੋਹਰਵਰਦੀ

ਅ) ਚਿਸਤੀ

ੲ)  ਕਾਦਰੀ

ਸ)  ਕੋਈ ਹੋਰ

**ਪ੍ਰਸ਼ਨ 15. ਬਾਬਾ ਫਰੀਦ ਦਾ ਜਨਮ ਕਿਸ ਪਿੰਡ ਹੋਇਆ?**

ੳ) ਪਿੰਡ ਸੂਬਾ

ਅ) ਪਿੰਡ ਫਰੀਦਾ

ੲ) ਪਿੰਡ ਸੇਖਾ

ਸ) ਉਫਰੋਕਤ ਕੋਈ ਨਹੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਅ** | **2 ਸ** | **3.ੲ** | **4. ਸ** | **5. ਸ** |
| **6. ੳ** | **7. ੳ** | **8. ੲ** | **9. ਅ** | **10. ੲ** |
| **11. ਸ** | **12. ੲ** | **13. ੳ 14. ਅ** | **15. ੳ** | |

## ਅਭਿਆਸ ਪ੍ਰਸ਼ਨ

1. ਬਾਬਾ ਫਰੀਦ ਕਿਸ ਸੀਲਸੀਲੇ ਨਾਲ ਸਬੰਧੰਤ ਸੀ?
2. ਫਰੀਦ ਬਾਣੀ ਦਾ ਮੁੱਖ ਸੰਦੇਸ਼ ਕੀ ਹੈ?
3. ਬਾਬਾ ਫਰੀਦ ਦਾ ਰੁੱਖੀ ਸੁੱਖੀ ਖਾਣ ਤੋਂ ਕੀ ਭਾਵ ਹੈ?
4. ਬਾਬਾ ਫਰੀਦ ਦੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੀ ਬਾਣੀ ਦਰਜ ਹੈ?
5. ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਫਰੀਦ ਬਾਣੀ ਵਿਚ ਕਿਵੇਂ ਹੋਈ ਹੈ?

## ਸੰਦਰਭ ਪੁਸਤਕਾਂ


- *ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001*
- *ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015*
- *ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982*
- *ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987*
- *ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005*
- *ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005*


## ਵੈਬ ਲਿੰਕ

- https://pa.wikipedia.org/wiki/%E0%A8%AC%E0%A8%BE%E0%A8%AC%E0%A8%BE_%E0%A8%AB%E0%A8%B0%E0%A9%80%E0%A8%A6
- https://www.punjabi-kavita.com/Baba-Sheikh-Farid-Harbhajan-Singh-Bhatia.php
- https://www.punjabi-kavita.com/Baba-Sheikh-Farid-Harbhajan-Singh-Bhatia.php
- https://sikharchives.org/kosh/shaikh-farid-ji-di-bani-da-visha-vastu/

# ਅਧਿਆਇ-5 : ਸ਼ੇਖ ਫ਼ਰੀਦ ਦੀ ਬਾਣੀ ਦਾ ਕਲਾ ਪੱਖ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਬਾਣੀ ਦੀਆਂ ਕਲਾਤਮਿਕ ਵਿਸ਼ੇਸ਼ਤਾਵਾਂ
4. ਸੂਫ਼ੀ ਕਾਵਿ ਵਿਚ ਸਥਾਨ
5. ਸਾਰਾਂਸ਼
6. ਕੇਂਦਰੀ ਸ਼ਬਦ
7. ਸਵੈ-ਮੁਲਾਂਕਣ
8. ਸਵੈ-ਮੁਲਾਂਕਣ ਲਈ ਉੱਤਰ
9. ਅਭਿਆਸ ਪ੍ਰਸ਼ਨ
10. ਸੰਦਰਭ ਪੁਸਤਕਾਂ

## ਉਦੇਸ਼

### ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

- ਬਾਬਾ ਫ਼ਰੀਦ ਦੀ ਕਵਿਤਾ ਦੇ ਕਾਵਿ ਗੁਣਾਂ ਬਾਰੇ ਜਾਨਣਗੇ।
- ਬਾਬਾ ਫ਼ਰੀਦ ਦੁਆਰਾ ਵਰਤੀਆਂ ਕਲਾ ਜੁਗਤਾਂ ਬਾਰੇ ਜਾਣ ਸਕਣਗੇ।
- ਬਾਬਾ ਫ਼ਰੀਦ ਦਾ ਪੰਜਾਬੀ ਕਾਵਿ ਪਰੰਪਰਾ ਵਿਚ ਸਥਾਨ ਦੀ ਨਿਸ਼ਾਨਦੇਹੀ ਕਰ ਪਾਉਣਗੇ।

## ਭੂਮਿਕਾ

ਬਾਬਾ ਸ਼ੇਖ਼ ਫ਼ਰੀਦ (1173-1266) ਪੰਜਾਬੀ ਸਾਹਿਤ ਦੇ ਮੁੱਢਲੇ ਯੁੱਗ ਦੇ ਕਵੀ ਸਨ। ਉਨ੍ਹਾਂ ਦੀ ਕਵਿਤਾ ਭਾਵੇਂ ਵਿਸਥਾਰ ਵਿਚ ਬਹੁਤਾ ਕੁੱਝ ਨਹੀਂ ਹੈ, ਪ੍ਰੰਤੂ ਕਵਿਤੱਵ ਦੀ ਦ੍ਰਿਸਟੀ ਤੋਂ ਅਤੇ ਧਾਰਮਿਕ ਅਤੇ ਸਦਾਚਾਰਕ ਸਿੱਖਿਆ ਦੀ ਦ੍ਰਿਸ਼ਟੀ ਤੋਂ ਪੰਜਾਬੀ ਕਾਵਿ ਸਾਹਿਤ ਵਿਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਦੇ ਵਿਸ਼ੇਸ਼ ਮਹੱਤਵ ਦਾ ਇੱਕ ਕਾਰਨ ਇਹ ਵੀ ਹੈ ਕਿ ਅੱਜ ਉਨ੍ਹਾਂ ਦੀ ਬਾਣੀ ਸਿੱਖ ਧਰਮ ਦੀ ਧਾਰਮਿਕ ਰਚਨਾ ਆਦਿ ਗ੍ਰੰਥ ਦਾ ਇੱਕ ਅਨਿੱਖੜਵਾਂ ਅੰਗ ਹੈ। ਉਨ੍ਹਾਂ ਦੀ ਕਾਵਿ ਰਚਨਾ ਦਾ ਇਹ ਹੋਰਨਾਂ ਗੁਣਾਂ ਦੀ ਘੋਖ ਪਰਤਾਲ ਲਈ ਅਸੀਂ ਫ਼ਰੀਦ ਬਾਣੀ ਦਾ ਕਲਾਤਮਕ ਅਧਿਐਨ ਕਰਦੇ ਹੋਏ ਬਾਬਾ ਫ਼ਰੀਦ ਦਾ ਕੱਦ ਮਾਪਣਾ ਹੈ ਕਿ ਉਹ ਪੰਜਾਬੀ ਮੱਧਕਾਲੀ ਕਾਵਿ ਪਰੰਪਰਾ ਵਿਚ ਕਿਸ ਰੂਪ ਵਿਚ ਸਥਾਪਿਤ ਹਨ। ਉਨ੍ਹਾਂ ਦੀਆਂ ਰਚਨਾਵਾਂ ਦੀ ਉਹ ਕਿਹੜੀ ਵਿਸ਼ੇਸ਼ਤਾ ਹੈ ਜੋ ਬਾਬਾ ਫ਼ਰੀਦ ਨੂੰ ਪੰਜਾਬੀ ਦਾ ਮੁੱਢਲਾ ਅਤੇ ਵਿਸ਼ੇਸ਼ ਕਵੀ ਹੋਣ ਦਾ ਮਾਣ ਦਿਵਾਉਂਦੀ ਹੈ।

## ਫ਼ਰੀਦ ਬਾਣੀ ਦੀਆਂ ਕਲਾਤਮਿਕ ਵਿਸ਼ੇਸ਼ਤਾਵਾਂ:

### ਸਲੋਕ

ਫ਼ਰੀਦ ਬਾਣੀ ਦਾ ਵਧੇਰੇ ਆਕਾਰ ਸਾਡੇ ਕੋਲ ਸਲੋਕ ਬਾਣੀ ਦੇ ਰੂਪ ਵਿਚ ਹੈ। ਬਾਬਾ ਫ਼ਰੀਦ ਦੇ ਬਹੁਤੇ ਸਲੋਕ ਦੋ ਦੋ ਤੁਕਾਂ ਦੇ ਹਨ। ਉਂਝ ਆਦਿ ਗ੍ਰੰਥ ਵਿਚ ਇੱਕ ਜਾਂ ਡੇਢ ਤੁਕ ਦੇ ਸਲੋਕ ਵੀ ਮਿਲਦੇ ਹਨ। ਇਸ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਬਾਬਾ ਫ਼ਰੀਦ ਦੇ ਸਲੋਕਾਂ ਵਿਚ ਇਹ ਸੰਖੇਪਤਾ ਦਾ ਗੁਣ ਜਾਂ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੀ ਕਲਾ ਬੜੀ ਵਿਸ਼ੇਸ਼ ਰੂਪ ਵਿਚ ਉਘੜਦੀ ਹੈ।

ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ।

ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਓ।

ਉਪਰੋਕਤ ਦੋਵੇਂ ਤੁਕਾਂ ਇਕੋ ਸਲੋਕ ਦੀਆਂ ਹਨ ਪਰ ਦੋ ਵਿਚਾਰ ਸਪਸ਼ਟ ਕਰ ਰਹੀਆਂ ਹਨ।

1) ਸਬਰ, ਸੰਤੋਖ, ਸਾਦਗੀ

2)ਕਿਸੇ ਹੋਰ ਦੇ ਸੁਖ ਨੂੰ ਦੇਖ ਕੇ ਲਾਲਚ ਤੇ ਈਰਖਾ ਤੋਂ ਬਚਣਾ।

ਫ਼ਰੀਦਾ ਬੁਰਾ ਦਾ ਭਲਾ ਕਰ, ਗੁੱਸਾ ਮਨ ਨਾ ਹਡਾਇ।

ਇਸ ਇਕੋ ਤੁਕ ਵਿਚ ਦੋ ਵਿਚਾਰ ਜਾਂ ਖ਼ਿਆਲ ਭਰੇ ਹੋਏ ਹਨ। ਜਿਵੇਂ 1). ਪਰਉਪਕਾਰ 2). ਕਿਸੇ ਦੇ ਔਗੁਣ ਉੱਤੇ ਗੁੱਸੇ ਵਿਚ ਨਾ ਆਉਣਾ। ਇਹਨਾਂ ਸਲੋਕਾਂ ਦੇ ਉਪਰੋਕਤ ਗੁਣਾ ਦੇ ਨਾਲ ਹੀ ਸਾਦਗੀ ਅਤੇ ਸੰਖੇਪਤਾ ਨੇ ਇਹਨਾਂ ਨੂੰ ਸਾਧਾਰਨ ਲੋਕਾਂ ਦੇ ਪੰਜਾਬੀ ਜੀਵਨ ਵਿਚ ਨਿੱਤ ਵਰਤੇ ਜਾਣ ਵਾਲੇ ਮੁਹਾਵਰੇ ਵਾਂਗ ਬਣਾ ਦਿੱਤਾ ਹੈ ਤੇ ਇਹ ਅਖੌਤੀ ਦਾ ਰੂਪ ਧਾਰ ਚੁੱਕੇ ਹਨ ਜੋ ਜਨ ਸਾਧਾਰਨ ਦੀਆਂ ਗੱਲ ਬਾਤਾਂ ਦਾ ਹਿੱਸਾ ਬਣ ਚੁੱਕੀਆਂ ਹਨ।

ਬਾਬਾ ਫ਼ਰੀਦ ਦੀ ਬਾਣੀ ਜਾਂ ਕਲਾਮ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬੀ ਦੀ ਸੂਫ਼ੀ ਸ਼ਾਇਰੀ ਲਈ ਵੀ ਸਾਹਿਤਕ ਅਤੇ ਸਿੱਧਾਂਤਕ ਰੂੜੀਆਂ ਪ੍ਰਦਾਨ ਕਰਦੀ ਹੈ। ਬਾਬਾ ਫ਼ਰੀਦ ਦੁਆਰਾ ਸਥਾਪਿਤ ਇਨ੍ਹਾਂ ਕਾਵਿ-ਰੂੜੀਆਂ ਨੂੰ ਬਾਅਦ ਦੇ ਸੂਫ਼ੀ ਸ਼ਾਇਰਾਂ ਨੇ ਆਪਣੀ ਸਿਰਜਣਾ ਦਾ ਆਧਾਰ ਬਣਾਇਆ ਜਿਸਦੇ ਸਿੱਟੇ ਵਜੋਂ ਪੰਜਾਬੀ ਦੀ ਇਕ ਗੌਰਵਮਈ ਕਾਵਿ-ਪ੍ਰਵਿਰਤੀ ਹੋਂਦ ਵਿਚ ਆਈ। ਫਰੀਦ ਦੀ ਰਚਨਾ ਵਿਚ ਜਿਹੜੇ ਦੋ ਕਾਵਿ-ਰੂਪ ਵਰਤੇ ਗਏ ਹਨ ਉਹ ਦੋਵੇਂ ਹੀ ਭਾਰਤੀ ਪਰੰਪਰਾ ਨਾਲ ਸੰਬੰਧ ਰੱਖਦੇ ਹਨ। ਸ਼ਲੋਕਾਂ ਦੀ ਰਚਨਾ ਤਾਂ ਭਾਰਤ ਵਿਚ ਬਹੁਤ ਪੁਰਾਣੇ ਸਮੇਂ ਤੋਂ ਅਰਥਾਤ ਵੈਦਿਕ ਕਾਲ ਤੋਂ ਹੀ ਹੁੰਦੀ ਰਹੀ ਹੈ। ਇਹ ਇਕ ਅਜਿਹਾ ਕਾਵਿ-ਰੂਪ ਹੈ ਜਿਸ ਵਿਚ ਸੰਜਮ ਅਤੇ ਸੰਖੇਪਤਾ ਹੁੰਦੀ ਹੈ। ਇਸ ਵਿਚ ਕਵੀ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਇਸ ਢੰਗ ਨਾਲ ਪ੍ਰਸਤੁਤ ਕਰਦਾ ਹੈ ਕਿ ਪਾਠਕ ਜਾਂ ਸਰੋਤੇ ਦੇ ਮਨ ਉੱਤੇ ਬੱਝਵਾਂ ਪ੍ਰਭਾਵ ਪੈਂਦਾ ਹੈ। ਮਿਸਾਲ ਦੇ ਤੌਰ ਤੇ ਫਰੀਦ ਬਾਣੀ ਦੇ ਕੁਝ ਸ਼ਲੋਕ ਪੇਸ਼ ਕੀਤੇ ਜਾਂਦੇ ਹਨ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾਂ ਦੇ ਚੁੰਮਿ ॥7॥
ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥8॥
ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥9॥
ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥10॥

ਇਨ੍ਹਾਂ ਸ਼ਲੋਕਾਂ ਵਿਚ ਕੋਈ ਇਕ ਵਿਚਾਰ ਜਾਂ ਭਾਵ ਬੜੇ ਹੀ ਸੰਜਮ ਭਰਪੂਰ ਢੰਗ ਨਾਲ ਪੇਸ਼ ਹੁੰਦਾ ਹੈ। ਜਿਵੇਂ 7ਵੇਂ ਸ਼ਲੋਕ ਵਿਚ ਫਰੀਦ ਜੀ ਇਕ ਸਦਾਚਾਰਕ ਗੁਣ ਨੂੰ ਅਪਣਾਉਣ ਬਾਰੇ ਆਖ ਰਹੇ ਹਨ। ਇਹ ਗੁਣ ਹੈ - ਅਹਿੰਸਾ। ਉਹ ਆਖਦੇ ਹਨ ਕਿ ਸਾਨੂੰ ਹਿੰਸਾ ਦਾ ਜਵਾਬ ਹਿੰਸਾ ਨਾਲ ਨਹੀਂ ਸਗੋਂ ਅਹਿੰਸਾ ਨਾਲ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ 8ਵਾਂ 9ਵਾਂ ਅਤੇ 10ਵਾਂ ਸ਼ਲੋਕ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਵਲ ਸੰਕੇਤ ਕਰਕੇ ਜੀਵਨ ਦੀ ਸਾਰਥਕਤਾ ਨੂੰ ਪਛਾਨਣ ਉੱਤੇ ਬਲ ਦਿੰਦਾ ਹੈ।

**ਸ਼ਬਦ**

ਫਰੀਦ ਬਾਣੀ ਵਿਚ ਜਿਹੜਾ ਦੂਸਰਾ ਕਾਵਿ-ਰੂਪ ਵਰਤਿਆ ਗਿਆ ਹੈ ਉਹ ਹੈ ਸ਼ਬਦ। ਇਹ ਕਾਵਿ-ਰੂਪ ਭਾਰਤ ਦੇ ਕਲਾਸੀਕਲ ਦੌਰ ਵਿਚ ਨਹੀਂ ਸਗੋਂ ਮੱਧਕਾਲ ਵਿਚ ਹੀ ਵਿਕਸਿਤ ਹੋਇਆ ਹੈ। ਇਸਦੀ ਵਰਤੋਂ ਵਧੇਰੇ ਭਗਤ ਕਵੀਆਂ

ਨੇ ਕੀਤੀ ਹੈ। ਇਸ ਵਿਚ ਸ਼ਲੋਕ ਨਾਲੋਂ ਕੁਝ ਲਮੇਰੇ ਆਕਾਰ ਦੀ ਰਚਨਾ ਕੀਤੀ ਜਾਂਦੀ ਹੈ ਅਤੇ ਨੈਤਿਕ ਸਿਖਿਆ ਨਾਲੋਂ ਭਗਤੀ ਜਾਂ ਪ੍ਰੇਮ ਦੀ ਭਾਵਨਾ ਨੂੰ ਵਧੇਰੇ ਵਿਅਕਤ ਕੀਤਾ ਜਾਂਦਾ ਹੈ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥1॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥3॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥4॥1॥

ਇਸ ਸ਼ਬਦ ਵਿਚ ਕਵੀ ਨੇ ਰੱਬੀ ਪਿਆਰ ਦੀ ਭਾਵਨਾ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਪੇਸ਼ ਕੀਤਾ ਹੈ ਜਿਸ ਨਾਲ ਪਾਠਕ ਜਾਂ ਸਰੋਤੇ ਦੇ ਮਨ ਉੱਤੇ ਇਕ ਖ਼ਾਸ ਕਿਸਮ ਦਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੇ 4 ਸ਼ਬਦ ਫਰੀਦ ਬਾਣੀ ਵਿਚ ਮਿਲਦੇ ਹਨ।

### ਸੰਬੋਧਨੀ ਸ਼ੈਲੀ

ਫਰੀਦ ਜੀ ਦੀ ਸ਼ੈਲੀ ਪ੍ਰਮੁੱਖ ਰੂਪ ਵਿਚ ਸ੍ਵੈ-ਸੰਬੋਧਨੀ ਹੈ। ਸੰਬੋਧਨਮੁਖਤਾ ਪਰਕਾਰਜਮੁਖਤਾ ਦਾ ਸਹਿਜ ਅੰਗ ਬਣ ਕੇ ਫਰੀਦ-ਕਾਵਿ ਦਾ ਲਾਜ਼ਮੀ ਅੰਸ਼ ਬਣਦੀ ਹੈ। ਇਹ ਸੰਬੋਧਨੀ ਸ਼ੈਲੀ ਵਧੇਰੇ ਕਰਕੇ ਪ੍ਰਤੱਖ ਤੇ ਹਾਜ਼ਰ ਸੰਬੋਧਨ ਦਾ ਰੂਪ ਹੁੰਦੀ ਹੈ। ਫਰੀਦ-ਕਾਵਿ ਵਿਚ ਸੰਬੋਧਕ ਅਤੇ ਸੰਬੋਧਿਤ ਕਈ ਵਿਧਾਵਾਂ ਵਿਚ ਨਿਸ਼ਚਿਤ ਅਤੇ ਇਕਸਾਰ ਹੁੰਦੇ ਹਨ , ਸੰਬੋਧਨ ਸ਼ੈਲੀ ਦੇ ਵਿਭਿੰਨ ਰੂਪ ਫਰੀ-ਕਾਵਿ ਵਿਚ ਉਪਲਬਧ ਹਨ, ਇਨ੍ਹਾਂ ਵਿਚੋਂ ਸ੍ਵੈ-ਸੰਬੋਧਨੀ, ਸੰਵਾਦੀ ਅਤੇ ਪ੍ਰਸ਼ਨੋਤਰੀ ਆਦਿ ਵਿਸ਼ੇਸ਼ ਹਨ। ਜਿਵੇਂ:

ਸ੍ਵੈ-ਸੰਬੋਧਨੀ

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ
ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ
ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

**ਸੰਵਾਦੀ**

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤਾ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

**ਪ੍ਰਸ਼ਨੋਤਰੀ**

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥

### ਪ੍ਰਤੀਕ

ਸ਼ੇਖ ਫਰੀਦ ਜੀ ਨੇ ਜੀਵਨ ਵਿਚੋਂ ਅਨੇਕਾਂ ਪ੍ਰਤੀਕ ਆਪਣੀ ਅਧਿਆਤਮਕ ਅਭਿਵਿਅਕਤੀ ਲਈ ਵਰਤੇ ਹਨ। ਜਿਵੇਂ

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ
ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤਾ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ
ਫਰੀਦਾ ਸਕਰ ਖੰਡੂ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ
ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ
ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥

**ਬਿੰਬ ਵਿਧਾਨ**

ਸ਼ਾਬਦਿਕ ਚਿੱਤਰ, ਕਵਿਤਾ ਵਿੱਚ ਸ਼ਬਦਾਂ ਦੀ ਕਲਾਤਮਿਕ ਵਰਤੋਂ ਦੁਆਰਾ ਗਿਆਨ ਇੰਦਰੀਆਂ ਨੂੰ ਕਰਾਇਆ ਜਾਣ ਵਾਲਾ ਅਹਿਸਾਸ ਹੈ। ਮੂਲ ਵਸਤੂ ਦੀ ਪ੍ਰਤੀਛਾਇਆ ਜਾਂ ਵਸਤੂ ਦੀ ਤੁਲਨਾਤਮਕ ਇਕਾਈ ਨੂੰ ਬਿੰਬ ਕਿਹਾ ਜਾਂਦਾ ਹੈ। ਬਿੰਬ ਕਿਸੇ ਸਾਹਿਤਕਾਰ ਵੱਲੋਂ ਭਾਵ ਪ੍ਰਗਟਾਵੇ ਦਾ ਸਾਧਨ ਹੁੰਦੇ ਹਨ। ਸਾਧਾਰਣ ਤੌਰ ਤੇ ਬਿੰਬ ਦਾ ਅਰਥ ਕਿਸੇ ਮੂਲ ਵਸਤੂ ਦੀ ਪ੍ਰਤਿਕ੍ਰਿਤ, ਪ੍ਰਤਿਛਾਇਆ ਹੁੰਦਾ ਹੈ। ਕਾਲਰਿਜ ਅਨੁਸਾਰ ਬਿੰਬ ਕਿਸੇ ਸੰਵੇਦਨਾ ਦੀ ਅਨੁਕ੍ਰਿਤੀ, ਕੋਈ ਭਾਵ, ਕੋਈ ਮਾਨਸਿਕ ਘਟਨਾ, ਕੋਈ ਅਲੰਕਾਰ ਜਾਂ ਵਸਤੂਆਂ ਦੀ ਤੁਲਨਾਤਮਕ ਇਕਾਈ ਤਕ ਹੋ ਸਕਦਾ ਹੈ, ਕੇਵਲ ਇਸ ਵਿਚ ਕਿਸੇ ਤੱਥ ਨੂੰ ਪੇਸ਼ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਿੰਬ ਸਾਡੀਆਂ ਪਹਿਲੀਆਂ ਅਨੁਭੂਤੀਆਂ ਅਤੇ ਭਾਵਨਾਵਾਂ ਦਾ ਮੂਰਤੀਕਰਣ ਹੁੰਦਾ ਹੈ ਜਿਸ ਵਿਚ ਆਵੇਗ, ਸੰਵੇਦਨਾ ਅਤੇ ਭਾਵਨਾ ਦਾ ਹੋਣਾ ਜ਼ਰੂਰੀ ਹੈ। ਇਹ ਅਲੰਕਾਰਾਂ, ਉਪਮਾਨਾਂ, ਰੂਪਕਾਂ, ਮੁਹਾਵਰਿਆਂ ਆਦਿ ਵਿਚ ਜਾਂ ਇਨ੍ਹਾਂ ਸਭਨਾਂ ਤੋਂ ਵੱਖ ਹੋ ਕੇ ਵੀ ਅਭਿਵਿਅਕਤ ਹੁੰਦਾ ਹੈ। ਬਿੰਬਾਂ ਨੂੰ ਕਾਵਿ ਦਾ ਪ੍ਰਮੁੱਖ ਗੁਣ ਜਾਂ ਵਿਸ਼ੇਸ਼ਤਾ ਮੰਨਣ ਵਾਲੇ ਸਿਧਾਂਤਾਂ ਨੂੰ ਬਿੰਬਵਾਦ ਦਾ ਨਾਂ ਦਿੱਤਾ ਜਾਂਦਾ ਹੈ। ਇਸ ਵਿਚ ਬਿੰਬਾਂ ਰਾਹੀਂ ਜੀਵਨ ਦੇ ਬੌਧਿਕ, ਸਦਾਚਾਰਕ ਤੇ ਭਾਵੁਕ ਅਰਥ ਪ੍ਰਗਟ ਕੀਤੇ ਜਾ ਸਕਦੇ ਹਨ।

ਭਾਵੇਂ ਸ਼ਬਦ ਅਸੀਂ ਸਾਧਾਰਣ ਤੌਰ ਤੇ ਹੀ ਵਰਤਦੇ ਹਾਂ ਪਰ ਉਹ ਕਿਸੇ ਖ਼ਾਸ ਹਵਾਲੇ (reference) ਦੇ ਬਿੰਬ ਹੁੰਦੇ ਹਨ। ਉਦਾਹਰਣ ਲਈ ਜਦੋਂ ਕਿਸੇ ਸ਼ੇਰ ਨਾਲ ਤੁਲਨਾ ਦਿੰਦੇ ਹਾਂ ਤਾਂ ਸਾਡਾ ਭਾਵ ਉਸ ਵਿਅਕਤੀ ਵਿਚਲੀ ਸੂਰਬੀਰਤਾ ਨੂੰ ਸ਼ੇਰ ਦੇ ਰੂਪ ਵਿਚ ਪ੍ਰਗਟਾਉਣਾ ਦਾ ਹੁਦਾ ਹੈ ਨਾ ਕਿ ਇਹ ਦੱਸਣਾ ਕਿ ਉਹ ਵਿਅਕਤੀ ਸਰੀਰਿਕ ਤੌਰ ਤੇ ਸ਼ੇਰ ਹੈ। ਬਿੰਬਾਂ ਦਾ ਬਹੁਤਾ ਪ੍ਰਯੋਗ ਕਵਿਤਾ ਵਿਚ ਹੀ ਕੀਤਾ ਜਾਂਦਾ ਹੈ। ਇਸ ਦਾ ਪਹਿਲਾ ਕਾਰਣ ਤਾਂ ਇਹ ਹੈ ਕਿ ਬਿੰਬਵਾਦੀ, ਸ਼ਬਦਾਂ ਦੇ ਸੰਜਮ ਵੱਲ ਖ਼ਾਸ ਧਿਆਨ ਦਿੰਦੇ ਹਨ ਅਤੇ ਇਹ ਸ਼ਬਦਾਂ ਦਾ ਸੰਜਮ ਹੀ ਕਵਿਤਾ ਦੀ ਇਕ ਜ਼ਰੂਰੀ ਵਿਸ਼ੇਸ਼ਤਾ ਸਮਝੀ ਜਾਂਦੀ ਹੈ। ਦੂਜਾ ਕਾਰਣ ਹੈ ਕਿ ਬਿੰਬ ਪ੍ਰਯੋਗ ਨਾਲ ਰਚਨਾ ਵਿਚ ਅਸਪਸ਼ਟਤਾ ਆ ਜਾਂਦੀ ਹੈ ਤੇ ਕਵਿਤਾ ਅਸਪਸ਼ਟ ਹੋ ਜਾਂਦੀ ਹੈ। ਬਿੰਬਵਾਦੀ ਕਲਾਕਾਰ ਅਸੀਂ ਉਸ ਨੂੰ ਕਹਿੰਦੇ ਹਾਂ ਜਿਹੜਾ ਆਪਣੇ ਹਾਵ–ਭਾਵ ਕੁਝ ਬਿੰਬਾਂ ਰਾਹੀਂ ਪ੍ਰਗਟ ਕਰੇ। ਸਾਹਿੱਤ ਰਚਨਾ ਵਿਚ ਬਿੰਬ–ਵਿਧਾਨ ਦਾ ਸਰੂਪ ਬਹੁਤ ਕੁਝ ਕਵੀ ਜਾਂ ਲੇਖਕ ਦੇ ਆਪਣੇ ਵਿਅਕਤਿਤ੍ਵ 'ਤੇ ਨਿਰਭਰ ਹੁੰਦਾ ਹੈ। ਸ਼ੇਖ ਫਰੀਦ ਜੀ ਦੀ ਰਚਨਾ ਵਿਚ ਅਨੇਕਾਂ ਖ਼ੂਬਸੂਰਤ ਬਿੰਬਾਂ ਦੀ ਵਰਤੋਂ ਹੋਈ ਹੈ।

ਬਾਬਾ ਫ਼ਰੀਦ ਨੇ ਪਹਿਲੀ ਵਾਰ ਦਿਹਾਤੀ ਸਾਧਾਰਨ ਜੀਵਨ ਦੀਆਂ ਮਿਸਾਲਾਂ ਦੇ ਪ੍ਰਯੋਗ ਕਰਕੇ ਆਪਣੀ ਲੇਖਣੀ ਨੂੰ ਉਪਯੋਗੀ ਬਣਾਇਆ ਹੈ। ਸਾਡੇ ਪਿੰਡਾਂ ਵਿਚ ਪੀੜੇ ਜਾਂਦੇ ਕਮਾਦ ਤੇ ਤਿਲ ਦੇ ਬਿੰਬ ਮਨੁੱਖ ਨੂੰ ਮੰਦੇ ਅਮਲ ਕਰਨ ਤੋਂ ਰੋਕਣ ਲਈ ਬਾਬਾ ਫ਼ਰੀਦ ਨੇ ਵਰਤੇ ਹਨ। ਜੇ ਕਿਸੇ ਸੋਚਵਾਨ ਜਾਂ ਘੁੰਤਰੀ ਦੇ ਮਨ ਵਿਚ ਸ਼ੰਕਾ ਰਹੇ ਕਿ ਇਹ ਵਸਤਾਂ ਤਾਂ ਕੋਈ ਪਾਪ ਨਹੀਂ ਕਰਦੀਆਂ ਤਾਂ ਫਿਰ ਕਿਉਂ ਦੁੱਖ ਭੋਗਦੀਆਂ ਹਨ। ਤਾਂ ਫ਼ਰੀਦ ਬਜਾਏ ਜਾਂਦੇ ਘੜਿਆਲ ਦੀ ਮਿਸਾਲ ਵਰਤ ਕੇ ਸਮਝਾਉਂਦੇ ਹੈ ਕਿ ਉਹ ਨਿਦੋਸਾ ਹੀ ਕੁੱਟਿਆ ਜਾਂਦਾ ਹੈ ਤੇ ਅਸੀਂ ਜੋ ਦੋਸ਼ੀ ਹਾਂ ਸਾਡਾ ਕੀ ਹਾਲ ਹੋਵੇਗਾ। ਬਾਬਾ ਫ਼ਰੀਦ ਦੇ ਸ਼ਬਦਾਂ ਵਿਚ

ਕਮਾਦੈ ਅਰ ਕਾਗਦੈ, ਕੰਨੈ ਕੋਇਲਿਆਹ।
ਮੰਦੇ ਅਮਲ ਕਰੇਂਦਿਆਂ ਇਹ ਸਜਾਇ ਤਿਨਾਹ।
ਇਹ ਨਿਦੋਸਾ ਮਾਰਿਐ ਹਮ ਦੋਸਾਂ ਦਾ ਕਿਆ ਹਾਲ।

ਇੰਜ ਹੀ ਸਾਦੇ ਅਤੇ ਸੰਤੋਖੀ ਗ਼ਰੀਬੀ ਜੀਵਨ ਦੇ ਸੰਦੇਸ਼ ਲਈ ਉਸ ਨੇ ਰੁੱਖੀ ਸੁਖੀ ਰੋਟੀ ਤੇ ਠੰਡਾ ਪਾਣੀ, ਰੱਬੀ ਪ੍ਰੇਮ ਦੀ ਲਾਲਸਾ ਨੂੰ ਸ਼ੱਕਰ, ਖੰਡ, ਮਿਸ਼ਰੀ, ਗੁੜ, ਮਾਖਿਓਂ ਤੇ ਮਾਝਾ ਦੁੱਧ ਦੀ ਮਿਠਾਸ ਨਾਲ ਰਲਾ ਕੇ ਵਿਖਾਇਆ ਹੈ। ਮੌਤ ਦੀ ਯਾਦ ਜੋ ਉਸ ਦਾ ਵਿਸ਼ੇਸ਼ ਵਿਸ਼ਾ ਹੈ। ਬਿੰਬਾਂ ਰਾਹੀਂ ਪ੍ਰਤੱਖ ਕੀਤੀ ਹੈ।

ਮੁਉਤੈ ਦਾ ਬੰਨਾ ਏਵੈ ਦਿਸੇ ਜਿਉਂ ਦਰਿਆਵੇ ਢਾਹਾ।

ਕੰਧੀ ਉੱਤੇ ਰੁੱਖੜਾ, ਕਿਚਰ ਕੁ ਬੰਨੈ ਧੀਰ।

ਫ਼ਰੀਦਾ ਕਚੈ ਭਾਂਡੇ ਰਖੀਐ, ਕਿਚਰ ਤਾਂਈ ਨੀਰ।

ਇੰਝ ਬਾਬਾ ਫ਼ਰੀਦ ਸਾਦਾਰਨ ਚਿੰਨ੍ਹਾਂ ਰਾਹੀ ਵੱਡੇ ਸੂਖਮ ਵਿਚਾਰਾਂ ਨੂੰ ਰੂਪਮਾਨ ਕਰਦਾ ਤੇ ਨਵੇਂ ਚਿੱਤਰ, ਸ਼ਬਦਾਂ ਵਿਚ ਹੀ ਬਣ ਜਾਂਦਾ ਹੈ। ਜਿਵੇਂ ਉੱਪਰ ਭੀ ਕੰਧੀ ਉੱਤੇ ਰੁਖੜਾ, ਕੱਚੇ ਭਾਂਡੇ ਵਿਚ ਪਾਣੀ, ਆਦਿ ਹਨ।

ਮਰਣ (ਮੌਤ) ਨੂੰ ਵਰ ਤੇ ਜਿੰਦ ਨੂੰ ਵਹੁਟੀ ਅਤੇ ਮੌਤ ਤੋਂ ਪਿੱਛੋਂ ਦੇ ਜੀਵਨ ਨੂੰ ਸਹੁਰੇ ਘਰ ਦੇ ਬਿੰਬ ਰਾਹੀਂ ਪ੍ਰਗਟਾਉਣ ਦਾ ਢੰਗ ਫ਼ਰੀਦ ਤੋਂ ਪਿੱਛੋਂ ਭੀ ਤੇ ਹੁਣ ਤੱਕ ਵੀ ਭਾਰਤੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ ਅਤੇ ਬਾਬਾ ਫ਼ਰੀਦ ਨੇ ਵੀ ਇਸ ਨੂੰ ਅਨੇਕਾਂ ਥਾਂਈਂ ਵਰਤਿਆ ਹੈ। ਜਿਵੇਂ –

ਸਾਹੇ ਲਿਖੇ ਨਾ ਚਲਨੀ ਜਿੰਦੂ ਕੂੰ ਸਮਝਾਇ।

ਜਿੰਦ ਵਹੁਟੀ ਮਰਣ ਵਰ ਲੈ ਜਾਸੀ ਪਰਣਾਇ।

ਬਾਬਾ ਫ਼ਰੀਦ ਨੇ ਮੌਤ ਤੇ ਵਿਆਹ ਨੂੰ ਇਉਂ ਇੱਕ ਮਿਕ ਕਰ ਦਿੱਤਾ ਹੈ। ਉਪਰੋਕਤ ਦ੍ਰਿਸ਼ਟੀ ਅਤੇ ਟੂਕਾਂ ਸਾਨੂੰ ਇਹ ਜਾਣਨ ਵਿਚ ਸਹਾਈ ਹਨ ਕਿ ਕਿਵੇਂ ਬਾਬਾ ਫ਼ਰੀਦ ਦੇ ਵਰਤੇ ਬਿੰਬ, ਅਲੰਕਾਰ ਜਾਂ ਦ੍ਰਿਸ਼ਟਾਂਤ ਭਾਵਾਂ ਤੇ ਵਿਚਾਰਾਂ ਨੂੰ ਸਪਸ਼ਟਤਾ ਤੇ ਬਲ ਪ੍ਰਦਾਨ ਕਰਦੇ ਹਨ। ਇਹੀ ਉਸ ਦੀ ਸ਼ੈਲੀ ਅਤੇ ਲਿਖਣ ਢੰਗ ਹੈ। ਉਨ੍ਹਾਂ ਇਹਨਾਂ ਵਸਤਾਂ (ਕਪਾਹ, ਕਮਾਦ, ਤਿਲ ਆਦਿ) ਦੇ ਚਿੰਨ੍ਹਾਂ ਨੂੰ ਨਵੇਂ ਅਰਥ ਦਿੱਤੇ ਹਨ। ਅਤੇ ਉਨ੍ਹਾਂ ਅਰਥਾਂ ਦੀ ਪ੍ਰਤੀਨਿਧਤਾ ਸੁਭਾਵਿਕ ਹੀ ਕਰਦੇ ਹਨ। ਵੱਡੀ ਗੱਲ ਇਹ ਹੈ ਕਿ ਇਹਨਾਂ ਵਿਚੋਂ ਬਹੁਤੇ ਬਿੰਬ ਫ਼ਰੀਦ ਨੇ ਪਹਿਲੀ ਵਾਰ ਵਰਤੇ ਹਨ।

**ਦ੍ਰਿਸ਼ ਬਿੰਬ**

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥

ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥

**ਸੁਆਦ ਬਿੰਬ**

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਝਾ ਦੁਧੁ॥

ਸਭੇ ਵਸਤੂ ਮਿਠੀਆਂ ਰਬ ਨਾ ਪੁਜਨ ਤੁਧੁ

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥

ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

**ਸਪਰਸ਼ ਬਿੰਬ**

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥

ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ

**ਨਾਦ ਬਿੰਬ**

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ

ਫਰੀਦਾ ਅਖੀ ਦੇਖ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥

ਜਿੰਦੁ ਨਿਮਾਣੀ ਕਢੀਐ ਹਡਾ ਕੁ ਕੜਕਾਇ ॥

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥

**ਗੰਧ ਬਿੰਬ**

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥

**ਅਲੰਕਾਰ**

ਅਲੰਕਾਰ ਸ਼ਬਦ ਦੀ ਉਤਪੱਤੀ ਸੰਸਕ੍ਰਿਤ ਸ਼ਬਦ "ਅਲੰ" ਤੋਂ ਹੋਈ ਜਿਸ ਤੋਂ ਭਾਵ ਹੈ ਗਹਿਣਾ। ਦੰਡੀ ਅਨੁਸਾਰ, "ਕਾਵਿ ਦੀ ਸ਼ੋਭਾ ਵਧਾਉਣ ਵਾਲੇ ਤੱਤ ਨੂੰ ਅਲੰਕਾਰ ਕਿਹਾ ਜਾਂਦਾ ਹੈ। "ਕਾਵਿ ਸਤਰਾਂ ਦੇ ਦੋ ਆਧਾਰ ਸ਼ਬਦ ਅਤੇ ਅਰਥ ਹਨ। ਇਸ ਵਰਗੀਕਰਨ ਵਿੱਚ ਇਹ ਦੇਖਿਆ ਗਿਆ ਹੈ ਕਿ ਅਲੰਕਾਰ ਦੀ ਸਥਾਪਤੀ ਦਾ ਆਧਾਰ ਸ਼ਬਦ ਹਨ, ਅਰਥ ਹਨ ਜਾਂ ਫਿਰ ਸ਼ਬਦ ਤੇ ਅਰਥ ਦੋਵੇਂ ਹਨ। ਇਹਨਾਂ ਵਿੱਚੋਂ ਸਭ ਤੋਂ ਪਹਿਲਾਂ ਸ਼ਬਦ ਨੂੰ ਬੁੱਧੀ ਗ੍ਰਹਿਣ ਕਰਦੀ ਹੈ। ਜਿਹੜੇ ਅਲੰਕਾਰ ਵਿਸ਼ੇਸ਼ ਸ਼ਬਦਾਂ ਉੱਪਰ ਹੀ ਅਧਾਰਿਤ ਹੁੰਦੇ ਉਹਨਾਂ ਨੂੰ ਸ਼ਬਦ ਕਿਹਾ ਜਾਂਦਾ ਹੈ। ਅਜਿਹੇ ਅਲੰਕਾਰ ਕੁਝ ਵਿਸ਼ੇਸ਼ ਕਿਸਮ ਦੇ ਚੁਣੀਦਾਂ ਸ਼ਬਦਾਂ ਉਪਰ ਹੀ ਨਿਰਭਰ ਹੁੰਦੇ ਹਨ।

**ਕਿਸਮਾਂ**

- ਸ਼ਬਦ ਅਲੰਕਾਰ
- ਅਰਥ ਅਲੰਕਾਰ
- ਸ਼ਬਦਾਰਥ ਅਲੰਕਾਰ

**ਸ਼ਬਦ ਅਲੰਕਾਰ**

ਜਦੋਂ ਕਿਸੇ ਸ਼ਬਦ ਰਾਹੀਂ ਕਿਸੇ ਰਚਨਾ ਵਿਚ ਚਮਤਕਾਰ ਪੈਦਾ ਹੋਵੇ ਤਾਂ ਉੱਥੇ ਸ਼ਬਦ ਅੰਲਕਾਰ ਹੁੰਦਾ ਹੈ। ਸ਼ਬਦ ਅਲੰਕਾਰ ਅਤੇ ਅਰਥ ਅਲੰਕਾਰਾਂ ਦਾ ਭੇਦ, ਸ਼ਬਦ ਦੇ ਪਰਿਵਰਤਣ ਨੂੰ ਸਹਿਣ ਜਾਂ ਸ਼ਬਦ ਦੇ ਪਰਿਵਰਤਣ ਨੂੰ ਨਾ ਸਹਿਣ ਦੇ ਉਪਰ ਹੀ ਨਿਰਭਰ ਕਰਦਾ ਹੈ। ਕਾਵਿ ਸਤਰਾਂ ਵਿੱਚ ਸ਼ਬਦ ਦੇ ਪਰਿਵਰਤਣ ਕਰਨ ਤੇ ਉਸਦੇ ਸਮਾਨ ਅਰਥੀ ਦੂਜੇ ਸ਼ਬਦ ਦੇ ਰੱਖ ਦੇਣ ਤੇ, ਉਹ ਅਲੰਕਾਰ ਨਹੀਂ ਰਹਿੰਦਾ, ਉੱਥੇ ਇਹ ਸਮਝਣਾ ਚਾਹੀਦਾ ਹੈ ਕਿ ਉਸ ਅਲੰਕਾਰ ਦੀ ਹੋਂਦ ਵਿਸ਼ੇਸ਼ ਰੂਪ ਨਾਲ ਉਸ ਸ਼ਬਦ ਦੇ ਕਾਰਣ ਹੀ ਸੀ। ਇਸ ਤਰਾਂ ਜਿਹੜੇ ਸ਼ਬਦ ਦੇ ਪਰਿਵਰਤਣ ਨੂੰ ਸਹਿਣ ਨਹੀਂ ਕਰਦੇ ਉਸ ਨੂੰ ਸ਼ਬਦ ਅਲੰਕਾਰ ਕਿਹਾ ਜਾਂਦਾ ਹੈ।

**ਅਨੁਪ੍ਰਾਸ ਅਲੰਕਾਰ**

ਵਰਣਾਂ ਦੀ ਵਾਰ-ਵਾਰ ਇਕ ਹੀ ਕ੍ਰਮ ਵਿਚ ਨਿਕਟ ਵਰਤੋਂ ਨੂੰ ਅਨੁਪ੍ਰਾਸ ਕਿਹਾ ਜਾਂਦਾ ਹੈ। ਜਿਵੇਂ:

ਕੂਕ ਫਰੀਦਾ ਕੂਕ ਤੂ, ਜਿਉਂ ਰਾਖਾ ਜੁਆਰ ॥

ਜਬ ਲਗ ਟਾਂਡਾ ਨ ਗਿਰੈ ਤਬ ਲਗਿ ਕੂਕ ਪੁਕਾਰ ॥

ਫਰੀਦਾ ਤੂੰ ਤੂੰ ਕਰੇਦੇ ਜੋ ਮੁਏ ਭੀ ਤੂੰ ਤੂੰ ਕਰੇਨਿ ॥

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ

**ਉਪਮਾ ਅਲੰਕਾਰ**

ਜਿਥੇ ਇਕ ਵਸਤੂ ਜਾਂ ਵਿਅਕਤੀ ਦੀ ਉਪਮਾ ਕਿਸੇ ਦੂਸਰੀ ਵਸਤੂ ਜਾਂ ਵਿਅਕਤੀ ਨਾਲ ਕਰ ਕੇ ਕਾਵਿ ਵਿਚ ਚਮਤਕਾਰ ਪੈਦਾ ਕੀਤਾ ਗਿਆ ਹੋਵੇ। ਜਿਵੇਂ

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ

ਫਰੀਦਾ ਰੋਟੀ ਮੇਰੀ ਕਾਠ ਕੀ, ਲਾਵਣੁ ਮੇਰੀ ਭੁਖ॥

**ਰੂਪਕ ਅਲੰਕਾਰ**

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ॥

**ਵਿਰੋਧਾਭਾਸ ਅਲੰਕਾਰ**

ਵਿਰੋਧਾਭਾਸ ਦਾ ਸਾਬਦਿਕ ਅਰਥ ਹੈ ਵਿਰੋਧ ਦੀ ਝਲਕ।

ਫਰੀਦਾ ਲੋੜੈ ਦਾਖ ਬਿਜਉਰੀਆਂ, ਕਿਕਰਿ ਬੀਜੈ ਜਟੁ॥

ਹੰਢੈ ਉੰਨ ਕਤਾਇਦਾ, ਪੈਧਾ ਲੋੜੈ ਪਟੁ॥

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥

ਫਰੀਦਾ ਰਤੀ ਰਤੁ ਨ ਨਿਕਲੈ ਜਿ ਤਨੁ ਚੀਰੈ ਕੋਇ ॥

ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥

**ਰਸ**

ਰਸ ਦਾ ਸਰਲ ਅਰਥ ਹੈ ਤਰਲ ਜਾਂ ਦ੍ਰਵ

**ਸ਼ਿੰਗਾਰ ਰਸ** (ਸ਼ਿੰਗਾਰ ਰਸ ਦਾ ਸਥਾਈ ਭਾਵ ਰਤੀ ਹੈ) ਜਦੋਂ ਰਤੀ ਜਾਂ ਪ੍ਰੇਮ ਦਾ ਅਨੁਭਵ ਸੁਹਜਾਤਮਕ ਤਰੀਕੇ ਨਾਲ ਹੁੰਦਾ ਹੈ ਤਾਂ ਉਸ ਨੂੰ ਅਸੀਂ ਸ਼ਿੰਗਾਰ ਰਸ ਆਖਦੇ ਹਾਂ

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥

ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥

ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ

**ਕਰੁਣਾ ਰਸ** (ਕਰੁਣਾ ਰਸ ਦਾ ਸਥਾਈ ਭਾਵ ਸ਼ੋਕ ਹੈ) ਕਿਸੇ ਅਣਇਛਿੱਤ ਚੀਜ਼ ਦਾ ਨੁਕਸਾਨ ਹੋਣ ਤੇ ਕਿਸੇ ਅਣਇਛਿੱਤ ਚੀਜ਼ ਦੀ ਪ੍ਰਾਪਤੀ ਹੋ ਜਾਣ ਤੇ ਮਨ ਦੀ ਸ਼ੋਕ ਵਾਲੀ ਅਵਸਥਾ ਉਪਜੇ ਉਹ ਕਰੁਣਾ ਰਸ ਹੁੰਦਾ ਹੈ।

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥

**ਭਾਸ਼ਾ**

ਕਵਿਤਾ ਭਾਸ਼ਾ ਰਾਹੀਂ ਰੂਪਮਾਨ ਹੁੰਦੀ ਹੈ ਤੇ ਆਪਣੇ ਅੰਦਰ ਭਰੇ ਵਿਚਾਰਾਂ ਦਾ ਸੰਚਾਰ ਹੋਰਨਾਂ ਦੇ ਮੰਨਾਂ ਅੰਦਰ ਕਰਦੀ ਹੈ। ਦ੍ਰਿਸ਼ਟਾਂਤ ਵਜੋਂ ਦੂਜੋਂ ਉਹ ਪ੍ਰਭੂ ਪ੍ਰੇਮ ਨੂੰ ਸ਼ੱਕਰ, ਖੰਡ, ਨਿਵਾਤ, ਗੁੜ, ਮਾਖਿਓ ਤੇ ਮਾਝੇ ਦੁੱਧ ਨਾਲ ਤੁਲਨਾ ਦਿੰਦਾ ਹੈ। ਤਾਂ ਮਿਠਾਸ ਨੂੰ ਇੱਕ ਨਵਾਂ ਅਰਥ ਦੇ ਰਿਹਾ ਹੈ। ਬਾਬਾ ਫ਼ਰੀਦ ਦੀ ਭਾਸ਼ਾਈ ਸਫਲਤਾ ਦਾ ਇਸ ਤੋਂ ਵੱਧ ਕੀ ਹੋਰ ਕੀ ਪ੍ਰਮਾਣ ਆਵੱਸ਼ਕ ਹੈ ਕਿ ਉਹ ਅੱਠ ਸਦੀਆਂ ਬੀਤਣ ਤੋਂ ਬਾਅਦ ਵੀ ਬਹੁਤ ਦੂਰ ਦੀ ਸੀਮਾ ਤਕ ਸਾਡੀ ਅੱਜ ਦੀ ਸੁਖੈਨ ਸਾਧਾਰਨ ਪਰ ਰਸੀਲੀ ਬੋਲੀ ਭਾਸ਼ਦੀ ਹੈ।

ਫ਼ਰੀਦਾ ਜੇ ਜਾਣਾ ਤਿਲ ਥੋਥੜੇ ਸੰਭਲ ਬੁਕ ਭਰੀ।

ਫ਼ਰੀਦਾ ਕਾਲੇ ਮੈਂਡੇ ਕਪੱੜੇ ਕਾਲਾ ਮੈਂਡਾ ਵੇਸ।

ਫਰੀਦ ਜੀ ਦੀ ਭਾਸ਼ਾ ਠੇਠ ਪੰਜਾਬੀ ਹੈ। ਪੰਜਾਬੀ ਸ਼ਬਦਾਵਲੀ ਦਾ ਸਰੂਪ ਆਮ ਲੋਕਾਈ ਦੇ ਨੇੜੇ ਹੈ। ਸ਼ੇਖ ਫਰੀਦ ਨੇ ਪੰਜਾਬੀ ਦੇ ਵਿਯੋਗਾਤਮਕ ਤੇ ਸੰਯੋਗਾਤਮਕ ਦੋਵੇਂ ਸਰੂਪਾਂ ਦੀ ਵਰਤੋਂ ਕੀਤੀ ਹੈ।

**ਸੰਯੋਗਾਤਮਿਕ ਰੂਪ**

ਭਵਿਓਮਿ, ਥੀਓਮਿ

**ਲਹਿੰਦੀ ਉਪਬੋਲੀ ਦਾ ਪ੍ਰਭਾਵ**

ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥

**ਸਾਧ ਭਾਖਾ ਦਾ ਪ੍ਰਭਾਵ**

ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ

**ਅਰਬੀ ਫਾਰਸੀ ਸ਼ਬਦਾਵਲੀ** ਜਿਵੇਂ ਗੋਰ, ਸ਼ਰਾਅ, ਪੁਰਸਲਾਤ, ਲਤੀਫ਼, ਗਿਰੀਵਾਨ, ਖਾਲਕੁ,ਖਲਕ ਆਦਿ

**ਅਪਭ੍ਰੰਸ਼ ਭਾਸ਼ਾਈ ਰੂਪ**

ਕੰਬਲੜੀ, ਵਾਤੜੀ , ਬਾਹੜੀਆਂ , ਆਪਨੜੈ , ਪਿਰਹੜੀ , ਥੋੜੜੇ, ਆਇੜਿਆਂ ਆਦਿ

**ਪ੍ਰਕਿਰਤੀ ਨਾਲ ਸੰਬਧਿਤ**

ਮੈਦਾਨ, ਕੱਲਰੀ ਧਰਤੀ, ਢਾਹਾ, ਟੋਏ, ਟਿੱਬੇ, ਛੱਪੜ, ਸਰਵਰ, ਜੰਗਲ, ਦਰਿਆ, ਪੱਤਣ, ਪਹਾੜ, ਬਾਗ, ਮਾਰੂਥਲ, ਖੇਤ, ਰਸਤੇ, ਕੋਇਲ, ਕੂੰਜ, ਹੰਸ, ਬਗਲਾ, ਕਾਂ, ਬਾਜ ਆਦਿ

**ਪੰਜਾਬੀ ਸਭਿਆਚਾਰ ਨਾਲ ਸੰਬਧਿਤ**

ਕੰਤ, ਵਹੁਟੀ, ਵਰੁ , ਸਕਰ. ਖੰਡੁ, ਨਿਵਾਤ, ਗੁੜੁ, ਮਾਖਿਓ, ਮਾਝਾ, ਦੁਧੁ, ਕੰਬਲੀ, ਕਿਕਰਿ, ਜਟੁ, ਹੰਢੈ, ਉੱਨ, ਕਤਾਇਦਾ, ਪੈਧਾ, ਪਟੁ, ਸਹੁਰਾ, ਪੇਕਾ ਆਦਿ

ਬਾਬਾ ਫ਼ਰੀਦ ਦਾ ਮੰਤਵ ਤੇ ਯਤਨ ਸ਼ੇਅਰੋ ਸ਼ਾਇਰੀ (ਕਾਵਿ-ਕਲਾ) ਜਾਂ ਕਾਵਿ ਪ੍ਰਤਿਭਾ ਦਾ ਦਿਖਾਵਾ ਅਤੇ ਕਲਾ ਸਮਰੱਥਾ ਦਾ ਪ੍ਰਗਟਾਵਾ ਨਹੀਂ ਸੀ। ਉਹ ਇੱਕ ਸੁਹਿਰਦ ਅਤੇ ਸੱਚਾ ਤਪੀ ਫ਼ਕੀਰ ਸੀ। ਉਸ ਕੋਲ ਕਲਬ ਅਤੇ ਰੂਪ ਦੀ ਸ਼ਾਂਤੀ ਲਈ ਅਤੇ ਅਧਿਆਤਮਿਕਤਾ ਮਾਰਗ ਉੱਤੇ ਚੱਲਣ ਦੀ ਸੇਧ ਲੈਣ ਵਾਸਤੇ ਲੋਕ ਆਉਂਦੇ ਸਨ। ਇਸ ਦੇ ਨਾਲ ਹੀ ਉਸ ਆਪਣੇ ਮੰਨ ਵਿਚ ਰੱਬੀ ਵਸਲ ਦੇ ਲਈ ਇੱਕ ਅਤਿ ਤੀਖਣ ਸਿੱਕ ਜਾ ਲਗਨ ਸੀ। ਉਸ ਨੂੰ ਉਨ੍ਹਾਂ ਨੇ ਬਿਰਹਾ ਆਖਿਆ ਹੈ। ਉਸ ਸੱਚੇ ਬਿਰਹਾ ਦੀ ਚਿਣਗ ਸ੍ਰੋਤਿਆਂ ਜਾਂ ਭਵਿੱਖ ਦੇ ਪਾਠਕਾਂ ਦੇ ਦਿਲਾਂ ਵਿਚ ਪ੍ਰਵਜਵਲਤ ਹੋਈ ਉਹ ਵੇਖਣੀ ਚਾਹੁੰਦਾ ਹੈ। ਇਸ ਲਈ ਉਹ ਬੋਲ ਪੈਂਦਾ ਹੈ।

ਬਿਰਹਾ ਬਿਰਹਾ ਆਖਿਐ, ਬਿਰਹਾ ਤੂੰ ਸੁਲਤਾਨ।

ਜਿਤ ਤਿਨ ਬਿਰਹਾ ਨਾ ਉਪਜੈ ਸੋ ਤਨ ਜਾਣ ਮਸਾਨ।

ਇਹੋ ਵਿਛੋੜੇ ਦੀ ਪੀੜ ਹੈ। ਧਾਰਮਿਕ ਭਾਸ਼ਾ ਵਿਚ ਇਸ ਵਿਛੋੜੇ ਦੀ ਕਾਰਨ ਮਾਇਆ, ਦਵੈਤ, ਆਗਿਆਨ, ਹਉਮੈ ਆਦਿ ਦੀ ਕੰਧ ਨੂੰ ਮੰਨਿਆ ਗਿਆ ਹੈ। ਬਾਬਾ ਫ਼ਰੀਦ ਦੀ ਦਰਦ ਭਿੰਨੀ ਹੂਕ ਹੈ।

ਤਪ ਤਪਿ ਲੋਹਿ ਲੋਹਿ ਹਾਥ ਮਰੋਰਉ।

ਬਾਵਲਿ ਹੋਈ ਸੋ ਸਹ ਲੋਰਾਉ।

ਇਹੋ ਬਿਰਹਾ ਪ੍ਰਤੀਤ ਕਰਾਉਣਾ ਉਸ ਦੇ ਕਾਵਿ ਦਾ ਮਨੋਰਥ ਹੈ। ਇਹ ਵੀ ਮੰਨਣ ਯੋਗ ਹੈ ਕਿ ਬਣਤਰ, ਜਾਂ ਨਿਯਮਾਵਲੀ ਦੀ ਪਾਲਣਾ ਦਾ ਵਿਸ਼ਲੇਸ਼ਣ ਕਾਵਿ ਦਾ ਮਹੱਤਵ ਪ੍ਰਗਟਾਉਣ ਦੇ ਲਈ ਕਾਫ਼ੀ ਨਹੀਂ। ਉਸ ਉਸ ਦਾ ਮਹੱਤਵ ਕਾਵਿ ਵਿਚਲੇ ਸੌਂਦਰਯ ਵਿਚ ਅਤੇ ਸ਼ਕਤੀ ਉਸ ਦੇ ਸੰਦੇਸ਼ ਵਿਚ ਹੈ।

ਜਿਵੇਂ ਅਸੀਂ ਜਾਣਦੇ ਹਾਂ ਕਿ ਬਾਬਾ ਫ਼ਰੀਦ ਦੀ ਕਾਵਿ ਰਚਨਾ ਦੇ 112 ਸਲੋਕ ਅਤੇ 4 ਸ਼ਬਦ ਹੀ ਉਪਲਬਧ ਹਨ। ਪਰ ਹਰ ਇੱਕ ਸਲੋਕ ਨਿਰਾ ਭਾਵ ਪੂਰਤੀ ਅਤੇ ਆਪਣੇ ਆਪ ਵਿਚ ਸੰਪੂਰਨ ਹੀ ਨਹੀਂ ਸਗੋਂ ਅਤੀ ਤਿਕਣ ਅਤੇ ਸਦੀਵੀ ਪ੍ਰਭਾਵ ਮਨਾਂ ਉੱਤੇ ਪੁਣ ਵਾਲਾ ਹੈ। ਇਸ ਮਨੋਰਥ ਸਿੱਧੀ ਵਿਚ ਬਾਬਾ ਫ਼ਰੀਦ ਸਫਲਤਾ ਦੀ ਚੋਟੀ ਉੱਤੇ ਹੈ। ਇਹੋ ਕਾਰਨ ਹੈ ਕਿ 800 ਸਾਲ ਪਹਿਲਾਂ ਕੀਤੀ ਉਸਦੀ ਰਚਨਾ ਅਰਥਾਤ ਫ਼ਰੀਦ ਬਾਣੀ ਅੱਜ ਤੱਕ ਪੁਰਾਣੀ ਨਹੀਂ ਹੋਈ। ਉਸਦੇ ਅਨੇਕਾਂ ਵਚਨ ਅੱਜ ਵੀ ਨੈਤਿਕ ਅਤੇ ਸਦਾਚਾਰਕ ਜੀਵਨ ਦੀ ਸਿੱਖਿਆ ਦੀ ਪ੍ਰੋੜਤਾ ਵਾਸਤੇ ਜਨ – ਸਾਧਾਰਨ ਦੀ ਭਾਸ਼ਾ ਦਾ ਹਿੱਸਾ ਹਨ। ਜਿਵੇਂ:

- ਫ਼ਰੀਦਾ ਬਾਰ ਪਰਾਇਆ ਬੈਸਣਾ ਸਾਈਂ ਮੁਝੇ ਨਾ ਦੇਹਿ।
- ਬੋਲਿਆ ਧਰਮ ਛੂਠ ਨਾ ਬੋਲੀਐ।
- ਮਉਤੈ ਦਾ ਬੰਨਾ ਏਵੈ ਦਿਸੈ ਜਿਉਂ ਦਰਿਆਵੈ ਢਾਹਾ।

- ਮੰਦੇ ਅਮਲ ਕਰੇਂਦਿਆਂ ਇਹ ਸਜਾਏ ਤਿੰਨਾਹਾ।
- ਕਿਛੁ ਨਾ ਸੁਝੈ ਕਿਛੁ ਨਾ ਬੁਝੈ ਦੁਨੀਆਂ ਗੁਜੀ ਭਾਹਿ।
- ਜਾਂ ਕੁਆਰੀ ਤਾਂ ਚਾਉ ਵਿਵਾਹੀ ਤਾਂ ਮਾਮਲੇ।

ਵਲਵਲੇ ਦੀ ਤੀਖਣਤਾ ਅਤੇ ਕਿਸੇ ਬਾਤ ਦੇ ਦਿਲੀ ਭਾਵ ਦੀ ਸੁਹਿਰਦਤਾ ਤੋਂ ਉਪਜੀ ਕਲਾ ਵਿਚ ਕਲਾਤਮਕ ਸੌਂਦਰਯ ਆਪਣੇ ਆਪ ਉਪਜਦਾ ਹੈ। ਕਿਉਂਕਿ ਉਸ ਦੇ ਪਿੱਛੇ ਮਾਨਸਿਕ ਜਜ਼ਬੇ ਦੇ ਜਲ ਦਾ ਸੋਮਾ ਹੁੰਦਾ ਹੈ। ਕਾਵਿ ਕਲਾ ਦੇ ਗਿਆਤਾ ਮੰਨਦੇ ਹਨ ਕਿ ਸੰਤ ਕਾਵਿ ਦਾ ਨਿਸ਼ਾਨਾ ਹੀ ਕੁੱਝ ਸਿੱਖਿਆ ਦੇਣੀ, ਕੁੱਝ ਸਮਝਾਉਣਾ ਜਾਂ ਸਰੋਤੇ ਦੇ ਮਨ ਉੱਤੇ ਪ੍ਰਭਾਵ ਪਾਉਣ ਤੇ ਹਲੂਣਾ ਦੇਣਾ ਹੁੰਦਾ ਹੈ। ਬਾਬਾ ਫ਼ਰੀਦ ਦੀ ਕਾਵਿ ਕਲਾ ਕਿਸੇ ਬਨਾਵਟ, ਮਿਹਨਤ, ਘਾੜਤ ਜਾਂ ਉਚੇਚੀ ਸਜਾਵਟ ਤੇ ਪਾਲਿਸ਼ ਦੇ ਨਿਯਮਾਂ ਦੀ ਘੋਖ ਪੜਤਾਲ ਦਾ ਫਲ ਨਹੀਂ। ਉਸ ਵਿਚ ਭਾਵਾਂ ਦਾ ਰਸ, ਮਿੱਠਤ ਦਾ ਰੰਗ ਤੇ ਪ੍ਰਕਿਰਤੀ ਸੁਹੱਪਣ ਦਾ ਵਹਾਉ ਹੈ। ਉਸ ਦੀ ਸਾਦਗੀ ਹੀ ਉਸ ਦਾ ਹੁਸਨ ਹੈ ਅਤੇ ਡੂੰਘਾ ਅਸਰ ਉਸ ਦੀ ਸ਼ਕਤੀ ਹੈ। ਅਸੀਂ ਜਾਣਦੇ ਹਾਂ ਕਿ ਕਿਸੇ ਵੀ ਭਾਸ਼ਾ ਨੂੰ ਬੋਲਣ ਤੇ ਲਿਖਣ ਵਾਲੇ ਵਿਆਕਰਨ ਦੇ ਨੇਮ ਪੜ੍ਹ ਕੇ ਜਾਂ ਘੋਖ ਕੇ ਉਹ ਭਾਸ਼ਾ ਨਹੀਂ ਸਿੱਖਦੇ ਜਾਂ ਬੋਲਦੇ। ਉਨ੍ਹਾਂ ਦੇ ਬੋਲੇ ਬੋਲੇ ਅਤੇ ਲਿਖੇ ਸ਼ਬਦਾਂ ਤੋਂ ਨਿਯਮ ਨਿਯਤ ਹੁੰਦੇ ਹਨ। ਠੀਕ ਇਸੇ ਤਰ੍ਹਾਂ ਫ਼ਰੀਦ ਬਾਣੀ ਵੀ ਕਾਵਿ ਨਿਯਮਾਂ ਦੀ ਕਸਵੱਟੀ ਤੇ ਵੀ ਸ਼ੁੱਧ ਸੋਨਾ ਸਿੱਧ ਹੁੰਦੀ ਹੈ। ਉਦਸੇ ਕਾਵਿ ਵਿਚ ਗੁੰਦੇ ਉਪਦੇਸ਼, ਸਿੱਖਿਆਵਾਂ ਅਤੇ ਭਾਵਾਂ ਨੂੰ ਹੋਰ ਹੋਰ ਚਮਕਾਉਣ, ਲੰਮੀ ਆਯੂ ਦੇਣ ਅਤੇ ਹਰ ਮੰਨ ਨੂੰ ਹਲੂਣਨ ਦੇ ਕਾਵਿਕ ਗੁਣ ਇਸ ਤਰ੍ਹਾਂ ਤਰ੍ਹਾਂ ਉਸ ਦੀ ਸਿੱਖਿਆ ਸੰਚਾਰ ਦੇ ਸਾਧਨ ਬਣਦੇ ਹਨ।

ਬਾਬਾ ਫ਼ਰੀਦ ਦੀ ਬਾਣੀ ਦਾ ਇੱਕ ਵਿਸ਼ੇਸ਼ ਰੰਗ ਇਹ ਵੀ ਹੈ ਕਿ ਬਹੁਤ ਕਰਕੇ ਇਹ ਹੀ ਪ੍ਰਤੀਤ ਹੁੰਦਾ ਹੈ ਕਿ ਜੁ ਉਹ ਆਪਣੇ ਮੰਨ ਨੂੰ ਹੀ ਸਮਝਾ ਰਿਹਾ ਹੋਵੇ। ਇਹ ਪ੍ਰਭਾਵ ਬਣਿਆ ਰਹਿੰਦਾ ਹੈ ਕਿ ਇਹ ਉਸ ਦੀਆਂ ਆਪਣੇ ਮੰਨ ਨਾਲ ਜਾਂ ਪਿਆਰੇ ਨਾਲ ਗੱਲਾਂ ਹਨ ਜੋ ਉਸ ਨੇ ਸਾਡੇ ਉੱਤੇ ਪੂਰਨ ਭਰੋਸਾ ਕਰਕੇ, ਸਾਨੂੰ ਆਪਣਾ ਬਣਾ ਕੇ ਸੁਣਾਉਣ ਜਾਂ ਪੜ੍ਹਨ ਦੀ ਆਗਿਆ ਦੇ ਛੱਡੀ ਹੈ ਤੇ ਅਸੀਂ ਆਪ ਹੀ ਉਨ੍ਹਾਂ ਨੂੰ ਆਪਣੇ ਲਈ ਮੰਨ ਲਿਆ ਹੈ।

ਫ਼ਰੀਦ ਦੀ ਤੇਰ੍ਹਵੀਂ ਸਦੀ ਦੇ ਇਹਨਾਂ ਕਾਵਿ ਰੂਪ ਵਚਨਾਂ ਨੂੰ ਜੇ ਅਸੀਂ 16ਵੀਂ ਸਦੀ ਵਿਚ ਸਿਰਜੀ ਗਈ ਰਚਨਾ ਦੇ ਸਨਮੁੱਖ ਰੱਖ ਕੇ ਵੇਖੀਏ ਤਾਂ ਪਗ੍ਰਟ ਹੋ ਜਾਂਦਾ ਹੈ ਕਿ ਫ਼ਰੀਦ ਕਾਵਿ ਦਾ ਪ੍ਰਭਾਵ ਅਚੇਤ ਹੀ ਉੱਥੇ ਤੱਕ ਪੁੱਜ ਗਿਆ ਹੈ ਜਿੱਥੇ ਤੱਕ ਗੁਰਬਾਣੀ, ਭਗਤ ਬਾਣੀ ਅਤੇ ਹੋਰ ਕਾਵਿ ਰੂਪ ਦਾ ਪੁੱਜ ਹੈ। ਇਹਨਾਂ ਵਿਚੋਂ ਹੀ ਅਨੇਕ ਸ਼ਬਦਾਵਲੀ ਤੇ ਬਿੰਬ ਲਗ-ਪਗ ਇਨ੍ਹਾਂ ਹੀ ਭਾਵਾਂ ਵਿਚ ਵਰਤੇ ਗਏ ਹਨ। ਗੁਰਬਾਣੀ ਵਿਚ ਵੀ ਮੌਤ ਨੂੰ ਵਿਆਹ ਨਾਲ ਅਤੇ ਪਤਨੀ ਨੂੰ ਪ੍ਰਭੂ ਨਾਲ ਤਣਾਅ ਦਿੱਤਾ ਹੈ। ਗੁਰੂ ਸਾਹਿਬਾਨ ਅਤੇ ਹੋਰ ਭਗਤ ਕਵੀ ਵੀ ਇਸ ਜੀਵਨ ਵਿਚ ਨੇਕ ਕਮਾਈ, ਬੰਦਗੀ, ਸੇਵਾ, ਸੱਚ ਆਦਿ ਉੱਤੇ ਬਲ ਦਿੰਦੇ ਹਨ ਜੋ ਅਸੀਂ ਫ਼ਰੀਦ ਵਿਚ ਵੇਖਦੇ ਹਾਂ। ਮੌਤ ਓਵੇਂ ਸਾਨੂੰ ਹੀ ਚੇਤੰਨ ਕਰਨ ਲਈ ਯਾਦ ਕਰਾਈ ਹੈ।

**ਪੰਜਾਬੀ ਸੂਫੀ ਕਾਵਿ ਵਿਚ ਬਾਬਾ ਫ਼ਰੀਦ ਦਾ ਸਥਾਨ:**

ਪੰਜਾਬੀ ਸੂਫ਼ੀ ਕਾਵਿ, ਮੱਧਕਾਲ ਕਾਵਿ ਦੀ ਅਮੀਰ ਕਾਵਿ ਧਾਰਾ ਹੈ। ਗੁਰਮਤਿ ਕਾਵਿ ਧਾਰਾ ਤੋਂ ਬਾਅਦ ਦੂਜੀ ਮਹੱਤਵਪੂਰਨ ਪਰੰਪਰਾ ਸੂਫ਼ੀ ਕਾਵਿ ਨੂੰ ਮੰਨਿਆ ਗਿਆ ਹੈ। ਜਦੋਂ ਭਾਰਤ ਵਿਚ ਮੁਸਲਿਮ ਹਮਲੇ ਵਾਰ ਦਾ ਪ੍ਰਵੇਸ਼ ਹੋਇਆ ਤਾਂ ਇਹ ਲਹਿਰ ਅਰੰਭ ਹੋਈ। ਸੂਫ਼ੀ ਮਤ ਨੂੰ ਇਸਲਾਮ ਧਰਮ ਦਾ ਅਧਿਆਤਮਕ ਰਹੱਸਵਾਦ ਕਿਹਾ ਜਾ ਸਕਦਾ ਹੈ। ਨਿਕਲਸਨ ਅਨੁਸਾਰ 'ਸੂਫ਼ੀ' ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ਸੋਫੋਸ ਤੋਂ ਉਪਜਿਆ ਹੈ। ਸੋਫੋਸ ਤੋਂ ਭਾਵ ਬੁੱਧੀ ਹੈ। ਸੂਫੀ ਉਹੀ ਹੈ ਜਿਸ ਵਿਚ ਬੁੱਧੀ ਹੋਵੇ।

ਕਈ ਵਿਦਵਾਨ ਮੰਨਦੇ ਹਨ ਕਿ ਉਹ ਲੋਕ ਦੋ ਸਦਾ ਪਹਿਲੀ ਕਤਾਰ ਵਿਚ ਖਲੋ ਕੇ ਨਮਾਜ਼ ਪੜ੍ਹਦੇ ਸਨ, ਉਹ ਸੂਫ਼ੀ ਸਨ। ਸੂਫ਼ੀ ਮੱਤ ਨੂੰ ਸੰਸਾਰ ਦੇ ਵੱਡੇ ਧਰਮਾਂ ਵਿਚ ਨਹੀਂ ਗਿਣਿਆ ਜਾਂਦਾ ਪਰ ਇਹ ਅਜਿਹੀ ਵਿਚਾਰਧਾਰਾ ਹੈ ਜਿਹੜੀ ਜੀਵਨ ਅਨੰਤ ਦੇ ਸਾਗਰ ਵਿਚ ਸਮਾਂ ਜਾਣ ਦੀ ਤਾਕਤ ਬਖ਼ਸ਼ਦੀ ਹੈ। ਸੂਫ਼ੀ ਮਤ ਦੀ ਹੋਂਦ ਹਜ਼ਰਤ ਮੁਹੰਮਦ ਸਾਹਿਬ ਨਾਲ ਬੱਝਦੀ ਹੈ। ਪਹਿਲਾਂ ਇਸਲਾਮ ਤੇ ਸੂਫ਼ੀ ਵਿਚਕਾਰ ਕੋਈ ਮਤਭੇਦ ਨਹੀਂ ਸੀ ਪਰ ਹੌਲੀ ਹੌਲੀ ਇਹਨਾਂ ਵਿਚਰਾਕ ਮਤਭੇਦ ਪੈਦਾ ਹੋ ਗਿਆ। ਸੂਫੀ ਮਤ ਵਿਚ ਪਰਮਾਤਮਾ ਦਾ ਸਰੂਪ ਇੰਨਾ ਮਹਾਨ ਮੰਨਿਆ ਜਾਂਦਾ ਹੈ ਹੈ ਕਿ ਸੰਸਾਰ ਉਸ ਦੇ ਸਾਹਮਣੇ ਨਾ-ਮਾਤਰ ਇਕਾਈ ਹੈ। ਇਸ ਤਰ੍ਹਾਂ ਸੂਫ਼ੀ ਮਤ ਇਸਲਾਮੀ ਹਮਲੇ ਵਾਰਾਂ ਨਾਲ ਪ੍ਰਚਾਰਕਾਂ ਵਜੋਂ ਹੋਂਦ ਵਿਚ ਆਇਆ। ਸੂਫ਼ੀ ਮਤ ਦਾ ਇਤਿਹਾਸ ਚਾਰ ਸੰਪਰਦਾਵਾਂ ਉੱਤੇ ਆਧਾਰਿਤ ਹੈ, ਕਾਦਰੀਆਂ, ਸੁਹਰਵਰਦੀ, ਨਕਸ਼ਬੰਦੀ, ਚਿਸ਼ਤੀ।

ਬਾਬਾ ਫ਼ਰੀਦ ਚਿਸ਼ਤੀ ਸੰਪਰਦਾਇ ਨਾਲ ਸਬੰਧ ਰੱਖਦੇ ਸਨ। ਪੰਜਾਬੀ ਕਾਵਿ ਪਰੰਪਰਾ ਵਿਚ ਉਨ੍ਹਾਂ ਦਾ ਸੰਤਾਨ ਬਹੁਤ ਮਹੱਤਵਪੂਰਨ ਰਿਹਾ ਹੈ। ਬਾਬਾ ਫ਼ਰੀਦ ਤੋਂ ਪਹਿਲਾਂ ਸੂਫ਼ੀ ਮਤ ਆਪਣੇ ਚਰਮ ਸੀਮਾਂ ਨੂੰ ਛੂਹ ਚੁੱਕੇ ਸਨ। ਭਾਰਤ ਸੂਫ਼ੀ ਪਰੰਪਰਾ ਦੇ ਮੋਢੀ ਸੰਚਾਲਕਾਂ ਵਿਚੋਂ ਬਾਬਾ ਫ਼ਰੀਦ ਦੀ ਅੰਤਿਮ ਸਥਾਨ ਰੱਖਦੇ ਸਨ। ਉਨ੍ਹਾਂ ਨੂੰ ਸੂਫ਼ੀ ਕਾਵਿ ਦਾ ਆਦਿ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਬਾਬਾ

ਫ਼ਰੀਦ ਤੋਂ ਪਹਿਲਾਂ ਸਾਡੇ ਕੋਲ ਕੋਈ ਵੀ ਲਿਖਤੀ ਸਾਹਿਤ ਨਹੀਂ ਪੁੱਜਾ ਸੀ। ਨਾਥ ਜੋਗੀਆਂ ਦੇ ਸਾਹਿਤ ਨੂੰ ਭਾਵੇਂ ਜੋਗੀਆਂ ਦੇ ਸਾਹਿਤ ਕਾਲ ਤੋਂ ਪਹਿਲਾ ਜੋੜਿਆ ਜਾਂਦਾ ਹੈ, ਇਹਨਾਂ ਦੀ ਇਤਿਹਾਸਿਕਤਾ ਉੱਤੇ ਉਂਗਲੀ ਉੱਠਦੀ ਰਹੀ ਹੈ। ਬਾਬਾ ਫ਼ਰੀਦ ਦੀ ਬਾਣੀ ਖਰੀ ਉੱਤਰਦੀ ਹੋਈ ਆਦਿ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਣ ਦਾ ਮਾਣ ਪ੍ਰਪਤ ਕਰਦੀ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਇੱਕ ਪਰਮਾਤਮਾ ਦੀ ਨਿਰਾਕਾਰਤਾ ਤੇ ਸਰਵਸ਼ਕਤੀਮਾਨਤਾ ਦਾ ਲੱਛਣ ਮਿਲਦਾ ਹੈ। ਬਾਬਾ ਫ਼ਰੀਦ ਨੇ ਨਿਰਗੁਣ ਅਤੇ ਇੱਕ ਪਰਮਾਤਮਾ ਦੀ ਹੋਂਦ ਦੇ ਗੁਣ ਗਾਏ ਹਨ। ਇਸੇ ਵਿਚਾਰਧਾਰਾ ਕਾਰਨ ਉਨ੍ਹਾਂ ਦੇ ਕਲਾਮ ਨੂੰ ਆਦਿ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ ਹੈ। ਉਨ੍ਹਾਂ ਨੇ ਜੋ ਵੀ ਬਾਣੀ ਰਚੀ, ਉਹ ਪੰਜਾਬੀ ਭਾਸ਼ਾ ਵਿਚ ਰਚੀ। ਬਾਬਾ ਫ਼ਰੀਦ ਸਿਰਫ਼ ਪੰਜਾਬੀ ਵਿਚ ਹੀ ਨਹੀਂ ਸਗੋਂ ਸਮੁੱਚੇ ਹਿੰਦ-ਪਾਕ ਦੇ ਧਰਮ , ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਹਰਮਨ ਪਿਆਰੇ ਸੂਫ਼ੀ ਦਰਵੇਸ਼ੀ ਮੰਨੇ ਜਾਂਦੇ ਹਨ। ਵਾਰਿਸ ਸ਼ਾਹ ਨੇ ਵੀ ਬਾਬਾ ਫ਼ਰੀਦ ਨੂੰ 'ਪੀਰ ਦੇ ਕਲਾਮ'ਦਾ ਦਰਜਾ ਦਿੱਤਾ ਹੈ। ਫ਼ਰੀਦ ਜੀ ਦੇ ਵੱਡੇ ਵਡੇਰੇ ਕਾਬਲ ਤੋਂ ਭਾਰਤ ਆਏ ਸਨ। ਇਸ ਕਰਕੇ ਉਨ੍ਹਾਂ ਦੇ ਇਸਲਾਮੀ ਸੰਸਕਾਰਾਂ ਦਾ ਟਕਰਾਅ ਬੁੱਧ ਦਰਸ਼ਨ ਨਾਲ ਹੋਇਆ। ਉਨ੍ਹਾਂ ਨੇ ਮੁਹੱਬਤ, ਖਿਮਾ, ਨਿਮਰਤਾ, ਸਮਾਨਤਾ ਦੇ ਭਾਵ ਉਜਾਗਰ ਕੀਤੇ। "ਫ਼ਰੀਦਾ ਜੈ ਤੈ ਮਾਰਨ ਮੁੱਕੀਆਂ ਤਿਨਾ ਨਾ ਮਾਰਿ ਘੁੰਮਿ, ਅਪਨੜੈ ਘਰਿ ਜਾਇਐ, ਪੈਰ ਤਿਨਾਂ ਦੇ ਚੁੰਮਿ" ਇਸ ਤਰ੍ਹਾਂ ਫ਼ਰੀਦ ਜੀ ਮਨੁੱਖ ਨੂੰ ਆਪਸੀ ਭਾਈਚਾਰੇ ਨਾਲ ਰਹਿਣ ਦੀ ਸਿੱਖਿਆ ਦਿੰਦੇ ਹਨ। ਉਨ੍ਹਾਂ ਦੀ ਭਾਸ਼ਾ ਠੇਠ ਪੰਜਾਬੀ, ਮੁਹਾਵਰੇ ਭਰਪੂਰ ਹੈ।

ਰੁਖੀ ਸੁਖੀ ਖਾਇ ਕੈ, ਠੰਡਾ ਪਾਣੀ ਪੀਉ।

ਫ਼ਰੀਦਾ ਦੇਖ ਪਰਾਈ ਚੋਪੜੀ, ਨਾ ਤਰਸਾਏ ਜਾਉ।

ਫ਼ਰੀਦ ਜੀ ਤੋਂ ਬਾਅਦ ਭਗਤ ਕਬੀਰ, ਰਵਿਦਾਸ, ਅਤੇ ਗੁਰੂ ਕਵੀ ਆਦਿ ਨੇ ਉਨ੍ਹਾਂ ਦੇ ਸਲੋਕਾਂ ਨੂੰ ਵਰਤਿਆ ਹੈ। ਇਸ ਤਰ੍ਹਾਂ ਫ਼ਰੀਦ ਦੀ ਨੇ ਮਗਰਲੇ ਸੰਤਾ, ਸੂਫ਼ੀਆਂ, ਗੁਰੂਆਂ ਨੂੰ ਪੰਜਾਬੀ ਵਿਚ ਸਾਹਿਤ ਸਿਰਜਣ ਦੀ ਪ੍ਰੇਰਣਾ ਦਿੱਤੀ। ਫ਼ਰੀਦ ਜੀ ਤੋਂ ਪਹਿਲਾਂ ਦਾ ਰਚਿਆ ਸਾਹਿਤ ਲੋਕ ਬੋਲੀ ਤੋਂ ਦੂਰ ਸੀ। ਫ਼ਰੀਦ ਬਾਣੀ ਵਿਚ ਵਰਤੇ ਗਏ ਵਿਧਾਨ, ਪ੍ਰਤੀਕ, ਅਲੰਕਾਰ ਯੋਜਨਾ ਨੇ ਉਨ੍ਹਾਂ ਦੀ ਸਾਹਿਤਕ ਮਹਾਨਤਾ ਨੂੰ ਚਮਕਾਇਆ।

ਜਿੰਦ ਵਹੁਟੀ ਮਰੁਣ ਵਰੁ ਲੈਜਾਸੀ ਪਰਣਾਇ।।

ਸੂਫ਼ੀ ਕਾਵਿ ਵਿਚ ਜਿੰਦ-ਵਹੁਟੀ, ਮੌਤ ਪਤਨੀ ਨੂੰ ਕਿਹਾ ਗਿਆ ਹੈ। ਇਸ ਦੁਨੀਆ ਵਿਚ ਪੇਕੇ ਅਤੇ ਅਗਲੀ ਦੁਨੀਆ ਲਈ ਸਹੁਰੇ ਵਰਗੇ ਬਿੰਬ ਵਰਤੇ ਗਏ ਹਨ। ਫ਼ਰੀਦ ਜੀ ਨੇ ਬਾਰ੍ਹਵੀਂ ਸਦੀ ਵਿਚ ਪੰਜਾਬੀ ਭਾਸ਼ਾ ਵਿਚ ਅਜਿਹੀ ਰਚਨਾ ਕੀਤੀ, ਜਿਸ ਦੇ ਸੰਦੇਸ਼ ਤੇ ਸੰਗੀਤ ਦੀਆਂ ਸੁਰਾਂ ਨਾਲ ਧਰਤੀ ਅੱਜ ਵੀ ਗੂੰਜਦੀ ਹੈ। ਬਾਬਾ ਫ਼ਰੀਦ ਦੇ ਸਮੇਂ ਸੂਫ਼ੀ ਸਿਧਾਂਤ ਆਪਣੀ ਚਰਮ ਸੀਮਾ ਉੱਤੇ ਪਹੁੰਚ ਗਿਆ ਸੀ। ਅਤੇ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਿਆਰੀ ਅਤੇ ਮਿੱਠੀ ਚੀਜ਼ ਮੰਨ ਕੇ ਆਪਣੇ ਆਪ ਨੂੰ ਸਿਖਰ ਤੇ ਪਹੁੰਚਾ ਦਿੱਤਾ। ਉਨ੍ਹਾਂ ਅਨੁਸਾਰ ਮਨੁੱਖ ਨੂੰ ਪਰਮਾਤਮਾ ਨਾਲ ਇਸ਼ਕ ਕਰਨਾ ਚਾਹੀਦਾ ਹੈ।

ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ

ਵਿਸਰਿਆ ਜਿਨੁ ਨਾਮ ਤੇ ਭੁਇ ਭਾਰੁ ਥੀਏ।।

ਬਾਬਾ ਫ਼ਰੀਦ ਨੇ ਮੌਤ ਦਾ ਸੰਕਲਪ ਮਨੁੱਖ ਨੂੰ ਰੱਬ ਨਾਲ ਜੋੜ ਕੇ ਕੀਤਾ। ਇਹ ਸੱਚ ਹੈ ਕਿ ਮਨੁੱਖ ਸਭ ਤੋਂ ਜ਼ਿਆਦਾ ਮੌਤ ਤੋਂ ਡਰਦਾ ਹੈ, ਇਸੇ ਕਾਰਨ ਮਨੁੱਖ ਰੱਬ ਨੂੰ ਯਾਦ ਕਰਦਾ ਹੈ। ਇਸੇ ਕਾਰਨ ਫ਼ਰੀਦ ਦੀ ਬਾਣੀ ਵਿਚ ਮੌਤ ਨੂੰ ਰੱਬ ਨਾਲ ਜੋੜਿਆ ਗਿਆ ਹੈ। ਫ਼ਰੀਦ ਬਾਣੀ ਮਨੁੱਖ ਨੂੰ ਹਲੀਮੀ, ਨਿਮਰਤਾ, ਚੰਗੇ ਕਰਮ ਕਰਨ, ਸੰਸਾਰਕ ਕੰਮਾਂ ਤੋਂ ਨਿਰਲੇਪ ਰਹਿਣ ਦਾ ਸੰਦੇਸ਼ ਦਿੰਦੀ ਹੈ। ਇਸ ਪ੍ਰਕਾਰ ਜਿੱਥੇ ਬਾਬਾ ਫ਼ਰੀਦ ਦੀ ਬਾਣੀ ਦਾ ਕੇਂਦਰ ਬਿੰਦੂ ਪਿਆਰ ਦਾ ਪ੍ਰਤੀਕ ਹੈ, ਉੱਥੇ ਰੱਬੀ ਚੇਤਨਾ ਵੀ ਹੈ। ਮਨੁੱਖ ਦਾ ਮੁੱਖ ਉਦੇਸ਼ ਪਰਮਾਤਮਾ ਨਾਲ ਅਭੇਦ ਹੋਣਾ ਹੈ। ਪੰਜਾਬੀ ਵਿਚ ਉਨ੍ਹਾਂ ਤੋਂ ਪਹਿਲਾਂ ਕਿਸੇ ਵੀ ਸੂਫ਼ੀ ਦਰਵੇਸ਼ੀ ਕਵੀ ਨੂੰ ਇੰਨੀ ਪ੍ਰਸਿੱਧੀ ਪ੍ਰਪਤ ਨਹੀਂ ਹੋਈ, ਜਿੰਨੀ ਉਨ੍ਹਾਂ ਨੂੰ ਹੋਈ। ਬਾਬਾ ਫ਼ਰੀਦ ਨੇ ਆਪਣੇ ਵਿਚਾਰਾ ਨੂੰ ਪੰਜਾਬੀ ਵਿਚ ਉਦੋਂ ਵਰਤਿਆ ਜਦੋਂ ਮੁਸਲਮਾਨ ਲੇਖਕ ਇਸਲਾਮੀ ਭਾਸ਼ਾ ਵਰਤਣੀ ਜ਼ਿਆਦਾ ਪਸੰਦ ਕਰਦੇ ਸਨ। ਉਨ੍ਹਾਂ ਨੇ ਰੱਬੀ ਸੰਦੇਸ਼ ਲੋਕਾਂ ਤਕ ਲੋਕ ਬੋਲੀ ਵਿੱਚ ਪਹੁੰਚਾਇਆ। ਇਸ ਤਰ੍ਹਾਂ ਲੋਕਾਂ ਦੀ ਬੋਲੀ ਵਰਤ ਕੇ ਬਾਬਾ ਫ਼ਰੀਦ ਨੇ ਆਪਣੇ ਸਮੇਂ ਦਾ ਲੱਖਾਂ ਦਿਲਾਂ ਨੂੰ ਹਲੂਣਿਆ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਜੋ ਪੈੜਾਂ ਉਲੀਕੀਆਂ ਹਨ, ਉਹ ਪੰਜਾਬ ਦੀ ਅਧਿਆਤਮਕ ਪਰੰਪਰਾ ਦੀ ਜੜ੍ਹ ਹੈ।

## ਸਾਰਾਂਸ਼

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੈਂਕੜੇ ਸਾਲ ਹੋਏ ਫ਼ਰੀਦ ਨੇ ਆਪਣੀ ਰਚਨਾ ਰਚੀ ਸੀ। ਉਹ ਅੱਜ ਵੀ ਪੁਰਾਣੀ ਨਹੀਂ ਹੋਈ। ਉਸ ਦੇ ਬੋਲ ਲੋਕਾਂ ਦੇ ਬੁਲ੍ਹਾਂ ਤੇ ਹਨ। ਰੋਜ਼-ਬ-ਰੋਜ਼ ਜ਼ਿੰਦਗੀ ਵਿਚ ਉਹ ਲੋਕਾਂ ਦੇ ਮੁਹਾਵਰੇ ਬਣ ਤੁਰੇ ਹਨ। ਲੋਕਾਂ ਦੇ ਮੂੰਹ ਉੱਤੇ ਉਹ ਹੀ ਗੱਲ ਚੜ੍ਹਦੀ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਨਾਲ ਨਿਭਦੀ ਹੋਵੇ, ਜੋ ਉਨ੍ਹਾਂ ਦੀ ਬੋਲਾ, ਉਨ੍ਹਾਂ ਦੇ ਮੁਹਾਵਰੇ ਵਿਚ ਅੰਕਿਤ ਹੋਵੇ। ਲੋਕ ਜ਼ਿੰਦਗੀ ਅਤੇ ਲੋਕ ਤਜਰਬੇ ਨਾਲ ਫ਼ਰੀਦ ਦੀ ਬਾਣੀ ਦਾ ਇਹ ਨੇੜ ਉਸ ਦੀ ਖ਼ਾਸ ਵਡਿਆਈ ਹੈ। ਫ਼ਰੀਦ ਪੰਜਾਬ ਦੇ ਰਾਸ਼ਟਰੀ ਸਾਹਿਤ ਦਾ , ਰਾਸ਼ਟਰੀ ਕਲਚਰ ਦਾ ਮੁੱਢ ਬੰਨ੍ਹਦਾ ਹੈ। ਲੋਕ ਹਿਤ ਦੇ ਪੈਂਤੜੇ ਤੋਂ, ਮਨੁੱਖ ਦੀ ਆਜ਼ਾਦੀ ਦੇ ਪੈਂਤੜੇ ਤੋਂ ਅਤੇ ਉਸ ਰਚਨਾ ਨਾਲ ਜੋ ਆਪਣੇ ਸੱਚ ਅਤੇ ਆਪਣੇ ਕਲਾਤਮਕ ਗੁਣਾ ਕਰਕੇ ਅਮਰ ਹੈ। ਉਸ ਦਾ ਦੱਸਿਆ ਸੱਚ ਅੱਜ ਵੀ ਜ਼ਿੰਦਗੀ ਦਾ ਸੱਚ ਹੈ, ਅਤੇ ਜਿੰਨਾ ਚਿਰ ਮਨੁੱਖ ਰਹੇਂਗਾ, ਉਸ ਦਾ ਆਜ਼ਾਦੀ ਅਤੇ ਸੰਪੂਰਨਤਾ ਦਾ ਰਾਹ ਉਹ ਹੀ ਰਹੇਂਗਾ, ਜੋ ਫ਼ਰੀਦ ਦਸ ਗਿਆ ਹੈ। ਮਨੁੱਖ ਦੀ ਆਜ਼ਾਦੀ, ਉਸ ਦੀ ਨਿਜਾਤ ਮਨੁੱਖ ਦੇ ਪਿਆਰ ਵਿਚ ਹੈ। ਪਦਾਰਥਾਂ ਤੇ ਪੈਸੇ ਵਿਚ ਅੰਕਿਤ ਨਹੀਂ।

## ਕੇਂਦਰੀ ਸ਼ਬਦ

**ਦਿਹਾਤੀ** – ਪੇਂਡੂ ਜਨ-ਸਧਾਰਨ ਨਾਲ ਸੰਬੰਧਤ।

**ਸੰਤੋਖੀ** – ਸਬਰ ਸਬੂਰੀ ਨਾਲ ਰਹਿਣ ਵਾਲਾ ਵਿਅਕਤੀ।

**ਘੜਿਆਲ** – ਘੜੇ ਤੋਂ ਸਾਜ਼ ਬਜਾਉਣ ਲਈ ਬਣਿਆ ਵਰਤਣ।

**ਥੋਥੜੇ** - ਫਲੀ ਵਿਚੋ ਬੀਜ ਨਿਕਲ ਤੋਂ ਬਾਅਦ ਦਾ ਬਚਿਆ ਹਿਸਾ, ਜੋ ਅੰਦਰੋਂ ਖਾਲੀ ਹੋ ਜਾਦਾ ਹੈ।

**ਸਵੈ-ਮੁਲਾਂਕਣ**

**ਪ੍ਰਸ਼ਨ 1. ਸੂਫੀ ਕਾਵਿ ਵਿਚ 'ਸਹੁਰੇ' ਕਿਸ ਨੂੰ ਕਿਹਾ ਗਿਆ ਹੈ?**

ੳ) ਇਸ ਜਨਮ ਨੂੰ

ਅ) ਅੱਗਲੇ ਜਨਮ ਨੂੰ

ੲ) ਅੱਗਲੀ ਦੁਨੀਆ ਨੂੰ

ਸ) ਇਸ ਦੁਨੀਆ ਨੂੰ

**ਪ੍ਰਸ਼ਨ 2. ਬਾਬਾ ਫ਼ਰੀਦ ਨੇ ਮੌਤ ਦਾ ਸੰਕਲਪ ਕਿਸ ਨਾਲ ਜੋੜਿਆ ਹੈ?**

ੳ) ਇਸ ਜਗ ਨਾਲ

ਅ) ਨਰਕਾਂ ਨਾਲ

ੲ) ਸਵਰਗਾਂ ਨਾਲ

ਸ) ਰੱਬ ਨਾਲ

**ਪ੍ਰਸ਼ਨ 3. ਬਾਬਾ ਫ਼ਰੀਦ ਮਨੁੱਖ ਨੂੰ ਕਿਸ ਦਾ ਡਰ ਜਿਆਦਾ ਦਿੰਦਾ ਹੈ?**

ੳ) ਜਿਗਦੀ ਦਾ

ਅ) ਮੌਤ ਦਾ

ੲ) ਪੈਸਿਆ ਦਾ

ਸ) ਐਸ਼ ਦਾ

**ਪ੍ਰਸ਼ਨ 4. ਬਾਬਾ ਫ਼ਰੀਦ ਤੋਂ ਬਾਅਦ ਉਹਨਾਂ ਦੇ ਸਲੋਕਾਂ ਨੂੰ ਕਿਸ ਨੇ ਵਰਤਿਆ?**

ੳ) ਭਗਤ ਕਬੀਰ ਨੇ

ਅ) ਰਵੀਦਾਸ ਨੇ

ੲ) ਗੁਰੂ ਕਵੀਆਂ ਨੇ

ਸ) ਉਪਰੋਕਤ ਸਭ ਨੇ

**ਪ੍ਰਸ਼ਨ 5. ਬਾਬਾ ਫ਼ਰੀਦ ਦੀ ਵਿਚਾਰਧਾਰਕ ਟੱਕਰ ਕਿਸ ਦਰਸ਼ਨ ਨਾਲ ਹੋਈ ਸੀ?**

ੳ) ਸਿੱਖ ਧਰਮ ਨਾਲ

ਅ) ਬੁੱਧ ਧਰਮ ਨਾਲ

ੲ) ਹਿੰਦੂ ਧਰਮ ਨਾਲ

ਸ) ਇਸਾਈ ਧਰਮ ਨਾਲ

**ਪ੍ਰਸ਼ਨ 6. ਬਾਬਾ ਫ਼ਰੀਦ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਉੱਤੇ ਜੋਰ ਦਿੰਦੇ ਹਨ?**

ੳ) ਐਸ਼ ਪ੍ਰਸ਼ਤੀ ਵਾਲਾ

ਅ) ਸਾਦਾ

ੲ)ਮਹਿਨਤੀ

ਸ) ਅਰਾਮਦਾਇਕ

**ਪ੍ਰਸ਼ਨ 7. ਬਾਬਾ ਫ਼ਰੀਦ ਨੇ ਬਿਰਹਾਂ ਨੂੰ ਕੀ ਕਿਹਾ ਹੈ?**

ੳ) ਮਹਾਨ

ਅ) ਢੋਂਗੀ

ੲ) ਸੁਲਤਾਨ

ਸ) ਰਾਜਾ

**ਪ੍ਰਸ਼ਨ 8. ਫ਼ਰੀਦ ਬਾਣੀ ਵੀ ਕਾਵਿ ਨਿਯਮਾਂ ਦੀ ਕਸਵੱਟੀ ਤੇ ਵੀ .......ਸਿੱਧ ਹੁੰਦੀ ਹੈ।**

ੳ) ਸ਼ੁੱਧ ਸੋਨਾ

ਅ) ਕਮਾਲ

ੲ) ਖੂਬਸੂਰਤ

ਸ) ਲਾਜਵਾਬ

**ਪ੍ਰਸ਼ਨ 9. ਬਾਬਾ ਫ਼ਰੀਦ  ਦੇ ਬਹੁਤਾ ਸ਼ਲੋਕ ਕਿੰਨੀਆਂ ਤੁਕਾਂ ਦੇ ਮਿਲਦੇ ਹਨ?**

ੳ) ਚਾਰ ਤੁਕਾਂ ਦੇ

ਅ) ਤਿੰਨ ਤੁਕਾਂ ਦੇ

ੲ) ਦੋ ਤੁਕਾਂ ਦੇ

ਸ) ਪੰਜ ਤੁਕਾਂ ਦੇ

**10. ਬਾਬਾ ਫ਼ਰੀਦ ਨੇ ਜਿੰਦ ਨੂੰ ਕਿਸ ਸ਼ਬਦ ਨਾਲ ਤੁਲਨਾਇਆ ਹੈ?**

ੳ) ਮੌਤ ਨਾਲ

ਅ) ਪਤਨੀ ਨਾਲ

ੲ) ਵਰ ਨਾਲ

ਸ) ਜਿੰਦ ਨਾਲ

**ਪ੍ਰਸ਼ਨ 11. ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ ਤੋਂ ਕੀ ਭਾਵ ਹੈ?**

ੳ) ਬਾਸੀ ਰੋਟੀ ਖਾਣਾ

ਅ) ਰੁਖੀ ਰੋਟੀ ਕਾਣਾ

ੲ) ਸਾਦਾ ਜੀਵਨ ਬਤੀਤ ਕਰਨਾ

ਸ) ਫਕੀਰੀ ਜੀਵਨ ਬਿਤਾਉਣਾ

**ਪ੍ਰਸ਼ਨ 12. ਫ਼ਰੀਦ ਬਾਣੀ ਦਾ ਵਧੇਰੇ ਆਕਾਰ ਸਾਡੇ ਕੋਲ ਕਿਸ ਬਾਣੀ ਦੇ ਰੂਪ ਵਿਚ ਹੈ?**

ੳ) ਸਬਦ

ਅ) ਬਾਣੀ

ੲ) ਕਾਫੀ

ਸ) ਸਲੋਕ

**13. ਪ੍ਰਸ਼ਨ ਬਾਬ ਫ਼ਰੀਦ ਕਿਸ ਸਿਲਸਾਲੇ ਨਾਲ ਸੰਬੰਧ ਰੱਖਦਾ ਹੈ?**

ੳ) ਕਾਦਰੀ

ਅ) ਸੁਹਰਵਰਦੀ

ੲ) ਚਿਸਤੀ

ਸ) ਨੱਕਸਬੰਦੀ

**ਪ੍ਰਸ਼ਨ 14. ਪੰਜਾਬੀ ਦਾ ਮੋਢੀ ਕਵੀ ਕਿਸ ਨੂੰ ਮੰਨਿਆ ਜਾਂਦਾ ਹੈ?**

ੳ) ਗੁਰੂ ਨਾਨਕ ਦੇਵ ਨੂੰ

ਅ) ਬਾਬਾ ਫ਼ਰੀਦ ਨੂੰ

ੲ) ਬੁਲ੍ਹੇ ਸਾਹ ਨੂੰ

ਸ) ਹਾਸ਼ਮ ਨੂੰ

**ਪ੍ਰਸ਼ਨ 15. ਬਾਬਾ ਫ਼ਰੀਦ ਨੇ ਮੌਤ ਨੂੰ ਕਿਸ ਸ਼ਬਦ ਨਾਲ ਤੁਲਨਾਇਆ ਹੈ?**

ੳ) ਮੌਤ ਨਾਲ

ਅ) ਪਤਨੀ ਨਾਲ

ੲ) ਵਰ ਨਾਲ

ਸ) ਜਿੰਦ ਨਾਲ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਸ | 3.ਅ | 4. ਸ | 5. ਅ |
| 6. ਅ | 7. ੲ | 8. ੳ | 9. ੲ | 10. ਅ |
| 11. ੲ | 12. ਸ | 13. ਅ | 14. ਅ | 15. ੲ |

## ਅਭਿਆਸ ਪ੍ਰਸ਼ਨ

1. ਫ਼ਰੀਦ ਬਾਣੀ ਦਾ ਮੂਲ ਮੰਤਰ ਕੀ ਹੈ?
2. ਬਾਬਾ ਫ਼ਰੀਦ ਨੇ ਕਿੰਨੇ ਸਲੋਕ ਦੀ ਰਚਨਾ ਕੀਤੀ?
3. ਬਾਰ ਪਰਾਇ ਵਾਸਣਾ ਸਾਂਈ ਮੁਝੇ ਨਾ ਦੇਹਿ ਤੋਂ ਕੀ ਭਾਵ ਹੈ?
4. ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਫ਼ਰੀਦ ਬਾਣੀ ਵਿਚ ਕੀਵੇ ਹੋਈ ਹੈ?
5. ਫ਼ਰੀਦ ਕਿਸ ਤਰ੍ਹਾਂ ਦੀ ਨੈਤਿਕਤਾ ਦੀ ਗੱਲ ਕਰਦਾ ਹੈ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005
-


## ਵੈਬ ਲਿੰਕ

- https://www.punjabi-kavita.com/SalokBabaSheikhFarid.php
- http://s745899874.online-home.ca/KB/Farid%20Bani%20Da%20Bimb%20P-8284/WQ.pdf
- http://www.panjabialochana.com/yahoo_site_admin1/assets/docs/PANJABI_SUFI_KAV_VICH_FARID_BAANI_DA_STHAN.271132327.pdf

***Dr.** Satwant Singh**, Lovely Professional University***

# ਅਧਿਆਇ-6 : ਗੁਰੂ ਨਾਨਕ ਦੇਵ ਰਚਿਤ ਆਸਾ ਦੀ ਵਾਰ ਦਾ ਵਿਸ਼ਾ-ਵਸਤੂ ਤੇ ਕਲਾ ਪੱਖ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਆਸਾ ਦੀ ਵਾਰ ਦੀ ਬਣਤਰ ਤੇ ਮੂਲ ਸੰਕਲਪ
4. ਧਾਰਮਿਕ, ਸਮਾਜਿਕ/ਸਭਿਆਚਾਰਕ ਪਰਿਪੇਖ
5. ਕਲਾਤਮਿਕ ਅਧਿਐਨ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਆਸਾ ਦੀ ਵਾਰ ਰਚਨਾ ਦੇ ਕਾਵਿ ਗੁਣਾਂ ਤੋਂ ਜਾਂਣੂ ਹੋ ਸਕਣਗੇ
- ਆਸਾ ਦੀ ਵਾਰ ਦੀ ਮਹੱਤਤਾ ਬਾਰੇ ਜਾਣ ਸਕਣਗੇ
- ਆਸਾ ਦੀ ਵਾਰ ਦੀ ਸਮਾਜਿਕ, ਸਭਿਆਚਾਰਕ, ਧਾਰਮਿਕ ਭੂਮਿਕਾ ਨੂੰ ਸਮਝ ਸਕਣਗੇ
- ਬਾਬੇ ਨਾਨਕ ਦੀ ਕਾਵਿ ਕੌਸ਼ਲਤਾ ਨੂੰ ਜਾਣ ਸਕਣਗੇ

## ਭੂਮਿਕਾ

ਆਸਾ ਕੀ ਵਾਰ' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਮੁੱਖ ਰਚਨਾ ਹੈ। ਗੁਰੂ ਸਾਹਿਬ ਦੇ ਵੇਲੇ ਪੰਜਾਬ ਵਿਚ ਵਾਰ ਕਾਵਿ ਕਾਫ਼ੀ ਪ੍ਰਚਲਿਤ ਹੋ ਚੁੱਕਾ ਸੀ। ਢਾਡੀ ਲੋਕ ਢੱਡ ਤੇ ਸਾਰੰਗੀ ਨਾਲ ਯੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਢਾਡੀਆਂ ਨੇ ਖਲੋ ਕੇ ਵਾਰਾਂ ਗਾਉਣ ਦੀ ਪਿਰਤ ਪੰਜਾਬੀ ਰੂਪ ਵਿਚ ਯੂਨਾਨ ਵਾਲਿਆਂ ਤੋਂ ਅਪਣਾਈ ਲਗਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵਾਰ ਕਿਸੇ ਭਾਰਤੀ ਯੋਧੇ ਦੀ ਸੂਰਬੀਰਤਾ ਅਤੇ ਆਦਰਸ਼ ਭਰਪੂਰ ਜੀਵਨ ਦੀ ਪ੍ਰਸੰਸਾ ਪਉੜੀ ਛੰਦ ਵਿਚ ਜੋਸ਼ੀਲੇ ਢੰਗ ਨਾਲ ਗਾ ਕੇ ਦੇਸ਼ ਵਾਸੀਆਂ ਦੀ ਸੁੱਤੀ ਅਣਖ ਨੂੰ ਜਗਾਇਆ ਜਾਂਦਾ ਸੀ ਅਤੇ ਦੇਸ਼ ਦੀ ਰੱਖਿਆ ਲਈ ਯੋਧਿਆਂ ਨੂੰ ਵੰਗਾਰਿਆ ਜਾਂਦਾ ਸੀ। ਲੋਕ ਪਰੰਪਰਾ ਉੱਤੇ ਆਧਾਰਿਤ 'ਵਾਰ' ਪੰਜਾਬੀ

ਭਾਸ਼ਾ ਦਾ ਲੋਕ ਕਾਵਿ ਰੂਪ ਹੈ ਜਿਸ ਦਾ ਅਰਥ ਹੈ ਸਾਹਮਣਾ ਕਰਨਾ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਕੀ ਵਾਰ' ਦਾ ਵਾਰ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਹੈ। ਆਸਾ ਕੀ ਵਾਰ ਵਿਚਲਾ ਮਾਰਗ ਅਸਲ ਵਿਚ ਅਧਿਆਤਮਕ ਮਾਰਗ ਹੈ। ਇਸ ਲਈ ਇਸ ਵਿਚ ਨੇਕੀ, ਸੱਚ, ਪ੍ਰੇਮ, ਆਸਤਕਤਾ, ਸ਼ਰਧਾ, ਨਿਮਰਤਾ ਆਦਿ ਦਾ ਜੱਸ ਗਾਇਆ ਗਿਆ ਹੈ ਅਤੇ ਬਦੀ, ਕੂੜ, ਕਰਮਕਾਂਡ, ਨਾਸਤਕਤਾ ਤੇ ਹਉਮੈ ਦੀ ਨਿੰਦਾ ਕੀਤੀ ਹੈ। ਪੁਰਾਤਨ ਵਾਰਾਂ ਵਿਚ ਯੋਧਿਆਂ ਦੀ ਟੱਕਰ ਦਾ ਹਾਲ ਹੁੰਦਾ ਸੀ ਪਰ ਆਸਾ ਕੀ ਵਾਰ ਵਿਚ ਗੁਰਮੁਖਤਾ ਤੇ ਮਨਮੁਖਤਾ ਦੀ ਟੱਕਰ ਹੈ। ਪਹਿਲੀਆਂ ਵਾਰਾਂ ਵਿਚ ਬੀਰ ਰਸ ਪ੍ਰਧਾਨ ਸੀ ਪਰ ਆਸਾ ਕੀ ਵਾਰ ਵਿਚ ਸ਼ਾਂਤ ਰਸ ਦੀ ਨਿਸ਼ਪਤੀ ਹੁੰਦੀ ਹੈ ਜੋ ਕਿ ਨਿਵੇਕਲਾ ਕਾਰਜ ਹੈ। ਜਿਵੇਂ ਕਿ ਵਾਰ ਨੂੰ ਪਉੜੀਆਂ ਵਿਚ ਲਿਖਿਆ ਜਾਂਦਾ ਹੈ ਤੇ ਗਾਉਣ ਵਾਲੇ ਆਮ ਕਰਕੇ ਪਉੜੀ ਖ਼ਤਮ ਹੋਣ ਤੋਂ ਬਾਅਦ ਕਲੀ ਬੋਲਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਸਾ ਕੀ ਵਾਰ ਵਿਚ ਅੰਕਿਤ ਪਉੜੀਆਂ ਦੇ ਆਸ਼ੇ ਦੇ ਪ੍ਰਗਟਾਵੇ ਲਈ ਸਲੋਕ ਸ਼ਾਮਲ ਕੀਤੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਆਸਾ ਕੀ ਵਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਰਚਨਾ ਦੇ ਕਰਤਾ ਨੇ ਪਹਿਲੀ ਵਾਰ ਪਰੰਪਰਾ ਤੋਂ ਵੱਖਰੀ ਗੱਲ ਕੀਤੀ ਤੇ ਅਧਿਆਤਮਕ ਵਾਰ ਦਾ ਮੁੱਢ ਬੰਨ੍ਹਿਆਂ। ਉਨ੍ਹਾਂ ਮਨੁੱਖ ਦੀ ਥਾਂ ਪ੍ਰਭੂ ਨੂੰ ਵਾਰ ਦਾ ਨਾਇਕ ਅੰਕਿਤ ਕੀਤਾ। ਉਨ੍ਹਾਂ ਵਾਰ ਦੇ ਪ੍ਰਸੰਗ ਵਿਚ ਖ਼ੁਦ ਨੂੰ ਢਾਡੀ ਘੋਸ਼ਿਤ ਕੀਤਾ ਹੈ। ਉਨ੍ਹਾਂ ਇਸ ਵਾਰ ਨੂੰ 'ਟੁੰਡੇ ਅਸਰਾਜੇ ਕੀ ਧੁਨੀ' ਉੱਪਰ ਅੰਕਿਤ ਕਰਕੇ ਲੋਕ ਮਨ ਦੇ ਨੇੜੇ ਲੈ ਆਂਦਾ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਵਾਰ ਸਲੋਕਾਂ ਨਾਲ ਸਲੋਕ ਭੀ ਮਹੱਲੇ ਪਹਿਲੇ ਕੇ ਲਿਖੇ' ਦੇ ਆਧਾਰ 'ਤੇ ਲੋੜ ਅਨੁਸਾਰ ਵਾਰ ਵਿਚ ਪਉੜੀਆਂ ਦੇ ਨਾਲ ਸਲੋਕ ਦਰਜ ਕੀਤੇ ਤੇ ਵਾਰ ਦੇ ਵਿਸ਼ੇ ਦਾ ਵਿਸ਼ਲੇਸ਼ਣ ਸੁਚੱਜੇ ਢੰਗ ਨਾਲ ਕੀਤਾ।

## ਆਸਾ ਦੀ ਵਾਰ ਬਣਤਰ ਤੇ ਮੂਲ ਸੰਕਲਪ

**ਬਣਤਰ –**

ਆਸਾ ਕੀ ਵਾਰ, ਗੁਰੂ ਗ੍ਰੰਥ ਸਾਹਿਬ ਦੇ ਅੰਕ 462 ਤੋਂ ਲੈ ਕੇ 475 ਉੱਤੇ ਸੁਸ਼ੋਭਿਤ ਹੈ। ਇਸ ਬਾਣੀ ਨੂੰ ਅੰਮ੍ਰਿਤ ਵੇਲੇ ਰਾਗ ਆਸਾ ਵਿੱਚ 'ਟੁੰਡੇ ਅਸਰਾਜੇ ਕਈ ਧੁਨੀ'ਗਾਉਣ ਦਾ ਵਿਧਾਨ ਹੈ। ਇਹ ਵਾਰ ਗੁਰੂ ਨਾਨਕ ਦੇਵ ਜੀ ਦੀ ਸਰਬਪ੍ਰਿਯ ਅਤੇ ਪ੍ਰਸਿੱਧ ਰਚਨਾ ਹੈ। ਇਸ ਵਿੱਚ ਕੁੱਝ ਸਲੋਕ ਗੁਰੂ ਅੰਗਦ ਦੇਵ ਜੀ ਦੇ ਵੀ ਅੰਕਿਤ ਹਨ। ਇਨ੍ਹਾਂ ਸਲੋਕਾਂ ਵਿੱਚ 44 ਗੁਰੂ ਨਾਨਕ ਦੇਵ ਜੀ ਅਤੇ ਬਾਕੀ 15 ਸਲੋਕ ਗੁਰੂ ਅੰਗਦ ਦੇਵ ਜੀ ਦੁਆਰਾ ਰਚਿਤ ਹਨ। ਹਰ ਪਉੜੀ ਤੋਂ ਪਹਿਲਾਂ ਦੋ ਜਾਂ ਵਧੀਕ ਸਲੋਕ ਹਨ। ਇਸ ਵਾਰ ਵਿੱਚ ਵਰਤਿਆ ਪਉੜੀ ਰੂਪ (13, 16 ਮਾਤਰਾਂ) ਦਾ ਹੈ। ਪਉੜੀਆਂ ਨਾਲ ਸਲੋਕਾਂ ਦੀ ਵੰਡ ਇੱਕ ਸਮਾਨ ਨਹੀਂ ਹੈ। ਹਰ ਪਉੜੀ ਨਾਲ ਘੱਟੋ-ਘੱਟ ਦੋ ਅਤੇ ਵੱਧ ਤੋਂ ਵੱਧ ਪੰਜ ਸਲੋਕ ਹਨ। ਸਲੋਕ ਦੀਆਂ ਤੁਕਾਂ ਇਕਸਾਰ ਨਹੀਂ। ਦੋ ਤੋਂ ਲੈ ਕੇ 19 ਤੱਕ ਤੁਕਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਹਰ ਪਉੜੀ ਪੰਜ ਤੁਕਾਂ ਦੀ ਹੈ। ਹਰ ਪਉੜੀ ਦੀ ਅੰਤਿਮ ਤੁਕ ਬਾਕੀਆਂ ਦੇ ਮੁਕਾਬਲੇ ਨਿੱਕੀ ਹੈ ਅਤੇ ਉਸ ਵਿੱਚ ਸਾਰੀ ਪਉੜੀ ਦਾ ਤੱਤ-ਸਾਰ ਸਮੋਇਆ ਹੋਇਆ ਹੈ। ਇਸ ਵਿਧਾਨ ਦਾ ਪਾਲਣ ਕੇਵਲ 22ਵੀਂ ਪਉੜੀ ਵਿੱਚ ਨਹੀਂ ਹੋਇਆ ਜਿੱਥੇ ਪੰਜ ਦੀ ਥਾਂ ਛੇ ਤੁਕਾਂ ਹਨ। ਕੀਰਤਨੀ ਆਸਾ ਕੀ ਵਾਰ ਵਿੱਚ ਹਰੇਕ ਸਲੋਕ ਤੋਂ ਪਹਿਲਾਂ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦੁਆਰਾ ਆਸਾ ਰਾਗ ਵਿੱਚ ਉਚਾਰੇ 'ਛੱਕੇ' ਵੀ ਗਾਏ ਜਾਂਦੇ ਹਨ।

**ਮੂਲ ਸੰਕਲਪ-**

- ਇਸ ਵਿਸ਼ੇਸ਼ ਬਾਣੀ ਵਿੱਚ ਨਿਰੰਕਾਰ, ਸਤਿਗੁਰੂ ਅਤੇ ਗੁਰਮੁਖ ਦੀ ਤਾਰੀਫ ਉੱਭਰਵੇਂ ਰੂਪ ਵਿੱਚ ਆਈ ਹੈ।
- ਉੱਥੇ ਮਨਮੁਖ ਦੀ ਨਿਖੇਧੀ ਵੀ ਸਾਫ਼ ਕੀਤੀ ਹੈ।
- ਕਈ ਸਲੋਕਾਂ ਵਿੱਚ ਦਾਰਸ਼ਨਿਕ ਤੇ ਸਮਕਾਲੀ ਹਾਲਾਤ ਬਾਰੇ ਨਵੇਂ ਅਤੇ ਨਿਵੇਕਲੇ ਵਿਚਾਰ ਦ੍ਰਿਸ਼ਟਾਂਤ ਹੁੰਦੇ ਹਨ।
- ਇਸ ਵਾਰ ਦੀਆਂ ਪਉੜੀਆਂ ਵਿੱਚ ਗੁਰੂ ਸਾਹਿਬ ਨੇ ਰਹੱਸਵਾਦੀ ਵਿਚਾਰਾਂ ਦਾ ਸੰਚਾਰ ਕਰਕੇ ਸ੍ਰਿਸ਼ਟੀ ਅਤੇ ਕੁਦਰਤ ਦੇ ਕੇਂਦਰਿਤ ਧੁਰੇ ਦੁਆਲੇ ਆਤਮਿਕ ਸ਼ੁੱਧੀ ਨੂੰ ਬਲਵਾਨ ਬਣਨ ਦਾ ਰਹੱਸ ਸੁਰਜੀਤ ਕੀਤਾ ਹੈ।
- ਇਸ ਵਾਰ ਵਿੱਚ ਗੁਰੂ ਜੀ ਨੇ ਰਹੱਸਵਾਦੀ ਅਨੁਭਵ ਨੂੰ ਸਮਾਜਿਕ ਵਾਸਤਵਿਕਤਾ ਦੇ ਸੰਦਰਵ ਵਿੱਚ ਰੱਖ ਕੇ ਲੋਕ ਕਲਿਆਣ ਦਾ ਉਪਦੇਸ਼ ਦਿੱਤਾ ਹੈ।
- ਧਾਰਮਿਕ ਅਤੇ ਸਮਾਜਿਕ ਪਾਖੰਡਾਂ ਦਾ ਖੰਡਨ ਕਰਨਾ, ਇਸ ਵਾਰ ਦੇ ਸਲੋਕਾਂ ਦਾ ਮੁੱਖ ਵਿਸ਼ਾ ਹੈ।
- ਫਲਸਰੂਪ ਉਸ ਵਕਤ ਦੀ ਧਾਰਮਿਕ ਅਤੇ ਸਮਾਜਿਕ ਗਤੀਵਿਧੀ ਨੂੰ ਬੜੀ ਯਥਾਰਥ ਸ਼ੈਲੀ ਵਿੱਚ ਚਿਤਰਿਆ ਗਿਆ ਹੈ।

## ਆਸਾ ਦੀ ਵਾਰ ਦਾ ਸਮਾਜਿਕ ਪਰਿਪੇਖ:

ਵਿਸ਼ਵੀਕਰਨ ਵਿੱਚ ਸਮਾਜਿਕ ਸੰਬੰਧਾਂ ਦਾ ਜਾਲ ਹੈ ਜਿਸ ਵਿੱਚ ਵੱਖ-ਵੱਖ ਜਾਤਾਂ, ਵੱਖ-ਵੱਖ ਧਰਮ ਵੱਖ-ਵੱਖ ਨਸਲਾਂ ਦੇ ਲੋਕ,ਵੱਖ-ਵੱਖ ਵਰਗ ਆਦਿ ਸ਼ਾਮਿਲ ਹਨ ਜੋ ਆਪਸੀ ਕਾਰ ਵਿਹਾਰ ਰਿਸ਼ਤੇ ਨਾਤਿਆਂ ਬਣਦੇ ਹਨ। ਮਾਨਵ ਆਪਣੀ ਹਰ ਬੁਨਿਆਦੀ

ਲੋੜ ਏਕਤਾ ਵਿੱਚ ਰਹਿ ਕੇ ਮਿਲ ਜੁੱਲ ਕੇ ਹੀ ਪੂਰਾ ਕਰ ਸਕਦਾ ਹੈ। ਜੋ ਏਕਤਾ ਦਾ ਅਹਿਮ ਰੂਪ ਹੈ ਮਾਨਵ ਇੱਕ ਸਮਾਜਿਕ ਜੀਵ ਹੈ। ਅੱਜ ਵਿਸ਼ਵੀਕਰਨ ਦੇ ਯੁੱਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸਮਾਜਿਕ ਚੇਤਨਤਾ ਨੂੰ ਦਰਸਾਇਆ ਗਿਆ ਹੈ ਜਿਸ ਨਾਲ ਇੱਕ ਨਵੇਂ ਸਮਾਜ ਨੂੰ ਇਸ ਵਿਸ਼ਵੀਕਰਨ ਯੁੱਗ ਵਿੱਚ ਲਿਆਉਣਾ ਦੀ ਕੋਸ਼ਿਸ਼ ਹੈ। ਅੱਜ ਬੇਸ਼ੱਕ ਏਕਤਾ ਵਿੱਚ ਰਹਿਣ ਦੀ ਆਵਾਜ਼ ਗੂੰਜ ਰਹੀ ਹੈ ਪਰ ਜੋ ਸਮਾਜ ਸਾਡੇ ਸਾਹਮਣੇ ਹੈ ਇਸ ਵਿੱਚ ਮਾਨਵ ਦੇ ਰਿਸ਼ਤੇ ਨਾਤੇ, ਮੋਹ, ਪਿਆਰ ਸਭ ਦਿਖਾਵਾ ਹੋ ਗਿਆ ਹੈ ਤੇ ਸਾਰਾ ਸਮਾਜ ਇਸ ਏਕਤਾ ਤੋਂ ਭਟਕ ਕੇ ਅਨੇਕਤਾ ਵਿੱਚ ਧਸਦਾ ਜਾ ਰਿਹਾ ਤੇ ਏਕਤਾ ਦਾ ਭਰਮ ਟੁੱਟਦਾ ਜਾ ਰਿਹਾ ਹੈ।

ਬੰਧਨ ਬੰਧਿ ਭਵਾਏ ਸੋਇ॥
ਪਾਇਐ ਕਿਰਤਿ ਨਚੈ ਸਭੁ ਕੋਇ॥

ਮਨੁੱਖ ਇਹਨਾਂ ਸਮਾਜਿਕ ਬੰਧਨਾਂ ਨੂੰ ਨਿਭਾਉਂਦਾ ਹੈ ਪਰ ਆਪਣੀ ਖ਼ੁਸ਼ੀ ਦੇ ਮਾਰਗ ਨੂੰ ਅਣਦੇਖਾ ਕਰ ਦਿੰਦਾ ਹੈ ਜਿਸ ਕਾਰਨ ਮਨੁੱਖ ਨੂੰ ਆਪਣੀ ਜ਼ਿੰਦਗੀ ਬੋਝਲ ਪ੍ਰਤੀਤ ਹੋਣ ਲੱਗਦੀ ਹੈ। ਵਿਸ਼ਵ ਦੇ ਇਹਨਾਂ ਬੰਧਨਾਂ ਦੀ ਦੀਵਾਰ ਮਨੁੱਖ ਨੂੰ ਪਰਮਾਤਮਾ ਨਾਲੋਂ ਵੱਖ ਕਰਦੀ ਜਾ ਰਹੀ ਹੈ। ਆਸਾ ਦੀ ਵਾਰ ਮਨੁੱਖ ਨੂੰ ਸਮਾਜਿਕ ਚੇਤਨਤਾ ਦੁਆਰਾ ਉਸ ਦੇ ਇਹਨਾਂ ਦਿਖਾਵੇ ਵਾਲੇ ਬੰਧਨਾਂ ਦੀ ਜਗ੍ਹਾ ਸਕੂਨ ਤੇ ਸਾਦਗੀ ਦਾ ਮਾਰਗ ਉਸਾਰਦੀ ਹੈ। ਇਹਨਾਂ ਸਮਾਜਿਕ ਬੰਧਨਾਂ ਦੀ ਜਗ੍ਹਾਂ ਇਨਸਾਨ ਨੂੰ ਇਹਨਾਂ ਰੀਤੀ ਰਿਵਾਜ਼ਾਂ ਵਿੱਚ ਨਿਕਲ ਕੇ ਚੰਗੇ ਬਣਨ ਦੇ ਅਮਲ ਮਾਰਗ ਨੂੰ ਪੇਸ਼ ਕਰਦੀ ਹੈ।

ਦਇਆ ਕਪਾਹ ਸੰਤੋਖ ਸੂਤੁ ਸਾਤੁ ਗੰਢੀ ਸਤੁ ਵਟੁ॥
ਏਹ ਜਨੇਊ ਜੀਆ ਕਾ ਹਈ ਪਾਡੇ ਘਤੁ।।

ਅੱਜ ਸਮਾਜ ਵਿੱਚ ਧਰਮ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕਰਕੇ ਝੂਠੇ ਕਰਮਕਾਂਡਾ ਦੁਆਰਾ ਪਰਮਾਤਮਾ ਦੇ ਅਸਲੀ ਮਾਰਗ ਤੋ ਕੋਹਾਂ ਦੂਰ ਕਰ ਦਿੱਤਾ ਹਨ ਉਚ ਨੀਚ ਵਹਿਮ ਭਰਮ ਫਿਰ ਤੋਂ ਉੱਠਣ ਲੱਗ ਪਏ। ਇੱਥੇ ਆਸਾ ਦੀ ਵਾਰ ਵਿੱਚ ਸਮਾਜਿਕ ਚੇਤਨਤਾ ਦੁਆਰਾ ਧਾਰਮਿਕ ਅਡੰਬਰਾਂ ਦੀ ਥਾਂ ਵਿਅਕਤੀਵਾਦ ਨੂੰ ਹੀ ਮਹੱਤਤਾ ਦੇਵੇਗਾ। ਸਮਾਜਿਕ ਏਕਤਾ ਦੇ ਮਾਰਗ ਦੁਆਰਾ ਮਾਨਵ ਨੂੰ ਇੱਕ ਦੂਜੇ ਦੇ ਨਾਲ ਜੋੜਨ ਤੇ ਭਾਈਚਾਰਕ ਭਾਵਨਾ ਵਧੇਗੀ ਜਿਸ ਨਾਲ ਮਾਨਵ ਅੰਦਰ ਇਹ ਰੀਤੀ ਰਿਵਾਜ ਧਰਮਾਂ, ਜਾਤੀ ਦੇ ਫੋਕੇ ਕਰਮ ਕਾਂਡਾਂ ਦੀ ਭਾਵਨਾ ਨਹੀਂ ਰਹੇਂਗੀ। ਜਿਸ ਨਾਲ ਇਹ ਸਮਾਜ ਵਿੱਚ ਰਹਿੰਦੇ ਲੋਕ ਇੱਕ ਜੁੱਟ ਹੋਣਗੇ ਤੇ ਦਿਖਾਵੇ ਛੱਡ ਕੇ ਮਾਨਵੀ ਏਕਤਾ ਦੀ ਸ਼ਕਤੀ ਤੇ ਵਿਸ਼ਵਾਸ ਕਰਨਗੇ।

ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਮਨੁੱਖੀ ਜੀਵਨ ਵਿੱਚ ਜਿੱਥੇ ਜਨਮ ਅਹਿਮ ਖ਼ੁਸ਼ੀ ਹੈ ਉੱਥੇ ਮੌਤ ਉਸ ਦੀ ਜ਼ਿੰਦਗੀ ਵਿੱਚ ਅਟੱਲ ਸਚਾਈ ਹੈ। ਜੋ ਹਮੇਸ਼ਾ ਸਾਏ ਵਾਂਗ ਕਦੇ ਵੀ ਕਿਸੇ ਨੂੰ ਵੀ ਆਪਣੇ ਲਪੇਟੇ ਵਿੱਚ ਲੈ ਸਕਦੀ ਹੈ। ਫਿਰ ਵੀ ਮਨੁੱਖ ਕਿਉਂ ਵਿਸ਼ਵ ਵਿੱਚ ਰਹਿ ਕੇ ਇੱਕ ਦੂਜੇ ਤੋਂ ਆਪਣਾ ਵਿਸ਼ਵਾਸ ਖੋਹ ਰਿਹਾ ਹੈ, ਸੁਆਰਥੀ ਬਣ ਰਿਹਾ ਹੈ। ਇੱਥੇ ਆਸਾ ਦੀ ਵਾਰ ਮਨੁੱਖ ਨੂੰ ਧਾਰਮਿਕ ਕਰਮਾਂ ਕਾਂਡਾਂ ਤੋਂ ਉੱਪਰ ਉੱਠ ਕੇ ਪਰਮਾਤਮਾ ਦੇ ਨਾਮ ਤੇ ਏਕਤਾ ਦਾ ਗਿਆਨ ਦਿੰਦਾ ਹੋਇਆ ਪਿਆਰ ਤੇ ਸਕੂਨ ਦਾ ਸੰਦੇਸ਼ ਵੀ ਪੇਸ਼ ਕੀਤਾ ਹੈ। ਜਿਸ ਨਾਲ ਵਿਸ਼ਵ ਇੱਕ ਖ਼ੁਸ਼ਹਾਲ ਅਤੇ ਸੋਹਣਾ ਸਮਾਜ ਹੋਵੇਗਾ। ਰਹੁ ਰੀਤਾਂ ਜੋ ਮੁਰਦੇ ਨੂੰ ਵੀ ਬੰਦੀ ਬਣਾਉਂਦੀਆਂ ਹਨ ਉਨ੍ਹਾਂ ਦਾ ਵੀ ਖ਼ਾਤਮਾ ਹੋਵੇਗਾ ਮਾਨਵ ਨੂੰ ਪਰਮਾਤਮਾ ਦੇ ਲੜ ਲੱਗਣ ਦਾ ਮਾਰਗ ਮਿਲੇਗਾ ਤੇ ਮੌਤ ਦੇ ਰਸਮਾਂ ਰਿਵਾਜ ਖਤਮਾ ਹੋਵੇਗਾ।

ਮਨੁੱਖੀ ਜੀਵਨ ਵਿੱਚ ਜਿੱਥੇ ਜਨਮ ਅਹਿਮ ਖ਼ੁਸ਼ੀ ਹੈ ਉੱਥੇ ਮੌਤ ਉਸ ਦੀ ਜ਼ਿੰਦਗੀ ਵਿੱਚ ਅਟੱਲ ਸਚਾਈ ਹੈ। ਜੋ ਹਮੇਸ਼ਾ ਸਾਏ ਵਾਂਗ ਕਦੇ ਵੀ ਕਿਸੇ ਨੂੰ ਵੀ ਆਪਣੇ ਲਪੇਟੇ ਵਿੱਚ ਲੈ ਸਕਦੀ ਹੈ। ਫਿਰ ਵੀ ਮਨੁੱਖ ਕਿਉਂ ਵਿਸ਼ਵ ਵਿੱਚ ਰਹਿ ਕੇ ਇੱਕ ਦੂਜੇ ਤੋਂ ਆਪਣਾ ਵਿਸ਼ਵਾਸ ਖੋਹ ਰਿਹਾ ਸੁਆਰਥੀ ਬਣ ਰਿਹਾ ਹੈ। ਇੱਥੇ ਆਸਾ ਦੀ ਵਾਰ ਮਨੁੱਖ ਨੂੰ ਧਾਰਮਿਕ ਕਰਮਾਂ ਕਾਂਡਾਂ ਤੋਂ ਉੱਪਰ ਉੱਠ ਕੇ ਪਰਮਾਤਮਾ ਦੇ ਨਾਮ ਤੇ ਏਕਤਾ ਦਾ ਗਿਆਨ ਦਿੰਦਾ ਹੋਇਆ ਪਿਆਰ ਤੇ ਸਕੂਨ ਦਾ ਸੰਦੇਸ਼ ਵੀ ਪੇਸ਼ ਕੀਤਾ ਹੈ। ਜਿਸ ਨਾਲ ਵਿਸ਼ਵ ਇੱਕ ਖ਼ੁਸ਼ਹਾਲ ਅਤੇ ਸੋਹਣਾ ਸਮਾਜ ਹੋਵੇਗਾ। ਰਹੁ ਰੀਤਾਂ ਜੋ ਮੁਰਦੇ ਨੂੰ ਵੀ ਬੰਦੀ ਬਣਾਉਂਦੀਆਂ ਹਨ ਉਨ੍ਹਾਂ ਦਾ ਵੀ ਖ਼ਾਤਮਾ ਹੋਵੇਗਾ ਮਾਨਵ ਨੂੰ ਪਰਮਾਤਮਾ ਦੇ ਲੜ ਲੱਗਣ ਦਾ ਮਾਰਗ ਮਿਲੇਗਾ ਤੇ ਮੌਤ ਦੇ ਰਸਮਾਂ ਰਿਵਾਜ ਖਤਮਾ ਹੋਵੇਗਾ। ਮਨੁੱਖ ਪਰਮਾਤਮਾ ਤੇ ਏਕਤਾ ਦੀ ਜਗ੍ਹਾ ਪੂੰਜੀਵਾਦੀ ਦਿਖਾਵੇ ਵੱਲ ਭੱਜ ਰਿਹਾ ਤੇ ਪੂੰਜੀਵਾਦੀ ਸਭ ਤੋ ਵੱਡਾ ਭਰਮ ਹੈ। ਮਨੁੱਖ ਆਪਣੀ ਝੂਠੀ ਸ਼ੁਹਰਤ ਸੁੰਦਰਤਾ ਤੇ ਕੱਪੜਿਆਂ ਨਾਲ ਸਮਾਜ ਵਿੱਚ ਦਿਖਾਵਾ ਕਰਦਾ ਹੈ। ਪਰ ਆਸਾ ਦੀ ਵਾਰ ਵਿੱਚ ਸਮਾਜ ਦੇ ਇਸ ਛੱਲ ਭਰਮ ਬਾਰੇ ਮਾਨਵ ਨੂੰ ਅਸਲੀ ਮਾਰਗ ਦੇ ਰਾਹ ਦਾ ਪ੍ਰਕਾਸ਼ਮਾਨ ਕਰਵਾਇਆ ਹੈ। ਇਹ ਰਾਜ ਸਰਕਾਰਾਂ, ਜਾਤ ਪਾਤ, ਸਭ ਝੂਠ ਹੈ ਤੇ ਇਹ ਸਭ ਪਰਮਾਤਮਾ ਨੇ ਹੀ ਰਚੇ ਹੋਏ ਹਨ ਤੇ ਪਰਮਾਤਮਾ ਅਧੀਨ ਹੀ ਸਭ ਹੈ ਸਮਾਜ ਪਰਮਾਤਮਾ ਨੂੰ ਫਿਰ ਕਿਉਂ ਭੁੱਲਦਾ ਜਾ ਰਿਹਾ ਤੇ ਇਸ ਬਾਣੀ ਵਿੱਚ ਸਮਾਜ ਨੂੰ ਪਰਮਾਤਮਾ ਦੀ ਰਚਨਾ ਉਸ ਦੀ ਸ਼ਕਤੀ ਅਗਮ

ਅਪਾਰ ਬਾਰੇ ਲੋਕਾਂ ਨੂੰ ਚੇਤੰਨ ਕੀਤਾ। ਸਮਾਜ ਨੂੰ ਸਵਾਰਥਾਂ ਦੀ ਜਗ੍ਹਾਂ ਏਕਤਾ ਵਿੱਚ ਰਹਿਣ ਲਈ ਮਾਰਗ ਮਿਲਦਾ ਹੈ ਛੱਲ ਦੀ ਜਗ੍ਹਾ ਹੱਕ ਹਲਾਲ ਦਾ ਵੱਡਾ ਸੁਨੇਹਾ ਵੀ ਇਸ ਬਾਣੀ ਰਾਹੀ ਮਾਨਵ ਨੂੰ ਮਿਲਦਾ ਹੈ ਤੇ ਰਿਸ਼ਤਿਆਂ ਵਿੱਚ ਸੰਤੁਲਨ ਕਾਇਮ ਕਰਨ ਦੀ ਪ੍ਰੇਰਨਾ ਮਿਲਦੀ ਹੈ। ਜਿਸ ਵਿੱਚ ਸਵਾਰਥਾਂ ਦੀ ਜਗ੍ਹਾਂ ਪਿਆਰ ਤੇ ਇੱਜ਼ਤ ਮਨੁੱਖ ਨੂੰ ਏਕਤਾ ਦੇ ਰਾਹ ਤੇ ਲੈ ਕੇ ਜਾਵੇਗਾ।

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥

ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥

ਆਸਾ ਦੀ ਵਾਰ ਵਿੱਚ ਇਹਨਾਂ ਸਤਰਾਂ ਰਾਹੀ ਸਮਾਜ ਨੂੰ ਕਰਮਕਾਂਡਾ ਤੇ ਝੂਠੀਆਂ ਸੋਸ਼ੇਬਾਜੀਆਂ ਬਾਰੇ ਜਾਣੂ ਕਰਵਾਇਆ ਹੈ। ਇਸ ਵਿਸ਼ਵੀਕਰਨ ਯੁੱਗ ਵਿੱਚ ਬਾਣੀ ਅਧਿਆਤਮਿਕ ਨੂੰ ਹੀ ਮੁੱਖ ਨਹੀਂ ਰੱਖਦੀ ਸਗੋਂ ਸਮਾਜਿਕ ਚੇਤਨਤਾ ਨੂੰ ਵੀ ਹਾਜ਼ਰ ਕਰਦੀ ਹੈ। ਧਰਮ ਦੇ ਨਾਂ ਉੱਪਰ ਸਮਾਜ ਨੂੰ ਝੂਠੇ ਪੈਰੋਕਾਰ ਲੁੱਟ ਰਹੇ ਹਨ ਲੋਕ ਊਚ ਨੀਚ, ਜਾਤ ਪਾਤ ਜਿਹੇ ਦੰਗਲਾਂ ਵਿੱਚ ਫਸਦੇ ਜਾ ਰਹੇ ਹਨ। ਪਰਮਾਤਮਾ ਦੇ ਨਾਂ ਤੇ ਵੀ ਸਮਾਜ ਵਿੱਚ ਵੰਡੀਆਂ ਪੈ ਰਹੀਆਂ ਹਨ। ਆਦਰ ਮਾਨ ਸਤਿਕਾਰ ਵਿਖਾਵਾ ਬਣ ਕੇ ਰਹਿ ਗਿਆ ਹੈ। ਇਸ ਬਾਣੀ ਅਨੁਸਾਰ ਸਾਰੇ ਕਰਮ ਕਾਂਡ ਨੂੰ ਰੱਦ ਕੀਤਾ ਹੈ ਜੋ ਸਮਾਜ ਵਿੱਚ ਜੋ ਫੁੱਟ ਪਾਉਂਦਾ ਉਹ ਕੋਈ ਧਰਮ ਨਹੀਂ ਸਗੋਂ ਸਮਾਜ ਵਿੱਚ ਰਹਿੰਦੇ ਕੁੱਝ ਅਖੌਤੀ ਇਨਸਾਨਾਂ ਦੀਆਂ ਸੋਚੀਆਂ ਸਮਝੀਆਂ ਚਾਲਾਂ ਹਨ ਜਿਸ ਨਾਲ ਆਮ ਲੋਕਾਂ ਨੂੰ ਭੜਕਾਇਆ ਜਾਂਦਾ ਦਹਿਸ਼ਤ ਦਾ ਮਾਹੌਲ ਸਾਜਿਆਂ ਜਾਂਦਾ ਤੇ ਹਜ਼ਾਰਾਂ ਲੋਕ ਇਸ ਦੀ ਬਲੀ ਚੜ੍ਹਦੇ ਹਨ। ਜਦ ਆਮ ਇਨਸਾਨ ਇਹ ਅਖੌਤੀ ਆਗੂਆਂ ਦੀਆਂ ਚਾਲਾਂ ਤੋਂ ਜਾਗਰੂਕ ਹੋ ਜਾਵੇਗਾ ਤਾਂ ਸਮਾਜ ਵਿੱਚ ਏਕਤਾ ਵਧੇਗੀ ਤੇ ਪਰਮਾਤਮਾ ਦੀ ਰਜਾ ਵਿੱਚ ਏਕਤਾ ਤੇ ਖ਼ੁਸ਼ਹਾਲੀ ਆਵੇਗੀ ਇਸ ਨਾਲ ਸ਼ੋਸੇਬਾਜੀਆਂ, ਅਵਤਾਰਵਾਦ ਦਾ ਖੰਡਨ ਹੋਵੇਗਾ।

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।।

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।।

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।।

ਛੋਡੀਲੇ ਪਾਖੰਡਾ।।

ਨਾਮਿ ਲਇਐ ਜਾਹਿ ਤਰੰਦਾ।। ੧।।

ਅਜੋਕੇ ਦੌਰ ਦੇ ਸੰਦਰਭ ਰਾਹੀ ਆਸਾ ਦੀ ਵਾਰ ਵਿੱਚ ਧਰਮ ਦੇ ਵਿੱਚ ਵਿਖਾਵੇ ਨਕਲੀਪਨ ਜੋ ਸਦੀਆਂ ਤੋਂ ਚੱਲਿਆ ਆ ਰਿਹਾ ਹੈ ਕਿ ਜਿੱਥੇ-ਜਿੱਥੇ ਧਰਮ ਨੇ ਪੈਰ ਪਸਾਰੇ ਹਨ ਉੱਥੇ-ਉੱਥੇ ਆਡੰਬਰ ਵੀ ਨਾਲ -ਨਾਲ ਚੱਲੇ ਹਨ ਅਤੇ ਇਹਨਾਂ ਅਡੰਬਰਾਂ ਨੇ ਹੀ ਸਮਾਜਿਕ ਕੁਰੀਤੀਆ ਦਾ ਰੂਪ ਧਾਰਨ ਕੀਤਾ ਹੈ। ਕਿਸੇ ਵੀ ਸਮਾਜ ਨੂੰ ਬਦਲਣ ਲਈ ਉਸ ਸਮਾਜ ਦੇ ਲੋਕਾਂ ਦੀ ਚੇਤਨਾ ਨੂੰ ਬਦਲਣਾ ਜ਼ਰੂਰੀ ਹੈ ਅਤੇ ਆਸਾ ਦੀ ਵਾਰ ਵਿੱਚ ਇਹ ਸਾਰੇ ਤੱਤ ਮੌਜੂਦ ਹਨ ਜੋ ਸਮਾਜ ਵਿੱਚ ਫੈਲਿਆ ਕੁਰੀਤੀਆਂ ਤੋਂ ਸਾਨੂੰ ਚੇਤਨ ਕਰਵਾ ਸਕਦੇ ਹਨ ਹਾਲਾ ਕਿ ਇਹ ਬਾਣੀ ਬਹੁਤ ਪੁਰਾਣੀ ਹੈ। ਪਰ ਇਸ ਬਾਣੀ ਦੀ ਨਵੀਨਤਾ ਅਤੇ ਵਿਸ਼ਾਲਤਾ ਇਸ ਗੱਲ ਤੋਂ ਸਾਬਿਤ ਹੁੰਦੀ ਹੈ ਕਿ ਅਜੋਕੇ ਵਿਗਿਆਨਕ ਦੌਰ ਵਿੱਚ ਵੀ ਸਮਾਜ ਹਾਲੇ ਕੁਰੀਤੀਆਂ ਨਾਲ ਹੀ ਜਕੜਿਆ ਪਿਆ। ਜਦ ਕਿ ਆਸਾ ਦੀ ਵਾਰ ਵਿੱਚ ਪ੍ਰਸਤੁਤ ਸਮਾਜਿਕ ਚੇਤਨਾ ਏਕਤਾ ਦੇ ਵਿਸ਼ਵਾਸ ਉੱਪਰ ਸਾਲਾਂ ਤੋਂ ਹੀ ਉਸੇ ਤਰ੍ਹਾਂ ਕਾਇਮ ਹੈ ਤੇ ਇਸ ਬਾਣੀ ਨੇ ਨਕਲੀਪਨ ਦਾ ਦਿਖਾਵਿਆਂ ਪ੍ਰਤੀ ਸਮਾਜ ਨੂੰ ਨਵੀਨ ਮਾਰਗ ਪੇਸ਼ ਕੀਤਾ। ਜੋ ਅਨੇਕਤਾ ਤੇ ਸੱਟ ਮਾਰਦੀ ਹੋਈ ਏਕਤਾ ਦੇ ਮਹੱਤਵ ਨੂੰ ਦੁਨੀਆ ਸਾਹਮਣੇ ਪੇਸ਼ ਕਰਦੀ ਹੈ।

ਮਾਣਸ ਖਾਣੇ ਕਰਹਿ ਨਿਵਾਜ ॥

ਛੁਰੀ ਵਗਾਇਨਿ ਤਿਨ ਗਲਿ ਤਾਗ ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥

ਹਰ ਕੋਈ ਆਪਣੇ ਸਵਾਰਥਾਂ ਸਵਾਦਾ ਲਈ ਹੱਕ ਸੱਚ ਨੂੰ ਝੰਜੋੜ ਕੇ ਦੀਨ ਈਮਾਨ ਦਾ ਵਿਖਾਵਾ ਕਰਦੇ ਹਨ। ਧਰਮ ਦੇ ਨਾਮ ਤੇ ਠੱਗਿਆ ਮਾਰ ਰਹੇ ਹਨ। ਜਦ ਕਿ ਮੁਸਲਮਾਨ ਦਰਮ ਅਨੁਸਾਰ ਇਹ ਪਰਾਇਆ ਹੱਕ ਖਾਣਾ ਸੂਰ ਖਾਣ ਦੇ ਬਰਾਬਰ ਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਸਮਾਨ ਹੈ ਪਰ ਇੱਥੇ ਸਭ ਝੂਠ ਦੀ ਕਮਾਈ ਕਰਨ ਵਿੱਚ ਰੁੱਝੇ ਹੋਏ ਹਨ ਤੇ ਇਨ੍ਹਾਂ ਧਾਰਮਿਕ ਉਦੇਸ਼ਾਂ ਤੇ ਕੋਈ ਅਮਲ ਨਹੀਂ ਕਰ ਰਿਹਾ। ਆਸਾ ਦੀ ਵਾਰ ਵਿੱਚ ਧਾਰਮਿਕ ਸਾਦਗੀ ਦੀ ਸਿਫ਼ਤ ਸਲਾਹ ਤੇ ਜ਼ੋਰ ਦਿੱਤਾ ਇਸ ਤੋਂ ਇਲਾਵਾ ਹਿੰਦੂ ਧਰਮ ਵਿੱਚ ਖੋਖਲੇ ਕਰਮਕਾਂਡ ਤੇ ਬ੍ਰਹਮਣਵਾਦ ਦੀ ਪ੍ਰਧਾਨਤਾ ਤੇ ਮੁਸਲਮਾਨਾਂ ਦੇ ਦਿਖਾਵੇ ਦਾ ਧਰਮ ਆਦਿ ਨੂੰ ਸਮਾਜ ਸਾਹਮਣੇ ਵਿਖਾਇਆ ਹੈ। ਗੁਰੂ ਜੀ ਨੇ ਸਮਾਜਿਕ ਚੇਤਨਾ ਲਈ ਮਾਨਵ ਨੂੰ ਸੱਚੇ ਧਰਮ ਆਚਾਰ ਦੇ ਸੰਕਲਪ ਦਿੱਤਾ ਜੋ ਵਿਸ਼ਵ ਵਿੱਚ ਰਹਿੰਦੇ ਮਾਨਵ ਨੂੰ ਇਕਾਗਰਤਾ ਤੇ ਭਾਵਨਾਤਮਕ ਆਧਾਰ ਸਥਾਪਿਤ ਕਰੇਗਾ।

### ਆਸਾ ਦੀ ਵਾਰ ਦਾ ਧਾਰਮਿਕ ਪਰਿਪੇਖ:

ਆਸਾ ਦੀ ਵਾਰ ਵਿੱਚ ਇੱਕ ਅਨੋਖੀ ਦਾਰਸ਼ਨਿਕ ਵਿਆਖਿਆ ਮਿਲਦੀ ਹੈ ਇਸ ਦੀ ਰਚਨਾ ਬੇਸ਼ੱਕ 15ਵੀਂ ਸਦੀ ਵਿੱਚ ਹੋਈ ਮੰਨੀ ਜਾਂਦੀ ਹੈ ਪਰ ਇਹ ਅੱਜ ੨੧ਵੀਂ ਸਦੀ ਦੇ ਦੌਰ ਵਿੱਚ ਵਿਸ਼ਵ ਨੂੰ ਏਕਤਾ ਦੀ ਚੇਤਨਤਾ ਦਿੰਦੀ ਹੈ ਅੱਜ ਵਿਸ਼ਵ ਜੋ ਦੁੱਖ, ਸੁੱਖ, ਲੋਭ, ਮੋਹ, ਨਿੰਦਾ ਆਦਿ ਕੁਰੀਤੀਆਂ ਵਿੱਚ ਕੈਦ ਹੈ ਤਾਂ ਇੱਥੇ ਗੁਰੂ ਜੀ ਮਨੁੱਖੀ ਜੀਵਨ ਵਿੱਚ ਇਹਨਾਂ ਸਾਰੇ ਬੰਧਨਾਂ ਨੂੰ ਕੋਈ ਥਾਂ ਹੀ ਨਹੀਂ ਦਿੱਤੀ ਸਗੋਂ ਇੱਕ ਆਦਰਸ਼ ਤੇ ਵਿਸ਼ਵੀ ਏਕਤਾ ਲਈ ਆਵਾਜ਼ ਦਿੱਤੀ ਜਿਸ ਨਾਲ ਮਾਨਸਿਕ ਬੰਧਨਾਂ ਤੋਂ ਮੁਕਤੀ ਅਤੇ ਧਰਮ ਆਦਰਸ਼ ਜੀਵਨ ਦਾ ਉਦੇਸ਼ ਮਿਲਦਾ ਹੈ । "ਆਸਾ ਦਾ ਵਾਰ" ਵਿੱਚ ਗੁਰੂ ਜੀ ਨੇ ਇੱਕ ਨਵੀਨ ਧਰਮ ਦੀ ਨੀਂਹ ਰੱਖੀ ਤੇ ਜਿਸ ਵਿੱਚ ਪ੍ਰਮਤਮਾ ਦੇ ਸਰਬ ਵਿਆਪੀ ਅਤੇ ਸਰਬ-ਸ਼ਕਤੀਮਾਨ ਰੂਪ ਨੂੰ ਮੰਨ ਕੇ ਵਿਸ਼ਵੀ ਏਕਤਾ ਦਾ ਪ੍ਰਤੀਕ ਮੰਨਿਆ ਹੈ। ਜਿਸ ਨਾਲ ਸਾਰੇ ਵਿਤਕਰੇ ਮਿਟਣਗੇ ਪਰਸਪਰ ਗਿਆਨ, ਸਹਿਯੋਗ, ਸਦਭਾਵਨਾ ਏਕਤਾ ਦਾ ਮਾਹੌਲ ਪੈਦਾ ਹੋ ਜਾਵੇਗਾ ਤੇ ਅੱਜ ਵਿਸ਼ਵ ਦੇ ਵਿਕਾਸ ਲਈ ਇਹ ਸਦਾਭਾਵਨਾਵਾਂ ਅਤਿ ਜ਼ਰੂਰੀ ਹਨ। ਇਸ ਗਿਆਨ ਲਈ ਆਸਾ ਦੀ ਵਾਰ ਢੁਕਵੀਂ ਹੈ ਜੋ ਮਨੁੱਖ ਨੂੰ ਸਮੇਂ-ਸਮੇਂ 'ਤੇ ਸੇਧ ਤੇ ਰਹਿਨੁਮਾਈ ਅਗਵਾਈ ਦਾ ਮਾਰਗ ਦੇਵੇਗੀ।

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਨ ਨ ਲਾਗੀ ਵਾਰ॥

ਇਸ ਵਾਰ ਵਿੱਚ ਸਿੱਖਿਆ ਮਿਲਦੀ ਹੈ ਕਿ ਜੋ ਵਿਸ਼ਵ ਵਿੱਚ ਰਹਿੰਦੇ ਹਰ ਮਾਨਵ ਲਈ ਜ਼ਰੂਰੀ ਹੈ। ਕਿ ਮਾਨਵ ਨੂੰ ਰੱਬ ਦੇ ਪਹਿਲੂ ਤੋਂ ਜਾਣੂ ਹੋਣਾ ਚਾਹੀਦਾ ਹੈ। ਜਿਸ ਨਾਲ ਮਾਨਵ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਕਿ ਜਦ ਉਸ ਦਾ ਸਰੀਰ ਮਿੱਟੀ ਵਿੱਚ ਮਿੱਟੀ ਹੋ ਜਾਵੇਗਾ ਤਾਂ ਉਸ ਦੀ ਆਤਮਾ ਨੂੰ ਰੱਬ ਦਾ ਨਾਮ ਹੀ ਪਾਰ ਉਤਾਰੇਗਾ ਤੇ ਜੋ ਦੁਨਿਆਵੀ ਦਿਖਾਵੇ ਭਾਵ ਹੰਕਾਰ ਲਈ ਜ਼ਿੰਦਗੀ, ਝੂਠੀ ਸ਼ਾਨੋ ਸ਼ੌਕਤ ਹੈ।ਇਹ ਸਭ ਦੁਨਿਆਵੀ ਭੁਲੇਖੇ ਹਨ। ਆਸਾ ਦੀ ਵਾਰ ਅਨੁਸਾਰ ਇੱਕ ਪਰਮਾਤਮਾ ਦਾ ਨਾਂ ਹੀ ਸੱਚਾ ਹੈ। ਜੋ ਇਨ੍ਹਾਂ ਦਿਖਾਵਿਆਂ ਤੇ ਭੁਲੇਖਿਆ ਤੋਂ ਦੂਰ ਹੈ।

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਲੋਕ ਬੇਸ਼ੱਕ ਵਿਸ਼ਵੀ ਏਕਤਾ ਦਾ ਹੋਕਾ ਦੇ ਰਹੇ ਹਨ। ਪਰ ਹਿਰਦੇ ਅੰਦਰੋਂ ਉਹ ਆਪਣੇ ਅਸਲੀ ਮਾਰਗ ਤੋਂ ਭਟਕ ਗਏ ਹਨ। ਅੱਜ ਜੋ ਲੋਕ ਪ੍ਰਮਾਤਮਾ ਨੂੰ ਚੇਤੇ ਨਹੀਂ ਕਰਦੇ ਆਪਣੇ ਆਪ ਵਿੱਚ ਬੁੱਧੀਮਾਨ ਬਣੇ ਹੋਏ ਹਨ, ਜੋ ਉੱਪਰੋਂ ਤਾਂ ਸੁੱਖ ਸਹੂਲਤਾਂ ਮਾਨਣ ਦਾ ਦਾਅਵਾ ਕਰਦੇ ਹਨ ਪਰ ਅਸਲ ਵਿੱਚ ਅੰਦਰੋਂ ਟੁੱਟੇ ਹੋਏ ਹੁੰਦੇ ਹਨ। ਬੇਸ਼ੱਕ ਉਹ ਆਪਣੇ ਵਿਚਾਰਾਂ ਨੂੰ ਇਸ ਦੁਨੀਆ ਵਿੱਚ ਅਟੱਲ ਰੱਖਣ ਦੀ ਕੋਸ਼ਿਸ਼ ਕਰਦੇ ਹਨ ਪਰ ਸਮੇਂ ਦੇ ਬਦਲ ਨਾਲ ਲੋਕ ਇਹ ਵਿਚਾਰਾਂ ਨੂੰ ਫ਼ਜ਼ੂਲ ਸਮਝ ਕੇ ਛੱਡ ਦਿੰਦੇ ਹਨ। ਜਿਸ ਨਾਲ ਉਹ ਮਨੁੱਖ ਇਕੱਲੇ ਹੋ ਜਾਂਦੇ ਹਨ। ਆਸਾ ਦੀ ਵਾਰ ਅਨੁਸਾਰ ਮਨੁੱਖ ਨੂੰ ਹਮੇਸ਼ਾ ਮਨ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਸੋਚ ਨੂੰ ਸਚਿਆਰਾ ਬਣਾਉਣ ਲਈ ਦੂਜਿਆਂ ਦੀ ਖ਼ੁਸ਼ੀ ਦਾ ਵੀ ਧਿਆਨ ਕਰਨਾ ਚਾਹੀ

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥
ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਬੀਚਾਰ॥
ਸਚਾ ਤੇਰਾ ਅਮਰੁ ਦੀਬਾਣੁ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥
ਸਚਾ ਤੇਰਾ ਕਰਮੁ ਸਚਾ ਨੀਸਾਣੁ॥੩

ਇਹਨਾਂ ਸਤਰਾਂ ਵਿੱਚ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਅਟੱਲ ਹੈ ਉਸ ਨੇ ਜੋ ਰਚਨਾ ਕੀਤੀ ਹੈ ਉਹ ਵੀ ਸੱਚ ਹੈ। ਉਸ ਦੀ ਕਿਰਪਾ ਰਾਹੀ ਬ੍ਰਹਮੰਡ, ਖੰਡ ਆਦਿ ਜਿਨ੍ਹਾਂ ਦੀ ਸਿਰਜਨਾ ਹੋਈ ਹੈ। ਇਹ ਸਭ ਉਸ ਪਰਮਾਤਮਾ ਦੇ ਹੁਕਮ ਅਧੀਨ ਹੈ। ਇਹਨਾਂ ਸਤਰਾਂ ਰਾਹੀ ਸਪਸ਼ਟ ਕੀਤਾ ਹੈ ਕਿ ਇਹ ਵਿਸ਼ਵ ਅਸਲ ਵਿੱਚ ਇੱਕ ਸੁੰਦਰ ਸੁਪਨੇ ਦੀ ਤਰ੍ਹਾਂ ਇੱਕ ਭਰਮ ਹੈ ਜਿਸ ਦਾ ਕੋਈ ਅੰਤ ਨਹੀਂ ਹੈ। ਅੱਜ ਵਿਸ਼ਵੀਕਰਨ ਯੁੱਗ ਵਿੱਚ ਬੇਸ਼ੱਕ ਵਿਗਿਆਨ ਨੇ ਖੰਡ ਬ੍ਰਹਮੰਡ ਨੂੰ ਬਹੁਤ ਜਾਣ ਲਿਆ ਪਰ ਫਿਰ ਵੀ ਪਰਮਾਤਮਾ ਦੀ ਪਹੁੰਚ ਤੇ ਉਸ ਦੀ ਰਚਨਾ ਦਾ ਭੇਦ ਮਾਨਵ ਨਹੀਂ ਪਾ ਸਕਿਆ। ਕਿਉਂਕਿ ਪਰਮਾਤਮਾ ਇੱਕ ਅਜਿਹਾ ਭੇਦ ਹੈ ਜਿਸ ਨੂੰ ਪਾਉਣ ਲਈ ਮਨੁੱਖ ਅੰਦਰ ਅਧਿਆਤਮਿਕਤਾ ਦਾ ਹੋਣਾ ਲਾਜ਼ਮੀ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੈ ਕਾ ਵਿਚਿ ਵਾਸੁ॥

ਇਕਨ੍ਹਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ॥੪

ਇਸ ਵਿਸ਼ਵ ਵਿੱਚ ਸਾਰੇ ਉਸ ਪਰਮਾਤਮਾ ਦੇ ਅਨੁਸਾਰੀ ਹੁਕਮ ਨਾਲ ਚੱਲਦੇ ਹਨ। ਇਹ ਜਗਤ ਉਸ ਦਾ ਹੀ ਕੋਠੜਾ ਹੈ ਜਿਸ ਵਿੱਚ ਸੱਚ ਦਾ ਵਧੇਰੇ ਆਦਰ ਸਮਾਨ ਹੈ, ਪਰ ਅੱਜ ਵਿਸ਼ਵੀਕਰਨ ਯੁੱਗ ਵਿੱਚ ਇਸ ਸੱਚ ਦੀ ਹੋਂਦ ਘਟਦੀ ਜਾ ਰਹੀ ਹੈ। ਪਰਮਾਤਮਾ ਜੋ ਕਦੀ ਤਾਂ ਦੁਨੀਆ ਨੂੰ ਆਪਣੇ ਹੁਕਮ ਅਨੁਸਾਰੀ ਕਰਕੇ ਸੁੰਦਰ ਬਣਾਉਂਦਾ ਹੈ ਤੇ ਕਦੀ ਇਸ ਸੰਸਾਰ ਦਾ ਨਾਸ ਕਰਦਾ। ਇਹ ਪਰਮਾਤਮਾ ਹੀ ਆਪਣੇ ਮਰਜ਼ੀ ਅਨੁਸਾਰ ਦੁਨੀਆ ਨੂੰ ਚਲਾਉਂਦਾ ਵਿਸ਼ਵ ਦਾ ਹਰ ਜੀਵ ਪਰਮਾਤਮਾ ਅਧੀਨ ਹੋ ਕੇ ਹੀ ਚਲਦਾ ਹੈ। ਪਰ ਅੱਜ ਵਿਸ਼ਵ ਦਾ ਹਰ ਮਾਨਵ ਮਾਰਗ ਤੋਂ ਭਟਕ ਕੇ ਵਿਕਾਰਾਂ ਵਿੱਚ ਹੀ ਜਾ ਰਿਹਾ ਹੈ। ਆਸਾ ਦੀ ਵਾਰ ਭੌਤਿਕਵਾਦੀ ਵਿਸ਼ਵ ਨੂੰ ਆਪਣਾ ਅਧਿਆਤਮਕ ਰੂਪ ਪੇਸ਼ ਕਰਕੇ ਸੰਸਾਰ ਦੇ ਅਸਲੀ ਮਾਰਗ ਦਰਸ਼ਕ ਬਾਰੇ ਇਹ ਸੰਦੇਸ਼ ਦਿੰਦੀ ਹੈ ਕਿ ਮਨੁੱਖ ਨੂੰ ਏਕਤਾ, ਪਿਆਰ, ਸਾਂਝ ਨੂੰ ਬਿਨਾਂ ਕਿਸੇ ਭੇਦ ਭਾਵ ਅਪਣਾਉਣਾ ਚਾਹੀਦਾ ਹੈ।

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥

ਕੇਤੀਆ ਕੰਨ੍ਹ ਕਹਾਣੀਆਂ ਕੇਤੇ ਬੇਦ ਬੀਚਾਰ॥

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥

ਬਾਜਾਰੀ ਬਾਜ਼ਾਰ ਮਹਿ ਆਦਿ ਕਢਹਿ ਬਾਜ਼ਾਰ॥੮

ਆਸਾ ਦੀ ਵਾਰ ਵਿਸ਼ਵ ਵਿੱਚ ਰਹਿੰਦੇ ਲੋਕਾਂ ਨੂੰ ਏਕਤਾ, ਪਿਆਰ, ਭਾਵਨਾਵਾਂ, ਅਮਨ, ਜਾਗ੍ਰਿਤੀ ਕਰਨ ਲਈ ਯਤਨਸ਼ੀਲ ਹੈ ਮਨੁੱਖ ਨੂੰ ਉਸ ਪਰਮਾਤਮਾ ਦੇ ਮਹੱਤਵ ਭਾਵ ਉਸ ਦੇ ਨਿਰੰਕਾਰ ਰੂਪ ਨੂੰ ਦਰਸਾਇਆ ਹੈ। ਜਿਸ ਨੇ ਇਸ ਵਿਸ਼ਵ ਦਾ ਚਿਤਵ ਕੀਤਾ ਜੋ ਇੱਕ ਹੈ ਅਤੇ ਡਰ ਰਹਿਤ ਹੈ। ਬੇਸ਼ੱਕ ਰਾਮ ਅੱਜ ਦੇ ਯੁੱਗ ਵਿੱਚ ਇੱਕ ਰਹਿਤ ਹੈ ਜਿਸ ਨੂੰ ਮਾਨਵ ਪੂਜਦਾ ਤੇ ਕ੍ਰਿਸ਼ਨ ਦੇ ਵੇਦਾਂ ਨੂੰ ਵਿਚਾਰਦਾ ਪੜਦਾ ਹੈ ਪਰ ਪਰਮਾਤਮਾ ਦਾ ਅਸਲੀ ਮਾਰਗ ਫਿਰ ਵੀ ਮਾਨਵ ਤੋਂ ਕੋਹਾਂ ਦੂਰ ਰਹਿੰਦਾ ਹੈ। ਪਰ ਜਿਸ ਸਰੀਰ ਨੂੰ ਮਨੁੱਖ ਵੱਖ-ਵੱਖ ਰੂਪ ਦੇ ਕੇ ਬਾਜ਼ਾਰ ਵਿੱਚ ਨੱਚਦਾ ਹੈ ਰਾਸ ਧਾਰਦਾ ਉਹ ਨਾਸ਼ਵਾਨ ਹੈ। ਜਦਕਿ ਪਰਮਾਤਮਾ ਇਨ੍ਹਾਂ ਗੱਲਾਂ ਨੂੰ ਮਨੁੱਖ ਨੂੰ ਸਮਝਾਉਂਦਾ ਹੈ ਪਰ ਮਨੁੱਖ ਆਪਣੀ ਭਟਕਣਾ ਅੱਗੇ ਪਰਮਾਤਮਾ ਦੇ ਅਸਲੀ ਰੂਪ ਨੂੰ ਭੁੱਲ ਜਾਂਦਾ। ਪਰਮਾਤਮਾ ਦੀ ਪ੍ਰਾਪਤੀ ਇਹਨਾਂ ਅਡੰਬਰਾਂ ਨਾਲ ਨਹੀਂ ਸਗੋਂ ਗੁਰੂ ਦੀ ਮਿਹਰ ਨਾਲ ਮਿਲਦੀ ਹੈ। ਵਿਸ਼ਵ ਵਿੱਚ ਅੱਜ ਹਰ ਮਨੁੱਖ ਨੂੰ ਆਪਣੇ ਸੱਚੇ ਮਾਰਗ ਦੇ ਲਈ ਗੁਰੂ ਦੀ ਲੋੜ ਹੈ ਗੁਰੂ ਦੇ ਮਿਲਣ ਨਾਲ ਮਨੁੱਖ ਦੀ ਹਰ ਸਾਧਨਾ ਪੂਰੀ ਹੁੰਦੀ ਹੈ ਉਸਦਾ ਮਨ ਇਹਨਾਂ ਅਡੰਬਰਾਂ ਵਿੱਚ ਨਹੀਂ ਹੁੰਦਾ ਸਗੋਂ ਗੁਰੂ ਉਸ ਨੂੰ ਇਸ ਵਿਸ਼ਵ ਵਿੱਚ ਚਾਨਣ ਦਾ ਮਾਰਗ ਦਿੰਦਾ ਹੈ। ਜਿਸ ਨਾਲ ਮਨੁੱਖ ਦਾ ਅਗਿਆਨ ਅੰਧਕਾਰ ਦੂਰ ਹੁੰਦਾ ਹੈ।ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਅਧਿਆਤਮਿਕ ਚੇਤਨਾ ਵਿਸ਼ਵ ਵਿੱਚ ਇੱਕ ਅਹਿਮ ਚੇਤਨਾ ਹੈ। ਅਧਿਆਤਮਿਕ ਚੇਤਨਾ ਧਾਰਮਿਕ ਸਰੋਕਾਰਾਂ ਨਾਲ ਸਬੰਧਤ ਚੇਤਨਾ ਮੰਨੀ ਜਾਂਦੀ ਹੈ। ਆਧਿਆਤਮਿਕ ਚੇਤਨਾ ਕੁਦਰਤ ਦੇ ਗਿਆਨ ਦਾ ਪ੍ਰਤੀਕ ਹੈ। ਅੱਜ ਦੇ ਸਮੇਂ ਵਿੱਚ ਵਿਸ਼ਵੀਕਰਨ ਕਰਨ ਦੇ ਯੁੱਗ ਵਿੱਚ ਮਨੁੱਖ ਇਸ ਗਿਆਨ ਦੇ ਮਾਰਗ ਤੋਂ ਭਟਕ ਚੁੱਕਾ ਹੈ। ਆਸਾ ਦੀ ਵਾਰ ਇਸ ਵਿਸ਼ਵੀਕਰਨ ਵਿੱਚ ਰਹਿੰਦੇ ਮਨੁੱਖ ਲਈ ਇੱਕ ਨਵੀਨ ਤਸਵੀਰ ਪੇਸ਼ ਕੀਤੀ ਹੈ ਜੋ ਅਧਿਆਤਮਿਕ ਚੇਤਨਾ ਦੁਆਰਾ ਵਿਸ਼ਵੀ ਏਕਤਾ ਦੇ ਰੂਪ ਵਿੱਚ ਮਾਨਵ ਜਾਤੀ ਨੂੰ ਬਦਲੇਗੀ ਸਿੱਧੇ ਅਸਿੱਧੇ ਤੌਰ ਤੇ ਜਨਜੀਵਨ ਨੂੰ ਪ੍ਰਭਾਵਿਤ ਕਰੇਗੀ। ਵਿਸ਼ਵੀਕਰਨ ਦੇ ਅੰਤਰਗਤ ਅਧੀਨ ਦੇਖਿਆ ਜਾਵੇ ਤਾਂ ਅਧਿਆਤਮਿਕ ਚੇਤਨਾ ਪੂਰੇ ਵਿਸ਼ਵ ਵਿੱਚ ਮਾਨਵੀ ਜਾਤੀ ਦੀ ਮਾਨਸਿਕ ਉੱਪਰ ਏਕਤਾ ਦਾ ਜਿਆਦਾ ਪ੍ਰਭਾਵ ਪਾਵੇਗੀ। ਗੁਰੂ ਜੀ ਦੀ ਇਸ ਬਾਣੀ ਵਿੱਚ ਲੋਕਾਂ ਨੂੰ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹੋਏ ਵਿਸ਼ਵ ਦੀ ਮਾਨਵ ਜਾਤੀ ਨੂੰ ਰੱਬ ਨਾਲ ਜੋੜਨ ਦਾ ਯਤਨ ਕੀਤਾ। ਆਸਾ ਦੀ ਵਾਰ ਧਾਰਮਿਕ ਸੰਪ੍ਰਦਾਵਾਂ ਵਿੱਚ ਆ ਕੇ ਚੁੱਕੇ ਅਡੰਬਰਾਂ ਦਾ ਖੰਡਨ ਕਰਕੇ ਇੱਕ ਸੱਚੀ ਜੀਵਨ ਜੁਗਤ ਅਤੇ ਕਲਿਆਣੀ ਸਮਾਜ ਦਾ ਮਾਰਗ ਦਰਸਾਇਆ ਹੈ। ਵਿਸ਼ਵ ਵਿੱਚ ਮਾਨਵ ਨੂੰ ਪਿਆਰ ਨਾਲ ਰਹਿਣ ਦਾ ਸੰਦੇਸ਼ ਦਿੱਤਾ ਅਧਿਆਤਮਿਕ ਚੇਤਨਾ ਵਿੱਚ ਮਾਨਵੀ ਜਾਤੀ ਨੂੰ ਏਕਤਾ ਤੇ ਪਰਮਾਤਮਾ ਦਾ ਆਦਰਸ਼ਕ ਰੂਪ ਦਰਸਾਇਆ। ਇਸ ਵਿਸ਼ਵ ਵਿੱਚ ਵਿਸ਼ਾਲ ਕੁਦਰਤ ਭਾਵ ਕਿ ਪਰਮਾਤਮਾ ਦਾ ਵਾਧਾ ਹੈ ਅਤੇ ਅੱਜ ਇਨਸਾਨ ਪਰਮਾਤਮਾ ਦੇ ਮਾਰਗ ਤੋ ਭਟਕ ਗਿਆ ਅੱਜ ਮਾਨਵ ਜਾਤੀ ਨੂੰ ਕੁਦਰਤ ਦਾ ਨੂਰ ਉਸ ਦੀ ਪਹੁੰਚ ਸ਼ਕਤੀ ਬਾਰੇ ਜਾਣੂ ਕਰਵਾਉਣ ਜ਼ਰੂਰੀ ਹੋ ਗਿਆ ਹੈ। ਆਸਾ ਦੀ ਵਾਰ ਵਿੱਚ ਅਧਿਅਤਾਮਿਕ ਚੇਤਨਾ ਦਾ ਮੁੱਖ ਮਕਸਦ ਹੀ ਮਾਨਵ ਜਾਤੀ ਨੂੰ ਏਕਤਾ ਵਿੱਚ ਵਿਸ਼ਵਾਸ ਤੇ ਸੱਚੇ ਮਨ ਦੀ ਅਹਿਮ ਭੂਮਿਕਾ ਨੂੰ ਪੇਸ਼ ਕੀਤਾ ਹੈ।

### ਆਸਾ ਦੀ ਵਾਰ ਦਾ ਸਭਿਆਚਾਰਕ ਪਰਿਪੇਖ:

ਆਸਾ ਦੀ ਵਾਰ ਵਿਚ ਪ੍ਰਸਤੁਤ ਪੰਜਾਬੀ ਸਭਿਆਚਾਰ ਦੀ ਜੋ ਝਲਕ ਨਜ਼ਰ ਆਉਂਦੀ ਹੈ ਉਹ ਗੁਰੂ ਸਾਹਿਬ ਵੇਲੇ ਦਾ ਸਭਿਆਚਾਰ ਹੈ। 'ਆਸਾ ਦੀ ਵਾਰ' ਵਿਚ ਤਤਕਾਲੀ, ਸਮਾਜਕ, ਰਾਜਨੀਤਕ, ਅਤੇ ਸਭਿਆਚਾਰਕ ਪਹਿਲੂਆਂ ਉੱਤੇ ਚਰਚਾ ਕੀਤੀ ਗਈ ਹੈ। ਬੋਲੀ ਪਹਿਰਾਵਾ, ਖਾਣ, ਪੀਣ, ਰਹਿਣ-ਸਹਿਣ, ਆਦਿ ਦਾ ਲੇਖਾ-ਜੋਖਾ ਜੋ ਆਸਾ ਦੀ ਵਿਰ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਕਿਸੇ ਤਤਕਾਲੀ ਸਾਹਿਤ ਕਿਰਤ ਵਿਚੋਂ ਨਹੀਂ ਮਿਲਦਾ।

ਮਹਾਨ ਚਿੰਤਕ ਜੀਵਨ ਦੀ ਪੜਚੋਲ ਕਰਕੇ ਕਦਰਾਂ ਕੀਮਤਾਂ ਦੀ ਆਲੋਚਨਾ ਕਰਦਾ ਹੈ ਅਤੇ ਨਵੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਉਭਾਰ ਕੇ ਪ੍ਰਗਤੀਸ਼ੀਲ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ। ਆਸਾ ਦੀ ਵਾਰ ਵਿਚ ਅਜਿਹਾ ਪ੍ਰਗਟਾਵਾ ਥਾਂ ਥਾਂ ਕੀਤਾ ਮਿਲਦਾ ਹੈ। ਜੀਵਨ ਦੇ ਧਾਰਮਿਕ ਪੱਖ ਨੂੰ ਆਸਾ ਦੀ ਵਾਰ ਵਿਚ ਬੜੇ ਸਾਦੇ ਅਤੇ ਸਿੱਧੇ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਸਭਿਆਚਾਰ ਦੇ ਘੇਰੇ ਵਿਚ ਧਾਰਮਿਕ ਪੁਸਤਕਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ।

ਚਾਰੇ ਵੇਦ ਹੋਏ ਸਚਿਆਰ॥
ਪੜਹਿ ਗੁਣਹਿ ਤਿੰਨ ਵੀਚਾਰ॥
ਭਾਉ ਭਗਤਿ ਕਰਿ ਨੀਚੁ ਸਦਾਏ॥
ਤਉ ਨਾਨਕ ਮੋਖੰਤਰ ਪਾਏ॥

ਆਸਾ ਦੀ ਵਾਰ ਵਿਚ ਕਿਸ ਧਾਰਮਿਕ ਪੁਸਤਕ ਦਾ ਖੰਡਨ ਨਹੀਂ ਸਗੋਂ ਉਨ੍ਹਾਂ ਦੀ ਪੂਜਾ ਅਤੇ ਉਨ੍ਹਾਂ ਦੇ ਅਮਲ ਤੋਂ ਛੁੱਟੇ ਰੂਪਾਂ ਦੀ ਅਧਿਐਨ ਹੈ। ਗੁਰੂ ਸਾਹਿਬ ਵੇਦਾਂ ਦੇ ਅਰਥ ਭਾਵ ਤੋਂ ਤੁਰ ਕੇ ਉਨ੍ਹਾਂ ਪਿੱਛੇ ਕਾਰਜਸ਼ੀਲ ਭਾਵਨਾ ਤੱਕ ਅਪੜਨ ਦੀ ਸਿੱਖਿਆ ਦੇਂਦੇ ਸਨ।

ਜਜੁ ਮਹਿ ਜੋਰਿ ਛਲੀ ਚੰਦ੍ਰਵਾਲਿ ॥।
ਕਾਨ੍ਹ ਕਿਰਸ਼ਨ ਜਾਦਮੁ ਭਇਆ ॥
ਪਾਰ ਜਾਤੂ ਰੋਪੀ ਲੈ ਆਇਆ ॥
ਬ੍ਰਿੰਦਾਬਨ ਮਹਿ ਰੰਗੁ ਕੀਆ ॥

ਭਾਵ ਕਿ ਤ੍ਰਿਸ਼ਨਾ ਅਗਨੀ ਦਾ ਰੱਖ ਹੈ ਅਤੇ ਝੂਠ ਉਸ,ਸ ਦਾ ਸਾਰਥੀ ਹੈ। ਇਸ ਯੁੱਗ ਵਿਚ ਲੋਕ ਆਪਣੀਆਂ ਇੱਛਾਵਾਂ ਦੀ ਪੂਰਤੀ ਝੂਠ ਦਾ ਸਹਾਰਾ ਲੈ ਕੇ ਕਰਦੇ ਹਨ। ਜੱਗ ਦਾ ਪ੍ਰਭਾਵ ਜਗਤ ਤੇ ਨਹੀਂ ਹੈ। ਜਗਤ ਦੇ ਜੀਵਾਂ ਦਾ ਸੁਭਾਉ ਤੇ ਆਚਰਨ ਬਦਲਣ ਨਾਲ ਯੁੱਗ ਬਦਲ ਜਾਂਦਾ ਹੈ।

ਆਸਾ ਦੀ ਵਾਰ ਵਿਚ ਬਾਹਰੀ ਭੇਖ ਅਡੰਬਰਾਂ ਦੀ ਬਾਰ ਬਾਰ ਨਿੰਦਾ ਕੀਤੀ ਗਈ ਹੈ। ਜਦੋਂ ਬਾਹਰਲੇ ਕਰਮ ਕਾਂਡ ਦੀ ਅੰਦਰੂਨੀ ਸੱਚ ਨਾਲੋਂ ਵਿਛੁਨਤਾ ਹੋ ਜਾਂਦੀ ਹੈ ਤਾਂ ਧਰਮ ਮਹਿਜ਼ ਇੱਕ ਵਿਖਾਵਾ ਬਣ ਕੇ ਰਹਿ ਜਾਂਦਾ ਹੈ। ਪ੍ਰਚਲਤ ਧਰਮ ਦੇ ਕਰਮ ਕਾਂਡਾਂ ਦਾ ਜ਼ਿਕਰ ਇਸ ਵਾਰ ਵਿਚ ਬਾਰ ਬਾਰ ਮਿਲਦਾ ਹੈ। ਸੱਚੇ ਜਨੇਊ ਦੀ ਪਰਿਭਾਸ਼ਾ ਗੁਰੂ ਸਾਹਿਬ ਇਉਂ ਦਿੰਦੇ ਹਨ।

ਦਇਆ ਕਪਾਹ ਸੰਤੋਖ ਸੂਤ ਜਤੁ ਗੰਢ ਸਤੂ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇਘਤੂ ॥

ਉਸ ਸਮੇਂ ਜੇ ਕਿਸੇ ਘਰ ਵਿਚ (ਸੂਤਕ) ਭਾਵ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਸ ਘਰ ਨੂੰ ਅਪੱਵਿਤਰ ਮੰਨਿਆ ਜਾਂਦਾ ਸੀ ਤੇ ਉਸ ਘਰ ਦਾ ਭੋਜਨ ਉਦੋਂ ਤੱਕ ਖਾਣ ਯੋਗ ਨਹੀਂ ਸੀ ਸਮਝਿਆ ਜਾਂਦਾ ਜਦ ਤੱਕ ਉਸ ਘਰ ਵਿਚੋਂ ਸੂਤਕ ਦੀ ਅਵਧੀ ਖਤਮ ਨਹੀਂ ਸੀ ਹੋ ਜਾਂਦੀ ਤੇ ਹਵਨ ਪੂਜਾ ਨਹੀਂ ਕਰਵਾਈ ਜਾਂਦੀ ਸੀ ਪਰ ਗੁਰੂ ਨਾਨਕ ਅਨੁਸਾਰ ਭਰਮਾਂ ਵਿਚ ਪਿਆ ਸੂਤਕ ਸੀ ਉਤਰਦਾ ਇਸ ਨੂੰ (ਪ੍ਰਭੂ ਦਾ) ਗਿਆਨ ਹੀ ਧੋ ਕੇ ਲਾਹ ਸਕਦਾ ਹੈ। ਬਾਹਰੀ ਭੇਖ ਦੀ ਤਾਂ ਗੁਰੂ ਨਾਨਕ ਨੇ ਬਾਰ ਬਾਰ ਆਲੋਚਨਾ ਕੀਤੀ ਹੈ।

ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥

ਸਭਿਆਚਾਰ ਵਿਚ ਸਮਾਜ ਦਆਂ ਰਸਮਾਂ, ਰੀਤਾਂ, ਵਹਿਮਾਂ, ਭਰਮਾਂ ਧਾਰਮਿਕ ਵਿਸ਼ਵਾਸ਼ਾਂ ਆਦਿ ਸੰਬੰਧਾਂ ਵਿਚ ਸਥਾਪਤ ਕਦਰਾਂਕੀਮਤਾਂ ਵਿਚੋਂ ਜੀਵਨ ਲਈ ਉਹਨਾਂ ਦੀ ਸਾਰਥਕਤਾਂ ਜਾਂ ਨਿਰਾਰਥਕ, ਦਾ ਖੰਡਨ ਜਾਂ ਮੰਡਨ ਵੀ ਸਾਹਿਤਕਾਰ ਨੇ ਕਰਨਾ ਹੁੰਦਾ ਹੈ। 'ਆਸਾ ਦੀ ਵਾਰਾ ਵਿਚ ਹਿੰਦੂ ਧਰਮ, ਮੁਸਲਮਾਨ, ਜੈਨ, ਜੋਗ ਮਤ ਛੂਧ ਖਾਇ ਹੋਰ ਕਈ ਧਰਮਾਂ ਦੀਆਂ ਪ੍ਰਚਲਤ ਮਰਿਆਦਾਵਾਂ ਦਾ ਖੰਡਨ ਗੁਰੂ ਨਾਨਕ ਨੇ ਕੀਤਾ ਅਤੇ ਆਪਣੇ ਮਤ ਦਾ ਮੰਡਨ ਵੀ ਕੀਤਾ ਹੈ। ਗੁਰੂ ਨਾਨਕ ਨੇ ਸੱਚੀ ਆਰਤੀ ਗਾਉਣ ਅਤੇ ਝੂਠੀ ਆਰਤੀ ਤਿਆਗਣ ਲਈ ਲੋਕਾਂ ਨੂੰ ਪ੍ਰੇਰਿਆ ਹੈ। ਗੁਰੂ ਸਾਹਿਬ ਦੀ ਪਾਣੀ ਦੇਣ ਵਾਲੀ ਸਾਖੀ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਤ ਧਾਰਮਿਕ ਰੀਤਾਂ ਦਾ ਖੰਡਨ ਕਰਦੀ ਹੈ।

ਗੁਰੂ ਨਾਨਕ ਨੇ ਇਸ ਵਾਰ ਵਿਚ ਸਭਿਆਚਾਰ ਦਾ ਇਕ ਹੋਰ ਪੱਖ ਕਈ ਪ੍ਰਕਾਰ ਦੇ ਭੁਲੇਖੇ ਪੈਦਾ ਕਰਨ ਵਾਲੇ ਲੋਕਾਂ ਦੇ ਪਾਤਰ ਚਿਤਰਣ ਦੀ ਵਿਧੀ ਦੁਆਰਾ ਵੀ ਪੇਸ਼ ਕੀਤਾ ਹੈ। ਉਹਨਾਂ ਨੇ ਪਹਿਰਾਵੇ, ਭੁੱਖ ਅਤੇ ਲੋਕਾਂ ਵਿਚ ਭਰਮ ਪੈਦਾ ਕਰਨ ਵਾਲੀਆਂ ਨਵੀਆਂ ਨਵੀਆਂ ਤਰਕੀਬਾਂ ਨੂੰ ਸੰਜੀਦਗੀ ਤੇ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ ।

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨ੍ਹਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥

ਆਸਾ ਦੀ ਵਾਰ ਵਿਚ ਨੋਕਧਾਰਾ ਵਿਚ ਪ੍ਰਚਨਤ ਵਹਿਮਾਂ ਭਰਮਾਂ ਨੂੰ ਮੰਨਣਾ, ਦਰਖਤਾਂ ਦੀ ਪੂਜਾ ਕਰਨੀ, ਤੀਰਥਾਂ ਤੇ ਜਾਣਾ, ਦਾਨ ਪੁੰਨ ਕਰਨਾ, ਮੜੀਆਂ ਦੀ ਪੂਜਾ ਪਿੱਤਰਾਂ ਦੀ ਪੂਜਾ, ਵਰਤ, ਸੂਤਕ ਮੰਨਣਾ, ਪਸ਼ੂਆਂ ਦੀ ਬਲੀ ਹੋਰ ਅਨੇਕਾਂ ਵਹਿਮਾਂ ਭਰਮਾਂ ਅਤੇ ਧਾਰਮਿਕ ਕਰਮ ਕਾਂਡਾਂ ਦੀਆਂ ਧੱਜੀਆਂ ਉਡਾਈਆਂ ਹੋਈਆਂ ਮਿਲਦੀਆਂ ਹਨ। ਸੰਖ, ਘੜਿਆਲ ਵਜਾਉਣਾ, ਸਵਾਂਗ ਬਣਾ ਕੇ ਨਚਣਾ, ਪੁਸਤਕਾਂ ਪੜ੍ਹਨੀਆਂ ਆਦਿ ਭਰਮਾਂ ਵਿਚੋਂ ਨਿਕਲਣ ਲਈ ਮਨੁੱਖ ਨੂੰ ਪ੍ਰੇਰਿਆ ਗਿਆ ਹੈ:

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥

ਆਸਾ ਦੀ ਵਾਰ ਵਿਚ ਹਿੰਦੂ ਧਰਮ ਦੇ ਨਾਲ ਨਾਲ ਮੁਸਲਿਮ ਧਰਮ ਬਾਰੇ ਵੀ ਵਿਸਤਰਿਤ ਜਾਣਕਾਰੀ ਮਿਲਦੀ ਹੈ। ਮੁਸਲਮਾਨਾਂ ਦੀਆਂ ਅਪਣਾਇਆ ਅਲੱਗ ਧਾਰਮਿਕ ਰੁਚੀਆਂ ਸਨ। ਉਹ ਹਿੰਦੂਆਂ ਦੇ ਕਿਸੇ ਧਾਰਮਿਕ ਰਸਮੋਂ ਰਿਵਾਜ ਨੂੰ ਨਹੀਂ ਮੰਨਦੇ ਸਨ ਅਤੇ ਉਹਨਾਂ ਦੇ ਉਲਟ ਜੇਕਰ ਹਿੰਦੂ ਧਰਮ ਵਿਚ ਗਊ ਬੱਧ ਤੇ ਉਸ ਦਾ ਮਾਸ ਖਾਣਾ ਵਿਵਰਜਤ ਹੈ ਤਾਂ ਮੁਸਲਮਾਨਾਂ ਵਿਚ ਸੂਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਮੁਸਲਮਾਨ ਲਈ ਮੱਕਾ ਕਾਬਾ ਤੀਰਥ ਹੈ। ਹਿੰਦੂਆਂ ਦੇ ਅਨੇਕਾਂ ਤੀਰਥ ਸਥਾਨ ਅਤੇ ਦੇਵੀ ਦੇਵਤੇ ਹਨ। ਮੁਸਲਮਾਨ ਸਿਰਫ਼ ਹਜ਼ਰਤ ਮੁਹੰਮਦ ਸਾਹਿਬ ਦੀ ਇਬਾਦਤ ਕਰਦੈ ਹਨ। ਰੋਜਾਂ ਵਰਤ ਨਮਾਜ ਖੁਸਲਮਾਨ ਦੀ ਪੂਜਾ ਹੈ। ਗੁਰੂ ਨਾਨਕ ਨੇ ਤਅਸਬੀ ਕਟੜਤਾ ਤੋਂ ਉਪਰ ਉਠ ਕੇ ਧਰਮ ਦੇ ਵਿਵਹਾਰਕ ਅਮਲ 'ਤੇ ਜ਼ੋਰ ਦਿੰਦਿਆਂ ਧਰਮ ਦੇ ਸੰਕਲਪ ਨੂੰ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ। ਕਿਉਂਕਿ ਮਜ਼ਬੀ ਕੱਟੜਤਾ ਤੇ ਫੋਕੇ ਕਰਮ ਕਾਂਡ ਮਨੁੱਖ ਨੂੰ ਆਤਮਿਕ ਸੰਤੁਸ਼ਟੀ ਪ੍ਰਦਾਨ ਨਹੀਂ ਕਰਦੇ। ਮੁਸਲਾਮਾਨਾਂ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਰੱਬ ਮੱਕੇ ਵੱਸਦਾ ਹੈ। ਗੁਰੂ ਨਾਨਕ ਨੇ ਇਸ ਵਿਚਾਰ ਦਾ ਖੰਡਨ ਕੀਤਾ ਹੈ।

### ਆਸਾ ਦੀ ਵਾਰ ਕਲਾਤਮਕ ਅਧਿਐਨ:

**ਬਿੰਬ**

ਆਸਾ ਦੀ ਵਾਰ ਵਿਚ ਅਨੇਕ ਭਾਵਾਂ ਅਤੇ ਮੁਹਾਜ਼ਾਂ ਦਾ ਪ੍ਰਗਟਾਵਾ ਹੈ। ਇਹ ਭਾਵ ਬਿੰਬਾਂ, ਪ੍ਰਤੀਕਾਂ ਤੇ ਅਲੰਕਾਰਾਂ ਦੇ ਰੂਪ ਵਿੱਚ ਪ੍ਰਗਟ ਹੋ ਕੇ ਪ੍ਰਤਖ ਹੁੰਦੇ ਹਨ। ਬਿੰਬ ਬੀਤ ਚੁੱਕੀਆਂ ਘਟਨਾਵਾਂ, ਵਸਤਾਂ ਜਾਂ ਸੰਬੰਧਾਂ ਨੂੰ ਸੰਮ੍ਰਿਤੀ ਦੁਆਰਾ ਅੰਕਿਤ ਕਰਨ ਦੀ ਕ੍ਰਿਆ ਨੂੰ ਆਖਿਆ ਜਾਂਦਾ ਹੈ। ਬਿੰਬ ਦੁਆਰਾ ਮਨੋਇੱਛਿਤ ਰੂਪਾਂ ਪ੍ਰਤੀਰੂਪਾਂ ਨੂੰ ਸਾਕਾਰ ਕਰਕੇ ਰਮਣੀਕ ਚਿੱਤਰਾਂ ਦੀ ਪੁਨਰ ਸਿਰਜਣਾ ਕੀਤੀ ਜਾਂਦੀ ਹੈ। ਲੋਪ ਪ੍ਰਤੱਖ ਹੋ ਜਾਂਦਾ ਹੈ। ਜਿਸ ਨਾਲ ਪ੍ਰਭਾਵ ਦੀ ਇਕਾਗਰਤਾ ਵਧਦੀ ਹੈ। ਉਦਾਹਰਨ ਲਈ ਗੁਰੂ ਜੀ ਦਾ ਇਹ ਸ਼ਬਦ ਹੈ:-

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥

ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ ॥

ਪ੍ਰਗਟਾਵੇ ਲਈ ਗੁਰੂ ਜੀ ਜਿਸ ਬਿੰਬਾਵਲੀ ਦਾ ਪ੍ਰਯੋਗ ਕਰਦੇ ਹਨ, ਉਹ ਕੁਦਰਤ ਵਿੱਚੋਂ ਨਿੱਤ ਤੱਕੀਆਂ ਜਾਣ ਵਾਲੀਆਂ ਵਸਤਾਂ ਦੇ ਭਾਵ ਚਿੱਤਰਾਂ ਦੇ ਦੁਆਰਾ ਉੱਘੜਦੀ ਹੈ। ਪਦਾਰਥਕ ਵਸਤਾਂ ਦੇ ਸ਼ਬਦ ਚਿੱਤਰ ਮਾਧਿਅਮ ਰਾਹੀਂ ਉਹ ਅਧਿਆਤਮਕ ਸੰਕੇਤ ਕਰਦੇ ਹਨ ਜਿਵੇਂ:-

ਭਵਰਾਂ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥

ਮੈ ਗੁਰ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ॥

## ਪ੍ਰਤੀਕ

ਗੁਰੂ ਨਾਨਕ ਬਾਣੀ ਪ੍ਰਤੀਕਾਂ ਦਾ ਅਨਮੋਲ ਖ਼ਜ਼ਾਨਾ ਹੈ। ਪਰ ਕਿਸੇ ਥਾਂ ਵੀ ਉਨ੍ਹਾਂ ਦੀ ਵਰਤੋਂ ਵੱਲ ਵਿਸ਼ੇਸ਼ ਉਚੇਚ ਨਹੀਂ ਵਰਤਿਆ ਗਿਆ। ਧਾਰਮਿਕ ਖੇਤਰ ਵਿੱਚ ਪ੍ਰਤੀਕਾਂ ਦਾ ਮਹੱਤਵ ਬਹੁਤ ਵੱਧ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਪ੍ਰਮੁੱਖ ਪ੍ਰਤੀਕ ਗੁਰੂ ਦਾ ਆਇਆ ਹੈ। ਗੁਰੂ ਦੀ ਲੋੜ ਦੱਸਣ ਵਾਸਤੇ ਕੁਦਰਤ ਵਿੱਚੋਂ ਉਦਾਹਰਨਾਂ ਦਿੰਦੇ ਹੋਏ ਬੇੜੀ ਤੇ ਸਾਗਰ ਦਾ ਪ੍ਰਤੀਕ ਆਮ ਵਰਤਦੇ ਹਨ।

ਜਿਵੇਂ :- ਗੁਰੂ ਪਉੜੀ ਬੇੜੀ ਗੁਰੂ ਤੁਲਹਾ ਹਰਿ ਨਾਉ।

ਗੁਰੂ ਸੱਚੁ ਸਾਗਰੁ ਬੋਹਿਥੋ ਗੁਰੂ ਤੀਰਥੁ ਦਰਿਆਉ।

ਜੇ ਤਿਸੁ ਭਾਵੈ ਉਜਲੀ ਸਤਸਰਿ ਨਾਵਣੁ ਜਾਉ।

### ਅਲੰਕਾਰ

ਗੁਰੂ ਨਾਨਕ ਬਾਣੀ ਵਿੱਚ ਭਾਵ ਕਾਵਿ ਦੇ ਸ਼੍ਰੋਮਣੀ ਅੰਗਾਂ ਵਜੋਂ ਪ੍ਰਦਰਸ਼ਿਤ ਨਹੀਂ ਕੀਤੇ ਗਏ, ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਬਾਣੀ ਦਾ ਪ੍ਰਮੁੱਖ ਮਨੋਰਥ ਕਲਾਤਮਕ ਸੌਂਦਰਯ ਦੀ ਉਤਪਤੀ ਰਾਹੀਂ ਸੁਹਜ ਸੁਆਦ ਦੀ ਪੂਰਤੀ ਕਰਨਾ ਨਹੀਂ ਹੈ। ਇਸ ਦਾ ਇਹ ਭਾਵ ਨਹੀਂ ਸੀ ਕਿ ਗੁਰੂ ਨਾਨਕ ਬਾਣੀ ਸੁਹਜ ਸੁਆਦ ਤੋਂ ਕੋਰੀ ਹੈ। ਗੁਰੂ ਨਾਨਕ ਬਾਣੀ ਵਿੱਚ ਵਰਤੇ ਗਏ ਅਲੰਕਾਰਨਾ ਤਾਂ ਸ਼ਿਲਪਕਾਰੀ ਦੀ ਨੁਮਾਇਸ਼ ਹਨ ਤੇ ਨਾ ਉਨ੍ਹਾਂ ਦੀ ਬਾਣੀ ਅਲੰਕਾਰਾਂ ਤੋਂ ਸੱਖਣੀ ਹੈ। ਡਾ. ਪ੍ਰੇਮ ਪ੍ਰਕਾਸ਼ ਅਨੁਸਾਰ, "ਆਸਾ ਦੀ ਵਾਰ ਵਿਚਲੇ ਅਲੰਕਾਰਾਂ ਦੀ ਮਹਾਨਤਾ ਦਾ ਰਾਜ਼ ਹੀ ਇਹੋ ਹੈ ਕਿ ਉਹ ਸਾਰ ਵਸਤੂ ਨਾਲ ਪਰਿਪੂਰਕ ਹੈ। ਇਹੋ ਕਾਰਨ ਹੈ ਕਿ ਗੁਰੂ ਜੀ ਆਪਣੀ ਵਸਤੂ ਭਾਵ ਕਿ ਆਪਣੇ ਵਿਸ਼ੇ ਨੂੰ ਹੀ ਸਾਹਮਣੇ ਰੱਖਦੇ ਹਨ। ਇਹ ਵਸਤੂ ਖ਼ੁਦ ਆਪਣੇ ਮੁਤਾਬਿਕ ਸੁਹਜ ਕਲਾ ਗ੍ਰਹਿਣ ਕਰ ਲੈਂਦੀ ਹੈ।" ਗੁਰੂ ਨਾਨਕ ਬਾਣੀ ਵਿੱਚ ਪ੍ਰਗਟ ਹੋਏ ਅਲੰਕਾਰ ਸਾਵਣ ਦੇ ਮੀਂਹ ਵਾਂਗ ਵਰ੍ਹਦੇ ਹਨ। ਕਿਤੇ ਇਹ ਅਲੰਕਾਰ ਪਾਠਕ ਦੇ ਹਿਰਦੇ ਨੂੰ ਉਜਮਈ ਕਰਦੇ ਹਨ, ਕਿਤੇ ਮਨ ਵਿੱਚ ਠੰਢ ਵਰਤਾਉਂਦੇ ਹਨ। ਕਿਤੇ ਇਨ੍ਹਾਂ ਅਲੰਕਾਰਾਂ ਦੁਆਰਾ ਭਾਵ ਦ੍ਰਵਿਤ ਹੁੰਦੇ ਹਨ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਪੰਜਾਬੀ ਸਾਹਿਤ ਨੂੰ ਇੱਕ ਅਮੁੱਲ ਦੇਣ ਹੈ।

ਕਿਤਾਬੀ ਗਿਆਨ ਮਨੁੱਖ ਨੂੰ ਆਤਮਿਕ ਸੰਤੁਸ਼ਟੀ ਪ੍ਰਦਾਨ ਕਰਨ ਦੇ ਨਹੀਂ ਹੋ ਸਕਦਾ। ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਪ੍ਰਗਟਾਉਂਦਿਆਂ ਬੜੇ ਖੂਬਸੂਰਤ ਢੰਗ ਨਾਲ ਵੀਪਸਾ ਅਲੰਕਾਰ ਦੀ ਵਰਤੋਂ ਕੀਤੀ ਹੈ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਇਸ ਤਰ੍ਹਾਂ ਇਕ ਪਾਸੇ ਜਿੱਥੇ ਇਸ ਵਾਰ ਦੇ ਕਾਵਿਕ ਗੁਣ ਉਜਾਗਰ ਹੁੰਦੇ ਹਨ ਉੱਥੇ ਉਸ ਦੇ ਨਾਲ ਹੀ ਵਕਤ ਦੇ ਧਾਰਮਿਕ ਸਭਿਆਚਾਰ ਦੀ ਝਲਕ ਵੀ ਪ੍ਰਤੱਖ ਉਜਾਗਰ ਹੁੰਦੀ ਹੈ। ਅਜਿਹਾ ਕਿਤਾਬੀ ਗਿਆਨ ਜਿਹੜਾ ਕੇਵਲ ਮਨੁੱਖ ਦੇ ਬਾਹਰਲੇ ਕਰਮਾਂ ਨਾਲ ਜੁੜਿਆ ਹੋਣ ਕਰਕੇ ਉਸ ਨੂੰ ਵਾਸਤਵਿਕ ਸੱਚ ਦੀ ਪਛਾਣ ਕਰਾਉਣ ਤੋਂ ਅਸਮਰਥ ਹੈ। ਆਸਾ ਦੀ ਵਾਰਾ ਵਿਚ ਗੁਰੂ ਸਾਹਿਬ ਨੇ ਥਾਂ ਥਾਂ ਮਧਾਣੀਆਂ , ਲਾਟੂਆਂ , ਚੌਕੀਆਂ ਆਦਿ ਦੀ ਉਪਮਾ ਦੇ ਕੇ ਆਪਣੇ ਵਿਚਾਰਾਂ ਦੀ ਅਭਵਿਅਕਤੀ ਕੀਤੀ ਹੈ।

ਹਉਮੈ ਨੂੰ ਇਕ ਲੰਮੇ ਰੋਗ ਦੀ ਤਸ਼ਬੀਹ ਦਿੱਤੀ ਹੈ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥

ਆਸਾ ਦੀ ਵਾਰ ਵਿਚ ਗੁਰੂ ਨਾਨਕ ਨੇ ਆਪਣੇ ਭਾਵਾਂ ਨੂੰ ਰੂਪਮਾਨ ਕਰਨ ਲਈ ਥੋੜੇ ਪਰ ਸੁੰਦਰ ਰੂਪਕਾਂ ਦੀ ਸਿਰਚਨਾ ਵੀ ਕੀਤੀ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਜਦ ਵਿਸ਼ੇਸ਼ ਤਰੀਕੇ ਨਾਲ ਕਵਿਤਾ ਵਿਚ ਅੰਕਿਤ ਭਾਵਾਂ ਨੂੰ ਸਪਸ਼ਟ ਕੀਤਾ ਜਾਵੇ ਤਾਂ **ਕਾਵਿ ਲਿੰਗ ਅਲੰਕਾਰ** ਹੁੰਦਾ ਹੈ ਜਿਵੇਂ:

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

ਜਦ ਕਿਸੇ ਵਿਚਾਰ ਦਾ ਦਲੀਲ ਨਾਲ ਖੰਡਨ/ਮੰਡਨ ਕੀਤਾ ਜਾਏ ਤਾਂ **ਯੁਕਤੀ ਅਲੰਕਾਰ** ਹੁੰਦਾ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥

**ਵਿਰੋਧ ਗਿਆਨ ਦਾ ਵਰਣਨ ਅਤੇ ਵਿਰਸੇ ਅਲੰਕਾਰ** :

ਵਾਇਨਿ ਚੇਲੇ ਨਚਨਿ ਗੁਰ ॥

ਪੈਰ ਹਲਾਇਨ ਫੇਰਨ੍ਹਿ ਸਿਰ ॥

ਉਡਿ ਉਡਿ ਰਾਵਾ ਝਾਟੈ ਪਾਇ ॥

ਵੇਖੈ ਲੋਕੁ ਹਸੈ ਘਰਿ ਜਾਇ ॥

ਆਸਾ ਦੀ ਵਾਰ ਵਿਚ ਗੁਰੂ ਨਾਨਕ ਨੇ ਆਪਣੇ ਭਾਵਾਂ ਨੂੰ ਸਪਸ਼ਟ ਕਰਨ ਲਈ ਇਕ ਹੀ ਵਿਚਾਰ ਨੂੰ ਕਈ ਰੂਪਾਂ ਵਿਚ ਦੁਹਰਾਇਆ ਹੈ। ਜਿਵੇਂ ਕੂੜ ਦੀ ਕਲਪਨਾ ਕਈ ਰੂਪਾਂ ਵਿਚ ਕੀਤੀ ਮਿਲਦੀ ਹੈ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥1॥

ਵਿਦਵਾਨਾਂ ਦਾ ਕਥਨ ਹੈ ਕਿ ਗੁਰੂ ਜੀ ਨੇ ਤਕਨੀਕੀ ਰੀਤੀਆਂ ਉੱਤੇ ਪੂਰਾ ਜ਼ੋਰ ਨਾ ਦਿੰਦੇ ਹੋਏ, ਵਿਸ਼ੇ ਨੂੰ ਪ੍ਰਗਟਾਉਣ ਉੱਤੇ ਹੀ ਵਧੇਰੇ ਬਲ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਲਈ ਪ੍ਰਚੱਲਤ ਨਿਸ਼ਾਨੀ ਛੰਦ ਦੀ ਵਰਤੋਂ ਵੀ ਆਸਾ ਕੀ ਵਾਰ ਵਿਚ ਕੀਤੀ ਹੈ ਅਤੇ ਮਾਤਰਾਵਾਂ ਨੂੰ ਯੋਗ ਸਥਾਨਾਂ ਉੱਤੇ ਵਧਾਇਆ ਘਟਾਇਆ ਹੈ। ਆਸਾ ਕੀ ਵਾਰ ਵਿਚ ਪਉੜੀਆਂ ਸਾਢੇ ਚਾਰ ਤੁਕਾਂ ਤੋਂ ਲੈ ਕੇ ਅੱਠ ਤੁਕਾਂ ਤਕ ਮਿਲਦੀਆਂ ਹਨ।

**ਆਸਾ ਦੀ ਵਾਰ ਵਿਚ ਵਰਤੇ ਗਏ ਸਲੋਕ**

ਆਸਾ ਕੀ ਵਾਰ ਦਾ ਕਲਾ ਸੰਬੰਧੀ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਹ ਪਰੰਪਰਾ ਦੇ ਤਕਨੀਕੀ ਪੱਖ ਨੂੰ ਗ੍ਰਹਿਣ ਨਹੀਂ ਕਰਦੀ ਪਰ ਫਿਰ ਵੀ ਇਸ ਵਿਚ ਸੁਮੇਲ ਹੈ, ਅਨੁਪਾਤ ਹੈ, ਸੰਗੀਤ ਹੈ ਅਤੇ ਰਚਨਾ ਦੀ ਸਮੁੱਚੀ ਉਸਾਰੀ ਵਿਚ ਸੰਗਠਨ ਹੈ। ਇਸ ਵਾਰ ਦੇ ਸਮੁੱਚੇ ਅਧਿਐਨ ਤੋਂ ਜਿੱਥੇ ਇਹ ਪਤਾ ਲੱਗਦਾ ਹੈ ਕਿ ਇਸ ਰਚਨਾ ਵਿਚ ਸਲੋਕਾਂ ਦੀ ਕੋਈ ਖ਼ਾਸ ਤਰਤੀਬ ਨਹੀਂ ਹੈ ਉੱਥੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ 'ਆਸਾ ਕੀ ਵਾਰ' ਵਿਚ ਵਰਤੇ ਗਏ ਸਲੋਕਾਂ ਵਿਚ ਪੰਕਤੀਆਂ ਜਾਂ ਚਰਣਾਂ ਦਾ ਵੀ ਕੋਈ ਅਨੁਪਾਤ ਨਹੀਂ ਹੈ। ਸਲੋਕਾਂ ਦੀ ਬਣਤਰ ਵਿਚ ਦੋਹਰਾ, ਚੌਪਈ ਤੇ ਹੋਰ ਛੰਦਾਂ ਦੀ ਵਰਤੋਂ ਕੀਤੀ ਹੈ। ਦੋਹਰੇ ਵਿਚ 13+11=24 ਮਾਤਰਾ ਜਾਂ ਕੁੱਝ ਵੱਧ ਘੱਟ ਹੈ ਅਤੇ ਚੌਪਈ ਵਿਚ 8+8=16 ਮਾਤਰਾ ਦਾ ਰੂਪ ਵਰਤਿਆ ਹੈ। ਇਨ੍ਹਾਂ ਸਲੋਕਾਂ ਦੀਆਂ ਪੰਕਤੀਆਂ ਦੀ ਗਿਣਤੀ ਵੱਖ ਹੈ ਜਿਵੇਂ 2,4,8,11,18,19 ਆਦਿ। ਕਿਉਂਕਿ ਆਮ ਕਰਕੇ ਸਲੋਕਾਂ ਦੀਆਂ ਪੰਕਤੀਆਂ ਜਾਂ ਚਰਣਾਂ ਵਿਚ ਕੋਈ ਸਮਾਨਤਾ ਨਹੀਂ ਹੈ। ਇਸ ਲਈ ਇੱਥੋਂ ਇੱਕ ਸਾਂਝੇ ਭਾਵ ਦੀਆਂ ਕੁੱਝ ਪੰਕਤੀਆਂ ਦੇ ਗੁੱਟ ਲਈ ਹੀ ਸਲੋਕ ਸ਼ਬਦ ਵਰਤਿਆ ਜਾਂਦਾ ਹੈ। ਜਿਸ ਤਰ੍ਹਾਂ ਅਸੀਂ ਪਹਿਲਾਂ ਵਿਚਾਰ ਚੁੱਕੇ ਹਾਂ ਕਿ ਗੁਰੂ ਸਾਹਿਬ ਤਕਨੀਕ ਦੀ ਥਾਂ ਵਿਚਾਰਾਂ ਜਾਂ ਭਾਵਾਂ ਨੂੰ ਮਹੱਤਤਾ ਦਿੰਦੇ ਸਨ, ਇਸੇ ਕਰਕੇ ਜਿੱਥੇ ਭਾਵ ਲੰਬਾ ਹੋ ਜਾਂਦਾ ਹੈ, ਉੱਥੇ ਸਲੋਕ ਦੀਆਂ ਪੰਕਤੀਆਂ ਵੀ ਸੁਭਾਵਿਕ ਹੀ ਵਧ ਜਾਂਦੀਆਂ ਹਨ। ਇਹੋ ਗੱਲ ਮਾਤਰਾਵਾਂ ਦੀ ਗਿਣਤੀ 'ਤੇ ਜਾ ਟਿਕਦੀ ਹੈ। ਕੁੱਝ ਸਲੋਕਾਂ ਵਿਚ ਤਾਂ ਮਾਤਰਾਵਾਂ ਦੀ ਸਮਾਨਤਾ ਹੈ ਪਰ ਬਹੁਤਿਆਂ ਵਿਚ ਅਜਿਹਾ ਨਹੀਂ ਹੈ। ਕਈ ਵਾਰ ਇੱਕ ਸਲੋਕ ਦੀ ਪਹਿਲੀ ਪੰਕਤੀ ਦੀਆਂ 24 ਮਾਤਰਾਵਾਂ ਹਨ ਤੇ ਦੂਜੀ ਪੰਕਤੀ ਦੀਆਂ 28 ਮਾਤਰਾਵਾਂ ਹਨ। ਇਹੋ ਜਿਹੀ ਸਥਿਤੀ ਪਉੜੀਆਂ ਦੀ ਹੈ। ਪਉੜੀਆਂ ਆਮ ਤੌਰ 'ਤੇ 5-5 ਤੁਕਾਂ ਦੀਆਂ ਹਨ। ਪਹਿਲੀਆਂ ਚਾਰ ਪੂਰੀਆਂ ਤੁਕਾਂ ਹਨ ਤੇ ਪੰਜਵੀਂ ਤੁਕ ਅੱਧੀ ਹੁੰਦੀ ਹੈ। ਪਉੜੀਆਂ ਵਿਚ ਚਰਣਾਂ ਦੀ ਗਿਣਤੀ ਪੂਰੀ ਬਰਾਬਰ ਨਹੀਂ। ਬਹੁਤੀਆਂ ਪਉੜੀਆਂ ਦੀਆਂ ਸਾਢੇ ਚਾਰ ਤੁਕਾਂ ਹਨ ਪਰ ਕੁੱਝ ਪੂਰੀਆਂ ਪੰਜ ਤੁਕਾਂ ਹਨ ਅਤੇ ਕਈ ਛੇ ਤੁਕਾਂ ਹਨ। ਉਦਾਹਰਨ ਲਈ 20,22,23 ਨੰਬਰ ਪਉੜੀ ਵੇਖੀ ਜਾ ਸਕਦੀ ਹੈ। ਪਉੜੀਆਂ ਵਿਚ ਮਾਤਰਾਵਾਂ ਦੀ ਬਰਾਬਰਤਾ ਉੱਕੀ ਨਾ ਹੋਣ ਦੇ ਕਾਰਨ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਆਸਾ ਕੀ ਵਾਰ ਤਕਨੀਕ ਪੱਖ ਤੋਂ ਕਿਸੇ ਨਿਯਮ ਵਿਚ ਨਹੀਂ ਬੱਝੀ। ਸਗੋਂ ਪਰੰਪਰਾ ਤੋਂ ਭਿੰਨ ਹੈ। ਪਰ ਫਿਰ ਵੀ ਛੰਦਾਂ ਦੀ ਵਰਤੋਂ ਨਾਲ ਵਾਰ ਵਿਚ ਲੈਅ, ਸੁਰ, ਤਾਲ, ਰਾਗ ਤੇ ਭਾਵ ਦਾ ਖ਼ਿਆਲ ਰੱਖਿਆ ਗਿਆ ਹੈ।

ਪਹਿਲੇ ਗੁਰੂ ਸਮੇਂ 'ਆਸਾ ਕੀ ਵਾਰ' ਦੀਆਂ 24 ਪਉੜੀਆਂ ਤੇ 44 ਸਲੋਕ ਸਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਵੇਲੇ ਇਸ ਵਿਚ 15 ਹੋਰ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਥਾਂ-ਥਾਂ 'ਤੇ ਭਾਵ ਦੀ ਅਨੁਕੂਲਤਾ ਅਨੁਸਾਰ ਅੰਕਿਤ ਕਰ ਦਿੱਤੇ। ਇਹ ਸਲੋਕ ਤੇ ਪਉੜੀਆਂ ਵਿਕੋਲਿਤਰੇ ਟੋਟਕੇ ਨਹੀਂ, ਸਗੋਂ ਇੱਕ ਭਾਵ ਦੀ ਲੜੀ ਵਿਚ ਪਰੋਤੇ ਹੋਏ ਹਨ। ਪਉੜੀਆਂ ਦੀ ਕ੍ਰਮਵਾਰ ਗਿਣਤੀ ਸਪਸ਼ਟ ਕਰਦੀ ਹੈ ਕਿ ਵਾਰ ਦੀ ਅਸਲੀ ਵਸਤੂ ਪਉੜੀ ਹੈ ਅਤੇ ਸਾਰੀ ਵਾਰ ਇੱਕ ਨਿਸ਼ਚਿਤ ਉਦੇਸ਼ ਨੂੰ ਪ੍ਰਗਟ ਕਰਨ ਲਈ ਲਿਖੀ ਹੋਈ ਹੈ। ਉਸ ਦਾ ਵਿਸ਼ਾ ਅਧਿਆਤਮਕ ਉਪਦੇਸ਼ ਜਾਂ ਅਗਵਾਈ ਕਰਨਾ ਹੈ। ਇਸ ਵਿਸ਼ੇ ਦੀ ਪੇਸ਼ਕਾਰੀ ਲਈ ਗੁਰੂ ਜੀ ਨੇ ਪਉੜੀਆਂ ਦੀ ਸਿਰਜਣਾ ਇੱਕੋ ਵਕਤ, ਇੱਕੋ ਅਨੁਭਵ ਤੇ ਪਰਸਾਰ ਦੇ ਨੁਕਤੇ ਉੱਤੇ ਕੇਂਦਰਿਤ ਹੋ ਕੇ ਕੀਤੀ ਹੈ। ਇਸ ਲਈ ਸਾਰੀਆਂ ਪਉੜੀਆਂ ਇਸ ਅਧਿਆਤਮਕ ਵਿਸ਼ੇ ਦਾ ਨਿਸ਼ਚਿਤ ਰੂਪ ਵਿਚ ਵਿਕਾਸ ਕਰਦੀਆਂ ਹਨ। ਇਸ ਵਾਰ ਦੀਆਂ ਪਉੜੀਆਂ, ਇੱਕਈਸ਼ਵਰਵਾਦ, ਸ੍ਰਿਸ਼ਟੀ ਸਿਰਜਨਾ, ਗੁਰੂ ਮਹਿਮਾ, ਨਾਮ ਸਿਮਰਨ, ਰਹੱਸ ਅਨੁਭੂਤੀ ਦੀ ਅਭਿਵਿਅਕਤੀ ਕਰਦੀਆਂ ਹਨ। ਜਦੋਂ ਕਿ ਸਲੋਕਾਂ ਦੇ ਵਿਸ਼ੇ ਬਹੁਪੱਖੀ ਹਨ। ਸਲੋਕਾਂ ਵਿਚ ਸੰਬੰਧਿਤ ਪਉੜੀ ਦੁਆਰਾ ਪ੍ਰਗਟਾਏ ਗਏ ਅਧਿਆਤਮਕ ਅਨੁਭਵ ਦੀ ਵਿਆਖਿਆ ਜਾਂ ਪੁਸ਼ਟੀ ਕੀਤੀ ਜਾਪਦੀ ਹੈ। ਸਲੋਕਾਂ ਵਿਚ ਗੱਲ ਵਿਹਾਰਕ ਪੱਧਰ 'ਤੇ ਪ੍ਰਗਟ ਕੀਤੀ ਗਈ ਹੈ, ਜਿਨ੍ਹਾਂ ਦਾ ਉਦੇਸ਼ ਸਮਾਜਿਕ, ਧਾਰਮਿਕ ਤੇ ਸਦਾਚਾਰਕ ਅਗਵਾਈ ਕਰਨਾ ਹੈ। ਸਲੋਕਾਂ ਵਿਚ ਅਧਿਕਤਰ ਯੁੱਗ ਚਿਤਰਨ, ਭੇਖਾਂ ਦਾ ਖੰਡਨ, ਕੁਰੁਚੀਆਂ ਤੇ ਸੁਰੁਚੀਆਂ ਆਦਿ ਅਨੇਕਾਂ ਪੱਖਾਂ ਦਾ ਚਿਤਰਨ ਮਿਲਦਾ ਹੈ। ਪਉੜੀਆਂ ਨਾਲ ਸਲੋਕਾਂ ਦੀ ਸ਼ਮੂਲੀਅਤ ਨਾਲ ਇੱਕ ਪਾਸੇ ਜੇ ਵਾਰਾਂ ਦੇ ਵਿਸ਼ੇ ਨੂੰ ਵਿਸਤਾਰ ਮਿਲਿਆ ਤਾਂ ਦੂਜੇ ਪਾਸੇ ਰਹੱਸ ਅਨੁਭੂਤੀ ਨੂੰ ਸਮਾਜਿਕ ਪ੍ਰਕਰਣ ਵਿਚ ਪੇਸ਼ ਕੀਤਾ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਉੜੀ ਨਾਲ ਸੰਬੰਧਿਤ ਸਲੋਕਾਂ ਨੂੰ ਪਉੜੀ ਤੋਂ ਪਹਿਲਾਂ ਸਥਾਪਿਤ ਕੀਤਾ ਤੇ ਹਰ ਪਉੜੀ ਤੋਂ ਪਹਿਲਾਂ ਦੋ ਜਾਂ ਤਿੰਨ ਸਲੋਕ ਰੱਖੇ ਤਾਂ ਕਿ ਪਉੜੀ ਸੰਪੂਰਨ ਭਾਵ ਸਮਝਿਆ ਜਾ ਸਕੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ 'ਆਸਾ ਕੀ ਵਾਰ' ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕ ਸ਼ਾਮਲ ਕੀਤੇ, ਉੱਥੇ ਇਸ ਨੂੰ ਲੋਕ ਵਾਰ ਦਾ ਰੂਪ ਦੇਣ ਲਈ 'ਟੁੰਡੇ ਅਸਰਾਜੇ ਕੀ ਧੁਨੀ' ਲੋਕ ਧੁਨੀ ਅਧੀਨ ਗਾਉਣ ਦੀ ਪ੍ਰਥਾ ਨੂੰ ਪ੍ਰਚਲੱਤ ਕਰਕੇ ਇਸ ਨੂੰ ਲੋਕ ਮਨ ਦੇ ਨੇੜੇ ਲੈ ਆਂਦਾ।

ਹਰੇਕ ਪਉੜੀ ਤੇ ਉਸ ਤੋਂ ਪਹਿਲਾਂ ਦਿੱਤੇ ਗਏ ਸਲੋਕ, ਵਾਰ ਦੇ ਵਿਸ਼ੇ ਦੀ ਇੱਕ ਨਿਸ਼ਚਿਤ ਇਕਾਈ ਕਹੀ ਜਾ ਸਕਦੀ ਹੈ। ਅਸਲ ਗੱਲ ਇਹ ਹੈ ਕਿ ਪਉੜੀ ਵਿਚ ਭਾਵ ਜਾਂ ਅਸੂਲ ਨੂੰ ਆਮ ਸ਼ਬਦਾਂ ਵਿਚ ਪੇਸ਼ ਕੀਤਾ ਹੁੰਦਾ ਹੈ ਅਤੇ ਉਸ ਦੇ ਨਾਲ ਸ਼ਾਮਲ ਸਲੋਕਾਂ ਵਿਚ ਉਸੇ ਪਉੜੀ ਦੇ ਭਾਵ ਨੂੰ ਉਦਾਹਰਨਾਂ ਦੇ ਕੇ ਰਸਮਾਂ-ਰਿਵਾਜਾਂ ਤੇ ਸ਼ਾਮਲ ਸਲੋਕਾਂ ਵਿਚ ਸਮਾਜਿਕ ਵਰਤਾਰੇ ਵੱਲ ਇਸ਼ਾਰਾ ਕੀਤਾ ਜਾਂਦਾ ਹੈ।

ਵਾਰ ਦਾ ਆਰੰਭ ਸਲੋਕਾਂ ਨਾਲ ਕੀਤਾ ਹੈ, ਉਪਰੰਤ ਪਉੜੀ ਤੇ ਫਿਰ ਉਸ ਦਾ ਅੰਕ ਦਰਜ ਹੈ। ਇਸ ਅੰਕ ਉੱਤੇ ਆ ਕੇ ਇੱਕ ਤਰ੍ਹਾਂ ਨਾਲ ਉਸ ਪਉੜੀ ਦੀ ਇਕਾਈ ਸਮਾਪਤ ਹੋ ਜਾਂਦੀ ਹੈ ਉਸ ਤੋਂ ਅੱਗੇ ਸਲੋਕਾਂ ਰਾਹੀਂ ਨਵੀਂ ਇਕਾਈ ਦਾ ਆਰੰਭ ਹੋ ਜਾਂਦਾ ਹੈ। ਸਪਸ਼ਟ ਹੈ ਕਿ ਜੇ ਸਲੋਕਾਂ ਅਤੇ ਪਉੜੀਆਂ ਦੇ ਇਸ ਸੰਬੰਧ ਨੂੰ ਸਮਝੇ ਬਿਨਾਂ ਵਾਰ ਦਾ ਪਾਠ ਕੀਤਾ ਜਾਵੇ ਤਾਂ ਅਰਥਾਂ ਦੀ ਸੋਝੀ ਵਿਚ ਮੁਸ਼ਕਲ ਆਵੇਗੀ। ਉਦਾਹਰਨ ਵਜੋਂ ਛੇਵੀਂ ਪਉੜੀ ਦੇਖੋ:

ਪਹਿਲਾਂ ਸਲੋਕ ਅੰਕਿਤ ਹਨ:

ਸਲੋਕ : 1

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥ (ਪੰਨਾ 465)

ਸਲੋਕ : 2

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ (ਪੰਨਾ 466)

ਪਉੜੀ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥ (ਪੰਨਾ 466)

ਜੇਕਰ ਆਸਾ ਕੀ ਵਾਰ ਨੂੰ ਨੀਝ ਨਾਲ ਪੜ੍ਹੀਏ ਤਾਂ ਸਪਸ਼ਟ ਰੂਪ ਵਿਚ ਨਜ਼ਰ ਆਉਂਦਾ ਹੈ ਕਿ ਕਈ-ਕਈ ਥਾਂ 'ਤੇ ਆਸਾ ਕੀ ਵਾਰ ਦੀਆਂ ਪਉੜੀਆਂ ਤੇ ਸਲੋਕਾਂ ਦਾ ਸੰਬੰਧ ਵੀ ਘੱਟ ਹੈ। ਪਉੜੀਆਂ ਵਧੇਰੇ ਅਧਿਆਤਮਕ ਹਨ ਤੇ ਇਨ੍ਹਾਂ ਵਿਚ ਵਿਚਾਰਾਂ ਦੀ ਸਮਾਨਤਾ ਹੈ ਜੋ ਇੱਕ ਉਦੇਸ਼ ਦੀ ਪੂਰਤੀ ਕਰਦੇ ਹਨ। ਜਦ ਕਿ ਸਲੋਕਾਂ ਵਿਚ ਸਮਾਜਿਕ, ਧਾਰਮਿਕ ਤੇ ਰਾਜਨੀਤਕ ਹਾਲਤਾਂ ਦਾ ਵੇਰਵਾ ਹੈ; ਜੋ ਮਨੁੱਖ ਨੂੰ ਉਦੇਸ਼ਮਈ ਜ਼ਿੰਦਗੀ ਜਿਉਣ ਦਾ ਢੰਗ ਪ੍ਰਦਾਨ ਕਰਦੀ ਹੈ। ਆਸਾ ਕੀ ਵਾਰ ਵਿਚ ਪਉੜੀਆਂ ਦੀ ਕ੍ਰਮਵਾਰ ਗਿਣਤੀ ਇਹ ਸਪਸ਼ਟ ਕਰਦੀ ਹੈ ਕਿ ਵਾਰ ਦੀ ਅਸਲੀ ਵਸਤੂ ਪਉੜੀ ਹੈ ਤੇ ਸਾਰੀ ਵਾਰ ਇੱਕ ਨਿਸ਼ਚਿਤ ਉਦੇਸ਼ ਨੂੰ ਪ੍ਰਗਟ ਕਰਨ ਲਈ ਲਿਖੀ ਹੋਈ ਹੈ ਅਤੇ ਵਿਸ਼ਾ ਅਧਿਆਤਮਕ ਉਪਦੇਸ਼ ਦੀ ਅਗਵਾਈ ਕਰਨਾ ਹੈ। ਇਸ ਵਿਸ਼ੇ ਦੀ ਪੇਸ਼ਕਾਰੀ ਲਈ ਗੁਰੂ ਜੀ ਨੇ ਪਉੜੀਆਂ ਦੀ ਸਿਰਜਨਾ ਇੱਕੋ ਵਕਤ, ਇੱਕੋ ਅਨੁਭਵ ਪ੍ਰਸਾਰ ਦੇ ਨੁਕਤੇ ਉੱਤੇ ਕੇਂਦਰਿਤ ਹੋ ਕੇ ਕੀਤੀ। ਇਸ ਲਈ ਸਾਰੀਆਂ ਪਉੜੀਆਂ ਇੱਕ ਅਧਿਆਤਮਕ ਵਿਸ਼ੇ ਦਾ ਨਿਸ਼ਚਿਤ ਰੂਪ ਵਿਚ ਵਿਕਾਸ ਕਰਦੀਆਂ ਹਨ ਜਦੋਂ ਕਿ ਸਲੋਕਾਂ ਦਾ ਮੁੱਢ ਤੋਂ ਅੰਤ ਤਕ ਕੋਈ ਨਿਸ਼ਚਿਤ ਵਿਕਾਸ ਨਹੀਂ ਦਿਸਦਾ, ਕਿਉਂਕਿ ਸਲੋਕਾਂ ਦੇ ਵਿਸ਼ੇ ਬਹੁਪੱਖੀ ਹਨ।

ਆਸਾ ਕੀ ਵਾਰ ਪੰਜਾਬੀ ਵਾਰ ਕਾਵਿ ਦੇ ਵਿਕਾਸ ਦੇ ਰਾਹ ਵਿਚ ਇੱਕ ਮੀਲ ਪੱਥਰ ਦਾ ਦਰਜਾ ਰੱਖਦੀ ਹੈ ਜਿਸ ਦੁਆਰਾ ਅਧਿਆਤਮਕ ਵਾਰਾਂ ਦੀ ਸਥਾਪਤੀ ਹੋਈ। ਇਸ ਵਾਰ ਵਿਚ ਪਉੜੀਆਂ ਸਲੋਕਾਂ ਦਾ ਪਰਸਪਰ ਸੰਬੰਧ ਬਹੁਤ ਡੂੰਘਾ ਹੈ। ਫਿਰ ਵੀ ਇਨ੍ਹਾਂ ਦੇ ਵਿਸ਼ਿਆਂ ਦਾ ਸੁਮੇਲ ਬਹੁਤ ਵਿਆਪਕ ਤੇ ਸਾਧਾਰਨ ਆਸ਼ੇ ਦਾ ਹੈ। ਗੁਰਮਤਿ ਦੇ ਸਾਰੇ ਵਿਸ਼ੇ ਮੂਲ ਰੂਪ ਵਿਚ ਮਿਲੇ-ਜੁੱਲੇ ਅਤੇ ਸੰਯੁਕਤ ਹੁੰਦੇ ਹਨ। ਇਸ ਲਈ ਪਉੜੀਆਂ ਅਤੇ ਸਲੋਕਾਂ ਦਾ ਅਧਿਆਤਮਕ ਰਹੱਸ ਦੇ ਉਪਦੇਸ਼ ਇੱਕ ਸਮੁੱਚੀ ਵਿਚਾਰਧਾਰਾ ਦੀ ਲੜੀ ਵਿਚ ਬੱਝਾ ਹੋਇਆ ਹੈ। ਪਰੰਤੂ ਅੰਤਰ ਪਉੜੀਆਂ ਦੇ ਇੱਕ ਲੜੀ ਵਿਚ ਪਰੋਏ ਹੋਏ ਵਿਚਾਰਾਂ ਦੇ ਨਾਲ ਪ੍ਰਸੰਗਿਕ ਤੇ ਵਿਕੋਲਿਤਰੇ ਆਸ਼ਿਆਂ ਦੇ ਸਲੋਕਾਂ ਦੀ ਵੰਨ-ਸੁਵੰਨਤਾ ਦਾ ਹੈ।

**ਭਾਸ਼ਾ**

ਗੁਰੂ ਨਾਨਕ ਨੇ ਜਨ ਸਧਾਰਣ ਦੀ ਭਾਸ਼ਾ ਵਿਚ ਪੰਜਾਬੀ ਸਭਿਆਚਾਰ ਦੀ ਗੱਲ ਬੜੇ ਸੁੱਚਜੇ ਢੰਗ ਨਾਲ ਆਪਣੀ ਰਚਨਾ ਵਿਚ ਕੀਤੀ ਹੈ। ਗੁਰੂ ਨਾਨਕ ਨੇ ਧਰਮ ਨਾਲ ਸੰਬੰਧਿਤ ਫੋਕੇ ਕਰਮ ਕਾਂਡਾਂ ਦਾ ਖੰਡਨ ਕੀਤਾਹੈ। ਅਖੌਤਾਂ ਮੁਹਾਵਰੇ ਉਹਨਾਂ ਦੀ ਭਾਸ਼ਾ ਦਾ ਮੁੱਖ ਅੰਗ ਹਨ। ਲੋਕਗੀਤਾਂ ਸਿੱਧਾਂ ਅਤੇ ਪਰੀ ਕਹਾਣੀਆਂ ਦੇ ਪ੍ਰਸੰਗਾਂ ਨੂੰ ਵਰਤ ਕੇ ਅਧਿਆਤਮਕ ਪੱਧਰ ਦੀ ਵਿਚਾਰ ਨੂੰ ਸੰਸਾਰਿਕ ਪੱਧਰ 'ਤੇ ਪੇਸ਼ ਕੀਤਾ ਹੈ। ਸ਼ਬਦਾਵਲੀ ਬੜੀ ਸਰਲ ਅਤੇ ਕਈ ਥਾਵਾਂ ਤੇ ਸੌਖੀ ਅਤੇ ਸਥਾਨਕ ਘਟਨਾਵਾਂ ਦੇ ਅਨੁਕੂਲ ਵਰਤੀ ਹੈ। 'ਆਸਾ ਦੀ ਵਾਰਾ ਵਿਚ ਜੀਵਨ ਦੀਆਂ ਕਈ ਅਟੱਲ ਸਚਾਈਆਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ।

ਨਚਣੁ ਕੁਦਣੁ ਮਨ ਕਾ ਚਾਉ।।
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ।।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਘਾਲਿ ਖਾਇ ਕਿਛੁ ਹਥਹੁ ਦੇਇ ॥

ਨਾਨਕ ਰਾਹੁ ਪਛਾਣਹਿ ਸੇਇ ॥

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

## ਸਾਰਾਂਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਦੇ ਮਹੱਤਵ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾ ਤੋਂ ਵਾਚਿਆ ਅਤੇ ਦੇਖਿਆ ਜਾਂਦਾ ਰਿਹਾ ਹੈ। ਵਿਸ਼ਵੀਕਰਨ ਦੇ ਯੁੱਗ ਵਿੱਚ ਰਹਿੰਦੇ ਲੋਕਾਂ ਲਈ ਆਸਾ ਦੀ ਵਾਰ ਮਾਨਸਿਕ ਤਸੱਲੀ ਦਾ ਖ਼ਜ਼ਾਨਾ ਹੈ ਤੇ ਸਦਾਚਾਰਕ ਅਸੂਲਾਂ ਦੇ ਸੰਗ੍ਰਹਿ ਦਾ ਇੱਕ ਮਾਡਲ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਵਿਸ਼ਵਾਸ ਰੱਖਣ ਵਾਲਿਆਂ ਲਈ ਇਹ ਇੱਕ ਅਜਿਹਾ ਤਬਕਾ ਹੈ ਜਿਸ ਵਿੱਚ ਵਿਵਹਾਰਿਕ ਦ੍ਰਿਸ਼ਟੀਕੋਣ ਤੋਂ ਬਾਣੀ ਨੂੰ ਪ੍ਰਸਤੁਤ ਕੀਤਾ ਜਾ ਰਿਹਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਆਸਾ ਦੀ ਵਾਰ ਉਨਾਂ ਸਾਰੀਆਂ ਸ਼ਕਤੀਆਂ ਦਾ ਉਹ ਸ੍ਰੋਤ ਹੈ ਜੋ ਵਿਸ਼ਵੀਕਰਨ ਯੁੱਗ ਵਿੱਚ ਰਹਿ ਰਹੇ ਮਾਨਵ ਨੂੰ ਆਪਣਾ ਜੀਵਨ ਸੁਨਹਿਰਾ ਬਣਾਉਣ ਲਈ ਮਦਦ ਕਰਦੀ ਹੈ। ਆਸਾ ਦੀ ਵਾਰ ਬਾਣੀ ਸਿਰਫ਼ ਸਿੱਖ ਧਰਮ ਅਤੇ ਸਿੱਖ ਚਿੰਤਨ ਲਈ ਹੀ ਨਹੀਂ ਬਲਕਿ ਇਸ ਦਾ ਸੰਦੇਸ਼ ਪੂਰੇ ਵਿਸ਼ਵ ਵਿੱਚ ਰਹਿੰਦੇ ਹਰ ਇੱਕ ਮਾਨਵ ਲਈ ਹੈ। ਧਰਮ ਨੇ ਸਮਾਜ ਅਤੇ ਮਨੁੱਖ ਨੂੰ ਆਪਣੇ ਨਾਲ ਲੈ ਕੇ ਚੱਲਣਾ ਹੈ। ਧਰਮ ਤੇ ਮਨੁੱਖ ਦੇ ਆਪਸੀ ਰਿਸ਼ਤਿਆਂ ਦੀ ਪ੍ਰਸੰਗਿਕਤਾ ਧਾਰਮਿਕ ਕੀਮਤਾਂ ਅਤੇ ਲੋੜਾਂ ਦੀ ਸਹਿਹੋਂਦ ਦਾ ਹੀ ਪ੍ਰਸੰਗ ਹਨ। ਧਰਮ ਨੇ ਮਨੁੱਖ ਨੂੰ ਸਮਾਜਿਕ ਮਾਹੌਲ ਤੋਂ ਬੇਮੁੱਖ ਨਹੀਂ ਕਰਨਾ। ਸਗੋਂ ਮਾਹੌਲ ਤੇ ਸਰਦਾਰੀ ਕਰਨ ਲਈ ਤਿਆਰ ਕਰਨਾ ਹੈ। ਅਜਿਹਾ ਆਤਮ ਅਨੁਭੂਤੀ ਰਾਹੀ ਹੀ ਸੰਭਵ ਹੋ ਸਕਦਾ ਹੈ। ਇਹ ਇੱਕ ਸਮਾਜਿਕ ਸੰਦਰਭ ਹੈ, ਜਿਸ ਨਾਲ ਮਨੁੱਖ ਨੇ ਆਪ ਹੀ ਨਜਿੱਠਣਾ ਹੈ। ਆਸਾ ਦੀ ਵਾਰ ਦੇ ਇਸ ਸੰਦਰਭ ਵਿੱਚ ਸਾਬਤ ਹੁੰਦਾ ਹੈ ਕਿ ਮਾਨਵ ਨੇ ਜੀਵਨ ਤੇ ਗੁਰਮਤਿ ਨੂੰ ਬੜ੍ਹੇ ਹੀ ਸਾਰਥਿਕਤਾ ਨਾਲ ਪਰਵਾਨ ਕੀਤਾ ਹੈ। ਕਿਉਕਿ ਇਸ ਰਚਨਾ ਦੀ ਬਣਤਰ ਅਜਿਹੀ ਹੈ, ਜਿਸ ਵਿੱਚ ਮਾਨਵ ਦੇ ਜੀਵਨ ਨੂੰ ਸੁਨਹਿਰੀ ਬਣਾਉਣ ਅਤੇ ਵਿਕਾਸ ਕਰ ਸਕਣ ਦੇ ਸਾਰੇ ਉਦੇਸ਼ ਮੌਜੂਦ ਹਨ, ਪਰ ਇਹ ਉਦੇਸ਼ ਪੂਰਨ ਤੌਰ ਤੇ ਸੁਤੰਤਰ ਨਹੀਂ ਹੋਏ। ਅੱਜ ਵਿਸ਼ਵੀਕਰਨ ਵਿੱਚ ਇਨ੍ਹਾਂ ਰੁਕਾਵਟਾਂ ਤੋਂ ਸੁਚੇਤ ਹੋਣ ਵਾਲੀ ਚੇਤਨਾ ਦੀ ਲੋੜ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਸਭ ਤੋਂ ਜ਼ਰੂਰੀ ਹੈ ਕਿ ਮਨੁੱਖ ਨੂੰ ਆਪਣੇ ਲਕਸ਼ ਪ੍ਰਤੀ ਸੁਚੇਤ ਹੋਵੇ ਤੇ ਇਸ ਲਖਸ ਨੂੰ ਗੁਰੂ ਜੀ ਇਨ੍ਹਾਂ ਸ਼ਬਦਾਂ ਰਾਹੀ ਵੀ ਦਰਸਾਇਆ ਹੈ। ਆਸਾ ਦੀ ਵਾਰ ਮਨੁੱਖ ਨੂੰ ਚੇਤਨਤਾ ਦਾ ਮਾਰਗ ਬਖ਼ਸ਼ਦੀ ਹੈ। ਤੇ ਇਸ ਮਾਰਗ ਨਾਲ ਮਨੁੱਖ ਦੇਵੀ ਗੁਣਾਂ ਦਾ ਧਾਰਨੀ ਬਣ ਸਕਦਾ ਹੈ ਬੇਸ਼ੱਕ ਵਿਸ਼ਵੀਕਰਨ ਵਿੱਚ ਮਨੁੱਖ ਨੂੰ ਇਨ੍ਹਾਂ ਗੁਣਾਂ ਸਦਕਾ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ। ਪਰ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ ਜੋ ਗੁਰੂ ਦੀ ਕਿਰਪਾ ਨਾਲ ਦੂਰ ਹੋ ਜਾਂਦੀ ਹੈ ਤੇ ਪਰਮਾਤਮਾ ਦੇ ਭਾਣੇ ਅਤੇ ਰਜ਼ਾ ਨੂੰ ਮੰਨਣਾ ਮਾਨਵ ਦੇ ਸੁਭਾ ਦਾ ਅਹਿਮ ਬਣ ਜਾਂਦਾ ਹੈ। ਜਿਹੜੇ ਇਨਸਾਨ ਹਉਮੈ ਵਿੱਚ ਜਿਉਂਦੇ ਹਨ ਉਨ੍ਹਾਂ ਲਈ ਝੂਠ, ਫ਼ਰੇਬ, ਛੱਲ, ਕਪਟ ਸਭ ਹੈ ਪਰ ਇਹ ਸਭ ਕੁੱਝ ਸਮੇਂ ਦੀ ਚਮਕ ਦਮਕ ਹੁੰਦੀ ਹੈ, ਅਸਲ ਸੱਚ, ਸਦੀਵੀ ਤਾਂ ਪਰਮਾਤਮਾ ਹੈ ਜੋ ਸਦੀਵੀ ਹੈ। ਆਸਾ ਦੀ ਵਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਵਿੱਚ ਪ੍ਰਚਲਿਤ ਚਿੰਤਨ ਪੱਧਤੀਆਂ ਦੀ ਗੱਲ ਕੀਤੀ ਹੈ। ਜਿੱਥੇ ਧਰਮ ਦਾ ਸੁਧਾਰਿਆ ਹੋਇਆ ਉਸਾਰੂ ਰੂਪ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਸਮਾਜ ਵਿਗਿਆਨੀ ਦੀ ਹੈਸੀਅਤ ਵਿੱਚ ਬਾਣੀ ਨੂੰ ਪੇਸ਼ ਨਹੀਂ ਕੀਤਾ। ਸਗੋਂ ਇਸ ਬਾਣੀ ਦੀ ਸਿਰਜਨਾ ਤਾਂ ਗੁਰੂ ਦੁਆਰਾ ਅਜ਼ਮਤ ਨਿਹਿਤ ਹੈ ਅਤੇ ਰਹੱਸਵਾਦੀ ਅਨੁਭਵ ਦੀ ਸਥਲ ਅਭਿਵਿਅਕਤ ਹੈ।

## ਕੇਂਦਰੀ ਸ਼ਬਦ

- **ਵਿਸ਼ਵੀਕਰਨ** – ਪੂਰੇ ਸੰਸਾਰ ਨੂੰ ਕੇਂਦਰ ਬਣਾਉਣ ਵਾਲੀ ਪ੍ਰਵਿਰਤੀ।
- **ਸਦਾਚਾਰਕ** – ਆਦਰਸ਼ਵਾਦੀ ਜੀਵਨ ਜਿਉਣ ਦੇ ਢੰਗ
- **ਦ੍ਰਿਸ਼ਟੀਕੋਣ** – ਕਿਸੇ ਵਰਤਾਰੇ ਨੂੰ ਘੋਖਣ ਦੀ ਨਜ਼ਰੀਆ।
- **ਅਡੰਬਰ-** ਭੇਖੀ ਲੋਕਾਂ ਵੱਲੋ ਕੀਤੇ ਜਾਣ ਵਾਲੇ ਕਰਮ ਕਾਂਡ।
- **ਤ੍ਰਸ਼ਨਾ** – ਕਿਸ ਵਸਤ ਨੂੰ ਪਾਉਣ ਜਾਂ ਦੇਖਣ ਦੀ ਤਾਂਘ।

## ਸਵੈ-ਮੁਲਾਂਕਣ

**ਪ੍ਰਸ਼ਨ 1. ਆਸਾ ਦੀ ਵਾਰ ਵਿਚ ਕਿਹੜੇ ਤਤਕਾਲੀ ਪਹਿਲੂਆਂ ਉੱਤੇ ਚਰਚਾ ਕੀਤੀ ਗਈ ਹੈ?**

ੳ) ਸਮਾਜਿਕ

ਅ) ਧਾਰਮਿਕ

ੲ) ਰਾਜਨੀਤਿਕ

ਸ) ਉਪਰੋਕਤ ਸਾਰੇ

**ਪ੍ਰਸ਼ਨ 2. ਆਸਾ ਦੀ ਵਾਰ ਕਿਸ ਧਾਰਮਕ ਪੁਸਤਕ ਦਾ ਖੰਡਨ ਕਰਦੀ ਹੈ?**

ੳ) ਗੀਤਾ

ਅ) ਬਾਇਬਲ

ੲ) ਕੁਰਾਨ

ਸ) ਉਪਰੋਕਤ ਕੋਈ ਨਹੀਂ

**ਪ੍ਰਸ਼ਨ 3. ਆਸਾ ਦੀ ਵਾਰ ਦਾ ਰਚੇਤਾ ਕੌਣ ਹੈ?**

ੳ) ਗੁਰੂ ਅਮਰ ਦਾਸ

ਅ) ਗੁਰੂ ਨਾਨਕ ਦੇਵ

ੲ) ਗੁਰੂ ਅਰਜਨ ਦੇਵ

ਸ) ਗੁਰੂ ਗੋਬਿੰਦ ਸਿਘ

**ਪ੍ਰਸ਼ਨ 4. ਆਸਾ ਦੀ ਵਾਰ ਸਮਾਜਿਕ ਪਖੋਂ ਕਿਹੜਾ ਸੰਦੇਸ਼ ਦਿੰਦੀ ਹੈ?**

ੳ) ਏਕਤਾ ਦਾ

ਅ) ਗਿਆਨ ਦਾ

ੲ) ਅਨੁਸਾਸ਼ਨ ਦਾ

ਸ) ਕੋਈ ਨਹੀਂ

**ਪ੍ਰਸ਼ਨ 5. ਆਸਾ ਦੀ ਵਾਰ ਕਿਸ ਰੂਪ ਦੀ ਵਾਰ ਹੈ?**

ੳ) ਮਾਰਕਸਵਾਦੀ

ਅ) ਤਰਕਵਾਦੀ

ੲ) ਅਧਿਅਤਮਵਾਦੀ

ਸ) ਉਪਰੋਕਤ ਸਭ

**ਪ੍ਰਸ਼ਨ 6. ਆਸਾ ਦੀ ਵਾਰ ਕਿਸ ਪੁਰਾਤਨ ਵਾਰ ਦੀ ਧੁਨ ਉੱਤੇ ਗਾਉਣ ਦਾ ਆਦੇਸ਼ ਹੈ?**

ੳ) ਲਲਾ ਬਹਿਲੀਮਾ ਦੀ ਧੁਨੀ ਤੇ

ਅ) ਇਬਰਾਹਿਮ ਦੀ ਵਾਰ ਦੀ ਧੁਨੀ ਤੇ

ੲ) ਸੰਕਦਰ ਦੀ ਵਾਰ ਦੀ ਧੁਨੀ ਤੇ

ਸ) ਟੁੰਡੇ ਅਸਰਾਜੇ ਦੀ ਧੁਨੀ ਤੇ

**ਪ੍ਰਸ਼ਨ 7. ਆਸਾ ਦੀ ਵਾਰ ਨਾਲ ਕਿਸ ਗੁਰੂ ਸਾਹਿਬਾਨ ਦੇ ਸਲੋਕ ਦਰਜ ਹਨ?**

ੳ) ਗੁਰੂ ਅਰਜਨ ਦੇਵ

ਅ) ਗੁਰੂ ਗੋਬਿੰਦ ਸਿੰਘ

ੲ) ਗੁਰੂ ਅੰਗਦ ਦੇਵ

ਸ) ਗੁਰੂ ਤੇਗ ਬਹਾਦਰ

**ਪ੍ਰਸ਼ਨ 8. ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਦੇ ਕਿੰਨੇ ਸਲੋਕ ਦਰਜ ਹਨ?**

ੳ) 44

ਅ) 45

ੲ)43

ਸ) 42

**ਪ੍ਰਸ਼ਨ 9.ਆਸਾ ਦੀ ਵਾਰ ਵਿਚ ਗੁਰੂ ਅੰਗਦ ਦੇਵ ਦੇ ਕਿੰਨੇ ਸਲੋਕ ਦਰਜ ਹਨ?**

ੳ) 16

ਅ) 17

ੲ)15

ਸ) 12

**ਪ੍ਰਸ਼ਨ 10. ਆਸਾ ਕੀ ਵਾਰ , ਗੁਰੂ ਗ੍ਰੰਥ ਸਾਹਿਬ ਦੇ ਕਿੰਨੇ ਤੋਂ ਕਿੰਨੇ ਅੰਕ ਉੱਤੇ ਸੁਸ਼ੋਭਿਤ ਹੈ?**

ੳ) 455 ਤੋਂ 476

ਅ) 462 ਤੋਂ 475

ੲ) 467 ਤੋਂ 488

ਸ) 467 ਤੋਂ 478

**ਪ੍ਰਸ਼ਨ 11. ਅਧਿਆਤਮਕ ਵਾਰਾਂ ਵਿਚ ਵਾਰ ਪੂਰੀ ਹੋਣ ਤੇ ਅੰਤ ਵਿਚ ਕੀ ਜੋੜਿਆ ਗਿਆ ਹੈ?**

ੳ) ਸ਼ਬਦ

ਅ) ਕਵਿਤਾ

ੲ) ਗੀਤ

ਸ) ਸਲੋਕ

**ਪ੍ਰਸ਼ਨ 12. ਅਧਿਆਤਮਕ ਵਾਰਾਂ ਸਭ ਤੋਂ ਪਹਿਲਾਂ ਕਿਸ ਨੇ ਲਿਖੀਆਂ?**

ੳ) ਬਾਬਾ ਫਰੀਦ ਨੇ

ਅ) ਗੁਰੂ ਨਾਨਕ ਦੇਵ ਨੇ

ੲ) ਗੁਰੂ ਅੰਗਦ ਦੇਵ ਨੇ

ਸ) ਗੁਰੂ ਅਰਜਨ ਦੇਵ ਨੇ

**13. ਪ੍ਰਸ਼ਨ ਗੁਰੂ ਨਾਨਕ ਨੇ ਵਾਰ ਕਿਸ ਛੰਦ ਵਿਚ ਲਿਖੀ ਹੈ?**

ੳ) ਕੋਰੜਾ ਛੰਦ

ਅ) ਸਿਰਖਡੀ ਛੰਦ

ੲ) ਪੌੜੀਆਂ

ਸ) ਕੋਈ ਹੋਰ

**ਪ੍ਰਸ਼ਨ 14. ਪੁਰਾਤਨ ਵਾਰਾਂ ਵਿਚ ਕਿਸ ਵਿਚਾਲੇ ਟੱਕਰ ਹੁੰਦੀ ਸੀ?**

ੳ) ਮਨਮੁੱਖ

ਅ) ਗੁਰਮੁੱਖ

ੲ) ਗੁਰਮੁੱਖ ਅਤੇ ਮਨਮੁੱਖ ਵਿਚਕਾਰ

ਸ) ਦੋ ਯੋਧਿਆ ਵਿਚਕਾਰ

**ਪ੍ਰਸ਼ਨ 15. ਆਸਾ ਦੀ ਵਾਰ ਵਿਚ ਕਿਸ ਵਿਚਾਲੇ ਟੱਕਰ ਹੈ?**

ੳ) ਮਨਮੁੱਖ

ਅ) ਗੁਰਮੁੱਖ

ੲ) ਗੁਰਮੁੱਖ ਅਤੇ ਮਨਮੁੱਖ ਵਿਚਕਾਰ

ਸ) ਇਨਸਾਨ ਤੇ ਭਗਵਾਨ ਵਿਚਕਾਰ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਸ** | **2 ਸ** | **3.ਅ** | **4. ੳ** | **5. ੲ** |
| **6. ਸ** | **7. ੲ** | **8. ੳ** | **9. ੲ** | **10. ਅ** |
| **11. ਸ** | **12. ਅ** | **13. ੲ** | **14. ਸ** | **15. ੲ** |

## ਅਭਿਆਸ ਪ੍ਰਸ਼ਨ

ਪ੍ਰਸ਼ਨ 1. ਬਾਬਾ ਨਾਨਕ ਦੀ ਪ੍ਰਸਿੱਧ ਰਚਨਾ ਕਿਹੜੀ ਹੈ?

ਪ੍ਰਸ਼ਨ 2. ਬਾਬਾ ਨਾਨਕ ਨੇ ਕਿੰਨੀਆਂ ਵਾਰਾ ਦੀ ਰਟਨਾ ਕੀਤੀ?

ਪ੍ਰਸ਼ਨ 3. ਆਸਾ ਦੀ ਵਾਰ ਵਿਚ ਪਾਉੜੀ ਕਿੰਨੀਆਂ ਤੁਕਾਂ ਦੀ ਹੈ?

ਪ੍ਰਸ਼ਨ 3. ਟੁੰਡੇ ਅਸਰਾਜੇ ਦੀ ਵਾਰ ਕਿਸ ਸਮੇਂ ਦੀ ਵਾਰ ਹੈ।

ਪ੍ਰਸ਼ਨ 4. ਆਸਾ ਦੀ ਵਾਰ ਦਾ ਕੇਂਦਰੀ ਭਾਵ ਕੀ ਹੈ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://pa.wikisource.org/wiki/%E0%A8%B8%E0%A8%BC%E0%A8%B2%E0%A9%8B%E0%A8%95_%E0%A8%97%E0%A9%81%E0%A8%B0%E0%A9%82_%E0%A8%A8%E0%A8%BE%E0%A8%A8%E0%A8%95_%E0%A8%A6%E0%A9%87%E0%A8%B5_%E0%A8%9C%E0%A9%80
- https://www.gurmatveechar.com/books/Punjabi_Books/Punjabi_Thesis_Papers/Asa.di.var.vich.samajak.chetna.(GurmatVeechar.com).pdf

**Dr.** *Satwant Singh*, **Lovely Professional University**

# ਅਧਿਆਇ-7 : ਕਾਦਰਯਾਰ ਦੇ ਕਿੱਸਾ ਪੂਰਨ ਭਗਤ ਦਾ ਵਿਸ਼ਾ-ਵਸਤੂ ਤੇ ਕਲਾ ਪੱਖ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਕਿੱਸਾ ਪੂਰਨ ਭਗਤ ਦਾ ਵਿਸ਼ਾਗਤ ਪਾਸਾਰ
4. ਲੋਕਧਾਰਾਈ ਪਰਿਪੇਖ
5. ਨੂੰ ਕਲਾਤਮਿਕ ਅਧਿਐਨ
6. ਕਾਦਰਯਾਰ ਦਾ ਕਿੱਸਾਕਾਰੀ ਵਿਚ ਸਥਾਨ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਕਿੱਸਾ ਸਾਹਿਤ ਬਾਰੇ ਜਾਣ ਸਕਣਗੇ
- ਕਿੱਸਾਕਾਰੀ ਪਰੰਪਰਾ ਵਿਚ ਪੂਰਨ ਭਗਤ ਦੇ ਕਿੱਸੇ ਤੋਂ ਜਾਣੂ ਹੋ ਸਕਣਗੇ
- ਪੂਰਨ ਭਗਤ ਕਿੱਸੇ ਦੇ ਸਮਾਜਿਕ, ਸਭਿਆਚਾਰਕ ਸੰਦਰਭ ਨੂੰ ਸਮਝ ਸਕਣਗੇ
- ਪੰਜਾਬੀ ਕਿੱਸਾਕਾਰੀ ਵਿਚ ਕਾਦਰਯਾਰ ਦੇ ਸਥਾਨ ਨਿਰਦਾਰਿਤ ਕਰ ਪਾਉਣਗੇ

## ਭੂਮਿਕਾ

ਪੰਜਾਬੀ ਸਾਹਿਤ ਵਿੱਚ ਕਿੱਸਿਆਂ ਦਾ ਇੱਕ ਵਿਸ਼ੇਸ਼ ਸਥਾਨ ਹੈ। ਵੱਖ-ਵੱਖ ਕਵੀਆਂ ਵੱਲੋਂ ਲਗਭਗ ਹਰ ਕਾਲ ਵਿੱਚ ਲਿਖੀਆਂ ਅਨੇਕਾਂ ਪ੍ਰੇਮ ਕਥਾਵਾਂ ਸਾਨੂੰ ਕਿੱਸਾ ਰੂਪ ਵਿੱਚ ਮਿਲਦੀਆਂ ਹਨ। ਕਹਾਣੀਆਂ ਸੁਣਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਇਹਨਾਂ

ਕਹਾਣੀਆਂ ਨੂੰ ਸਾਹਿਤ ਵਿੱਚ ਲਿਆਉਣ ਲਈ ਕਵਿਤ ਨੂੰ ਮਾਧਿਅਮ ਬਣਾਇਆ ਗਿਆ ਸੀ ਅਤੇ ਇਹਨਾਂ ਕਵਿਤਾਵਾਂ ਵਿੱਚ ਲਿਖੀਆਂ ਗਈਆਂ ਕਹਾਣੀਆਂ ਨੂੰ ਹੀ ਕਿੱਸਾ ਕਿਹਾ ਜਾਣ ਲੱਗਾ। ਪੰਜਾਬੀ ਵਿੱਚ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ ਸਾਹਿਬਾ ਆਦਿ ਕਿੱਸੇ ਮਿਲਦੇ ਹਨ। ਜਿਹੜੇ ਅੱਜ ਵੀ ਪੰਜਾਬ ਦੇ ਲੋਕਾਂ ਦੀਆਂ ਜ਼ੁਬਾਨਾਂ ਉੱਪਰ ਚੜ੍ਹੇ ਹੋਏ ਹਨ। ਇਹਨਾਂ ਕਿੱਸਿਆਂ ਦੀਆਂ ਜੜ੍ਹਾ ਪੂਰੇ ਪੰਜਾਬ ਵਿੱਚ ਬਹੁਤ ਡੂੰਘੀਆਂ ਹਨ।

## ਕਿੱਸੇ ਦਾ ਅਰਥ

ਕਿੱਸਾ ਮੂਲ ਰੂਪ ਵਿੱਚ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਕਹਾਣੀ, ਕਥਾ ਜਾਂ ਬਿਰਤਾਂਤ ਆਦਿ ਤੋਂ ਹੈ।

- ਡਾ. ਮੋਹਨ ਸਿੰਘ ਦੀਵਾਨਾ ਦਾ ਕਥਨ ਹੈ ਕਿ ਪੰਜਾਬੀ ਵਿੱਚ ਆਮ ਤੌਰ 'ਤੇ ਕਿੱਸੇ ਦੇ ਅਰਥ ਕਲਪਿਤ ਜਾਂ ਅਰਧ ਕਲਪੀ ਵਾਰਤਾ ਲਈ ਲਿਆ ਜਾਂਦਾ ਹੈ।
- ਡਾ. ਦੀਵਾਨ ਸਿੰਘ ਲਿਖਦਾ ਹੈ "ਕਿੱਸਾ ਅਰਬੀ ਜ਼ੁਬਾਨ ਦਾ ਲਫ਼ਜ਼ ਹੈ ਜਿਸਦਾ ਅਰਥ ਹੈ: ਅਫ਼ਸਾਨਾ, ਕਹਾਣੀ, ਗੱਲ, ਜ਼ਕਾਇਤ, ਸਰਗੁਜ਼ਸ਼ਤ ਆਦਿ ਤੋਂ ਅੰਤ ਦਾ ਹਾਲ ਖੋਲ੍ਹ ਕੇ ਬਿਆਨ ਕਰਨਾ ਹੈ।"
- ਡਾ ਰਤਨ ਸਿੰਘ ਜੱਗੀ ਅਨੁਸਾਰ, "ਪੰਜਾਬੀ ਵਿੱਚ ਕਿੱਸਾ ਉਸ ਛੰਦ-ਬੱਧ ਬਿਰਤਾਂਤਿਕ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿੱਚ ਕਥਾਨਕ ਦਾ ਸਬੰਧ ਪ੍ਰੇਮ, ਰੋਮਾਂਸ, ਬੀਰਤਾ, ਭਗਤੀ, ਦੇਸ਼ ਪ੍ਰੇਮ, ਧਰਮ ਜਾਂ ਸਮਾਜ ਸੁਧਾਰ ਨਾਲ ਹੋਵੇ।
- ਇਹਨਾਂ ਸਾਰੇ ਵਿਦਵਾਨਾਂ ਦੀਆਂ ਉਦਾਹਰਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ 'ਕਿੱਸੇ' ਦਾ ਅਰਥ ਕਹਾਣੀ, ਕਥਾ ਜਾਂ ਬਿਰਤਾਂਤ ਆਦਿ ਤੋਂ ਹੀ ਲਿਆ ਜਾਂਦਾ ਹੈ।

## ਕਿੱਸਾ ਪੂਰਨ ਭਗਤ ਦਾ ਵਿਸ਼ਾਗਤ ਪਾਸਾਰ

ਕਾਦਰਯਾਰ ਨੇ ਇਹ ਕਿੱਸਾ 'ਸੀਹਰਫ਼ੀ' ਕਾਵਿ ਰੂਪ ਵਿਚ ਲਿਖਿਆ ਹੈ। ਉਸ ਦੇ ਇਸ ਕਿੱਸੇ ਦੀ ਖ਼ੂਬੀ ਇਸ ਦੀ ਸਰਲ ਤੇ ਸਪਸ਼ਟ ਬਿਆਨੀ ਵਿਚ ਹੈ। ਜਿਸ ਦੌਰ ਵਿਚ ਕਾਦਰਯਾਰ ਨੇ ਇਸ ਕਿੱਸੇ ਦੀ ਰਚਨਾ ਕੀਤੀ ਉਸ ਸਮੇਂ ਵਿਚ ਸਾਹਿਤ ਸਿਰਜਣਾ ਅੰਦਰ ਅਧਿਆਤਮਕ ਰੁਚੀ ਕਾਫ਼ੀ ਪ੍ਰਚਲਿਤ ਸੀ ਜਿਸ ਕਾਰਨ ਉਸ ਦੀ ਇਸ ਰਚਨਾ ਵਿਚੋਂ ਕਵੀ ਦਾ ਦਾਰਸ਼ਨਿਕ ਪੱਖ ਵੀ ਝਲਕਦਾ ਹੈ। ਇਸ ਵਿਚ ਪੂਰਨ ਦੇ ਕਿਰਦਾਰ ਵਿਚੋਂ ਸਰਬ ਸਾਂਝੀ ਪੰਜਾਬੀਅਤ ਦੇ ਸੰਜਮੀ ਵਿਅਕਤਿਤਵ ਦੇ ਦੀਦਾਰ ਹੁੰਦੇ ਹਨ। ਉਸ ਨੇ ਇਸ ਕਿੱਸੇ ਦੀ ਸ਼ੁਰੂਆਤ ਵੀ ਪਰਮਾਤਮਾ ਦੀ ਅਰਾਧਨਾ ਕਰਦਿਆਂ ਉਸ ਦੀ ਅਸੀਮ ਤਾਕਤ ਵੱਲ ਸੰਕੇਤ ਕੀਤਾ ਹੈ, ਜਿਸ ਦੇ ਸਾਹਮਣੇ ਸਾਰੇ ਪੀਰ ਫ਼ਕੀਰ ਸਿੱਜਦਾ ਕਰਦੇ ਹਨ। ਇਸ ਤੋਂ ਅੱਗੇ ਫਿਰ ਪੂਰਨ ਦੇ ਜਨਮ ਦਾ ਵੇਰਵਾ ਦਿੰਦੇ ਹੋਏ ਕਿੱਸਾਕਾਰ ਕਿੱਸੇ ਦਾ ਆਰੰਭ ਕਰਦਾ ਹੈ। ਪੂਰਨ ਸਿਆਲਕੋਟ ਦੇ ਰਾਜਾ ਸਲਵਾਹਨ ਤੇ ਰਾਣੀ ਇੱਛਰਾਂ ਦਾ ਪੁੱਤਰ ਸੀ। ਉਸ ਦੇ ਜਨਮ ਵੇਲੇ ਰਾਜਾ ਸਾਰੇ ਪੰਡਤਾਂ ਨੂੰ ਦਰਬਾਰ ਬੁਲਾ ਉਸ ਦੇ ਭਵਿੱਖ ਬਾਰੇ ਦੱਸਣ ਲਈ ਕਹਿੰਦਾ ਹੈ ਤਾਂ ਪੰਡਤ ਪੂਰਨ ਦੇ ਬਾਰੇ ਰਾਜੇ ਨੂੰ ਚੇਤੰਨ ਕਰਦੇ ਕਹਿੰਦੇ ਹਨ ਕਿ ਉਹ ਬਾਰਾਂ ਵਰ੍ਹਿਆਂ ਤਕ ਪੂਰਨ ਦਾ ਮੂੰਹ ਨਾ ਦੇਖੇ, ਕਿਉਂਕਿ ਅਜਿਹਾ ਕਰਨ ਨਾਲ ਰਾਜੇ ਦੇ ਜੀਵਨ ਉੱਪਰ ਵਿਪਰੀਤ ਪ੍ਰਭਾਵ ਪੈ ਸਕਦਾ ਹੈ। ਇਹ ਭਵਿੱਖਬਾਣੀ ਸੁਣ ਕੇ ਰਾਜਾ ਸਲਵਾਹਨ ਪੂਰਨ ਨੂੰ ਭੋਰੇ ਪਾ ਆਪਣੀਆਂ ਨਜ਼ਰਾਂ ਤੋਂ ਦੂਰ ਕਰ ਦਿੰਦਾ ਹੈ। ਪਰ ਇਸ ਦੇ ਨਾਲ ਹੀ ਉਹ ਪੂਰਨ ਦੀ ਦੇਖਭਾਲ ਲਈ ਨੌਕਰਾਣੀਆਂ ਤੇ ਦਾਸੀਆਂ ਨੂੰ ਵੀ ਉਸ ਦੇ ਨਾਲ ਭੇਜਦਾ ਹੈ। ਭੋਰੇ ਵਿਚ ਰਹਿੰਦੀਆਂ ਹੀ ਪੂਰਨ ਵਿੱਦਿਆ ਹਾਸਲ ਕਰਦਾ, ਛੇ ਵਰ੍ਹਿਆਂ ਦੀ ਉਮਰ ਤਕ ਪੋਥੀਆਂ ਪੜ੍ਹਨ ਲੱਗ ਪਿਆ ਸੀ ਤੇ ਤੀਰ-ਅੰਦਾਜ਼ੀ ਵਿਚ ਵੀ ਮਾਹਿਰ ਹੋ ਗਿਆ ਸੀ। ਸ਼ਸਤਰ ਤੇ ਸ਼ਾਸਤਰ ਵਿੱਦਿਆ ਸਿੱਖਦਾ ਜਦ ਉਹ ਵੱਡਾ ਹੋ ਗਿਆ ਤਾਂ ਭੋਰੇ ਵਿਚੋਂ ਬਾਹਰ ਆਉਣ ਲਈ ਉਸਦੀ ਵਿਆਕੁਲਤਾ ਹੋਰ ਵੱਧ ਗਈ। ਜਦੋਂ ਇਹ ਬਾਰ੍ਹਾਂ ਵਰਿਆਂ ਦਾ ਸਮਾਂ ਪੂਰਾ ਹੋਇਆ ਤਾਂ ਪੂਰਨ ਸਾਰੀਆਂ ਵਿਦਿਆਵਾਂ ਵਿਚ ਨਿਪੁੰਨ ਹੋ ਆਪਣੇ ਪਿਤਾ ਨੂੰ ਮਿਲਣ ਲਈ ਤਿਆਰ ਸੀ।

ਦੂਜੇ ਬੰਨੇ ਰਾਜਾ ਸਲਵਾਹਨ ਵੀ ਆਪਣੇ ਪੁੱਤਰ ਨੂੰ ਮਿਲਣ ਲਈ ਉਨਾ ਹੀ ਤੜਪ ਰਿਹਾ ਸੀ। ਉਹ ਜਦ ਆਪਣੇ ਜਵਾਨ ਪੁੱਤਰ ਦੀ ਸੂਰਤ ਦੇਖਦਾ ਹੈ ਤਾਂ ਗੁਮਾਨ ਨਾਲ ਭਰ ਜਾਂਦਾ ਹੈ। ਇਸੇ ਸਮੇਂ ਸਲਵਾਹਨ ਨੇ ਲੂਣਾ ਨਾਂ ਦੀ ਜਵਾਨ

ਮੁਟਿਆਰ ਨਾਲ ਵਿਆਹ ਕਰਵਾਇਆ ਸੀ ਜੋ ਉਸ ਤੋਂ ਕਾਫ਼ੀ ਛੋਟੀ ਸੀ। ਲੂਣਾ ਨੂੰ ਸਲਵਾਹਨ ਨੇ ਆਪਣੇ ਇੱਕ ਦੋਸਤ ਦੇ ਦਰਬਾਰ ਵਿਚ ਨੱਚਦਿਆਂ ਦੇਖਿਆ ਸੀ, ਜਿਸ ਦੇ ਬਾਅਦ ਉਹ ਉਸ 'ਤੇ ਮੋਹਿਤ ਹੋ ਗਿਆ ਸੀ। ਲੂਣਾ ਦੇ ਗ਼ਰੀਬ ਮਾਂ-ਪਿਓ ਵੀ ਰਾਜੇ ਨੂੰ ਇਨਕਾਰ ਕਰਨ ਵਿਚ ਅਸਮਰਥ ਸਨ। ਇਸ ਦੇ ਬਾਅਦ ਜਦੋਂ ਪੂਰਨ ਆਪਣੇ ਪਿਤਾ ਦੀ ਦੂਜੀ ਪਤਨੀ ਜੋ ਰਿਸ਼ਤੇ ਵਿਚ ਉਸ ਦੀ ਮਾਂ ਲੱਗਦੀ ਸੀ, ਜਦ ਪੂਰਨ ਉਸ ਨੂੰ ਮਿਲਣ ਜਾਂਦਾ ਹੈ ਤਾਂ ਲੂਣਾ ਉਸ ਨੂੰ ਕਹਿੰਦੀ ਹੈ ਕਿ ਤੂੰ ਮੈਨੂੰ ਮਾਂ ਨਾ ਆਖ ਕਿਉਂਕਿ ਤੂੰ ਮੇਰਾ ਹਮ ਉਮਰ ਹੈ ਤੇ ਮੈਂ ਤੈਨੂੰ ਆਪਣੀ ਕੁੱਖੋਂ ਜਨਮ ਨਹੀਂ ਦਿੱਤਾ। ਲੂਣਾ ਵੀ ਪੂਰਨ ਦਾ ਰੰਗ ਰੂਪ ਦੇਖ ਕੇ ਉਸ ਉੱਤੇ ਮੋਹਿਤ ਹੋ ਜਾਂਦੀ ਹੈ ਤੇ ਆਪਣੀ ਮੁਹੱਬਤ ਦਾ ਇਜ਼ਹਾਰ ਕਰ ਦਿੰਦੀ ਹੈ। ਪੂਰਨ, ਰਾਣੀ ਦੀਆਂ ਇਹ ਗੱਲਾਂ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਲੂਣਾ ਦੇ ਅੰਦਰ ਪ੍ਰਤਿਸ਼ੋਧ ਦੀ ਅਗਨੀ ਬਦਲੇ ਦੀ ਭਾਵਨਾ ਤਹਿਤ ਪ੍ਰਬਲ ਹੋਣ ਲਗਦੀ ਹੈ। ਇਸ ਦੇ ਲਈ ਉਹ ਆਪਣੀ ਹਾਲਤ ਵਿਗਾੜ ਕੇ, ਆਪਣੇ ਕੱਪੜੇ ਫਾੜ ਕੇ ਰਾਜਾ ਸਲਵਾਹਨ ਦੇ ਮਹਿਲ ਪਹੁੰਚਦੀ, ਪੂਰਨ 'ਤੇ ਇਲਜ਼ਾਮ ਲਗਾਉਂਦੀ ਹੈ। ਇਹ ਸਭ ਸੁਣ ਕੇ ਰਾਜਾ ਪੂਰਨ ਨੂੰ ਉੱਥੇ ਸੱਦਦਾ ਤੇ ਪੂਰਨ ਨੂੰ ਕਾਫ਼ੀ ਬੁਰਾ ਭਲਾ ਆਖਦਾ, ਉਸ ਨੂੰ ਮੁੜ ਸਜ਼ਾ ਦੇ ਦਿੰਦਾ ਹੈ। ਪੂਰਨ ਦੀ ਸਜ਼ਾ ਦੀ ਗੱਲ ਜਦੋਂ ਇੱਛਰਾਂ ਨੂੰ ਸੁਣਦੀ ਹੈ ਤਾਂ ਨੱਸੀ ਰਾਜੇ ਕੋਲ ਆਉਂਦੀ ਹੈ ਤੇ ਉਸ ਨੂੰ ਸਵਾਲ ਕਰਦੀ ਹੈ ਕੀ ਉਸ ਦਾ ਪੂਰਨ ਨਾਲ ਕੀ ਵੈਰ ਹੈ? ਪਰ ਰਾਜਾ ਸਲਵਾਹਨ ਉਸ ਦੀ ਇੱਕ ਨਹੀਂ ਸੁਣਦਾ ਤੇ ਪੂਰਨ ਨੂੰ ਵੱਢ-ਟੁੱਕ ਕੇ ਖੂਹ ਵਿਚ ਸੁੱਟਣ ਦਾ ਹੁਕਮ ਦੇ ਦਿੰਦਾ ਹੈ। ਇਸ ਦੌਰਾਨ ਜਦੋਂ ਪੂਰਨ ਨੂੰ ਖੂਹ ਵਿਚ ਸੁੱਟ ਦਿੱਤਾ ਜਾਂਦਾ ਹੈ, ਤਾਂ ਉਦੋਂ ਉੱਥੋਂ ਖੂਹ ਦੇ ਕੋਲੋਂ ਗੁਰੂ ਗੋਰਖ ਨਾਥ ਲੰਘੇ ਤਾਂ ਉਨ੍ਹਾਂ ਨੂੰ ਕਿਸੇ ਦੇ ਦਰਦ 'ਚ ਕਰਾਹੁਣ ਦੀ ਆਵਾਜ਼ ਆਈ ਤਾਂ ਉਨ੍ਹਾਂ ਨੇ ਪੂਰਨ ਨੂੰ ਖੂਹ 'ਚੋਂ ਬਾਹਰ ਕੱਢਿਆ।

ਗੋਰਖ ਨਾਥ ਪੂਰਨ ਨੂੰ ਆਪਣੇ ਨਾਲ ਲੈ ਜਾਂਦੇ ਹਨ ਅਤੇ ਉਨ੍ਹਾਂ ਨੇ ਉਸ ਦੀ ਸਾਰੀ ਗੱਲ ਸੁਣਨ ਮਗਰੋਂ ਪੂਰਨ ਨੂੰ ਮੁੜ ਆਪਣੇ ਘਰ ਵਾਪਸ ਜਾਣ ਲਈ ਵੀ ਆਖਿਆ। ਪਰ ਜੀਵਨ ਤੋਂ ਉਦਾਸ ਹੋਇਆ ਪੂਰਨ ਗੁਰੂ ਗੋਰਖ ਨਾਥ ਸਾਹਮਣੇ ਜੋਗ ਲੈਣ ਦੀ ਬੇਨਤੀ ਕਰਦਾ ਹੈ। ਇਵੇਂ ਉਹ ਜੋਗੀ ਬਣ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਦਾ, ਆਪਣੀ ਜ਼ਿੰਦਗੀ ਤੱਕ ਹਾਰ ਜਾਂਦਾ ਹੈ ਪਰ ਹਾਰ ਨਾ ਮੰਨਦਾ ਹੋਇਆ ਜਿੱਤ ਹਾਸਲ ਕਰਦਾ ਹੈ। ਉਹ ਜੋਗੀ ਬਣ ਕਰਾਮਾਤਾਂ ਕਰਦਾ ਵੀ ਨਜ਼ਰ ਆਉਂਦਾ ਹੈ ਪਰ ਸਮਾਜਕ ਕੀਮਤਾਂ ਨਾਲ ਸਮਝੌਤਾ ਨਹੀਂ ਕਰਦਾ। ਪੂਰਨ ਜਦੋਂ ਸੁੰਦਰਾਂ ਕੋਲੋਂ ਭਿੱਖਿਆ ਮੰਗਣ ਜਾਂਦਾ ਹੈ ਤਾਂ ਗੋਰਖ ਨਾਥ ਦੇ ਜੋਗੀ ਉਸ ਨੂੰ ਕਹਿੰਦੇ ਹਨ ਕਿ ਜੇ ਤੂੰ ਸੁੰਦਰ ਸ਼ਹਿਰ ਦੀ ਖ਼ੂਬਸੂਰਤ ਰਾਣੀ ਤੋਂ ਭਿੱਖਿਆ ਲੈ ਕੇ ਆਵੇ ਤੇ ਆਪਣੇ ਜੋਗ ਨੂੰ ਵੀ ਬਚਾ ਕੇ ਉਸ ਉੱਤੇ ਜਿੱਤ ਪ੍ਰਾਪਤ ਕਰੇ ਤਾਂ ਤੂੰ ਸੱਚਮੁੱਚ ਦੇ ਯੋਗ ਦੇ ਕਾਬਲ ਹੋਵੇਂਗਾ ਕਿਉਂਕਿ ਇਸ ਤੋਂ ਪਹਿਲਾਂ ਵੀ ਕਈ ਜੋਗੀ ਉੱਥੇ ਗਏ ਹਨ ਪਰ ਵਾਪਸ ਨਹੀਂ ਆਏ। ਪੂਰਨ ਜਦੋਂ ਸੁੰਦਰਾਂ ਦੇ ਸ਼ਹਿਰ ਪਹੁੰਚਦਾ ਹੈ ਤਾਂ ਉਸ ਨੂੰ ਸਭ ਪਾਸਿਓ ਤੋਂ ਘੇਰਾ ਪਾ ਲਿਆ ਜਾਂਦਾ ਹੈ। ਜਦੋਂ ਸੁੰਦਰਾਂ ਉਸ ਦੇ ਕੋਲ ਪਹੁੰਚਦੀ ਹੈ ਤਾਂ ਉਸ ਨੂੰ ਦੇਖ ਗੋਰਖ ਨਾਥ ਤੇ ਪੂਰਨ ਨੂੰ ਛੱਡ ਸਾਰੇ ਜੋਗੀ ਡੋਲ ਜਾਂਦੇ ਹਨ। ਫਿਰ ਸੁੰਦਰਾਂ ਪੂਰਨ ਨੂੰ ਆਪਣੇ ਮਹਿਲ ਲੈ ਜਾ ਕੇ ਰਿਝਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਪੂਰਨ ਬਹਾਨਾ ਲੱਗਾ ਕੇ ਉੱਥੋਂ ਨਿਕਲ ਜਾਂਦਾ ਹੈ। ਸੁੰਦਰਾਂ ਦੀ ਭਗਤੀ ਭਾਵਨਾ ਤੋਂ ਪ੍ਰਸੰਨ ਹੋ ਗੋਰਖ ਨਾਥ ਉਸ ਨੂੰ ਵਰ ਮੰਗਣ ਲਈ ਕਹਿੰਦੇ ਹਨ। ਸੁੰਦਰਾਂ ਗੋਰਖ ਨਾਥ ਤੋਂ ਵਰ ਵਿਚ ਪੂਰਨ ਦੀ ਮੰਗ ਕਰਦੀ ਹੈ ਤਾਂ ਗੋਰਖ ਨਾਥ ਪੂਰਨ ਨਾਲ ਸੰਵਾਦ ਰਚਾ ਉਸ ਨੂੰ ਸੁੰਦਰਾਂ ਨਾਲ ਤੋਰ ਦਿੰਦੇ ਹਨ, ਪਰ ਉਹ 'ਸਾਬਤੀ' ਟੁੱਟਣ ਦੇ ਡਰੋਂ ਗੋਰਖ ਨਾਥ ਦੇ ਡੇਰੇ ਵਾਪਸ ਆ ਜਾਂਦਾ ਹੈ।

ਗੋਰਖ ਨਾਥ ਕੋਲ ਕਾਫ਼ੀ ਸਮਾਂ ਰਹਿ ਕੇ ਜਦੋਂ ਪੂਰਨ ਜੋਗ ਧਿਆਨ ਵਿਚ ਨਿਪੁੰਨ ਹੋ ਜਾਂਦਾ ਹੈ ਤਾਂ ਉਹ ਉਸ ਨੂੰ ਮੁੜ ਸਿਆਲਕੋਟ ਭੇਜ ਦਿੰਦਾ ਹੈ। ਪੂਰਨ ਦੇ ਸਿਆਲਕੋਟ ਪਹੁੰਚਦਿਆਂ ਹੀ ਉਸ ਦੀ ਜਨਨੀ ਇੱਛਰਾਂ ਉਸ ਨੂੰ ਮਿਲਣ ਆਉਂਦੀ ਹੈ। ਇੱਛਰਾਂ ਜੋ ਪੁੱਤਰ ਵਿਯੋਗ ਵਿਚ ਅੰਨੀ ਹੋ ਗਈ ਸੀ ਜਦ ਆਪਣੇ ਪੁੱਤਰ ਨੂੰ ਮਿਲਦੀ ਹੈ ਤਾਂ ਉਸ ਦੀ ਅੱਖਾਂ ਦੀ ਰੋਸ਼ਨੀ ਵੀ ਵਾਪਸ ਆ ਜਾਂਦੀ ਹੈ। ਰਾਜਾ ਸਲਵਾਹਨ ਵੀ ਆਪਣੇ ਬਚਨਾਂ 'ਤੇ ਪਛਤਾਵਾਂ ਕਰਦਾ ਪੂਰਨ ਨੂੰ ਆਪਣੇ ਗੱਲ ਨਾਲ ਲਾ ਲੈਂਦਾ ਹੈ। ਇਹ ਦੇਖ ਪੂਰਨ ਉਨ੍ਹਾਂ ਨੂੰ ਕਹਿੰਦਾ ਹੈ ਕਿ ਬੀਤੇ ਵਕਤ ਦਾ ਪਛਤਾਵਾਂ ਕਰਨ ਦਾ ਕੋਈ ਫ਼ਾਇਦਾ ਨਹੀਂ। ਇਸ ਦੇ ਬਾਅਦ ਰਾਜਾ ਸਲਵਾਹਨ ਪੂਰਨ ਨੂੰ ਆਪਣਾ ਰਾਜ-ਭਾਗ ਸੰਭਾਲਣ ਲਈ ਕਹਿੰਦਾ ਹੈ। ਪਰ ਪੂਰਨ 'ਤੇ ਰਾਜਾ ਸਲਵਾਹਨ ਦੀਆਂ

ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ ਤੇ ਉਹ ਮੁੜ ਆਪਣੇ ਗੁਰੂ ਗੋਰਖ ਨਾਥ ਦੇ ਚਰਨਾਂ ਵਿਚ ਚਲਾ ਜਾਂਦਾ ਹੈ। ਇਸ ਤੋਂ ਅੱਗੇ ਫਿਰ ਉਹ ਗੋਰਖ ਨਾਥ ਨੂੰ ਸਿਆਲਕੋਟ ਦਾ ਤੇ ਆਪਣੇ ਮਾਪਿਓ ਦਾ ਹਾਲ ਸੁਣਾਉਂਦਾ ਹੈ। ਪੂਰਨ ਦੱਸਦਾ ਹੈ ਕਿ ਕਿਵੇਂ ਨਾਮ ਸਿਮਰਨ ਦੀ ਬਰਕਤ ਨਾਲ ਸਿਆਲਕੋਟ ਦਾ ਸੁੱਕਾ ਬਾਗ਼ ਹਰਾ ਹੋ ਗਿਆ ਸੀ। ਸਿਰਫ਼ ਇਹੀ ਨਹੀਂ ਉੱਥੇ ਦੇ ਸਾਰੇ ਰਾਜੇ ਤੇ 62 ਰਾਣੀਆਂ ਵੀ ਉਸ ਦੇ ਦਰਸ਼ਨ ਪਾ ਕੇ ਸੁੱਖੀ ਹੁੰਦੇ ਹਨ। ਇਵੇਂ ਇਹ ਕਿੱਸਾ ਜਦੋਂ ਅੰਤ ਵੱਲ ਵਧਦਾ ਹੈ ਤਾਂ ਪੂਰਨ ਜੋ ਹੁਣ ਅਧਿਆਤਮਕ ਮਾਰਗ ਦੀ ਸਿਖਰ ਨੂੰ ਛੂੰਹਦਾ ਪੂਰਨ ਭਗਤ ਹੋ ਗਿਆ ਹੈ। ਉਸ ਕੋਲ ਰਾਜਾ ਸਲਵਾਹਨ ਤੇ ਰਾਣੀ ਲੂਣਾ ਔਲਾਦ ਦੀ ਦਾਤ ਮੰਗਣ ਆਉਂਦੇ ਹਨ। ਪੂਰਨ ਭਗਤ ਦੇ ਦਰਸ਼ਨ ਕਰਨ ਉਪਰੰਤ ਉਨ੍ਹਾਂ ਦੀ ਇਹ ਮੁਰਾਦ ਪੂਰੀ ਹੁੰਦੀ ਹੈ ਤੇ ਉਨ੍ਹਾਂ ਦੇ ਘਰ ਰਸਾਲੂ ਦਾ ਜਨਮ ਹੁੰਦਾ ਹੈ। ਇਵੇਂ ਇਹ ਪੂਰੇ ਕਿੱਸੇ ਵਿਚ ਪੂਰਨ ਨੈਤਿਕ-ਆਚਾਰ ਵਾਲੇ ਕਿਰਦਾਰ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ।

### ਕਿੱਸਾ ਪੂਰਨ ਭਗਤ: ਕਲਾਤਮਿਕ ਅਧਿਐਨ

ਕਾਦਰਯਾਰ ਦੇ ਕਿੱਸੇ ਪੂਰਨ ਭਗਤ ਦੇ ਕਥਾ ਸਾਰ ਨੂੰ ਜਾਣਨ ਤੋਂ ਬਾਅਦ ਅਸੀਂ ਕਾਦਰਯਾਰ ਦੀ ਕਿੱਸੇ ਨੂੰ ਰਚਣ ਪਿੱਛੇ ਕਾਰਜਸ਼ੀਲ ਕਲਾਤਮਕਤਾ ਦਾ ਅਧਿਐਨ ਕਰਾਂਗੇ। ਇਸ ਵਿਚ ਕਿੱਸੇ ਦੀ ਸਿਰਜਣਾ ਵਿਚ ਕਾਰਜਸ਼ੀਲ ਮਹੱਤਵਪੂਰਨ ਤੱਤ ਬਿਰਤਾਂਤ ਕਲਾ, ਇਸ਼ਕ, ਰੁਮਾਂਸ, ਦੁਖਾਂਤ/ਸੁਖਾਂਤ ਦਾ ਸੰਕਲਪ, ਬਾਹਰਮੁਖੀ ਵਿਸਤਾਰ, ਪ੍ਰਗਟਾਓ ਵਿਧੀ, ਵਾਰਤਾਲਾਪ ਬਾਰੇ ਜਾਣਕਾਰੀ ਦੇ ਨਾਲ-ਨਾਲ ਕਵੀ ਦੀ ਰਚਨਾ ਸ਼ੈਲੀ ਜਿਸ ਵਿਚ ਪਾਤਰ ਚਿਤਰਨ, ਭਾਸ਼ਾ, ਰਸ, ਅਲੰਕਾਰ, ਛੰਦ ਆਦਿ ਸ਼ਾਮਲ ਹਨ। ਕਾਦਰਯਾਰ ਨੇ ਇਸ ਕਿੱਸੇ ਦੀ ਰਚਨਾ ਸੀਹਰਫ਼ੀ ਕਾਵਿ-ਰੂਪ ਵਿਚ ਕੀਤੀ ਹੈ। ਕਾਦਰਯਾਰ ਨੇ ਇਸ ਕਿੱਸੇ ਦੀ ਰਚਨਾ ਸਿਹਰਫ਼ੀਆਂ ਵਿਚ ਕੀਤੀ ਹੈ ਇਸ ਲਈ ਇੱਥੋਂ ਅੱਗੇ ਵਿਸਤਾਰ ਚਰਚਾ ਤੋਂ ਪਹਿਲਾ ਇਹ ਜਾਣਨਾ ਜ਼ਰੂਰੀ ਹੈ ਕਿ ਸੀਹਰਫ਼ੀ ਕੀ ਹੈ? ਇਸ ਦਾ ਅੱਖਰੀ ਅਰਥ ਹੈ 'ਸੀ' ਦਾ ਇੱਥੇ ਭਾਵ ਤੀਹ ਤੋਂ ਹੈ ਤੇ 'ਹਰਫ਼ੀ' ਦਾ ਭਾਵ ਹੈ ਅੱਖਰ। ਅਰਬੀ ਵਰਨਮਾਲਾ ਦੇ ਅਸਲ ਵਿਚ ਤੀਹ ਅੱਖਰ ਹੁੰਦੇ ਹਨ। ਅਰਬੀ ਫ਼ਾਰਸੀ ਵਰਨਮਾਲਾ ਦੇ ਇਨ੍ਹਾਂ ਅੱਖਰਾਂ ਉੱਤੇ ਵਿਆਖਿਆ ਰੂਪ ਵਿਚ ਲਿਖੀ ਕਵਿਤਾ ਨੂੰ ਹੀ ਸੀਹਰਫ਼ੀ ਕਿਹਾ ਜਾਂਦਾ ਹੈ। ਇਹ ਕਵਿਤਾ ਫ਼ਾਰਸੀ ਵਰਨਮਾਲਾ ਦੇ ਇੱਕ-ਇੱਕ ਅੱਖਰ ਨੂੰ ਸ਼ੁਰੂ ਵਿਚ ਵਰਤ ਕੇ ਲਿਖੀ ਜਾਂਦੀ ਹੈ। ਪੰਜਾਬੀ ਵਿਚ ਇਸ ਨਾਲ ਮਿਲਦਾ-ਜੁਲਦਾ ਕਾਵਿ-ਰੂਪ ਸਾਡੇ ਕੋਲ ਪੱਟੀ, ਪੈਂਤੀ ਅੱਖਰੀ ਤੇ ਬਾਵਨ ਅੱਖਰੀ ਹੈ। ਕਾਦਰਯਾਰ ਦੇ ਇਸ ਕਿੱਸੇ ਵਿਚ ਕੁਲ ਪੰਜ ਸਿਹਰਫ਼ੀਆਂ ਹਨ। ਇਸ ਵਿਚ ਕਵੀ ਨੇ ਹਰ ਸੀਹਰਫ਼ੀ ਵਿਚ ਫ਼ਾਰਸੀ ਲਿਪੀ ਦੇ ਸਾਰੇ ਹਰਫ਼ਾਂ ਨੂੰ ਨਹੀਂ ਲਿਆ। ਪਰ ਉਸ ਨੇ ਤੀਹ ਹਰਫ਼ਾਂ ਦੀ ਗਿਣਤੀ ਨੂੰ ਪੂਰਾ ਕਰਨ ਲਈ ਕਈ ਹਰਫ਼ਾਂ ਦੀ ਦੂਹਰੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਆਪਣੀਆਂ ਸਿਹਰਫ਼ੀਆਂ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਇਸ ਦੇ ਨਾਲ ਹੀ ਸੀਹਰਫ਼ੀ ਦਾ ਇੱਕ ਲੱਛਣ ਇਹ ਵੀ ਹੈ ਕਿ ਹਰੇਕ ਹਰਫ਼ ਦੇ ਬਾਅਦ ਆਉਣ ਵਾਲਾ ਸ਼ਬਦ ਉਸੇ ਹਰਫ਼ ਤੋਂ ਹੀ ਬਣਿਆ ਹੋਵੇ। ਕਾਦਰਯਾਰ ਦੀਆਂ ਸਿਹਰਫ਼ੀਆਂ ਵਿਚ ਇਸ ਲੱਛਣ ਦਾ ਨਿਭਾਅ ਪੂਰੀ ਤਰ੍ਹਾਂ ਨਾਲ ਹੋਇਆ ਹੈ। ਕਾਦਰਯਾਰ ਦਾ ਕਿੱਸਾ ਪੂਰਨ ਭਗਤ ਦੇ ਆਰੰਭ ਦੀ ਗੱਲ ਕਰੀਏ ਤਾਂ ਇਸ ਵਿਚ ਕਵੀ ਨੇ ਪੰਜਾਬੀ ਕਿੱਸਾਕਾਰੀ ਦੀ ਰਵਾਇਤ ਨੂੰ ਨਿਭਾਉਂਦਿਆਂ ਇਸ ਦਾ ਆਗਾਜ਼ ਮੰਗਲਾਚਰਨ ਲਿਖ ਕੇ ਕੀਤਾ ਹੈ। ਉਸ ਦੇ ਦੁਆਰਾ ਦਿੱਤੇ ਗਏ ਮੰਗਲਾਚਰਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ ਕਵੀ ਨੇ ਆਪਣੇ ਕਿੱਸੇ ਵਿਚਲੀ ਸਰਲਤਾ ਤੇ ਸਾਧਾਰਨਤਾ ਮੁਤਾਬਿਕ ਸੰਖੇਪ ਰੱਖਿਆ ਹੈ:

ਅੱਵਲ ਆਖ ਸੁਨਾ ਖ਼ੁਦਾ ਤਾਈਂ, ਜਿਹਨੂੰ ਪੀਰ ਫ਼ਕੀਰ ਧਿਆਉਂਦੇ ਨੇ।<br>
ਲੋਹ ਕਲਮ ਤੇ ਜ਼ਮੀਨ ਸਮਾਨ ਤਾਰੇ, ਚੰਨ ਸੂਰਜ ਭੀ ਸੀਸ ਨਿਵਾਉਂਦੇ ਨੇ।<br>
ਮੱਛ ਕੱਛ ਸੰਸਾਰ ਸਮੁੰਦਰਾਂ ਦੇ, ਉਹ ਭੀ ਰੱਬ ਦੇ ਜੀਅ ਕਹਾਉਂਦੇ ਨੇ।<br>
ਕਾਦਰਯਾਰ ਮੀਆਂ ਜੰਗਲ ਜੂਹ ਬੇਲੇ, ਸੱਭੇ ਰੱਬ ਦਾ ਬਿਰਦ ਕਮਾਉਂਦੇ ਨੇ।

ਇਸ ਤਰ੍ਹਾਂ ਕਵੀ ਕਿੱਸਾ ਸ਼ੁਰੂ ਕਰਨ ਤੋਂ ਪਹਿਲਾਂ ਪਰਮਾਤਮਾ ਨੂੰ ਯਾਦ ਕਰਦਾ, ਉਸ ਦੀ ਸ਼ਕਤੀ ਨੂੰ ਸਿੱਜਦਾ ਕਰਦਾ ਹੈ। ਜਿਸ ਦੇ ਸਾਹਮਣੇ ਸਾਰਾ ਬ੍ਰਹਿਮੰਡ ਆਪਣਾ ਸਿਰ ਨਿਵਾਉਂਦਾ ਨਜ਼ਰ ਆਉਂਦਾ ਹੈ। ਇਸ ਸੰਸਾਰ ਵਿਚ ਜਿਨੇ ਵੀ ਜੀਅ ਜੰਤ, ਪਸ਼ੂ-ਪੰਛੀ ਹਨ, ਉਹ ਸਭ ਪਰਮਾਤਮਾ ਦੇ ਹੀ ਜੀਅ ਹਨ ਤੇ ਉਸ ਦੇ ਹੁਕਮ 'ਚ ਹਨ। ਇਹ ਕਿੱਸਾ ਸਿਆਲਕੋਟ ਦੇ ਰਾਜੇ

ਸਲਵਾਹਨ ਦੇ ਘਰ ਪੂਰਨ ਦੇ ਜਨਮ ਤੋਂ ਸ਼ੁਰੂ ਹੁੰਦਾ ਹੈ। ਇਸ ਕਿੱਸੇ ਦੀ ਖ਼ਾਸੀਅਤ ਹੈ ਕਿ ਇਹ ਨਿਰੋਲ ਇਸ਼ਕ ਦਾ ਕਿੱਸਾ ਨਹੀਂ ਸਗੋਂ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਦਾ ਲਖਾਇਕ ਵੀ ਹੈ। ਪੂਰਨ ਇਸ ਕਿੱਸੇ ਵਿਚ ਇਨ੍ਹਾਂ ਸਾਰੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਂਦਾ, ਸਾਬਤ ਕਦਮੀ, ਸੰਜਮੀ ਵਿਅਕਤਿਤਵ ਦਾ ਧਾਰਣੀ ਨਜ਼ਰ ਆਉਂਦਾ ਹੈ। ਇਨ੍ਹਾਂ ਚਰਿ ਤਰਕ ਵਿਸ਼ੇਸ਼ਤਾਵਾਂ ਦੇ ਕਾਰਨ ਉਹ ਅੰਤ ਵਿਚ ਪੂਰਨ ਭਗਤ ਹੋ ਨਿਭੜਦਾ ਹੈ। ਕਵੀ ਨੇ ਇਸ ਕਿੱਸੇ ਵਿਚ ਸੁੰਦਰਾਂ ਦਾ ਸੱਚਾ ਪਿਆਰ ਦਿਖਾ ਕੇ ਇਸ ਵਿਚ ਇਸ਼ਕ ਦੇ ਪ੍ਰਬਲ ਵੇਗ ਨੂੰ ਵੀ ਪ੍ਰਗਟ ਕੀਤਾ ਹੈ। ਪਰ ਇੱਥੇ ਲੂਣਾ ਹੋਵੇ ਜਾਂ ਸੁੰਦਰਾਂ ਉਨ੍ਹਾਂ ਦੀ ਖ਼ੂਬਸੂਰਤੀ ਦੇ ਵਰਣਨ ਨੂੰ ਜ਼ਿਆਦਾ ਵਿਸਤਾਰ ਨਹੀਂ ਦੀ ਤਾ ਗਿਆ। ਕਵੀ ਰਾਣੀ ਸੁੰਦਰਾਂ ਦੀ ਸੁੰਦਰਤਾ ਨੂੰ ਇਉਂ ਬਿਆਨ ਕਰਦਾ ਹੈ:

ਅਲਫ਼ ਆਦਿ ਜੋਗੀ ਸਭੇ ਦੇਖ ਉਹਨੂੰ, ਚਾਰੋਂ ਤਰਫ਼ ਚੁਫੇਰਿਓਂ ਘਤ ਘੇਰਾ।
ਰਾਣੀ ਸੁੰਦਰਾਂ ਮੁਖ ਤੋਂ ਲਾਹ ਪੜਦਾ, ਸਭਨਾਂ ਵਲ ਦੀਦਾਰ ਦੇ ਫੇਰਾ।
ਗੁਰੂ ਨਾਥ ਤੇ ਪੂਰਨ ਰਹੇ ਸਾਬਤ, ਹੋਰ ਡੋਲਿਆ ਸਿੱਧਾਂ ਦਾ ਸਭ ਡੇਰਾ।

ਦੂਜਾ ਇੱਕ ਹੋਰ ਪੱਖ ਜਿਹੜਾ ਇਸ ਕਿੱਸੇ ਨੂੰ ਈਰਾਨੀ ਪਰੰਪਰਾ ਤੋਂ ਵੱਖਰਿਆਉਣਾ ਤੇ ਇਸ ਨੂੰ ਭਾਰਤੀ ਮੂਲ ਦਾ ਬਣਾਉਂਦਾ ਹੈ ਉਹ ਇਹ ਹੈ ਕਿ ਇਸ ਵਿਚ ਨਾਇਕਾ ਦੇ ਨਾਲ ਨਾਇਕ (ਪੂਰਨ) ਦੀ ਸੁੰਦਰਤਾ ਨੂੰ ਬਰਾਬਰ ਚਿਤਰਿਆ ਗਿਆ ਹੈ। ਭਾਰਤੀ ਕਿੱਸਿਆਂ ਵਿਚ ਮਰਦ ਦੀ ਸੁੰਦਰਤਾ ਉੱਤੇ ਬਲ ਦੇ, ਇਸ ਨੂੰ ਔਰਤਾਂ ਦੀ ਖਿੱਚ ਦਾ ਕੇਂਦਰ ਮੰਨਿਆ ਜਾਂਦਾ ਰਿਹਾ ਹੈ। ਜਿਵੇਂ ਇੱਥੇ ਕਾਦਰਯਾਰ ਪੂਰਨ ਦੀ ਸੁੰਦਰਤਾ ਨੂੰ ਪੇਸ਼ ਕਰਦਾ ਕਹਿੰਦਾ ਹੈ ਕਿ ਉਹ ਇੰਨਾ ਸੋਹਣਾ ਹੈ ਕਿ ਉਸ ਨੂੰ ਦੇਖ ਕੇ ਲੂਣਾ ਰਾਜੇ ਸਲਵਾਹਨ ਨੂੰ ਭੁੱਲ ਕੇ ਉਸ ਦੀ ਹੋ ਕੇ ਰਹਿ ਜਾਂਦੀ ਹੈ:

ਸਵਾਦ ਸਿਫ਼ਤ ਨਾ ਹੁਸਨ ਦੀ ਜਾਈ ਝੱਲੀ, ਰਾਣੀ ਦੇਖ ਕੇ ਪੂਰਨ ਨੂੰ ਤੁਰਤ ਮੁੱਠੀ।
ਸੂਰਤ ਨਜ਼ਰ ਆਈ ਰਾਜਾ ਭੁੱਲ ਗਿਆ, ਸਿਰ ਪੈਰ ਤਾਈਂ ਅੱਗ ਭੜਕ ਉੱਠੀ।

ਇਵੇਂ ਹੀ ਸੁੰਦਰ ਦਾ ਹਾਲ ਹੁੰਦਾ ਹੈ ਉਹ ਵੀ ਪੂਰਨ ਦੀ ਚਿਹਰੇ ਦੀ ਆਭਾ ਉੱਪਰ ਮੋਹਿਤ ਹੋ ਜਾਂਦੀ ਹੈ:

ਕਰ ਨਜ਼ਰ ਫ਼ਕੀਰ ਦੀ ਤਰਫ਼ ਡਿੱਠਾ, ਸੂਰਤ ਦੇਖ ਕੇ ਉਸ ਦੀ ਸਿੱਕ ਧਾਣੀ।
ਆਖੇ ਗੋਲੀਏ ਨੀ ਇਹਨੂੰ ਸੱਦ ਅੰਦਰ, ਇਹਦੀ ਸੂਰਤ ਹੀ ਮੇਰੇ ਮਨ ਭਾਣੀ।

ਕਿੱਸੇ ਵਿਚ ਪੂਰਨ ਤੇ ਸੁੰਦਰਾ ਦੇ ਇਸ਼ਕ ਦਾ ਜੋ ਬਿਰਤਾਂਤ ਸਾਹਮਣੇ ਆਉਂਦਾ ਹੈ ਉਹ ਅਸਲ ਵਿਚ ਇੱਕ ਪਾਸੜ ਹੈ ਜਿਸ ਦੇ ਵਿਚ ਸੁੰਦਰਾ ਪੂਰਨ ਨਾਲ ਇਸ਼ਕ ਦੀ ਅਗਵਾਹੀ ਕਰਦੀ ਹੈ। ਪਰ ਪੂਰਨ ਆਪਣੇ ਸਾਬਤੀ ਸਿਧਾਂਤ 'ਤੇ ਦਿਰਿੜ੍ਹ ਰਹਿੰਦਾ ਹੈ। ਉਸ ਦਾ ਇਹ ਸਾਬਤ ਕਦਮੀ ਰਹਿਣਾ ਹੀ ਕਿੱਸੇ ਵਿਚ ਉਸ ਦੀ ਤਾਕਤ ਬਣਦਾ ਹੈ ਤੇ ਉਹ ਹਰ ਮੈਦਾਨ ਫ਼ਤਿਹ ਕਰਦਾ ਹੈ। ਇਹ ਟੱਕਰ ਭਾਵੇਂ ਫਿਰ ਲੂਣਾ ਦੀ ਕਾਮ ਵਾਸਨਾ ਨਾਲ ਹੋਵੇ, ਚਾਹੇ ਆਪਣੇ ਬਾਦਸ਼ਾਹ ਪਿਤਾ ਦੇ ਕ੍ਰੋਧ ਨਾਲ ਜਾਂ ਸੁੰਦਰ ਦੀ ਸੁੰਦਰਤਾ ਤੇ ਇਸ਼ਕ ਨਾਲ, ਉਹ ਕਿਸੇ ਪ੍ਰਕਾਰ ਦੇ ਲੋਭ ਵਿਚ ਨਹੀਂ ਪੈਂਦਾ। ਪੂਰਨ ਦੇ ਇਸ ਇਖ਼ਲਾਕੀ ਉੱਚਤਾ ਦੇ ਚਰਿ ਤਰ ਨੂੰ ਜਦ ਉਸ ਦਾ ਪਿਓ ਪਛਾਣ ਜਾਂਦਾ ਹੈ ਤਾਂ ਰਾਜਾ ਸਲਵਾਹਨ ਉਸ ਨੂੰ ਸਾਰਾ ਰਾਜ ਭਾਗ ਸਾਂਭਣ ਲਈ ਕਹਿੰਦਾ ਹੈ। ਪਰ ਪੂਰਨ ਲਈ ਤਾਂ ਉਸ ਦੀਆਂ ਨੈਤਿਕ ਕੀਮਤਾਂ ਤੇ ਆਪਣੇ ਗੁਰੂ ਗੋਰਖ ਨਾਥ ਦਾ ਪਿਆਰ ਸਭ ਤੋਂ ਉੱਚਾ ਹੈ ਜਿਸ ਦੇ ਕਾਰਨ ਉਹ ਇਹ ਸਭ ਅਪਣਾਉਣ ਤੋਂ ਇਨਕਾਰ ਕਰ ਦਿੰਦਾ ਹੈ। ਪੂਰਨ ਨੂੰ ਇਹ 'ਸਾਬਤੀ' ਦੀ ਸਿੱਖਿਆ ਉਸ ਦੇ ਗੁਰੂ ਨੇ ਉਸ ਵੇਲੇ ਦਿੱਤੀ ਸੀ ਜਦੋਂ ਉਹ ਭੋਰੇ ਵਿਚ ਬੰਦ ਸੀ। ਇਸ ਦੇ ਕਾਇਮ ਰਹਿਣ ਲਈ ਉਸ ਨੂੰ ਜ਼ਿੰਦਗੀ ਭਰ ਤਤਕਾਲੀਨ ਸਮਾਜਕ ਕੀਮਤਾਂ ਨਾਲ ਟੱਕਰ ਲੈਣੀ ਪਈ, ਪਰ ਉਹ ਇਸ ਲਈ ਅਡੋਲ ਰਿਹਾ ਤੇ ਲੋੜ ਪੈਣ 'ਤੇ ਅਗਨੀ-ਪਰਖਿਆ ਦੇਣ ਵਾਸਤੇ ਵੀ ਤਿਆਰ ਹੋ ਗਿਆ ਸੀ। ਕਿੱਸੇ ਵਿਚ ਇਹ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਲੂਣਾ ਵੱਲੋਂ ਉਸ 'ਤੇ ਲੱਗੇ ਇਲਜ਼ਾਮ ਨੂੰ ਹਟਾਉਣ ਲਈ ਉਹ ਆਪਣੇ ਪਿਤਾ ਨੂੰ ਕਹਿੰਦਾ ਹੈ:

ਸੇ ਸਾਬਤੀ ਮੇਰੀ ਤੂੰ ਵੇਖ ਰਾਜਾ, ਇੱਕ ਤੇਲ ਦਾ ਪੂਰਾ ਕੜਾਹ ਤਾਵੋ।

ਤਪੇ ਤੇਲ ਜਾਂ ਅੱਗ ਦੇ ਵਾਂਗ ਹੋਵੇ, ਇੱਕ ਦਸਤ ਮੇਰਾ ਪਕੜ ਵਿਚ ਪਾਵੇ।
ਸਚ ਨਿਤਰੇ ਸਚਿਆਂ ਝੂਠਿਆਂ ਦਾ, ਅਖੀਂ ਵੇਖ ਕੇ ਕੁਝ ਕਲੰਕ ਲਾਵੇ।
ਕਾਦਰਯਾਰ ਜੇ ਉਂਗਲੀ ਦਾਗ਼ ਲਗੇ, ਫੇਰ ਕਰੋ ਮੈਨੂੰ ਜਿਹੜੀ ਤਬਾਹ ਚਾਵੋ।

ਕਿੱਸੇ ਦੇ ਰੋਮਾਂਸ ਤੱਤ ਨੂੰ ਜੇ ਦੇਖੀਏ ਤਾਂ ਇਹ ਮੱਧਕਾਲ ਦੀ ਸੋਚ ਪ੍ਰਬੰਧ ਦਾ ਅਨੁਸਾਰੀ ਹੀ ਹੈ। ਇੱਥੇ ਪੂਰਨ ਦੇ ਜਨਮ ਤੋਂ ਬਾਅਦ ਹੀ ਜੋਤਿਸ਼ਾਂ ਦੀ ਭਵਿੱਖਬਾਣੀ ਕਾਰਨ ਪੂਰਨ ਨੂੰ ਬਾਰਾਂ ਵਰ੍ਹੇ ਭੋਰੇ ਵਿਚ ਪਾਉਣਾ। ਫਿਰ ਉਸ ਵੱਲੋਂ ਲੂਣਾ ਦੀ ਕਾਮ-ਵਾਸਨਾ ਦੀ ਤ੍ਰਿਪਤੀ ਨਾ ਕਰਨ ਕਾਰਨ ਉਸ ਦੇ ਹੱਥ ਪੈਰ ਕੱਟ ਕੇ ਖੂਹ ਵਿਚ ਸੁੱਟਵਾ ਦਿੱਤਾ ਜਾਂਦਾ ਹੈ। ਇਸ ਦੇ ਬਾਵਜੂਦ ਉਹ ਭੁੱਖਾ-ਭਾਣਾ ਬਾਰਾਂ ਸਾਲ ਖੂਹ ਵਿਚ ਜੀਉਂਦਾ ਰਹਿੰਦਾ ਹੈ। ਫਿਰ ਸਹਿਜੇ ਹੀ ਉੱਥੋਂ ਗੁਜ਼ਰਦਿਆਂ ਗੋਰਖ ਨਾਥ ਉਸ ਨੂੰ ਖੂਹ ਵਿਚੋਂ ਕੱਢ ਮੰਤਰ ਪੜਦਾ, ਪਾਣੀ ਦਾ ਛਿੱਟਾ ਦੇ ਉਸ ਦੇ ਹੱਥ-ਪੈਰ ਮੁੜ ਜੋੜ ਉਸ ਨੂੰ ਨੌ-ਬਰ-ਨੌ ਕਰ ਸਰੀਰਕ ਤੰਦਰੁਸਤੀ ਪ੍ਰਦਾਨ ਕਰਦਾ ਹੈ। ਉਸ ਦੀ ਸੁੰਦਰਤਾ ਨੂੰ ਦੇਖ ਲੂਣਾ ਜਾਂ ਸੁੰਦਰਾ ਦੋਵੇਂ ਉਸ 'ਤੇ ਮੋਹਿਤ ਹੁੰਦੀਆਂ ਹਨ ਪਰ ਉਸ ਦੇ ਵੱਲੋਂ ਦੋਵਾਂ ਦਾ ਤਿਆਗ ਕਰਨ 'ਚੋਂ ਹੀ ਕਿੱਸੇ ਦਾ ਰੋਮਾਂਸ ਤੱਤ ਪ੍ਰਗਟ ਹੁੰਦਾ ਹੈ। ਇਸ ਦੇ ਨਾਲ ਹੀ ਪੂਰਨ ਦੁਆਰਾ ਦਿੱਤੇ ਗਏ ਪਾਣੀ ਦੇ ਛਿੱਟੇ ਨਾਲ ਬਾਗ਼ ਦਾ ਹਰਾ ਭਰਾ ਹੋਣਾ ਤੇ ਕਰਾਮਾਤ ਰਾਹੀਂ ਆਪਣੀ ਮਾਂ ਇੱਛਰਾਂ ਦੀ ਅੱਖਾਂ ਦੀ ਰੌਸ਼ਨੀ ਦਾ ਵਾਪਸ ਆਉਣਾ। ਇਹ ਕੁਝ ਘਟਨਾਵਾਂ ਹਨ ਜੋ ਆਦਰਸ਼ ਚਰਿੱਤਰ ਦੇ ਮਾਲਕ ਪੂਰਨ ਦੇ ਸਾਬਤੀ ਦੇ ਸਿਧਾਂਤ ਨੂੰ ਪ੍ਰਗਟ ਕਰਨ ਲਈ ਇਸ ਕਥਾ ਨੂੰ ਮਨੋਕਲਪਿਤ ਰੁਮਾਂਸਿਕ ਵੀ ਬਣਾਉਂਦੀਆਂ ਹਨ। ਭਾਰਤੀ ਪਰੰਪਰਾ ਅਨੁਸਾਰ ਕਾਦਰਯਾਰ ਨੇ ਆਪਣੇ ਇਸ ਕਿੱਸੇ ਦਾ ਅੰਤ ਸੁਖਾਂਤਿਕ ਕੀਤਾ ਹੈ। ਇਸ ਦੇ ਸਾਰੇ ਪਾਤਰ ਜ਼ਿੰਦਗੀ ਦੇ ਸੰਕਟਮਈ ਹਾਲਾਤ ਵਿਚੋਂ ਲੰਘਦੇ ਹੋਏ ਅੰਤ ਵਿਚ ਖ਼ੁਸ਼ ਨਜ਼ਰ ਆਉਂਦੇ ਹਨ। ਜਿਵੇਂ ਕਿ ਭਾਰਤ ਵਿਚ ਇਹ ਵਿਚਾਰ ਪ੍ਰਚਲਿਤ ਹੈ ਗ਼ਲਤੀ ਕਰਨ ਦੇ ਬਾਅਦ ਮੰਨ ਲੈਣ ਵਾਲੇ ਨੂੰ ਮੁਆਫ਼ ਕਰ ਦਿੱਤਾ ਜਾਂਦਾ ਹੈ। ਸੋ ਇਸੇ ਲਈ ਲੂਣਾ ਵੱਲੋਂ ਵੀ ਜਦ ਉਸ ਦਾ ਕਸੂਰ ਮੰਨ ਲਿਆ ਜਾਂਦਾ ਹੈ ਤਾਂ ਉਸ ਨੂੰ ਖਿਮਾ ਕਰ ਦਿੰਦਾ ਹੈ। ਫਿਰ ਲੂਣਾ ਤੇ ਸਲਵਾਹਨ ਦੀ ਖ਼ੁਸ਼ੀ ਲਈ ਉਸ ਨੂੰ ਪੁੱਤਰ ਦਾ ਵਰ ਵੀ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਇੱਛਰਾਂ ਨੂੰ ਵੀ ਅੰਤ ਵਿਚ ਉਸ ਦਾ ਪੁੱਤਰ ਤੇ ਅੱਖਾਂ ਦੀ ਰੌਸ਼ਨੀ ਦੋਵੇਂ ਮਿਲ ਜਾਂਦੇ ਹਨ। ਕਾਦਰਯਾਰ ਨੇ ਇਸ ਕਿੱਸੇ ਵਿਚ ਪਾਤਰਾਂ ਦੇ ਮਨੋਭਾਵਾਂ ਨੂੰ ਵੀ ਬਹੁਤ ਵਧੀਆਂ ਢੰਗ ਨਾਲ ਪ੍ਰਗਟਾਇਆ ਹੈ। ਕਿੱਸੇ ਵਿਚ ਪਾਤਰਾਂ ਦੇ ਮੇਲੇ ਤੇ ਵਿਛੋੜੇ ਦੇ ਕਈ ਪਲ ਆਉਂਦੇ ਹਨ। ਜਦੋਂ ਪੂਰਨ ਭੋਰੇ ਤੋਂ ਬਾਹਰ ਆਉਂਦਾ ਹੈ ਤਾਂ ਰਾਜ ਦਰਬਾਰ ਵਿਚ ਖ਼ੁਸ਼ੀ ਦਾ ਮਾਹੌਲ ਬਣਦਾ ਹੈ, ਉਸ ਨੂੰ ਜਦ ਹੱਥ ਪੈਰ ਵੱਢ ਕੇ ਖੂਹ ਵਿਚ ਸੁੱਟਿਆ ਜਾਂਦਾ ਹੈ ਤਾਂ ਇਹ ਦੁੱਖ ਉਸ ਦੀ ਮਾਂ ਇੱਛਰਾਂ ਤੋਂ ਬਰਦਾਸ਼ਤ ਨਹੀਂ ਹੁੰਦਾ। ਇਸ ਸਭ ਦੇ ਬਾਅਦ ਜਦੋਂ ਇਛੱਰਾ ਦਾ ਪੂਰਨ ਨਾਲ ਮਿਲਾਪ ਹੁੰਦਾ ਹੈ ਤਾਂ ਇਸ ਸਮੇਂ ਉਸ ਦੀ ਮਨੋਸਥਿਤੀ ਨੂੰ ਕਵੀ ਨੇ ਇਉਂ ਬਿਆਨ ਕੀਤਾ ਹੈ:

ਯੇ ਯਾਦ ਨਾ ਮਾਤਾ ਨੂੰ ਗ਼ਮ ਰਿਹਾ, ਪੜਦੇ ਬੇ ਦੀਦੇ ਸੜ ਕੇ ਖੁਲ੍ਹ ਗਏ।
ਪੂਰਨ ਵੇਖਦੀ ਨੂੰ ਥਣੀਂ ਦੁੱਧ ਪਿਆ, ਧਾਰ ਮੁਖ ਪਰਨਾਲੜੇ ਚਲ ਗਏ।
ਉਹਨੂੰ ਉਠ ਕੇ ਸੀਨੇ ਦੇ ਨਾਲ ਲਾਇਆ, ਰਬ ਸੁਖ ਦਿਤੇ ਦੁਖ ਭੁਲ ਗਏ।

ਕਾਦਰਯਾਰ ਮੀਆਂ ਮਾਈ ਇੱਛਰਾਂ ਦੇ, ਸ਼ਾਨ ਸ਼ੌਕਤ ਸੱਭੇ ਹੋਰ ਭੁਲ ਗਏ।7ਇਸ ਕਿੱਸੇ ਵਿਚਲੇ ਵਾਰਤਾਲਾਪ ਦੇ ਅੰਸ਼ ਦੀ ਜੇ ਗੱਲ ਕਰੀਏ ਤਾਂ ਇਸ 'ਚ ਵਾਰਿਸ ਦੇ ਇਸ਼ਕ ਦੇ ਕਿੱਸੇ ਜਿੰਨਾ ਤਾਂ ਨਹੀਂ ਮਿਲਦਾ, ਪਰ ਇਹ ਨਿਰੋਲ ਇਸ ਤੋਂ ਸੱਖਣਾ ਵੀ ਨਹੀਂ ਹੈ। ਕਾਦਰਯਾਰ ਨੇ ਸੰਖੇਪ ਤੇ ਸੰਜਮੀ ਢੰਗ ਵਿਚ ਇਸ ਦੀ ਵਰਤੋਂ ਕੀਤੀ ਹੈ। ਉਹ ਜਦ ਇਸ ਸ਼ੈਲੀ ਦੀ ਵਰਤੋਂ ਕਰਦਾ ਹੈ ਤਾਂ ਇਸ ਨਾਲ ਕਥਾ ਦੀ ਗਤੀ ਵੀ ਤੇਜ਼ ਹੁੰਦੀ ਹੈ ਤੇ ਪਾਤਰਾਂ ਦੇ ਸੁਭਾਅ ਨੂੰ ਬਿਆਨ ਕਰਨ 'ਚ ਵੀ ਸਹਾਇਤਾ ਮਿਲਦੀ ਹੈ। ਇਸ ਸੰਬੰਧੀ ਅਸੀਂ ਲੂਣਾ ਤੇ ਪੂਰਨ ਦਾ ਸੰਵਾਦ ਦੇਖ ਸਕਦੇ ਹਾਂ। ਪੂਰਨ ਜਦੋਂ ਲੂਣਾ ਨੂੰ ਮੱਥਾ ਟੇਕਣ ਮਹਿਲ ਜਾਂਦਾ ਹੈ ਤਾਂ ਅੱਗੋਂ ਲੂਣਾ ਕਹਿੰਦੀ ਹੈ:

ਮਾਈ ਮਾਈ ਨਾ ਰਾਜਿਆ ਆਖ ਮੈਨੂੰ।
ਕੁਖੇ ਰਖ ਨਾ ਜੰਮਿਓ ਜਾਇਓ ਏ, ਮਾਤਾ ਆਖਨਾ ਹੈਂ ਕਿਹੜੇ ਸਾਕ ਮੈਨੂੰ।
ਹੋਗੁ ਉਮਰ ਤੇਰੀ ਮੇਰੀ ਇੱਕ ਰਾਜਾ, ਗੁੱਝਾ ਲਾਇਆ ਈ ਦਰਦ ਫ਼ਿਰਾਕ ਮੈਨੂੰ।

ਇਸ ਦੇ ਉੱਤਰ ਵਿਚ ਪੂਰਨ ਕਹਿੰਦਾ ਹੈ:

ਮਾਇ ਸੁਖਨ ਅਵਲੜੇ ਬੋਲ ਨਾਹੀਂ ਮਾਵਾਂ ਪੁਤਰਾਂ ਨੇਹੁੰ ਨਾ ਕਦੇ ਲਗਾ, ਜਗ ਵਿਚ ਮੁਕਾ

ਸੀਨੇ ਨਾਲ ਲਗਾਇ ਕੇ ਰੱਖ ਮੈਨੂੰ, ਪੁਤਰ ਜਾਣ ਮਾਏ ਦਿਲੋਂ ਡੋਲ ਨਹੀਂ।

ਇਸੇ ਤਰ੍ਹਾਂ ਹੀ ਲੂਣਾ ਤੇ ਰਾਜਾ ਸਲਵਾਨ, ਰਾਜਾ ਸਲਵਾਨ ਤੇ ਪੂਰਨ, ਗੁਰੂ ਗੋਰਖ ਤੇ ਪੂਰਨ, ਪੂਰਨ ਤੇ ਰਾਣੀ ਸੁੰਦਰ, ਰਾਣੀ ਇੱਛਰਾਂ ਤੇ ਪੂਰਨ ਆਦਿ ਵਾਰਤਾਲਾਪ ਇਸ ਕਿੱਸੇ ਵਿਚ ਮਿਲਦੇ ਹਨ। ਜਿਨ੍ਹਾਂ ਰਾਹੀਂ ਪਾਤਰਾਂ ਦੀ ਮਨੋਸਥਿਤੀ ਤੇ ਅੰਦਰਲੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਕਾਦਰਯਾਰ ਨੇ ਇਸ ਕਿੱਸੇ ਦੀ ਕਥਾ ਨੂੰ ਬੜੇ ਸੰਜਮੀ ਢੰਗ ਨਾਲ ਬਿਆਨ ਕੀਤਾ ਹੈ ਜਿਸ ਵਿਚ ਕਵੀ ਦਾ ਮਨੋਰਥ ਉੱਚੀਆਂ ਨੈਤਿਕ ਤੇ ਸਦਾਚਾਰਕ ਕੀਮਤਾਂ ਦੀ ਜਿੱਤ ਅਤੇ ਅਨੈਤਿਕ ਕੀਮਤਾਂ ਦੀ ਹਾਰ ਨੂੰ ਦਰਸਾਉਣਾ ਰਿਹਾ ਹੈ। ਇਸ ਕਿੱਸੇ ਦੇ ਪਾਤਰ ਆਪਣੇ ਸੁਭਾਅ ਅਨੁਸਾਰ ਕਾਰਜ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਇਸ ਸੁਭਾਅ ਵਿਚ ਕਵੀ ਕੋਈ ਉਤਰਾਅ ਚੜ੍ਹਾਅ ਨਹੀਂ ਦਿਖਾਉਂਦਾ ਬਲਕਿ ਸਾਰੇ ਪਾਤਰ ਆਪਣੀ ਜ਼ਿ ਦਗੀ ਦੇ ਮਹੱਤਵਪੂਰਨ ਨਿਰਣੈ ਫਟਾਫਟ ਲੈਂਦੇ ਹਨ। ਇਸ ਦੇ ਪੰਜ ਮੁੱਖ ਪਾਤਰ ਪੂਰਨ, ਲੂਣਾ, ਇੱਛਰਾਂ, ਸਲਵਾਹਨ ਤੇ ਗੋਰਖ ਨਾਥ ਹਨ। ਪੂਰਨ ਅਜਿਹੇ ਨਾਇਕ ਦੇ ਤੌਰ 'ਤੇ ਉੱਭਰਦਾ ਹੈ ਜੋ ਸਾਬਤੀ ਦੇ ਸਬਕ ਉੱਤੇ ਸਾਰੀ ਉਮਰ ਕਾਇਮ ਰਹਿੰਦਾ, ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਉੱਪਰ ਪਹਿਰਾ ਦੇਣ ਖ਼ਾਤਰ ਆਪਣੀ ਜ਼ਿੰਦਗੀ ਤੱਕ ਵਾਰ ਦਿੰਦਾ ਹੈ ਪਰ ਹਾਰ ਨਹੀਂ ਮੰਨਦਾ। ਲੂਣਾ ਦੀ ਕਾਮ-ਪ੍ਰਵਿਰਤੀ ਤੇ ਸੁੰਦਰ ਦੇ ਇਸ਼ਕ ਨਾਲ ਇਨ੍ਹਾਂ ਕੀਮਤਾਂ ਦੀ ਟੱਕਰ ਹੁੰਦੀ ਹੈ, ਪੂਰਨ ਇੱਥੇ ਵੀ ਫ਼ਤਿਹ ਹਾਸਲ ਕਰਦਾ ਹੈ। ਪੂਰਨ ਰਾਹੀਂ ਕਵੀ ਨੇ ਇੱਕ ਆਦਰਸ਼ ਪਾਤਰ ਚਿਤਰਿਆ ਹੈ ਜੋ ਪੂਰਨ ਭਗਤ ਬਣਦਾ ਹੈ ਤੇ ਕਰਾਮਾਤਾਂ ਦਿਖਾਉਂਦਾ ਵੀ ਨਜ਼ਰ ਆਉਂਦਾ ਹੈ। ਲੂਣਾ ਕਿੱਸੇ ਵਿਚ ਕਾਮ-ਭੁੱਖ ਵਿਚ ਲਿਪਤ 'ਕਾਮਣੀ' ਪਾਤਰ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਦਾ ਬੁੱਢੇ ਰਾਜੇ ਨਾਲ ਵਿਆਹ ਹੁੰਦਾ ਹੈ ਜਿਸ ਕਾਰਨ ਇਹ ਆਪਣੇ ਵਿਆਹੁਤਾ ਜੀਵਨ ਤੋਂ ਸੰਤੁਸ਼ਟ ਨਹੀਂ ਹੁੰਦੀ। ਫਿਰ ਉਹ ਆਪਣੇ ਮਤ੍ਰੇਏ ਪੁਤੱਰ ਪੂਰਨ ਵੱਲ ਆਕ੍ਰਸ਼ਿਤ ਹੁੰਦੀ ਹੈ ਤੇ ਪੂਰਨ ਦੇ ਇਨਕਾਰ ਕਰਨ 'ਤੇ ਉਸ ਦੇ ਖ਼ੂਨ ਦੀ ਪਿਆਸੀ ਹੋ ਜਾਂਦੀ ਹੈ। ਪਰ ਜਿਵੇਂ ਹੀ ਸਮਾਂ ਬੀਤਦਾ ਹੈ ਉਸ ਨੂੰ ਆਪਣੇ ਕੀਤੇ ਤੇ ਪਛਤਾਵਾ ਹੁੰਦਾ ਹੈ। ਇੱਛਰਾਂ ਕਿੱਸੇ ਵਿਚ ਬੇਬਸ ਪਾਤਰ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਉਸ ਦੇ ਹੁੰਦਿਆਂ ਰਾਜਾ ਦੂਜੀ ਰਾਣੀ ਲਿਆਉਂਦਾ ਹੈ ਤੇ ਰਾਜ ਵਿਚ ਉਸ ਦਾ ਦਰਜਾ ਘੱਟ ਜਾਂਦਾ ਹੈ। ਇਸ ਦੇ ਬਾਅਦ ਜਦੋਂ ਰਾਜਾ ਲੂਣਾ ਦੇ ਕਹਿਣ ਤੇ ਪੂਰਨ ਨੂੰ ਸਜਾ ਦਿੰਦਾ ਹੈ ਤਾਂ ਇਸ ਵੇਲੇ ਵੀ ਉਸ ਦੀ ਇੱਕ ਨਹੀਂ ਚੱਲ ਦੀ।

ਸਲਵਾਹਨ ਦਾ ਵਿਅਕਤਿਤਵ ਕਿੱਸੇ ਵਿਚ ਅਜਿਹੇ ਕਰੋਧ ਰਾਜੇ ਦੇ ਰੂਪ ਵਿਚ ਉੱਭਰਦਾ ਹੈ ਜੋ ਹਰ ਫ਼ੈਸਲਾ ਲੈਣ ਵਿਚ ਕਾਹਲੀ ਕਰਦਾ ਨਜ਼ਰ ਆਉਂਦਾ ਹੈ। ਸਿਰਫ਼ ਇਹੀ ਨਹੀਂ ਆਪਣੇ ਫ਼ੈਸਲੇ ਮੂਹਰੇ ਉਹ ਕਿਸੇ ਦੀ ਵੀ ਦਲੀਲ ਨਹੀਂ ਸੁਣਦਾ। ਪੂਰਨ ਦੁਆਰਾ ਗਰਮ ਕੜਾਹੇ ਵਿਚ ਹੱਥ ਪਾ ਕੇ ਆਪਣੀ ਸਚਾਈ ਦਾ ਸਬੂਤ ਦੇਣ ਦੇ ਸੁਝਾਅ ਨੂੰ ਵੀ ਉਹ ਠੁਕਰਾ ਦਿੰਦਾ ਹੈ ਪਰ ਬੁਢਾਪੇ ਵਿਚ ਘਰ ਔਲਾਦ ਨਾ ਹੋਣ ਦਾ ਦੁੱਖ ਦਰਦ ਉਸ ਨੂੰ ਲੈ ਬੈਠਦਾ ਹੈ। ਗੋਰਖ ਨਾਥ ਇੱਕ ਕਰਨੀ ਵਾਲੇ ਜੋਗੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਜੋ ਰੱਬ ਦਾ ਸੱਚਾ ਭਗਤ ਤੇ ਗ਼ਰੀਬਾਂ ਦਾ ਹਮਦਰਦ ਹੈ। ਉਹ ਪੂਰਨ ਦੀ ਪ੍ਰੀਖਿਆ ਲੈਣ ਲਈ ਉਸ ਨੂੰ ਸੁੰਦਰਾਂ ਦੇ ਮਹੱਲ ਭੇਜਦਾ ਹੈ ਜਿੱਥੋਂ ਉਹ ਸਾਬਤ ਕਦਮੀ ਵਾਪਸ ਮੁੜ ਆਉਂਦਾ ਹੈ ਜਿਸ ਦੇ ਬਾਅਦ ਉਹ ਉਸ ਨੂੰ ਆਪਣੇ ਪੰਥ ਵਿਚ ਰਲਾ ਲੈਂਦਾ ਹੈ। ਕਾਦਰਯਾਰ ਵੱਲੋਂ ਵਰਤੀ ਬੋਲੀ ਬੜੀ ਸਰਲ, ਸਾਦੀ ਤੇ ਠੇਠਤਾ ਦੇ ਸਿਖਰ ਨੂੰ ਛੂੰਹਦੀ ਹੈ। ਇਸ ਦੀ ਵਰਤੋਂ ਵੇਲੇ ਕਵੀ ਕੋਈ ਉਚੇਚ ਕਰਦਾ ਨਜ਼ਰ ਨਹੀਂ ਪੈਂਦਾ, ਸਗੋਂ ਹਰ ਗੱਲ ਆਪ ਮੁਹਾਰੀ ਤੁਰਦੀ ਦਿਸਦੀ ਹੈ। ਇਹ ਆਮ ਸਾਧਾਰਨ, ਸੰਜਮੀ ਤੇ ਮਿੱਠੀ ਬੋਲੀ ਹੋਣ ਕਰਕੇ ਸੁਭਾਵਿਕ ਹੀ ਵਾਰਤਾ ਨੂੰ ਅੱਗੇ ਤੋਰਦੀ ਹੈ। ਇੱਥੇ ਸੰਜਮ ਕਵੀ ਦੀ ਬੋਲੀ ਦਾ ਵੱਡਾ ਗੁਣ ਬਣ ਕੇ ਉੱਭਰਦਾ ਹੈ। ਉਹ ਬੇਲੋੜੇ ਵਿਸਤਾਰ ਤੋਂ ਸੰਕੋਚ ਕਰਦਾ ਹੋਇਆ ਲੂਣਾ ਤੇ ਪੂਰਨ ਦੇ ਮਿਲਾਪ ਦੇ ਸਿੱਟੇ ਨੂੰ ਵੀ ਦੋ-ਤੁਕਾਂ ਵਿਚ ਬਿਆਨ ਕਰ ਦਿੰਦਾ ਹੈ:

ਕੰਨੀ ਖਿਚ ਕੇ ਅੰਦਰੋਂ ਬਾਹਰ ਆਇਆ, ਕਹਿੰਦਾ ਧਰਮ ਗਵਾਇ ਕੇ ਕੀ ਮਰਸਾਂ।

ਕਾਦਰਯਾਰ ਨਾ ਸੰਗਦੀ ਕਹੇ ਲੂਣਾ, ਤੇਰੇ ਲਹੂ ਦਾ ਪੂਰਨਾ ਘੁਟ ਭਰਸਾਂ।

ਇਸ ਦੇ ਨਾਲ ਹੀ ਕਾਦਰਯਾਰ ਨੇ ਆਪਣੇ ਕਿੱਸੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਨ ਲਈ ਇਸ ਵਿਚ ਕਈ ਰਸ ਜਿਵੇਂ ਕਰੁਣਾ, ਰੌਦਰ ਤੇ ਸ਼ਿੰਗਾਰ ਰਸ ਆਦਿ ਦੀ ਵਰਤੋਂ ਵੀ ਬੜੇ ਚੰਗੇ ਢੰਗ ਨਾਲ ਕੀਤੀ ਹੈ। ਕਿੱਸੇ ਵਿਚ ਰਾਣੀ ਸੁੰਦਰਾਂ ਦੇ ਪੂਰਨ ਨਾਲ ਵਿਛੋੜੇ ਵਿਚ ਪ੍ਰਗਟ ਹੋਏ ਭਾਵਾਂ ਨੂੰ, ਉਸ ਨੇ ਕਰੁਣਾ ਰਸ ਵਿਚ ਬਿਆਨ ਕੀਤਾ ਹੈ:

ਰੇ ਰੰਗ ਮਹਲ ਤੇ ਚੜ੍ਹੀ ਰਾਣੀ, ਰੋਇ ਆਖਦੀ ਪੂਰਨਾ ਲੁਟ ਗਇਉਂ।
ਬਾਗ਼ ਹਿਰਸ ਦਾ ਪੱਕ ਤਿਆਰ ਹੋਇਆ, ਹਥੀਂ ਲਾਇ ਕੇ ਬੂਟਿਆਂ ਪੁਟ ਗਇਉਂ।
ਘੜੀ ਬੈਠ ਨਾ ਕੀਤੀਆਂ ਰਜ ਗੱਲਾਂ, ਝੂਠੀ ਪ੍ਰੀਤ ਲਗਾਇ ਕੇ ਉਠਗਇਉਂ।

ਲੂਣਾ ਤੇ ਪੂਰਨ ਦੀ ਸੁੰਦਰਤਾ ਦੇ ਬਿਆਨ ਵਿਚ ਸ਼ਿੰਗਾਰ ਰਸ ਦਾ ਨਮੂਨਾ ਦੇਖ ਸਕਦੇ ਹਾਂ:

ਸੂਰਤ ਉਸਦੀ ਚੰਦ ਮਹਿਤਾਬ ਵਾਂਗੂੰ, ਜਦੋਂ ਬੈਠੀ ਸੀ ਜੇਵਰ ਪਾਇ ਕੇ ਜੀ।
ਕਾਦਰਯਾਰ ਕੀ ਆਖ ਸੁਣਾਵਸਾਂ ਮੈਂ, ਪੰਛੀ ਡਿਗਦੇ ਦਰਸ਼ਨ ਪਾਇ ਕੇ ਜੀ।

ਹੇ ਹਾਰ ਸ਼ਿੰਗਾਰ ਸਭ ਪਹਿਰ ਕੇ ਜੀ, ਪੂਰਨ ਨਾਲ ਮਹੂਰਤਾਂ ਬਾਹਰ ਆਇਆ।
ਕੱਢ ਭੋਰਿਉਂ ਬਾਪ ਦਾ ਭੌਰ ਤਾਜ਼ੀ, ਨਿਗ੍ਹਾ ਰਖ ਕੇ ਵਿਚ ਬਾਜ਼ਾਰ ਆਇਆ।

ਇਵੇਂ ਹੀ ਲੂਣਾ ਦੁਆਰਾ ਉਕਸਾਉਣ 'ਤੇ ਰਾਜਾ ਸਲਵਾਹਨ ਇਕਦਮ ਪੂਰਨ 'ਤੇ ਕ੍ਰੋਧਤ ਹੋ ਜਾਂਦਾ ਹੈ। ਇਸ ਸਮੇਂ ਰਚਨਾ ਵਿਚੋਂ ਸਲਵਾਹਨ ਦੇ ਭਾਵਾਂ ਰਾਹੀਂ ਰੌਦਰ ਰਸ ਦਾ ਪ੍ਰਗਟ ਹੁੰਦਾ ਹੈ:

ਅਲਫ਼ ਆਓ ਖਾਂ ਪੂਰਨਾ ਕਹੇ ਰਾਜਾ, ਬੱਚਾ ਨਿਜ ਤੂੰ ਜਮਿਉਂ ਜਾਇਉਂ ਵੇ।
ਜੇ ਮੈਂ ਜਾਣਦਾ ਮਾਰਦਾ ਤਦੋਂ ਤੈਨੂੰ, ਜਦੋਂ ਭੋਹਰੇ ਪਾਲਣਾ ਪਾਇਉਂ ਵੇ।
ਸੀਨੇ ਲਾਇਓ ਈ ਪੂਰਨਾ ਦਾਗ ਮੇਰੇ, ਰਖੇ ਪੈਰ ਪੁਠੇ ਘਨੇਚਾਇਉਂ ਵੇ।
ਕਾਦਰਯਾਰ ਕਹਿੰਦਾ ਸਲਵਾਹਨ ਰਾਜਾ, ਘਰ ਕੀ ਕਰਤੂਤ ਕਰ ਆਇਉਂ ਵੇ।

ਇੰਜ ਕਾਦਰਯਾਰ ਲੋਕ ਕਿੱਸਾ ਪੂਰਨ ਭਗਤ ਦੇ ਮੌਖਿਕ ਪਾਠ ਨੂੰ ਕਿੱਸਾ ਪੂਰਨ ਭਗਤ ਰਾਹੀਂ ਆਪਣੀ ਵਿਲੱਖਣ ਸ਼ੈਲੀ ਨੂੰ ਪੇਸ਼ ਕਰਦਾ ਹੈ। ਸੰਜਮੀ, ਸਰਲ ਸਾਦੀ ਸ਼ਬਦਾਵਲੀ ਰਾਹੀਂ ਕਾਦਰਯਾਰ ਪੂਰਨ ਭਗਤ ਦੇ ਕਿੱਸੇ ਦੀ ਰਚਨਾ ਕਰਦਾ ਹੈ। ਰਸ, ਅਲੰਕਾਰ ਅਤੇ ਛੰਦਾਬੰਦੀ ਵਾਲੀ ਭਾਸ਼ਾ ਸ਼ੈਲੀ ਕਿੱਸਾਕਾਰ ਕਾਦਰਯਾਰ ਦੀ ਰਚਨਾ ਨੂੰ ਸਿਖ਼ਰਾਂ ਬਖ਼ਸ਼ਦੀ ਹੈ। ਲੇਖਕ ਦੀ ਇਹ ਰਚਨਾ ਆਪਣੀ ਨਿਵੇਕਲੀ ਨੁਹਾਰ ਰਾਹੀਂ ਸਭ ਤੋਂ ਵੱਧ ਲੋਕਪ੍ਰਿਯਤਾ ਹਾਸਿਲ ਕਰਦੀ ਹੈ। ਕਾਦਰਯਾਰ ਸਮਕਾਲੀ ਸਮਾਜਕ ਸਭਿਆਚਾਰਕ ਕਦਰਾਂ-ਕੀਮਤਾਂ ਵਾਲੀ ਧਰਾਤਲ ਨੂੰ ਪ੍ਰਾਥਮਿਕਤਾ ਦਿੰਦਾ ਹੈ। ਉਹ ਲੂਣਾ ਨੂੰ ਪਿਤਰਕੀ ਪ੍ਰਬੰਧ ਦੀ ਸੋਚ ਤਹਿਤ ਦੁਜੈਲੀ ਹੀ ਮੰਨਦਾ ਹੈ ਇਹੀ ਕਾਰਨ ਹੈ ਕਿ ਉਹ ਨਾਰੀ ਮਾਨਸਿਕਤਾ ਦੀ ਵੇਦਨਾ ਨੂੰ ਨਜ਼ਰਅੰਦਾਜ਼ ਕਰ ਮੱਧਕਾਲੀ ਜੀਵਨ-ਮੁੱਲਾਂ ਦਾ ਅਨੁਸਾਰੀ ਹੋ ਨਿੱਬੜਦਾ ਹੈ। ਜਿਸ ਦੇ ਕਰਕੇ ਲੂਣਾ ਦੀ ਨਾਰੀ ਹੋਂਦ ਦਮਿਤ ਸਥਿਤੀਆਂ ਨੂੰ ਭੋਗਦੀ ਅਣਜੋੜ ਵਿਆਹ ਦੀ ਹੋਣੀ ਨੂੰ ਹੀ ਹੰਢਾਉਂਦੀ ਹੈ।

## ਕਿੱਸਾ ਪੂਰਨ ਭਗਤ: ਲੋਕਧਰਾਈ ਤੇ ਸ਼ਭਿਆਚਾਰਕ ਪਰਿਪੇਖ

ਕਾਦਰਯਾਰ ਲੋਕ ਕਿੱਸਾ 'ਕਿੱਸਾ ਪੂਰਨ ਭਗਤ' ਨੂੰ ਕਲਮਬੱਧ ਕਰਦਾ ਸਮਾਜਕ ਸਭਿਆਚਾਰਕ ਪ੍ਰਤੀਮਾਨਾਂ ਦੀ ਤਰਜਮਾਨੀ ਕਰਦਾ ਹੈ। ਰਾਜਾ ਸਲਵਾਹਨ ਤੇ ਰਾਣੀ ਇੱਛਰਾਂ ਦੇ ਪੁੱਤਰ ਪੂਰਨ ਦੇ ਜਨਮ ਸਮੇਂ ਹੀ ਪੰਡਤਾਂ ਵੱਲੋਂ ਉਸ ਦੇ ਭਵਿੱਖ ਬਾਰੇ ਜਾਣਕਾਰੀ ਲਈ ਗਏ ਪੂਰਨ ਭਗਤ ਆਪਣੇ ਜੀਵਨ ਵਿਚ ਬਾਰ-ਬਾਰ ਉੱਜੜਨ ਦੇ ਬਾਵਜੂਦ ਆਪਣੀ ਨੇਕ ਨੀਅਤ ਇਮਾਨਦਾਰੀ ਤੇ ਸੱਚੀ ਭਗਤੀ ਤੇ ਸਾਧਨਾ ਕਾਰਨ ਲੋਕ-ਭਲਾਈ ਦੇ ਕਾਰਜ ਵਿਚ ਰੁੱਝ ਜਾਂਦਾ ਹੈ। ਇੰਜ ਪੂਰਨ ਭਗਤ ਦਾ ਇਹ ਕਿੱਸਾ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਦੀ ਪੈਰਵੀ ਕਰਦਾ ਸਮਾਜਕ ਦ੍ਰਿਸ਼ਟੀਕੋਣ ਤੋਂ ਉਸ ਨੂੰ ਦ੍ਰਿੜ੍ਹ ਕਰਦਾ ਹੈ।

ਇਸ ਕਾਦਰਯਾਰ ਲੋਕ ਕਿੱਸਾ 'ਕਿੱਸਾ ਪੂਰਨ ਭਗਤ' ਵਿਚ ਆਪਣੇ ਵੇਲੇ ਦੇ ਸਮਾਜ-ਸਭਿਆਚਾਰਕ ਪੱਖ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਮੱਧਕਾਲੀ ਸਮਾਜ ਵਿਚ ਪ੍ਰਚਲਿਤ ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ, ਲੋਕ ਵਿਸ਼ਵਾਸ, ਔਰਤ ਪ੍ਰਤੀ ਪਰੰਪਰਾ ਸੋਚ ਆਦਿ ਪੱਖਾਂ ਦਾ ਕਿੱਸੇ ਵਿਚ ਵਰਨਣ ਕੀਤਾ ਗਿਆ ਹੈ। ਇਸ ਕਿੱਸੇ ਦੀ ਕਹਾਣੀ, ਪੂਰਨ ਭਗਤ ਦੇ ਕਿੱਸੇ ਵਾਂਗ ਕਾਫ਼ੀ ਪ੍ਰਸਿੱਧ ਹੈ। ਇਸ ਦਾ ਕਾਰਨ ਇਹ ਰਿਹਾ ਕਿ ਕਿੱਸੇ ਦੇ ਨਾਇਕ ਪੂਰਨ ਨੂੰ ਪੇਂਡੂ ਲੋਕ ਆਪਣੇ ਆਦਰਸ਼ਕ ਹੀਰੋ ਦੇ ਰੂਪ ਵਿਚ ਦੇਖਦੇ ਹਨ, ਉਸ ਨੂੰ ਸਦਾਚਾਰ ਦਾ ਪ੍ਰਤੀਕ ਮੰਨਦੀ ਹੈ। ਕਾਦਰਯਾਰ ਨੇ ਇਸ ਕਿੱਸੇ ਦੇ ਆਰੰਭ ਵਿਚ ਹੀ ਪੂਰਨ ਦੇ ਜਨਮ ਦੇ ਵਰਨਣ ਵੇਲੇ ਤਤਕਾਲੀਨ ਸਮਾਜ ਦੀ ਤਸਵੀਰ ਖਿੱਚੀ ਹੈ। ਜਿਸ ਵਿਚ ਬੱਚੇ ਦੇ ਜਨਮ ਸਮੇਂ ਡੂਮ ਜਾਂ ਮਰਾਸੀ ਦੁਆਰਾ ਰੱਜ-ਰੱਜ ਖ਼ੁਸ਼ੀ ਦੇ ਗੀਤ ਗਾਉਣ ਦਾ ਰਿਵਾਜ ਸੀ, ਜਿਸ ਵਿਚ ਇਹ ਨਵ-ਜਨਮੇ ਬੱਚੇ ਨੂੰ ਸੱਚੇ ਦਿਲੋਂ ਦੁਆਵਾਂ ਤੇ ਆਸ਼ੀਰਵਾਦ ਦਿੰਦੇ ਸਨ ਕਿੱਸਾਕਾਰ ਨੇ ਆਪਣੀ ਇਸ ਰਚਨਾ ਵਿਚ ਲੋਕਾਂ ਦੇ ਕੰਮ-ਕਾਜ ਅਤੇ ਆਰਥਿਕ ਜੀਵਨ ਉੱਤੇ ਵੀ ਚਾਨਣਾ ਪਾਇਆ ਹੈ। ਉਸ ਵੇਲੇ ਦੇ ਸਮਾਜ ਨੂੰ ਜੇ ਦੇਖੀਏ ਤਾਂ ਉੱਥੋਂ ਦੇ ਲੋਕ ਖਾਣ-ਪੀਣ ਤੇ ਕੰਮ ਕਰਨ ਦੇ ਪੱਖੋਂ ਬਹੁਤ ਮਿਹਨਤੀ ਅਤੇ ਖ਼ੁਸ਼ਹਾਲ ਸਨ।

ਪੰਜਾਬੀ ਕਿੱਸਾਕਾਰਾਂ ਨੇ ਪੰਜਾਬੀ ਸਮਾਜ ਵਿਚ ਪ੍ਰਚਲਿਤ ਅਨੇਕ ਲੋਕ ਵਿਸ਼ਵਾਸ ਦਾ ਵਰਣਨ ਕੀਤਾ ਹੈ। ਲੋਕ-ਵਿਸ਼ਵਾਸ ਦਾ ਕਿੱਸਿਆਂ ਵਿਚੋਂ ਮਿਲਣਾ ਇਹ ਗੱਲ ਸਾਬਤ ਕਰਦਾ ਹੈ ਕਿ ਮੱਧਕਾਲੀਨ ਪੰਜਾਬ ਦਾ ਜੀਵਨ ਪਰੰਪਰਾਵਾਦੀ ਜੀਵਨ ਕੀਮਤਾਂ 'ਤੇ ਆਧਾਰਿਤ ਸੀ ਤੇ ਲੋਕਾਂ ਨੂੰ ਇਹ ਵਿਸ਼ਵਾਸ ਵਿਰਸੇ ਵਿਚੋਂ ਪ੍ਰਾਪਤ ਹੋਏ ਸਨ। ਇਸੇ ਕਰਕੇ ਲੋਕਾਂ ਦੇ ਮਨਾਂ ਵਿਚ ਇਨ੍ਹਾਂ ਪ੍ਰਤੀ ਪੂਰਨ ਸ਼ਰਧਾ ਸੀ। ਲੋਕ ਵਹਿਮਾਂ-ਭਰਮਾਂ ਦੇ ਸ਼ਿਕਾਰ ਸਨ।

ਇਸ ਤਰ੍ਹਾਂ ਦੇ ਸ਼ਗਨ ਅਪਸ਼ਗਨ, ਹੋਣੀ, ਕਿਸਮਤ ਆਦਿ ਪ੍ਰਤੀ ਵਿਸ਼ਵਾਸ 'ਪੂਰਨ ਭਗਤ' ਦੇ ਕਿੱਸੇ ਵਿਚ ਦੇਖਣ ਨੂੰ ਮਿਲਦੇ ਹਨ। ਇਸ ਦੇ ਨਾਲ ਹੀ ਲੋਕਾਂ ਦਾ ਪੀਰਾਂ ਫ਼ਕੀਰਾਂ ਵਿਚ ਵਿਸ਼ਵਾਸ ਵੀ ਕਾਫ਼ੀ ਪ੍ਰਬਲ ਹੈ। ਮੱਧਕਾਲੀ ਸਮਾਜ-ਸਭਿਆਚਾਰ ਵਿਚ ਔਰਤ ਨੂੰ ਸਮਾਜ ਵਿਚ ਉਸ ਦਾ ਯੋਗ ਸਥਾਨ ਹਾਸਿਲ ਨਹੀਂ ਸੀ। ਇਸ ਮਰਦ ਪ੍ਰਧਾਨ ਜਾਗੀਰੂ ਵਿਵਸਥਾ ਵਿਚ ਔਰਤ ਨੂੰ ਧੋਖੇਬਾਜ਼, ਵਿਸ਼ਵਾਸਘਾਤ, ਨਿੰਦਣਯੋਗ ਅਤੇ ਗ਼ੈਰ-ਜ਼ਿੰਮੇਵਾਰ ਆਖਿਆ ਜਾਂਦਾ ਸੀ। ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ "ਕਿੱਸਿਆਂ ਵਿਚ ਇਸਤਰੀ ਨਿੰਦਿਆ ਪ੍ਰਤੱਖ ਤੇ ਅਪ੍ਰਤੱਖ ਦੋਹਾਂ ਰੂਪਾਂ ਵਿਚ ਚਿੱਤਰੀ ਹੋਈ ਮਿਲਦੀ ਹੈ। ਕਿੱਸੇ ਕਿਉਕਿ ਜਾਗੀਰਦਾਰੀ ਮਨੋਵ੍ਰਿਤੀਆਂ ਦੀ ਪੁਸ਼ਟੀ ਕਰਦੇ ਹਨ, ਇਸ ਲਈ ਇਨ੍ਹਾਂ ਵਿਚ ਸਮਾਜ ਦੀਆਂ ਸਾਰੀਆਂ ਭੈੜੀਆਂ ਪਰੰਪਰਾਵਾਂ ਦਾ ਦਰਸ਼ਨ ਹੋ ਜਾਣਾ ਸੁਭਾਵਿਕ ਹੈ। ਸਮਾਜ ਵਿਚ ਇਸਤਰੀ ਨੂੰ ਸੰਪਤੀ ਜਾਂ ਜਾਇਦਾਦ ਦੀ ਸਮਾਨ ਸਮਝਿਆ ਜਾਣ ਕਰਕੇ ਉਸ ਦੀਆਂ ਭਾਵਨਾਵਾਂ ਸੁਤੰਤਰ ਨਹੀਂ ਸਨ, ਸਗੋਂ ਪੁਰਸ਼ ਦੀ ਹਉਮੈ ਅਤੇ ਵਾਸ਼ਨਾ ਦੀ ਸੰਤੁਸ਼ਟੀ ਕਰਨ ਵਿਚ ਕੇਂਦਰੀ ਭੂਤ ਹੁੰਦੀਆਂ ਸਨ। ਕਾਦਰਯਾਰ ਦੇ ਇਸ ਕਿੱਸੇ ਵਿਚ ਉਸ ਦਾ ਔਰਤ ਵਿਰੋਧੀ ਦ੍ਰਿਸ਼ਟੀਕੋਣ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਉਹ ਵੀ ਔਰਤ ਨੂੰ ਕਿਸੇ ਪੱਖੋਂ ਭਰੋਸੇਯੋਗ ਨਹੀਂ ਸਮਝਦਾ ਸਗੋਂ ਉਸ ਦਾ ਮੱਤ ਹੈ ਕਿ ਔਰਤਾਂ ਪਹਿਲਾਂ ਆਪ ਹੀ ਹੱਸ-ਹੱਸ ਕੇ ਮਰਦ ਨੂੰ ਆਪਣੇ ਮੋਹ ਜਾਲ ਵਿਚ ਫਸਾ ਲੈਂਦੀਆਂ ਹਨ ਤੇ ਫਿਰ ਬਾਅਦ ਵਿਚ ਸਾਰੀਆਂ ਗੱਲਾਂ ਮਰਦ ਉੱਤੇ ਮੜ੍ਹ, ਆਪ ਰੋ-ਰੋ ਬਚ ਜਾਂਦੀਆਂ ਹਨ। ਇਵੇਂ ਔਰਤ ਪ੍ਰਤੀ ਕਾਦਰਯਾਰ ਦੀ ਸੋਚ ਪਿਤਰਕੀ ਕਦਰਾਂ ਕੀਮਤਾਂ ਉੱਪਰ ਹੀ ਪਹਿਰਾ ਦਿੰਦੀ ਸਪਸ਼ਟ ਨਜ਼ਰ ਆਉਂਦੀ ਹੈ, ਉਹ ਔਰਤ ਦੀ ਸੁਤੰਤਰ ਹੋਂਦ ਨੂੰ ਸਵੀਕਾਰ ਨਹੀਂ ਕਰਦਾ। ਉਹ ਸਾਰੀਆਂ ਔਰਤਾਂ ਨੂੰ ਮਾੜੀਆਂ, ਵਿਸ਼ਵਾਸਘਾਤੀ, ਚੁਗ਼ਲਖ਼ੋਰ, ਝੂਠੀਆਂ, ਚਲਿੱਤਰ ਬਾਜ਼ ਦੱਸਦਾ ਹੈ। ਕਿੱਸਾਕਾਰ ਨੇ ਆਪਣੇ ਇਸ ਕਿੱਸੇ ਵਿਚ ਜਿੱਥੇ ਸਮਕਾਲੀ ਸਮਾਜਕ ਵਿਵਸਥਾ ਦਾ ਚਿਤਰਨ ਕੀਤਾ ਹੈ ਉੱਥੇ ਉਸ ਨੇ ਮੱਧਕਾਲੀ ਸਭਿਆਚਾਰ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ। ਕਾਦਰਯਾਰ ਸਮਕਾਲੀ ਸਮਾਜਕ ਸਭਿਆਚਾਰਕ ਕਦਰਾਂ-ਕੀਮਤਾਂ ਵਾਲੀ ਧਰਾਤਲ ਨੂੰ ਪ੍ਰਾਥਮਿਕਤਾ ਦਿੰਦਾ ਹੈ। ਉਹ ਲੂਣਾ ਨੂੰ ਪਿਤਰਕੀ ਪ੍ਰਬੰਧ ਦੀ ਸੋਚ ਤਹਿਤ ਦੁਜੈਲੀ ਹੀ ਮੰਨਦਾ ਹੈ ਇਹੀ ਕਾਰਨ ਹੈ ਕਿ ਉਹ ਨਾਰੀ ਮਾਨਸਿਕਤਾ ਦੀ ਵੇਦਨਾ ਨੂੰ ਨਜ਼ਰਅੰਦਾਜ਼ ਕਰ ਮੱਧਕਾਲੀ ਜੀਵਨ-ਮੁੱਲਾਂ ਦਾ ਅਨੁਸਾਰੀ ਹੋ ਨਿੱਬੜਦਾ ਹੈ। ਜਿਸ ਦੇ ਕਰਕੇ ਲੂਣਾ ਦੀ ਨਾਰੀ ਹੋਂਦ ਦਮਿਤ ਸਥਿਤੀਆਂ ਨੂੰ ਭੋਗਦੀ ਅਣਜੋੜ ਵਿਆਹ ਦੀ ਹੋਣੀ ਨੂੰ ਹੀ ਹੰਢਾਉਂਦੀ ਹੈ।

## ਕਿੱਸਾ ਪੂਰਨ ਭਗਤ: ਲੋਕਧਰਾਈ ਤੇ ਸ਼ਭਿਆਚਾਰਕ ਪਰਿਪੇਖ

ਕਾਦਰਯਾਰ ਲੋਕ ਕਿੱਸਾ 'ਕਿੱਸਾ ਪੂਰਨ ਭਗਤ' ਨੂੰ ਕਲਮਬੱਧ ਕਰਦਾ ਸਮਾਜਕ ਸਭਿਆਚਾਰਕ ਪ੍ਰਤੀਮਾਨਾਂ ਦੀ ਤਰਜਮਾਨੀ ਕਰਦਾ ਹੈ। ਰਾਜਾ ਸਲਵਾਨ ਤੇ ਰਾਣੀ ਇੱਛਰਾਂ ਦੇ ਪੁੱਤਰ ਪੂਰਨ ਦੇ ਜਨਮ ਸਮੇਂ ਹੀ ਪੰਡਤਾਂ ਵੱਲੋਂ ਉਸ ਦੇ ਭਵਿੱਖ ਬਾਰੇ ਜਾਣਕਾਰੀ ਲਈ ਗਏ ਪੂਰਨ ਭਗਤ ਆਪਣੇ ਜੀਵਨ ਵਿਚ ਬਾਰ-ਬਾਰ ਉੱਜੜਨ ਦੇ ਬਾਵਜੂਦ ਆਪਣੀ ਨੇਕ ਨੀਅਤ ਇਮਾਨਦਾਰੀ ਤੇ ਸੱਚੀ ਭਗਤੀ ਤੇ ਸਾਧਨਾ ਕਾਰਨ ਲੋਕ-ਭਲਾਈ ਦੇ ਕਾਰਜ ਵਿਚ ਰੁੱਝ ਜਾਂਦਾ ਹੈ। ਇੰਜ ਪੂਰਨ ਭਗਤ ਦਾ ਇਹ ਕਿੱਸਾ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਦੀ ਪੈਰਵੀ ਕਰਦਾ ਸਮਾਜਕ ਦ੍ਰਿਸ਼ਟੀਕੋਣ ਤੋਂ ਉਸ ਨੂੰ ਦ੍ਰਿੜ੍ਹ ਕਰਦਾ ਹੈ।

ਇਸ ਕਾਦਰਯਾਰ ਲੋਕ ਕਿੱਸਾ 'ਕਿੱਸਾ ਪੂਰਨ ਭਗਤ' ਵਿਚ ਆਪਣੇ ਵੇਲੇ ਦੇ ਸਮਾਜ-ਸਭਿਆਚਾਰਕ ਪੱਖ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਮੱਧਕਾਲੀ ਸਮਾਜ ਵਿਚ ਪ੍ਰਚਲਿਤ ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ, ਲੋਕ ਵਿਸ਼ਵਾਸਾਂ, ਔਰਤ ਪ੍ਰਤੀ ਪਰੰਪਰਕ ਸੋਚ ਆਦਿ ਪੱਖਾਂ ਦਾ ਕਿੱਸੇ ਵਿਚ ਵਰਣਨ ਕੀਤਾ ਗਿਆ ਹੈ। ਇਸ ਕਿੱਸੇ ਦੀ ਕਹਾਣੀ, ਪੂਰਨ ਭਗਤ ਦੇ ਕਿੱਸੇ ਵਾਂਗ ਕਾਫ਼ੀ ਪ੍ਰਸਿੱਧ ਹੈ। ਇਸ ਦਾ ਕਾਰਨ ਇਹ ਰਿਹਾ ਕਿ ਕਿੱਸੇ ਦੇ ਨਾਇਕ ਪੂਰਨ ਨੂੰ ਪੇਂਡੂ ਲੋਕ ਆਪਣੇ ਆਦਰਸ਼ਕ ਹੀਰੋ ਦੇ ਰੂਪ ਵਿਚ ਦੇਖਦੇ ਹਨ, ਉਸ ਨੂੰ ਸਦਾਚਾਰ ਦਾ ਪ੍ਰਤੀਕ ਮੰਨਦੀ ਹੈ। ਕਾਦਰਯਾਰ ਨੇ ਇਸ ਕਿੱਸੇ ਦੇ ਆਰੰਭ ਵਿਚ ਹੀ ਪੂਰਨ ਦੇ ਜਨਮ ਦੇ ਵਰਣਨ ਵੇਲੇ ਤਤਕਾਲੀਨ ਸਮਾਜ ਦੀ ਤਸਵੀਰ ਖਿੱਚੀ ਹੈ। ਜਿਸ ਵਿਚ ਬੱਚੇ ਦੇ ਜਨਮ ਸਮੇਂ ਡੂਮ ਜਾਂ ਮਰਾਸੀ ਦੁਆਰਾ ਰੱਜ-ਰੱਜ ਖ਼ੁਸ਼ੀ ਦੇ ਗੀਤ ਗਾਉਣ ਦਾ ਰਿਵਾਜ ਸੀ, ਜਿਸ ਵਿਚ ਇਹ ਨਵ-ਜਨਮ ਬੱਚੇ ਨੂੰ ਸੱਚੇ ਦਿਲੋਂ ਦੁਆਵਾਂ ਤੇ ਆਸ਼ੀਰਵਾਦ ਦਿੰਦੇ ਸਨ ਕਿੱਸਾਕਾਰ ਨੇ ਆਪਣੀ ਇਸ ਰਚਨਾ ਵਿਚ ਲੋਕਾਂ ਦੇ ਕੰਮ-ਕਾਜ ਅਤੇ ਆਰਥਿਕ ਜੀਵਨ ਉੱਤੇ ਵੀ ਚਾਨਣਾ ਪਾਇਆ ਹੈ। ਉਸ ਵੇਲੇ ਦੇ ਸਮਾਜ ਨੂੰ ਜੇ ਦੇਖੀਏ ਤਾਂ ਉੱਥੋਂ ਦੇ ਲੋਕ ਖਾਣ-ਪੀਣ ਤੇ ਕੰਮ ਕਰਨ ਦੇ ਪੱਖੋਂ ਬਹੁਤ ਮਿਹਨਤੀ ਅਤੇ ਖ਼ੁਸ਼ਹਾਲ ਸਨ।

"ਪੰਜਾਬੀ ਕਿੱਸਾਕਾਰਾਂ ਨੇ ਪੰਜਾਬੀ ਸਮਾਜ ਵਿਚ ਪ੍ਰਚਲਿਤ ਅਨੇਕ ਲੋਕ ਵਿਸ਼ਵਾਸਾਂ ਦਾ ਵਰਣਨ ਕੀਤਾ ਹੈ। ਲੋਕ-ਵਿਸ਼ਵਾਸ ਦਾ ਕਿੱਸਿਆਂ ਵਿਚੋਂ ਮਿਲਣਾ ਇਹ ਗੱਲ ਸਾਬਤ ਕਰਦਾ ਹੈ ਕਿ ਮੱਧਕਾਲੀਨ ਪੰਜਾਬ ਦਾ ਜੀਵਨ ਪਰੰਪਰਾਵਾਦੀ ਜੀਵਨ ਕੀਮਤਾਂ 'ਤੇ ਆਧਾਰਿਤ ਸੀ ਤੇ ਲੋਕਾਂ ਨੂੰ ਇਹ ਵਿਸ਼ਵਾਸ ਵਿਰਸੇ ਵਿਚੋਂ ਪ੍ਰਾਪਤ ਹੋਏ ਸਨ। ਇਸੇ ਕਰਕੇ ਲੋਕਾਂ ਦੇ ਮਨਾਂ ਵਿਚ ਇਨ੍ਹਾਂ ਪ੍ਰਤੀ ਪੂਰਨ ਸ਼ਰਧਾ ਸੀ। ਲੋਕ ਵਹਿਮਾਂ-ਭਰਮਾਂ ਦੇ ਸ਼ਿਕਾਰ ਸਨ।

ਇਸ ਤਰ੍ਹਾਂ ਦੇ ਸ਼ਗਨ ਅੱਪ ਸ਼ਗਨ, ਹੋਣੀ, ਕਿਸਮਤ ਆਦਿ ਪ੍ਰਤੀ ਵਿਸ਼ਵਾਸ 'ਪੂਰਨ ਭਗਤ' ਦੇ ਕਿੱਸੇ ਵਿਚ ਦੇਖਣ ਨੂੰ ਮਿਲਦੇ ਹਨ। ਇਸ ਦੇ ਨਾਲ ਹੀ ਲੋਕਾਂ ਦਾ ਪੀਰਾਂ ਫ਼ਕੀਰਾਂ ਵਿਚ ਵਿਸ਼ਵਾਸ ਵੀ ਕਾਫ਼ੀ ਪ੍ਰਬਲ ਹੈ। ਮੱਧਕਾਲੀ ਸਮਾਜ-ਸਭਿਆਚਾਰ ਵਿਚ ਔਰਤ ਨੂੰ ਸਮਾਜ ਵਿਚ ਉਸ ਦਾ ਯੋਗ ਸਥਾਨ ਹਾਸਿਲ ਨਹੀਂ ਸੀ। ਇਸ ਮਰਦ ਪ੍ਰਧਾਨ ਜਾਗੀਰੂ ਵਿਵਸਥਾ ਵਿਚ ਔਰਤ ਨੂੰ ਧੋਖੇਬਾਜ਼, ਵਿਸ਼ਵਾਸਘਾਤ, ਨਿੰਦਣਯੋਗ ਅਤੇ ਗ਼ੈਰ-ਜ਼ਿੰਮੇਵਾਰ ਆਖਿਆ ਜਾਂਦਾ ਸੀ। ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ "ਕਿੱਸਿਆਂ ਵਿਚ ਇਸਤਰੀ ਨਿੰਦਿਆ ਪ੍ਰਤੱਖ ਤੇ ਅਪ੍ਰਤੱਖ ਦੋਹਾਂ ਰੂਪਾਂ ਵਿਚ ਚਿੱਤਰੀ ਹੋਈ ਮਿਲਦੀ ਹੈ। ਕਿੱਸੇ ਕਿਉਂਕਿ ਜਾਗੀਰਦਾਰੀ ਮਨੋਵ੍ਰਿਤੀਆਂ ਦੀ ਪੁਸ਼ਟੀ ਕਰਦੇ ਹਨ, ਇਸ ਲਈ ਇਨ੍ਹਾਂ ਵਿਚ ਸਮਾਜ ਦੀਆਂ ਸਾਰੀਆਂ ਭੈੜੀਆਂ ਪਰੰਪਰਾਵਾਂ ਦਾ ਦਰਸ਼ਨ ਹੋ ਜਾਣਾ ਸੁਭਾਵਿਕ ਹੈ। ਸਮਾਜ ਵਿਚ ਇਸਤਰੀ ਨੂੰ ਸੰਪਤੀ ਜਾਂ ਜਾਇਦਾਦ ਦੀ ਸਮਾਨ ਸਮਝਿਆ ਜਾਣ ਕਰਕੇ ਉਸ ਦੀਆਂ ਭਾਵਨਾਵਾਂ ਸੁਤੰਤਰ ਨਹੀਂ ਸਨ, ਸਗੋਂ ਪੁਰਸ਼ ਦੀ ਹਉਮੈ ਅਤੇ ਵਾਸ਼ਨਾ ਦੀ ਸੰਤੁਸ਼ਟੀ ਕਰਨ ਵਿਚ ਕੇਂਦਰੀ ਭੂਤ ਹੁੰਦੀਆਂ ਸਨ। ਕਾਦਰਯਾਰ ਦੇ ਇਸ ਕਿੱਸੇ ਵਿਚ ਉਸ ਦਾ ਔਰਤ ਵਿਰੋਧੀ ਦ੍ਰਿਸ਼ਟੀਕੋਣ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਉਹ ਵੀ ਔਰਤ ਨੂੰ ਕਿਸੇ ਪੱਖੋਂ ਭਰੋਸੇਯੋਗ ਨਹੀਂ ਸਮਝਦਾ ਸਗੋਂ ਉਸ ਦਾ ਮੱਤ ਹੈ ਕਿ ਔਰਤਾਂ ਪਹਿਲਾਂ ਆਪ ਹੀ ਹੱਸ-ਹੱਸ ਕੇ ਮਰਦ ਨੂੰ ਆਪਣੇ ਮੋਹ ਜਾਲ ਵਿਚ ਫਸਾ ਲੈਂਦੀਆਂ ਹਨ ਤੇ ਫਿਰ ਬਾਅਦ ਵਿਚ ਸਾਰੀਆਂ ਗੱਲਾਂ ਮਰਦ ਉੱਤੇ ਮੜ੍ਹ, ਆਪ ਰੋ-ਰੋ ਬਚ ਜਾਂਦੀਆਂ ਹਨ। ਇਵੇਂ ਔਰਤ ਪ੍ਰਤੀ ਕਾਦਰਯਾਰ ਦੀ ਸੋਚ ਪਿਤਰਕੀ ਕਦਰਾਂ ਕੀਮਤਾਂ ਉੱਪਰ ਹੀ ਪਹਿਰਾ ਦਿੰਦੀ ਸਪਸ਼ਟ ਨਜ਼ਰ ਆਉਂਦੀ ਹੈ, ਉਹ ਔਰਤ ਦੀ ਸੁਤੰਤਰ ਹੋਂਦ ਨੂੰ ਸਵੀਕਾਰ ਨਹੀਂ ਕਰਦਾ। ਉਹ ਸਾਰੀਆਂ ਔਰਤਾਂ ਨੂੰ ਮਾੜੀਆਂ, ਵਿਸ਼ਵਾਸਘਾਤੀ, ਚੁਗ਼ਲਖ਼ੋਰ, ਝੂਠੀਆਂ, ਚਲਿੱਤਰ ਬਾਜ਼ ਦੱਸਦਾ ਹੈ। ਕਿੱਸਾਕਾਰ ਨੇ ਆਪਣੇ ਇਸ ਕਿੱਸੇ ਵਿਚ ਜਿੱਥੇ ਸਮਕਾਲੀ ਸਮਾਜਕ ਵਿਵਸਥਾ ਦਾ ਚਿਤਰਨ ਕੀਤਾ ਹੈ ਉੱਥੇ ਉਸ ਨੇ ਮੱਧਕਾਲੀ ਸਭਿਆਚਾਰ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ। ਕਾਦਰਯਾਰ ਸਮਕਾਲੀ ਸਮਾਜਕ ਸਭਿਆਚਾਰਕ ਕਦਰਾਂ-ਕੀਮਤਾਂ ਵਾਲੀ ਧਰਾਤਲ ਨੂੰ ਪ੍ਰਾਥਮਿਕਤਾ ਦਿੰਦਾ ਹੈ। ਉਹ ਲੂਣਾ ਨੂੰ ਪਿਤਰਕੀ ਪ੍ਰਬੰਧ ਦੀ ਸੋਚ ਤਹਿਤ ਦੁਜੈਲੀ ਹੀ ਮੰਨਦਾ ਹੈ ਇਹੀ ਕਾਰਨ ਹੈ ਕਿ ਉਹ ਨਾਰੀ ਮਾਨਸਿਕਤਾ ਦੀ ਵੇਦਨਾ ਨੂੰ ਨਜ਼ਰਅੰਦਾਜ਼ ਕਰ ਮੱਧਕਾਲੀ ਜੀਵਨ-ਮੁੱਲਾਂ ਦਾ ਅਨੁਸਾਰੀ ਹੋ ਨਿਬੜਦਾ ਹੈ। ਜਿਸ ਦੇ ਕਰਕੇ ਲੂਣਾ ਦੀ ਨਾਰੀ ਹੋਂਦ ਦਮਿਤ ਸਥਿਤੀਆਂ ਨੂੰ ਭੋਗਦੀ ਅਣਜੋੜ ਵਿਆਹ ਦੀ ਹੋਣੀ ਨੂੰ ਹੀ ਹੰਢਾਉਂਦੀ ਹੈ।

## ਕਿੱਸਾਕਾਰੀ ਵਿਚ ਕਾਦਰਯਾਰ ਦਾ ਸਥਾਨ

ਕਾਦਰਯਾਰ ਉੱਨ੍ਹੀਵੀਂ ਸਦੀ ਦਾ ਪੰਜਾਬੀ ਦਾ ਪ੍ਰਸਿੱਧ ਸ਼ਾਇਰ ਹੈ। ਆਪ ਦਾ ਜਨਮ 1802 ਈ. ਨੂੰ ਜ਼ਿਲ੍ਹਾ ਸੇਖੂਪੁਰਾ ਦੇ ਪਿੰਡ ਮਾਛੀ ਕੇ ਵਿਖੇ ਹੋਇਆ। ਕਾਦਰਯਾਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੇ ਅੰਤਲੇ ਸਮੇਂ ਦੌਰਾਨ ਕਾਫ਼ੀ ਮਕਬੂਲ ਹੋਇਆ ਮੰਨਿਆ ਜਾਂਦਾ ਹੈ। ਕਾਦਰਯਾਰ ਸ਼ਰੱਈ ਮੁਸਲਮਾਨ ਹੋਣ ਕਾਰਨ ਧਾਰਮਿਕ ਰਹਿਤ ਮਰਿਆਦਾ ਦੀ ਪਾਲਨਾ ਕਰਦਾ ਸੀ। ਇਸ ਦਾ ਪ੍ਰਮਾਣ ਉਨ੍ਹਾਂ ਦੀਆਂ ਰਚਨਾਵਾਂ 'ਮਹਿਰਾਜ ਨਾਮਾ' ਤੇ 'ਰੋਜ਼ਾਨਾਮਾ' ਵਿਚ ਮਿਲਦਾ ਹੈ। ਅੱਲਾਹ ਨੂੰ ਸ੍ਰੇਸ਼ਠ ਸਥਾਨ ਦੇਣਾ, ਹਜ਼ਰਤ ਮੁਹੰਮਦ ਨੂੰ ਅੱਲਾਹ ਦਾ ਰਸੂਲ ਮੰਨਣਾ, ਰੋਜ਼-ਏ-ਹਸ਼ਰ ਵਿਚ ਯਕੀਨ, ਸ਼ਰ੍ਹਾਂ ਦੀਆਂ ਸਾਰੀਆਂ ਪਾਬੰਦੀਆਂ ਨੂੰ ਮੰਨਣਾ ਆਦਿ ਗੱਲਾਂ ਇਨ੍ਹਾਂ ਦੇ ਮੁਸਲਿਮ ਧਰਮ ਨਾਲ ਸੰਬੰਧਿਤ ਹੋਣ ਦੀ ਸਾਖੀ ਭਰਦੀਆਂ ਹਨ। ਇਨ੍ਹਾਂ ਨੇ ਇਸਲਾਮੀ ਰਵਾਇਤਾਂ ਅਤੇ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਦੇ ਨਾਲ-ਨਾਲ ਹਿੰਦੂ ਨਾਇਕਾਂ ਤੇ ਰਵਾਇਤਾਂ ਨੂੰ ਵੀ ਆਪਣੀ ਰਚਨਾਵਾਂ ਵਿਚ ਬੜੀ ਦ੍ਰਿੜ੍ਹਤਾ ਨਾਲ ਪੇਸ਼ ਕੀਤਾ ਹੈ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਚ ਧਾਰਮਿਕ ਵਖਰੇਵਿਆਂ ਲਈ ਕੋਈ ਥਾਂ ਨਹੀਂ ਸੀ। ਸਗੋਂ ਇੱਥੇ ਸਾਰੇ ਲੋਕ ਮਿਲ ਜੁੱਲ ਕੇ ਰਹਿੰਦੇ ਸਨ ਜਿਸ ਕਾਰਨ ਇੱਥੇ ਸਾਂਝਾ ਪੰਜਾਬੀ ਸਭਿਆਚਾਰ ਵਿਕਸਿਤ ਹੋਇਆ। ਇਸੇ ਪੰਜਾਬੀਅਤ ਨੂੰ ਹੀ ਫਿਰ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ 'ਜੰਗ ਸਿੰਘਾਂ ਤੇ ਫ਼ਰੰਗੀਆਂ' ਵਿਚ ਅਭਿਵਿਅਕਤ ਕੀਤਾ। ਕਾਦਰਯਾਰ ਭਾਵੇਂ ਬਹੁਤਾ ਪੜ੍ਹੇ ਲਿਖੇ ਨਹੀਂ ਸਨ ਪਰ ਇਸ ਦੇ ਬਾਵਜੂਦ ਵੀ ਆਪ ਦੀ ਕਿੱਸਾਕਾਰੀ ਤੇ ਹੋਰਨਾਂ ਰਚਨਾਵਾਂ ਵਿਚ ਕਾਵਿਕ ਵਿਸ਼ੇਸ਼ਤਾਵਾਂ ਦੇਖਣ ਨੂੰ ਮਿਲਦੀਆਂ ਹਨ। ਇਸ ਦਾ ਪ੍ਰਮਾਣ ਆਪ ਦਾ ਕਿੱਸਾ ਪੂਰਨ ਭਗਤ ਹੈ ਜੋ ਸਾਹਿਤ ਜਗਤ ਵਿਚ ਬਹੁਤ ਹਰਮਨ ਪਿਆਰਾ ਹੋਇਆ। ਕਾਦਰਯਾਰ ਦੀਆਂ ਰਚਨਾਵਾਂ ਨੂੰ ਮੋਟੇ ਤੌਰ 'ਤੇ ਦੋ ਭਾਗਾਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। ਇੱਕ ਮੁਸਲਮਾਨੀ ਮਜ਼ਬ ਦੀਆਂ ਰਵਾਇਤਾਂ 'ਤੇ ਆਧਾਰਿਤ ਰਚਨਾਵਾਂ ਜਿਵੇਂ ਮਹਿਰਾਜ ਨਾਮਾ ਤੇ ਰੋਜ਼ਾ ਨਾਮਾ। ਦੂਜੀਆਂ ਰਚਨਾਵਾਂ ਵਿਚ ਆਲੇ-ਦੁਆਲੇ ਵਾਪਰੀਆਂ ਪ੍ਰਸਿੱਧ ਲੋਕ-ਕਥਾਵਾਂ ਤੇ ਸੂਰਮਿਆਂ ਦਾ ਬਿਰਤਾਂਤ ਸ਼ਾਮਲ ਹੈ ਜਿਵੇਂ ਕਿੱਸਾ ਪੂਰਨ ਭਗਤ, ਕਿੱਸਾ ਸੋਹਣੀ ਮਹੀਂਵਾਲ, ਸੀਹਰਫ਼ੀ ਹਰੀ ਸਿੰਘ ਨਲੂਆ, ਵਾਰ ਪੂਰਨ ਭਗਤ, ਵਾਰੀ ਰਾਣੀ ਕੋਕਲਾਂ/ਰਾਜਾ ਰਸਾਲੂ। ਇਸ ਦੇ ਨਾਲ ਹੀ ਕਾਦਰਯਾਰ ਨੂੰ ਜਿੱਥੇ ਬੋਲੀ ਦੀ ਸਰਲਤਾ, ਰੌਚਕਤਾ ਅਤੇ ਸੰਜਮਤਾ ਵਿਚ ਵੀ ਮੁਹਾਰਤ ਹਾਸਲ ਸੀ, ਉੱਥੇ ਰਸ ਤੇ ਅਲੰਕਾਰਾਂ ਦੀ ਵੀ ਲੋੜ ਅਨੁਸਾਰ ਕਵਿਤਾ ਵਿਚ ਸਟੀਕ ਵਰਤੋਂ ਕਰਨ ਦੀ ਕਲਾ ਵੀ ਹਾਸਿਲ ਸੀ। ਉਨ੍ਹਾਂ ਨੇ ਕਿੱਸਾਕਾਰੀ ਵਿਚ ਸਾਰੀਆਂ ਘਟਨਾਵਾਂ ਨੂੰ ਅਜਿਹੀ ਤਰਤੀਬ ਵਿਚ ਪੇਸ਼ ਕੀਤਾ ਹੈ ਕਿ ਇਸ ਤੋਂ ਪੂਰੀ ਕਿਰਤ ਦਾ ਬਿੰਬ ਉੱਭਰ ਆਉਂਦਾ ਹੈ ਤੇ ਕਹਾਣੀ ਪਾਠਕ ਦੀ ਸਮਝ ਵਿਚ ਆ ਜਾਂਦੀ ਹੈ। ਕਾਦਰਯਾਰ ਨੇ ਆਪ ਲਿਖਿਆ ਹੈ ਕਿ ਪੂਰਨ ਦਾ ਕਿੱਸਾ ਸੁਣਾਉਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਖੂਹ ਇਨਾਮ ਵਿਚ ਦਿੱਤਾ।

> ਪੂਰਨ ਭਗਤ ਦੀ ਗੱਲ ਸੁਣਾਇਕੇ ਜੀ
> ਇੱਕ ਖੂਹ ਇਨਾਮ ਲਿਖਾਇਆ ਮੈਂ।

ਕਾਦਰਯਾਰ ਨੇ ਇਹ ਕਿੱਸਾ 'ਸੀਹਰਫ਼ੀ' ਵਿਚ ਲਿਖਿਆ ਹੈ ਤੇ ਉਸ ਦੀ ਇਸ ਰਚਨਾ ਦੀ ਖ਼ੂਬੀ ਉਸ ਦਾ ਸਿੱਧਾ-ਸਾਦਾ ਅਤੇ ਸਪਸ਼ਟ ਬਿਆਨ ਹੈ। ਸਾਹਿਤ ਦਾ ਇਹ ਦੌਰਾ ਕਿਉਂਕਿ ਅਧਿਆਤਮਕ ਰੁਚੀਆਂ ਉੱਪਰ ਕੇਂਦਰਿਤ ਸੀ। ਇਸ ਲਈ ਉਸ ਦੀ ਭਾਸ਼ਾ ਤੇ ਬਿੰਬਾਂ ਵਿਚੋਂ ਦਾਰਸ਼ਨਿਕ ਦ੍ਰਿਸ਼ਟੀ ਦੀ ਝਲਕ ਵੀ ਮਿਲਦੀ ਹੈ। ਮਹਿਰਾਜ ਨਾਮਾ' ਵਿਚ 'ਮਹਿਰਾਜ' ਦਾ ਭਾਵ ਹਜ਼ਰਤ ਮੁਹੰਮਦ ਸਾਹਿਬ ਦੀ ਅੱਲਾਹ ਨਾਲ ਹੋਈ ਮੁਲਾਕਾਤ ਹੈ ਤੇ ਇਸ ਰਚਨਾ ਵਿਚ ਕਵੀ ਨੇ ਇਸੇ ਮੁਲਾਕਾਤ ਦਾ ਵਰਣਨ ਕੀਤਾ ਹੈ। ਇਸ ਕ੍ਰਿਤ ਦਾ ਸੰਬੰਧ ਇਸਲਾਮੀ ਮਿਥਿਹਾਸ ਨਾਲ ਹੋਣ ਕਾਰਨ ਇਹ ਇਸਲਾਮਿਕ ਜਗਤ ਵਿਚ ਕਾਫ਼ੀ ਪ੍ਰਸਿੱਧ ਹੋਈ। ਇਸ ਵਿਚ ਕਵੀ ਦੁਆਰਾ ਵਰਤੀ ਗਈ ਬੋਲੀ ਠੇਠ ਪੰਜਾਬੀ ਹੈ ਪਰ ਮਹਿਰਾਜ ਨਾਮੇ ਦੇ ਆਰੰਭ ਵਿਚ ਦਿੱਤੇ ਮੰਗਲਾਚਰਨ ਵਿਚ ਖ਼ੁਦਾ ਦੀ ਸਿਫ਼ਤ ਕਰਨ ਸਮੇਂ, ਇਨ੍ਹਾਂ ਦੀ ਸ਼ਬਦਾਵਲੀ ਵਿਚ ਫ਼ਾਰਸੀ ਭਾਸ਼ਾ ਭਾਰੂ ਹੋ ਜਾਂਦੀ ਹੈ। 'ਰੋਜ਼ਾਨਾਮਾ' ਦੀ ਜੇ ਗੱਲ ਕਰੀਏ ਤਾਂ ਇਹ ਵੀ ਮਹਿਰਾਜ ਨਾਮੇ ਵਾਂਗ ਧਾਰਮਕ ਕ੍ਰਿਤ ਹੈ। ਇਸ ਵਿਚ ਵੱਖ-ਵੱਖ ਰੋਜ਼ਿਆਂ ਦੀ ਸਖ਼ਤੀ ਨੂੰ ਪ੍ਰਗਟ ਕੀਤਾ ਗਿਆ ਹੈ। 'ਬਾਰਾਂਮਾਹ', 'ਅਠਵਾਰਾ' ਤੇ 'ਸੀਹਰਫ਼ੀ' ਰਚਨਾਵਾਂ ਵਾਂਗ ਹੀ ਕਵੀ ਨੇ ੩੦ ਰੋਜ਼ਿਆਂ ਦੀ ਗਿਣਤੀ ਰਾਹੀਂ ਇਕ ਇਕ ਰੋਜ਼ੇ ਤੇ ਬਿਰਹਨ ਦੀ ਅਵਸਥਾ ਨੂੰ ਬਿਆਨ ਕੀਤਾ ਹੈ। ਇਸ ਕ੍ਰਿਤ ਦੀ ਸਿਰਜਣਾ ਤੱਕ ਕਵੀ ਦੀ ਰਚਨਾ ਪ੍ਰਤਿਭਾ ਵਿਚ ਕਾਫ਼ੀ ਪਕਿਆਈ ਆ ਚੁੱਕੀ ਸੀ। ਇਸ ਵਿਚ ਕਵੀ ਨੇ ਛੋਟੀਆਂ ਤੁਕਾਂ ਦੇ ਛੰਦ-ਪ੍ਰਬੰਧ ਦੀ ਵਰਤੋਂ ਕੀਤੀ ਜੋ 'ਚੌਪਈ' ਨਾਲ ਮਿਲਦਾ ਜੁਲਦਾ ਹੈ। 'ਕਿੱਸਾ ਸੋਹਣੀ

ਮਹੀਂਵਾਲ' ਇਹ ਕਾਦਰਯਾਰ ਦੀ ਸ੍ਰੇਸ਼ਠ ਕ੍ਰਿਤ ਮੰਨੀ ਜਾਂਦੀ ਹੈ। ਆਪ ਨੇ ਵੀ ਹੋਰ ਕਿੱਸਾਕਾਰਾਂ ਵਾਂਗ ਜ਼ਿਆਦਾ ਜ਼ੋਰ ਸੁੰਦਰਤਾ ਵਰਨਣ ਤੇ ਵਿਛੋੜੇ ਨੂੰ ਬਿਆਨ ਕਰਨ 'ਤੇ ਦਿੱਤਾ ਜਿਸ ਨਾਲ ਕਾਦਰਯਾਰ ਦੀ ਕਲਾ ਨਿਖਰ ਕੇ ਸਾਹਮਣੇ ਆਈ। ਇਸ ਵਿਚ ਸ਼ਿੰਗਾਰ ਤੇ ਕਰੁਣਾ ਰਸ ਦੀ ਵਧੇਰੇ ਪ੍ਰਧਾਨਤਾ ਹੈ। ਪੰਜਾਬ ਦੀ ਜ਼ਿਆਦਾਤਰ ਪ੍ਰੀਤ ਕਥਾਵਾਂ ਝਨਾਂ ਦੇ ਕੰਢੇ ਤੇ ਵਾਪਰੀਆਂ ਇਸੇ ਲਈ ਕਵੀ ਨੇ ਇਸ ਕਿੱਸੇ ਵਿਚ ਝਨਾਂ ਦੇ ਦਰਿਆ ਨੂੰ ਇਸ਼ਕ ਦਾ ਦਰਿਆ ਆਖਿਆ। ਕਿੱਸੇ ਦੇ ਅੰਤ ਵਿਚ ਸੋਹਣੀ ਦੀ ਪਿਆਰੇ ਨੂੰ ਮਿਲਣ ਦੀ ਤਾਂਘ, ਵਿਰਲਾਪ, ਸਿਦਕ ਤੇ ਦ੍ਰਿੜ੍ਹਤਾ ਨੂੰ ਵੀ ਕਾਫ਼ੀ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ। ਇਹ ਕਿੱਸਾ ਕਾਦਰਯਾਰ ਨੇ ਦੋਹਰਾ ਛੰਦ ਵਿਚ ਲਿਖਿਆ ਹੈ। ਜਿਸ ਵਿਚ ਦੋ-ਦੋ ਦੋਹਰਿਆਂ ਨੂੰ ਰਲਾ ਕੇ ਇਕ ਛੰਦ ਬਣਿਆ ਹੈ। ਸਿਰਫ਼ ਇਹੀ ਨਹੀਂ ਅਲੰਕਾਰਾਂ ਦੀ ਢੁਕਵੀਂ ਵਰਤੋਂ, ਸ਼ਬਦਾਵਲੀ ਦੀ ਠੇਠਤਾ ਤੇ ਰਸਾਂ ਨੇ ਕਿੱਸੇ ਨੂੰ ਸਿਖਰ 'ਤੇ ਪਹੁੰਚਾਇਆ। ਕਾਦਰਯਾਰ ਦੇ ਕਿੱਸੇ ਪੂਰਨ ਭਗਤ ਵਾਂਗ ਭਾਵੇਂ ਇਹ ਕਿੱਸਾ ਲੋਕਾਂ ਵਿਚ ਵੱਧ ਮਕਬੂਲ ਨਹੀਂ ਪਰ ਕਲਾ ਦੇ ਪੱਖੋਂ ਇਹ ਕਿੱਸਾ ਬਾਕੀ ਕਿੱਸਿਆਂ ਨਾਲੋਂ ਵਧੇਰੇ ਉੱਤਮ ਹੈ। 'ਸੀਹਰਫ਼ੀ ਹਰੀ ਸਿੰਘ ਨਲੂਆ' ਇਸ ਦੀ ਰਚਨਾ ਕਵੀ ਨੇ ਬੈਂਤ ਛੰਦ ਵਿਚ ਕੀਤੀ, ਜਿਸ ਕਾਰਣ ਬੀਰਤਾ ਦੇ ਬਿਆਨ ਦੇ ਬਾਅਦ ਵੀ ਇਹ ਰਚਨਾ ਵਾਰ ਨਹੀਂ ਬਣ ਪਾਈ। ਇਸ ਸੀਹਰਫ਼ੀ ਵਿਚ ਹਰੀ ਸਿੰਘ ਨਲੂਆ ਦੀ ਅਮੀਰ ਬਾਦਸ਼ਾਹ ਦੇ ਦੋਸਤ ਮੁਹੰਮਦ ਨਾਲ ਲੜਾਈ ਅਤੇ ਹਰੀ ਸਿੰਘ ਨਲੂਆ ਦੇ ਚੜ੍ਹਾਈ ਕਰ ਜਾਣ ਦਾ ਵਰਣਨ ਹੈ। ਇਸ ਵਿਚ ਕੇਂਦਰੀ ਬਲਸਿੱਖ ਫ਼ੌਜ ਦੀ ਬਹਾਦਰੀ ਤੇ ਸਾਹਸ ਨੂੰ ਉਘਾੜਨ 'ਤੇ ਦਿੱਤਾ, ਪਰ ਹਰੀ ਸਿੰਘ ਨਲੂਆ ਦੀ ਬਹਾਦਰੀ ਤੇ ਨਿਡਰਤਾ ਦਾ ਵੀ ਪ੍ਰਗਟਾਵਾ ਕੀਤਾ ਗਿਆ ਹੈ। ਇਸ ਦੀ ਬੋਲੀ ਸਰਲ ਤੇ ਠੇਠ ਹੈ। ਜੰਗ ਦੇ ਦ੍ਰਿਸ਼ ਦਾ ਵਰਣਨ ਭਾਵੇਂ ਥੋੜ੍ਹਾ ਹੋਵੇ, ਪਰ ਪ੍ਰਭਾਵਪੂਰਣ ਹੈ। 'ਵਾਰ ਪੂਰਨ ਭਗਤ' ਇਹ ਸਾਰੀ ਰਚਨਾ ਕਲੀਆਂ ਦੇ ਰੂਪ ਵਿਚ ਹੈ ਤੇ ਸਾਰੰਗੀ ਉੱਤੇ ਗਾਈ ਜਾਣ ਵਾਲੀ ਹੈ। ਜਿਸ ਦੀਆਂ ੯੭੦ ਕਲੀਆਂ ਹਨ। ਇਸ ਵਿਚ ਸਲਵਾਨ ਰਾਜ ਦੇ ਇੱਛਰਾਂ ਤੇ ਲੂਣਾ ਨਾਲ ਹੋਏ ਵਿਆਹ ਦਾ ਵਰਣਨ ਹੈ ਤੇ ਅੰਤ ਵਿਚ ਪੂਰਨ ਭਗਤ ਦੇ ਕਿੱਸੇ ਦੀ ਕਥਾ ਦਿੱਤੀ ਗਈ ਹੈ। ਪਰ ਇਸ ਦਾ ਪੂਰਨ ਭਗਤ ਦੇ ਕਿੱਸੇ ਨਾਲੋਂ ਫ਼ਰਕ ਦੇਖਣ ਨੂੰ ਮਿਲਦਾ ਹੈ। ਇਸ ਵਾਰ ਵਿਚ ਇਮਾਮ ਬਖ਼ਸ਼ ਤੇ ਅਹਿਮਦ ਯਾਰ ਵਾਂਗ ਪਰਾਸਰੀਰਕ ਸ਼ਕਤੀਆਂ ਤੇ ਹੋਰ ਕਾਲਪਨਿਕ ਘਟਨਾਵਾਂ ਦਾ ਵਰਣਨ ਵਧੇਰੇ ਕੀਤਾ ਹੈ। ਇਸ 'ਚ ਹਿੰਦੂਆਂ ਦੇ ਵਹਿਮਾਂ ਭਰਮਾਂ ਤੇ ਮਿਥਿਹਾਸਿਕ ਹਵਾਲਿਆਂ ਦਾ ਕਾਫ਼ੀ ਜ਼ੋਰ ਹੈ। ਪੂਰਨ ਭਗਤ ਦੇ ਕਿੱਸੇ ਵਿਚ ਲੂਣਾ ਨੂੰ ਚਮਿਆਰੀ ਦੱਸਿਆ ਹੈ, ਪਰ ਇਸ ਵਿਚ ਉਸ ਨੂੰ ਰਾਜੇ ਇੰਦਰ ਦੇ ਅਖਾੜੇ ਦੀ ਅਪੱਛਰਾ ਦਰਸਾਇਆ ਗਿਆ ਹੈ ਜਿਸ ਨੂੰ ਪੀਪੇ ਭਗਤ ਨੇ ਮੂੰਹ ਬੋਲੀ ਧੀ ਬਣਾਇਆ ਤੇ ਉੱਥੋਂ ਰਾਜਾ ਸਲਵਾਨ ਉਸ ਨੂੰ ਵਿਆਹ ਕੇ ਲੈ ਗਿਆ। ਇਸ ਰਚਨਾ ਵਿਚ ਭਾਵੇਂ ਕਾਲਪਨਿਕਤਾ ਤੇ ਪਰਾਸਰੀਰਕਤਾ ਕਾਰਣ ਰਸ ਦੀ ਮੌਜੂਦਗੀ ਹੈ ਪਰ ਬੀਰ ਰਸ, ਜੱਸ ਤੇ ਟੱਕਰਾ ਦੀ ਘਾਟ ਹੋਣ ਕਾਰਣ ਇਹ ਕ੍ਰਿਤ ਵਾਰ ਦੀ ਸ਼੍ਰੇਣੀ ਵਿਚ ਨਹੀਂ ਆਪਾਉਂਦੀ। 'ਵਾਰ ਰਾਣੀ ਕੋਕਲਾ/ਰਾਜਾ ਰਸਾਲੂ' ਇਸ ਰਚਨਾ ਦਾ ਸੰਬੰਧ ਸਿਆਲਕੋਟ ਨਾਲ ਹੈ। ਕੋਕਲਾ, ਰਾਜਾ ਰਸਾਲੂ ਦੀ ਰਾਣੀ ਹੈ। ਰਸਾਲੂ ਪੂਰਨ ਜੋਗੀ ਦੇ ਵਰ ਨਾਲ ਸਲਵਾਨ ਦੇ ਘਰ ਲੂਣਾ ਦੀ ਕੁੱਖੋਂ ਪੈਦਾ ਹੋਇਆ ਬਹਾਦਰ ਪੁੱਤਰ ਹੈ। ਇਸ ਰਚਨਾ ਵਿਚ ਰਸਾਲੂ ਦੀ ਬੀਰਤਾ ਤੇ ਨਿਡਰਤਾ ਨੂੰ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹਨਾਂ ਸਾਰੀਆਂ ਕਿਰਤਾਂ ਵਿਚ ਕਾਦਰਯਾਰ ਦੀ ਤਿਕਣ ਕਲਾਤਮਕਤਾ ਕੰਮ ਕਰਦੀ ਹੈ ਜੋ ਉਸ ਨੂੰ ਕਿੱਸਾਕਾਰੀ ਦੇ ਜਗਤ ਵਿਚ ਵਿਸ਼ੇਸ਼ ਕਿੱਸਾਕਾਰ ਦੇ ਤੌਰ ਤੇ ਉਭਾਰਦੀ ਹੈ।

## ਸਾਰਾਂਸ਼

ਕਾਦਰਯਾਰ ਰਚਿਤ ਕਿੱਸਾ 'ਪੂਰਨ ਭਗਤ' ਦੇ ਉਪਰੋਕਤ ਅਧਿਐਨ ਤੋਂ ਬਾਅਦ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਭਗਤ ਪੂਰਨ ਦੀ ਲੋਕ ਕਥਾ ਤੇ ਆਧਾਰਤ ਅਭਿਵਿਅਕਤੀ ਨੂੰ ਬਹੁਤ ਸਾਰੇ ਕਿੱਸਾਕਾਰਾਂ ਨੇ ਆਪਣੀ ਕਲਮ ਦੇ ਰੰਗ ਵਿਚ ਰੰਗਿਆ ਪਰ ਇਸ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦਾ ਸਿਹਰਾ ਸਿਰਫ਼ ਕਾਦਰਯਾਰ ਦੇ ਹਿੱਸੇ ਆਇਆ। ਉਸ ਕੋਲ ਕਿੱਸਾ ਰਚਣ ਦੀ ਕੌਸ਼ਲਤਾ ਹੈ। ਕਾਦਰਯਾਰ ਨੂੰ ਜਿੱਥੇ ਬੋਲੀ ਦੀ ਸਰਲਤਾ, ਰੋਚਕਤਾ ਅਤੇ ਸੰਜਮਤਾ ਵਿਚ ਵੀ ਮੁਹਾਰਤ ਹਾਸਲ ਸੀ, ਉੱਥੇ ਰਸ ਤੇ ਅਲੰਕਾਰਾਂ ਦੀ ਵੀ ਲੋੜ ਅਨੁਸਾਰ ਕਵਿਤਾ ਵਿਚ ਸਟੀਕ ਵਰਤੋਂ ਕਰਨ ਦੀ ਕਲਾ ਵੀ ਹਾਸਿਲ ਸੀ।

ਉਨ੍ਹਾਂ ਨੇ ਕਿੱਸਾਕਾਰੀ ਵਿਚ ਸਾਰੀਆਂ ਘਟਨਾਵਾਂ ਨੂੰ ਅਜਿਹੀ ਤਰਤੀਬ ਵਿਚ ਪੇਸ਼ ਕੀਤਾ ਹੈ ਕਿ ਇਸ ਤੋਂ ਪੂਰੀ ਕਿਰਤ ਦਾ ਬਿੰਬ ਉੱਭਰ ਆਉਂਦਾ ਹੈ ਤੇ ਕਹਾਣੀ ਪਾਠਕ ਦੀ ਸਮਝ ਵਿਚ ਆ ਜਾਂਦੀ ਹੈ। 'ਪੂਰਨ ਭਗਤ' ਕਿੱਸਾ ਪੰਜਾਬੀ ਰਹਿਤਲ ਦੀ ਜੜ੍ਹ ਚੋਂ ਪੁੰਗਰਿਆ ਸਦਾਚਾਰ ਦੀ ਰਹਿਨੁਮਾਈ ਕਰਦਾਂ ਕਿੱਸਾ ਸੀ ਜਿਸ ਨੂੰ ਕਾਦਰਯਾਰ ਦੀ ਕਲਮ ਨੇ ਖ਼ੂਬ ਨਿਭਾਇਆ। ਇਸ ਕਿੱਸੇ ਨੇ ਕਾਦਰਯਾਰ ਦੀ ਥਾਂ ਪੰਜਾਬ ਦੇ ਵੱਡੇ ਕਿੱਸਾਕਾਰਾਂ ਵਿਚ ਕਰਵਾਈ।

## ਕੇਂਦਰੀ ਸ਼ਬਦ

- **ਸਾਦਾਚਰਕ ਕਦਰ ਪ੍ਰਣਾਲੀ** ਕਿਸੇ ਸਭਿਆਚਾਰਕ ਸਮੂਹ ਦੀ ਜੀਵਨ ਸ਼ੈਲੀ।
- **ਕਿੱਸਾ**- ਕਾਵਿ ਰੂਪ ਵਿਚ ਸੁਣਾਇਆ ਜਾਣ ਵਾਲਾ ਬਿਰਤਾਂਤ।
- **ਸੀਹਰਫ਼ੀ** -ਇੱਕ ਪੰਜਾਬੀ ਕਾਵਿ-ਰੂਪ ਹੈ ਜੋ ਫ਼ਾਰਸੀ ਵਰਨਮਾਲਾ ਦੇ ਤੀਹ ਹਰਫ਼ਾਂ ਉੱਤੇ ਆਧਾਰਿਤ ਹੁੰਦਾ ਹੈ। ਸੀਹਰਫ਼ੀ ਵਿੱਚ ਰੂਪ ਦੇ ਪੱਖ ਤੋਂ ਦੋਹਰਾ, ਦਵਈਆ, ਡਿਉਢ, ਬੈਂਤ ਆਦਿ ਛੰਦਾਂ ਦੀ ਵਰਤੀ ਕੀਤੀ ਜਾਂਦੀ ਹੈ।

**ਅਠਵਾਰਾਂ-** ਅਠਾਰਾਂ ਮਹਿਨਿਆਂ ਨੂੰ ਆਧਾਰ ਬਣਾ ਕੇ ਲਿਖੀ ਜਾਣ ਵਾਲੀ ਰਚਨਾ।

**ਮਹਿਰਾਜ ਨਾਮਾ**- ਕਾਦਰਯਾਰ ਦਾ ਇਕ ਕਿੱਸਾ ਜੋ ਇਸਲਾਮਿਕ ਰਹਿਤ ਮਰਯਾਦਾ ਉੱਤੇ ਆਧਾਰਿਤ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਕਾਦਰਯਾਰ ਦੀ ਰਚਨਾ ਕਿਹੜੀ ਹੈ?**

ੳ) ਰਾਣੀ ਕੋਕਲਾਂ

ਅ) ਰਾਜਾ ਰਸਾਲੂ

ੲ) ਵਾਰ ਹਰੀ ਸਿੰਘ ਨਲੂਆ

ਸ) ਉਪਰੋਕਤ ਸਭ

**ਪ੍ਰਸ਼ਨ 2. ਕਿੱਸਿਆਂ ਵਿਚ ਇਸਤਰੀ ਨਿੰਦਿਆ ਪ੍ਰਤੱਖ ਤੇ ਅਪ੍ਰਤੱਖ ਦੋਹਾਂ ਰੂਪਾਂ ਵਿਚ ਚਿੱਤਰੀ ਹੋਈ ਮਿਲਦੀ ਹੈ। ਕਿਸ ਆਲੋਚਕ ਦੇ ਸ਼ਬਦ ਹਨ?**

ੳ) ਟੀ.ਆਰ ਵਿਨੋਦ

ਅ) ਕੁਲਬੀਰ ਸਿੰਘ ਕਾਂਗ

ੲ) ਬਿਰਰਮ ਸਿੰਘ ਘੁਮਣ

ਸ) ਅਤਰ ਸਿੰਘ

**ਪ੍ਰਸ਼ਨ 3. ਲੂਣਾ ਦਾ ਪੂਰਨ ਭਗਤ ਨਾਲ ਕੀ ਰਿਸ਼ਤਾ ਹੈ?**

ੳ) ਮਾਂ

ਅ) ਮਤਰੇਈ ਮਾਂ

ੲ) ਚਾਚੀ

ਸ) ਪਤਨੀ

**ਪ੍ਰਸ਼ਨ 4. ਅੱਵਲ ਆਖ ਸੁਨਾ ਖ਼ੁਦਾ ਤਾਈਂ, ਜਿਹਨੂੰ ਪੀਰ ਫਕੀਰ ਧਿਆਉਂਦੇ ਨੇ। ਕਿੱਸੇ ਵਿਚ ਇਸ ਪਛਾਣ ਕੀ ਹੈ?**

ੳ) ਅੰਕਿਤਾ

ਅ) ਮੰਗਲਾਚਰਨ

ੲ) ਅਰਦਾਸ

ਸ) ਸਮਾਪਤੀ

**ਪ੍ਰਸ਼ਨ 5. ਕਿੱਸਾ ਪੂਰਨ ਭਗਤ ਵਿਚ ਕਿੰਨੀਆਂ ਸ਼ੀਹਰਫੀਆਂ ਸ਼ਾਮਿਲ ਹਨ?**

ੳ) ਦੋ

ਅ) ਚਾਰ

ੲ) ਸੱਤ

ਸ) ਪੰਜ

**ਪ੍ਰਸ਼ਨ 6. ਸ਼ੀਹਰਫੀ ਕਿੰਨੇਂ ਵਰਮਾਲਾ ਦੇ ਅੱਖਰਾਂ ਉਤੇ ਆਧਾਰਿਤ ਹੈ?**

ੳ) ਤੇਰਾਂ

ਅ) ਤੀਹ

ੲ) ਤੇਈ

ਸ) ਤੇਤੀ

**ਪ੍ਰਸ਼ਨ 7. ਰਾਜਾ ਸਲਵਾਨ ਦੀ ਰਾਜ ਧਾਨੀ ਕਿੱਥੇ ਦੱਸੀ ਗਈ ਹੈ।?**

ੳ) ਬਨਾਰਸ ਵਿਚ

ਅ) ਜਲੰਧਰ ਵਿਚ

ੲ) ਸਿਆਲਕੋਟ ਵਿਚ

ਸ) ਪੰਜਾਬ ਵਿਚ

**ਪ੍ਰਸ਼ਨ 8. ਪੂਰਨ ਭਗਤ ਦਾ ਗੁਰੂ ਕੋਣ ਹੈ?**

ੳ) ਸਲਵਾਨ

ਅ) ਗੋਰਖ ਨਾਥ

ੲ) ਮਛੰਦਰ ਨਾਥ

ਸ) ਚੌਰੰਗੀ ਨਾਥ

**ਪ੍ਰਸ਼ਨ 9. ਕਾਜਦਰਯਾਰ ਨੂੰ ਕਿੱਸਾ ਸੁਣਾਉਣ ਦੇ ਇਨਾਮ ਵਜੋਂ ਰਣਜੀਤ ਸਿੰਘ ਤੋਂ ਕੀ ਮਿਲਿਆ ਸੀ?**

ੳ) ਖੇਤ

ਅ) ਘੋੜਾ

ੲ) ਬਾਗ

ਸ) ਖੂਹ

**ਪ੍ਰਸ਼ਨ 10. ਪੂਰਨ ਦੇ ਕਿਰਦਾਰ ਵਿਚੋਂ ਸਰਬਸਾਂਝੀ ਪੰਜਾਬੀਅਤ ਦੇ ਕਿਸ ਤਰ੍ਹਾਂ ਦੇ ਕਿਰਦਾਰ ਦੇ ਦੀਦਾਰ ਹੁੰਦੇ ਹਨ?**

ੳ) ਸੰਜਮੀ ਵਿਅਕਤਿਤਵ ਦੇ

ਅ) ਸਾਦੇ ਵਿਆਕਤਿਤਵ ਦੇ

ੲ) ਰਾਜੇ ਵਿਅਕਤਿਤਵ ਦੇ

ਸ) ਯੋਗੀ ਵਿਅਕਤਿਤਵ ਦੇ

**ਪ੍ਰਸ਼ਨ 11. ਪੂਰਨ ਭਗਤ ਦੀ ਮਾਤਾ ਦਾ ਕੀ ਨਾਮ ਸੀ?**

ੳ) ਰਾਣੀ ਕੋਕਲਾਂ

ਅ) ਰਾਣੀ ਸੁੰਦਰਾ

ੲ) ਰਾਣੀ ਲੁਣਾ

ਸ) ਰਾਣੀ ਇੱਛਰਾਂ

**ਪ੍ਰਸ਼ਨ 12. ਪੂਰਨ ਭਗਤ ਦੇ ਪਿਤਾ ਦਾ ਨਾਮ ਕੀ ਸੀ?**

ੳ) ਰਾਜਾ ਰਸਾਲੂ

ਅ) ਕਾਦਰਯਾਰ

ੲ) ਸਲਵਾਨ

ਸ) ਕੋਈ ਹੋਰ

**ਪ੍ਰਸ਼ਨ 13. ਪੂਰਨ ਭਗਤ ਨੂੰ ਕਿੰਨੇ ਸਾਲ ਭੋਰੇ ਵਿਚ ਰੱਖਿਆ ਗਿਆ ਸੀ?**

ੳ) 13 ਸਾਲ

ਅ) 12 ਸਾਲ

ੲ)14 ਸਾਲ

ਸ) 15 ਸਾਲ

**ਪ੍ਰਸ਼ਨ 14. ਕਿੱਸਾ ਕਿਸ ਜੁਬਾਨ ਦਾ ਲਫ਼ਜ ਹੈ?**

ੳ) ਫਾਰਸੀ

ਅ) ਅਰਬੀ

ੲ) ਪੰਜਾਬੀ

ਸ) ਹਿੰਦੀ

**ਪ੍ਰਸ਼ਨ 15. ਕਾਦਰਯਾਰ ਨੇ ਕਿੱਸਾ ਪੂਰਨ ਭਗਤ ਕਿਸ ਕਾਵਿ ਰੂਪ ਵਿਚ ਲਿਖਿਆ ਹੈ?**

ੳ) ਡਿਉਢ

ਅ) ਬੈਂਤ

ੲ) ਸ਼ੀਹਰਫੀ

ਸ) ਦੋਹਰਾ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਸ** | **2 ੲ** | **3.ਅ** | **4. ਅ** | **5. ਸ** |
| **6. ਅ** | **7. ੲ** | **8. ਅ** | **9. ਸ** | **10. ੳ** |
| **11. ਸ** | **12. ੲ** | **13. ਅ** | **14. ਅ** | **15. ੲ** |

## ਅਭਿਆਸ ਪ੍ਰਸ਼ਨ

1. ਕਿੱਸਾ 'ਪੂਰਨ ਭਗਤ' ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ।
2. ਕਾਦਰਯਾਰ ਦੇ ਕਿੱਸੇ 'ਪੂਰਨ ਭਗਤ' ਦੇ ਸਮਾਜਕ-ਸਭਿਆਚਾਰਕ ਪੱਖ ਬਾਰੇ ਜਾਣਕਾਰੀ ਦਿਓ।
3. 'ਪੂਰਨ ਭਗਤ' ਦੇ ਕਿੱਸੇ ਦੇ ਆਧਾਰ ਤੇ ਕਾਦਰਯਾਰ ਦੇ ਕਲਾ ਪੱਖ ਬਾਰੇ ਅਧਿਐਨ ਪੇਸ਼ ਕਰੋ।
4. ਕਿੱਸਾ 'ਪੂਰਨ ਭਗਤ' ਵਿਚਲੀਆਂ ਨੈਤਿਕ ਤੇ ਸਦਾਚਾਰਕ ਕੀਮਤਾਂ ਉੱਤੇ ਚਾਨਣਾ ਪਾਓ।
5. ਕਾਦਰਯਾਰ ਨੇ ਹੋਰ ਕਿਹੜੇ ਕਿੱਸੇ ਦੀ ਰਚਨਾ ਕੀਤੀ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987

- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://punjabipedia.org/topic.aspx?txt=%E0%A8%95%E0%A8%BE%E0%A8%A6%E0%A8%B0%E0%A8%AF%E0%A8%BE%E0%A8%B0
- https://www.punjabi-kavita.com/MianQadiryaar.php
- https://pa.wikipedia.org/wiki/%E0%A8%95%E0%A8%BE%E0%A8%A6%E0%A8%B0%E0%A8%AF%E0%A8%BE%E0%A8%B0

**Dr.** *Satwant Singh*, ***Lovely Professional University***

# ਅਧਿਆਇ-8 : ਸ਼ਾਹ ਮੁਹੰਮਦ ਦੇ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਦਾ ਵਿਸ਼ਾ-ਵਸਤੂ ਤੇ ਕਲਾ ਪੱਖ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਜੰਗਨਾਮਾ ਸਿੰਘਾਂ ਤੇ ਫਰੰਗੀਆਂ ਦਾ ਕਲਾਤਮਿਕ ਅਧਿਐਨ
4. ਜੰਗਨਾਮੇ ਵਿਚ ਇਤਿਹਾਸ ਦੀ ਪੇਸ਼ਕਾਰੀ
5. ਸ਼ਾਹ ਮੁਹਮੰਦ ਦਾ ਬੀਰ ਕਾਵਿ ਵਿਚ ਸਥਾਨ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਜੰਗਨਾਮਾ ਦੇ ਅਰਥਾਂ ਤੋਂ ਜਾਣੂ ਹੋਣਗੇ
- ਜੰਗਨਾਮਾ ਦੇ ਪੰਜਾਬੀ ਰੂਪ ਬਾਰੇ ਜਾਨਣਗੇ
- ਸ਼ਾਹ ਮੁਹਮੰਦ ਦੇ ਜੰਗਨਾਮੇ ਦੀ ਮਹੱਤਤਾ ਸਮਝ ਸਕਣਗੇ
- ਜੰਗਨਾਮਾ ਸਿੰਘਾ ਤੇ ਫਰੰਗੀਆਂ ਦੀ ਇਤਿਹਾਸਕ ਮਹੱਤਤਾ ਬਾਰੇ ਜਾਣ ਸਕਣਗੇ

## ਭੂਮਿਕਾ

ਜੰਗਨਾਮਾ ਕਵਿਤਾ ਦੇ ਨੇੜੇ ਦੀ ਇੱਕ ਵਿਧਾ ਹੈ। ਜਿਸ ਵਿੱਚ ਯੁੱਧ ਦਾ ਬਿਰਤਾਂਤ ਹੁੰਦਾ ਹੈ। ਇਸ ਦਾ ਅਸਲ ਮੰਤਵ ਤਾਰੀਖ਼ੀ ਘਟਨਾ ਦਾ ਬਿਆਨ ਕਰਨਾ ਹੈ ਅਤੇ ਇਸ ਦੇ ਪਾਤਰ ਲਹੂ-ਮਾਸ ਦੇ ਵਾਸਤਵਿਕ ਮਨੁੱਖ ਹੁੰਦੇ ਹਨ। ਜਿਵੇਂ ਕਿ ਜੰਗਨਾਮਾ ਸ਼ਬਦ ਤੋਂ ਹੀ ਪਤਾ ਚਲਦਾ ਹੈ ਕਿ ਇਸ ਵਿੱਚ ਕਿਸੇ 'ਜੰਗ' ਜਾਂ ਯੁੱਧ ਦਾ ਵਰਣਨ ਹੋਵੇਗਾ ਉਸੇ ਤਰ੍ਹਾਂ ਵੱਖ-ਵੱਖ ਵਿਦਵਾਨਾਂ ਨੇ ਇਸ ਦੇ ਸ਼ਾਬਦਿਕ ਅਰਥ ਪੇਸ਼ ਕੀਤੇ ਹਨ, ਗੁਰਦੇਵ ਸਿੰਘ ਅਨੁਸਾਰ, ''ਜੰਗ ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ- 'ਖ਼ਤ'' ਚਿੱਠੀ ਜਾਂ ਪੱਤਰ"।(1) ਭਾਵ ਯੁੱਧ ਦਾ ਬਿਰਤਾਂਤ ਜਾਂ ਲੜਾਈ ਦਾ ਹਾਲ ਇਸੇ ਤਰ੍ਹਾਂ ਡਾ. ਦਿਲਬਾਰਾ ਸਿੰਘ ਬਾਜਵਾ 'ਜੰਗ' ਅਤੇ 'ਨਾਮਾ' ਨੂੰ ਸੰਯੁਕਤ ਰੂਪ ਦੱਸਦੇ ਹੋਏ ਇਨ੍ਹਾਂ

ਸ਼ਬਦਾਂ ਨੂੰ ਫ਼ਾਰਸੀ ਦੇ ਦੱਸਦੇ ਹਨ ਅਤੇ ਇਨ੍ਹਾਂ ਸ਼ਬਦਾਂ ਦੇ ਅਰਥ ਉਹੀ ਗੁਰਦੇਵ ਸਿੰਘ ਵਾਲੇ ਹੀ ਲੈਂਦੇ ਹਨ।(2) 'ਜੰਗਨਾਮੇਂ ਦੇ ਸ਼ਾਬਦਿਕ ਅਰਥ ਜਾਣਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਜੰਗਨਾਮਾ, ਫ਼ਾਰਸੀ ਜੰਗਨਾਮਾ ਦੇ ਪ੍ਰਭਾਵ ਅਧੀਨ ਪੈਂਦਾ ਹੋਇਆ ਹੋਵੇਗਾ।

## ਜੰਗਨਾਮਾ: ਪਰਿਭਾਸ਼ਾ

ਜੰਗਨਾਮੇ ਦੀ ਪਰਿਭਾਸ਼ਾ ਦੋ ਤਰ੍ਹਾਂ ਨਾਲ ਦਿੱਤੀ ਗਈ ਹੈ। ਕੁੱਝ ਵਿਦਵਾਨ ਇਸ ਨੂੰ ਪੰਜਾਬੀ ਸਾਹਿਤ ਰੂਪ ਦੱਸਦੇ ਹਨ ਅਤੇ ਕੁੱਝ ਫ਼ਾਰਸੀ ਕਾਵਿ ਰੂਪ। ਪੰਜਾਬੀ ਸਾਹਿਤ ਕੋਸ਼ ਵਿੱਚ ਜੰਗਨਾਮੇ ਨੂੰ ਫ਼ਾਰਸੀ ਕਾਵਿ ਰੂਪ ਸਵੀਕਾਰ ਕੀਤਾ ਗਿਆ ਹੈ ਜਿਵੇਂ:- "ਜੰਗਨਾਮਾ ਫ਼ਾਰਸੀ ਦਾ ਪ੍ਰਸਿੱਧ ਕਾਵਿ ਰੂਪ ਹੈ। ਇਸ ਵਿੱਚ ਕਿਸੇ ਲੜਾਈ ਅਥਵਾ ਜੰਗ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ।" ਇਸ ਦੇ ਉਲਟ ਹਾਫ਼ਿਜ ਮਹਿਮੂਦ ਸ਼ੀਰਾਨੀ ਅਨੁਸਾਰ ਜੰਗਨਾਮਾ ਪੰਜਾਬੀ ਸਾਹਿਤ ਰੂਪ ਹੈ। ਉਹ ਕਹਿੰਦੇ ਹਨ, ''ਜੰਗਨਾਮੇ ਪੰਜਾਬੀ ਸਾਹਿਤ ਦਾ ਇੱਕ ਸਾਹਿਤਕ ਰੂਪ ਹਨ। ਜਿਹਨਾਂ ਵਿੱਚ ਕਰਵਾਲਾ ਦੇ ਸ਼ਹੀਦਾਂ ਅਤੇ ਉਨ੍ਹਾਂ ਦੀਆਂ ਲੜਾਈਆਂ ਦਾ ਜ਼ਿਕਰ ਮਿਲਦਾ ਹੈ।" ਇਹ ਸਹੀ ਹੈ ਕਿ ਪੰਜਾਬੀ ਜੰਗਨਾਮੇ ਦੀ ਆਪਣੀ ਵੱਖਰੀ ਵਿਧਾ ਹੈ, ਪਰ ਇਸ ਤੋਂ ਵੀ ਬੇਮੁਖ ਨਹੀਂ ਹੋਣਾ ਚਾਹੀਦਾ ਕਿ ਇਹ ਫ਼ਾਰਸੀ ਜੰਗਨਾਮੇ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਹੈ।

## ਜੰਗਨਾਮਾ: ਇਤਿਹਾਸਕ ਪਿਛੋਕੜ

"ਸਤਾਰ੍ਹਵੀਂ ਸਦੀ ਵਿੱਚ ਪੀਰ ਮੁਹਮੰਦ ਕਾਸਬੀ ਨਾਲ ਜੰਗਨਾਮਾ ਕਾਵਿ ਦੀ ਵੱਖਰੀ ਪ੍ਰਥਾ ਸ਼ੁਰੂ ਹੁੰਦੀ ਹੈ। ਇਸ ਨੇ 1092 ਹਿਜਰੀ ਅਰਥਾਤ ਔਰੰਗਜ਼ੇਬ ਦੇ ਸਮੇਂ ਜੰਗਨਾਮਾ ਇਮਾਮ ਹੁਸੈਨ ਲਿਖਿਆ, ਇਸ ਪਿੱਛੋਂ ਅਠਾਰ੍ਹਵੀਂ ਸਦੀ ਵਿੱਚ ਇਹ ਪ੍ਰਣਾਲੀ ਮੁਸਲਮਾਨ ਪੰਜਾਬੀਆਂ ਵਿੱਚ ਚੱਲਦੀ ਰਹੀ।"(5) ਜਿਸ ਕਰ ਕੇ ਹੋਰ ਵੀ ਬਹੁਤ ਸਾਰੇ ਜੰਗਨਾਮਿਆਂ ਦੀ ਰਚਨਾ ਹੋਈ ਜੋ ਇਸ ਤਰ੍ਹਾਂ ਹਨ:- ਇ) ਜੰਗਨਾਮਾ ਕਰਬਲਾ, ਪੀਰ ਮੁਹਮੰਦ ਕਾਸਬੀ ਇਇ) ਜੰਗਨਾਮਾ ਇਮਾਮ ਹੁਸੈਨ, ਹਾਫ਼ਿਜ਼ ਬਰਖ਼ੁਰਦਾਰ ਰਾਂਝਾ ਇਇਇ) ਜੰਗਨਾਮਾ ਮੁਹਮੰਦ ਬਿਨ ਹਨੀਫ਼, ਹਾਫ਼ਿਜ਼ ਬਰਖ਼ੁਰਦਾਰ ਰਾਂਝਾ ਵਿ) ਜੰਗ ਇਮਾਮ ਹਨੀਫ਼, ਉਹੀ ਵ) ਜੰਗਿ ਕਲਾਂ, ਹਾਮਿਦ ਸ਼ਾਹ ਅੱਬਾਸੀ।"(6)

ਇਸ ਤਰ੍ਹਾਂ ਪੰਜਾਬੀ ਜੰਗਨਾਮਾ ਇਸਲਾਮੀ ਇਤਿਹਾਸ ਦੀ ਇੱਕ ਮਹੱਤਵਪੂਰਨ ਘਟਨਾ ਹੈ, ਜੋ ਜੰਗੇ ਕਰਬਲਾ ਨਾਲ ਸ਼ੁਰੂ ਹੋਇਆ। ਸ਼ੁਰੂ ਤੋਂ ਹੀ ਇਹ ਕਾਵਿ-ਰੂਪ ਵਾਰਾਂ ਤੋਂ ਵੱਖਰਾ ਪਛਾਣਿਆ ਗਿਆ, ਕਿਉਂਕਿ ਇਹਦੇ ਛੰਦ ਅਤੇ ਧੁਨਾਂ ਵਾਰਾਂ ਤੋਂ ਵੱਖਰਾ ਪਛਾਣਿਆ ਗਿਆ, ਕਿਉਂਕਿ ਇਹਦੇ ਛੰਦ ਅਤੇ ਧੁਨਾਂ ਵਾਰਾਂ ਵਾਲੀਆਂ ਨਹੀਂ ਹਨ ਜਿਵੇਂ ਕਿ ਬਿਕਰਮ ਸਿੰਘ ਘੁੰਮਣ ਕਹਿੰਦੇ ਹਨ ਕਿ "ਜੰਗਨਾਮੇ ਵਿੱਚ ਕਿਸੇ ਵਿਸ਼ੇਸ਼ ਛੰਦ ਦੀ ਬੰਦਸ਼ ਨਹੀਂ ਹੁੰਦੀ। ਇਸ ਦਾ ਛੰਦ ਪ੍ਰਬੰਧ ਫ਼ਾਰਸੀ ਮਸਨਵੀ ਨਾਲ ਮਿਲਦਾ ਜੁਲਦਾ ਹੈ ਅਤੇ ਪੰਜਾਬੀ ਜੰਗਨਾਮਾ ਲੇਖਕਾਂ ਨੇ ਆਪਣੇ ਜੰਗਨਾਮਿਆਂ ਵਿੱਚ ਵਧੇਰੇ ਦਵੱਈਏ ਅਤੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ।

## ਜੰਗਨਾਮਾ ਸਿੰਘ ਤੇ ਫ਼ਰੰਗੀਆਂ : ਵਿਸ਼ਾ ਪੱਖ

ਸ਼ਾਹ ਮੁਹਮੰਦ ਦੀ ਇਹ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' 1846 ਵਿਚ ਸਾਹਮਣੇ ਆਉਂਦੀ ਹੈ। ਇਸ ਜੰਗਨਾਮੇ ਦੇ ਵਿਸ਼ੇ ਸੰਬੰਧੀ ਇਤਿਹਾਸਕਾਰਾਂ ਦਾ ਇਹ ਅਨੁਮਾਨ ਹੈ ਕਿ ਸ਼ਾਹ ਮੁਹਮੰਦ ਦੇ ਕੁੱਝ ਰਿਸ਼ਤੇਦਾਰ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਕੰਮ ਕਰਦੇ ਸਨ, ਉਨ੍ਹਾਂ ਦੀ ਮਦਦ ਰਾਹੀਂ ਕਵੀ ਨੇ ਸਿੰਘਾਂ ਤੇ ਅੰਗਰੇਜ਼ਾਂ ਵਿਚ ਹੋਈ ਜੰਗ ਦਾ ਅਸਲ ਬਿਰਤਾਂਤ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਵੀ ਦਾ ਮੁੱਖ ਵਿਸ਼ਾ ਅੰਗਰੇਜ਼ਾਂ ਅਤੇ ਫ਼ਰੰਗੀਆਂ ਵਿਚਕਾਰ ਹੋਈ ਜੰਗ ਵਿਚ ਸਿੱਖ ਕੌਮ ਦੀ ਅਦੁੱਤੀ ਬਹਾਦਰੀ ਦੀ ਪੇਸ਼ਕਾਰੀ ਕਰਨਾ ਰਿਹਾ ਹੈ। ਇਸ ਤੋਂ ਇਲਾਵਾ ਇਸ ਜੰਗਨਾਮੇ ਦੇ ਅਨੇਕ ਗੌਣ ਵਿਸ਼ੇ ਹਨ। ਜਿਵੇਂ ਰਚਨਾ 'ਜੰਗਨਾਮਾ ਸ਼ਾਹ ਮੁਹਮੰਦ' ਜੋ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' 'ਵਾਰ ਸ਼ਾਹ ਮੁਹਮੰਦ','ਬੈਂਤਾਂ ਸ਼ਾਹ ਮੁਹਮੰਦ' ਅਤੇ 'ਕਿੱਸਾ ਸ਼ਾਹ ਮੁਹਮੰਦ' ਆਦਿ ਨਾਵਾਂ ਨਾਲ ਵੀ ਪ੍ਰਸਿੱਧ ਹੈ ਦੇ ਉਸ ਵੇਲੇ ਦੇ ਸਮਾਜ ਦੇ ਰਾਜਨੀਤਕ ਹਾਲਤ ਦੀ ਤਸਵੀਰ ਪੇਸ਼ ਕਰਨਾ ਵੀ ਵਿਸ਼ੇ ਦਾ ਹਿੱਸਾ ਰਿਹਾ ਹੈ। ਜਿਸ ਤੋਂ ਸਾਨੂੰ ਉਸ ਸਮੇਂ ਦੀ ਸਮਾਜਿਕ ਸਥਿਤੀ ਬਾਰੇ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਜੰਗਨਾਮੇ ਵਿਚ ਮਿਲਦੇ ਵਰਣਨ ਤੋਂ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਵੀ ਅੰਗਰੇਜ਼ਾਂ ਸਾਹਮਣੇ ਕਮਜ਼ੋਰ ਨਹੀਂ ਸਨ ਪਏ। ਪਰ ਇਹ ਵੀ ਸੱਚ ਹੈ ਕਿ ਉਨ੍ਹਾਂ ਦੀ ਮੌਤ ਦੇ ਬਾਅਦ ਰਾਜ ਵਿਚ ਅਫਰਾ-ਤਫਰੀ ਦਾ ਮਾਹੌਲ ਸੀ ਤੇ ਉਨ੍ਹਾਂ ਦੇ ਵਫ਼ਾਦਾਰ ਸਰਦਾਰਾਂ ਵਿਚਾਲੇ ਝਗੜੇ ਵੀ ਸ਼ੁਰੂ ਹੋ ਗਏ ਸਨ। ਜਿਵੇਂ ਚੇਤ ਸਿੰਘ ਨੂੰ ਕੌਰ ਸਿੰਘ ਨੇ ਮਾਰ ਦਿੱਤਾ ਤੇ ਦਰਬਾਰ ਵਿਚ ਖ਼ੂਨ-ਖ਼ਰਾਬੇ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ। ਇਸ ਦੇ ਬਾਅਦ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਨੇ ਰਾਜ ਸਾਂਭਿਆ ਤੇ ਕੌਂਸਲ ਵਿਚ ਕੌਰ ਸਾਹਿਬ ਨੂੰ ਕਈਆਂ ਨੂੰ ਮਾਰਨ ਦਾ ਹੁਕਮ ਹੋਇਆ। ਪੰਜਾਬ ਵਿਚ ਜਦੋਂ ਖੜਕ ਸਿੰਘ ਤੇ ਸ਼ੇਰ ਸਿੰਘ ਦੋਵੇਂ ਰਾਜ ਸਾਂਭਣ ਦੇ ਸਮਰੱਥ ਨਾ ਰਹੇ ਤਾਂ ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੀਆਂ ਫ਼ੌਜਾਂ ਆਪਣੀਆਂ ਮਨਮਾਨੀਆਂ ਕਰਨ ਲੱਗੀਆਂ। ਕੋਈ ਵੀ ਇੱਕ ਸਰਦਾਰ ਹੇਠ ਨਹੀਂ ਰਹਿਆਂ, ਸਗੋਂ ਇਨ੍ਹਾਂ ਫ਼ੌਜਾਂ ਦੇ ਛੋਟੇ-ਛੋਟੇ ਕਈ ਟੁਕੜੇ ਹੋ ਗਏ। ਇਨ੍ਹਾਂ ਫ਼ੌਜਾਂ ਨੇ ਆਪਣੇ ਪੰਚ ਚੁਣੇ, ਪਰ ਇਹ ਪੰਚ ਆਪਣੀ ਮਨਮਰਜ਼ੀ ਕਰਨ ਲੱਗੇ। ਇਹ ਸਾਰੇ ਹੀ ਆਪਣੇ ਆਪ ਨੂੰ ਖ਼ਾਲਸਾ ਪੰਥ ਸਮਝਦੇ ਸਨ ਤੇ

ਇਨ੍ਹਾਂ ਵੀਰ ਸਿੰਘ ਵਰਗੇ ਸਿੱਖ ਪੰਥ ਦੇ ਸਤਿਕਾਰਯੋਗ ਧਾਰਮਿਕ ਪੁਰਖ ਨੂੰ ਵੀ ਮਾਰ ਦਿੱਤਾ। ਇਸ ਸਭ ਵਿਚ ਹਾਲਤ ਇੰਨੇ ਵਿਗੜ ਗਏ ਸਨ ਕਿ ਸਾਰੇ ਫ਼ੌਜੀ ਸਰਦਾਰ ਆਪਸ ਵਿਚ ਉਲਝ ਗਏ ਸਨ ਤੇ ਇੱਕ ਦੂਜੇ ਨਾਲ ਸਾਜ਼ਿਸ਼ਾਂ ਕਰਕੇ ਇੱਕ ਦੂਜੇ ਦੀ ਤਾਕਤ ਨੂੰ ਘਟਾ ਰਹੇ ਸਨ। ਇਸ ਦਾ ਫ਼ਾਇਦਾ ਵੇਲੇ ਦੀ ਅੰਗਰੇਜ਼ ਸਰਕਾਰ ਨੇ ਚੁੱਕਿਆ। ਉਨ੍ਹਾਂ ਨੇ ਟੁਕੜੀਆਂ ਵਿਚ ਵੰਡੇ ਸਿੰਘਾਂ ਨੂੰ ਆਪਸ ਵਿਚ ਲੜਵਾ ਕੇ ਹਕੂਮਤ ਨੂੰ ਆਪਣੇ ਹੱਥ ਵਿਚ ਲੈ ਲਿਆ। ਇਨ੍ਹਾਂ ਹਾਲਤ ਵਿਚ ਫ਼ਿਰੰਗੀਆਂ ਨੇ ਜਦੋਂ ਰਾਜ 'ਤੇ ਹਮਲਾ ਕੀਤਾ ਤਾਂ ਸ਼ਾਮ ਸਿੰਘ ਅਟਾਰੀ ਵਾਲੇ ਨੇ ਵੀਰਤਾ ਨਾਲ ਉਨ੍ਹਾਂ ਨੂੰ ਮੂੰਹ-ਤੋੜ ਜਵਾਬ ਦਿੱਤਾ ਤੇ ਉਨ੍ਹਾਂ ਦੇ ਤਿੰਨੇਂ ਹਮਲੇ ਨਾਕਾਮ ਕਰ ਦਿੱਤੇ। ਇਵੇਂ ਹਿੰਦ ਤੇ ਪੰਜਾਬ ਵਿਚ ਯੁੱਧ ਹੋਣ ਲੱਗੇ, ਦੋਵਾਂ ਬੰਨੇ ਭਾਰੀ ਫ਼ੌਜਾਂ ਸਨ। ਇਹ ਸਭ ਦੇਖਣ ਲਈ ਜੇਕਰ ਮਹਾਰਾਜਾ ਰਣਜੀਤ ਸਿੰਘ ਜੀਉਂਦਾ ਹੁੰਦਾ ਤਾਂ ਸਿੰਘਾਂ ਦੀ ਬਹਾਦਰੀ ਦੇਖ ਕਾਫ਼ੀ ਖ਼ੁਸ਼ ਹੁੰਦਾ। ਪਰ ਦੁੱਖ ਦੀ ਗੱਲ ਇਹ ਸੀ ਕਿ ਬਿਨਾਂ ਸਰਕਾਰ ਤੋਂ ਫ਼ੌਜਾਂ ਜਿੱਤ ਕੇ ਵੀ ਹਾਰ ਗਈਆਂ। ਇਸ ਯੁੱਧ ਵਿਚ ਆਮ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਕਈ ਮਾਵਾਂ ਦੇ ਪੁੱਤਰ ਮਰੇ, ਕਈ ਭੈਣਾਂ ਦੇ ਭਰਾ ਮਰੇ, ਕਈ ਔਰਤਾਂ ਵਿਧਵਾ ਹੋ ਗਈਆਂ ਸਨ। ਸ਼ਾਹ ਮੁਹਮੰਦ ਆਪਣੀ ਇਸ ਰਚਨਾ ਵਿਚ ਰਾਣੀ ਜਿੰਦਾ ਨੂੰ ਵੀ ਪੰਜਾਬ ਵਿਚ ਯੁੱਧ ਤੇ ਇਨ੍ਹਾਂ ਵਿਚ ਹਾਰ ਲਈ ਜ਼ਿੰਮੇਵਾਰ ਮੰਨਦਾ ਹੈ। ਜਿਸ ਸਮੇਂ ਪੰਜਾਬ ਵਿਚ ਰਾਜ ਲਈ ਸਾਜ਼ਿਸ਼ਾਂ ਤੇ ਲੜਾਈਆਂ ਦਾ ਦੌਰ ਚੱਲ ਰਿਹਾ ਸੀ ਤਾਂ ਭਰਾਵਾਂ ਹੱਥੋਂ ਭਰਾਵਾਂ ਦਾ ਕਤਲ ਹੋ ਰਿਹਾ ਸੀ ਜਿਸ ਕਾਰਨ ਬਹੁਤ ਸਾਰੇ ਸਰਦਾਰ ਮਾਰੇ ਗਏ। ਇਸੇ ਕਾਰਨ ਰਾਣੀ ਜਿੰਦਾ ਨੂੰ ਦਲੀਪ ਸਿੰਘ ਦੀ ਜਾਨ ਖ਼ਤਰੇ ਵਿਚ ਜਾਪੀ ਕਿਉਂਕਿ ਜਿੰਦਾ ਦੇ ਸਹਿਯੋਗੀਆਂ ਵਿਰੁੱਧ ਵੀ ਸਾਜ਼ਿਸ਼ਾਂ ਰਚੀਆਂ ਜਾ ਰਹਿਆਂ ਸਨ। ਇਨ੍ਹਾਂ ਹਾਲਤਾਂ ਵਿਚ ਰਾਣੀ ਜਿੰਦਾ ਨੇ ਅੰਗਰੇਜ਼ ਸਰਕਾਰ ਨੂੰ ਲਾਹੌਰ, ਫ਼ੌਜ ਭੇਜਣ ਦੀ ਇਜਾਜ਼ਤ ਦੇ ਦਿੱਤੀ। ਉਸ ਦੇ ਇਸੇ ਫ਼ੈਸਲੇ ਕਰਕੇ ਸ਼ਾਹ ਮੁਹਮੰਦ ਕਹਿੰਦਾ ਹੈ ਕਿ ਰਾਣੀ ਜਿੰਦਾ ਦੇ ਆਪ ਆਪਣੇ ਰਾਜ ਵਿਚ ਫ਼ਿਰੰਗੀਆਂ ਨੂੰ ਸੱਦਾ ਦਿੱਤਾ ਤੇ ਆਪਣਾ ਰਾਜ ਗਵਾ ਲਿਆ। ਇਵੇਂ ਹੀ ਸ਼ਾਹ ਮੁਹਮੰਦ ਨੇ ਹੋਰ ਕਈ ਉਦਾਹਰਨਾਂ ਦੇ ਕੇ ਔਰਤਾਂ ਨੂੰ ਇਤਿਹਾਸ ਵਿਚ ਹੋਈਆਂ, ਲੜਾਈਆਂ ਦਾ ਕਾਰਨ ਦੱਸਿਆ ਹੈ ਜਿਵੇਂ ਰਾਵਣ ਨੇ ਆਪਣੀ ਭੈਣ ਸਰੂਪਨਖ਼ਾ ਕਾਰਨ ਤੇ ਕੌਰਵਾਂ ਪਾਂਡਵਾਂ ਵਿਚਕਾਰ ਦਰੋਪਦੀ ਕਾਰਨ ਲੜਾਈ ਹੋਈ ਸੀ। ਸ਼ਾਹ ਮੁਹਮੰਦ ਅਨੁਸਾਰ ਤਾਂ ਰਾਣੀ ਜਿੰਦਾ ਨੇ ਆਪਣਾ ਬਦਲਾ ਲੈਣ ਲਈ ਇਹ ਸਭ ਕੀਤਾ ਪਰ ਅਸਲ ਵਿਚ ਰਾਣੀ ਜਿੰਦਾ ਆਪ ਹੀ ਸਾਜ਼ਿਸ਼ ਦਾ ਸ਼ਿਕਾਰ ਹੋ ਕੇ ਇਸ ਇਲਜ਼ਾਮ ਦਾ ਨਿਸ਼ਾਨਾ ਬਣੀ ਸੀ। ਇਸ ਦੇ ਕਾਫ਼ੀ ਸਮੇਂ ਬਾਅਦ ਸਿੰਘਾਂ ਨੂੰ ਸਮਝ ਲੱਗੀ ਤਾਂ ਉਹ ਸਭ ਕੁੱਝ ਹੱਥੋਂ ਗਵਾ ਚੁੱਕੇ ਸਨ। ਇਨ੍ਹਾਂ ਨੇ ਆਪਣੀ ਹਾਰ ਦੀ ਜ਼ਿੰਮੇਵਾਰੀ ਵੀ ਰਾਣੀ ਜਿੰਦਾ ਉੱਤੇ ਮੜ੍ਹ ਦਿੱਤੀ ਕਿ ਉਸ ਦੇ ਕਾਰਨ ਪੰਜਾਬ ਉਨ੍ਹਾਂ ਦੇ ਹੱਥੋਂ ਚਲਾ ਗਿਆ। ਇਸ ਸਭ ਦੇ ਬਾਵਜੂਦ ਸ਼ਾਹ ਮੁਹਮੰਦ ਇਹ ਆਸ ਰੱਖਦਾ ਹੈ ਕਿ ਰੱਬ ਮਿਹਰਬਾਨ ਹੋਵੇਗਾ ਤਾਂ ਸਿੰਘਾਂ ਦਾ ਰਸਤਾ ਮੁੜ ਆਸਾਨ ਹੋ ਜਾਵੇਗਾ। ਸਿਰਫ਼ ਇਹੀ ਨਹੀਂ ਕਵੀ ਪੰਜਾਬ ਦੇ ਸਾਂਝੇ ਸਭਿਆਚਾਰ ਦੀ ਵੀ ਖੁੱਲ ਕੇ ਤਾਰੀ ਕਰਦਾ ਹੈ। ਉਪਰੋਕਤ ਬਿਰਤਾਂਤ ਸ਼ਾਹ ਮੁਹਮੰਦ ਦੇ ਜੰਗਨਾਮੇ ਦਾ ਵਿਸ਼ੇਸ਼ ਵਿਸ਼ਾ ਬਣ ਕੇ ਉੱਭਰਦਾ ਹੈ। ਜਿਸ ਦਾ ਮਕਸਦ ਜੰਗਨਾਮੇ ਨੂੰ ਇੱਕ ਇਤਿਹਾਸਕ ਦਸਤਾਵੇਜ਼ ਪੱਖੋਂ ਵੀ ਉਭਾਰਦਾ ਹੈ।

## ਜੰਗਨਾਮਾ ਸਿੰਘਾਂ ਫ਼ਿਰੰਗੀਆਂ ਦਾ ਕਲਾਤਮਕ ਪੱਖ :

ਸ਼ਾਹ ਮੁਹੰਮਦ ਦੁਆਰਾ ਲਿਖਿਆ ਜੰਗਨਾਮਾ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਕਲਾ ਕ੍ਰਿਤ ਮੰਨੀ ਜਾਂਦੀ ਹੈ। ਇਸ ਜੰਗਨਾਮੇ ਵਿਚ ਸ਼ਾਹ ਮੁਹੰਮਦ ਜਿੱਥੇ ਅੰਗਰੇਜ਼ ਸਾਮਰਾਜ ਦੀ ਗੁਲਾਮੀ ਵਿਰੁੱਧ ਘਿਰਣਾ ਨੂੰ ਪ੍ਰਗਟ ਕਰਦਾ ਹੈ ਉਥੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਚੱਲੀਆਂ ਕੋਝੀਆਂ ਚਾਲਾਂ ਕਾਰਨ ਹੋਏ ਕਤਲੋਗਾਰਤ ਦਾ ਬਿਆਨ ਬੜੀ ਕਲਾਤਮਿਕਤਾ ਨਾਲ ਕਰਦਾ ਹੈ। ਕਵੀ ਸਿੱਖ ਫ਼ੌਜ ਦੀ ਸਰਾਹਨਾ ਦੇ ਨਾਲ-ਨਾਲ ਉਸ ਵਿਚ ਫੈਲੀ ਬੁਰਛਾਗਰਦੀ ਦਾ ਪ੍ਰਗਟਾਵਾ ਵੀ ਬੜੇ ਯਥਾਰਥਮਈ ਢੰਗ ਨਾਲ ਕਰਨ ਦਾ ਯਤਨ ਕਰਦਾ ਹੈ। ਲਾਹੌਰ ਦਰਬਾਰ ਵਿਚਲੇ ਡੋਗਰਿਆਂ ਅਤੇ ਸੰਧਾਵਾਲੀਏ ਸਰਦਾਰਾਂ ਦੀ ਆਪਸੀ ਖਿੱਚੋਤਾਣ ਦਾ ਚਿੱਤਰਨ ਵੀ ਕਵੀ ਸੰਕੇਤਾਤਮਿਕ ਅਤੇ ਵਿਅੰਗਮਈ ਸ਼ੈਲੀ ਵਿਚ ਕਰ ਜਾਂਦਾ ਹੈ। ਇਕ ਇਤਿਹਾਸਕਾਰ ਤੋਂ ਇਲਾਵਾ ਕਵੀ ਹੋਣ ਕਰਕੇ ਸ਼ਾਹ ਮੁਹੰਮਦ ਦੇ ਸੰਵੇਦਨਸ਼ੀਲ ਮਨ ਨੇ ਤਤਕਾਲੀਨ ਪੰਜਾਬ ਦੀਆਂ ਭਿਆਨਕ ਪ੍ਰਸਥਿਤੀਆਂ ਦਾ ਅਨੁਭਵ ਕੀਤਾ ਅਤੇ ਉਸ ਨੇ ਆਪਣੇ ਇਸ ਜੰਗਨਾਮੇ ਵਿਚ ਮਹਾਂਕਾਵਿ ਦੇ ਪਾਸਾਰ ਵਾਲੇ ਵਿਸ਼ਾ-ਵਸਤੂ ਨੂੰ ਸਮੋਣ ਦੀ ਕਸ਼ਿਸ਼ ਕੀਤੀ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਦੀ ਇਹ ਅਦੁੱਤੀ ਰਚਨਾ ਤਤਕਾਲੀਨ ਸਮੇਂ ਦੇ ਨਿਰਨਾਯੁਕਤ ਇਤਿਹਾਸਿਕ ਸਮਾਚਾਰਾਂ ਨਾਲ ਸੰਬੰਧਿਤ ਹੋਣ ਦੇ ਨਾਲ ਸਾਹਿਤਿਕ ਪੱਖੋਂ ਵੀ ਵਿਲੱਖਣ ਆਖੀ ਜਾ ਸਕਦੀ ਹੈ। ਬੇਸ਼ੱਕ ਇਹ ਰਚਨਾ ਆਕਾਰ ਪੱਖੋਂ ਕੇਵਲ 105 ਬੰਦਾਂ ਤਕ ਸੀਮਤ ਹੈ ਪਰ ਇਸ ਦੇ ਬਾਵਜੂਦ ਇਸ ਦੇ ਅੰਤਰੀਵ ਪਾਸਾਰ ਵਿਚ ਬੜਾ ਵਿਸਤਾਰ ਹੈ। ਇਹ ਵਿਸਤਾਰ ਹੀ ਇਸ ਮਹਾਨ ਵਿਸ਼ੇ ਦੇ ਸੰਪੂਰਨ ਪੱਖਾਂ ਵੱਲ ਸੰਕੇਤ ਕਰ ਜਾਂਦਾ ਹੈ।

ਸ਼ਾਹ ਮੁਹੰਮਦ ਦੀ ਖ਼ਾਸੀਅਤ ਇਸ ਗੱਲ ਵਿਚ ਵੀ ਹੈ ਕਿ ਉਹ ਆਪਣੇ ਇਸ ਜੰਗਨਾਮੇ ਵਿਚ ਕਿਸੇ ਵਿਸ਼ੇਸ਼ ਫ਼ਿਰਕੇ, ਧਰਮ ਜਾਂ ਜ਼ਾਤ ਨੂੰ ਕਿਸੇ ਕਿਸਮ ਦੀ ਵਿਸ਼ੇਸ਼ਤਾ ਜਾਂ ਅਹਿਮੀਅਤ ਨਹੀਂ ਦਿੰਦਾ ਬਲਕਿ ਉਹ ਆਪਣੀ ਇਸ ਰਚਨਾ ਵਿਚ ਇਕ ਕੌਮੀ ਜਾਂ ਰਾਸ਼ਟਰੀ ਸ਼ਾਇਰ ਦੇ ਤੌਰ'ਤੇ ਉਭਰਦਾ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਉਹ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਉਲੰਘਦਾ ਹੋਇਆ ਰਾਸ਼ਟਰੀ ਜਜ਼ਬੇ ਅਧੀਨ ਅੰਗਰੇਜ਼ ਸਾਮਰਾਜ ਦੀ ਪੰਜਾਬ ਉੱਪਰ ਵਧ ਰਹੀ ਪਕੜ ਬਾਰੇ ਚਿੰਤਤ ਨਜ਼ਰ

ਆਉਂਦਾ ਹੈ। ਇਸ ਤਰ੍ਹਾਂ ਪੰਜਾਬ ਦਾ ਉਹ ਪਹਿਲਾ ਅਜਿਹਾ ਕਵੀ ਬਣ ਜਾਂਦਾ ਹੈ ਜੋ ਅੰਗਰੇਜ਼ ਸਾਮਰਾਜ ਦੀ ਪੰਜਾਬ ਉੱਪਰ ਕਬਜ਼ਾ ਕਰਨਾ ਦੀ ਕੂਟਨੀਤੀ ਨੂੰ ਸਮਝ ਕੇ ਇਸ ਦਾ ਪਰਦਾਫ਼ਾਸ਼ ਕਰਨ ਦਾ ਯਤਨ ਕਰਦਾ ਹੈ। ਆਪਣੇ ਇਸ ਦ੍ਰਿਸ਼ਟੀਕੋਣ ਸਦਕਾ ਹੀ ਉਹ ਰਣਜੀਤ ਸਿੰਘ ਦੀ ਬਹਾਦਰੀ ਅਤੇ ਉਸ ਦੀ ਸਰਬਸਾਂਝੀਵਾਲਤਾ ਪ੍ਰਤੀ ਸ਼ਰਧਾਂਜਲੀ ਪੇਸ਼ ਕਰਨ ਦੇ ਨਾਲ-ਨਾਲ ਆਮ ਲੋਕਾਈ ਦੇ ਪਿਆਰ ਨੂੰ ਬੜੇ ਭਾਵਨਾਮਈ ਤਰੀਕੇ ਨਾਲ ਚਿੱਤਰ ਜਾਂਦਾ ਹੈ। ਇਹੋ ਕਾਰਨ ਹੈ ਕਿ ਉਸ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਹਾਨ ਕਵੀ ਕਿਹਾ ਜਾਂਦਾ ਹੈ।

ਸ਼ਾਹ ਮੁਹੰਮਦ ਆਪਣੇ ਇਸ ਜੰਗਨਾਮੇ ਵਿਚ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਇਕ ਚੇਤੰਨ ਕਵੀ ਦੇ ਤੌਰ'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। "ਉਸ ਦੀ ਕਾਵਿ ਪ੍ਰਤਿਭਾ, ਪੱਕੀ ਰਸੀ ਸੂਝ-ਬੂਝ, ਸੁਘੜਤਾ ਵਾਲੀ ਸਿਆਣਪ ਤੇ ਰਸਿਕ-ਕਟਾਖਾਂ ਨਾਲ ਭਰਪੂਰ ਅੰਦਾਜ਼, ਉਸ ਦੇ ਪਕੇਰੇ ਕਲਾਤਮਕ ਵਿਅਕਤਿਤਵ ਦੀ ਸਾਖੀ ਭਰਦੇ ਹਨ।"1 ਉਹ ਆਪਣੀ ਰਚਨਾ ਵਿਚਲੀ ਸਮੱਗਰੀ ਦੀ ਕਾਂਟ-ਛਾਂਟ ਕਰਦਾ ਹੋਇਆ ਸੰਕੇਤਿਕ ਸ਼ੈਲੀ ਦੀ ਚੋਣ ਕਰਦਾ ਹੈ ਅਤੇ ਅਨੁਭਵੀ ਤੇ ਰਸਿਕ ਕਵੀ ਦੇ ਤੌਰ'ਤੇ ਸਾਹਮਣੇ ਆਉਂਦਾ ਹੈ। ਉਹ ਸੁਚੱਜਤਾ ਅਤੇ ਸਵੱਛਤਾ ਰਾਹੀਂ ਘਟਨਾਵਾਂ ਦਾ ਵਰਣਨ ਕਰਦਾ ਹੋਇਆ ਵਿਸਤਾਰ ਵਿਚ ਨਹੀਂ ਜਾਂਦਾ ਬਲਕਿ ਆਪਣੇ ਕਾਵਿ ਨੂੰ ਦਰਮਿਆਨੇ ਆਕਾਰ ਦੀ ਨਿਸ਼ਚਿਤ ਹੱਦਬੰਦੀ ਤੱਕ ਹੀ ਮਹਿਦੂਦ ਰੱਖਦਾ ਹੈ। ਇਸ ਗੁਣ ਦੇ ਸਿੱਟੇ ਵਜੋਂ ਹੀ ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਅਨੇਕ ਕਾਵਿ ਗੁਣਾਂ ਅਤੇ ਉਪਗੁਣਾਂ ਦਾ ਖ਼ਜ਼ਾਨਾ ਹੋ ਨਿਬੜਦਾ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ ਦੇ ਕਾਵਿਕ ਗੁਣਾਂ ਦਾ ਵਰਣਨ ਕਰਦੇ ਹੋਏ ਸੰਤ ਸਿੰਘ ਸੇਖੋਂ ਲਿਖਦੇ ਹਨ :

ਕਵੀ ਦੀ ਆਪਣੇ ਮਜ਼ਮੂਨ ਨਾਲ ਅਪਣਤ, ਇਸ ਵਿਚਲੀਆਂ ਘਟਨਾਵਾਂ ਨਾਲ ਨੇੜੇ ਦੀ ਦਿਲਚਸਪੀ, ਸਿੰਘਾਂ ਦੀ ਬਹਾਦਰੀ ਵੱਲ ਸ਼ਰਧਾ ਤੇ ਉਨ੍ਹਾਂ ਦੀ ਬੇਸਮਝੀ ਉੱਤੇ ਅਫ਼ਸੋਸ ਭਰਿਆ ਵਿਅੰਗ , ਕਵਿਤਾ ਬੋਲੀ, ਅਲੰਕਾਰ ਤੇ ਛੰਦ ਸੰਜਮ ਵੱਲੋਂ ਬਹੁਤ ਸਾਫ਼, ਸੁਲਝੀ ਸੰਵਰੀ ਹੋਈ ਹੈ, ਭਾਵੇਂ ਕੋਈ ਕੋਈ ਸਤਰ ਵਧੇਰੇ ਕਰਕੇ ਕਿਤਾਬਤ ਦੇ ਨੁਕਸ ਦੇ ਕਾਰਨ ਕਮਜ਼ੋਰ ਤੇ ਢਿੱਲੀ ਜ਼ਰੂਰ ਹੈ। ਪਰ ਆਮ ਕਰਕੇ ਬੈਂਤਾਂ ਦੀ ਚੁਸਤੀ ਤੇ ਰਵਾਨੀ ਸ਼ਲਾਘਾਯੋਗ ਹੈ। ਇਹ ਕਹਿ ਦੇਣਾ ਕਾਫ਼ੀ ਹੈ ਕਿ ਇਹ ਪੰਜਾਬੀ ਵਿਚ ਸਭ ਤੋਂ ਵਧੀਆ ਇਤਿਹਾਸਿਕ ਕਵਿਤਾ ਹੈ ਅਤੇ ਆਮ ਕਵਿਤਾ ਵਿਚ ਵੀ ਇਸ ਦਾ ਰੁਤਬਾ ਉੱਚਾ ਹੈ।2

ਇਸ ਤਰ੍ਹਾਂ ਸ਼ਾਹ ਮੁਹੰਮਦ ਸੰਜਮੀ ਅਤੇ ਵਿਅੰਗਮਈ ਸ਼ੈਲੀ ਵਿਚ ਪੰਜਾਬੀ ਹਾਕਮ ਜਮਾਤ ਦੇ ਦੁਖਾਂਤ ਨੂੰ ਅਤੇ ਪੰਜਾਬੀਆਂ ਦੇ ਸਾਂਝੇ ਰਾਜ ਦੇ ਅੰਤ ਨੂੰ ਕਲਮਬੰਦ ਕਰਨ ਦਾ ਸਫ਼ਲਤਾਪੂਰਬਕ ਯਤਨ ਕਰਦਾ ਹੈ। ਉਸ ਅਨੁਸਾਰ ਪੰਜਾਬ ਦਾ ਦੁਖਾਂਤ ਭੌਤਿਕ ਕਾਰਨਾਂ ਕਰਕੇ ਨਹੀਂ ਸਗੋਂ ਹੋਣੀ ਦੇ ਕਾਰਨ ਵਾਪਰਦਾ ਹੈ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਸਾਡੇ ਜਗੀਰੂ ਨਿਜ਼ਾਮ ਦੀ ਚੇਤਨਾ ਦੇ ਸਿੱਟੇ ਵਜੋਂ ਵਜ਼ੀਰਾਂ ਤੇ ਅਮੀਰਾਂ ਨੂੰ ਹੋਣੀ ਦੇ ਹੱਥਾਂ ਵਿਚ ਕਠਪੁਤਲੀ ਬਣਾ ਕੇ ਪੇਸ਼ ਕਰਦਾ ਹੈ। ਸ਼ਾਹ ਮੁਹੰਮਦ ਆਪਣੇ ਜੰਗਨਾਮੇ ਦਾ ਆਗ਼ਾਜ਼ ਵੀ ਮੱਧਕਾਲ ਦੇ ਬਾਕੀ ਕਵੀਆਂ ਵਾਂਗ ਅੱਲਾਹ ਦੀ ਸਿਫ਼ਤ ਰਾਹੀਂ ਕਰਦਾ ਹੈ :

ਅੱਵਲ ਹਮਦ ਜਨਾਬ ਅੱਲਾਹ ਦੀ ਨੂੰ, ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ੇ ਨਗਾਰ ਕਰ ਕੇ, ਰੰਗ-ਰੰਗ ਦੇ ਬਾਗ਼ ਲਗਾਂਵਦਾ ਈ।
ਸਫ਼ਾ ਪਿਛਲੀਆਂ ਸਭ ਲਪੇਟ ਲੈਂਦਾ, ਅੱਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ, ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।

ਇਸ ਤਰ੍ਹਾਂ ਸ਼ਾਹ ਮੁਹੰਮਦ ਤਤਕਾਲੀਨ ਪੰਜਾਬ ਦੀ ਪੇਂਡੂ ਲੋਕਾਈ ਦੇ ਪੈਂਤੜੇ ਤੋਂ ਜੰਗਨਾਮੇ ਦੇ ਵਿਸ਼ਾ ਵਸਤੂ ਨੂੰ ਚਿੱਤਰਦਾ ਹੋਇਆ ਸ਼ੁਰੂ ਵਿਚ ਹੀ ਲਾਡ-ਪਿਆਰ, ਜਵਾਨੀ, ਐਸ਼ੋ-ਇਸ਼ਰਤ, ਦੌਲਤ ਅਤੇ ਹੁਸਨ ਦੀ ਨਾਸ਼ਮਾਨਤਾ ਨੂੰ ਪੇਸ਼ ਕਰਦਾ ਹੈ। ਉਹ ਤਤਕਾਲੀਨ ਪ੍ਰਸਥਿਤੀਆਂ ਅਤੇ ਇਨ੍ਹਾਂ ਦੀ ਵਿਨਾਸ਼ਤਾ ਦਾ ਵਰਣਨ ਕਰਦਾ ਹੋਇਆ ਆਪਣੀ ਮੱਧਯੁਗੀ ਸੋਚ ਅਧੀਨ ਦੁਨੀਆਂ ਦੇ ਪ੍ਰਪੰਚ ਦੇ ਮਾਇਆਵਾਦੀ ਸਰੂਪ ਅਤੇ ਮਨ ਨੂੰ ਮੋਹ ਲੈਣ ਵਾਲੀਆਂ ਵਸਤੂਆਂ ਦੀ ਨਿਰਾਰਥਿਕਤਾ ਨੂੰ ਪੇਸ਼ ਕਰਦਾ ਹੈ। ਉਦਾਹਰਨ ਦੇ ਤੌਰ'ਤੇ ਜੰਗਨਾਮੇ ਦੇ ਦੂਸਰੇ ਬੰਦ ਦੀਆਂ ਹੇਠ ਲਿਖੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਇਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ, ਦਗ਼ੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

ਮੱਧਕਾਲੀਨ ਸਾਹਿਤਿਕ ਪਰੰਪਰਾ ਨੂੰ ਧਿਆਨ ਵਿਚ ਰੱਖਦਾ ਹੋਇਆ ਕਵੀ ਅਗਲੇ ਬੰਦ ਵਿਚ ਜੰਗਨਾਮੇ ਨੂੰ ਲਿਖਣ ਦੇ ਕਾਰਨ, ਸਮਾਂ ਤੇ ਸਥਾਨ ਆਦਿ ਬਾਰੇ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਸ਼ਾਹ ਮੁਹੰਮਦ ਅਨੁਸਾਰ ਉਸ ਨੇ ਆਪਣੀ ਇਹ ਕਲਾ ਕ੍ਰਿਤ ਆਪਣੇ ਯਾਰਾਂ-ਦੋਸਤਾਂ (ਹੀਰੇ ਤੇ ਨੂਰ ਖ਼ਾਂ) ਦੇ ਕਹਿਣ'ਤੇ ਲਿਖੀ। ਇਸ ਤੋਂ ਇਲਾਵਾ ਜੰਗਨਾਮੇ ਦੇ ਸ਼ੁਰੂ ਵਿਚ ਹੀ ਸ਼ਾਹ ਮੁਹੰਮਦ ਮੱਧਯੁਗੀ ਚੇਤਨਾ ਅਧੀਨ ਰਾਜਿਆਂ ਤੇ ਮਹਾਰਾਜਿਆਂ ਦੀ ਬਾਦਸ਼ਾਹਤ ਦੀ ਤੁੱਛਤਾ ਦਾ ਵਰਣਨ ਕਰਦਾ ਹੋਇਆ ਦੁਨੀਆਂ ਨੂੰ ਇਕ ਮੁਸਾਫ਼ਰਖ਼ਾਨਾ ਕਹਿੰਦਾ ਹੈ। ਉਦਾਹਰਨ ਦੇ ਤੌਰ'ਤੇ ਜੰਗਨਾਮੇ ਦਾ ਅਗਲਾ ਬੰਦ ਵੇਖਿਆ ਜਾ ਸਕਦਾ ਹੈ ਜਿਸ ਵਿਚ ਉਹ ਮੁਗ਼ਲ ਖ਼ਾਨਦਾਨ ਦੇ ਪ੍ਰਸਿੱਧ ਬਾਦਸ਼ਾਹ ਅਕਬਰ, ਮਿਸਰ ਦੇਸ਼ ਦੇ ਹੰਕਾਰੀ ਬਾਦਸ਼ਾਹ ਫਿਰਊਨ, ਅਰਬ ਦੇਸ਼ ਦੇ 'ਆਦ' ਕੌਮ ਦੇ ਬਾਦਸ਼ਾਹ ਸ਼ਦਾਦ ਅਤੇ ਬੇਬੀਲੋਨੀਆਂ ਦੇ ਹੰਕਾਰੀ ਬਾਦਸ਼ਾਹ ਨਮਰੂਦ ਵਰਗਿਆਂ ਦੀ ਨਾਸ਼ਮਾਨਤਾ ਦੇ ਮੁਕਾਬਲੇ ਰੱਬ ਦੀ ਹੋਂਦ ਨੂੰ ਮਹੱਤਤਾ ਦਿੰਦਾ ਹੈ :

ਇਹ ਜਗ ਸਰਾਏ ਮੁਸਾਫ਼ਰਾਂ ਦੀ, ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ਦਾਦ, ਨਮਰੂਦ ਫ਼ਿਰਊਨ ਜੇਹੇ, ਦਾਵ੍ਹਾ ਬੰਨ ਖ਼ੁਦਾਇ ਕਹਾਏ ਗਏ।
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ, ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ, ਵਾਜੇ ਕੂੜ ਦੇ ਕਈ ਵਜਾਇ ਗਏ।

ਜੰਗਨਾਮੇ ਦੇ ਅਗਲੇਰੇ ਬੰਦਾਂ ਵਿਚ ਸ਼ਾਹ ਮੁਹੰਮਦ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਹੋਏ ਰਾਜਿਆਂ-ਮਹਾਰਾਜਿਆਂ, ਕੰਵਰਾਂ, ਵਜ਼ੀਰਾਂ, ਸਿੱਖ-ਸਰਦਾਰਾਂ ਆਦਿ ਦੇ ਕਤਲਾਂ ਬਾਰੇ ਅਤੇ ਇਨ੍ਹਾਂ ਕਤਲਾਂ ਦੇ ਸਿੱਟੇ ਵਜੋਂ ਵਾਪਰੀ ਅਰਾਜਕਤਾ ਬਾਰੇ ਵਿਸਤਾਰਪੂਰਵਕ ਵਰਣਨ ਕਰਦਾ ਹੈ। ਇਸ ਤੋਂ ਇਲਾਵਾ ਦੂਸਰੇ ਅੱਧ ਵਾਲੇ ਬੰਦਾਂ ਵਿਚ ਸਿੱਖ ਅਤੇ ਅੰਗਰੇਜ਼ ਫ਼ੌਜ ਵਿਚਕਾਰ ਹੋਈਆਂ ਪਹਿਲੀਆਂ ਲੜਾਈਆਂ ਅਤੇ ਸਿੱਖ ਫ਼ੌਜ ਦੇ ਪ੍ਰਮੁੱਖ ਆਗੂਆਂ ਅਤੇ ਸਰਦਾਰਾਂ ਵੱਲੋਂ ਕੀਤੀ ਗਈ ਗ਼ਦਾਰੀ ਦਾ ਬਿਆਨ ਪ੍ਰਸਤੁਤ ਕਰਦਾ ਹੈ। ਇਸ ਤਰ੍ਹਾਂ ਇਸ ਜੰਗਨਾਮੇ ਦੇ ਪਹਿਲੇ ਅੱਧ ਵਾਲੇ ਬੰਦਾਂ ਨੂੰ ਉਥਾਨਕਾ ਅਤੇ ਦੂਸਰੇ ਅੱਧ ਵਾਲੇ ਬੰਦਾਂ ਨੂੰ ਅੰਤਿਕਾ ਕਿਹਾ ਜਾਂਦਾ ਹੈ। ਜੰਗਨਾਮੇ ਦੇ ਵਿਚਕਾਰਲੇ ਹਿੱਸੇ ਜਾਂ ਬਿਰਤਾਂਤ ਨੂੰ ਵੀ ਅਸੀਂ ਅਗਾਂਹ ਦੋ ਭਾਗਾਂ ਵਿਚ ਵੰਡ ਸਕਦੇ ਹਾਂ। ਪਹਿਲੇ ਭਾਗ ਵਿਚ ਰਣਜੀਤ ਸਿੰਘ ਦੇ ਵਿਅਕਤਿਤਵ ਅਤੇ ਲਾਹੌਰ ਦਰਬਾਰ ਵਿਚ ਹੋਏ ਕਤਲੇਆਮ ਨੂੰ ਪੇਸ਼ ਕੀਤਾ ਗਿਆ ਹੈ ਅਤੇ ਬਾਕੀ ਅੱਧੇ ਹਿੱਸੇ ਵਿਚ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਹੋਈਆਂ ਜੰਗਾਂ ਵਿਚ ਸਿੱਖ ਫ਼ੌਜ ਦੀ ਚੜ੍ਹਤ, ਸਤਲੁਜ ਦਰਿਆ ਪਾਰ ਕਰਨ ਦਾ ਬਿਰਤਾਂਤ, ਮੁਦਕੀ, ਫੇਰੂ, ਬੱਦੋਵਾਲ, ਅਲੀਵਾਲ ਅਤੇ ਅੰਤ ਵਿਚ ਸਭਰਾਵਾਂ ਦੀ ਪ੍ਰਸਿੱਧ ਜੰਗ ਨੂੰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸ਼ਾਹ ਮੁਹੰਮਦ ਸਾਰੀਆਂ ਥਾਵਾਂ'ਤੇ ਹੀ ਇਤਿਹਾਸਿਕ ਤੱਥਾਂ ਦੀ ਪ੍ਰਧਾਨਤਾ ਬਣਾਈ ਰੱਖਦਾ ਹੈ। ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਕਵੀ ਬੜੇ ਹੀ ਸੰਕੇਤਕ ਪਰ ਸਪੱਸ਼ਟ ਤੇ ਨਿਖੜੇ ਬਿਆਨ ਰਾਹੀਂ ਪ੍ਰਗਟ ਕਰਨ ਦਾ ਯਤਨ ਕਰਦਾ ਹੈ। ਉਹ ਕੇਵਲ ਇਕ ਧਿਰ ਦੀ ਨਹੀਂ ਬਲਕਿ ਦੋਹਾਂ ਧਿਰਾਂ ਭਾਵ ਅੰਗਰੇਜ਼ਾਂ ਅਤੇ ਸਿੱਖਾਂ ਦੀ ਬਹਾਦਰੀ ਦੀ ਬੇਲਾਗਤਾ ਅਤੇ ਨਿਰਪੱਖਤਾ ਨਾਲ ਪੇਸ਼ਕਾਰੀ ਕਰਦਾ ਹੈ। ਕਿਹਾ ਜਾ ਸਕਦਾ ਹੈ ਕਿ ਕੁਝ ਥਾਵਾਂ ਨੂੰ ਛੱਡ ਕੇ ਕਵੀ ਦਾ ਬਿਆਨ ਇਤਿਹਾਸ ਦੀ ਯਥਾਰਥਕਤਾ ਨੂੰ ਬਿਆਨ ਕਰਨ ਵੱਲ ਸੇਧਤ ਹੈ। ਅਜਿਹਾ ਕਰਦਿਆਂ ਕਵੀ ਦੀ ਸ਼ਬਦਾਵਲੀ ਵਿਚ ਬੀਰ ਰਸ ਉਪਜਦਾ ਦਿਖਾਈ ਦਿੰਦਾ ਹੈ ਅਤੇ ਕਰੁਣਾ ਰਸ ਵੀ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਪਰ ਕਵੀ ਦੀ ਮੁੱਖ ਸੁਰ ਇਤਿਹਾਸਿਕ ਦੁਖਾਂਤ ਨੂੰ ਪੇਸ਼ ਕਰਨ ਵਿਚ ਹੈ ਅਤੇ ਇਹ ਇਤਿਹਾਸਿਕ ਤੱਥਾਂ ਦੀ ਕਠੋਰਤਾ ਰਾਹੀਂ ਪ੍ਰਗਟ ਹੁੰਦੀ ਹੈ। ਜੰਗਨਾਮੇ ਦੇ ਅੰਤਲੇ ਬੰਦਾਂ ਵਿਚ ਕਵੀ ਰਾਣੀ ਜਿੰਦ ਕੌਰ ਦੇ ਕਿਰਦਾਰ, ਔਰਤ ਜ਼ਾਤ ਦੀ ਨਿੰਦਿਆ ਅਤੇ ਅੰਗਰੇਜ਼ ਸਾਮਰਾਜ ਦੀ ਪੰਜਾਬ ਉੱਪਰ ਜਿੱਤ ਦੇ ਸਿੱਟੇ ਵਜੋਂ ਪੰਜਾਬੀਆਂ ਦੇ ਮਨਾਂ ਵਿਚ ਫੈਲੀ ਨਿਰਾਸ਼ਤਾ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਅੰਗਰੇਜ਼ ਸਾਮਰਾਜ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਕਵੀ ਦੇ ਮਨ ਦੀ ਕਰੁਣਾਮਈ ਸਥਿਤੀ ਦੇ ਦਰਸ਼ਨ ਜੰਗਨਾਮੇ ਦੀਆਂ ਆਖ਼ਰੀ ਸਤਰਾਂ ਰਾਹੀਂ ਇਸ ਪ੍ਰਕਾਰ ਹੁੰਦੇ ਹਨ :

ਸੰਮਤ ਉੱਨੀ ਸੈ ਦੂਸਰਾ ਉਤਰਿਆ ਸੀ, ਜਦੋਂ ਹੋਇਆ ਫਿਰੰਗੀ ਦਾ ਜੰਗ ਮੀਆਂ।
ਹੈਸੀ ਖ਼ੂਨ ਦੀ ਉਹ ਜ਼ਮੀਨ ਪਿਆਸੀ, ਹੋਇਆ ਸੁਰਖ਼ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ, ਜੈਸੇ ਚੜ੍ਹੇ ਆਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ।

ਸ਼ਾਹ ਮੁਹੰਮਦ ਦਾ ਅਸਲ ਮਕਸਦ ਕਿਸੇ ਇਤਿਹਾਸਕਾਰ ਵਾਂਗ ਵੱਖ-ਵੱਖ ਘਟਨਾਵਾਂ ਦਾ ਵਿਸਤਾਰਪੂਰਵਕ ਵਿਖਿਆਨ ਕਰਨਾ ਨਹੀਂ, ਬਲਕਿ ਕੋਈ ਸ਼ਾਹਕਾਰ ਕਾਵਿ-ਰਚਨਾ ਦੀ ਸਿਰਜਣਾ ਕਰਨਾ ਵੀ ਹੈ, ਜਿਸ ਵਿਚ ਉਹ ਪੂਰਨ ਤੌਰ'ਤੇ ਕਾਮਯਾਬ ਵੀ ਹੋਇਆ ਹੈ। ਆਪਣੇ ਇਸ ਮਕਸਦ ਲਈ ਉਹ ਬੈਂਤ ਛੰਦ ਦੀ ਵਰਤੋਂ ਕਰਦਾ ਹੈ। ਸ਼ਾਹ ਮੁਹੰਮਦ ਨੇ ਬੈਂਤ ਛੰਦ ਦਾ ਪ੍ਰਯੋਗ ਏਨੇ ਵਧੀਆ ਢੰਗ ਨਾਲ ਕੀਤਾ ਹੈ ਕਿ ਇਸ ਕ੍ਰਿਤ ਨੂੰ ਕਈ ਵਿਦਵਾਨ 'ਬੈਂਤਾਂ ਸ਼ਾਹ ਮੁਹੰਮਦ' ਵੀ ਕਹਿੰਦੇ ਹਨ। ਸੀਤਾ ਰਾਮ ਕੋਹਲੀ ਸ਼ਾਹ ਮੁਹੰਮਦ ਦੁਆਰਾ ਵਰਤੇ ਗਏ ਬੈਂਤ

ਛੰਦ ਦੇ ਮਹੱਤਵ ਨੂੰ ਆਂਕਦੇ ਹੋਏ ਲਿਖਦੇ ਹਨ : ਪੰਜਾਬੀ ਕਵਿਤਾ ਦੇ ਇਤਿਹਾਸ ਵਿਚ 1750-1850 ਈ. ਦਾ ਸਮਾਂ 'ਬੈਂਤ' ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। ਬਾਕੀ ਸਾਰਿਆਂ ਛੰਦਾਂ ਨਾਲੋਂ ਇਹ ਸਿਰ ਕੱਢਵਾਂ ਅਤੇ ਵਧੇਰੀ ਮਹੱਤਤਾ ਵਾਲਾ ਮੰਨਿਆ ਜਾਣ ਲੱਗ ਪਿਆ ਸੀ। ਸ਼ਾਹ ਮੁਹੰਮਦ ਇਸ ਕਾਲ ਦਾ ਉਹ ਆਖ਼ਰੀ ਕਵੀ ਸੀ ਜਿਸ ਦੇ ਹੱਥਾਂ ਵਿਚ ਬੈਂਤ ਪੰਜਾਬੀ ਕਵਿਤਾ ਦਾ ਸਿਰਤਾਜ ਬਹਿਰ ਬਣ ਗਿਆ ਹੈ।

ਸ਼ਾਹ ਮੁਹੰਮਦ ਦੁਆਰਾ ਵਰਤੇ ਗਏ ਬੈਂਤਾਂ ਨੂੰ ਚੌਕਲੀਆ ਬੈਂਤ ਵੀ ਕਿਹਾ ਜਾਂਦਾ ਹੈ। ਆਮ ਤੌਰ ਤੇ ਬੈਂਤ ਦੀਆਂ ਮਾਤਰਾਵਾਂ 19 ਤੋਂ 42 ਤਕ ਵੀ ਹੋ ਸਕਦੀਆਂ ਹਨ। ਇਨ੍ਹਾਂ ਦੇ ਅਖ਼ੀਰ ਵਿਚ ਲਘੂ ਗੁਰੂ ਜਾਂ ਦੋਵੇਂ ਗੁਰੂ ਵੀ ਆ ਸਕਦੇ ਹਨ। ਪਰ ਆਮ ਤੌਰ'ਤੇ 19+21=40 ਅਤੇ 20+20=40 ਮਾਤਰਾਵਾਂ ਵਾਲੇ ਬੈਂਤ ਹੀ ਪ੍ਰਚੱਲਿਤ ਹਨ। ਬੈਂਤਾਂ ਵਿਚ ਇਕ ਜਾਂ ਦੋ ਮਾਤਰਾਵਾਂ ਦੇ ਘੱਟ ਜਾਂ ਵੱਧ ਜਾਣ ਨੂੰ ਕੋਈ ਵੱਡਾ ਨੁਕਸ ਨਹੀਂ ਗਿਣਿਆ ਜਾਂਦਾ। ਸ਼ਾਹ ਮੁਹੰਮਦ ਦੇ ਜੰਗਨਾਮੇ ਦੇ ਸੰਬੰਧ ਵਿਚ ਵੀ ਅਕਸਰ ਕਹਿ ਦਿੱਤਾ ਜਾਂਦਾ ਹੈ ਕਿ ਕਈ ਬੰਦਾਂ ਵਿਚ ਉਹ ਅਨੁਪ੍ਰਾਸ (ਕਾਫ਼ੀਆ) ਠੀਕ ਨਹੀਂ ਨਿਭਾ ਸਕਿਆ। ਉਹ ਇਕੋ ਲਫਜ਼ ਨੂੰ ਇਕ ਤੋਂ ਵਧ ਚਰਨਾਂ ਵਿਚ ਕਾਫ਼ੀਏ ਵਜੋਂ ਵਰਤ ਗਿਆ ਹੈ। ਉਦਾਹਰਨ ਦੇ ਤੌਰ'ਤੇ ਜੰਗਨਾਮੇ ਵਿਚਲਾ ਹੇਠ ਲਿਖਿਆ ਬੰਦ ਵੇਖਿਆ ਜਾ ਸਕਦਾ ਹੈ, ਜਿਸ ਵਿਚ ਕਵੀ 'ਆਇਆ ਈ' ਸ਼ਬਦ ਨੂੰ ਦੋ ਵਾਰ ਵਰਤ ਗਿਆ ਹੈ :

ਇਕ ਦੂਤ ਨੇ ਦੇਖ ਕੇ ਫਿਕਰ ਕੀਤਾ, ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ, ਦੇਖੋ ਉਸ ਨੂੰ ਖ਼ੂਬ ਬਜਾਇਆ ਈ।
ਅੰਦਰ ਤਰਫ਼ ਹਵੇਲੀ ਦੇ ਤੁਰੇ ਜਾਂਦੇ, ਛੱਜਾ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ, ਕੌਰ ਸਾਹਿਬ ਭੀ ਸਹਿਕਦਾ ਆਇਆ ਈ।

ਇਸ ਤਰ੍ਹਾਂ ਕਈ ਹੋਰ ਬੰਦ ਵੀ ਵੇਖੇ ਜਾ ਸਕਦੇ ਹਨ। ਪਰ ਸਾਡੀ ਧਾਰਨਾ ਹੈ ਕਿ ਇਹ ਮਾਮੂਲੀ ਨੁਕਸ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਵੀ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਸੇ ਸਤਰ ਵਿਚ 40 ਦੀ ਥਾਂ 39 ਜਾਂ 41 ਅਤੇ ਜਾਂ ਫਿਰ ਇਥੋਂ ਤਕ ਕਿ 38-42 ਮਾਤਰਾਵਾਂ ਵੀ ਆ ਜਾਂਦੀਆਂ ਹਨ। ਉਦਾਹਰਨ ਦੇ ਤੌਰ'ਤੇ ਜੰਗਨਾਮੇ ਦੀਆਂ ਹੇਠ ਲਿਖੀਆਂ ਸਤਰਾਂ ਵਿਚ 42 ਮਾਤਰਾਵਾਂ ਵੇਖੀਆਂ ਜਾ ਸਕਦੀਆਂ ਹਨ :

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ, ਦਗ਼ੇਬਾਜ਼ ਦਾ ਧਾਰ ਕੇ ਭੇਸ ਮੀਆਂ। (22+20=42)

ਇਸੇ ਤਰ੍ਹਾਂ ਕੇਵਲ 38 ਮਾਤਰਾਵਾਂ ਵਾਲਾ ਬੰਦ ਵੀ ਵੇਖਿਆ ਜਾ ਸਕਦਾ ਹੈ :

ਸਦਾ ਨਹੀਂ ਦੌਲਤਾਂ ਫੀਲ ਘੋੜੇ, ਸਦਾ ਨਹੀਂ ਜੋ ਰਾਜਿਆਂ ਦੇਸ ਮੀਆਂ। (18+20=38)

ਜਿੱਥੋਂ ਤਕ ਜੰਗਨਾਮਾ ਸ਼ਾਹ ਮੁਹੰਮਦ ਵਿਚ ਵਰਤੀ ਗਈ ਭਾਸ਼ਾ ਦਾ ਸੰਬੰਧ ਹੈ, ਕਵੀ ਨੇ ਸਰਲ ਤੇ ਠੇਠ ਪੰਜਾਬੀ ਭਾਸ਼ਾ ਨੂੰ ਵਰਤਿਆ ਹੈ।

ਪਰ ਅਜਿਹਾ ਕਰਦਿਆਂ ਉਸ ਨੇ ਲੋਕ ਮਨ ਨੂੰ ਧਿਆਨ ਵਿਚ ਰੱਖਿਆ ਹੈ ਅਤੇ ਉਸ ਨੇ ਅਰਬੀ , ਫ਼ਾਰਸੀ, ਸੰਸਕ੍ਰਿਤ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਸ਼ਬਦਾਂ ਰਾਹੀਂ ਵੀ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਹੈ। ਪਰ ਇਨ੍ਹਾਂ ਭਾਸ਼ਾਵਾਂ ਦੇ ਕੇਵਲ ਉਨ੍ਹਾਂ ਸ਼ਬਦਾਂ ਜਾਂ ਮੁਹਾਵਰਿਆਂ ਦੀ ਵਰਤੋਂ ਹੀ ਕੀਤੀ ਗਈ ਹੈ ਜਿਹੜੇ ਪੰਜਾਬੀ ਭਾਸ਼ਾ ਵਿਚ ਘੁਲਮਿਲ ਗਏ ਸਨ। ਸਭ ਤੋਂ ਪਹਿਲਾਂ ਅਸੀਂ ਅਰਬੀ-ਫ਼ਾਰਸੀ ਦੇ ਸ਼ਬਦਾਂ ਨੂੰ ਵੇਖਾਂਗੇ ਜਿਹੜੇ ਤਤਸਮ ਜਾਂ ਤਦਭਵ ਰੂਪ ਵਿਚ ਇਸ ਜੰਗਨਾਮੇ ਵਿਚ ਸ਼ਾਮਲ ਹੋਏ :

- ਊਮੈਦ
- ਅਵਲ, ਅਕਸਰ, ਅੱਲਾਹ, ਆਦਮੀ, ਐਸ਼, ਅਰਜ਼ੀ , ਆਰਾਮ, ਅਜੂਲ, ਆਫ਼ਾਤ, ਅਸਲ, ਅਕਲ , ਅਰਾਸਤਾ, ਔਝੜੇ,
- ਇਨਾਮ , ਇਲਾਜ ,
- ਸਫ਼, ਸਰਦਾਰ, ਸਰਕਾਰ, ਸੁਖ਼ਨ , ਸੂਬੇਦਾਰ, ਸਿੱਕਾ, ਸਲਾਹ, ਸਿਪਾਹੀ, ਸਾਹਿਬ, ਸਾਇਬਾਨ, ਸੀਨੇ, ਸੁਰਖ਼
- ਹਮਦ, ਹੁਕਮ, ਹਜ਼ੂਰ, ਹਮਾਇਤੀ, ਹੋਸ਼ , ਹਾਜ਼ਰੀ, ਹੁਦੇਦਾਰ,
- ਕੁਦਰਤ , ਕਦੀਮ, ਕਤਲ , ਕੂਚ, ਕੈਦ , ਕਮਾਲ, ਕਲਗ਼ੀ , ਕਿਤਾਬ, ਕਾਰਦਾਰ, ਕੁਰਸੀ, ਕਾਇਮ, ਕਮਾਨ, ਕਾਬੂ, ਕੁਫ਼ਰ , ਕੌਲ , ਕਰਾਰ , ਕੋਤਲ

- ਖ਼ੂਨ, ਖ਼ਬਰ, ਖ਼ੂਬ, ਖ਼ਤ , ਖਰਚ, ਖ਼ਾਤਰ, ਖ਼ਰੂਦ, ਖ਼ੁਦੀ, ਖ਼ੁੰਦਰਾਂ,
- ਗਰਕ, ਗ਼ਮ, ਗੱਦੀ , ਗ਼ੁੱਸਾ, ਗੰਜ , ਗ਼ਰੀਬ , ਗੁਮਾਸ਼ਤਾ
- ਜਨਾਬ, ਜੇਵਰ, ਜ਼ਹਿਰ, ਜਾਮਾ, ਜਬਤ, ਜਹਾਨ, ਜ਼ਿਮੀਂ,
- ਤਬਕ, ਤਲਵਾਰ, ਤਰਫ਼, ਤਖ਼ਤ , ਤੇਗ਼, ਤਿਆਰ, ਤਲਬ, ਤਕਸੀਰ, ਤਗ਼ਾਦੜੀ, ਤਾਬਿਆ, ਤੁਰਮ, ਤੰਬੂਰ,
- ਦੁਨੀਆਂ, ਦਗ਼ੇਬਾਜ਼, ਦੌਲਤ, ਦਿਲ , ਦਲੇਰ, ਦਾਅਵਾ, ਦਰਬਾਰ, ਦਿਲਗੀਰ, ਦਰਗਾਹ, ਦਿਲਬਰੀ
- ਨਕਸ਼, ਨਜ਼ਰ, ਨਾਹਕ, ਨੀਰ,
- ਪੈਜ਼ਾਰ, ਪੈਗ਼ਾਮ, ਪੇਸ਼, ਪਸੰਦ
- ਫ਼ਿਕਰ, ਫ਼ੌਜ, ਫ਼ਤਹਿ, ਫੀਲ, ਫ਼ਰਸ਼, ਫ਼ਤੂਰ।
- ਬਾਜ਼, ਬੇਖ਼ਬਰ, ਬਗ਼ੈਰ, ਬਾਜ਼ੀ , ਬੰਦੂਕ, ਬਾਜ਼ਾਰ, ਬੇਜ਼ਾਰ,
- ਮੁਲਕ, ਮੋਰਚਾ, ਮੀਰ, ਮੁਸਾਹਿਬ, ਮੁਹਾਲ, ਮੁਫ਼ਤ, ਮੁਲਾਕਾਤ, ਮੋਹਰੇ, ਮੁਲਖ਼, ਮੁਹਤਾਜ, ਮੁਦੱਈ, ਮਾਲੂਮ, ਮਾਲ , ਮੁਹਾਨੀਆਂ,
- ਯਾਰ , ਯਾਰੀ,
- ਰਾਜ਼ੀ, ਰੱਬ, ਰਸਦ , ਰਮਜ਼ , ਰੁਖ਼ਸਤ, ਰੱਯਤ, ਰਾਤ , ਰੇਸ਼ਮੀ, ਰਾਲ
- ਲਲਕਾਰ, ਲਗ਼ਾਮ
- ਵਜ਼ੀਰ, ਵਖ਼ਤ, ਵਾਸਤਾ,
- ਸ਼ੇਰ, ਸ਼ਹੀਦ, ਸ਼ਾਹਜ਼ਾਦਾ, ਸ਼ੁਮਾਰ

ਸ਼ਾਹ ਮੁਹੰਮਦ ਨੇ ਇਸੇ ਤਰ੍ਹਾਂ ਹਿੰਦੀ—ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਸ਼ਬਦਾਂ ਨੂੰ ਤਤਸਮ ਜਾਂ ਤਦਭਵ ਰੂਪ ਵਿਚ ਵਰਤਿਆ ਹੈ, ਜਿਹੜੇ ਇਸ ਤਰ੍ਹਾਂ ਹਨ :

- ਆਸੇ,
- ਸੰਸਕਾਰ, ਸੁਹਾਗਣ , ਸੁਚੇਤ
- ਕੇਸ, ਕੋਟ, ਕਾਲ, ਕਟਕ , ਕੀਰਤ ,
- ਖੇਤ ਘਟਾ (ਬੱਦਲ)
- ਚੰਡਾਲ
- ਤੀਰਥ
- ਦੇਸ, ਦਲ
- ਧਰਮ
- ਨੀਰ, ਨਾਸ਼
- ਪੰਥ , ਪਚਾਸ, ਪ੍ਰਸ਼ਾਦ
- ਬਰਸ
- ਭੀਖ, ਭੇਖ
- ਮਾਰੂ (ਵਾਜੇ), ਮਹਾਵਤ
- ਰੂਪ, ਰਾਜ
- ਲਾਜ
- ਵਿਰਲਾਪ, ਵੈਰ

ਕਵੀ ਦੁਆਰਾ ਵਰਤੇ ਗਏ ਅੰਗਰੇਜ਼ੀ ਦੇ ਸ਼ਬਦ :

- ਅਫ਼ਸਰ (Officer)

- ਅੜਦਲੀ (Orderly)
- ਸੰਤਰੀ (Sentry)
- ਕਰਨਲ (Colonel)
- ਕਰਾਬੀਨ (Carrabin)
- ਲੰਡਨ (London)
- ਪੜਤਲ ਜਾਂ ਪਲਟਨ (Platoon)
- ਬੈਰਕ (Barrack)
- ਬੋਤਲ (Bottle)
- ਮੇਗਜ਼ੀਨ (Magazine)
- ਰਜਮੰਟ (Regement)
- ਲਾਟ (Lord)

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਮੁਹਾਵਰਿਆਂ ਦੀ ਵਰਤੋਂ ਬੜੀ ਹੀ ਸਫ਼ਲਤਾਪੂਰਬਕ ਕੀਤੀ ਹੈ। ਜੰਗਨਾਮੇ ਵਿਚ ਵਰਤੇ ਗਏ ਢੁਕਵੇਂ ਮੁਹਾਵਰੇ ਤੇ ਅਖਾਣ ਇਸ ਦੀ ਸਬੂਲ ਤੇ ਸਸ਼ਕਤ ਭਾਸ਼ਾ ਦਾ ਨਮੂਨਾ ਕਹੇ ਜਾ ਸਕਦੇ ਹਨ। ਸ਼ਾਹ ਮੁਹੰਮਦ ਨੇ ਮੁਹਾਵਰਿਆਂ ਅਤੇ ਅਖਾਣਾਂ ਰਾਹੀਂ ਜੰਗਨਾਮੇ ਦੀਆਂ ਵੱਖ-ਵੱਖ ਪ੍ਰਸਥਿਤੀਆਂ ਅਤੇ ਪ੍ਰਸੰਗਾਂ ਨੂੰ ਬੜੇ ਅਸਰਦਾਇਕ ਢੰਗ ਨਾਲ ਬਿਆਨ ਕਰਨ ਦਾ ਯਤਨ ਕੀਤਾ ਹੈ। ਪੰਜਾਬੀ ਦੇ ਬਹੁਤ ਸਾਰੇ ਮੁਹਾਵਰਿਆਂ ਅਤੇ ਅਖਾਣਾਂ ਨੂੰ ਸ਼ਾਹ ਮੁਹੰਮਦ ਨੇ ਸਹਿਜ ਸੁਭਾਅ ਹੀ ਵਰਤ ਲਿਆ ਹੈ ਅਤੇ ਜੰਗਨਾਮੇ ਦੀ ਭਾਸ਼ਾ ਦੀ ਸੁਹਜਾਤਮਿਕਤਾ ਨੂੰ ਚਾਰ ਚੰਨ ਲਗਾਏ ਹਨ। ਜੰਗਨਾਮੇ ਵਿਚ ਵਰਤੇ ਗਏ ਮੁਹਾਵਰੇ ਇਸ ਪ੍ਰਕਾਰ ਹਨ :

- ਉੱਠ ਕੇ ਪੱਤਰਾ ਹੋਣਾ (73)
- ਅਕਲ ਦੇ ਪੈਰ ਪਾਣਾ (24), ਆਸ ਉਮੀਦ ਦਾ ਰੱਸਾ ਵੱਢਣਾ (25), ਅੰਗ ਮੋੜਨਾ(105), ਅਕਲ ਦਾ ਇਲਾਜ ਕਰਨਾ (88)
- ਇਕ ਦੂਜੇ ਪਿੱਛੇ ਲੱਗ ਤੁਰਨਾ (61)
- ਸਿਰ'ਤੇ ਆਫ਼ਤ ਆਣਾ (3), ਸੁਆਸ ਪੂਰੇ ਹੋਣਾ (6), ਸੁੱਤੀਆਂ ਕਲਾਂ ਜਗਾਣਾ (64), ਸਫ਼ਾਂ ਲਪੇਟ ਲੈਣਾ (1)
- ਹੁਕਮ ਖ਼ੂਬ ਵਜਾਣਾ (10), ਹਰਨ ਹੋ ਜਾਣਾ (75), ਹੱਥ ਵਿਖਾਣਾ (28), ਹੋਠਾਂ ਨਾਲ ਜੀਭ ਲਾਣਾ (86), ਹੱਥ ਵੇਖਣਾ (76)
- ਕੁਦਰਤੀ ਖੇਲ ਬਣਾਵਣਾ (1), ਕਾਲਾ ਮੂਹ ਕਰਨਾ (21), ਕਲਾ ਮਿਟਾਣਾ (28), ਕਿਸੇ ਦਾ ਪਾਣੀ ਹਾਰ ਹੋਣਾ (30), ਕੰਮ ਅਰਾਸਤਾ ਹੋਣਾ (103), ਕੂੜ ਦੇ ਵਾਜੇ ਵੱਜਣੇ (4), ਕੋਈ ਕੁੰਡਾ ਨਾ ਰਹਿਣਾ (41), ਕੰਮ ਬਣਾਵਣਾ (97)
- ਖ਼ਾਤਰ ਤਲੇ ਨਾ ਲਿਆਵਣਾ (32), ਖੇਡ ਚਲਣਾ (41), ਖੇਡ ਆਉਣਾ (55), ਖੇਡ ਖਿਡਾਵਣਾ (104)
- ਗਲੋਂ ਬਲਾ ਲਾਹੁਣਾ (19), ਗਲੋਂ ਤਗਾਦੜੀ ਲਾਹੁਣਾ (48), ਗੁੱਝਾ ਘਾਤ ਕਰਨਾ(54), ਗੰਜ ਲਾਹ ਸੁੱਟਣੀ (71), ਗੁੱਝੀ ਰਮਜ਼ ਕਰਨਾ (100)
- ਘੜੀ ਵਿਚ ਪਾਰ ਉਤਾਰਨਾ (56)
- ਚੂੜੇ ਲੱਥਣਾ (46), ਚੋਪੜੀ ਪ੍ਰਾਤ ਹੋਣਾ (54)
- ਛੋਲ ਬਣਾਵਣਾ (70)
- ਜਾਨ ਪਿਆਰੀ ਨਾ ਹੋਣਾ (29), ਜਾਮੇ ਵਿਚ ਨਾ ਸਮਾਵਣਾ (34), ਜਾਨ ਵਾਰਨਾ(44), ਜੂਡੀਆਂ ਖੋਹਣਾ ( 46 ), ਜਾਨ ਦਾ ਸਰਫ਼ਾ ਨਾ ਕਰਨਾ (69), ਜੀਉ ਹਿਲਾਣਾ(82), ਜ਼ਹਿਰ ਦੀ ਸਾਣ 'ਤੇ ਚੜ੍ਹਨਾ (105)
- ਤੇਗ਼ ਦਾ ਧਨੀ ਕਹਾਵਣਾ (59), ਤ੍ਰਟੀਆ ਚੌੜ ਕਰ ਆਵਣਾ (85)
- ਦਾਵਾ ਬੰਨ੍ਹਣਾ (4), ਦੰਦ ਖੱਟੇ ਕਰਨਾ (47)
- ਨਾਂ ਦਾ ਸਿੱਕਾ ਚੱਲਣਾ (5), ਨੱਕ ਵੱਢਣਾ (33), ਨਿੰਬੂਆਂ ਵਾਂਗ ਰੱਤ ਨਿਚੋੜਨਾ(90)
- ਪੈਰ ਖਿਸਕਣਾ (20), ਪੈਸੇ ਨਾਲ ਪੈਜ਼ਾਰ ਲੈਣਾ (40), ਪੂਰੀਆਂ ਪਾਣਾ (79), ਪੱਗ ਦਾੜ੍ਹੀਆਂ ਦੀ ਲਾਜ ਰੱਖਣਾ (88), ਪੇਟੇ ਪੈਣਾ (98)

- ਫੇਰੀ ਪਾਣਾ (4), ਫਰਸ਼ ਉਠਾ ਦੇਣਾ (102)
- ਬਾਤ ਚੱਲਣਾ (3), ਬੀੜਾ ਚੁੱਕਣਾ (49), ਬਣਤ ਬਣਾਵਣਾ (59), ਬਾਹੋਂ ਪਕੜ ਲਿਆਵਣਾ (97)
- ਮੰਦੀ ਨਜ਼ਰ ਕਰਨਾ (14), ਮੂਹ ਮੋੜਨਾ (38), ਮੁਹਾਰ ਬਿਨਾਂ ਹੋਣਾ (41), ਮੱਥਾ ਵੱਟਣਾ (42), ਮਜ਼ਾ ਚੱਖਣਾ (52), ਮੂਹ ਨਾ ਲੱਗਣਾ (87), ਮੀਟੀ ਮੁੱਠ ਖੁਲ੍ਹਣਾ(88), ਮੱਥਾ ਜੋੜਨਾ (100), ਮੁਦਈ ਦਾ ਕੁਫ਼ਰ ਤੋੜਨਾ (100), ਮਗਰ ਪੈਣਾ (101)
- ਰਫ਼ੂ ਕਰਨਾ (16), ਰੱਬ ਦਾ ਵਾਸਤਾ ਪਾਣਾ (28)
- ਲੀਰ ਦਾ ਮਾਰਿਆ ਹੋਣਾ (33)
- ਵਹੀਰ ਘੱਤਣਾ (12), ਵਖ਼ਤ ਪਾਣਾ (28), ਵੰਡੀਆਂ ਪਾਣਾ (46), ਵੰਗਾਂ ਪਾਣਾ(61), ਵਾਰ-ਕੁਵਾਰ ਨਾ ਪੁੱਛਣਾ (61)

ਮੁਹਾਵਰਿਆਂ ਅਤੇ ਅਖਾਣਾਂ ਤੋਂ ਇਲਾਵਾ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਕਈ ਸਿੱਖੀ ਰੰਗ ਵਾਲੇ ਸ਼ਬਦ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਸ਼ਬਦਾਵਲੀ ਨੂੰ 'ਖ਼ਾਲਸਾਈ ਸ਼ਬਦਾਵਲੀ' ਵੀ ਕਹਿ ਲਿਆ ਜਾਂਦਾ ਹੈ। ਜੰਗਨਾਮੇ ਵਿਚ ਅਜਿਹੀ ਸ਼ਬਦਾਵਲੀ ਦੇ ਵਰਤੇ ਜਾਣ ਦਾ ਪ੍ਰਮੁੱਖ ਕਾਰਨ ਇਹ ਵੀ ਹੈ ਕਿ ਉਸ ਸਮੇਂ ਆਮ ਲੋਕਾਂ ਦੇ ਜੀਵਨ ਉੱਪਰ ਸਿੱਖੀ ਦਾ ਡੂੰਘਾ ਪ੍ਰਭਾਵ ਪੈ ਚੁੱਕਾ ਸੀ। ਇਸ ਕਰਕੇ ਸਿੱਖ ਧਰਮ ਅਤੇ ਇਸ ਦੀ ਵਿਚਾਰਧਾਰਾ ਦੀ ਸ਼ਬਦਾਵਲੀ ਦਾ ਲੋਕ-ਜੀਵਨ ਉੱਪਰ ਪ੍ਰਭਾਵ ਪੈਣਾ ਕੁਦਰਤੀ ਸੀ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਵੀ ਆਪਣੇ ਜੰਗਨਾਮੇ ਵਿਚ ਸਿੱਖ ਸ਼ਬਦਾਵਲੀ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਤਦਾ ਹੈ। ਉਦਾਹਰਨ ਦੇ ਤੌਰ'ਤੇ ਅਜਿਹੀ ਸ਼ਬਦਾਵਲੀ ਨਾਲ ਸੰਬੰਧਤ ਕੁਝ ਚੋਣਵੇਂ ਸ਼ਬਦ ਇਸ ਤਰ੍ਹਾਂ ਹਨ :

ਕਾਲੜੇ ਕੇਸ, ਕਮਰਕੱਸਾ, ਕਲਗੀ ਵਾਲੜੇ, ਕੂਚ ਕੀਤਾ, ਗੁਰਮਤਾ, ਸੱਚਾ ਸਾਹਿਬ, ਸਿੰਘ ਜੀ, ਤਾਬਿਆ, ਪੰਥ, ਪਰਸ਼ਾਦ, ਫ਼ਤਹਿ ਬੁਲਾਣਾ, ਮਾਈ ਆਦਿ

ਇਸੇ ਤਰ੍ਹਾਂ ਹੀ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਨੂੰ ਭਾਵੇਂ ਕੇਂਦਰੀ ਪੰਜਾਬੀ ਭਾਸ਼ਾ ਵਿਚ ਲਿਖਿਆ ਹੈ ਪਰ ਕਿਤੇ-ਕਿਤੇ ਲਹਿੰਦੀ ਉਪਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਹੈ। ਉਦਾਹਰਨ ਦੇ ਤੌਰ'ਤੇ ਲਹਿੰਦੀ ਪੰਜਾਬੀ ਦੇ ਕੁਝ ਸ਼ਬਦ ਹੇਠ ਲਿਖੇ ਹਨ :

ਅੱਤ, ਹਲੂਣਾ , ਕਰਸੀ, ਕਰਸਾਂ, ਕਾਲੜੇ, ਘਾਲਣਾ, ਤੋੜੀ, ਲੀਤਾ ਆਦਿ।

ਸ਼ਾਹ ਮੁਹੰਮਦ ਨੇ ਕੁਝ ਸਮਾਸ ਵੀ ਨਵੇਂ ਘੜੇ ਹਨ। ਇਨ੍ਹਾਂ ਸਮਾਸਾਂ ਵਿਚ ਇਕ ਸ਼ਬਦ ਪੰਜਾਬੀ ਦਾ ਹੈ ਅਤੇ ਦੂਸਰਾ ਕਿਸੇ ਹੋਰ ਭਾਸ਼ਾ ਵਿਚੋਂ ਲਿਆ ਗਿਆ ਹੈ, ਜਿਵੇਂ : ਅੰਤ-ਸ਼ੁਮਾਰ, ਆਸ-ਉਮੈਦ, ਕੈਫ਼-ਖ਼ੁਮਾਰ, ਕੌਲ-ਕਰਾਰ, ਖੇਤ-ਰੁਧੇ, ਛੈਲ-ਬਾਂਕੇ, ਜਮੂਰ-ਖ਼ਾਨੇ, ਤੁਰਤ-ਜਲਦੀ, ਦੰਗ-ਦਵਾਲ, ਨਕਸ਼-ਨਿਗਾਰ, ਮੁੱਢ-ਕਦੀਮ, ਬੇ-ਪੀਰ।

ਉਪਰੋਕਤ ਤੋਂ ਇਲਾਵਾ ਸ਼ਾਹ ਮੁਹੰਮਦ ਫ਼ਾਰਸੀ ਦੇ ਅਤਫ਼ ਨੂੰ ਲਗਾ ਕੇ ਦੋ ਸ਼ਬਦਾਂ ਨੂੰ ਮੇਲਦਾ ਹੈ, ਜਿਵੇਂ ਨਕਸ਼ੋ-ਨਿਗਾਰ (ਬੰਦ 1)। ਉਹ ਕਿਤੇ-ਕਿਤੇ ਜੰਗਨਾਮੇ ਦੀਆਂ ਕਾਵਿਕ-ਲੋੜਾਂ ਦੀ ਪੂਰਤੀ ਲਈ ਕਾਫ਼ੀਏ ਨੂੰ ਮਿਲਾਉਣ ਲੱਗਿਆਂ ਸ਼ਬਦਾਂ ਦੇ ਰੂਪ ਨੂੰ ਵੀ ਬਦਲ ਲੈਂਦਾ ਹੈ, ਜਿਵੇਂ ਏਤਨੀ (ਇਤਨੀ) ਅਤੇ ਜੇਤ (ਜਿੱਤ) ਆਦਿ ਸ਼ਬਦ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਹੀ ਕਵੀ ਕਾਫ਼ੀਆ ਮਿਲਾਉਣ ਲਈ ਸੌਖੇ ਸ਼ਬਦਾਂ ਨਾਲ ਔਖੇ ਸ਼ਬਦਾਂ ਦਾ ਵੀ ਪ੍ਰਯੋਗ ਕਰਦਾ ਹੈ। ਜਿਵੇਂ ਵਾਸਤਾ ਸ਼ਬਦ ਨਾਲ ਉਹ ਅਰਾਸਤਾ, ਮਹਾਸਤਾ ਅਤੇ ਗੁਮਾਸ਼ਤਾ ਵਰਗੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਕਵੀ ਦੀ ਖ਼ੂਬੀ ਇਸ ਗੱਲ ਵਿਚ ਵੀ ਵੇਖੀ ਜਾ ਸਕਦੀ ਹੈ ਕਿ ਆਪਣੇ ਜੰਗਨਾਮੇ ਵਿਚ ਬਹੁਤ-ਥਾਵਾਂ ਉੱਪਰ ਸ਼ਬਦਾਂ ਦੀ ਵੰਨ-ਸੁਵੰਨਤਾ ਦਾ ਪ੍ਰਯੋਗ ਕਰਦਾ ਹੈ। ਉਦਾਹਰਨ ਦੇ ਤੌਰ'ਤੇ ਬੰਦ ਨੰਬਰ 67 ਵਿਚ ਉਸ ਨੇ ਸ਼ਰਾਬ ਲਈ ਚਾਰ ਸ਼ਬਦਾਂ ਦੀ ਵਰਤੋਂ ਇਸ ਪ੍ਰਕਾਰ ਕੀਤੀ ਹੈ :

ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ, ਦੋ-ਦੋ ਬੋਤਲਾਂ ਕੈਫ਼ ਖ਼ੁਮਾਰ ਮੀਆਂ।<br>
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ, ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।

ਸ਼ਾਹ ਮੁਹੰਮਦ ਦੇ ਵਧੇਰੇ ਯਥਾਰਥਵਾਦੀ ਕਵੀ ਹੋਣ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਜਦੋਂ ਉਹ ਉਸ ਸਮੇਂ ਦੇ ਗਵਰਨਰ ਜਨਰਲ ਲਾਰਡ ਹਾਰਡਿੰਗ (ਟੁੰਡੇ ਲਾਟ) ਦੇ ਮੂੰਹੋਂ ਫਰੰਗੀਆਂ ਦੁਆਰਾ ਬੋਲੀ ਜਾਣ ਵਾਲੀ ਮਿਸ਼ਰਤ ਹਿੰਦੁਸਤਾਨੀ ਭਾਸ਼ਾ ਬੁਲਵਾਉਂਦਾ ਹੈ। ਹੇਠ ਲਿਖੀਆਂ ਸਤਰਾਂ ਤੋਂ ਟੁੰਡੇ ਲਾਟ (ਲਾਰਡ ਹਾਰਡਿੰਗ) ਵੱਲੋਂ ਕਹੇ ਗਏ ਸ਼ਬਦ ਅੰਗਰੇਜ਼ਾਂ ਦੀ ਜਿੱਤ ਪ੍ਰਤੀ ਦ੍ਰਿੜ ਵਿਸ਼ਵਾਸ ਨੂੰ ਪ੍ਰਗਟ ਕਰਦੇ ਹਨ :

ਟੁੰਡੇ ਲਾਟ ਨੇ ਚੁੱਕਿਆ ਆਣ ਬੀੜਾ, ਹਮੀਂ ਸਿੰਘ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ, ਇਸ ਬਾਤ ਮੇਂ ਫਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰ੍ਹਵੀਂ ਨੂੰ, ਹਮ ਸ਼ਹਿਰ ਲਾਹੌਰ ਵਿਚ ਵੜੇਗਾ ਜੀ।

ਆਪਣੇ ਜੰਗਨਾਮੇ ਵਿਚ ਕਵੀ ਨੇ ਬਹੁਤ ਸਾਰੇ ਪਾਤਰ ਕਿਸੇ ਨਾ ਕਿਸੇ ਰੂਪ ਵਿਚ ਚਿੱਤਰੇ ਹਨ। ਭਾਵੇਂ ਵੱਖ-ਵੱਖ ਪਾਤਰਾਂ ਦਾ ਚਰਿੱਤਰ ਚਿੱਤਰਨ ਚਲੰਤ ਜਿਹਾ ਹੈ ਪਰ ਇਸ ਦੇ ਬਾਵਜੂਦ ਕਵੀ ਨੇ ਕਈ ਪਾਤਰਾਂ ਦੇ ਚਰਿੱਤਰ ਨੂੰ ਉਘਾੜਨ ਵਿਚ ਕਾਮਯਾਬੀ ਹਾਸਲ ਕੀਤੀ ਹੈ। ਆਪਣੀ ਕਾਵਿ-ਪ੍ਰਬੀਨਤਾ ਕਾਰਨ ਕਵੀ ਨੇ ਪਾਤਰਾਂ ਦਾ ਚਰਿੱਤਰ-ਚਿੱਤਰਨ ਬੜੇ ਪ੍ਰਭਾਵਸ਼ਾਲੀ ਅਤੇ ਅਰਥ ਭਰਪੂਰ ਢੰਗ ਨਾਲ ਕੀਤਾ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਪਾਤਰਾਂ ਦੀ ਸ਼ਖ਼ਸੀਅਤ ਉਘੜਵੇਂ ਰੂਪ ਵਿਚ ਆਪਣੀ ਹੋਂਦ ਦਾ ਇਹਸਾਸ ਕਰਵਾ ਜਾਂਦੀ ਹੈ। ਉਦਾਹਰਨ ਦੇ ਤੌਰ'ਤੇ ਜੰਗਨਾਮੇ ਵਿਚ ਆਏ ਰਾਜਿਆਂ, ਮਹਾਰਾਜਿਆਂ, ਜਰਨੈਲਾਂ, ਵਜ਼ੀਰਾਂ, ਸਰਦਾਰਾਂ ਤੇ ਰਾਣੀਆਂ ਆਦਿ ਦਾ ਵਿਅਕਤਿਤਵ ਬੜੇ ਸੁਚੱਜੇ ਢੰਗ ਨਾਲ ਪੇਸ਼ ਹੋਇਆ ਹੈ।

ਸਭ ਤੋਂ ਪਹਿਲਾਂ ਜੰਗਨਾਮੇ ਦੇ ਮੁੱਢਲੇ ਬੰਦਾਂ ਵਿਚ ਹੀ ਕਵੀ ਰਣਜੀਤ ਸਿੰਘ ਨੂੰ ਮਹਾਂਬਲੀ ਦੇ ਤੌਰ'ਤੇ ਪੇਸ਼ ਕਰਦਾ ਹੋਇਆ ਉਸ ਦੀ ਸੂਰਬੀਰਤਾ, ਪ੍ਰਬੰਧਕੀ ਕਾਬਲੀਅਤ, ਆਪਣੇ ਰਾਜ ਨੂੰ ਵਿਸਤਾਰਨ ਦੀ ਯੋਗਤਾ, ਤਾਕਤਵਰ ਵਿਅਕਤਿਤਵ, ਸਿੱਖ ਫ਼ੌਜ ਉੱਪਰ ਪੂਰਾ ਕੰਟਰੋਲ, ਬਹਾਦਰ ਸੈਨਿਕਾਂ ਦੀ ਹੌਸਲਾ ਅਫ਼ਜ਼ਾਈ ਆਦਿ ਬੜੇ ਸੰਕੇਤਮਈ ਅਤੇ ਅਰਥ ਭਰਪੂਰ ਢੰਗ ਨਾਲ ਪ੍ਰਸਤੁਤ ਕਰਦਾ ਹੈ। ਉਦਾਹਰਨ ਦੇ ਤੌਰ'ਤੇ ਹੇਠ ਲਿਖੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

(1) ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ, ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।
ਹੋਰ ਦੇਸ ਲਦਾਖ਼ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।

(2) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।
ਸਣੇ, ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਸ਼ਾਹ ਮੁਹੰਮਦ ਨੇ ਸੰਧਾਵਾਲੀਏ ਸਰਦਾਰਾਂ ਦੀ ਬੀਰਤਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ, ਤੇਗ਼ਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੇ ਬੀਰ ਹੋ ਕੇ, ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ।

ਮਜੀਠੀਆ ਸਰਦਾਰ ਲਹਿਣਾ ਸਿੰਘ ਦੀ ਲਾਹੌਰ ਦਰਬਾਰ ਪ੍ਰਤੀ ਪੈਦਾ ਹੋਈ ਮਾਨਸਿਕਤਾ ਨੂੰ ਸ਼ਾਹ ਮੁਹੰਮਦ ਇਸ ਤਰ੍ਹਾਂ ਵੱਖ-ਵੱਖ ਬਿੰਬਾਂ ਰਾਹੀਂ ਚਿੱਤਰਦਾ ਹੈ :

ਮਹਾਂ ਬਲੀ ਸਰਦਾਰ ਸੀ ਪੰਥ ਵਿਚੋਂ, ਡਿੱਠੀ ਬਣੀ ਕੁਚੱਲਣੀ ਚਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ, ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਲਹਿਣਾ ਸਿੰਘ ਸਰਦਾਰ ਮਜੀਠੀਆ ਸੀ, ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ, ਸੱਭੋ ਛੱਡ ਕੇ ਦੰਗ ਦਵਾਲ ਮੀਆਂ।

ਮਹਾਰਾਣੀ ਜਿੰਦ ਕੌਰ ਦੀ ਮਨੋਦਸ਼ਾ ਨੂੰ ਸ਼ਾਹ ਮੁਹੰਮਦ ਬੜੇ ਹੀ ਕਰੁਣਾਮਈ ਤਰੀਕੇ ਨਾਲ ਪ੍ਰਗਟ ਕਰਦਾ ਹੈ। ਕਵੀ ਉਸ ਦੇ ਮਨ ਵਿਚ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦੇ ਬਦਲੇ ਦੀ ਭਾਵਨਾ ਨੂੰ ਬੜੇ ਮਨੋਵਿਗਿਆਨਿਕ ਪੱਖ ਤੋਂ ਪੇਸ਼ ਕਰਦਾ ਹੈ। ਜਿੰਦ ਕੌਰ ਦੀ ਮਾਨਸਿਕ ਅਵਸਥਾ ਨੂੰ ਪ੍ਰਗਟ ਕਰਦੀਆਂ ਹੇਠ ਲਿਖੀਆਂ ਸਤਰਾਂ ਸ਼ਾਹ ਮੁਹੰਮਦ ਦੀ ਕਾਵਿਕ-ਯੋਗਤਾ ਨੂੰ ਪ੍ਰਗਟ ਕਰਦੀਆਂ ਹਨ :

ਪਈ ਝੂਰਦੀ ਏ ਰਾਣੀ ਜਿੰਦ ਕੌਰਾਂ, ਕਿਥੋਂ ਕੱਢਾਂ ਮੈਂ ਕਲਗੀਆਂ ਨਿੱਤ ਤੋੜੇ।

ਮੇਰੇ ਸਾਹਮਣੇ ਕੋਇਆ ਏ ਵੀਰ ਮੇਰਾ, ਜਿਸਦੀ ਤਾਬਿਆ ਲੱਖ ਹਜ਼ਾਰ ਘੋੜੇ।
ਕਿਥੋਂ ਕੱਢਾਂ ਮੈਂ ਦੇਸ ਫਿਰੰਗੀਆਂ ਦਾ, ਕੋਈ ਮਿਲੇ ਜੋ ਇਨ੍ਹਾਂ (ਦਾ) ਗਰਬ ਤੋੜੇ।
ਸ਼ਾਹ ਮੁਹੰਮਦਾ ਓਸ ਥੀਂ ਜਾਨ ਵਾਰਾਂ, ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ।

ਰਾਜਾ ਪਹਾੜਾ ਸਿੰਘ ਦੀ ਗ਼ਦਾਰੀ ਨੂੰ ਵੀ ਕਵੀ ਨੇ ਬੜੀ ਖ਼ੂਬਸੂਰਤੀ ਨਾਲ ਚਿੱਤਰਨ ਦਾ ਯਤਨ ਕੀਤਾ ਹੈ। ਅੰਗਰੇਜ਼ਾਂ ਨਾਲ ਉਸ ਦੀ ਸਾਂਝ ਦਾ ਜ਼ਿਕਰ, ਸਿੱਖ ਫ਼ੌਜ ਦੇ ਸਾਰੇ ਭੇਦ ਨੂੰ ਅੰਗਰੇਜ਼ਾਂ ਕੋਲ ਨਸ਼ਰ ਕਰਨਾ ਆਦਿ ਬਾਰੇ ਕਵੀ ਆਪਣੇ ਪਾਠਕਾਂ ਨੂੰ ਇਸ ਤਰ੍ਹਾਂ ਜਾਣੂ ਕਰਵਾਉਂਦਾ ਹੈ :

ਪਹਾੜਾ ਸਿੰਘ ਸੀ ਯਾਰ ਫ਼ਿਰੰਗੀਆਂ ਦਾ, ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ।
ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ, ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।
ਉਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ, ਚੌਦਾਂ ਹੱਥਾਂ ਦੀ ਮਾਰ ਕੇ ਮਿਰਗ ਛਾਲੀ।
ਸ਼ਾਹ ਮੁਹੰਮਦਾ ਸਾਂਭ ਲੈ ਸਿਲੇ ਖ਼ਾਨੇ, ਛੱਡ ਗਏ ਨੇ ਸਿੰਘ ਮੈਦਾਨ ਖ਼ਾਲੀ ।

ਇਸੇ ਤਰ੍ਹਾਂ ਪਹਾੜੀ ਰਾਜੇ ਗੁਲਾਬ ਸਿੰਘ ਦੀ ਚਾਪਲੂਸੀ ਤੇ ਗ਼ਦਾਰੀ ਨੂੰ ਪੇਸ਼ ਕਰਦਾ ਹੋਇਆ ਕਵੀ ਇਤਿਹਾਸਿਕ ਤੱਥਾਂ ਵੱਲ ਵੀ ਇਸ਼ਾਰਾ ਕਰ ਜਾਂਦਾ ਹੈ :

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ, ਬਾਹੋਂ ਪਕੜ ਲਾਹੌਰ ਲਿਆਂਵਦਾ ਈ।
ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ, ਉਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵਈ ਦੁਆਬੀਏ ਜੀ, ਵਿਚੋਂ ਸਿੰਘ ਦੀ ਫ਼ੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ਼ ਪਹਾੜ ਲੈ ਕੇ, ਤੁਰਤ ਜੰਮੂ ਨੂੰ ਕੂਚ ਕਰਾਂਵਦਾ ਈ।

ਦੂਸਰੇ ਪਾਸੇ ਉਸ ਸਮੇਂ ਦੀ ਸਿੱਖ ਫ਼ੌਜ ਦੇ ਨਾਇਕ ਸ਼ਾਮ ਸਿੰਘ ਅਟਾਰੀਵਾਲੇ ਦੀ ਬਹਾਦਰੀ, ਸੂਰਵੀਰਤਾ, ਦੂਰਦ੍ਰਿਸ਼ਟੀ ਆਦਿ ਨੂੰ ਬੜੇ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ। ਹੇਠ ਲਿਖੇ ਬੰਦ ਵਿਚ ਕਵੀ ਸ਼ਾਮ ਸਿੰਘ ਅਟਾਰੀਵਾਲੇ ਦੇ ਨਾਲ-ਨਾਲ ਮੇਵਾ ਸਿੰਘ ਅਤੇ ਮਾਘੇ ਖ਼ਾਂ ਦੀ ਬਹਾਦਰੀ ਦੇ ਗੁਣ-ਗਾਣ ਕਰਦਾ ਦ੍ਰਿਸ਼ਟੀਗੋਚਰ ਹੋ ਰਿਹਾ ਹੈ :

ਆਈਆਂ ਪਲਟਣਾਂ ਬੀੜ ਕੇ ਤੋਪਖ਼ਾਨੇ, ਅੱਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖ਼ਾਂ ਹੋਏ ਸਿੱਧੇ, ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਇਸ ਜੰਗਨਾਮੇ ਦੀ ਇਕ ਹੋਰ ਖ਼ਾਸੀਅਤ ਸਿੱਖ ਅਤੇ ਅੰਗਰੇਜ਼ ਫ਼ੌਜ ਵਿਚਕਾਰ ਹੋਏ ਜੰਗ ਦੀ ਪੇਸ਼ਕਾਰੀ ਹੈ ਜਿਸ ਨੂੰ ਕਵੀ ਨੇ ਬੜੀ ਇਮਾਨਦਾਰੀ ਨਾਲ ਨਿਭਾਇਆ ਹੈ। ਕਵੀ ਯੁੱਧ ਦਾ ਚਿੱਤਰਨ ਕਰਨ ਲੱਗਿਆਂ ਕਿਤੇ ਵੀ ਪੱਖਪਾਤੀ ਹੁੰਦਾ ਹੋਇਆ ਨਜ਼ਰ ਨਹੀਂ ਆਉਂਦਾ ਸਗੋਂ ਸਮੇਂ-ਸਮੇਂ'ਤੇ ਅਤੇ ਤੱਥਾਂ ਦੇ ਆਧਾਰ'ਤੇ ਉਹ ਦੋਹਾਂ ਫ਼ੌਜਾਂ ਦੀ ਤਾਰੀਫ਼ ਵੀ ਕਰਦਾ ਹੈ। ਕਵੀ ਅੰਗਰੇਜ਼ਾਂ ਨੂੰ ਹਿੰਦੁਸਤਾਨ ਨਾਲ ਸੰਬੰਧਿਤ ਕਰਦਾ ਹੋਇਆ ਜੰਗਨਾਮੇ ਦੇ ਸ਼ੁਰੂ ਵਿਚ ਹੀ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ' ਕਹਿਕੇ ਅੰਗਰੇਜ਼ ਤੇ ਸਿੱਖ ਫ਼ੌਜ ਦੀ ਮਹੱਤਤਾ ਅਤੇ ਯੋਗਤਾ ਨੂੰ ਆਂਕਣ ਦਾ ਯਤਨ ਕਰਦਾ ਹੈ। ਹੇਠ ਲਿਖੇ ਬੰਦ ਤੋਂ ਸਾਨੂੰ ਇਹੋ ਪਤਾ ਚਲਦਾ ਹੈ :

ਸੁਣ ਕੇ ਖ਼ਬਰ ਫਿਰੰਗੀ ਦੀ ਚੜ੍ਹੇ ਸੱਭੇ, ਫ਼ੌਜਾਂ ਬੇਮੁਹਾਰੀਆਂ ਹੋਇ ਤੁਰੀਆਂ।
ਅੱਗੋ ਵਾਰ ਕੁਵਾਰ ਨਾ ਕਿਸੇ ਡਿੱਠਾ, ਇਕ ਦੂਸਰੇ ਦੇ ਅੱਗੇ ਲੱਗ ਟੁਰੀਆਂ।
ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ, ਵੰਗਾਂ ਪਹਿਣ ਖਲੋਤੀਆਂ ਨਹੀਂ ਕੁੜੀਆਂ।
ਸ਼ਾਹ ਮੁਹੰਮਦਾ ਵਰਜ ਨਾ ਜਾਂਦਿਆਂ ਨੂੰ, ਫ਼ੌਜਾਂ ਹੋ ਮੁਹਾਣੀਆਂ ਕਦੋਂ ਮੁੜੀਆਂ।

ਸ਼ਾਹ ਮੁਹੰਮਦ ਅੰਗਰੇਜ਼ ਫ਼ੌਜ ਦੀ ਢਹਿੰਦੀ ਕਲਾ ਦੀ ਤਸਵੀਰ ਨੂੰ ਚਿੱਤਰਦਾ ਹੋਇਆ ਲਿਖਦਾ ਹੈ ਕਿ ਸਿੱਖ ਫ਼ੌਜ ਨੇ ਆਪਣੀ ਬਹਾਦਰੀ ਅਤੇ ਯੁੱਧਨੀਤੀ ਸਦਕਾ ਗੋਰਿਆਂ ਨੂੰ ਭਾਂਜ ਦੇ ਦਿੱਤੀ ਸੀ। ਅੰਗਰੇਜ਼ ਫ਼ੌਜ ਦੀ ਇਸ ਹਾਰ ਦਾ ਚਿੱਤਰਨ ਕਰਦਾ ਹੋਇਆ ਕਵੀ ਯੁੱਧ ਚਿੱਤਰਨ ਦੇ ਦ੍ਰਿਸ਼ ਅਤੇ ਅੰਗਰੇਜ਼ ਫ਼ੌਜ ਦੀ ਤਰਸਯੋਗ ਸਥਿਤੀ ਨੂੰ ਪ੍ਰਗਟ ਕਰਦਾ ਹੋਇਆ ਲਿਖਦਾ ਹੈ :

ਉਧਰ ਆਪ ਫਿਰੰਗੀ ਨੂੰ ਭਾਂਜ ਆਈ, ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।
ਚੱਲੇ ਤੋਪਖ਼ਾਨੇ ਸਾਰੇ ਗੋਰਿਆਂ ਦੇ, ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨ੍ਹੇ ਜਾਇ ਕੇ ਲਾਟ ਨੂੰ ਖ਼ਬਰ ਦਿੱਤੀ, ਨੰਦਨ ਹੋਈ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।

ਇਸ ਦੇ ਨਾਲ ਹੀ ਸਿੱਖ ਫ਼ੌਜ ਦੀ ਹਾਰ ਦਾ ਵਰਣਨ ਕਰਦਾ ਹੋਇਆ ਸ਼ਾਹ ਮੁਹੰਮਦ ਵਿਅੰਗਾਤਮਕ ਲਹਿਜ਼ੇ ਵਿਚ ਲਿਖਦਾ ਹੈ ਕਿ ਸਿੱਖ ਫ਼ੌਜ ਲੜਾਈ ਦੇ ਦੌਰਾਨ ਆਪਣੇ ਤਨ ਦੇ ਕੱਪੜੇ ਵੀ ਲੁਹਾ ਆਈ ਸੀ। ਨਮੂਨੇ ਵਜੋਂ ਹੇਠ ਲਿਖਿਆ ਬੰਦ ਵੇਖਿਆ ਜਾ ਸਕਦਾ ਹੈ :

ਪਹਿਲੇ ਹੱਲਿਓਂ ਸਿੰਘ ਜੋ ਨਿਕਲ ਸਾਰੇ, ਪਏ ਔਝੜੇ-ਔਝੜੇ ਜਾਂਵਦੇ ਨੀ।
ਲੁੱਟੇ ਗਏ ਸਾਰੇ ਰਹੀ ਇਕ ਕੁੜਤੀ, ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ, ਜੀਭ ਹੋਠਾਂ ਥੀਂ ਖੋਲ, ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਤੋਂ, ਨਵੇਂ ਕੱਪੜੇ ਹੋਰ ਸਿਵਾਂਵਦੇ ਨੀ।

ਸ਼ਾਹ ਮੁਹੰਮਦ ਨੇ ਜਿੱਥੇ ਸਿੱਖ ਫ਼ੌਜ ਦੀ ਹਾਰ ਦਾ ਚਿੱਤਰਨ ਕੀਤਾ ਹੈ ਉਥੇ ਉਸ ਨੇ ਸਿੱਖ ਫ਼ੌਜ ਦੀ ਬਹਾਦਰੀ ਨੂੰ ਵੀ ਬੜੀ ਗੌਰਵਤਾ ਨਾਲ ਚਿੱਤਰਿਆ ਹੈ। ਪਰ ਇਸ ਦੇ ਨਾਲ ਹੀ ਸ਼ਾਹ ਮੁਹੰਮਦ ਦੇ ਮਨ ਵਿਚ ਇਸ ਗੱਲ ਦਾ ਦੁੱਖ ਵੀ ਹੈ ਕਿ ਰਣਜੀਤ ਸਿੰਘ ਵਰਗਾ ਕੋਈ ਹੋਰ ਜਰਨੈਲ ਸਿੱਖ ਫ਼ੌਜ ਵਿਚ ਨਹੀਂ ਹੈ, ਜਿਸ ਕਰਕੇ ਅੰਤ ਸਿੱਖ ਫ਼ੌਜ ਨੂੰ ਹਾਰ ਦਾ ਮੂਹ ਵੇਖਣਾ ਪੈ ਰਿਹਾ ਹੈ। ਸ਼ਾਹ ਮੁਹੰਮਦ ਦੇ ਦਿਲ ਦੀ ਹੂਕ ਹੇਠ ਲਿਖੀਆਂ ਸਤਰਾਂ ਤੋਂ ਮਹਿਸੂਸ ਕੀਤੀ ਜਾ ਸਕਦੀ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਉਪਰੋਕਤ ਤੋਂ ਸਿੱਧ ਹੁੰਦਾ ਹੈ ਕਿ ਸ਼ਾਹ ਮੁਹੰਮਦ ਦੀ ਹਮਦਰਦੀ ਭਾਵੇਂ ਸਿੱਖ ਫ਼ੌਜ ਨਾਲ ਹੈ ਪਰ ਉਹ ਕਾਵਿਕ-ਨਿਆਂ ਨੂੰ ਮੱਦੇਨਜ਼ਰ ਰੱਖਦਾ ਹੋਇਆ ਅੰਗਰੇਜ਼ ਫ਼ੌਜ ਦੀ ਸੂਝ , ਸਿਆਣਪ, ਬਹਾਦਰੀ, ਦਲੇਰੀ, ਯੋਗਤਾ ਆਦਿ ਤੋਂ ਵੀ ਪਾਠਕਾਂ ਨੂੰ ਜਾਣੂ ਕਰਵਾ ਦਿੰਦਾ ਹੈ। ਇਸ ਦੇ ਨਾਲ ਹੀ ਸਿੱਖ ਫ਼ੌਜ ਵਿਚ ਜੰਗ ਦੌਰਾਨ ਅਤੇ ਜੰਗ ਤੋਂ ਬਾਅਦ ਪੈਦਾ ਹੋਈ ਨਿਰਾਸ਼ਾ ਅਤੇ ਉਦਾਸੀ ਨੂੰ ਮਨੋਵਿਗਿਆਨਿਕ ਸੂਝ ਨਾਲ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਹ ਲਾਹੌਰ ਦਰਬਾਰ ਅਤੇ ਸਿੱਖ ਫ਼ੌਜ ਵਿਚ ਫੈਲੀ ਬੁਰਛਾਗਰਦੀ ਨੂੰ ਹਾਰ ਦਾ ਕਾਰਨ ਮੰਨਣ ਦੇ ਨਾਲ-ਨਾਲ ਰਣਜੀਤ ਸਿੰਘ ਦੀ ਅਣਹੋਂਦ ਨੂੰ ਵੀ ਇਸ ਹਾਰ ਦਾ ਇਕ ਕਾਰਨ ਸਮਝਦਾ ਹੈ। ਉਸ ਅਨੁਸਾਰ ਇਹ ਕੇਵਲ ਸਿੱਖ ਫ਼ੌਜ ਦੀ ਹੀ ਹਾਰ ਨਹੀਂ ਸੀ ਬਲਕਿ ਪੂਰੇ ਪੰਜਾਬ ਨੂੰ ਇਸ ਹਾਰ ਤੋਂ ਬਾਅਦ ਨਿਰਾਦਰੀ ਅਤੇ ਅਪਮਾਨ ਸਹਿਣਾ ਪੈਣਾ ਸੀ। ਇਹੋ ਕਾਰਨ ਹੈ ਕਿ ਉਹ ਅੰਗਰੇਜ਼ ਸਾਮਰਾਜ ਨੂੰ ਤੀਸਰੀ ਜ਼ਾਤ ਕਹਿ ਕੇ ਪੁਕਾਰਦਾ ਹੈ। ਉਸ ਦੇ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਅੰਗਰੇਜ਼ ਸਾਮਰਾਜ ਪ੍ਰਤੀ ਨਫ਼ਰਤ ਦੇ ਦਰਸ਼ਨ ਜੰਗਨਾਮੇ ਦੇ ਬਹੁਤ ਸਾਰੇ ਬੰਦਾਂ ਤੋਂ ਹੋ ਜਾਂਦੇ ਹਨ। ਜੰਗਨਾਮੇ ਦੇ ਅੰਤਲੇ ਬੰਦ ਵਿਚ ਜੰਗ ਪ੍ਰਤੀ ਨਫ਼ਰਤ ਅਤੇ ਅੰਗਰੇਜ਼ ਸਾਮਰਾਜ ਨਾਲ ਲੜਨ ਦੀ ਪੰਜਾਬੀਆਂ ਦੀ ਸੂਰਬੀਰਤਾ ਪ੍ਰਤੀ ਸ਼ਾਹ ਮੁਹੰਮਦ ਦੀ ਕਾਵਿ-ਸੰਵੇਦਨਾ ਨੂੰ ਵੇਖਿਆ ਜਾ ਸਕਦਾ ਹੈ :

ਸੰਮਤ ਉੱਨੀ ਸੈ ਦੂਸਰਾ ਉਤਰਿਆ ਸੀ, ਜਦੋਂ ਹੋਇਆ ਫਿਰੰਗੀ ਦਾ ਜੰਗ ਮੀਆਂ।
ਹੈਸੀ ਖ਼ੂਨ ਦੀ ਉਹ ਜ਼ਮੀਨ ਪਿਆਸੀ, ਹੋਇਆ ਸੁਰਖ਼ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ, ਜੈਸੇ ਚੜ੍ਹੇ ਆਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ।

ਸਪੱਸ਼ਟ ਹੈ ਕਿ ਸ਼ਾਹ ਮੁਹੰਮਦ ਨੇ ਆਪਣੀ ਇਸ ਕ੍ਰਿਤ ਰਾਹੀਂ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਦੀ ਖ਼ਾਨਾਜੰਗੀ ਤੋਂ ਇਲਾਵਾ ਸਿੱਖ ਅਤੇ ਅੰਗਰੇਜ਼ ਫ਼ੌਜ ਵਿਚਕਾਰ ਹੋਈਆਂ ਪਹਿਲੀਆਂ ਜੰਗਾਂ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਕਾਵਿਕ ਛੋਹਾਂ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹ ਇਨ੍ਹਾਂ ਵਰਤਾਰਿਆਂ ਨੂੰ ਬੜੀ ਸੂਝ ਤੇ ਸਿਆਣਪ ਨਾਲ ਚਿੱਤਰਦਾ ਹੈ। ਲੰਮੀ ਕਵਿਤਾ ਹੋਣ ਕਾਰਨ ਇਸ ਜੰਗਨਾਮੇ ਨੂੰ ਪ੍ਰਬੰਧ-ਕਾਵਿ ਵੀ ਕਹਿ ਲਿਆ ਜਾਂਦਾ ਹੈ ਜਿਸ ਵਿਚ ਕਵੀ ਨੇ ਪ੍ਰਚੱਲਤ ਹਵਾਲਿਆਂ ਰਾਹੀਂ ਆਪਣੀ ਗੱਲ ਤਰਕਸੰਗਤ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਕਈ ਥਾਵਾਂ'ਤੇ ਕਵੀ ਨੇ ਸੰਕੇਤਾਤਮਿਕ ਭਾਸ਼ਾ ਵੀ ਵਰਤੀ ਹੈ, ਜਿਸ ਰਾਹੀਂ ਸੰਪਰਦਾਇਕਤਾ ਦੀ ਥਾਂ ਦੇਸ਼ ਪਿਆਰ ਅਤੇ ਪੰਜਾਬੀਅਤ ਦੀ ਭਾਵਨਾ ਉਭਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਜੰਗਨਾਮੇ ਵਿਚ ਪੇਸ਼ ਹੋਇਆ ਵਸਤੂ ਵਿਧਾਨ ਬੜਾ ਸਪੱਸ਼ਟ ਤੇ ਸਰਲ ਹੈ, ਜਿਸ ਰਾਹੀਂ ਪਹਿਲੇ ਅੱਧ ਵਿਚ ਜੰਗ ਦੇ ਕਾਰਨਾਂ ਨੂੰ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ ਅਤੇ ਦੂਸਰੇ ਅੱਧ ਵਿਚ ਜੰਗ ਦੇ ਨਤੀਜਿਆਂ ਦੀ ਪੇਸ਼ਕਾਰੀ ਕੀਤੀ ਗਈ ਹੈ ਅਤੇ ਸਿੱਖ ਫ਼ੌਜ ਦੇ ਉਤਸ਼ਾਹ ਅਤੇ ਉਸ ਦੀ ਹਾਰ ਤੋਂ ਬਾਅਦ ਆਤਮ ਗਿਲਾਨੀ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਅੰਗਰੇਜ਼ ਸਾਮਰਾਜ ਦੀ ਜਿੱਤ ਦੇ ਸਿੱਟੇ ਵਜੋਂ ਪੂਰੇ ਪੰਜਾਬ ਵਿਚ ਫੈਲੀ ਅਰਾਜਕਤਾ ਨੂੰ ਚਿੱਤਰਨ ਦਾ ਯਤਨ ਵੀ ਕੀਤਾ ਗਿਆ ਹੈ। ਅਸੀਂ ਵੇਖਦੇ ਹਾਂ ਕਿ ਇਹ ਸਾਰਾ ਵਿਵਰਨ ਇਕ ਲੜੀ ਵਿਚ ਚੱਲਦਾ ਹੈ ਅਤੇ ਇਸ ਵਿਚਲੀ ਰੌਚਕਤਾ ਸ਼ੁਰੂ ਤੋਂ ਲੈ ਕੇ ਅੰਤ ਤਕ ਕਾਇਮ ਰਹਿੰਦੀ ਹੈ। ਇਸ ਕਾਵਿ ਦੀ ਵਰਣਨ ਸ਼ਕਤੀ ਅਤੇ ਸ਼ਬਦ ਚੋਣ ਤੋਂ ਅਸੀਂ ਸ਼ਾਹ ਮੁਹੰਮਦ ਦੀ ਕਾਵਿ-ਪ੍ਰਤਿਭਾ ਦਾ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹਾਂ। ਜੰਗਨਾਮੇ ਵਿਚ ਪੇਸ਼ ਹੋਈਆਂ ਵਿਅੰਗ ਉਕਤੀਆਂ ਅਤੇ ਪਾਤਰਾਂ ਦੇ ਮਨੋਭਾਵਾਂ ਦੀ ਪੇਸ਼ਕਾਰੀ ਤੋਂ ਨਾਟਕੀਅਤਾ ਦੇ ਅੰਸ਼ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।

ਇਸ ਤਰ੍ਹਾਂ ਸ਼ਾਹ ਮੁਹੰਮਦ ਆਦਰਸ਼ਵਾਦੀ ਪ੍ਰਚੱਲਿਤ ਵਿਚਾਰਧਾਰਾ ਨੂੰ ਅਪਣਾਉਂਦਾ ਹੋਇਆ ਤਤਕਾਲੀਨ ਪੰਜਾਬ ਦੇ ਦੁਖਾਂਤਿਕ ਮਹਾਂ-ਕਾਂਡ ਨੂੰ ਪੂਰਵ-ਨਿਸ਼ਚਿਤ ਧਾਰਨਾ ਅਨੁਸਾਰ ਸਿੱਧ ਕਰਨ ਦਾ ਯਤਨ ਕਰਦਾ ਹੈ। ਇਸ ਦੇ ਬਾਵਜੂਦ ਉਸ ਦੇ ਵਿਅੰਗਾਤਮਿਕ ਕਥਨਾਂ ਅਤੇ ਉੱਚ ਕੋਟੀ ਦੇ ਕਟਾਖ਼ਸ਼ਮਈ ਬਚਨਾਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਉਹ ਇਕ ਦਾਨਿਸ਼ਵਰ ਕਵੀ ਸੀ। ਲੋਕ ਭਾਸ਼ਾ ਵਿਚ ਗੱਲ ਕਰਦਾ ਹੋਇਆ ਉਹ ਪੰਜਾਬ ਦੇ ਸਭਿਆਚਾਰਕ ਵਿਰਸੇ ਨਾਲ ਸੰਬੰਧਿਤ ਅਨੇਕ ਲੋਕ ਉਕਤੀਆਂ ਨੂੰ ਵਰਤਦਾ ਹੈ ਜੋ ਉਸ ਦੇ ਜੰਗਨਾਮੇ ਦਾ ਸ਼ਿੰਗਾਰ ਹਨ ਅਤੇ ਜਿਨ੍ਹਾਂ ਤੋਂ ਉਸ ਦੀ ਪਰਪੱਕ ਸਿਰਜਣਾਤਮਿਕ ਸ਼ਕਤੀ ਦਾ ਪਤਾ ਚਲਦਾ ਹੈ। ਉਹ ਜੰਗਨਾਮੇ ਵਿਚ ਅਟੱਲ ਸਚਾਈਆਂ ਨੂੰ ਵਿਸ਼ਾ ਬਣਾਉਣ ਦਾ ਵੀ ਯਤਨ ਕਰਦਾ ਹੈ। ਇਸ ਸੰਦਰਭ ਵਿਚ ਡਾ. ਤੇਜਵੰਤ ਸਿੰਘ ਗਿੱਲ ਲਿਖਦੇ ਹਨ ਕਿ "ਇਤਿਹਾਸਿਕ ਵਸਤੂ ਜਗਤ ਨੂੰ ਗੰਭੀਰ ਸਾਹਿਤ ਜੁਗਤਾਂ ਰਾਹੀਂ ਸਿਰਜਣ ਲਈ ਸ਼ਾਹ ਮੁਹੰਮਦ ਨੇ ਸਭਿਆਚਾਰਕ ਸਰੋਕਾਰਾਂ ਨੂੰ ਅਜਿਹੇ ਪਰਿਪੇਖ ਵਜੋਂ ਵਰਤਿਆ ਹੈ ਜੋ ਚਿਹਨਾਂ ਵਿਚ ਰੂਪਾਂਤਰਿਤ ਹੋ ਕੇ ਇਸ ਰਚਨਾ ਦੇ ਪਾਠ ਵਿਚ ਨਿਹਿਤ ਹੋ ਜਾਂਦਾ ਹੈ।" ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਪੰਜਾਬੀ ਕਿਰਦਾਰ ਅਤੇ ਸਿੱਖ ਕਿਰਦਾਰ ਨੂੰ ਵਖਰਿਆ ਕੇ ਨਹੀਂ ਬਲਕਿ ਸਮਾਨ ਅਰਥਾਂ ਵਿਚ ਪ੍ਰਗਟ ਕਰਦਾ ਹੈ। ਉਸ ਅਨੁਸਾਰ ਪੰਜਾਬ ਦੇ ਕਿਸਾਨ ਰੱਜ ਕੇ ਵਹੁਣ ਅਤੇ ਦੱਬ ਕੇ ਖਾਣ ਨੂੰ ਤਰਜੀਹ ਦਿੰਦੇ ਸਨ, ਹੇਠ ਲਿਖੀਆਂ ਸਤਰਾਂ ਤੋਂ ਇਹੋ ਸਪੱਸ਼ਟ ਹੁੰਦਾ ਹੈ :

ਵਾਹੀ ਕਰਦੇ ਤੇ ਰੋਟੀਆਂ ਖ਼ੂਬ ਖਾਂਦੇ, ਅਸੀਂ ਕਿੰਨ੍ਹਾਂ ਦੇ ਹਾਂ ਪੁੱਤ ਪੋਤਰੇ ਜੀ।<br>
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ, ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ।

ਸ਼ਾਹ ਮੁਹੰਮਦ ਦੇ ਇਸ ਕਾਵਿ ਪ੍ਰਵਚਨ ਤੋਂ ਪ੍ਰਾਪਤ ਹੋਣ ਵਾਲੀ ਦ੍ਰਿਸ਼ਟੀ ਅਨੇਕ ਦ੍ਰਿਸ਼ਟੀਕੋਣਾਂ ਦੇ ਸਮੂਹ ਦੇ ਤੌਰ'ਤੇ ਪੇਸ਼ ਹੋਈ ਹੈ। ਕਵੀ ਦੇ ਉਚਾਰ ਵਿਚ ਵੱਖ-ਵੱਖ ਪਾਤਰਾਂ ਦੇ ਉਚਾਰ ਦਾ ਪ੍ਰਵੇਸ਼ ਇਕ ਅਜਿਹੀ ਸਾਹਿਤ ਜੁਗਤ ਦੇ ਤੌਰ'ਤੇ ਪੇਸ਼ ਹੋਇਆ ਹੈ ਜੋ ਇਸ ਜੰਗਨਾਮੇ ਵਿਚ ਸ਼ੁਰੂ ਤੋਂ ਲੈ ਕੇ ਅੰਤ ਤਕ ਪ੍ਰਯੋਗ ਵਿਚ ਲਿਆਂਦੀ ਗਈ ਹੈ। ਇਸ ਜੁਗਤ ਦੇ ਸਦਕਾ ਹੀ ਰਚਨਾ ਦਾ ਸਮੁੱਚਾ ਕਾਵਿ-ਪ੍ਰਵਚਨ ਅਜਿਹੀ ਵਿਆਪਕਤਾ ਦਾ ਧਾਰਨੀ ਹੋ ਜਾਂਦਾ ਹੈ ਜਿਸ ਵਿਚ ਸਰਲੀਕਰਨ ਤੇ ਸਧਾਰਨੀਕਰਨ ਦੋਵੇਂ ਹੀ ਸ਼ਾਮਲ ਹੋ ਜਾਂਦੇ ਹਨ। ਸ਼ਾਹ ਮੁਹੰਮਦ ਦੀ ਇਸ ਕਾਵਿ-ਸਮਰੱਥਾ ਬਾਰੇ ਡਾ.ਹਰਿਭਜਨ ਸਿੰਘ ਦੇ ਵਿਚਾਰ ਗੌਲਣਯੋਗ ਹਨ :

ਜੰਗਨਾਮੇ ਵਿਚ ਕਿਸੇ ਵੇਰਵੇ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਦੇ ਇਤਿਹਾਸ ਤੋਂ ਬਗੈਰ ਸਮਝਿਆ ਨਹੀਂ ਜਾ ਸਕਦਾ। ਸ਼ਾਹ ਮੁਹੰਮਦ ਨੇ ਰਣਜੀਤ ਸਿੰਘ ਲਈ 'ਮਹਾਂਬਲੀ' ਵਿਸ਼ੇਸ਼ਣ ਵਰਤਿਆ ਹੈ ਅਤੇ ਉਸ ਦੀ ਫ਼ੌਜ ਲਈ ਉਸ ਦੇ ਮਰਨ ਉਪਰੰਤ 'ਭੂਤ ਮੰਡਲੀ' ਵਿਸ਼ੇਸ਼ਣ ਵਰਤਦਾ ਹੈ। ਇਹ ਉਸ ਦੀ ਭਾਸ਼ਾ ਦਾ ਚਮਤਕਾਰ ਹੈ ਜੋ ਆਪਣੇ ਆਪ ਬੋਲਦੀ ਹੈ।

ਸ਼ਾਹ ਮੁੰਹਮਦ ਦੁਆਰਾ ਰਚਿਤ ਜੰਗਨਾਮਾ ਯੁੱਧ ਨਾਲ ਸੰਬੰਧਿਤ ਹੋਣ ਕਾਰਨ ਵੀਰ ਰਸ ਨਾਲ ਸੰਬੰਧਿਤ ਹੈ। ਪਰ ਇਸ ਵਿਚ ਯੁੱਧ ਨਾਇਕ ਦੀ ਥਾਂ ਸਿੱਖ ਅਤੇ ਅੰਗਰੇਜ਼ ਫ਼ੌਜ ਨੂੰ ਸਮੁੱਚੇ ਤੌਰ'ਤੇ ਲੜਦਿਆਂ ਚਿੱਤਰਿਆ ਗਿਆ ਹੈ। ਇਸ ਵਿਚ ਭਾਵੇਂ ਕਿਸੇ ਵੀਰ ਨਾਇਕ ਦੀ ਅਣਹੋਂਦ ਹੈ ਪਰ ਕਿਤੇ ਕਿਤੇ ਕੁਝ ਵਿਅਕਤੀਗਤ ਵੀਰਤਾ ਨੂੰ ਜ਼ਰੂਰ ਪੇਸ਼ ਕੀਤਾ ਗਿਆ ਹੈ। ਨਾਇਕ ਦੀ ਅਣਹੋਂਦ ਇਸ ਜੰਗਨਾਮੇ ਵਿਚ ਜਿਊਂਦੇ-ਜਾਗਦੇ ਤੱਤ ਵਾਂਗ ਹਾਜ਼ਰ ਰਹਿੰਦੀ ਹੈ। ਸ਼ਾਮ ਸਿੰਘ ਅਟਾਰੀਵਾਲੇ ਅਤੇ ਹੀਰਾ ਸਿੰਘ ਵਰਗੇ ਯੋਧਿਆਂ ਦੀ ਵੀਰਤਾ ਅਤੇ ਜੰਗੀ

ਕੁਸ਼ਲਤਾ ਨੂੰ ਵੀ ਵਿਸ਼ਾ ਬਣਾਇਆ ਗਿਆ ਹੈ। ਬੀਰ ਰਸ ਪ੍ਰਧਾਨ ਹੋਣ ਕਰਕੇ ਇਹ ਜੰਗਨਾਮਾ ਬੀਰ ਭਾਵਨਾ ਨੂੰ ਉਜਾਗਰ ਕਰਦਾ ਹੈ। ਇਸ ਦੇ ਬਾਵਜੂਦ ਇਸ ਜੰਗਨਾਮੇ ਵਿਚ ਰੌਦਰ ਰਸ, ਕਰੁਣਾ ਰਸ, ਹਾਸ ਰਸ, ਵੀਭਤਸ ਰਸ, ਭਿਆਨਕ ਰਸ, ਸ਼ਾਂਤ ਰਸ ਆਦਿ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਸਭ ਤੋਂ ਵੱਧ **ਵੀਰ ਰਸ** ਦੀ ਪੇਸ਼ਕਾਰੀ ਇਸ ਪ੍ਰਕਾਰ ਹੋਈ ਹੈ :

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ, ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ-ਖ਼ਾਨੇ, ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆ।

ਇਸੇ ਤਰ੍ਹਾਂ **ਕਰੁਣਾ ਰਸ** ਉਸ ਸਮੇਂ ਦ੍ਰਿਸ਼ਟੀਗੋਚਰ ਹੁੰਦਾ ਹੈ ਜਦੋਂ ਅੰਗਰੇਜ਼ ਸਾਮਰਾਜ ਹੱਥੋਂ ਸਿੱਖ ਫ਼ੌਜ ਦੀ ਹਾਰ ਨਿਸ਼ਚਿਤ ਹੋ ਜਾਂਦੀ ਹੈ। ਸਿੱਖ ਫ਼ੌਜੀਆਂ ਦੇ ਪਰਿਵਾਰਾਂ ਦੇ ਰੁਦਨ ਅਤੇ ਖੜਕ ਸਿੰਘ ਦੁਆਰਾ ਚੇਤ ਸਿੰਘ ਦੀ ਮੌਤ ਤੋਂ ਬਾਅਦ ਵੀ ਕਰੁਣਾ ਰਸ ਦਾ ਪ੍ਰਗਟਾਵਾ ਇਸ ਪ੍ਰਕਾਰ ਹੋ ਰਿਹਾ ਹੈ :

ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ, ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਧਾਹ ਮਾਰੀ, ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ, ਸਾਡਾ ਇਹੋ ਸੀ ਕੌਲ ਕਰਾਰ ਮੀਆਂ।

**ਰੌਦਰ ਰਸ** ਦਾ ਪ੍ਰਗਟਾਵਾ ਉਸ ਸਮੇਂ ਹੁੰਦਾ ਹੈ ਜਦੋਂ ਮਹਾਰਾਣੀ ਜਿੰਦ ਕੌਰ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦੇ ਬਦਲੇ ਦੀ ਭਾਵਨਾ ਨੂੰ ਪ੍ਰਗਟ ਕਰਦੀ ਹੈ :

ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ, ਸਾਰੇ ਦੇਸ ਦੇ ਵਿਚ ਚਾ ਤੁਰਨ ਵਾਰਾਂ।
ਛੱਡਾਂ ਨਹੀਂ ਲਾਹੌਰ ਵਿਚ ਵੜਨ ਜੋਗੇ, ਸਣੇ ਵੱਡਿਆਂ ਅਫ਼ਸਰਾਂ ਜਮਾਦਾਰਾਂ।
ਪਏ ਰੁਲਣ ਇਹ ਵਿਚ ਪਰਦੇਸ ਮੁਰਦੇ, ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ।

ਇਸੇ ਤਰ੍ਹਾਂ **ਵੀਭਤਸ ਰਸ** ਦਾ ਪ੍ਰਗਟਾਵਾ ਉਸ ਸਮੇਂ ਹੁੰਦਾ ਹੈ ਜਦੋਂ ਸਿੱਖ ਫ਼ੌਜ ਅੰਗਰੇਜ਼ ਫ਼ੌਜ ਦੀ ਹੋਂਦ ਤੋਂ ਘਿਰਣਾ ਕਰਨ ਲੱਗਦੀ ਹੈ :

ਜਿਹੜੇ ਜੀਂਵਦੇ ਰਹੇ ਸੋ ਪਏ ਸੋਚੀਂ ਹੋਏ ਭੁੱਖ ਦੇ ਨਾਲ ਜ਼ਹੀਰ ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ, ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾਂ ਸ਼ਹਿਦ ਵਾਸਤੇ ਹੱਥ ਪਾਇਆ, ਅੱਗੋਂ ਡੂਮਣਾ ਛਿੜੇ ਮਖੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭੇ, ਜਿੱਥੇ ਚੱਲੀਏ ਘੱਤ ਵਹੀਰ ਮੀਆਂ।

ਜੰਗ ਦੀ ਭਿਆਨਕਤਾ ਵਿਚੋਂ **ਭਿਆਨਕ ਰਸ** ਦੇ ਦਰਸ਼ਨ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੋ ਰਹੇ ਹਨ :

ਕਈ ਸੂਰਮੇ ਮਾਰ ਕੇ ਮੋਏ ਓਥੇ, ਜਿਨ੍ਹਾਂ ਹੱਥ ਕੀਤੇ ਤੇਗ਼ਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਉਂ ਡੋਬੇ, ਸ਼ਰੇ ਮਾਰਿਓ ਨੇ ਤੋਪਾਂ ਚੰਗੀਆਂ ਦੇ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ, ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨਾ ਰੱਬ ਲਿਆਵੇ, ਵਿਚ ਜੰਗ ਦੇ ਨਾਲ ਫਿਰੰਗੀਆਂ ਦੇ।

ਵੱਖ-ਵੱਖ ਰਸਾਂ ਤੋਂ ਇਲਾਵਾ ਜੰਗਨਾਮੇ ਵਿਚ ਖ਼ੂਬਸੂਰਤ ਬਿੰਬਾਵਲੀ, ਅਲੰਕਾਰਾਂ, ਰੂਪਕਾਂ ਅਤੇ ਉਪਮਾਵਾਂ ਦਾ ਪ੍ਰਯੋਗ ਵੀ ਹੋਇਆ ਹੈ। ਜੰਗਨਾਮੇ ਦੇ ਦ੍ਰਿਸ਼ ਚਿੱਤਰ, ਨਾਦ ਚਿੱਤਰ ਅਤੇ ਕਈ ਤਰ੍ਹਾਂ ਦੇ ਅਲੰਕਾਰ ਇਸ ਦੀ ਖ਼ੂਬਸੂਰਤੀ ਵਿਚ ਚਾਰ ਚੰਨ ਲਗਾਉਂਦੇ ਹਨ। ਇਸ ਤੋਂ ਇਲਾਵਾ ਸ਼ਾਹ ਮੁਹੰਮਦ ਨੇ ਢੁਕਵੀਆਂ ਉਪਮਾਵਾਂ ਨੂੰ ਵਰਤਦਿਆਂ **ਉਪਮਾ ਅਲੰਕਾਰ** ਦਾ ਹੇਠ ਲਿਖੇ ਅਨੁਸਾਰ ਪ੍ਰਯੋਗ ਕੀਤਾ ਹੈ :

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਜੰਗਨਾਮੇ ਦੀਆਂ ਹੇਠ ਲਿਖੀਆਂ ਸਤਰਾਂ ਤੋਂ **ਰੂਪਕ ਅਲੰਕਾਰ** ਦਾ ਪ੍ਰਗਟਾਵਾ ਹੋ ਜਾਂਦਾ ਹੈ :

ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ, ਚੋਟਾਂ ਕੈਸੀਆਂ ਵੇਖ ਚਲਾਂਵਦੇ ਨੀ।

ਸ਼ਾਹ ਮੁਹੰਮਦ ਕਈ ਥਾਵਾਂ'ਤੇ **ਅਤਕਥਨੀ ਅਲੰਕਾਰਾਂ** ਦਾ ਵੀ ਪ੍ਰਯੋਗ ਕਰਦਾ ਹੈ ਜੋ ਹੇਠ ਲਿਖੀਆਂ ਸਤਰਾਂ ਤੋਂ ਸਪੱਸ਼ਟ ਹੈ :

ਇਕ ਲੱਖ ਬੇਟਾ ਸਵਾ ਲੱਖ ਪੋਤਾ, ਰਾਵਣ ਮਾਰਿਆ ਘਰ ਦੇ ਭੇਤ ਮੀਆਂ।

ਜੰਗਨਾਮੇ ਦੇ ਵਿਸ਼ੇ ਦੇ ਨਿਰੂਪਣ ਲਈ ਸ਼ਾਹ ਮੁਹੰਮਦ ਨੇ ਕਈ ਢੁੱਕਵੇਂ **ਦ੍ਰਿਸ਼ਟਾਂਤ** ਵੀ ਵਰਤੇ ਹਨ, ਜੋ ਇਸ ਪ੍ਰਕਾਰ ਹਨ :

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ, ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
ਕੌਰਵ ਪਾਡਵਾਂ ਨਾਲ ਕੀ ਭਲਾ ਕੀਤਾ, ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ, ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ, ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ।

ਇਸ ਤਰ੍ਹਾਂ ਜੰਗਨਾਮੇ ਵਿਚ ਕੁਝ **ਸ਼ਬਦ-ਚਿੱਤਰ** ਵੀ ਵੇਖੇ ਜਾ ਸਕਦੇ ਹਨ :

ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।

ਸ਼ਾਹ ਮੁਹੰਮਦ ਨੇ ਆਪਣੀ ਇਸ ਮਹਾਨ ਕ੍ਰਿਤ ਲਈ ਇਤਿਹਾਸਿਕ ਬਿਰਤਾਂਤਕ ਕਾਵਿ ਦਾ ਪ੍ਰਯੋਗ ਕੀਤਾ ਹੈ। ਇਸ ਕ੍ਰਿਤ ਦੇ ਪਠਨ ਤੇ ਪਾਠਨ ਵਿਚ ਪਾਠਕ ਤੇ ਸ੍ਰੋਤੇ ਦੀ ਰੁਚੀ ਬਣੀ ਰਹਿੰਦੀ ਹੈ ਅਤੇ ਇਸ ਵਿਚਲੀਆਂ ਘਟਨਾਵਾਂ ਇਕ ਦੂਸਰੀ ਤੋਂ ਟੁਟਦੀਆਂ ਨਹੀਂ ਬਲਕਿ ਇਕ ਲੜੀ ਵਿਚ ਚਲਦੀਆਂ ਹਨ। ਅਸੀਂ ਵੇਖਦੇ ਹਾਂ ਕਿ ਇਸ ਕਾਵਿ ਦਾ ਬਿਰਤਾਂਤ ਲਗਾਤਾਰ ਅਗਾਂਹ ਤੁਰਦਾ ਜਾਂਦਾ ਹੈ। ਇਸ ਵਿਚ ਫਜ਼ੂਲ ਕਿਸਮ ਦੇ ਵਿਸਥਾਰ ਤੋਂ ਬਚਿਆ ਗਿਆ ਹੈ। ਇਹੋ ਕਾਰਨ ਹੈ ਕਿ ਇਸ ਬਿਰਤਾਂਤਿਕ ਕਾਵਿ ਦੀ ਰੌਚਕਤਾ ਸ਼ੁਰੂ ਤੋਂ ਲੈ ਕੇ ਅੰਤ ਤਕ ਬਣੀ ਰਹਿੰਦੀ ਹੈ। ਉਸ ਸਮੇਂ ਬੀਰ ਗਾਥਾ ਦੇ ਵਰਣਨ ਤੇ ਬਿਰਤਾਂਤ ਲਈ ਵਾਰ ਕਾਵਿ ਪ੍ਰਚਲਿਤ ਸੀ। ਸ਼ਾਹ ਮੁਹੰਮਦ ਵੀ ਇਸ ਕਾਵਿ ਰੂਪ ਤੋਂ ਪ੍ਰਭਾਵਿਤ ਸੀ। ਇਹੋ ਵਜ੍ਹਾ ਹੈ ਕਿ ਸ਼ਾਹ ਮੁਹੰਮਦ ਦੀ ਇਸ ਕ੍ਰਿਤ ਨੂੰ ਕਈ ਚਿੰਤਕ ਵਾਰ-ਕਾਵਿ ਰੂਪ ਹੀ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ "ਆਪਣੇ ਆਕਾਰ ਤੇ ਪ੍ਰਕਾਰ ਵਜੋਂ ਇਸ ਰਚਨਾ ਦੇ ਵਿਸ਼ੇ ਵਸਤੂ ਤੇ ਵਰਣਨ ਰੂਪ ਜਾਂ ਬਿਰਤਾਂਤ ਚਾਲ ਵਿਚ ਨਾਦਰ ਸ਼ਾਹ ਦੀ ਵਾਰ ਨਾਲ ਕਾਫ਼ੀ ਸਾਂਝ ਹੈ।" ਬੀਰ ਰਸ ਦੀ ਪ੍ਰਧਾਨਤਾ ਹੋਣ ਕਾਰਨ ਭਾਵੇਂ ਅਸੀਂ ਇਸ ਨੂੰ ਵਾਰ ਕਹਿ ਸਕਦੇ ਹਾਂ ਪਰ ਵਿਸ਼ੇ ਦੇ ਵਿਸਤਾਰ ਦੇ ਪੱਖ ਤੋਂ ਇਹ ਜੰਗਨਾਮਾ ਲਾਜ਼ਮੀ ਤੌਰ ਤੇ ਕਈ ਰੂਪਾਕਾਰਾਂ ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਅਸੀਂ ਕਹਿ ਸਕਦੇ ਹਾਂ ਕਿ ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਵਾਰ ਅਤੇ ਕਿੱਸਾ ਆਦਿ ਕਾਵਿ ਰੂਪਾਂ ਦਾ ਸੁਮੇਲ ਹੈ। **ਡਾ. ਹਰਿਭਜਨ ਸਿੰਘ ਭਾਟੀਆ** ਇਸ ਜੰਗਨਾਮੇ ਦੀ ਅਜਿਹੀ ਵਿਸ਼ੇਸ਼ਤਾ ਦਾ ਵਰਣਨ ਕਰਦੇ ਹੋਏ ਲਿਖਦੇ ਹਨ :

ਸ਼ਾਹ ਮੁਹੰਮਦ ਵੱਲੋਂ ਸਿਰਜੇ ਗਏ ਇਸ ਪ੍ਰਬੰਧ ਦੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਵੱਖ ਵੱਖ ਰੂਪਾਂ ਜਿਵੇਂ ਜੰਗਨਾਮਾ, ਵਾਰ ਅਤੇ ਕਿੱਸਾ ਆਦਿ ਦੀਆਂ ਜੁਗਤਾਂ ਦਾ ਮਿਸ਼ਰਣ ਸਿਰਜਣ ਦਾ ਯਤਨ ਕਰਦਾ ਹੈ। ਇਸ ਮਿਸ਼ਰਣ ਸਦਕਾ ਹੀ ਇਹ ਪ੍ਰਬੰਧ ਵਿਲੱਖਣ ਨੁਹਾਰ ਤੇ ਨਵੀਨ ਰੂਪ ਗ੍ਰਹਿਣ ਕਰਦਾ ਹੈ।...ਇਸ ਵਿਚੋਂ ਕਿੱਸੇ ਦੀਆਂ ਰੀਤੀਆਂ ਵੀ ਮਿਲ ਜਾਂਦੀਆਂ ਹਨ, ਵਾਰ ਦੀਆਂ ਵੀ ਅਤੇ ਜੰਗਨਾਮੇ ਦੀਆਂ ਵੀ।

ਸਪੱਸ਼ਟ ਹੈ ਕਿ ਇਸ ਜੰਗਨਾਮੇ ਵਿਚ ਕਿੱਸਾ ਤੇ ਵਾਰ ਦੀਆਂ ਵਿਸ਼ੇਸ਼ਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਨ੍ਹਾਂ ਵਿਸ਼ੇਸ਼ਤਾਵਾਂ ਤੋਂ ਇਲਾਵਾ ਇਸ ਜੰਗਨਾਮੇ ਨੇ ਇਤਿਹਾਸਿਕ ਬਿਰਤਾਂਤਿਕ ਸ਼ੈਲੀ ਦੇ ਨਾਲ-ਨਾਲ ਨਾਟਕੀ ਬਿਆਨ ਰਾਹੀਂ ਵੀ ਪਾਠਕਾਂ ਤੇ ਸ੍ਰੋਤਿਆਂ ਦਾ ਧਿਆਨ ਖਿੱਚਿਆ ਹੈ। ਇਸ ਵਿਚ ਬਹੁਤ ਥਾਵਾਂ'ਤੇ ਨਾਟਕੀਅਤਾ ਕਾਇਮ ਰਹਿੰਦੀ ਹੈ। ਜੰਗਨਾਮੇ ਵਿਚਲੇ ਪਾਤਰ ਅਜਿਹੀਆਂ ਗੱਲਾਂ ਕਰਦੇ ਹਨ ਜਿਹੜੀਆਂ ਉਨ੍ਹਾਂ ਹਾਲਤਾਂ ਦੇ ਅਨੁਕੂਲ ਹੁੰਦੀਆਂ ਹਨ। ਉਦਾਹਰਨ ਦੇ ਤੌਰ'ਤੇ ਰਾਣੀ ਜਿੰਦਾਂ ਦੇ ਸਿੱਖ ਫ਼ੌਜ ਪ੍ਰਤੀ ਬੋਲੇ ਗਏ ਸ਼ਬਦ, ਚੇਤ ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਦੇ ਬੋਲ, ਦਲੀਪ ਸਿੰਘ ਨੂੰ ਰਾਜਗੱਦੀ'ਤੇ ਬਿਠਾਉਣ ਸਮੇਂ ਲਹਿਣਾ ਸਿੰਘ ਤੇ ਅਜੀਤ ਦੀ ਗੁਫ਼ਤਗੂ, ਲਾਰਡ ਹਾਰਡਿੰਗ ਦਾ ਹਿੰਦੁਸਤਾਨੀ ਭਾਸ਼ਾ ਵਿਚ ਬਿਆਨ ਆਦਿ ਵੇਖੇ ਜਾ ਸਕਦੇ ਹਨ। ਸਿੱਖ ਸਰਦਾਰਾਂ ਦੁਆਰਾ ਪੰਜਾਬ ਨੂੰ ਬਚਾਉਣ ਲਈ ਦਿੱਤੀ ਲਲਕਾਰ ਨੂੰ ਨਮੂਨੇ ਵਜੋਂ ਵੇਖਿਆ ਜਾ ਸਕਦਾ ਹੈ :

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ।

ਛੋੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਪੱਗ, ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ, ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੀ ਰਾਜ ਨਾ ਹੋਏ ਮੁਥਾਜ ਯਾਰੋ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਵੀ ਇਸ ਪ੍ਰਬੰਧ ਵਿਚਲੀ ਨਾਟਕੀਅਤਾ ਰਾਹੀਂ ਵੱਖ-ਵੱਖ ਘਟਨਾਵਾਂ ਵੱਲ ਸੰਕੇਤ ਕਰਦੇ ਹੋਏ ਪਾਤਰਾਂ ਦੀ ਮਨੋਦਿਸ਼ਾ ਨੂੰ ਵੀ ਪ੍ਰਗਟ ਕਰ ਜਾਂਦੇ ਹਨ। ਸ਼ਾਹ ਮੁਹੰਮਦ ਦੀ ਇਹੋ ਖ਼ਾਸੀਅਤ ਹੈ ਕਿ ਉਹ ਆਪਣੀ ਗੁੱਝੀ ਤੇ ਕਟਾਖ਼ਸ਼ੀ ਸ਼ੈਲੀ ਰਾਹੀਂ ਵੱਖ-ਵੱਖ ਪਾਤਰਾਂ ਵਿਚਲੇ ਉਤਾਵਲੇਪਣ, ਬੇਸਮਝੀ, ਅੱਖੜਤਾ ਆਦਿ ਨੂੰ ਪੇਸ਼ ਕਰ ਜਾਂਦਾ ਹੈ। ਇਥੇ ਹੀ ਬੱਸ ਨਹੀਂ ਉਹ ਵਿਅੰਗਾਤਮਕ ਉਕਤੀਆਂ ਰਾਹੀਂ ਚੋਭਾਂ ਤੇ ਟਕੋਰਾਂ ਨਾਲ ਵਿਅੰਗ ਦੁਆਰਾ ਪਾਤਰਾਂ ਪ੍ਰਤੀ ਹਮਦਰਦੀ ਨੂੰ ਵੀ ਘਟਣ ਨਹੀਂ ਦਿੰਦਾ। ਇਹੋ ਕਾਰਨ ਹੈ ਕਿ ਉਸ ਦੇ ਵਿਅੰਗ ਵਿਚ ਕੇਵਲ ਡੂਘੀ ਚੋਟ ਜਾਂ ਮਸਖ਼ਰੀ ਹੀ ਨਹੀਂ ਬਲਕਿ ਦਰਦ ਤੇ ਸੋਜ਼ ਦ੍ਰਿਸ਼ਟੀਗੋਚਰ ਹੁੰਦਾ ਹੈ। ਉਹ ਆਪਣੀ ਵੇਦਨਾ, ਗੁੱਸਾ ਜਾਂ ਦਰਦ ਨੂੰ ਵੀ ਵਿਅੰਗਾਤਮਿਕ ਤਰੀਕੇ ਰਾਹੀਂ ਬਿਆਨ ਕਰ ਜਾਂਦਾ ਹੈ। ਉਦਾਹਰਨ ਦੇ ਤੌਰ'ਤੇ ਹੇਠ ਲਿਖੇ ਸ਼ਬਦਾਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਸ਼ਾਹ ਮੁਹੰਮਦ ਕਿਸੇ ਦੀ ਕਮਜ਼ੋਰੀ, ਮੂਰਖਤਾ, ਔਗੁਣ ਆਦਿ ਦਾ ਮੌਜੂ ਉਡਾਉਣ ਵਿਚ ਮਾਹਰ ਹੈ :

ਸਿੰਘੋ, ਜੀਂਵਦਾ ਜਾਣ ਮੁਹਾਲ ਜੰਮੂ,
ਤਾਨੇ, ਦੇਣ ਰਾਜਪੂਤਾਂ ਬੇਟੀਆਂ ਨੀ।
ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ,
ਆਖਣ ਸਭ ਪਹਾੜ ਡੁਮੇਟੀਆਂ ਨੀ।

ਉਪਰੋਕਤ ਤੋਂ ਸਪੱਸ਼ਟ ਹੁੰਦਾ ਹੈ ਕਿ ਸ਼ਾਹ ਮੁਹੰਮਦ ਦਾ ਜੀਵਨ ਅਨੁਭਵ ਬੜਾ ਵਿਸ਼ਾਲ ਸੀ ਅਤੇ ਉਸ ਨੂੰ ਮਨੁੱਖੀ ਮਾਨਸਿਕਤਾ ਦੀ ਡੂਘੀ ਸਮਝ ਸੀ। ਭਾਵੇਂ ਉਸ ਨੇ ਰੂਪਕ ਪੱਖ ਤੋਂ ਕੋਈ ਨਵੀਨਤਾ ਨਹੀਂ ਲਿਆਂਦੀ ਇਸ ਦੇ ਬਾਵਜੂਦ ਉਸ ਨੇ ਨਵੇਂ ਵਿਸ਼ੇ ਰਾਹੀਂ ਪੰਜਾਬੀ ਜੰਗਨਾਮਾ ਸਾਹਿਤ ਵਿਚ ਇਕ ਮੀਲ ਪੱਥਰ ਰੱਖ ਦਿੱਤਾ। ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਦੀ ਸਾਹਿਤਿਕ ਪ੍ਰਤਿਭਾ ਦੀ ਮਹਾਨਤਾ ਨੂੰ ਪੰਜਾਬੀ ਚਿੰਤਕਾਂ, ਆਲੋਚਕਾਂ,ਪਾਠਕਾਂ, ਸ੍ਰੋਤਿਆਂ ਆਦਿ ਵੱਲੋਂ ਸਵੀਕਾਰਿਆ ਜਾਂਦਾ ਹੈ। ਵਾਰਸ ਸ਼ਾਹ ਤੋਂ ਬਅਦ ਬੈਂਤ ਛੰਦ ਨੂੰ ਹਰਮਨ ਪਿਆਰਾ ਬਣਾਉਣ ਵਿਚ ਸ਼ਾਹ ਮੁਹੰਮਦ ਦਾ ਬੜਾ ਵੱਡਾ ਯੋਗਦਾਨ ਕਿਹਾ ਜਾ ਸਕਦਾ ਹੈ। ਸ਼ਾਹ ਮੁਹੰਮਦ ਦੀ ਸਾਹਿਤਿਕ ਵਿਸ਼ੇਸ਼ਤਾ ਦੇ ਸੰਬੰਧ ਵਿਚ **ਡਾ. ਤਰਲੋਕ ਸਿੰਘ ਕੰਵਰ** ਦੇ ਹੇਠ ਲਿਖੇ ਸ਼ਬਦ ਵੀ ਗੌਲਣਯੋਗ ਹਨ : ਜਿਥੋਂ ਤੀਕ ਅਨੁਕਰਣ ਦਾ ਸੰਬੰਧ ਹੈ, ਉਸ ਦਾ ਅੰਦਾਜ਼ਾ ਲੇਖਕ ਦੀ ਵਰਣਨੀ ਤੇ ਚਿੱਤਰਸ਼ੀਲ ਸ਼ੈਲੀ ਤੋਂ ਲਾਇਆ ਜਾ ਸਕਦਾ ਹੈ। ਪਰ ਲੇਖਕ ਬੁਨਿਆਦੀ ਤੌਰ'ਤੇ ਇਨ੍ਹਾਂ ਪ੍ਰਵਿਰਤੀਆਂ ਨੂੰ ਪ੍ਰਸਤੁਤ ਕਰਨ ਵਾਲਾ ਨਹੀਂ। ਉਸ ਦਾ ਆਪਣਾ ਸਾਹਿਤਕ ਬਿੰਦੂ ਤਾਂ ਪੰਜਾਬ ਦੇ ਸਾਂਝੇ ਕੌਮੀ ਰਾਜ ਦਾ ਪ੍ਰਭੁਤਵ ਹੈ, ਜਿਸ ਦੀ ਨਾਸ਼ਵਾਨਤਾ ਉਸ ਨੂੰ ਦੁਖੀ ਕਰਦੀ ਹੈ। ਇਹ ਬਿੰਦੂ ਲੇਖਕ ਕਈ ਤਰ੍ਹਾਂ ਦੀਆਂ ਪ੍ਰਵਚਨਸ਼ੀਲ ਟਿੱਪਣੀਆਂ ਰਾਹੀਂ ਤੇ ਹਵਾਲਿਆਂ ਰਾਹੀਂ ਉਘਾੜਦਾ ਹੈ। ਇਸ ਦੀ ਸਾਹਿਤਕਤਾ ਦਾ ਇਹੀ ਯੋਗ ਆਯਾਮ ਹੈ।

ਜਿਥੋਂ ਤਕ ਸ਼ਾਹ ਮੁਹੰਮਦ ਦੁਆਰਾ ਰਚੇ ਗਏ ਜੰਗਨਾਮੇ ਦੇ ਕਾਵਿਕ-ਨਿਆਂ ਦਾ ਸੰਬੰਧ ਹੈ, ਉਸ ਨੇ ਬੜੀ ਨਿਰਪੱਖਤਾ ਨਾਲ ਕਾਵਿਕ-ਨਿਆਂ ਨੂੰ ਪੇਸ਼ ਕੀਤਾ ਹੈ। ਉਸ ਨੇ ਅੰਗਰੇਜ਼ ਸਾਮਰਾਜ ਦੁਆਰਾ ਪੰਜਾਬ ਉੱਪਰ ਕੀਤੇ ਜਾ ਰਹੇ ਕਬਜ਼ੇ ਅਤੇ ਪੰਜਾਬ ਦਾ ਆਪਣਾਖੁਦਮੁਖ਼ਤਿਆਰੀ ਢਾਂਚਾ ਨਸ਼ਟ ਹੋਣ'ਤੇ ਆਪਣੇ ਦਿਲ ਦੀ ਹੂਕ ਨੂੰ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ। ਉਸ ਨੇ ਜਿਥੇ ਸਿੱਖ ਫ਼ੌਜ ਜਾਂ ਪੰਜਾਬੀਆਂ ਦੀ ਬਹਾਦਰੀ ਦੇ ਸੋਹਲੇ ਗਾਏ ਹਨ ਉਥੇ ਗ਼ਦਾਰਾਂ ਦੀ ਨਿੰਦਿਆ ਅਤੇ ਅੰਗਰੇਜ਼ ਫ਼ੌਜ ਦੀ ਕੂਟਨੀਤੀ ਨੂੰ ਵੀ ਆਪਣੇ ਪਾਠਕਾਂ ਸਾਹਮਣੇ ਰੱਖਿਆ ਹੈ। ਅਜਿਹਾ ਕਰਦਿਆਂ ਉਹ ਧਰਮ ਨਿਰਪੱਖਤਾ ਨੂੰ ਵੀ ਕਾਇਮ ਰੱਖਦਾ ਹੈ ਅਤੇ ਸਿੱਖ ਫ਼ੌਜ ਦੀ ਹਾਰ ਨੂੰ ਸਮੁੱਚੇ ਪੰਜਾਬੀਆਂ ਦੀ ਹਾਰ ਵੀ ਕਹਿੰਦਾ ਹੈ। **ਡਾ. ਹਰਿਭਜਨ ਸਿੰਘ** ਨੇ ਇਸ ਸੰਬੰਧ ਵਿਚ ਲਿਖਿਆ ਹੈ ਕਿ "ਸ਼ਾਹ ਮੁਹੰਮਦ ਦੀ ਦ੍ਰਿਸ਼ਟੀ, ਬੁਨਿਆਦੀ ਤੌਰ'ਤੇ ਸਹਿਜ ਸੈਕੂਲਰ ਹੈ। ਉਹ ਨਾ ਮਹਾਰਾਜੇ ਦੇ ਧਰਮ'ਤੇ ਬਲ ਦਿੰਦਾ ਹੈ, ਨਾ ਆਪਣੇ ਧਰਮ'ਤੇ। ਧਰਮ ਦੇ ਆਧਾਰ'ਤੇ ਵੱਖੋ-ਵੱਖ ਸੰਪ੍ਰਦਾਇ ਇਕ ਦੂਜੇ ਤੋਂ ਰਤਾ ਕੁ ਫਾਸਲੇ ਉੱਪਰ ਵਿਚਰਦੇ ਹਨ, ਸਮਾਜਿਕ ਵਿਹਾਰ ਦੇ ਆਧਾਰ'ਤੇ ਹੀ ਉਹ ਇਕ ਦੂਜੇ ਵਿਚ ਰਚਦੇ ਮਿਚਦੇ ਹਨ। ਉਸ ਨੇ ਸਿੱਖ ਪੰਥ ਤੇ ਮਹਾਰਾਜਾ ਰਣਜੀਤ ਸਿੰਘ ਦੋਹਾਂ ਨੂੰ ਹੀ ਪੰਜਾਬੀ ਵਿਹਾਰ ਦੀ ਪੱਧਰ'ਤੇ ਗ੍ਰਹਿਣ ਕੀਤਾ ਹੈ।" ਇਹੋ ਕਾਰਨ ਹੈ ਕਿ ਸ਼ਾਹ ਮੁਹੰਮਦ ਨੇ ਅੰਗਰੇਜ਼ ਸਾਮਰਾਜ ਨੂੰ ਤੀਸਰੀ ਜ਼ਾਤ ਦਾ ਨਾਂ ਦਿੱਤਾ ਹੈ ਅਤੇ ਰਣਜੀਤ ਸਿੰਘ ਨੂੰ ਕੇਵਲ ਸਿੱਖਾਂ ਦਾ ਨਹੀਂ ਬਲਕਿ ਪੰਜਾਬੀਆਂ ਦਾ ਸਾਂਝਾ ਰਾਜਾ ਕਿਹਾ ਹੈ। ਜੰਗਨਾਮੇ ਨੂੰ ਪੜ੍ਹਨ ਤੋਂ ਬਾਅਦ ਪਤਾ ਚਲਦਾ ਹੈ ਕਿ ਸ਼ਾਹ ਮੁਹੰਮਦ ਦੱਸਣਾ ਚਾਹੁੰਦਾ ਹੈ ਕਿ ਇਨ੍ਹਾਂ ਲੜਾਈਆਂ ਵਿਚ ਸਿਰਫ਼ ਸਿੱਖ ਫ਼ੌਜ ਨੇ ਹੀ ਹਿੱਸਾ ਨਹੀਂ ਸੀ ਲਿਆ ਬਲਕਿ ਇਸ ਵਿਚ ਸਮੁੱਚੇ ਪੰਜਾਬੀਆਂ ਭਾਵ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਆਦਿ ਨੇ ਸਾਂਝੇ ਤੌਰ'ਤੇ ਸ਼ਮੂਲੀਅਤ ਕੀਤੀ ਸੀ। ਇਸ ਕਰਕੇ ਉਸ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ

ਨਿਰਪੱਖ ਇਤਿਹਾਸਿਕ ਕਵੀ ਕਿਹਾ ਜਾਂਦਾ ਹੈ। ਪੰਜਾਬੀ ਦਾ ਉਹ ਪਹਿਲਾ ਕਵੀ ਹੈ ਜਿਸ ਨੇ ਅੰਗਰੇਜ਼ ਸਾਮਰਾਜ ਦੇ ਸਿੱਟੇ ਵਜੋਂ ਪੰਜਾਬ ਦੀ ਹੋਈ ਹਾਰ ਕਾਰਨ ਹਾਅ ਦਾ ਨਾਹਰਾ ਮਾਰਿਆ ਸੀ। ਇਹੋ ਕਾਰਨ ਹੈ ਕਿ ਇਸ ਜੰਗਨਾਮੇ ਨੂੰ ਪੰਜਾਬ ਵਿਚ ਦੇਸ਼ ਭਗਤੀ ਦੀ ਕਵਿਤਾ ਦਾ ਸਿਖ਼ਰ ਕਹਿ ਲਿਆ ਜਾਂਦਾ ਹੈ। ਭਾਵੇਂ ਮੱਧ ਯੁਗੀ ਚੇਤਨਾ ਦੇ ਸਿੱਟੇ ਵਜੋਂ ਉਹ ਇਤਿਹਾਸਿਕ ਘਟਨਾਕ੍ਰਮ ਨੂੰ ਠੀਕ ਤੇ ਯਥਾਰਥਕ ਪੱਧਰ ਉੱਪਰ ਚਿੱਤਰਦਾ ਹੋਇਆ ਵੀ ਇਨ੍ਹਾਂ ਇਤਿਹਾਸਿਕ ਘਟਨਾਵਾਂ ਦੇ ਕਾਰਨਾਂ ਨੂੰ ਕਿਸੇ ਅਲੌਕਿਕ ਸ਼ਕਤੀ ਦੇ ਅਧੀਨ ਕਰ ਦਿੰਦਾ ਹੈ। ਉਹ ਇਨ੍ਹਾਂ ਸਾਰੀਆਂ ਇਤਿਹਾਸਿਕ ਪ੍ਰਸਥਿਤੀਆਂ ਨੂੰ ਕਿਸੇ ਅਲੌਕਿਕ ਸ਼ਕਤੀ ਦਾ ਭਾਣਾ ਮੰਨਦਾ ਹੋਇਆ ਭਵਿੱਖ ਪ੍ਰਤੀ ਅਨਿਸ਼ਚਿਤਤਾ ਦਾ ਵਰਣਨ ਵੀ ਕਰ ਜਾਂਦਾ ਹੈ। ਇਸ ਦੇ ਬਾਵਜੂਦ ਇਸ ਜੰਗਨਾਮੇ ਦਾ ਸਾਰਾ ਵਿਵਰਨ ਏਨੀ ਸੂਝ ਤੇ ਸਿਆਣਪ ਨਾਲ ਪੇਸ਼ ਕੀਤਾ ਹੈ ਕਿ ਹਰ ਘਟਨਾ ਸਾਨੂੰ ਇਕ ਲੜੀ ਵਿਚ ਪਰੋਈ ਹੋਈ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ "ਰੌਚਿਕਤਾ ਵੀ ਆਦਿ ਤੋਂ ਅੰਤ ਤਕ ਕਾਇਮ ਰਹਿੰਦੀ ਹੈ ਕਿਉਂਕਿ ਕਵੀ ਦੀ ਵਰਣਨ ਸ਼ਕਤੀ, ਸੁੰਦਰ ਸ਼ਬਦ ਚੋਣ, ਵਿਅੰਗ, ਉਕਤੀਆਂ ਅਤੇ ਮੁਹਾਵਰਿਆਂ ਨਾਲ ਸੁਸਜਿਤ ਹੈ ਅਤੇ ਪਾਤਰਾਂ ਦੇ ਮਨੋਭਾਵ ਵੀ ਰੌਚਕਤਾ ਵਿਚ ਵਾਧਾ ਕਰਦੇ ਹਨ।" ਇਹੋ ਕਾਰਨ ਹਨ ਜਿਨ੍ਹਾਂ ਨੇ ਇਸ ਜੰਗਨਾਮੇ ਦੇ ਸਾਹਿਤਿਕ ਮਹੱਤਵ ਅਤੇ ਹਰਮਨ ਪਿਆਰਤਾ ਨੂੰ ਕਾਇਮ ਰੱਖਿਆ ਹੈ। ਇਸ ਕਰਕੇ ਸ਼ਾਹ ਮੁਹੰਮਦ ਦੇ ਇਸ ਜੰਗਨਾਮੇ ਨੂੰ ਆਪਣੇ ਯੁੱਗ ਦੀ ਇਕ ਪ੍ਰਤੀਨਧ ਤੇ ਮਹੱਤਵਪੂਰਨ ਰਚਨਾ ਮੰਨਿਆ ਜਾਂਦਾ ਹੈ ਅਤੇ ਵਰਤਮਾਨ ਅਤੇ ਭਵਿੱਖ ਵਿਚ ਵੀ ਇਸ ਦੀ ਮਹਾਨਤਾ ਕਾਇਮ ਰਹੇਗੀ।

## ਇਤਿਹਾਸਕ ਪਰਿਪੇਖ

ਇਤਿਹਾਸਿਕਤਾ ਦੇ ਨਜ਼ਰੀਏ ਤੋਂ ਸ਼ਾਹ ਮੁਹਮੰਦ ਰਚਿਤ ਜੰਗਨਾਮਾ ਇੱਕ ਮਹੱਤਵਪੂਰਨ ਇਤਿਹਾਸਿਕ ਸ੍ਰੋਤ ਦ੍ਰਿਸ਼ਟੀਗੋਚਰ ਹੁੰਦਾ ਹੈ। ਭਾਵੇਂ ਇਸ ਵਿਚ ਬੜੀ ਸੰਖੇਪਤਾ ਵਿਚ ਵੱਖ-ਵੱਖ ਇਤਿਹਾਸਿਕ ਘਟਨਾਵਾਂ ਦਾ ਵੇਰਵਾ ਮਿਲਦਾ ਹੈ ਫਿਰ ਵੀ ਇਸ ਵਿਚਲੀਆਂ ਘਟਨਾਵਾਂ ਇਤਿਹਾਸਿਕ ਪੱਖ ਤੋਂ ਹਕੀਕਤ ਦੇ ਕਾਫ਼ੀ ਨੇੜੇ ਹਨ। ਇਹੋ ਕਾਰਨ ਹੈ ਕਿ ਬਹੁਤ ਸਾਰੇ ਚਿੰਤਕਾਂ, ਬੁੱਧੀਜੀਵੀਆਂ ਅਤੇ ਆਲੋਚਕਾਂ ਨੇ ਇਸ ਨੂੰ ਇਤਿਹਾਸਿਕ-ਕਾਵਿ-ਰਚਨਾ ਦਾ ਦਰਜਾ ਦਿੱਤਾ ਹੈ। ਸ਼ਾਹ ਮੁਹਮੰਦ ਨੇ ਆਪਣੇ ਇਸ ਜੰਗਨਾਮੇ ਵਿਚ ਸਿੱਖ ਰਾਜ ਦੇ ਪਤਨ ਅਤੇ ਅੰਗਰੇਜ਼ ਸਾਮਰਾਜਵਾਦ ਦੇ ਪੰਜਾਬ ਉੱਪਰ ਕਾਬਜ਼ ਹੋਣ ਦੇ ਮੁੱਢਲੇ ਦਿਨਾਂ ਨੂੰ ਵਿਸ਼ਾ ਬਣਾਇਆ ਹੈ।

ਜਦੋਂ ਅਸੀਂ ਸ਼ਾਹ ਮੁਹਮੰਦ ਦੁਆਰਾ ਰਚਿਤ ਜੰਗਨਾਮੇ ਦਾ ਗੰਭੀਰਤਾ ਨਾਲ ਅਧਿਐਨ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਕਵੀ ਨੂੰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਸੈਂਕੜੇ ਸਾਲਾਂ ਤੋਂ ਬਾਅਦ ਪ੍ਰਾਪਤ ਕੀਤੀ ਪੰਜਾਬੀਆਂ ਦੀ ਬਾਦਸ਼ਾਹੀ ਨੂੰ ਅੰਗਰੇਜ਼ ਸਾਮਰਾਜ ਦੁਆਰਾ ਵੰਗਾਰਿਆ ਗਿਆ। ਉਸ ਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਅੰਗਰੇਜ਼ਾਂ ਦੁਆਰਾ ਪੰਜਾਬੀਆਂ ਦੀ ਅਣਖ ਤੇ ਗੌਰਵ ਨੂੰ ਖ਼ਤਮ ਕਰਕੇ ਇੱਥੋਂ ਦੀ ਧਰਮ-ਨਿਰਪੱਖਤਾ ਅਤੇ ਸਾਂਝੀਵਾਲਤਾ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਤਰ੍ਹਾਂ ਸ਼ਾਹ ਮੁਹਮੰਦ ਦੀ ਇਹ ਰਚਨਾ ਲਗ-ਪਗ ਸੱਤ ਵਰ੍ਹਿਆਂ ਦੇ ਪੰਜਾਬ ਦੀ ਭਿਆਨਕ ਇਤਿਹਾਸਿਕ ਤਸਵੀਰ ਨੂੰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕਰ ਜਾਂਦੀ ਹੈ। ਇਸ ਰਚਨਾ ਵਿਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਭਰਾਵਾਂ ਦੀ ਪ੍ਰਸਿੱਧ ਜੰਗ ਅਤੇ ਇਸ ਜੰਗ ਉਪਰੰਤ ਅੰਗਰੇਜ਼ ਸਾਮਰਾਜ ਦੇ ਲਾਹੌਰ ਦਰਬਾਰ'ਤੇ ਹੋਏ ਕਬਜ਼ੇ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਇਸ ਰਚਨਾ ਵਿਚ ਸੰਕੇਤਕ ਰੂਪ ਵਿਚ ਹੀ ਰਣਜੀਤ ਸਿੰਘ ਦੀ ਸ਼ਖ਼ਸੀਅਤ ਦੀ ਭਾਵਨਾਮਈ ਝਾਕੀ ਅਤੇ ਲਾਹੌਰ ਦਰਬਾਰ ਦੀ ਅਰਾਜਕਤਾ ਦਾ ਵਰਣਨ ਨੂੰ ਵੀ ਬੜੇ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ।

ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਉੱਤਰਾਧਿਕਾਰੀਆਂ ਵਿਚਕਾਰ ਆਪਸੀ ਖਿੱਚੋਤਾਣ ਵਧ ਗਈ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਅੰਗਰੇਜ਼ਾਂ ਨੇ ਸਿੱਖਾਂ ਦੇ ਗ਼ੱਦਾਰ ਆਗੂਆਂ ਨਾਲ ਮਿਲ ਕੇ ਸਿੱਖ ਰਾਜ ਨੂੰ ਤਬਾਹ ਕਰਨ ਦੀਆਂ ਸਾਜ਼ਿਸ਼ਾਂ ਵਿਚ ਤੇਜ਼ੀ ਲੈ ਆਂਦੀ। ਇਨ੍ਹਾਂ ਸਾਜ਼ਿਸ਼ਾਂ ਦਾ ਸਿੱਟਾ ਇਹ ਨਿਕਲਿਆ ਕਿ ਕੁੱਝ ਸਮੇਂ ਬਾਅਦ ਹੀ ਬਾਕੀ ਹਿੰਦੁਸਤਾਨ ਵਾਂਗ ਪੰਜਾਬ ਵੀ ਅੰਗਰੇਜ਼ ਸਾਮਰਾਜਵਾਦ ਦੀ ਅਧੀਨਤਾ ਵੱਲ ਵਧਣ ਲੱਗਾ। ਰਣਜੀਤ ਸਿੰਘ ਦੀਆਂ ਵੱਖ-ਵੱਖ ਰਾਣੀਆਂ ਦੀ ਕੁੱਖ ਤੋਂ ਜਨਮ ਸੱਤ ਪੁੱਤਰ : ਖੜਕ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ , ਕਸ਼ਮੀਰਾ ਸਿੰਘ, ਪਿਸ਼ੌਰਾ ਸਿੰਘ, ਮੁਲਤਨਾਨ ਸਿੰਘ ਅਤੇ ਦਲੀਪ ਸਿੰਘ ਸਨ। ਇਨ੍ਹਾਂ ਭਰਾਵਾਂ ਵਿਚ ਆਪਸੀ ਪਿਆਰ ਘੱਟ ਤੇ ਈਰਖਾ ਵੱਧ ਸੀ। ਰਣਜੀਤ ਸਿੰਘ ਦੇ ਜਿਊਂਦਿਆਂ ਹੀ ਲਾਹੌਰ ਦਰਬਾਰ ਵਿਚ ਦੋ ਧੜਿਆਂ ਵਿਚਕਾਰ ਆਪਸੀ ਖਿੱਚੋਤਾਣ, ਕੁੜੱਤਣ ਤੇ ਨਫ਼ਰਤ ਸ਼ੁਰੂ ਹੋ ਚੁੱਕੀ ਸੀ ਜਿਹੜੀ ਕਿ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜ਼ੋਰ ਫੜ ਗਈ। ਇੱਕ ਧੜਾ ਸਰਦਾਰ ਹਰੀ ਸਿੰਘ ਨਲੂਆ, ਸੰਧਾਵਾਲੀਏ ਸਰਦਾਰ, ਅਟਾਰੀਵਾਲੇ ਤੇ ਮਜੀਠੀਏ ਸਿੱਖ ਸਰਦਾਰਾਂ ਦਾ ਸੀ ਅਤੇ ਦੂਜੇ ਧੜੇ ਵਿਚ ਪ੍ਰਧਾਨ ਮੰਤਰੀ ਧਿਆਨ ਸਿੰਘ, ਰਾਜਾ ਗੁਲਾਬ ਸਿੰਘ ਅਤੇ ਸੁਚੇਤ ਸਿੰਘ ਆਦਿ ਸ਼ਾਮਲ ਸਨ। ਡੋਗਰਾ ਭਰਾਵਾਂ ਦੀ ਵਧ ਰਹੀ ਤਾਕਤ ਤੋਂ ਸਾਰੇ ਸਿੱਖ ਸਰਦਾਰ ਤੇ ਸ਼ਹਿਜ਼ਾਦੇ ਚਿੰਤਾਤੁਰ ਸਨ ਅਤੇ ਉਨ੍ਹਾਂ ਦੀ ਤਾਕਤ ਨੂੰ ਹਰ ਹਾਲਤ ਵਿਚ ਖ਼ਤਮ ਕਰਨਾ ਚਾਹੁੰਦੇ ਸਨ। ਪਰ ਕੰਵਰ ਨੌਨਿਹਾਲ ਸਿੰਘ ਨੇ ਡੋਗਰਾ ਭਰਾਵਾਂ ਨਾਲ ਮਿਲ ਕੇ ਮਹਾਰਾਜਾ ਖੜਕ ਸਿੰਘ ਦੀਆਂ ਅੱਖਾਂ ਮੂਹਰੇ ਚੇਤ ਸਿੰਘ ਦਾ ਕਤਲ ਕਰ ਦਿੱਤਾ। ਸ਼ਾਹ ਮੁਹਮੰਦ ਚੇਤ ਸਿੰਘ ਪ੍ਰਤੀ ਖੜਕ ਸਿੰਘ ਦੇ ਮੋਹ ਅਤੇ ਉਸਦੀ ਮੌਤ ਦਾ ਵਰਣਨ ਬੜੇ ਕਰੁਣਾਮਈ ਢੰਗ ਨਾਲ ਇਸ ਤਰ੍ਹਾਂ ਕਰਦਾ ਹੈ :

ਜਦੋਂ ਹੋਏ ਸਰਕਾਰ ਦੇ ਸੁਆਸ ਪੂਰੇ,
ਜਮਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਧਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ ਕਰਾਰ ਮੀਆਂ।

ਉਪਰੋਕਤ ਸਤਰਾਂ ਤੋਂ ਸਪਸ਼ਟ ਹੈ ਕਿ ਜੰਗਨਾਮਾਕਾਰ ਚੇਤ ਸਿੰਘ ਬਾਜਵਾ ਦੇ ਕਤਲ ਨੂੰ ਪੰਜਾਬ ਦੀ ਹੋਣੀ ਦਾ ਪ੍ਰਮੁੱਖ ਕਾਰਨ ਮੰਨਦਾ ਹੋਇਆ ਉਸ ਦੇ ਕਤਲ ਦੀ ਜ਼ੁੰਮੇਵਾਰੀ ਕੰਵਰ ਨੌਨਿਹਾਲ ਸਿੰਘ ਦੇ ਸਿਰ ਮੜਦਾ ਹੈ।

ਜਦੋਂ ਸ਼ੇਰ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਰਾਣੀ ਚੰਦ ਕੌਰ ਨੂੰ ਪ੍ਰਧਾਨਗੀ ਦੀ ਗੱਦੀ ਤੋਂ ਉਤਾਰਨ ਦੀਆਂ ਸਕੀਮਾਂ ਘੜਨ ਲੱਗਾ। ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਮਹਾਰਾਜਾ ਬਣਾਉਣ ਲਈ ਸਿੱਖ ਫ਼ੌਜੀ ਅਫ਼ਸਰਾਂ ਨਾਲ ਸਲਾਹ ਮਸ਼ਵਰੇ ਕੀਤੇ ਅਤੇ ਉਹ ਆਪ 30 ਸਤੰਬਰ 1840 ਈ. ਨੂੰ ਕੁੱਝ ਹਫ਼ਤਿਆਂ ਦੀ ਛੁੱਟੀ ਲੈ ਕੇ ਜੰਮੂ ਚਲਾ ਗਿਆ। ਜੰਮੂ ਜਾਂਦਿਆਂ ਰਸਤੇ ਵਿਚ ਉਸ ਨੇ ਲਾਹੌਰ ਦਰਬਾਰ ਉੱਪਰ ਕਬਜ਼ਾ ਕਰਨ ਲਈ ਸ਼ੇਰ ਸਿੰਘ ਨੂੰ ਵੀ ਗੁਪਤ ਚਿੱਠੀ ਰਾਹੀਂ ਸੂਚਿਤ ਕੀਤਾ। ਸ਼ੇਰ ਸਿੰਘ ਆਪਣੀ ਯੋਗਤਾ ਕਾਰਨ ਸਿੱਖ ਫ਼ੌਜ ਵਿਚ ਪਹਿਲਾਂ ਹੀ ਮਸ਼ਹੂਰ ਹੋ ਚੁੱਕਾ ਸੀ ਅਤੇ ਸਿੱਖ ਫ਼ੌਜੀ ਅਫ਼ਸਰ ਉਸ ਦੀ ਮਦਦ ਕਰਨ ਦੇ ਚਾਹਵਾਨ ਸਨ। ਇਸ ਇਤਿਹਾਸਿਕ ਤੱਥ ਬਾਰੇ ਸ਼ਾਹ ਮੁਹਮੰਦ ਲਿਖਦਾ ਹੈ :

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ,
ਫ਼ੌਜਾਂ ਤੁਰੰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜ ਉੱਡ ਕੇ ਘਟਾ ਹੋ ਚੱਲਿਆ ਨੀ।
ਆਵੇ ਬੁੱਧੂ ਦੇ ਲਾਏ ਨੀ ਪਾਸ ਡੇਰੇ,
ਫ਼ੌਜਾਂ ਲੱਥੀਆਂ ਆਣ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾ ਮਿਲੇ ਅਫ਼ਸਰ,
ਗੱਲਾਂ ਵਿਚ ਲਾਹੌਰ ਦੇ ਚੱਲੀਆਂ ਨੀ।

ਇਸ ਤਰ੍ਹਾਂ ਧਿਆਨ ਸਿੰਘ ਦੇ ਬੁਲਾਵੇ'ਤੇ ਸ਼ੇਰ ਸਿੰਘ ਆਪਣੀਆਂ ਫ਼ੌਜਾਂ ਸਮੇਤ ਲਾਹੌਰ ਪਹੁੰਚਿਆ। 15 ਜਨਵਰੀ, 1841 ਈ. ਨੂੰ ਬੁੱਧੂ ਦੇ ਆਵੇ ਕੋਲ ਡੇਰੇ ਲਾਏ ਅਤੇ ਤ੍ਰਿਕਾਲਾਂ ਤੋਂ ਕੁੱਝ ਘੰਟਿਆਂ ਬਾਅਦ ਉਹ ਆਪਣੀ ਲਗਪਗ ਸੱਠ ਹਜ਼ਾਰ ਫ਼ੌਜ ਸਮੇਤ ਲਾਹੌਰ ਸ਼ਹਿਰ ਦਾਖ਼ਲ ਹੋ ਗਿਆ। ਉਸ ਦੀ ਫ਼ੌਜ ਨੇ ਕਿਲ੍ਹੇ ਨੂੰ ਘੇਰ ਲਿਆ। ਭਾਵੇਂ ਸਿੱਖ ਫ਼ੌਜਾਂ ਉਸ ਨਾਲ ਰਲ ਗਈਆਂ ਸਨ ਪਰ ਰਾਣੀ ਚੰਦ ਕੌਰ ਦਾ ਹੌਸਲਾ ਅਜੇ ਵੀ ਬੁਲੰਦ ਸੀ। ਰਾਣੀ ਚੰਦ ਕੌਰ ਨੂੰ ਮਜਬੂਰ ਹੋ ਕੇ ਸਮਝੌਤਾ ਕਰਨਾ ਪਿਆ। ਇਸ ਤਰ੍ਹਾਂ 18 ਜਨਵਰੀ 1841 ਈ. ਨੂੰ ਸ਼ੇਰ ਸਿੰਘ ਨੂੰ ਰਾਜ ਗੱਦੀ'ਤੇ ਬਿਠਾਇਆ ਗਿਆ। ਸ਼ਾਹ ਮੁਹਮੰਦ ਸ਼ੇਰ ਸਿੰਘ ਦੇ ਮਹਾਰਾਜਾ ਬਣਨ'ਤੇ ਲਿਖਦਾ ਹੈ :

ਉਸ ਬਲੀ ਸ਼ਾਹਜ਼ਾਦੇ ਦਾ ਤੇਜ਼ ਭਾਰੀ,
ਜਿਸ ਕਿਲ੍ਹੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ,
ਸ਼ੇਰ ਸਿੰਘ ਨੂੰ ਗੱਦੀ ਬਹਾਇਆ ਈ।

15 ਸਤੰਬਰ, 1843 ਨੂੰ ਧੋਖੇ ਨਾਲ ਅਜੀਤ ਸਿੰਘ ਨੇ ਸ਼ੇਰ ਸਿੰਘ ਉੱਤੇ ਗੋਲੀ ਦਾਗ਼ ਦਿੱਤੀ ਅਤੇ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਸ਼ੇਰ ਸਿੰਘ ਦਾ ਸਿਰ ਆਪਣੀ ਤਲਵਾਰ ਨਾਲ ਧੜ ਨਾਲੋਂ ਵੱਖਰਾ ਕਰ ਦਿੱਤਾ। ਇਸੇ ਤਰ੍ਹਾਂ ਲਹਿਣਾ ਸਿੰਘ ਨੇ ਕੰਵਰ ਪ੍ਰਤਾਪ ਸਿੰਘ ਨੂੰ ਵੀ ਖ਼ਤਮ ਕਰ ਦਿੱਤਾ। ਇਨ੍ਹਾਂ ਦੋਵੇਂ ਕਤਲਾਂ ਬਾਰੇ ਸ਼ਾਹ ਮੁਹਮੰਦ ਲਿਖਦਾ ਹੈ :

ਸ਼ੇਰ ਸਿੰਘ, ਪਰਤਾਪ ਸਿੰਘ ਮਾਰ ਕੇ ਜੀ,
ਸੰਧਾਵਾਲੀਏ ਸ਼ਹਿਰ ਨੂੰ ਉੱਠ ਧਾਏ।

ਰਾਜਾ ਮਿਲਿਆ ਤਾਂ ਕਿਹਾ ਅਜੀਤ ਸਿੰਘ ਨੇ,
ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।

ਸੰਧਾਵਾਲੀਏ ਸਰਦਾਰਾਂ ਨੇ ਮਹਾਰਾਣੀ ਜਿੰਦਾ ਦੇ ਪੰਜ ਸਾਲਾ ਪੁੱਤਰ ਦਲੀਪ ਸਿੰਘ ਨੂੰ ਰਾਜ ਤਿਲਕ ਦੇ ਕੇ ਗੱਦੀ'ਤੇ ਬੈਠਾ ਦਿੱਤਾ। ਇਨ੍ਹਾਂ ਘਟਨਾਵਾਂ ਬਾਰੇ ਸ਼ਾਹ ਮੁਹਮੰਦ ਇਸ ਤਰ੍ਹਾਂ ਟਿੱਪਣੀ ਕਰਦਾ ਹੈ।

ਸ਼ਾਹਮੁਹੱਮਦ ਜੰਗਨਾਮੇ ਵਿਚ ਜਗ੍ਹਾ-ਜਗ੍ਹਾ'ਤੇ ਸਿੱਖਾਂ ਦੀ ਹਾਰ ਦਾ ਕਾਰਨ ਰਾਣੀ ਜਿੰਦ ਕੌਰ ਨੂੰ ਦੱਸਦਾ ਹੈ। ਉਹ ਰਾਣੀ ਜਿੰਦ ਕੌਰ ਉੱਪਰ ਮੁੱਖ ਦੋਸ਼ ਇਹ ਲਗਾਉਂਦਾ ਹੈ ਕਿ ਉਸ ਨੇ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਸਿੱਖ ਫ਼ੌਜ ਨੂੰ ਅੰਗਰੇਜ਼ਾਂ ਵਿਰੁੱਧ ਲੜਾਈ ਵਿਚ ਝੋਕ ਦਿੱਤਾ ਸੀ। ਇਸ ਗੱਲ ਦੀ ਪੁਸ਼ਟੀ ਉਸਦੀਆਂ ਹੇਠ ਲਿਖੀਆਂ ਸਤਰਾਂ ਤੋਂ ਹੋ ਜਾਂਦੀ ਹੈ :

ਜਿੰਨਾ ਮਾਰਿਆ ਕੋਹਿ ਕੇ ਵੀਰ ਮੇਰਾ,
ਮੈਂ ਤਾਂ ਖੁਹਾਊਗੀਂ ਉਨ੍ਹਾਂ ਦੀਆਂ ਜ`ਡੀਆਂ ਨੀ।
ਧਾਕਾਂ ਜਾਣ ਵਲਾਇਤੀਂ ਦੇਸ ਸਾਰੇ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ, ਚੌਂਕ, ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡ`ਘੇ
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।

ਸ਼ਾਹ ਮੁਹਮੰਦ ਅਨੁਸਾਰ ਜਦੋਂ ਅੰਗਰੇਜ਼ਾਂ ਨੇ ਸਤਲੁਜ ਪਾਰ ਦੇ ਇਲਾਕੇ'ਤੇ ਕਬਜ਼ਾ ਕਰ ਲਿਆ ਉਸ ਵੇਲੇ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਫ਼ੌਜਾਂ ਵਿਚਕਾਰ ਜੰਗ ਛਿੜ ਗਈ। ਗਿਆਰਾਂ ਦਸੰਬਰ 1845 ਈ. ਨੂੰ ਲਗਪਗ ਸੱਠ ਹਜ਼ਾਰ ਸਿੱਖ ਫ਼ੌਜ ਲਾਲ ਸਿੰਘ ਅਤੇ ਤੇਜਾ ਸਿੰਘ ਦੀ ਅਗਵਾਈ ਹੇਠ ਸਤਲੁਜ ਦਰਿਆ ਪਾਰ ਕਰ ਚੁੱਕੀ ਸੀ। ਉਸ ਸਮੇਂ ਫ਼ਿਰੋਜ਼ਪੁਰ ਵਿਖੇ ਅੰਗਰੇਜ਼ ਫ਼ੌਜ ਦੀ ਨਫ਼ਰੀ ਕੇਵਲ ਅੱਠ ਹਜ਼ਾਰ ਦੇ ਨੇੜੇ ਸੀ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਜੇਕਰ ਉਸ ਸਮੇਂ ਲਾਲ ਸਿੰਘ ਸਿੱਖ ਫ਼ੌਜ ਨੂੰ ਤੁਰੰਤ ਹਮਲਾ ਕਰਨ ਦਾ ਹੁਕਮ ਦੇ ਦਿੰਦਾ ਤਾਂ ਅੰਗਰੇਜ਼ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਇਆ ਜਾ ਸਕਦਾ ਸੀ। ਪਰ ਲਾਲ ਸਿੰਘ ਨੇ ਜਾਣਬੁੱਝ ਕੇ ਅਜਿਹਾ ਨਾ ਕੀਤਾ। ਅਸਲ ਵਿਚ ਉਸ ਦਾ ਪਹਿਲਾਂ ਹੀ ਫ਼ਿਰੋਜ਼ਪੁਰ ਵਿਚ ਅੰਗਰੇਜ਼ ਸਹਾਇਕ ਨਿਕਲਸਨ ਨਾਲ ਚਿੱਠੀ-ਪੱਤਰ ਚੱਲ ਰਿਹਾ ਸੀ। ਨਿਕਲਸਨ ਨੇ ਲਾਲ ਸਿੰਘ ਨੂੰ ਸਲਾਹ ਦਿੱਤੀ ਸੀ ਕਿ ਉਹ ਸਿੱਖ ਫ਼ੌਜ ਨੂੰ ਫ਼ਿਰੋਜ਼ਪੁਰ ਉੱਪਰ ਹਮਲਾ ਕਰਨ ਤੋਂ ਕੁੱਝ ਦਿਨਾਂ ਲਈ ਰੋਕ ਕੇ ਰੱਖੇ। ਇਹੋ ਕਾਰਨ ਸੀ ਕਿ ਸਿੱਖ ਫ਼ੌਜ ਨੇ ਅੰਗਰੇਜ਼ ਫ਼ੌਜ ਵਿਰੁੱਧ ਉਦੋਂ ਤਕ ਕੋਈ ਕਾਰਵਾਈ ਨਾ ਕੀਤੀ ਜਦੋਂ ਤਕ ਸਰ ਹਿਊਗ ਗਫ਼ ਦੀ ਅਗਵਾਈ ਅਧੀਨ ਅੰਗਰੇਜ਼ ਫ਼ੌਜ ਮੁਦਕੀ ਨਾਂ ਦੇ ਸਥਾਨ'ਤੇ ਨਾ ਪਹੁੰਚ ਗਈ। ਅਠਾਰਾਂ ਦਸੰਬਰ 1845 ਈ. ਨੂੰ ਲਾਲ ਸਿੰਘ ਸਿੱਖ ਫ਼ੌਜ ਨੂੰ ਮੁਦਕੀ ਵਿਖੇ ਲੈ ਆਇਆ। ਇਸ ਤਰ੍ਹਾਂ ਸ਼ਾਹ ਮੁਹਮੰਦ ਲਾਰਡ ਹਾਰਡਿੰਗ ਦੁਆਰਾ ਸਿੱਖਾਂ ਨਾਲ ਯੁੱਧ ਛੇੜੇ ਜਾਣ ਦੇ ਕਾਰਨਾਂ ਨੂੰ ਘੋਖਦਾ ਹੋਇਆ ਲਿਖਦਾ ਹੈ:

ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ ਨੇ ਚੁੱਕਿਆ ਆਣ ਬੀੜਾ,
ਹਮ ਸਿੰਘ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ,
ਇਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰਵੀਂ ਨੂੰ,
ਹਮ ਸ਼ਹਿਰ ਲਾਹੌਰ ਵਿਚ ਵੜੇਗਾ ਜੀ।

ਸ਼ਾਹ ਮੁਹਮੰਦ ਅਨੁਸਾਰ ਸਿੱਖਾਂ ਅਤੇ ਅੰਗਰੇਜ਼ ਫ਼ੌਜ ਵਿਚਕਾਰ ਲੜਾਈ ਹੁਣ ਅਟੱਲ ਹੀ ਸੀ। ਸਿੱਖ ਫ਼ੌਜ ਦਾ ਇਰਾਦਾ ਅੰਗਰੇਜ਼ਾਂ ਉੱਪਰ ਹਮਲਾ ਕਰਨ ਦਾ ਨਹੀਂ ਸੀ ਸਗੋਂ ਆਪਣੇ ਇਲਾਕਿਆਂ ਨੂੰ ਅੰਗਰੇਜ਼ਾਂ ਕੋਲੋਂ ਬਚਾਉਣਾ ਸੀ। ਇਹੋ ਕਾਰਨ ਸੀ ਕਿ ਉਹ ਮੁਦਕੀ ਦੀ ਲੜਾਈ ਤੋਂ ਪਹਿਲਾਂ ਰਣਜੀਤ ਸਿੰਘ ਦੀ ਸਮਾਧ 'ਤੇ ਹਾਜ਼ਰ ਹੋਈ ਸੀ। ਸਿੱਖ ਫ਼ੌਜੀਆਂ ਨੇ ਕਸਮਾਂ ਖਾਧੀਆਂ ਸਨ ਕਿ ਉਹ ਹਰ ਹਾਲਤ ਵਿਚ ਲਾਹੌਰ ਦਰਬਾਰ ਦੇ ਵਫ਼ਾਦਾਰ ਰਹਿਣਗੇ ਅਤੇ ਅੰਗਰੇਜ਼ਾਂ ਨਾਲ ਲੜਦਿਆਂ ਆਪਣੀ ਜਾਨ ਦੀ ਪ੍ਰਵਾਹ ਵੀ ਨਹੀਂ ਕਰਨਗੇ ਪਰ ਸਿੱਖ ਫ਼ੌਜ ਦਾ ਮੋਹਰੀ ਲਾਲ ਸਿੰਘ ਸੀ। ਉਹ ਆਪਣੇ ਪਹਿਲੇ ਮਿੱਥੇ ਪ੍ਰੋਗਰਾਮ ਅਨੁਸਾਰ ਸਿੱਖ ਫ਼ੌਜ ਨੂੰ ਲੜਾਈ ਵਿਚ ਫਸਾ ਕੇ ਆਪ ਜੰਗ ਦੇ ਮੈਦਾਨ

ਵਿਚੋਂ ਖਿਸਕ ਗਿਆ ਸੀ। ਇਸ ਦੇ ਬਾਵਜੂਦ ਸਿੱਖ ਫ਼ੌਜ ਦੇ ਮਨ ਵਿਚ ਅੰਗਰੇਜ਼ਾਂ ਵਿਰੁੱਧ ਲੜਾਈ ਲੜਨ ਦਾ ਪੂਰਾ ਜੋਸ਼ ਸੀ। ਸਿੱਖਾਂ ਦੇ ਜੋਸ਼ ਨੂੰ ਸ਼ਾਹ ਮੁਹਮੰਦ ਇਸ ਤਰ੍ਹਾਂ ਪੇਸ਼ ਕਰਦਾ ਹੈ :

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
ਚਲੋ ਜਾਏ ਫ਼ਰੰਗੀ ਨੂੰ ਮਾਰੀਏ ਜੀ।
ਇੱਕ ਵਾਰ ਜੇ ਸਾਹਮਣੇ ਹੋਇ ਸਾਡੇ,
ਇੱਕ ਘੜੀ ਵਿਚ ਪਾਰ ਉਤਾਰੀਏ ਜੀ।

ਭਾਵੇਂ ਮੁਦਕੀ ਦੀ ਲੜਾਈ ਵਿਚ ਸਿੱਖ ਫ਼ੌਜ ਦੀ ਹਾਰ ਹੋਈ ਸੀ ਪਰ ਫਿਰ ਵੀ ਇਸ ਲੜਾਈ ਨੇ ਅੰਗਰੇਜ਼ ਫ਼ੌਜ ਨੂੰ ਇਹ ਗਿਆਨ ਕਰਵਾ ਦਿੱਤਾ ਸੀ ਕਿ ਸਿੱਖ ਨਾ ਤਾਂ ਬੁਜ਼ਦਿਲ ਹਨ ਅਤੇ ਨਾ ਹੀ ਫੋਕੀਆਂ ਫੜਾਂ ਮਾਰਨ ਵਾਲੇ ਹਨ। ਲਾਲ ਸਿੰਘ ਦੇ ਜੰਗ ਦੇ ਮੈਦਾਨ ਵਿਚੋਂ ਖਿਸਕਣ ਦੇ ਬਾਵਜੂਦ ਸਿੱਖ ਫ਼ੌਜਾਂ ਬੜੀ ਬਹਾਦਰੀ ਨਾਲ ਲੜੀਆਂ ਸਨ। ਇਹੋ ਕਾਰਨ ਸੀ ਕਿ ਅੰਗਰੇਜ਼ਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਜਿੰਨੀ ਦੇਰ ਤਕ ਬਾਕੀ ਅੰਗਰੇਜ਼ ਫ਼ੌਜ ਨਾਲ ਮੇਲ ਨਹੀਂ ਹੋ ਜਾਂਦਾ ਉਦੋਂ ਤਕ ਅੰਗਰੇਜ਼ ਫ਼ੌਜ ਸਿੱਖ ਫ਼ੌਜ ਨਾਲ ਨਹੀਂ ਲੜੇਗੀ। ਮੁਦਕੀ ਦੀ ਲੜਾਈ ਵਿਚ ਸਿੱਖ ਫ਼ੌਜ ਦੀ ਹੋਈ ਹਾਰ ਦਾ ਚਿਤਰਨ ਸ਼ਾਹ ਮੁਹਮੰਦ ਇਸ ਤਰਾਂ ਕਰਦਾ ਹੈ :

ਇੱਕ ਪਿੰਡ ਦਾ ਨਾਮ ਜੋ ਮੁਦਕੀ ਸੀ,
ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ,
ਝੰਡੇ ਦਿਤੇ ਨੇ ਜਾਇ ਕੇ ਗੱਡ ਮੀਆਂ।
ਤੋਪਾਂ ਚੱਲੀਆਂ ਕਟਕ ਫਰੰਗੀਆਂ ਦੇ,
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂ ਨੂੰ ਉੱਠ ਨੱਠੇ,
ਤੋਪਾਂ ਸਭ ਆਏ ਓਥੇ ਛੱਡ ਮੀਆਂ।

ਸ਼ਾਹ ਮੁਹਮੰਦ ਅਨੁਸਾਰ ਮੁਦਕੀ ਦੀ ਲੜਾਈ ਵਿਚ ਸਿੱਖ ਫ਼ੌਜ, ਅੰਗਰੇਜ਼ ਫ਼ੌਜ ਨਾਲ ਬੜੀ ਬਹਾਦਰੀ ਅਤੇ ਦਲੇਰੀ ਨਾਲ ਲੜੀ ਸੀ। ਇਸ ਦੇ ਬਾਵਜੂਦ ਸਿੱਖ ਫ਼ੌਜ ਦੀ ਨਫ਼ਰੀ ਘੱਟ ਹੋਣ ਕਾਰਨ ਅਤੇ ਅੰਗਰੇਜ਼ ਫ਼ੌਜ ਕੋਲ ਚੰਗੇ ਯੋਧੇ ਅਤੇ ਆਧੁਨਿਕ ਹਥਿਆਰ ਹੋਣ ਕਾਰਨ ਸਿੱਖ ਫ਼ੌਜ ਹਾਰ ਗਈ ਸੀ। ਸਿੱਖ ਫ਼ੌਜ ਨੇ ਇਸ ਲੜਾਈ ਵਿਚ ਅਸਾਧਾਰਨ ਦਲੇਰੀ ਵਿਖਾਈ ਅਤੇ ਬੜੀ ਸੂਰਬੀਰਤਾ ਨਾਲ ਲਾਰਡ ਹਾਰਡਿੰਗ ਦੀ ਫ਼ੌਜ ਦਾ ਸਾਹਮਣਾ ਕੀਤਾ। ਇਸ ਤਰਾਂ ਸਿੱਖਾਂ ਦੀ ਇੱਕ ਹੋਰ ਝੜਪ ਫੇਰੂ ਸ਼ਹਿਰ ਵਿਖੇ ਹੋਈ ਇੱਥੇ ਵੀ ਫ਼ਰੀਦਕੋਟ ਦੇ ਰਾਜਾ ਪਹਾੜ ਸਿੰਘ ਦੀ ਗੰਦਾਰੀ ਕਾਰਨ ਸਿਖਾ ਦਾ ਕਾਫ਼ੀ ਨੁਕਸਾਨ ਹੋਇਆ।

ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਉਸ ਦੀ ਗ਼ੈਰਸਾਲੀ।
ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।

ਫੇਰੂ ਸ਼ਹਿਰ ਦੀ ਜੰਗ ਵਿਚ ਹਾਰ ਖਾਣ ਤੋਂ ਬਾਅਦ ਰਾਣੀ ਜਿੰਦ ਕੌਰ ਨੇ ਜੰਮੂ ਤੋਂ ਰਾਜਾ ਗੁਲਾਬ ਸਿੰਘ ਨੂੰ ਬੁਲਾ ਲਿਆ। ਰਾਣੀ ਜਿੰਦ ਕੌਰ ਦਾ ਅਨੁਮਾਨ ਸੀ ਕਿ ਪਹਾੜੀ ਰਾਜਾ ਗੁਲਾਬ ਸਿੰਘ ਉਸ ਦੀ ਮਦਦ ਕਰੇਗਾ। ਰਾਣੀ ਜਿੰਦ ਕੌਰ ਅੰਗਰੇਜ਼ਾਂ ਵਿਰੁੱਧ ਲੜਾਈ ਨੂੰ ਹੋਰ ਲਮਕਾਉਣਾ ਨਹੀਂ ਸੀ ਚਾਹੁੰਦੀ। ਉਸ ਅੰਗਰੇਜ਼ਾਂ ਹੱਥੋਂ ਹੋਈ ਹਾਰ ਨੂੰ ਵੇਖ ਕੇ ਉਨ੍ਹਾਂ ਨਾਲ ਗੁਫ਼ਤਗੂ ਸ਼ੁਰੂ ਕਰ ਦਿੱਤੀ। ਰਾਣੀ ਜਿੰਦ ਕੌਰ ਦੀ ਇਸ ਕਾਰਵਾਈ ਤੋਂ ਅੰਗਰੇਜ਼ ਹਾਕਮ ਜਮਾਤ ਬੜੀ ਖ਼ੁਸ਼ ਸੀ। ਉਹ ਮਹਿਸੂਸ ਕਰਨ ਲੱਗ ਪਈ ਸੀ ਕਿ ਲਾਹੌਰ ਦਰਬਾਰ ਨੇ ਆਪਣੀ ਹਾਰ ਕਬੂਲ ਕਰ ਲਈ ਹੈ, ਇਸ ਕਰਕੇ ਅੰਗਰੇਜ਼ ਇਸ ਲੜਾਈ ਨੂੰ ਹੋਰ ਨਹੀਂ ਸੀ ਵਧਾਉਣਾ ਚਾਹੁੰਦੇ। ਇਹੋ ਕਾਰਨ ਸੀ ਕਿ ਅੰਗਰੇਜ਼ ਗਵਰਨਰ ਜਨਰਲ ਨੇ ਗੁਲਾਬ ਸਿੰਘ ਨੂੰ ਕਿਹਾ ਕਿ ਸਿੱਖ ਫ਼ੌਜ ਨੂੰ ਤੋੜੇ ਜਾਣ ਤੋਂ ਬਾਅਦ ਅੰਗਰੇਜ਼ ਸਰਕਾਰ ਪੰਜਾਬ ਵਿਚ ਸਿੱਖ ਬਾਦਸ਼ਾਹਤ ਨੂੰ ਪ੍ਰਵਾਨ ਕਰਨ ਲਈ ਤਿਆਰ ਹੋਵੇਗੀ। ਪਹਾੜੀ ਰਾਜੇ ਗੁਲਾਬ ਸਿੰਘ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅੰਤ ਗੁਲਾਬ ਸਿੰਘ ਅਤੇ ਅੰਗਰੇਜ਼ ਹਾਕਮਾਂ ਵਿਚਕਾਰ ਇਹ ਸਮਝੌਤਾ ਹੋਇਆ ਕਿ ਅੰਗਰੇਜ਼ ਫ਼ੌਜ, ਸਿੱਖ ਫ਼ੌਜ ਉੱਪਰ ਹਮਲਾ ਕਰੇਗੀ, ਜੇਕਰ ਸਿੱਖ ਫ਼ੌਜ ਹਾਰ ਜਾਂਦੀ ਹੈ ਤਾਂ ਸਤਲੁਜ ਦਰਿਆ ਦਾ ਰਸਤਾ ਅਤੇ ਲਾਹੌਰ ਤਕ ਸੜਕ ਨੂੰ ਅੰਗਰੇਜ਼ਾਂ ਲਈ ਖੋਲ ਦਿੱਤਾ

ਜਾਵੇਗਾ। ਸੋ, ਅਜਿਹੇ ਹਾਲਤਾਂ ਵਿਚ ਹੀ ਸਭਰਾਵਾਂ ਦੀ ਜੰਗ ਲੜੀ ਗਈ, ਜਿਸ ਦਾ ਵਰਣਨ ਸ਼ਾਹ ਮੁਹਮੰਦ ਨੇ ਬੜੇ ਦਰਦਨਾਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ। ਇਸ ਜੰਗਨਾਮੇ ਵਿਚਲੀ ਇਹ ਅੰਤਿਮ ਤੇ ਆਖ਼ਰੀ ਜੰਗ ਹੈ।

ਸਭਰਾਵਾਂ ਦੇ ਮੈਦਾਨ ਵਿਚ ਹੋਣ ਵਾਲੀ ਇਸ ਜੰਗ ਵਿਚ ਭਾਵੇਂ ਸਿੱਖ ਫ਼ੌਜ ਬੜੀ ਬਹਾਦਰੀ ਨਾਲ ਲੜੀ ਸੀ ਪਰ ਅਖੀਰ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਭਾਵੇਂ ਕਿ ਸਿੱਖ ਫ਼ੌਜ ਦੇ ਲੀਡਰ ਤੇਜਾ ਸਿੰਘ, ਲਾਲ ਸਿੰਘ ਅਤੇ ਗੁਲਾਬ ਸਿੰਘ ਸਿੱਖ ਫ਼ੌਜ ਨਾਲ ਧ੍ਰੋਹ ਕਮਾ ਰਹੇ ਸਨ ਪਰ ਸ਼ਾਮ ਸਿੰਘ ਅਟਾਰੀਵਾਲਾ ਬੜੀ ਬਹਾਦਰੀ ਨਾਲ ਅੰਗਰੇਜ਼ ਫ਼ੌਜ ਨਾਲ ਲੜਦਾ ਰਿਹਾ ਸੀ ਅਤੇ ਉਨ੍ਹਾਂ ਨੂੰ ਹਲਾਸ਼ੇਰੀ ਦਿੰਦਾ ਰਿਹਾ ਸੀ। ਸ਼ਾਮ ਸਿੰਘ ਦੇ ਸਾਥੀ ਜਿਵੇਂ ਮੇਵਾ ਸਿੰਘ ਅਤੇ ਮਾਘੇ ਖਾਂ* ਆਦਿ ਨੇ ਵੀ ਅੰਗਰੇਜ਼ ਫ਼ੌਜ ਵਿਰੁੱਧ ਬੜੇ ਦਲੇਰਾਨਾ ਕਾਰਨਾਮੇ ਵਿਖਾਏ। ਸ਼ਾਹ ਮੁਹਮੰਦ ਸ਼ਾਮ ਸਿੰਘ ਅਟਾਰੀਵਾਲੇ ਅਤੇ ਉਸ ਦੇ ਸਾਥੀਆਂ ਦੀਆਂ ਦਲੇਰਾਨਾ ਕਾਰਵਾਈਆਂ ਸੰਬੰਧੀ ਲਿਖਦਾ ਹੈ :

ਆਈਆਂ ਪਲਟਨਾਂ ਬੀੜ ਕੇ ਤੋਪਖ਼ਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫ਼ਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ ਸ਼ਸਤ੍ਰੀ ਜੋੜ ਵਿਛੋੜ ਸੁੱਟੇ,
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ

ਇੱਕ ਵਾਰ ਤਾਂ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਅੰਗਰੇਜ਼ ਫ਼ੌਜ ਦਾ ਇਹ ਜੰਗ ਜਿੱਤਣਾ ਸੰਭਵ ਨਹੀਂ ਹੈ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਹਰ ਥਾਂ ਪਹੁੰਚ ਕੇ ਸਿੱਖ ਫ਼ੌਜ ਨੂੰ ਪੰਜਾਬ ਲਈ ਲੜਨ ਮਰਨ ਵਾਸਤੇ ਹਲਾਸ਼ੇਰੀ ਦੇ ਰਿਹਾ ਸੀ। ਇਸ ਵੇਲੇ ਦੀ ਜੰਗ ਦੇ ਹਾਲਾਤ ਬਾਰੇ ਸ਼ਾਹ ਮੁਹਮੰਦ ਲਿਖਦਾ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉੱਡਣ,
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਸ਼ਾਹ ਮੁਹਮੰਦ ਅਨੁਸਾਰ ਸਿੱਖ ਫ਼ੌਜ ਦੇ ਹਾਰਨ ਦਾ ਪ੍ਰਮੁੱਖ ਕਾਰਨ ਤੇਜਾ ਸਿੰਘ ਦਾ ਜੰਗ ਦੇ ਮੈਦਾਨ ਵਿਚੋਂ ਪਿੱਠ ਵਿਖਾ ਕੇ ਭੱਜ ਜਾਣਾ ਸੀ। ਉਸਦੀ ਇਹ ਧਰਨਾ ਬਿਲਕੁਲ ਠੀਕ ਜਾਪਦੀ ਹੈ ਕਿਉਂਕਿ ਜਿਸ ਸਮੇਂ ਦੋਵੇਂ ਫ਼ੌਜਾਂ ਵਿਚਕਾਰ ਬੜੀ ਭਿਆਨਕ ਜੰਗ ਲੜੀ ਜਾ ਰਹੀ ਸੀ ਤਾਂ ਤੇਜਾ ਸਿੰਘ ਅਤੇ ਲਾਲ ਸਿੰਘ ਅੰਗਰੇਜ਼ ਅਫ਼ਸਰਾਂ ਨਾਲ ਪਹਿਲਾਂ ਹੀ ਕੀਤੇ ਸਮਝੌਤੇ ਅਨੁਸਾਰ ਜੰਗ ਦੇ ਮੈਦਾਨ ਵਿਚੋਂ ਭੱਜ ਗਏ। ਉਨ੍ਹਾਂ ਨੇ ਆਪ ਸਤਲੁਜ ਦਾ ਪੁਲ ਤੁੜਵਾ ਦਿੱਤਾ ਸੀ ਤਾਂ ਕਿ ਸਿੱਖ ਫ਼ੌਜ ਦੀ ਵੱਧ ਤੋਂ ਵੱਧ ਤਬਾਹੀ ਹੋ ਸਕੇ। ਆਏ। ਇਸ ਉਪਰੰਤ ਸਭਰਾਵਾਂ ਦੀ ਜੰਗ ਦਾ ਸਾਰਾ ਮੋਰਚਾ ਅੰਗਰੇਜ਼ ਫ਼ੌਜ ਦੇ ਹੱਥ ਵਿਚ ਆ ਗਿਆ। ਸ਼ਾਹ ਮੁਹਮੰਦ ਸਭਰਾਵਾਂ ਦੀ ਲੜਾਈ ਵਿਚ ਸਿੱਖ ਫ਼ੌਜ ਦੀ ਹੋਈ ਹਾਰ ਦਾ ਦਰਦਨਾਕ ਹਾਲ ਇਸ ਤਰਾਂ ਬਿਆਨ ਕਰਦਾ ਹੈ :

ਕਈ ਮਾਵਾਂ ਦੇ ਪੁੱਤਰ ਨੇ ਮੋਏ ਓਥੇ,
ਸੀਨੇ ਲੱਗੀਆਂ ਤੇਜ਼ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਚੰਗੇ ਜਿਨ੍ਹਾਂ ਦੇ ਸਿਰ ਦੇ ਮੋਏ ਵਾਲੀ,

ਖੁੱਲ੍ਹੇਂ ਵਾਲ ਤੇ ਫਿਰਨ ਵਿਚਾਰੀਆਂ ਨੀ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।

ਸ਼ਾਹ ਮੁਹਮੰਦ ਦੀਆਂ ਉਪਰੋਕਤ ਸਤਰਾਂ ਤੋਂ ਸਪਸ਼ਟ ਹੈ ਕਿ ਇਹ ਜੰਗ ਇੱਕ ਦਰਦਨਾਕ ਨਜ਼ਾਰਾ ਅਤੇ ਭਿਆਨਕ ਕਤਲਾਂ ਦਾ ਘਮਸਾਣ ਸੀ। ਇਸ ਜੰਗ ਨੇ ਪੰਜਾਬ ਦੀ ਆਜ਼ਾਦੀ ਅਤੇ ਸ਼ਾਮ ਸਿੰਘ ਅਟਾਰੀਵਾਲੇ ਵਰਗੇ ਮਹਾਨ ਯੋਧਿਆਂ ਦਾ ਖ਼ਾਤਮਾ ਕਰ ਦਿੱਤਾ ਸੀ। ਸਭਰਾਵਾਂ ਦੀ ਜੰਗ ਵਿਚ ਜਿੱਥੇ ਇੱਕ ਪਾਸੇ ਪੂਰਬੀਆਂ ਅਤੇ ਡੋਗਰਿਆਂ ਨੇ ਗ਼ੱਦਾਰੀ ਵਿਖਾਈ ਸੀ ਉੱਥੇ ਸਿੱਖ ਫ਼ੌਜ ਨੇ ਦੇਸ਼ ਭਗਤੀ ਅਤੇ ਬਹਾਦਰੀ ਦੇ ਕਾਰਨਾਮੇ ਵੀ ਵਿਖਾਏ ਸਨ। ਇਸ ਜੰਗ ਵਿਚ ਤੇਜਾ ਸਿੰਘ ਦੀ ਗ਼ੱਦਾਰੀ ਕਾਰਨ ਅਤੇ ਪੁਲ ਦੇ ਟੁੱਟ ਜਾਣ ਕਾਰਨ ਸਿੱਖ ਫ਼ੌਜ ਜਿੱਤ ਕੇ ਵੀ ਅੰਤ ਨੂੰ ਹਾਰ ਗਈ ਸੀ ਸ਼ਾਹ ਮੁਹਮੰਦ ਦੀ ਇਸ ਕਵਿਤਾ ਦਾ ਵੱਡਾ ਪ੍ਰਸੰਸਾਯੋਗ ਗੁਣ ਇਹ ਹੈ ਕਿ ਜਿਤਨੀਆਂ ਘਟਨਾਵਾਂ ਜਾਂ ਉਨ੍ਹਾਂ ਦਾ ਵੇਰਵਾ ਇਸ ਵਿਚ ਦਰਜ ਕੀਤਾ ਗਿਆ ਹੈ, ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਸੱਚ ਤੇ ਸਹੀ ਹੈ। ਇਸ ਤਰਾਂ ਸ਼ਾਹ ਮੁਹਮੰਦ ਸਿੱਖ ਰਾਜ ਦਾ ਦੀਪਕ ਬੁਝ ਜਾਣ ਦੇ ਇਤਿਹਾਸਿਕ ਕਾਰਨਾਂ ਨੂੰ ਘੋਖਦਾ ਹੋਇਆ ਘੋਰ ਦੁੱਖ ਪ੍ਰਗਟ ਕਰਦਾ ਹੈ। ਉਸ ਨੇ ਆਪਣੀ ਨਿਵੇਕਲੀ ਮਿਸਾਲ ਰਾਹੀਂ ਤਤਕਾਲੀਨ ਪੰਜਾਬ ਦੇ ਇਤਿਹਾਸ ਦਾ ਚਿਤਰਨ ਕੀਤਾ ਹੈ। ਜਿਸ ਤਰਾਂ ਇਤਿਹਾਸਿਕ ਘਟਨਾਵਾਂ ਨੂੰ ਉਸ ਨੇ ਇੱਕ ਲੜੀ ਵਿਚ ਪਰੋਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਸ ਜੰਗਨਾਮੇ ਵਿਚ ਵੱਖ-ਵੱਖ ਘਟਨਾਵਾਂ ਦਾ ਸੰਜਮ ਭਰਿਆ ਬਿਆਨ ਇਸ ਦੀ ਖ਼ਾਸੀਅਤ ਕਹੀ ਜਾ ਸਕਦੀ ਹੈ। ਵੱਖ-ਵੱਖ ਯੁੱਧਾਂ ਦਾ ਨਿਰਪੱਖ ਹੋ ਕੇ ਵਰਣਨ ਕਰਨਾ ਅਤੇ ਇਤਿਹਾਸਿਕ ਘਟਨਾਵਾਂ ਦੀ ਲੜੀ ਨੂੰ ਟੁੱਟਣ ਨਾ ਦੇਣਾ ਹੀ ਸ਼ਾਹ ਮੁਹਮੰਦ ਦੇ ਇਸ ਜੰਗਨਾਮੇ ਦੀ ਖ਼ੂਬਸੂਰਤੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਜੰਗਾਂ ਦਾ ਚਿਤਰਨ ਕਰਦੇ ਸਮੇਂ ਕਵੀ ਦੀ ਨਿਰਪੱਖਤਾ ਇਸ ਜੰਗਨਾਮੇ ਦੀ ਮਹੱਤਤਾ ਨੂੰ ਹੋਰ ਵੀ ਵਧਾ ਦਿੰਦੀ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੰਗਨਾਮੇ ਦੀ ਮਹੱਤਤਾ ਸਾਹਿਤਿਕ ਦੇ ਨਾਲ-ਨਾਲ ਇਤਿਹਾਸਿਕ ਵੀ ਹੈ ਕਿਉਂਕਿ ਸ਼ਾਹ ਮੁਹਮੰਦ ਵੱਖ-ਵੱਖ ਇਤਿਹਾਸਿਕ ਘਟਨਾਵਾਂ ਦੇ ਬਾਹਰਮੁਖੀ ਕਾਰਨਾਂ ਦਾ ਬੜੀ ਨਿਰਪੱਖਤਾ ਨਾਲ ਬਿਆਨ ਕਰਦਾ ਹੈ।

## ਸ਼ਾਹ ਮੁਹਮੰਦ ਦੀ ਬੀਰ ਕਾਵਿ ਵਿਚ ਸਥਾਨ

ਪੰਜਾਬੀ ਸਾਹਿਤ ਜਗਤ ਵਿਚ ਅੱਜ 'ਜੰਗਨਾਮਾ' ਕਾਵਿ ਦੀ ਪਛਾਣ ਸ਼ਾਹ ਮੁਹਮੰਦ ਦੇ 'ਜੰਗਨਾਮਾ ਸਿੰਘ ਤੇ ਫ਼ਿਰੰਗੀਆਂ' ਨਾਲ ਬਣਦੀ ਹੈ। ਉਨ੍ਹਾਂ ਦੁਆਰਾ ਰਚਿਤ ਇਸ ਜੰਗਨਾਮੇ ਦਾ ਪੰਜਾਬੀ ਬੀਰ ਕਾਵਿ ਵਿਚ ਉਹੀ ਸਥਾਨ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਦਾ ਹੈ। ਇਨ੍ਹਾਂ ਦੋਵਾਂ ਹੀ ਰਚਨਾਵਾਂ ਨੂੰ ਪੰਜਾਬੀ ਬੀਰ ਕਾਵਿ ਦੀਆਂ ਸ਼ਾਹਕਾਰ ਰਚਨਾਵਾਂ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਸ਼ਾਹ ਮੁਹਮੰਦ, ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦਾ ਪ੍ਰਸਿੱਧ ਸ਼ਾਇਰ ਹੈ। ਆਪ ਦਾ ਜਨਮ 1780 ਈ. ਨੂੰ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਵਡਾਲਾ ਵੀਰਮ ਵਿਖੇ ਹੋਇਆ। ਇਨ੍ਹਾਂ ਦੇ ਜਨਮ ਸਥਾਨ ਸੰਬੰਧੀ ਭੁਲੇਖੇ ਸਨ ਪਰ ੧੯੭੩ ਈ. ਵਿਚ ਪੰਜਾਬੀ ਵਿਭਾਗ, ਪਟਿਆਲਾ ਦੀ ਇੱਕ ਟੀਮ ਵਡਾਲਾ ਵੀਰਮ ਪਹੁੰਚੀ, ਜੋ ਮੌਲਾ ਬਖ਼ਸ਼ ਕੁਸ਼ਤਾ ਦਾ ਵੀ ਪਿੰਡ ਸੀ। ਇੱਥੇ ਦੇ ਰਿਕਾਰਡਾਂ ਅਤੇ ਸ਼ਾਹ ਮੁਹਮੰਦ ਦੇ ਘਰ ਲੱਗੀ ਪੱਥਰ ਦੀ ਸਲੈਬ ਤੋਂ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਇਹ ਸ਼ਾਹ ਮੁਹਮੰਦ ਇੱਥੋਂ ਦਾ ਹੀ ਜੰਮਪਲ ਸੀ। ਸ਼ਾਹ ਮੁਹਮੰਦ ਦਾ ਖ਼ਾਨਦਾਨ ਕੁਰੈਸ਼ੀ ਘਰਾਣੇ ਵਿਚੋਂ ਸੀ ਤੇ ਉਸ ਦੇ ਪੂਰਵਜ ਮੁਗ਼ਲ-ਕਾਲ ਕਾਜ਼ੀ ਸਨ। ਆਪ ਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਵਧੀਆ ਸੰਬੰਧ ਸਨ ਤੇ ਆਪ ਨੇ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਚੜ੍ਹਤ ਤੇ ਅੰਜਾਮ ਦੋਵੇਂ ਅੱਖੀਂ ਦੇਖੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਨੂੰ ਖ਼ੁਸ਼ਹਾਲ ਕਰ ਦਿੱਤਾ ਸੀ। ਇਸ ਸਮੇਂ ਹਿੰਦੂ-ਸਿੱਖ-ਮੁਸਲਿਮ ਸਭ ਮਿਲ ਜੁੱਲ ਕੇ ਰਹਿੰਦੇ ਸਨ। ਜੋ ਧਰਮ-ਨਿਰਪੱਖਤਾ ਦੀ ਖ਼ੂਬਸੂਰਤ ਮਿਸਾਲ ਕਹੀ ਜਾ ਸਕਦੀ ਹੈ। ਇਸ ਦੌਰ ਨੇ ਪੰਜਾਬ ਦੇ ਸਾਂਝੇ ਸਭਿਆਚਾਰ ਨੂੰ ਉਤਸ਼ਾਹਿਤ ਕੀਤਾ ਤੇ ਸ਼ਾਹ ਮੁਹਮੰਦ ਸਾਂਝੀ ਪੰਜਾਬੀਅਤ ਦਾ ਮੁੱਦਈ ਸੀ। ਸ਼ਾਹ ਮੁਹਮੰਦ ਦੇ ਪਰਿਵਾਰ ਪਾਸ ਇਨ੍ਹਾਂ ਦੀ ਇੱਕ ਹੋਰ ਰਚਨਾ 'ਸੱਸੀ ਪੁਨੂੰ' ਵੀ ਮਿਲਦੀ ਹੈ ਜਿਸ ਦਾ ਮੌਲਾ ਬਖ਼ਸ਼ ਕੁਸ਼ਤਾ ਨੇ 'ਪੰਜਾਬ ਦੇ ਹੀਰੇ' ਵਿਚ ਜ਼ਿਕਰ ਕੀਤਾ ਹੈ। ਪਰ ਇਹ ਰਚਨਾ ਸੰਪੂਰਨ ਰੂਪ ਵਿਚ ਪ੍ਰਕਾਸ਼ਿਤ ਨਾ ਹੋ ਸਕੀ। ਇਸ ਰਚਨਾ ਦੀ ਭਾਸ਼ਾ, ਸ਼ੈਲੀ ਬਾਰੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਇਸ ਨੇ ਸ਼ਾਹ ਮੁਹਮੰਦ ਨੂੰ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਰਚਨਾ ਤੋਂ ਪਹਿਲਾਂ ਹੀ ਕਲਾਮਈ ਗੁਣਾਂ ਵਾਲੀ ਸਾਹਿਤਕ ਸ਼ੈਲੀ ਦਾ ਸਵਾਮੀ ਬਣਾ ਦਿੱਤਾ ਸੀ। ਹਾਸ਼ਮ ਦੀ 'ਸੱਸੀ' ਨੂੰ ਤਾਂ ਭਾਵੇਂ ਪੰਜਾਬੀ ਸਾਹਿਤ ਵਿਚ ਉਤਕ੍ਰਿਸ਼ਟ ਸਥਾਨ ਪ੍ਰਾਪਤ ਹੋਇਆ। ਪਰ ਸ਼ਾਹ ਮੁਹਮੰਦ ਦੇ ਹੋਰ ਸਮਕਾਲੀ ਕਵੀਆਂ ਅਹਿਮਦ ਯਾਰ ਤੇ ਕਾਦਰਯਾਰ ਨੇ ਵੀ ਇਸੇ ਕਿੱਸੇ ਦੀ ਰਚਨਾ ਕੀਤੀ। ਜਿਨ੍ਹਾਂ ਦੇ ਕਿੱਸਿਆਂ ਦੀ ਕਹਾਣੀ ਤੋਂ ਪ੍ਰੇਰਣਾ ਲੈ ਕੇ ਸ਼ਾਹ ਮੁਹਮੰਦ ਨੇ ਸਮਕਾਲੀ ਸਾਹਿਤ ਸੰਸਕ੍ਰਿਤੀ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣ ਦੀ ਕੋਸ਼ਿਸ਼ ਕੀਤੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਬਾਅਦ ਹੋਈ ਕਤਲੋ-ਗ਼ਾਰਤ ਨੂੰ ਵੀ ਆਪ ਨੇ ਅੱਖੀਂ ਦੇਖਿਆ ਤੇ ਇਸ ਪੂਰੇ ਦੌਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਆਪਣੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿਚ ਬਹੁਤ ਵਧੀਆ ਢੰਗ ਨਾਲ ਕਲਮਬੱਧ ਕੀਤਾ ਹੈ। ਇਸ ਸਾਹਿਤਕ ਰਚਨਾ ਦਾ ਇਤਿਹਾਸਕ

ਦਸਤਾਵੇਜ਼ੀ ਮਹੱਤਵ ਵੀ ਹੈ ਕਿਉਂਕਿ ਇਸ ਵਿਚ ਸ਼ਾਮਿਲ ਘਟਨਾਵਾਂ ਦੀ ਤਸਦੀਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ ਲਿਖੇ ਜਾਂਦੇ ਰੋਜ਼ਨਾਮਚਿਆਂ ਵਿਚੋਂ ਵੀ ਕੀਤੀ ਜਾ ਸਕਦੀ ਹੈ।

## ਸਾਰਾਂਸ਼

ਉਪਰੋਕਤ ਵਿਸਥਾਰਿਤ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸ਼ਾਹ ਮੁਹਮੰਦ ਦੁਆਰਾ ਲਿਖਿਆ ਗਿਆ ਕਿੱਸਾ ਇੱਕ ਬਹੁਤ ਹੀ ਮਹੱਤਵਪੂਰਨ ਰਚਨਾ ਹੈ। ਜੋ ਆਪਣੇ ਹਰ ਇੱਕ ਪੱਖ ਤੋਂ ਪਰੀ-ਪੂਰਨ ਰਚਨ ਹੀ ਨਹੀਂ ਸਗੋਂ ਕਈ ਵਿਸ਼ੇਸ਼ ਗੁਣਾਂ ਦੀ ਦਾਰਨੀ ਵੀ ਹੈ ਜਿਸ ਕਰਕੇ ਉਸਦੀ ਇਹ ਰਚਨਾ ਉਸ ਨੂੰ ਇੱਕ ਮਹਾਨ ਕਵੀ ਤੇ ਇਤਿਹਾਸਕ ਦੇ ਤੌਰ ਉੱਤੇ ਉਭਾਰਦੀ ਹੈ। ਇਹ ਰਚਨਾਂ ਜਿੱਥੇ ਇਤਿਹਾਸਕ ਤੱਤਾਂ ਦੀ ਖਾਣ ਹੈ ਨਾਲ ਨਾਲ ਇਸ ਦੀ ਸਾਹਿਤਕਤਾ ਵੀ ਉੱਤਮ ਦਰਜੇ ਦੀ ਹੈ। ਕਵੀ ਨੇ ਅਜਿਹਾ ਕੋਈ ਪੱਕ ਅਣਗੌਲਿਆ ਨਹੀਂ ਛੱਡਿਆ ਜੋ ਕਮਜ਼ੋਰ ਕਲਾਤਮਕਤਾ ਦੀ ਹਾਮੀ ਭਰਦਾ ਹੋਣ। ਉਪਰੋਕਤ ਸਾਰੇ ਹੀ ਗੁਣ ਸਾਹ ਮੁਹਮੰਦ ਨੂੰ ਮੱਧਕਾਲੀ ਸਰੇਸ਼ਟ ਕਲਮਕਾਰਾਂ ਵਿਚ ਸ਼ਾਮਿਲ ਕਰਦੀ ਹੈ।

## ਕੇਂਦਰੀ ਸ਼ਬਦ

**ਜੰਗਨਾਮਾ-** ਕਵਿਤਾ ਦੇ ਨੇੜੇ ਦੀ ਇੱਕ ਵਿਧਾ ਹੈ। ਜਿਸ ਵਿੱਚ ਯੁੱਧ ਦਾ ਬਿਰਤਾਂਤ ਹੁੰਦਾ ਹੈ।

**ਬੈਂਤ-** ਕਾਵਿ ਰਚਨਾ ਲਿਖਣ ਦਾ ਇਕ ਛੰਦ ਜੋ ਵਧੇਰੇ ਜੰਗਨਾਮੇ ਲਿਕਣ ਲਈ ਵਰਤਿਆ ਗਿਆ।

**ਫਿਰੰਗੀ**- ਅੰਗਰੇਜ਼ ਕੌਮ ਨੂੰ ਭਾਰਤੀਆਂ ਦੁਆਰਾ ਦਿੱਤਾ ਨਾਮ।

**ਅੱਖੀ ਡਿੱਠਾ**- ਅੱਖੀ ਵੇਖੀ ਗਈ ਵਸਤ ਜਾਂ ਘਟਨਾ।

**ਤ੍ਰਿਕਾਲਾਂ** – ਸ਼ਾਮ ਸੂਰਜ ਢੱਲਣ ਤਦਾ ਸਮਾਂ।

## ਸਵੈ-ਮੁਲਾਂਕਣ

**ਪ੍ਰਸ਼ਨ 1. ਪੰਜਾਬੀ ਵਿਚ ਸਭ ਤੋਂ ਮਕਬੂਲ ਜੰਗਨਾਮਾ ਕਿਸ ਦਾ ਹੈ?**

ੳ) ਮਟਕ ਦਾ

ਅ) ਇਮਾਮ ਹਸੈਨ ਦਾ

ੲ) ਸ਼ਾਹ ਮੁਹਮੰਦ ਦਾ

ਸ) ਵਾਰਿਸ਼ ਸ਼ਾਹ ਦਾ

**ਪ੍ਰਸ਼ਨ 2. ਜੰਗਨਾਮਾ ਸਾਹ ਮੁਹਮੰਦ ਕਿਸ ਛੰਦ ਵਿਚ ਲਿਖਇਆ ਗਿਆ ਹੈ?**

ੳ) ਸਿਰਖੰਡੀ

ਅ) ਦਵਈਆਂ

ੲ) ਕੋਰੜਾ

ਸ) ਬੈਂਤ

**ਪ੍ਰਸ਼ਨ 3. ਜੰਗਨਾਮਾ ਸ਼ਾਹ ਮੁਹਮੰਦ ਕਿੰਨੇ ਬੰਦਾਂ ਵਿਚ ਲਿਖਿਆ ਗਿਆ ਹੈ?**

ੳ) 105 ਬੰਦ

ਅ) 106 ਬੰਦ

ੲ) 110 ਬੰਦ

ਸ) 115 ਬੰਦ

**ਪ੍ਰਸ਼ਨ 4. ਸ਼ਾਹ ਮੁਹਮੰਦ ਦਾ ਜਨਮ ਕਦੋਂ ਹੋਇਆ?**

ੳ) 1780

ਅ) 1786

ੲ) 1782

ਸ) 1779

**ਪ੍ਰਸ਼ਨ 5. ਸ਼ਾਹ ਮੁਹਮੰਦ ਦਾ ਜਨਮ ਕਿਸ ਪਿੰਡ ਹੋਇਆ?**

ੳ) ਸਿਆਲਕੋਟ

ਅ) ਵਡਾਲਾ ਵੀਰਮ

ੲ) ਨਾਭੇ

ਸ) ਮੁਹਮੰਦਪੁਰ

**ਪ੍ਰਸ਼ਨ 6. ਸ਼ਾਹ ਮੁਹਮੰਦ ਕਿਸ ਘਰਾਣੇ ਵਿਚੋਂ ਸੀ?**

ੳ) ਜੱਟ

ਅ) ਕੁਰੇਸ਼ੀ

ੲ) ਇਮਾਮ

ਸ) ਸ਼ਯੱਦ

**ਪ੍ਰਸ਼ਨ 7. ਜੰਗਨਾਮਾ ਸਿੰਘਾਂ ਤੇ ਫਰੰਗੀਆਂ ਕਦੋਂ ਸਾਹਮਣੇ ਆਉਂਦੀ ਹੈ?**

ੳ) 1845 ਵਿਚ

ਅ) 1846 ਵਿਚ

ੲ) 1847 ਵਿਚ

ਸ) 1849 ਵਿਚ

**ਪ੍ਰਸ਼ਨ 8. ਪੰਜਾਬੀ ਜੰਗਨਾਮਿਆਂ ਵਿਚ ਵਧੇਰੇ ਕਿਹੜੇ ਛੰਦ ਦੀ ਵਰਤੋਂ ਕੀਤੀ ਗਈ ਹੈ?**

ੳ) ਬੈਂਤ

ਅ) ਦਵੱਈਆ

ੲ) ਉਪਰੇਕਤ ਦੋਵੇ

ਸ) ਇਹਨਾਂ ਵਿਚੋ ਕੋਈ ਨਹੀਂ

**ਪ੍ਰਸ਼ਨ 9. ਪੰਜਾਬੀ ਦੀ ਪਹਿਲਾ ਜੰਗਨਾਮਾ ਕਿਹੜਾ ਸੀ?**

ੳ) ਜੰਗਨਾਮਾ ਬਿੰਨ ਹਨੀਫ

ਅ) ਪੀਰ ਮੁਹਮੰਦ ਕਾਸਬੀ

ੲ) ਹਾਫਿਜ਼ ਬਰਖੁਰਦਾਰ ਰਾਝਾ

ਸ) ਜੰਗੇ ਕਰਬਲਾ

**ਪ੍ਰਸ਼ਨ 10. ਜੰਗਨਾਮੇ ਦੀ ਸ਼ੁਰੂਆਤ ਕਦੋਂ ਹੋਈ?**

ੳ) 15ਵੀਂ ਸਦੀ ਵਿਚ

ਅ) 17ਵੀਂ ਸਦੀ ਵਿਚ

ੲ) 18ਵੀਂ ਸਦੀ ਵਿਚ

ਸ) 19ਵੀਂ ਸਦੀ ਵਿਚ

**ਪ੍ਰਸ਼ਨ 11. ਕਿਸ ਕਵੀ ਨਾਲ ਜੰਗਨਾਮੇ ਦੀ ਸ਼ੁਰੂਆਤ ਹੁੰਦੀ ਹੈ?**

ੳ) ਸ਼ਾਹ ਮੁਹਮੰਦ

ਅ) ਮਟਕ

ੲ) ਮੁਹਮੰਦ ਕਾਸਬੀ

ਸ) ਇਮਾਮ ਹੁਸੈਨ

**ਪ੍ਰਸ਼ਨ 12. ਜੰਗਨਾਮੇ ਤੋਂ ਭਾਵ ਹੈ।**

ੳ) ਕਥਾ ਦਾ ਬਿਰਤਾਤ

ਅ) ਜਿੰਦਗੀ ਦਾ ਬਿਰਤਾਂਤ

ੲ) ਖੁਸ਼ੀ ਦੀ ਬਿਰਤਾਂਤ

ਸ) ਯੁੱਧ ਦਾ ਬਿਰਤਾਂਤ

**13. ਪ੍ਰਸ਼ਨ ਜੰਗਨਾਮਾ ਕਿਸ਼ ਭਾਸ਼ਾ ਦਾ ਸ਼ਬਦ ਹੈ?**

ੳ) ਅਰਬੀ

ਅ) ਫਾਰਸੀ

ੲ) ਬੰਗਾਲੀ

ਸ) ਹਿੰਦੀ

**ਪ੍ਰਸ਼ਨ 14. ਜੰਗਨਾਮਾ ਕਵਿਤਾ ਦੀ ਇਕ .....ਹੈ।**

ੳ) ਕਲਾ

ਅ) ਰੂਪ

ੲ) ਵਿਧਾ

ਸ) ਉਦੇਸ਼

**ਪ੍ਰਸ਼ਨ 15. ਜੰਗਨਾਮਾ ਸਿਘਾ ਅਤੇ ਫਰੰਗੀਆਂ ਕਿਸ ਕਿਸ ਨੇ ਲਿਖਿਆ?**

ੳ) ਮਟਕ ਨੇ

ਅ) ਸ਼ਾਹ ਮੁਹਮੰਦ ਨੇ

ੲ) ਉਪਰੋਕਤ ਦੋਵੇ

ਸ) ਕੋਈ ਨਹੀਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਸ | 3. ੳ | 4. ੳ | 5. ਅ |
| 6. ਅ | 7. ਅ | 8. ੲ | 9. ਸ | 10. ਅ |
| 11. ੲ | 12. ਸ | 13. ਅ | 14. ੲ | 15. ੲ |

## ਅਭਿਆਸ ਪ੍ਰਸ਼ਨ

1. ਜੰਗਨਾਮਾ 'ਸਿੰਘਾਂ ਤੇ ਫ਼ਿਰੰਗੀਆਂ' ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਣੀ ਜਿੰਦਾਂ ਨਾਲ ਕੀ ਵਾਪਰਦਾ ਹੈ?
2. ਸ਼ਾਹ ਮੁਹਮੰਦ ਰਚਿਤ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਦਾ ਕਥਾ-ਸਾਰ ਲਿਖੋ।
3. ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਦੇ ਆਧਾਰ 'ਤੇ ਸ਼ਾਹ ਮੁਹਮੰਦ ਦੀ ਕਾਵਿ-ਕਲਾ ਬਾਰੇ ਜਾਣਕਾਰੀ ਦਿਓ।
4. 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਵਿਚੋਂ ਕਿਸੇ ਇਕ ਪੈਰ੍ਹੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।
5.

## ਸੰਦਰਭ ਪੁਸਤਕਾਂ


1. ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
2. ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
3. ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
4. ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
5. ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
6. ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- http://www.maskeenji.net/articlesandbooks/JanggNaama.pdf
- https://punjabipedia.org/topic.aspx?txt=%E0%A8%9C%E0%A9%B0%E0%A8%97%E0%A8%A8%E0%A8%BE%E0%A8%AE%E0%A8%BE%20%E0%A8%B6%E0%A8%BE%E0%A8%B9%20%E0%A8%AE%E0%A9%81%E0%A8%B9%E0%A9%B0%E0%A8%AE%E0%A8%A6%20:%20%E0%A8%B8%E0%A8%BE%E0%A8%B9%E0%A8%BF%E0%A8%A4%E0%A8%BF%E0%A8%95%20%E0%A8%AA%E0%A8%B0%E0%A8%BF%E0%A8%AA%E0%A9%87%E0%A8%96

**Dr.** *Satwant Singh*, **Lovely Professional University**

# ਅਧਿਆਇ-9 : ਵਾਰਤਕ ਦੀ ਪਰਿਭਾਸ਼ਾ ਤੇ ਪ੍ਰਕਿਰਤੀ: ਅਰਥ, ਸਰੂਪ ਅਤੇ ਤੱਤ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਵਾਰਤਕ ਦਾ ਅਰਥ ਤੇ ਸਰੂਪ
4. ਵਾਰਤਕ ਦੇ ਤੱਤ
5. ਸਾਰਾਂਸ਼
6. ਕੇਂਦਰੀ ਸ਼ਬਦ
7. ਸਵੈ-ਮੁਲਾਂਕਣ
8. ਸਵੈ-ਮੁਲਾਂਕਣ ਲਈ ਉੱਤਰ
9. ਅਭਿਆਸ ਪ੍ਰਸ਼ਨ
10. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਸਾਹਿਤ ਵਿਚ ਵਾਰਤਕ ਦੇ ਸਰੂਪ ਬਾਰੇ ਜਾਣ ਸਕਣਗੇ
- ਵਾਰਤਕ ਦੇ ਸਾਹਿਤਕ ਤੱਤਾਂ ਦੀ ਨਿਸ਼ਾਨਦੇਹੀ ਕਰ ਪਾਉਣਗੇ
- ਪੰਜਾਬੀ ਸਹਿਤ ਵਿਚ ਵਾਰਤਕ ਦੇ ਨਿਕਾਸ ਵਿਕਾਸ ਬਾਰੇ ਜਾਣ ਸਕਣਗੇ।

## ਭੂਮਿਕਾ

"ਵਾਰਤਕ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿੱਚ ਸਾਹਿੱਤਕਾਰ ਬੌਧਿਕ ਪੱਧਰ ਤੇ ਪਾਠਕ ਨੂੰ ਸੁਹਜ-ਸੁਵਾਦ ਦੇਣ ਦਾ ਯਤਨ ਕਰਦਾ ਹੈ। ਪ੍ਰਗਟਾਅ ਦੇ ਇਸ ਵਸੀਲੇ ਰਾਹੀਂ ਵਾਰਤਕ ਲਿਖਾਰੀ ਆਪਣੀ ਵਿਚਾਰ-ਅਭਿਵਿਅਕਤੀ ਦੀ ਛਾਪ ਪਾਠਕਾਂ ਤੇ ਪਾਉਂਦਾ ਹੈ। ਜਦੋਂ ਕੋਈ ਵਿਚਾਰ ਜਾ ਕਿਸੇ ਸਥਿੱਤੀ ਦਾ ਬਿਆਨ ਬੌਧਿਕ ਪਕਿਆਈ ਨਾਲ ਕਿਸੇ ਸਿਲਸਿਲੇ ਅਧੀਨ ਪ੍ਰਗਟਾਇਆ ਜਾਏ ਤਾਂ ਅਜਿਹੀ ਵਿਧੀ ਨੂੰ ਵਾਰਤਕ ਆਖਦੇ ਹਨ। "ਵਾਰਤਕ ਸਾਹਿਤ ਦਾ ਉਹ ਰੂਪ ਹੈ ਜੋ ਕਵਿਤਾ ਤੋ ਬਹੁਤ ਚਿਰ ਪਿੱਛੋਂ ਸਾਹਿਤ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਜਦੋਂ ਸਾਹਿਤਕਾਰ ਆਪਣੇ ਵਿਚਾਰ ਭਰੇ ਅਨੁਭਵ ਨੂੰ ਕਲਾਤਮਕ ਰੂਪ ਦੇ ਕੇ ਇੱਕ ਐਸੀ ਸ਼ਾਬਦਿਕ ਰਚਨਾ ਸਿਰਜਦਾ ਹੈ ਜੋ ਵਾਕ ਬਣਤਰ ਵਿੱਚ ਨਿਤਾਪ੍ਰਤੀ ਦੀ ਬੋਲਚਾਲ ਵਰਗੀ ਪਰੰਤੂ ਭਾਸ਼ਾ ਦੇ ਪੱਖੋਂ ਵਧੇਰੇ ਨਿੱਖਰੀ, ਸੰਵਰੀ ਹੋਈ ਅਤੇ ਵਿਆਕਰਨ ਦੇ ਨਿਯਮਾਂ ਦੇ ਅਨੁਕੂਲ ਹੁੰਦੀ ਹੈ ਤਾਂ ਉਹ ਵਾਰਤਕ ਦਾ ਰੂਪ ਧਾਰ ਲੈਂਦੀ ਹੈ। ਉਸ ਦਾ ਮੁੱਖ ਪ੍ਰਯੋਜਨ ਵਿਚਾਰ-ਸਾਮਗ੍ਰੀ ਨੂੰ ਤਰਕ ਅਤੇ ਨਿਆਏਸ਼ੀਲ ਢੰਗ ਨਾਲ ਪਾਠਕ ਉੱਤੇ ਇਸ ਪ੍ਰਕਾਰ ਖੋਲ੍ਹਣਾ ਜਾ ਪ੍ਰਗਟ ਕਰਨਾ ਹੁੰਦਾ ਹੈ ਕਿ ਪਾਠਕ ਪੜ੍ਹਦਿਆਂ ਹੋਇਆਂ ਬੁੱਧੀ ਦੀ ਸਹਾਇਤਾ ਨਾਲ ਵਾਰਤਕ ਵਿਚਲੇ ਵਿਚਾਰਾਂ ਨੂੰ ਆਪਣੀ ਸੋਚ ਅਨੁਸਾਰ ਸਮਝਦਾ ਜਾਂਦਾ ਹੈ। ਇਸ ਤਰ੍ਹਾਂ ਵਾਰਤਕ ਵਿਚਲੀ ਵਿਚਾਰ ਲੜੀ ਪਾਠਕ ਦੇ ਦਿਮਾਗ਼ ਨੂੰ ਟੁੰਬਦੀ ਤੁਰੀ ਜਾਂਦੀ ਹੈ।" ਸੰਤ ਸਿੰਘ ਸੇਖੋਂ ਦਾ ਕਥਨ ਹੈ,"ਵਿਗਿਆਨ ਵਾਂਗ ਗੱਦ ਦਾ ਸੰਬੰਧ ਵੀ ਸਮਾਜ ਵਿੱਚ ਮਧ-ਸ੍ਰੇਣੀ ਦੇ ਵਿਕਾਸ ਨਾਲ ਹੈ। ਗੱਦ ਦਾ ਸੰਬੰਧ ਆਧੁਨਿਕ ਵਿਗਿਆਨ ਦੀ ਉਤਪਤੀ ਤੇ ਵਿਕਾਸ ਨਾਲ ਹੈ, ਤੇ ਆਧੁਨਿਕ ਮੱਧ-ਸ੍ਰੇਣੀ ਦੇ ਵਿਕਾਸ ਦਾ ਇੱਕ ਫਲ ਹੈ.

## ਵਾਰਤਕ ਸ਼ਬਦ ਦਾ ਅਰਥ ਅਤੇ ਸਰੂਪ:

ਆਧੁਨਿਕ ਯੁੱਗ ਵਿੱਚ ਕਵਿਤਾ ਅਤੇ ਵਾਰਤਕ ਇੱਕ ਦੂਜੇ ਤੋਂ ਵੱਖਰੀਆਂ ਪ੍ਰਗਟਾਅ ਸ਼ੈਲੀਆਂ ਹਨ। ਸੰਸਾਰ ਦੀਆਂ ਲਗਪਗ ਸਾਰੀਆਂ ਭਾਸ਼ਾਵਾਂ ਵਿੱਚ ਵਾਰਤਕ ਨੇ ਕਵਿਤਾ ਤੋਂ ਮਗਰੋਂ ਜਨਮ ਲਿਆ ਹੈ। ਇਸੇ ਲਈ ਵਾਰਤਕ ਨੂੰ ਕਵਿਤਾ ਦੇ ਵਿਰੋਧ ਵਿੱਚ ਰੱਖ ਕੇ ਹੀ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਗਿਆ। ਪੁਰਾਤਨ ਭਾਰਤੀ ਸੰਸਕ੍ਰਿਤ ਸਾਹਿਤ ਵਿੱਚ ਕਈ ਸਦੀਆਂ ਸਾਹਿਤ ਲਈ 'ਕਾਵਿ' ਜਾਂ 'ਕਾਵਯ' ਸ਼ਬਦ ਦਾ ਹੀ ਪ੍ਰਯੋਗ ਹੁੰਦਾ ਰਿਹਾ, ਕਿਉਂਕਿ ਸਾਹਿਤ ਰਚਨਾ ਹੁੰਦੀ ਹੀ ਕਵਿਤਾ ਵਿੱਚ ਸੀ। ਜਿਉਂ-ਜਿਉਂ ਮਨੁੱਖ ਵਿਕਾਸ ਕਰਦਾ ਹੈ, ਉਸ ਦਾ ਵਾਹ ਬਹੁਵਿਧਿ ਵਿਸ਼ਿਆਂ ਨਾਲ ਪੈਂਦਾ ਹੈ, ਬੁੱਧੀ ਨਾਲ ਚਿੰਤਨ ਨਿਖਰਦਾ ਹੈ ਅਤੇ ਤੱਥਾਂ ਦੀ ਵਿਆਖਿਆ ਦੀ ਲੋੜ ਵਾਰਤਕ ਨੂੰ ਜਨਮ ਦਿੰਦੀ ਹੈ।

ਵਾਰਤਕ ਦਾ ਮੂਲ ਸ਼ਬਦ 'ਵਾਰਤਾ' ਹੈ, ਜਿਸਦਾ ਅਰਥ 'ਲੋਕਾਂ ਦੀ ਸਧਾਰਨ ਭਾਸ਼ਾ ਵਿੱਚ ਬਿਆਨ ਜਾਂ ਵਿਆਖਿਆ' ਤੋਂ ਲਿਆ ਜਾਂਦਾ ਹੈ। ਇਸ ਦਾ ਵਿਕਾਸ 'ਵ੍ਰਿਤਿ' (ਸੰਸਕ੍ਰਿਤ ਧਾਤੂ/ਮੂਲ ਸ਼ਬਦ) ਤੋਂ ਵੀ ਹੋਇਆ ਮੰਨਿਆ ਜਾਂਦਾ ਹੈ, ਜਿਸਦਾ ਅਰਥ ਹੈ 'ਕਿਸੇ ਸੂਤਰਬੱਧ ਰਚਨਾ ਦੀ ਵਿਆਖਿਆ ਕਰਨੀ ਜਾਂ ਟੀਕਾ ਲਿਖਣਾ' ਭਾਵ ਕਿਸੇ ਗੱਲ ਜਾਂ ਕਥਨ ਦਾ ਲੇਖਾ-ਜੋਖਾ ਕਰਨਾ। ਅਰਬੀ ਫ਼ਾਰਸੀ ਵਿੱਚ ਵਾਰਤਕ ਲਈ 'ਨਸਰ' ਸ਼ਬਦ ਦਾ ਪ੍ਰਯੋਗ ਹੁੰਦਾ ਹੈ, ਜਿਸ ਦਾ ਭਾਵ 'ਖੋਲ੍ਹ ਕੇ ਕਹਿਣਾ' ਤੋਂ ਹੈ। ਅੰਗਰੇਜ਼ੀ ਵਿੱਚ ਇਸਦੇ ਸਮਾਨਾਂਤਰ 'prose' ਸ਼ਬਦ ਵਰਤਿਆ ਜਾਂਦਾ ਹੈ, ਜਿਸਦਾ ਮੂਲ ਲਾਤੀਨੀ ਸ਼ਬਦ 'prosa' ਜਾਂ 'prosus' ਹੈ, ਜਿਨ੍ਹਾਂ ਦੇ ਅਰਥ 'ਛੰਦਾ-ਬੰਦੀ ਤੋਂ ਮੁਕਤ ਸਿੱਧੀ ਗੱਲ-ਬਾਤ' ਦੇ ਹਨ। ਸੰਸਕ੍ਰਿਤ ਵਿੱਚ ਵਾਰਤਕ ਲਈ ਪ੍ਰਾਪਤ ਸ਼ਬਦ 'ਗਦ' ਹੈ, ਜੋ ਕਾਵਯ ਜਾਂ ਕਾਵਿ ਦਾ ਇੱਕ ਭੇਦ ਹੈ ਅਤੇ ਗਦ- ਕਾਵਿ ਨੂੰ ਪਦ-ਕਾਵਿ ਦੇ ਵਿਰੋਧ ਵਿੱਚ ਰੱਖ ਕੇ ਪਰਿਭਾਸ਼ਿਤ ਕੀਤਾ ਜਾਂਦਾ ਸੀ।

ਇਉਂ ਵਾਰਤਕ ਦੇ ਸੰਦਰਭ ਵਿੱਚ ਵਾਰਤਾ, ਨਸਰ, ਗਦ ਅਤੇ prose ਆਦਿ ਸ਼ਬਦਾਂ ਨੂੰ ਵਿਚਾਰਨ ਮਗਰੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੁਰਾਤਨ ਸਾਹਿਤ ਛੰਦ- ਬੱਧ ਭਾਵ ਕਵਿਤਾ ਵਿੱਚ ਹੈ। ਵਾਰਤਕ ਛੰਦ-ਬੰਧਨ ਤੋਂ ਅਜ਼ਾਦ ਹੋ ਕੇ ਆਮ ਭਾਸ਼ਾ ਵਿੱਚ ਵਿਚਾਰਾਂ, ਗੂੜ੍ਹ ਰਹੱਸਾਂ, ਸਾਹਿਤਕ ਅਰਥਾਂ, ਚਿੰਤਨ ਦੀ ਵਿਆਖਿਆ ਲਈ ਮਗਰੋਂ ਹੋਂਦ ਵਿੱਚ ਆਉਂਦੀ ਹੈ ਤੇ ਹੌਲੀ-ਹੌਲੀ ਸੁਤੰਤਰ ਰੂਪ ਗ੍ਰਹਿਣ ਕਰਦੀ ਹੈ। ਜੇਕਰ ਕਵਿਤਾ, ਕਾਵਿ-ਭਾਸ਼ਾ ਵਿੱਚ ਮਨੁੱਖੀ ਵਲਵਲਿਆਂ ਦੀ ਤਰਜਮਾਨੀ ਕਰਦੀ ਕਿਸੇ ਅਗਲੇਰੇ ਅਰਥਾਂ ਨੂੰ ਸੁਝਾਉਂਦੀ ਰਚਨਾਤਮਿਕ (cre-ative) ਰਚਨਾ ਹੈ ਤਾਂ ਵਾਰਤਕ ਆਮ ਭਾਸ਼ਾ ਵਿੱਚ ਤੱਥਾਂ ਦਾ ਸਪਸ਼ਟ ਅਤੇ ਤਰਤੀਬਬੱਧ ਗਿਆਨ ਦਿੰਦੀ ਹੋਈ ਸਿਰਜਣਾਤਮਿਕ ਰਚਨਾ ਹੈ, ਇਸਦੇ ਰਚਣ ਦੇ ਆਪਣੇ ਵਿਆਕਰਨਿਕ ਨੇਮ ਹੁੰਦੇ ਹਨ। ਜਿੱਥੇ ਕਵਿਤਾ ਆਵੇਸ਼ਾਂ ਦੇ ਝਰਨੇ ਵਿੱਚ ਗੂੜ੍ਹ ਰਹੱਸਾਂ ਨੂੰ ਬੰਨ੍ਹਦੀ ਤੁਰੀ ਆਉਂਦੀ ਹੈ, ਉੱਥੇ ਵਾਰਤਕ ਇਹਨਾਂ ਰਹੱਸਾਂ ਦੀ ਵਿਆਖਿਆ ਦਲੀਲਮਈ ਢੰਗ ਨਾਲ ਕਰਦੀ ਹੈ।

ਇਸ ਤਰ੍ਹਾਂ ਸਪਸ਼ਟ ਹੈ ਕਿ ਵਾਰਤਕ ਵਿੱਚ ਸਾਹਿਤਿਕ ਪ੍ਰਗਟਾਅ ਦੇ ਉਹ ਸਾਰੇ ਰੂਪ ਸ਼ਾਮਲ ਹੋ ਸਕਦੇ ਹਨ ਜਿਹੜੇ ਸਿੱਧੀ-ਸਾਦੀ ਗੱਲ-ਬਾਤ ਰਾਹੀਂ, ਛੰਦਾਬੰਦੀ ਤੋਂ ਮੁਕਤ ਹੋ ਕੇ ਦਲੀਲਮਈ ਢੰਗ ਨਾਲ ਤੱਥਾਂ ਨੂੰ ਉਜਾਗਰ ਕਰਦੇ ਹਨ ਅਤੇ ਪਾਠਕ ਦੇ ਗਿਆਨ ਨੂੰ ਵਧਾਉਣ ਦਾ ਕਾਰਜ ਕਰਦੇ ਹਨ। ਬੁੱਧੀ, ਭਾਵ, ਕਲਪਨਾ ਅਤੇ ਸ਼ੈਲੀ ਇਸਦੇ ਮੁੱਖ ਤੱਤ ਹਨ, ਸਪਸ਼ਟਤਾ ਇਸਦੀ ਜਿੰਦ-ਜਾਨ ਹੈ ਅਤੇ ਵਿਚਾਰਾਂ ਦੀ ਲੜੀਵਾਰ ਉਸਾਰੀ (ਗੋਂਦ) ਜ਼ਰੂਰੀ ਅੰਗ ਹੈ। ਲੇਖਕ ਦਾ ਨਿਰੰਤਰ ਅਭਿਆਸ, ਅਧਿਐਨ ਅਤੇ ਅਨੁਭਵ ਦੀ ਵਿਸ਼ਾਲਤਾ ਚੰਗੀ ਵਾਰਤਕ ਦੀ ਰਚਨਾ ਵਿੱਚ ਬਹੁਤ ਅਹਿਮ ਯੋਗਦਾਨ ਪਾਉਂਦੇ ਹਨ।

## ਵਾਰਤਕ ਦੀ ਪਰਿਭਾਸ਼ਾ:

ਵਾਰਤਕ ਵਿੱਚ ਉਹ ਵਿਅਕਤੀਗਤ ਲੇਖ ਸ਼ਾਮਿਲ ਜਿੰਨਾ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਮੁਲਾਂਕਣ ਹੋਵੇ, ਮਨੁੱਖੀ ਹਿਰਦੇ ਦੇ ਹਾਵਾ-ਭਾਵਾਂ ਦਾ ਸਮੁੱਚਾ ਪ੍ਰਗਟਾਅ ਹੋਵੇ, ਛਣਕਦੇ ਹਾਸੇ ਹੋਣ ਤੇ ਰੋਂਦੇ ਦਿਲਾਂ ਦੀ ਵਿਥਿਆ ਹੋਵੇ, ਵਿਸ਼ੇਸ਼ ਦ੍ਰਿਸ਼ਟੀਕੋਣ ਦਰਸਾਏ ਗਏ ਹੋਣ ਜਾਂ ਅਜਿਹੇ ਵਿਚਾਰ ਹੋਣ ਜਿਹੜੇ ਸੂਚਕ, ਬੌਧਿਕ ਤੇ ਭਾਵਕ ਵਿਅਕਤੀ ਨੂੰ ਸਾਕਾਰ ਕਰਦੇ ਹੋਣ ਤੇ ਜਿੰਨਾ ਦੀ ਕਲਪਨਾ ਲਈ ਵਿਸ਼ੇਸ਼ ਲਿਖਣ-ਢੰਗ ਦੀ ਲੋੜ ਪਵੇ, ਵਾਰਤਕ ਦਾ ਰੂਪ ਧਾਰ ਸਕਦੇ ਹਨ। ਵਾਰਤਕ ਵਿੱਚ ਜ਼ਿਆਦਾ ਅਭਿਆਸ, ਸੰਜਮ ਤੇ ਸਾਧਨਾ ਦੀ ਲੋੜ ਹੁੰਦੀ ਹੈ।

**ਵੇਟਲੀ ਅਨੁਸਾਰ:**

"ਵਾਰਤਕ ਅਤੇ ਕਵਿਤਾ ਵਿੱਚ ਫ਼ਰਕ ਧੁਨੀ ਦੀ ਬਣਤਰ ਦਾ ਹੈ। ਇਹ ਵਿਚਾਰ ਕਵਿਤਾ ਅਤੇ ਸੰਗੀਤ ਦੇ ਸਬੰਧ ਕਰ ਕੇ ਬਣਿਆ ਹੈ ਕਿਉਂਕਿ ਸਾਧਾਰਨ ਬੋਲਾਂ ਅਤੇ ਗੀਤ ਵਿੱਚ ਫ਼ਰਕ ਸਪਸ਼ਟ ਹੈ।"

**ਡਰਾਇਡ ਦੇ ਕਥਨ ਅਨੁਸਾਰ:**

"ਵਾਰਤਕ ਵਿੱਚ ਆਪਣਾ ਹੀ ਵਿਸ਼ੇਸ਼ ਸਮਤੋਲ ਹੁੰਦਾ ਹੈ। ਆਪਣੀ ਪੁਸਤਕ Fables ਦੀ ਪ੍ਰਸਤਾਵਨਾ ਵਿੱਚ ਉਹ ਲਿਖਦਾ ਹੈ: ਵਿਚਾਰ ਇੰਨੀ ਤੇਜ਼ੀ ਨਾਲ ਮੇਰੇ ਅੰਦਰ ਇਕੱਠੇ ਹੁੰਦੇ ਹਨ ਤਾਂ ਮੇਰੀ ਵੱਡੀ ਮੁਸ਼ਕਿਲ ਉਨ੍ਹਾਂ ਵਿਚੋਂ ਚੁਣਨ ਦੀ ਜਾਂ ਰੱਦ ਕਰਨ ਦੀ ਹੁੰਦੀ ਹੈ- ਕੀ ਉਨ੍ਹਾਂ ਨੂੰ ਕਵਿਤਾ ਵਿੱਚ ਪਰੋਇਆ ਜਾਏ ਤਾਂ ਉਨ੍ਹਾਂ ਨੂੰ ਵਾਰਤਕ ਦੇ ਵੱਖਰੇ ਤਾਲ ਵਿੱਚ ਸਸ਼ੋਭਿਤ ਕੀਤਾ ਜਾਏ।"

**ਜੋਨੇਥਨ ਸਵਿਫ਼ਟ ਅਨੁਸਾਰ:**

"ਵਾਰਤਕ ਵਿੱਚ ਸਰਲਤਾ, ਸਪਸ਼ਟਤਾ ਅਤੇ ਸੰਖੇਪਤਾ ਦੇ ਗੁਣ ਹੋਣੇ ਜ਼ਰੂਰੀ ਹਨ। ਇਹਦੇ ਤਰਕ, ਦਲੀਲ ਅਤੇ ਸੋਚ-ਉਡਾਰੀ ਦੇ ਵੀ ਹੋਰ ਉਪਯੋਗੀ ਗੁਣ ਹੁੰਦੇ ਹਨ। ਦਿਲ ਦੀ ਗਲ ਕਰਨ ਵਾਲੇ ਸ਼ਬਦ ਕਵਿਤਾ ਦਾ ਜਾਮਾ ਪਹਿਰਦੇ ਹਨ ਅਤੇ ਦਿਮਾਗ਼ ਦੀ ਭਾਸ਼ਾ ਵਾਰਤਕ ਰਾਹੀਂ ਪ੍ਰਗਟ ਹੁੰਦੀ ਹੈ।"

ਸੋ ਵਾਰਤਕ ਵਿੱਚ ਲੇਖਕ ਕਿਸੇ ਛੰਦ ਦੀ ਵਰਤੋਂ ਨਹੀਂ ਕਰਦਾ, ਨਾ ਹੀ ਇਸ ਨੂੰ ਅਲੰਕਾਰਾਂ ਦੇ ਗਹਿਣਿਆਂ ਨਾਲ ਸ਼ਿੰਗਾਰਦਾ ਹੈ, ਇਸ ਵਿੱਚ ਸਾਹਿੱਤਕਾਰ ਆਪਣੇ ਵਿਚਾਰਾਂ ਨੂੰ ਇਸ ਪ੍ਰਕਾਰ ਲਿਪੀ ਬੱਧ ਕਰਦਾ ਹੈ ਕਿ ਉਹ ਵਿਆਕਰਨ ਦੇ ਨਿਯਮਾਂ ਅਨੁਕੂਲ ਹੁੰਦੀ ਹੈ ਅਤੇ ਉਸ ਵਿੱਚ ਬੁੱਧੀ-ਤੱਤ ਦੀ ਪ੍ਰਧਾਰਨਾ ਹੁੰਦੀ ਹੈ।

## ਵਾਰਤਕ ਦੇ ਜ਼ਰੂਰੀ ਤੱਤ

ਵਾਰਤਕ ਸਾਹਿਤ ਦਾ ਉਹ ਵਿਸ਼ੇਸ਼ ਰੂਪ ਹੈ ਜਿਸ ਵਿੱਚ ਸਾਧਾਰਨ ਮਨੁੱਖ ਭਾਵ ਨੂੰ ਅਜਿਹੀ ਕਲਾਤਮਕ ਗੋਂਦ ਵਿੱਚ ਪਰੋ ਕੇ ਪਾਠਕਾਂ ਸਾਹਮਣੇ ਰੱਖਿਆ ਜਾਂਦਾ ਹੈ ਕਿ ਜਿਸ ਨੂੰ ਪੜ੍ਹ ਕੇ ਬੌਧਿਕ ਸੰਤੁਸ਼ਟਤਾ ਹੁੰਦੀ ਹੈ। ਅਭਿਆਸ ਸਾਧਨਾਂ ਲਈ ਕੁੱਝ ਬੁਨਿਆਦੀ ਲੋੜਾਂ ਮਹਿਸੂਸ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਵਾਰਤਕ ਦੇ ਜ਼ਰੂਰੀ ਤੱਤ ਕਰਕੇ ਵੀ ਜਾਣਿਆ ਜਾਂਦਾ ਹੈ। ਗਿੰਨੀ ਪਵਨ ਅਤੇ ਕਲਾਮਈ ਵਿਧੀ ਨਾਲ ਇਨ੍ਹਾਂ ਬੁਨਿਆਦੀ ਲੋੜਾਂ ਨੂੰ ਕੋਈ ਵਾਰਤਕਕਾਰ ਜੋੜ ਗਾਂ ਓਨੀ ਹੀ ਉਸ ਦੀ ਵਾਰਤਕ ਪ੍ਰਭਾਵਸ਼ੈਲੀ ਬਣੇਗੀ।

ਮੋਟੇ ਤੌਰ ਤੇ ਵਿਦਵਾਨਾਂ ਨੇ ਵਾਰਤਕ-ਰਚਨਾ ਅਰਥਾਤ ਨਿਬੰਧ ਦੇ ਤਿੰਨ ਪ੍ਰਮੁੱਖ ਤੱਤ ਮੰਨੇ ਹਨ।

- **ਵਿਸ਼ਾ ਵਸਤੂ**
- **ਸ਼ੈਲੀ**
- **ਮਨੋਰਥ**

### ਵਿਸ਼ਾ-ਵਸਤੂ

ਵਿਸ਼ਾ-ਵਸਤੂ ਭਾਵੇਂ ਹਰ ਸਾਹਿਤਕ-ਰਚਨਾ ਵਿੱਚ ਮੂਲ ਗੱਲ ਹੁੰਦੀ ਹੈ ਪਰ ਇਸ ਦੀ ਪੇਸ਼ਕਾਰੀ ਵੱਖ-ਵੱਖ ਵੰਨਗੀਆਂ ਵਿੱਚ ਵੱਖ-ਵੱਖ ਤਰ੍ਹਾਂ ਹੁੰਦੀ ਹੈ। ਮਿਸਾਲ ਵਜੋਂ ਨਾਵਲ, ਨਾਟਕ, ਕਹਾਣੀ ਤੇ ਨਿਬੰਧ ਦਾ ਵਿਸ਼ਾ ਇੱਕ ਹੀ ਹੋ ਸਕਦਾ ਹੈ ਪਰ ਇਸ ਵਿਸ਼ੇ ਨੂੰ ਪ੍ਰਗਟਾਉਣ ਲਈ ਸਮੱਗਰੀ ਅਰਥਾਤ ਵਸਤੂ ਵੱਖ-ਵੱਖ ਹੋਏਗਾ। ਮਜ਼ਦੂਰ ਦੀ ਹਾਲ ਉੱਤੇ ਨਾਵਲ ਵੀ ਲਿਖਿਆ ਜਾ ਸਕਦਾ ਹੈ, ਕਹਾਣੀ, ਨਾਟਕ ਤੇ ਨਿਬੰਧ ਵੀ। ਪਰ ਜਿੱਥੇ ਨਾਵਲ ਵਿੱਚ ਮਜ਼ਦੂਰ ਦੇ ਸਮੁੱਚੇ ਜੀਵਣ ਦਾ ਸਾਂਸਕ੍ਰਿਤਕ ਪਿਛੋਕੜ ਤੇ ਉਸ ਦੇ ਆਲੇ-ਦੁਆਲੇ ਦੇ ਪ੍ਰਸੰਗ ਵਿੱਚ ਬਿਆਨ ਜਾਂ ਵਰਣਨ ਹੋਏਗਾ ਉੱਥੇ ਨਾਟਕ ਵਿੱਚ ਇਸ ਸਭ ਕੁੱਝ ਦੀ ਉਸਾਰੀ ਮਜ਼ਦੂਰ ਦੀ ਜ਼ਿੰਦਗੀ ਵਿੱਚ ਆਉਣ ਵਾਲੇ ਹੋਰ ਪਾਤਰਾਂ ਨਾਲ ਉਸ ਦੇ ਵਾਰਤਾਲਾਪ ਰਾਹੀਂ ਕੀਤੀ ਜਾਏਗੀ ਤੇ ਕਹਾਣੀ ਵਿੱਚ ਉਸ ਦੇ ਜੀਵਣ ਦੇ ਕਿਸੇ ਇੱਕ ਪਹਿਲੂ ਨੂੰ ਮਾਨਸਿਕ-ਸਮਾਜਿਕ ਵਿਸ਼ੇਸ਼ਤਾ ਵਿੱਚ ਪ੍ਰਗਟ ਕੀਤਾ ਜਾਏਗਾ। ਪਰ ਨਿਬੰਧ ਵਿੱਚ ਇਸੇ ਵਿਸ਼ੇ ਬਾਰੇ ਤਰਕ ਪੂਰਨ ਵਿਚਾਰ ਪੇਸ਼ ਕੀਤਾ ਜਾਏਗਾ। ਅਜਿਹਾ ਕਰਨ ਸਮੇਂ ਭਾਵੇਂ ਮਾਨਸਿਕਤਾ ਤੇ ਨਿੱਜੀ ਪੁੱਠ ਨੂੰ ਛੱਡ ਨਹੀਂ ਦਿੱਤਾ ਜਾਂਦਾ ਪਰ ਮੁੱਖ ਜ਼ੋਰ ਇੱਕ ਸਿਲਸਿਲੇਵਾਰ ਵਿਚਾਰ ਉੱਤੇ ਹੁੰਦਾ ਹੈ। ਇਹੋ ਵਿਸ਼ੇਸ਼ਤਾ ਇਸ ਕਿਸਮ ਦੀ ਰਚਨਾ ਨੂੰ ਨਿਬੰਧ ਬਣਾਉਂਦੀ ਹੈ। ਸ਼ੁਰੂ ਸ਼ੁਰੂ ਵਿੱਚ ਖ਼ਾਸ ਕਰਕੇ ਯੂਰਪ ਵਿੱਚ ਜਦੋਂ ਨਿਬੰਧ (ਲੇਖ) ਨਾਂ ਦੀ ਵੰਨਗੀ ਹੋਂਦ ਵਿੱਚ ਆਈ ਸੀ ਤਾਂ ਨਿਬੰਧ ਉਸੇ ਰਚਨਾ ਨੂੰ ਕਿਹਾ ਜਾਂਦਾ ਸੀ ਜਿਸ ਵਿੱਚ ਨਿੱਜੀ ਰੰਗਣ ਵਧੇਰੇ ਹੁੰਦੀ ਸੀ ਪਰ ਅੱਜ ਕਲ ਵਸਤੂ ਦੇ ਪੱਖੋਂ ਨਿਬੰਧ ਦੀ ਮੁੱਖ ਵਿਸ਼ੇਸ਼ਤਾ ਉਸ ਦਾ ਵਿਚਾਰ ਪ੍ਰਧਾਨ ਹੋਣਾ ਹੀ ਮੰਨਿਆ ਜਾਂਦਾ ਹੈ। ਨਿੱਜੀ-ਰੰਗ ਦੂਜੀ ਥਾਂ ਤੇ ਚਲਾ ਗਿਆ ਹੈ।

### ਸ਼ੈਲੀ

ਸ਼ੈਲੀ ਮੁੱਖ ਤੌਰ ਤੇ ਨਿੱਜੀ ਬਿਆਨ-ਢੰਗ ਨੂੰ ਹੀ ਕਿਹਾ ਜਾਂਦਾ ਹੈ ਭਾਵ ਵੱਖ-ਵੱਖ ਸਾਹਿਤਕ ਵੰਨਗੀਆਂ ਅਨੁਸਾਰ ਬਿਆਨ-ਢੰਗ ਵੀ ਵੱਖ-ਵੱਖ ਹੁੰਦੇ ਹਨ ਪਰ ਨਿੱਜੀ ਗੁਣ ਸਭਨਾਂ ਥਾਵਾਂ ਤੇ ਨਿੱਜੀ ਹੀ ਰਹਿੰਦਾ ਹੈ। ਮਿਸਾਲ ਵਜੋਂ ਨਾਵਲ, ਨਾਟਕ, ਕਹਾਣੀ, ਵਾਰਤਕ ਆਦਿ ਦੀ

ਇੱਕ ਬਾਹਰੀ ਹੋਂਦ ਹੈ। ਬਾਹਰੀ ਹੋਂਦ ਤੋਂ ਭਾਵ ਇਹਨਾਂ ਵੰਨਗੀਆਂ ਦੀ ਬਣਤਰ, ਇਹਨਾਂ ਦਾ ਸੇਜਲ, ਘਟਨਾਵਾਂ ਜਾਂ ਵਿਚਾਰਾਂ ਦੀ ਵੱਖੋ-ਵੱਖਰੀ ਤਰਤੀਬ ਹੈ। ਇਹੋ ਸਭ-ਕੁਝ ਇੱਕ ਵੰਨਗੀ ਨੂੰ ਦੂਜੀ ਵੰਨਗੀ ਤੋਂ ਵਖਰਿਆਉਂਦਾ ਹੈ। ਇਸੇ ਕਰਕੇ ਹੀ ਸਭ ਤਰ੍ਹਾਂ ਦੇ ਨਾਵਲ ਚਾਹੇ ਉਹ ਕਿਸੇ ਵੀ ਸ਼ੈਲੀ ਵਿੱਚ ਲਿਖੇ ਹੋਣ, ਨਾਵਲ ਹੀ ਅਖਵਾਉਂਦੇ ਹਨ ਤੇ ਇਸੇ ਤਰ੍ਹਾਂ ਬਾਕੀ ਸਾਹਿਤਕ ਵੰਨਗੀਆਂ। ਇਹੋ ਤੱਤ ਵਾਰਤਕ ਉੱਤੇ ਵੀ ਲਾਗੂ ਹੁੰਦਾ ਹੈ। ਉੱਪਰ ਕਈ ਤਰ੍ਹਾਂ ਦੀ ਵਾਰਤਕ ਦਾ ਜ਼ਿਕਰ ਕੀਤਾ ਗਿਆ ਹੈ – ਨਿਬੰਧ ਦੀ ਵਾਰਤਕ, ਜੀਵਨੀ ਦੀ ਵਾਰਤਕ, ਸਫ਼ਰਨਾਮੇ ਦੀ ਵਾਰਤਕ, ਰੇਖਾ-ਚਿੱਤਰ ਦੀ ਵਾਰਤਕ, ਡਾਇਰੀ ਦੀ ਵਾਰਤਕ, ਪਰ ਇਹ ਸਾਰੇ ਵਾਰਤਕ ਰੂਪ ਇੱਕੋ ਜਿਹੇ ਨਹੀਂ ਹੁੰਦੇ। ਕੋਈ ਵਾਰਤਕ ਲੇਖਕ ਨਾ ਕੇਵਲ ਵਿਚਾਰ ਵਿਚਲੀ ਤਰਕ ਨੂੰ ਹੀ ਪਹਿਲ ਦਿੰਦਾ ਹੈ ਸਗੋਂ ਉਹ ਬੋਲੀ ਵਿਚਲੇ ਤਰਕ ਨੂੰ ਵੀ ਮੁੱਖ ਰੱਖਦਾ ਹੈ। ਅਜਿਹੇ ਵਾਰਤਾਕਾਰ ਦੀ ਰਚਨਾ ਵਿੱਚ ਵਿਆਕਰਨ ਦੇ ਪੱਖੋਂ ਕੋਈ ਫ਼ਿਕਰਾ ਬੇਤਰਤੀਬਾ ਨਹੀਂ ਹੁੰਦਾ, ਸ਼ਬਦਾਂ ਦੀ ਠੀਕ ਵਰਤੋਂ ਹੁੰਦੀ ਹੈ। ਆਮ ਤੌਰ ਤੇ ਵਿਗਿਆਨ ਦੇ ਵਿਸ਼ਿਆਂ ਬਾਰੇ ਲਿਖੀ ਵਾਰਤਕ ਇਸ ਲੜੀ ਵਿੱਚ ਆਉਂਦੀ ਹੈ। ਪਰ ਕਈ ਵਾਰਤਕ ਲਿਖਣ ਵਾਲੇ (ਆਮ ਤੌਰ ਤੇ ਅਜਿਹਾ ਲਿਖਣ ਵਾਲਿਆਂ ਦੀ ਗਿਣਤੀ ਹੀ ਸਭ ਤੋਂ ਵੱਧ ਹੈ) ਵਾਰਤਕ-ਰਚਨਾ ਕਰਨ ਸਮੇਂ ਕਲਪਨਾ, ਗਲਪ ਜਾਂ ਵਾਰਤਾਲਾਪਾਂ ਦਾ ਸਹਾਰਾ ਵੀ ਲੈਂਦੇ ਹਨ। ਇਸੇ ਕਾਰਨ ਵਾਰਤਕ ਵਿੱਚ ਵੰਨਗੀ ਦਾ ਗੁਣ ਆ ਜਾਂਦਾ ਹੈ ਤੇ ਸ਼ਾਇਦ ਇਸੇ ਕਰਕੇ ਕੁੱਝ ਵਿਦਵਾਨਾਂ ਨੇ ਨਾਵਲ, ਨਾਟਕ ਤੇ ਕਹਾਣੀ ਨੂੰ ਵੀ ਵਾਰਤਕ ਹੀ ਮੰਨਿਆ ਹੈ। ਅਸਲ ਵਿੱਚ ਉਪਰੋਕਤ ਸਾਹਿਤ-ਰੂਪਾਂ ਦਾ ਭਾਸ਼ਾ ਮਾਧਿਅਮ ਵਾਰਤਕ ਹੈ। ਉਂਜ ਇਹਨਾਂ ਰੂਪਾਂ ਦੀ ਇੱਕ ਸੁਤੰਤਰ ਸਾਹਿਤਕ ਹੋਂਦ ਹੈ। ਇਹਨਾਂ ਹੋਰ ਸਾਹਿਤਕ ਵੰਨਗੀਆਂ ਨੂੰ ਸਹਾਇਕ ਰੂਪ ਵਿੱਚ ਵਰਤ ਕੇ ਵਾਰਤਕ ਲਿਖਣ ਵਾਲਿਆਂ ਨੇ ਹੀ ਵਾਰਤਕ ਵਿੱਚ ਵੱਖ-ਵੱਖ ਕਿਸਮ ਦੀ ਸ਼ੈਲੀ ਨੂੰ ਜਨਮ ਦਿੱਤਾ ਹੈ। ਪਰ ਇਸ ਤੋਂ ਇਲਾਵਾ ਸ਼ੈਲੀਆਂ ਦੇ ਵਖਰੇਵੇਂ ਦਾ ਇੱਕ ਹੋਰ ਕਾਰਨ ਲੇਖਕ ਦੀ ਆਪਣੀ ਮਾਨਸਿਕਤਾ ਵੀ ਹੈ। ਅਰਥਾਤ ਲੇਖਕ ਇੱਕੋ ਹੀ ਵਾਰਤਕ-ਰਚਨਾ ਵਿੱਚ ਖ਼ਾਸ ਕਿਸਮ ਦੇ ਸ਼ਬਦਾਂ ਜਾਂ ਵਾਕੰਸ਼ਾਂ ਦਾ ਦੂਹਰਾ ਜਾਂ ਵਰਤੋਂ ਕਰਦਾ ਹੈ; ਇੱਕੋ ਹੀ ਸ਼ਬਦ ਨੂੰ ਉਸ ਦੇ ਅਰਥਾਂ ਦੇ ਵਿਸਥਾਰ ਮੁਤਾਬਿਕ ਵਰਤਦਾ ਹੈ; ਵਾਕ ਲੰਮੇ ਛੋਟੇ ਬਣਾਉਂਦਾ ਹੈ; ਗੱਲ ਨੂੰ ਸਿੱਧੇ ਜਾਂ ਲੁਕਵੇਂ ਢੰਗ ਨਾਲ ਅਰਥਾਤ ਬਿੰਬਾਂ ਅਲੰਕਾਰਾਂ ਰਾਹੀਂ ਕਹਿੰਦਾ ਹੈ। ਇੰਞ ਹੀ ਵੱਖ-ਵੱਖ ਲੇਖਕਾਂ ਦਾ ਆਪਣਾ ਆਪਣਾ ਲਿਖਣ ਦਾ ਢੰਗ ਹੈ। ਇਹੋ ਲਿਖਣ-ਢੰਗ ਸ਼ੈਲੀ ਅਖਵਾਉਂਦਾ ਹੈ। ਵਿਦਿਆਰਥੀ ਇਸੇ ਪੁਸਤਕ ਵਿੱਚ ਵੱਖ-ਵੱਖ ਕਿਸਮ ਦੀ ਵਾਰਤਕ ਸ਼ੈਲੀ ਨੂੰ ਪਛਾਣ ਸਕਣਗੇ।

### ਮਨੋਰਥ

ਹਰ ਸਾਹਿਤ ਦੀ ਰਚਨਾ ਦਾ ਕੋਈ ਮਨੋਰਥ ਹੁੰਦਾ ਹੈ। ਉਦੇਸ਼ਹੀਣ ਕਹੀਆਂ ਜਾਂਦੀਆਂ ਨਿਰਾਰਥਕ ਜਾਂ ਮੰਤਵਹੀਣ ਰਚਨਾਵਾਂ ਦਾ ਵੀ ਕੋਈ ਮੰਤਵ ਹੁੰਦਾ ਹੈ। ਹੋਰ ਤਾਂ ਹੋਰ ਜੋ ਉਹ ਪਾਠਕ ਨੂੰ ਕੋਈ ਸੇਧ ਜਾਂ ਅਗਵਾਈ ਨਹੀਂ ਦਿੰਦੀਆਂ ਤਾਂ ਉਸ ਨੂੰ ਕਿਸੇ ਸੇਧ ਵਿੱਚ ਜਾਣ ਜਾਂ ਉਸਾਰੂ ਪ੍ਰੇਰਨਾ ਗ੍ਰਹਿਣ ਕਰਨ ਵਿੱਚ ਰੋਕ ਜ਼ਰੂਰ ਬਣਦੀਆਂ ਹਨ। ਇੰਞ ਇਹ ਵੀ ਕੋਈ ਮਨੋਰਥ ਹੀ ਹੁੰਦਾ ਹੈ। ਸੰਸਾਰ ਵਿੱਚ ਦਿਮਾਗੀ-ਅਯਾਸ਼ੀ ਜਾਂ ਕਾਮ-ਰੁਚੀਆਂ ਨੂੰ ਉਕਸਾਉਣ ਵਾਲਾ ਤੇ ਜਾਸੂਸੀ ਕਿਸਮ ਦਾ ਸਾਹਿਤ ਜਨਤਾ ਨੂੰ ਕੁਰਾਹੇ ਪਾਉਂਦਾ ਹੈ। ਇਸ ਪਿੱਛੇ ਵੀ ਇੱਕ ਸੋਚੀ ਸਮਝੀ ਚਾਲ (ਕਿਸੇ ਇੱਕ ਸ਼ਰੇਣੀ ਦੀ) ਕੰਮ ਕਰ ਰਹੀ ਹੁੰਦੀ ਹੈ। ਇੰਞ ਅਜਿਹੇ ਸਾਹਿਤ ਦਾ ਮੰਤਵ ਚੰਗੇ ਭਲੇ ਮਨੁੱਖ ਨੂੰ ਕੁਰਾਹੇ ਪਾਉਣ ਦਾ ਹੋਇਆ।

ਹੋਰ ਸਾਹਿਤਕ ਵੰਨਗੀਆਂ ਵਾਂਗ ਵਾਰਤਕ ਦਾ ਵੀ ਇੱਕ ਮਨੋਰਥ ਹੈ। ਫ਼ਰਕ ਕੇਵਲ ਇੰਨਾ ਹੈ ਕਿ ਰਚਨਾ ਦੇ ਆਪਣੇ ਸੰਜਮ ਤੇ ਬਣਤਰ ਅਨੁਸਾਰ ਇਸ ਮਨੋਰਥ ਨੂੰ ਪਰਗਟ ਕਿਵੇਂ ਕੀਤਾ ਜਾਂਦਾ ਹੈ। ਜਿੱਥੇ ਨਾਵਲ, ਨਾਟਕ ਜਾਂ ਕਹਾਣੀ ਵਿੱਚ ਘਟਨਾ ਜਾਂ ਸਮੁੱਚੇ ਵਸਤੂ ਨੂੰ ਇੰਞ ਉਸਾਰਿਆ ਜਾਂਦਾ ਹੈ ਕਿ ਉਸ ਵਿੱਚ ਪਰਗਟ ਕੀਤਾ ਜਾਣ ਵਾਲਾ ਮਨੋਰਥ ਸਿੱਧਾ ਪਰਗਟ ਨਹੀਂ ਹੁੰਦਾ ਸਗੋਂ ਪਾਠਕ ਖ਼ੁਦ ਉਸ ਤਾਣੇ-ਬਾਣੇ ਦਾ ਭਾਗ ਬਣ ਕੇ ਪੇਸ਼ ਕੀਤੇ ਗਏ ਵਸਤੂ ਵਿੱਚੋਂ ਅਸਲੀ ਮਨੋਰਥ ਲੱਭਦਾ ਹੈ ਉੱਥੇ ਵਾਰਤਕ-ਰਚਨਾ ਵਿੱਚ ਇਹ ਮਨੋਰਥ ਸਪਸ਼ਟ ਹੁੰਦਾ ਹੈ ਤੇ ਇਸ ਦੀ ਉਸਾਰੀ ਵਿਰੋਧੀ ਤੇ ਸਮਰਥਕ ਵਿਚਾਰਾਂ ਦੀ ਸਿਲਸਿਲੇ ਵਾਰ ਪਰਸਪਰ ਟੱਕਰ ਰਾਹੀਂ ਕੀਤੀ ਜਾਂਦੀ ਹੈ। ਇੰਞ ਪਾਠਕ ਕਿਸੇ ਤੱਥ ਦੇ ਦੋਵੇਂ – ਹਾਂ-ਪੱਖੀ ਤੇ ਨਾਂਹ-ਪੱਖੀ – ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੋਇਆ ਤੇ ਉਨ੍ਹਾਂ ਤੱਥਾਂ ਨੂੰ ਸਵੀਕਾਰਦਾ ਜਾਂ ਨਕਾਰਦਾ ਹੋਇਆ ਕੋਈ ਅੰਤਿਮ ਰਾਇ ਬਣਾਉਣ ਦੇ ਕਾਬਲ ਹੁੰਦਾ ਹੈ। ਸ਼ਾਇਦ ਇਸੇ ਕਰਕੇ ਵਾਰਤਕ ਵਿੱਚ ਭਾਵੁਕਤਾ ਨੂੰ ਕੋਈ ਬਹੁਤੀ ਥਾਂ ਨਹੀਂ ਕਿਉਂ ਜੁ ਭਾਵੁਕਤਾ ਵੱਸ ਹੋ ਕੇ ਪਾਠਕ ਇੱਕ-ਪਾਸੜ ਰਵੱਈਆ ਅਖ਼ਤਿਆਰ ਕਰ ਸਕਦਾ ਹੈ ਤੇ ਵਾਰਤਕ ਦਾ ਮਨੋਰਥ ਪਾਠਕ ਨੂੰ ਜੀਵਨ ਬਾਰੇ ਇੱਕ ਸੰਤੁਲਿਤ ਰਵੱਈਆ ਅਪਣਾਉਣ ਵੱਲ ਪ੍ਰੇਰਿਤ ਕਰਨਾ ਹੁੰਦਾ ਹੈ।

## ਹੋਰ ਵਾਰਤਕ ਤੱਤ:

1. **ਬੋਧਿਕਤਾ**

ਵਾਰਤਕ ਦੀ ਰੂਹ ਬੌਧਿਕ ਬਿਆਨਕਾਰੀ ਹੈ ਅਰਥਾਤ ਵਾਰਤਕ ਵਿਚ ਜੇ ਬੌਧਿਕ ਅੰਸ਼ ਕੱਢ ਲਵੋ ਤਾਂ ਬਾਕੀ ਜਿੰਦ ਹੀਣ ਸਰੀਰ ਹੀ ਰਹਿ ਜਾਂਦਾ ਹੈ ਬੁੱਧੀ ਦਾ ਤੀਖਣ ਅਹਿਸਾਸ ਹੀ ਵਾਰਤਕ ਨੂੰ ਸਾਹਿਤ ਦੇ ਹੋਰਨਾਂ ਰੂਪਾਂ ਨਾਲੋਂ ਨਿਖੇੜਦਾ ਹੈ ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਵਾਰਤਕ ਵਿੱਚ ਕੇਵਲ ਖ਼ੁਸ਼ਕ ਤੇ ਉਕਾਊ ਵਿਸ਼ਿਆਂ ਦਾ ਇਹ ਬਿਆਨ ਹੁੰਦਾ ਹੈ ਆਪਣੇ ਆਪ ਵਿੱਚ ਕੋਈ ਵੀ ਵਿਸ਼ੇ ਖ਼ੁਸ਼ਕ ਜਾਂ ਭਾਵੁਕ ਨਹੀਂ ਹੁੰਦਾ ਇਹ ਤਾਂ ਪੇਸ਼ਕਾਰੀ ਦਾ ਢੰਗ ਹੁੰਦਾ ਹੈ ਜਾਂ ਸਾਹਿਤਕਾਰ ਦੀ ਦ੍ਰਿਸ਼ਟੀ ਜਾਂ ਉਸ ਦਾ ਦ੍ਰਿਸ਼ਟੀਕੋਣ ਹੁੰਦਾ ਹੈ ਜਿਹੜਾ ਕਿਸੇ ਵਿਸ਼ੇ ਨੂੰ ਬੌਧਿਕ ਜਾਂ ਭਾਵੁਕ ਬਣਾਉਂਦਾ ਹੈ। ਦਲੀਲ ਤੇ ਤਰਕ ਦਾ ਆਸਰਾ ਲੈ ਕੇ ਵਾਰਤਕ ਲਿਖਾਰੀ ਆਪਣੀ ਲਿਖਤ ਵਿੱਚ ਬੌਧਿਕ ਵਾਯੂ-ਮੰਡਲ ਪੈਦਾ ਕਰਦਾ ਹੈ ਤੇ ਪਾਠਕ ਨੂੰ ਵਿਸ਼ੇ ਸਬੰਧੀ ਹੋਰ ਪੜ੍ਹਨ ਤੇ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਵੀ ਦਿੰਦਾ ਹੈ।

2. **ਭਾਵੁਕਤਾ**

ਸਾਹਿਤ ਦਾ ਪ੍ਰਮੁੱਖ ਪ੍ਰਯੋਜਨ ਪਾਠਕ ਨੂੰ ਪ੍ਰੇਰਨਾ ਦੇਣਾ ਹੁੰਦਾ ਹੈ ਤੇ ਪ੍ਰੇਰਨਾ ਦਾ ਮੂਲ ਆਧਾਰ ਭਾਵ ਹੁੰਦੇ ਹਨ। ਇਸ ਲਈ ਪਾਠਕ ਨੂੰ ਹਲੂਣਨ ਤੋਂ ਪ੍ਰੇਰਿਤ ਕਰਨ ਲਈ ਭਾਵੁਕਤਾ ਵਾਰਤਕ ਦਾ ਇੱਕ ਜ਼ਰੂਰੀ ਲੱਛਣ ਕਰਕੇ ਜਾਣਿਆ ਜਾਂਦਾ ਹੈ। ਵਾਰਤਕ: ਤਕਨੀਕ ਤੇ ਆਲੋਚਨਾ ਵਿੱਚ ਇਹ ਗੱਲ ਪ੍ਰਤੱਖਣ ਵਾਲੀ ਹੁੰਦੀ ਹੈ ਕਿ ਕਿਸੇ ਵਾਰਤਕ ਲਿਖਾਰੀ ਨੇ ਭਾਵੁਕਤਾ ਦੇ ਲੱਛਣਾਂ ਨੂੰ ਕਿੰਨਾ ਵਰਤਿਆ ਹੈ? ਇਸ ਵਰਤਣ ਦਾ ਪਾਠਕ ਤੇ ਕੀ ਪ੍ਰਭਾਵ ਪਿਆ ਹੈ? ਭਾਵੁਕਤਾ ਆਪਣੇ ਆਪ ਵਿੱਚ ਕੋਈ ਔਗੁਣ ਨਹੀਂ ਸਭ ਪ੍ਰਭਾਵਸ਼ਾਲੀ ਤੇ ਕਲਾਤਮਕ ਵਾਰਤਕ ਦੀ ਇਹ ਅਵੱਸ਼ ਲੋੜ ਹੈ ਪਰ ਨਿਰੋਲ ਭਾਵੁਕਤਾ ਤਾਂ ਕਵਿਤਾ ਵੀ ਨਹੀਂ ਹੋ ਸਕਦੀ। ਤਜਰਬਾ ਤੇ ਅਧਿਐਨ ਹੀ ਮੂਲ ਰੂਪ ਵਿੱਚ ਸਾਹਿਤ ਸਿਰਜਣਾ ਦੇ ਵੱਡੇ ਸਰੋਤ ਮੰਨੇ ਗਏ ਹਨ।

3. **ਢੁਕਵੀਂ ਸ਼ਬਦ ਵਿਉਂਤ**

ਭਾਸ਼ਾ ਮਨੁੱਖੀ ਵਿਚਾਰਾਂ ਦੇ ਪ੍ਰਗਟਾਅ ਦਾ ਈ ਜ਼ੋਰਦਾਰ ਮਾਧਿਅਮ ਹੈ ਸਾਹਿਤਕਾਰ ਦੇ ਵਿਚਾਰ ਅਸਪਸ਼ਟ ਤੇ ਅਧੂਰੇ ਰਹਿ ਜਾਣਗੇ ਜੇ ਭਾਸ਼ਾ ਉਸ ਦਾ ਸਾਥ ਨਹੀਂ ਦਿੰਦੀ ਠੀਕ ਸ਼ਬਦ ਠੀਕ ਤੇ ਭਾਸ਼ਾ ਦਾ ਸਾਰਾ ਢਾਂਚਾ ਵਿਆਕਰਨ ਅਨੁਸਾਰ ਸ਼ੁੱਧ ਵੀ ਸ਼ੁੱਧ ਵੀ ਹੋਵੇ ਕਵਿਤਾ ਵਿੱਚ ਅਜਿਹੀਆਂ ਤਾਨੀਆ ਨੂੰ ਮੁਆਫ਼ ਕੀਤਾ ਜਾ ਸਕਦਾ ਹੈ ਪਰ ਵਾਰਤਕ ਵਿਚ ਇਹ ਬਰਦਾਸ਼ਤ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ ਵਾਰਤਕ ਕਿਉਂਕਿ ਵਾਰਤਕ ਰਚਨਾ ਸਹਿਤ ਕਾਰ ਦੀ ਬੌਧਿਕ ਪਕਿਆਈ ਵੱਲ ਸੰਕੇਤ ਕਰਦੇ ਇਸ ਲਈ ਆਮ ਤੌਰ ਤੇ ਆਖਿਆ ਜਾਂਦਾ ਹੈ ਕਿ ਸਫਲ ਵਾਰਤਕ ਵੰਨਗੀ ਵਿਚ ਸ਼ਬਦ ਆਪਣੀ ਥਾਵੇਂ ਯੂ ਫੱਬਣਗੇ ਜਿਵੇਂ ਕਿਸੇ ਸੁਰਾਹੀਦਾਰ ਗਰਦਨ ਵਾਲੀ ਮੁਟਿਆਰ ਨੇ ਹੀਰਿਆਂ ਦਾ ਹਾਰ ਪਾਇਆ ਹੋਵੇ। ਵਾਰਤਕ ਲਿਖਾਰੀ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਸ਼ਬਦ ਕਿਸ ਅਰਥ ਵਿਚ ਕਿੱਥੇ ਵਰਤਣਾ ਹੈ। ਬਹੁਤੇ ਇਕੱਠੇ ਸ਼ਬਦਾਂ ਦੇ ਪ੍ਰਯੋਗ ਤੋਂ ਪ੍ਰਹੇਜ਼ ਕੀਤਾ ਜੈਸਲ ਸ਼ਬਦਾਂ ਦਾ ਪ੍ਰਯੋਗ ਵਿਚਾਰਾਂ ਵਿੱਚ ਸਪਸ਼ਟਤਾ ਦੇ ਨਾਲ ਨਾਲ ਰੁਬਾਈ ਲਿਆਉਣ ਵਿਚ ਸਹਾਈ ਹੁੰਦਾ ਹੈ ਇਉਂ ਸ਼ਬਦਾਂ ਦੇ ਇਸ ਪ੍ਰਯੋਗ ਤੋਂ ਹੀ ਕਿਸੇ ਵਾਰਤਾਕਾਰ ਦੀ ਸ਼ੈਲੀ ਨਿੱਖਰ ਕੇ ਸਾਹਮਣੇ ਆਉਂਦੀ ਹੈ। ਸ਼ਬਦ ਜਦੋਂ ਕਿਸੇ ਵਾਕ ਤੇ ਵਾਕ ਮਿਲ ਕੇ ਜਨਮ ਪੈਰਿਆਂ ਵਿੱਚ ਨਿੱਖਰਦੇ ਹਨ ਤਾਂ ਕੋਈ ਵਾਰਤਕ ਵੰਨਗੀ ਹੋਂਦ ਵਿੱਚ ਆਉਂਦੀ ਹੈ ਵਾਰਤਕ ਲਿਖਾਰੀ ਇੱਕ ਸੀਮਾ ਵਿੱਚ ਕੰਮ ਕਰਦਾ ਹੈ ਤੇ ਉਸ ਦੇ ਨਸੀਬਾ ਪਲਾਂ ਵਿੱਚ ਉਹ ਖੁੱਲ ਨਹੀਂ ਜਿਹੜੀ ਕਵਿਤਾ ਵਿੱਚ ਪ੍ਰੋ ਮੋਹਨ ਸਿੰਘ ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਨੇ ਮਾਣੀ ਹੈ।

**4. ਬਿਰਤਾਂਤਮਈ ਵਾਰਤਕ**

ਕਈ ਵਾਰ ਇਹ ਵੇਖਿਆ ਜਾਂਦਾ ਹੈ ਕਿ ਵਾਰਤਕ ਲਿਖਾਰੀ ਕਿਸੇ ਘਟਨਾ ਜਾਂ ਸਥਿਤੀ ਨੂੰ ਚੁਣ ਕੇ ਉਸ ਦਾ ਵਿਵਰਣ ਦੇਣ ਲੱਗ ਪੈਂਦਾ ਹੈ ਇਸ ਤਰ੍ਹਾਂ ਦੀ ਵਾਰਤਕ ਨੂੰ ਅਸੀਂ ਬਿਰਤਾਂਤ ਪ੍ਰਧਾਨ ਵਾਰਤਕ ਜਾਂ ਬਿਰਤਾਂਤਮਈ ਵਾਰਤਕ ਆਖਦੇ ਹਨ ਅਜਿਹੀ ਵਾਰਤਕ ਬਾਹਰਮੁਖੀ ਹੁੰਦੀ ਹੈ ਤੇ ਲਿਖਾਰੀ ਤੇ ਆਪਣੇ ਮਨੋਭਾਵਾਂ ਤੋਂ ਆਮ ਕਰਕੇ ਵਾਂਝਿਆਂ ਰਹਿੰਦੀ ਹੈ।

**5. ਦਰਸ਼ਨਿਕ ਵਾਰਤਕ**

ਜਦੋਂ ਕੋਈ ਬੌਧਿਕ ਵਿਚਾਰ ਇਨ੍ਹਾਂ ਪਾ ਜਾਏ ਕਿ ਉਹ ਆਪਣੇ ਸੰਕਲਪ ਆਤਮਿਕ ਰੂਪ ਵਿੱਚ ਨਿਖਾਰ ਆਵੇ ਤਾਂ ਓਦੋਂ ਦਰਸ਼ਨ ਹੋਂਦ ਵਿਚ ਆਉਂਦਾ ਹੈ ਦਰਸ਼ਨ ਦਾ ਬੁਨਿਆਦੀ ਸਥਲ ਹਾਰ ਦਿੱਖ ਤੇ ਅਦਿੱਖ ਸੋਮੇ ਨੂੰ ਬੌਧਿਕ ਪੱਧਰ ਤੋਂ ਜਾਨਣਾ ਹੈ। ਕਈ ਵਾਰ ਸਾਹਿਤਕਾਰ ਆਪਣੀ ਗਾਇਣ ਮੰਡਲੀ ਵਿਚ ਇਨ੍ਹਾਂ ਲਹਿ ਜਾਂਦਾ ਹੈ ਕਿ ਉਸ ਦਾ ਵਿਚਾਰ ਖੇਤਰ ਦਰਸ਼ਨਿਕ ਹੋ ਨਿੱਬੜਦਾ ਹੈ ਵੀ ਸਿੱਖ ਧਰਮ ਇਤਿਹਾਸ ਮਿਥਿਹਾਸ ਜੀਵਨ ਦਰਸ਼ਨ ਵਖਿਆਨ ਦੇ ਪ੍ਰਮੁੱਖ ਵਿਸ਼ੇ ਹਨ।

**6. ਪੇਸ਼ਕਾਰੀ**

ਮਨੁੱਖੀ ਜਾਤੀ ਚਾਹੇ ਕਿੰਨੇ ਵੀ ਬੌਧਿਕ ਕਿਉਂ ਨਾ ਹੋ ਜਾਏ ਕਵਿਤਾ ਤੋਂ ਦੂਰ ਨਹੀਂ ਜਾ ਸਕਦੀ ਅਜਿਹਾ ਕਿਰਦਾਰ ਉਸ ਦੀ ਵਾਰਤਕ ਨੂੰ ਕਾਵਿਕ ਬਣਾ ਦਿੰਦਾ ਹੈ ਅਜਿਹੀ ਵਾਰਤਕ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਮਾਵਾਂ ਵਿਸ਼ੇਸ਼ਣਾਂ ਤੇ ਅਲੰਕਾਰਾਂ ਤੇ ਨਾ ਬਿਆਨ ਨੂੰ ਸ਼ਿੰਗਾਰਿਆ ਜਾਂਦਾ ਹੈ ਅਜਿਹੀ ਵਾਰਤਕ ਵਧੇਰੇ ਕਰਕੇ ਕਲਪਨਾ ਦਾ ਪ੍ਰੀਖਣ ਅਹਿਸਾਸ ਹੋਵੇਗਾ ਅਤੇ ਕਈ ਵਾਰੀ ਵਾਰਤਕ ਵਿਚ ਲੋੜੀਂਦੀ ਅਭਿਆਸ ਪ੍ਰਧਾਨ ਰੁਚੀ ਦਾ ਪ੍ਰਭਾਵ ਜਾਪੇਗਾ।

**7. ਉਦੇਸ਼**

ਸਾਹਿਤ ਰਚਨਾ ਕਿਸੇ ਉਦੇਸ਼ ਨੂੰ ਸਨਮੁੱਖ ਰੱਖ ਕੇ ਕੀਤੀ ਜਾਂਦੀ ਹੈ ਆਪ ਮੁਹਾਰੇ ਸਾਹਿਤਕ ਲਗਨ ਪੈਦਾ ਹੁੰਦੀ ਹੈ ਸਾਹਿਤ ਨਹੀਂ। ਕੋਈ ਸਾਹਿਤਕਾਰ ਕਲਮ ਤਾਂ ਹੀ ਚੁੱਕਦਾ ਹੈ ਜਦੋਂ ਉਸ ਦਾ ਅੰਤਰੀਵ ਕੁੱਝ ਕਹਿਣ ਨੂੰ ਕੁੱਝ ਕਰਨ ਨੂੰ ਪਾਠਕ ਨਾਲ ਮੇਲ ਮਿਲਾਪ ਕਰਨ ਨੂੰ ਕਰਦਾ ਹੈ ਸੰਸਾਰ ਵਿੱਚ ਕੋਈ ਵੀ ਚੀਜ਼ ਉਦੇਸ਼ ਹੀਣ ਨਹੀਂ ਕੁਦਰਤ ਦਾ ਅਜਿਹਾ ਪਸਾਰਾ ਹੈ ਕਿ ਛੋਟੀ ਤੋਂ ਛੋਟੀ ਚੀਜ਼ ਦੀ ਆਮਦ ਇੱਕ ਸੰਦੇਸ਼ ਇੱਕ ਉਦੇਸ਼ ਕਰਕੇ ਜਾਣੀ ਜਾਂਦੀ ਹੈ।

**8. ਪ੍ਰਚਾਰਆਤਮਕ**

ਸਾਹਿਤ ਵਿੱਚ ਕੋਈ ਦ੍ਰਿਸ਼ਟੀ ਸਾਕਾਰ ਹੁੰਦੀ ਹੈ ਸਾਹਿਤਕਾਰ ਆਪਣੀ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ ਪਾਠਕਾਂ ਨੂੰ ਕੋਈ ਜੀਵਨ ਮਾਰਗ ਦੱਸਦਾ ਹੈ ਇਹ ਕੰਮ ਚੇਤਮਈ ਵੀ ਹੋ ਸਕਦਾ ਹੈ ਤੇ ਅਚੇਤ ਮਈ ਵੀ। ਨਵੀਨ ਯੁੱਗ ਵਿੱਚ ਵਾਰਤਕ ਨੂੰ ਪ੍ਰਚਾਰ ਦਾ ਇੱਕ ਜ਼ੋਰ ਦਾ ਸਾਧਨ ਸਮਝਿਆ ਜਾਂਦਾ ਹੈ।

**10. ਵਿਆਖਿਆ**

ਆਪਣੇ ਆਪ ਨੂੰ ਤਰਕਵਾਦੀ ਤਿਆਰ ਕਰਨ ਦੀ ਕਲਾ ਨੂੰ ਹੀ ਵਿਆਖਿਆ ਆਖਦੇ ਹਨ ।ਠੀਕ ਅਤੇ ਸਟੀਕ ਢੰਗ ਨਾ ਪ੍ਰਤੀਕਾਂ ਦੀ ਵਰਤੋਂ ਸਪਸ਼ਟ ਅਭਿਵਿਅਕਤੀ ਦੀ ਅਤੇ ਇਸੇ ਕਰਕੇ ਚੰਗੀ ਵਾਰਤਕ ਦੀ ਬੁਨਿਆਦ ਹੈ ।ਚੰਗੀ ਵਾਰਤਕ ਕੇਵਲ ਸਪਸ਼ਟ ਅਭਿ ਵਿਅਕਤੀ ਤਕ ਹੀ ਸੀਮਤ ਨਹੀਂ ,ਇਸ ਦੇ ਭਾਵਤਮਕ ਪ੍ਰਯੋਗ ਵੀ ਹਨ। ਪਰ ਚੰਗੇ ਵਿਆਖਿਆਤਮਿਕ ਵਾਰਤਕ ਇੱਕ ਢਾਂਚੇ ਵਿੱਚ ਪ੍ਰਤੀਕਾਂ ਦਾ ਸੰਗਠਨ ਹੈ ਜਿਸ ਨੂੰ ਅਸੀਂ ਤਰਕ ਕਹਿ ਸਕਦੇ ਹਾਂ।

**11. ਬਿਰਤਾਂਤ**

ਬਿਰਤਾਂਤ ਦੋ ਪ੍ਰਕਾਰ ਦਾ ਹੁੰਦਾ ਹੈ। ਇੱਕ ਵਾਪਰੀਆਂ ਘਟਨਾਵਾਂ ਨੂੰ ਬਿਆਨ ਕਰਨ ਵਾਲਾ ਅਤੇ ਦੂਸਰਾ ਬੀਤੇ ਵਿਚ ਪਦਾਰਥ ਦੁਨੀਆ ਦਾ ਚਿਤਰਨ ਕਰਨ ਵਾਲਾ । ਅੱਜ ਕਲ ਜ਼ਿਆਦਾਤਰ ਇਹੋ ਦੋਵੇਂ ਰੂਪਾਂ ਦੀ ਵਰਤੋਂ ਹੋ ਰਹੀ ਹੈ।

**12. ਮਨ-ਤਰੰਗ**

ਹਰਬਰਟ ਸਰੀਰ ਨੇ ਮਨ ਤਰੰਗ ਅਤੇ ਕਲਪਨਾ ਦੇ ਸੂਖਮ ਭੇਦ ਨੂੰ ਇਸ ਤਰ੍ਹਾਂ ਪਰਗਟ ਕੀਤਾ ਹੈ: " ਮਨ ਤਰੰਗ ਇੱਕ ਪ੍ਰਕਿਰਿਆ ਚਪਲਤਾ ਅਥਵਾ ਲੋਰ ਹੈ। ਇਸ ਨੂੰ .ਖਬਤ ਜਾਂ ਮੌਜੀ ਅਵਿਸ਼ਕਰਤਾ ਵੀ ਕਿਹਾ ਜਾ ਸਕਦਾ ਹੈ। ਕਲਪਨਾ ਇੱਕ ਰਚਨਾਤਮਿਕ ਸ਼ਕਤੀ ਹੈ , ਜਿਸ ਨੂੰ ਸੁਪਨਦਰਸ਼ੀ ਸੰਕਲਪ ਵੀ ਕਹਿ ਸਕਦੇ ਹਾਂ। ਪਰ ਮਨ ਤਰੰਗ ਦੀ ਸ਼ੈਲੀ ਵਿਆਖਿਆ ਵਾਲੀ ਹੈ ਜਦੋਂ ਕਿ ਕਲਪਨਾ ਦੀ ਸ਼ੈਲੀ ਬਿਰਤਾਂਤਿਕ ਹੈ।

13**. ਕਲਪਨਾ**

ਕਲਪਨਾ ਮਨ ਦੀ ਰਚਨਾਤਮਕ ਸ਼ਕਤੀ ਹੈ ਕਲਪਨਾ ਵਿਸ਼ੇਸ਼ ਤੌਰ ਤੇ ਬਿਰਤਾਂਤਕ ਵਾਰਤਕ ਦਾ ਅੰਗ ਹੁੰਦੀ ਹੈ ਜਦੋਂ ਕਿ ਲਿਖਾਰੀ ਕਿਸੇ ਘਟਨਾ ਸਥਲ ਉੱਤੇ ਕਈ ਪ੍ਰਕਾਰ ਦੇ ਬਿੰਬਾਂ ਦਾ ਨਿਰਮਾਣ ਕਰਦਾ ਹੈ।ਲਿਖਾਰੀ ਦੀ ਕਲਪਨਾ ਨੇ ਅਨੇਕਾਂ ਬਿੰਬਾਂ ਰਾਹੀਂ ਨਵਾਂ ਸੰਸਾਰ ਰਚ ਦਿੱਤਾ ਹੈ ।

**14. ਸੁਭਾਸ਼ਣ**

ਸੁਭਾਸ਼ਣ ਨੂੰ ਵਿਆਖਿਆ ਦੀ ਕਲਾ ਹੈ ਜਿਸ ਵਿਸ਼ੇ ਦੀ ਮਹਾਨਤਾ ਦੀ ਅੰਤਰ-ਦਰਸ਼ੀ ਪਕੜ ਜਾਨਦਾਰ ਬਣਦੀ ਹੈ। ਸੁਭਾਸ਼ਣ ਸ਼ਬਦਾਂ ਦਾ ਵੀ ਹੋ ਸਕਦਾ ਹੈ ਤੇ ਵਿਚਾਰਾਂ ਦਾ ਵੀ। ਪਰ ਜਿਹੜਾ ਭਾਸ਼ਣ ਨਿਰਾ ਸ਼ਬਦਾਂ ਦਾ ਹੈ ,ਜੋ ਸ਼ਕਤੀਹੀਣ ਹਨ ,ਉਸ ਨੂੰ ਸੱਜ-ਧੱਜ ਜਾਂ ਸੂਝ- ਬੂਝ ਦਾ ਨਾਂ ਦਿੱਤਾ ਜਾ ਸਕਦਾ ਹੈ।ਲਾਰੇਂਸ ਸਟਰਨ ਉਦੇਸ਼ ਅਵਦਾਨ ਦ੍ਰਿਸ਼ ਸੁਭਾਸ਼ਣ ਦੋ ਪ੍ਰਕਾਰ ਦਾ ਹੈ। ਪਹਿਲਾ ਸੱਜ ਧੱਜ ਵਾਲਾ ਜੋ ਅਸਲ

ਪਤਲਾ ਹੁੰਦਾ ਹੈ ਅਤੇ ਦੂਜਾ ਸਾਦਗੀ ਵਾਲਾ ਪਰ ਬਿਬੇਕ ਬੁੱਧ ਵਾਲਾ। ਦੂਜੀ ਪ੍ਰਕਾਰ ਦਾ ਸਭਾਸ਼ਣ ਧਰਮ ਗਰੰਥਾਂ ਨਾਲ ਸਬੰਧਿਤ ਹੁੰਦਾ ਹੈ ਅਸਲੀ ਸੁਭਾਸ਼ਣ ਅੰਤਰਦਰਸ਼ੀ ਪ੍ਰਕਿਰਤੀ ਵਾਲਾ ਹੁੰਦਾ ਹੈ ਅਸੀਂ ਸੁਭਾਸ਼ ਦੇ ਤਿੰਨ ਖ਼ਾਸੇ ਹਨ :

**15. ਇੱਕ ਚੰਗਾ ਵਿਸ਼ਾ**

ਚੰਗੀ ਰਚਨਾ ਦੇ ਸਾਰੇ ਨਿਯਮਾਂ ਦਾ ਮਨੋਰਥ ਵਿਸ਼ੇ ਅਤੇ ਉਸ ਨਾਲ ਜੁੜੇ ਸ਼ਬਦਾਂ ਦੀ ਇਕਾਈ ਨੂੰ ਕਾਇਮ ਰੱਖਣਾ ਹੈ। ਕਿਸੇ ਪਦ, ਵਾਕ ,ਪੈਹਰੇ ,ਸਮੁੱਚੀ ਰਚਨਾ, ਗੀਤ , ਨਿਬੰਧ ਨੂੰ ਅਜਿਹੀ ਵਿਸ਼ੇ- ਗਤ ਅਤੇ ਭਾਸ਼ਾਈ ਇਕਾਈ ਵਿਚ ਪਰੋਣ ਲੱਗਿਆ ਸ਼ੈਲੀ ਨਿਸ਼ਚਿਤ ਹੋਣੀ ਚਾਹੀਦੀ ਹੈ। ਸਮੇਂ , ਸਥਾਨ ਅਤੇ ਕਾਰਜ ਦੀ ਏਕਤਾ ਲੋੜੀਂਦੀ ਹੈ।ਇੱਕ ਚੰਗਾ ਲੇਖਕ ਇੱਕ ਚੰਗਾ ਸ਼ੈਲੀਕਾਰ ਵੀ ਹੁੰਦਾ ਹੈ। ਕਲਾਤਮਕ ਇਕਾਈ ਲਈ ਘੱਟੋ ਘੱਟ ਤਿੰਨ ਗੁਣਾਂ ਦਾ ਹੋਣਾ ਜ਼ਰੂਰੀ ਹੈ।

- ਪ੍ਰਸੰਗਿਕਤਾ
- ਸੁਮੇਲਤਾ
- ਤਰਤੀਬ

ਜੋ ਕੁੱਝ ਲਿਖਿਆ ਹੋਵੇ, ਉਹ ਕੇਂਦਰੀ ਬਿੰਦੂ ਨਾਲ ਸਬੰਧਿਤ ਹੋਵੇ। ਰਚਨਾ ਵਿੱਚ ਬੇਲੋੜਾ ਵਿਸਥਾਰ ਨਾ ਹੋਵੇ ਅਤੇ ਤਰਤੀਬ ਸੁਯੋਗ ਅਤੇ ਰੋਚਕਤਾ ਭਰਪੂਰ ਹੋਵੇ। ਪੰਜਾਬੀ ਵਾਰਤਕ ਵਿਚ ਕੋਈ ਵੀ ਵਿਧਾ, ਭਾਵੇਂ ਉਹ ਵਰਨਨਿਕ ਜਾਂ ਬਿਰਤਾਂਤਿਕ ਉਸ ਦੀ ਰੋਚਿਕਤਾ ਦਾ ਆਧਾਰ ਰਚਨਾ ਦੀ ਇਕਾਈ ਹੈ

## ਵਾਰਤਕ ਦੇ ਰੂਪ

ਵਿਭਿੰਨ ਦੌਰਾਂ ਵਿੱਚੋਂ ਲੰਘਦਿਆਂ ਵਾਰਤਕ ਦਾ ਰੂਪ ਨਿਖਰਿਆ ਹੈ। ਅੱਜ ਗਦ ਜਾਂ ਵਾਰਤਕ ਕਾਵਿਮਈ ਸਾਹਿਤ ਦਾ ਭੇਦ ਨਹੀਂ ਬਲਕਿ ਸੁਤੰਤਰ ਸਾਹਿਤ ਰੂਪ ਹੈ। ਗਿਆਨ ਦਾ ਅਜੋਕਾ ਯੁੱਗ ਵਾਰਤਕ ਦਾ ਯੁੱਗ ਹੈ। ਮੀਡੀਏ ਦੀ ਆਮਦ ਨਾਲ ਅਤੇ ਸੂਚਨਾ ਤਕਨਾਲੋਜੀ ਦੇ ਪ੍ਰਵੇਸ਼ ਅਤੇ ਪਸਾਰ ਨਾਲ ਵਾਰਤਕ ਖੇਤਰ ਪ੍ਰਭਾਵਿਤ ਵੀ ਹੋਇਆ ਹੈ ਅਤੇ ਵੱਡੀ ਲੋੜ ਵੀ ਬਣਿਆ ਹੈ। ਬਹੁਭਿੰਨ ਵਿਸ਼ਿਆਂ ਦੇ ਪ੍ਰਵੇਸ਼ ਨਾਲ, ਅਕਾਦਮਿਕ ਖੇਤਰ ਵਿੱਚ ਪੰਜਾਬੀ ਭਾਸ਼ਾ ਦੇ ਮਾਧਿਅਮ ਬਣਨ ਸਦਕਾ ਗਿਆਨ- ਵਿਗਿਆਨ ਦੀਆਂ ਪਾਠ-ਪੁਸਤਕਾਂ ਦੀ ਲੋੜ ਕਰ ਕੇ ਵਾਰਤਕ ਦੇ ਖੇਤਰ ਵਿੱਚ ਨਵੇਂ ਪ੍ਰਯੋਗ ਹੋ ਰਹੇ ਹਨ ਅਤੇ ਇਸਦੇ ਅਨੇਕਾਂ ਰੂਪ ਆਪਣੀਆਂ ਸੰਭਾਵਨਾਵਾਂ ਸਹਿਤ ਸਾਮ੍ਹਣੇ ਆ ਰਹੇ ਹਨ। ਇਹਨਾਂ ਰੂਪਾਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ-ਪਹਿਲਾ ਭਾਗ ਸ਼ੁੱਧ ਗਿਆਨ-ਵਿਗਿਆਨ ਦੀ ਵਾਰਤਕ ਦਾ ਹੈ ਜਿਸ ਵਿੱਚ ਨਿਬੰਧ, ਲੇਖ ਗਿਆਨ-ਵਿਗਿਆਨ ਦੀਆਂ ਪੁਸਤਕਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਜਦ ਕਿ ਵਾਰਤਕ ਦਾ ਦੂਜਾ ਭਾਗ ਲਲਿਤ ਵਾਰਤਕ ਹੈ ਜਿਸ ਵਿੱਚ ਜੀਵਨੀ, ਸ੍ਵੈਜੀਵਨੀ, ਰੇਖਾ-ਚਿੱਤਰ, ਯਾਦਾਂ (ਸੰਸਮਰਨ), ਸਫ਼ਰਨਾਮੇ, ਮੁਲਾਕਾਤਾਂ, ਡਾਇਰੀ, ਸਾਹਿਤਕ ਪੱਤਰ, ਵਿਅੰਗ, ਪ੍ਰਵਚਨ, ਕੈਪਸ਼ਨ, ਪਰਬਤ ਰੋਹਣ ਅਤੇ ਜੰਗਲ ਭ੍ਰਮਣ ਨਾਲ ਸੰਬੰਧਿਤ ਸਾਹਿਤ ਸ਼ਾਮਲ ਕੀਤਾ ਜਾ ਸਕਦਾ ਹੈ।

ਨਿਬੰਧ : ਨਿਬੰਧ ਦਾ ਮੌਲਿਕ ਅਰਥ ਹੈ 'ਬੰਨ੍ਹਣਾ'। ਸੰਸਕ੍ਰਿਤ ਵਿਚ 'ਨਿਬੰਧ' ਸ਼ਬਦ ਦਾ ਪ੍ਰਯੋਗ ਲਿਖੇ ਹੋਏ ਭੋਜ ਪਤਾਂ ਨੂੰ ਸੰਵਾਰ ਕੇ, ਸੀ ਪਰੋ ਕੇ, ਸਾਂਭ ਕੇ ਰੱਖਣ ਦੀ ਕ੍ਰਿਆ ਲਈ ਕੀਤਾ ਜਾਂਦਾ ਸੀ। ਸੰਸਕ੍ਰਿਤ ਵਿਚ ਨਿਬੰਧ ਦਾ ਸਮਾਨਾਰਥੀ ਸ਼ਬਦ ਪ੍ਰਬੰਧ ਹੈ ਜਿਹੜਾ ਸੁਲਭਤ ਵਿਸ਼ੈ ਉੱਤੇ ਕਲਪਨਾ ਦੁਆਰਾ ਗੱਦ ਜਾਂ ਪੱਦ ਵਿਚ ਰਚਿਤ ਗ੍ਰੰਥ ਲਈ ਵਰਤਿਆ ਜਾਂਦਾ ਸੀ। ਬਾਲਮੀਕ ਦੀ ਰਾਮਾਇਣ ਪ੍ਰਬੰਧ–ਕਾਵਿ ਅਤੇ ਦੰਡੀ ਦੇ 'ਦਸ਼ਕੁਮਾਰ ਚਰਿਤ' ਦੀ ਕਥਾ ਨੂੰ ਪ੍ਰਬੰਧ ਕਾਵ੍ਯਾਤਮਕ ਆਖਿਆ ਗਿਆ ਹੈ। ਪਰੰਤੂ ਅੱਜ ਇਹ ਸ਼ਬਦ ਸਮਾਨਾਰਥੀ ਨਹੀਂ ਰਹੇ। ਅੱਜ ਦਾ ਪ੍ਰਬੰਧ ਕਿਸੇ ਵਿਸ਼ੇਸ਼ ਵਿਸ਼ੈ ਉੱਤੇ ਦਲੀਲ–ਯੁਕਤ ਅਤੇ ਨਿਆਂਪੂਰਣ ਕ੍ਰਮਬੱਧ ਲਿਖੀ ਰਚਨਾ ਦਾ ਨਾਉਂ ਹੈ ਜਿਸ ਵਿਚ ਲੇਖਕ ਆਪਣੇ ਉਦੇਸ਼ ਨੂੰ ਸਪਸ਼ਟ ਤੇ ਸਿੱਧ ਕਰਨ ਲਈ ਛੋਹੇ, ਅਣਛੋਹੇ ਹਵਾਲਿਆਂ ਤੋਂ ਕੰਮ ਲੈਂਦਾ ਹੈ। ਇਸ ਦਾ ਅੰਗ੍ਰੇਜ਼ੀ ਪਰਿਆਇ 'ਟ੍ਰੀਟੀਜ਼' (treatise) ਜਾਂ ਥੀਸਿਸ (thesis) ਹੈ। ਪ੍ਰਬੰਧ ਤੋਂ ਛੁੱਟ ਨਿਬੰਧ ਦੇ ਪਰਿਆਇ ਦੇ ਰੂਪ ਵਿਚ ਲੇਖ, ਰਚਨਾ ਜਾਂ ਪ੍ਰਸਤਾਵ ਜਾਂ ਮਜ਼ਮੂਨ ਆਦਿ ਸ਼ਬਦ ਦੀ ਪ੍ਰਯੁਕਤ ਕੀਤੇ ਜਾਂਦੇ ਹਨ। ਲੇਖ ਜਾਂ ਆਰਟੀਕਲ ਵਿਚ ਲੇਖਕ ਕਿਸੇ ਵਿਸ਼ੈ ਉੱਤੇ ਸ਼ਾਸਤ੍ਰੀ ਢੰਗ ਨਾਲ ਚਾਨਣਾ ਪਾਉਂਦਾ ਹੈ। ਰਚਨਾ ਜਾਂ ਕੰਪੋਜ਼ੀਸ਼ਨ ਕਿਸੇ ਵਿਸ਼ੈ ਜਾਂ ਵਸਤੂ ਦੇ ਗੁਣ, ਦੋਸ਼ ਆਦਿ ਦੀ ਦ੍ਰਿਸ਼ਟੀ ਤੋਂ ਲੇਖਕ ਦੀ ਗੱਦਾਤਮਕ ਅਭਿਵਿਅਕਤੀ ਹੁੰਦੀ ਹੈ।

ਆਧੁਨਿਕ ਨਿਬੰਧ ਮੂਲ ਅਤੇ ਪਰੰਪਰਾਵਾਦੀ ਅਰਥਾਂ ਵਿਚ ਪ੍ਰਯੁਕਤ ਨਹੀਂ ਹੁੰਦਾ। ਵਾਸਤਵ ਵਿਚ ਅੱਜ ਦਾ ਨਿਬੰਧ ਫ੍ਰਾਂਸੀਸੀ ਸ਼ਬਦ ਏਸਈ (essais) ਅਤੇ ਅੰਗ੍ਰੇਜ਼ੀ ਸ਼ਬਦ 'ਏਸੇ' (essay) ਦਾ ਪਰਿਆਇ ਬਣ ਗਿਆ ਹੈ, ਜਿਸ ਦਾ ਕੋਸ਼ਗਤ ਅਰਥ ਯਤਨ, ਪ੍ਰਯੋਗ ਜਾਂ ਪ੍ਰੀਖਿਆ ਹੁੰਦਾ ਹੈ। ਨਿਬੰਧ ਦੀ ਪਰਿਭਾਸ਼ਾ ਕਰਨਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਪ੍ਰਯਤਨ ਤੇ ਅੰਤਰਗਤ, ਛੋਟੀਆਂ, ਵੱਡੀਆਂ, ਸਰਲ, ਗੰਭੀਰ ਅਤੇ ਗੱਦ ਪੱਦ ਵਿਚ ਲਿਖੀਆਂ ਹੋਇਆਂ ਅਨੇਕ ਪ੍ਰਕਾਰ ਦੀਆਂ ਰਚਨਾਵਾਂ ਆ ਜਾਂਦੀਆਂ ਹਨ। ਪਰੰਤੂ ਇਸ ਦਾ ਇਹ ਤਾਤਪਰਜ ਨਹੀਂ ਕਿ ਨਿਬੰਧ ਦਾ ਕੋਈ ਸੁਤੰਤਰ ਰੂਪ ਹੀ ਨਹੀਂ। ਅਜਿਹੇ ਨਿਬੰਧ ਨੂੰ ਜਾਂ ਏਸੇ (essay) ਨੂੰ ਡਾਕਟਰ ਜੌਨਸਨ ਨੇ 'ਮਨ ਦੇ ਮੁਕਤ ਜਜ਼ਬਿਆਂ ਦੇ ਵੇਗ' (a loose solly of mind) ਦਾ ਨਾਉਂ ਦਿੱਤਾ ਹੈ। ਉਸ ਅਨੁਸਾਰ ਨਿਬੰਧ ਇਕ ਅਜਿਹੀ ਰਚਨਾ ਹੈ ਜਿਹੜੀ ਕੱਚੀ ਅਤੇ ਅਨਿਯਮਿਤ ਹੁੰਦੀ ਹੈ। ਪੱਛਮ ਦੇ ਪੁਰਾਤਨ ਲੇਖਕਾਂ ਤੇ ਦਾਰਸ਼ਨਿਕਾਂ ਨੇ ਅਜਿਹੀਆਂ ਰਚਨਾਵਾਂ ਕੀਤੀਆਂ ਸਨ ਪਰੰਤੂ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਨੂੰ ਨਿਬੰਧ ਨਹੀਂ ਆਖਿਆ। ਪਲੇਟੋ ਦੀਆਂ ਗੋਸ਼ਟੀਆਂ (Dialogues), ਥਿਓਫ਼ਰੇਸਟਸ (Theophratus) ਦੀ ਪਾਤਰ-ਉਸਾਰੀ, ਪਲਿਨੀ (Pliny), ਸੈਨੇਕਾ (Seneca) ਅਤੇ ਪਲੂਟਾਰਕ (Plutarc) ਦੇ ਧਰਮ-ਪਤ੍ਰ (Epistles) ਅਤੇ ਨੈਤਿਕ ਲੇਖ, ਮਾਰਕਸ ਆਰੀਲੀਅਸ (Marcus Aurelius) ਅਤੇ ਸਿਸਰੋ (Cicero) ਦੇ ਧਾਰਮਿਕ ਵਿਚਾਰ ਅਤੇ ਅਰਸਤੂ (Aristotle) ਦੀਆਂ ਨਿਆਂਪੂਰਣ ਰਚਨਾਵਾਂ ਜੌਨਸਨ ਦੁਆਰਾ ਪਰਿਭਾਸ਼ਤ ਨਿਬੰਧ ਦੀ ਸ਼੍ਰੇਣੀ ਵਿਚ ਗਿਣੀਆਂ ਜਾ ਸਕਦੀਆਂ ਹਨ ਪਰੰਤੂ ਸੁਤੰਤਰਤਾ ਦੀ ਇਸ ਵਿਧੀ ਨੂੰ ਮੁੱਖ ਰੱਖ ਕੇ ਫ਼੍ਰਾਂਸੀਸੀ ਲੇਖਕ ਮੀਸ਼ੈਲ ਦੇ ਮੋਨਤੇਨ (Michel de Montaigne) ਨੇ 1580 ਈ. ਵਿਚ ਆਪਣੇ ਨਿਬੰਧਾਂ ਦੀ ਪੁਸਤਕ 'ਐਸੇਜ਼ (Essais) ਸਿਰਲੇਖ ਹੇਠ ਛਾਪੀ। ਇਨ੍ਹਾਂ ਨਿਬੰਧਾਂ ਦੇ ਗੱਲਬਾਤੀ ਢੰਗ ਅਤੇ ਪਾਠਕਾਂ ਨਾਲ ਨੇੜਤਾ ਦੇ ਗੁਣਾਂ ਨਾਲ ਵਿਅਕਤੀਗਤ ਨਿਬੰਧ ਦਾ ਮੁੱਢ ਬੱਝਾ। 'ਦੁੱਖਾਂ ਨਾਲ ਸਾਡੀਆਂ ਇੱਛਾਵਾਂ ਦੀ ਵ੍ਰਿਧੀ ਹੁੰਦੀ ਹੈ', 'ਮਾਪਿਆਂ ਦਾ ਬੱਚਿਆਂ ਲਈ ਪਿਆਰ', 'ਸੁਸਤੀ ਬਾਰੇ', 'ਹੰਕਾਰ ਬਾਰੇ', 'ਈਮਾਰ ਬਾਰੇ', ਆਦਿ ਉਸ ਦੇ ਵਿਸ਼ੈ ਸਨ। ਅੰਗ੍ਰੇਜ਼ ਲੇਖਕ ਫ਼੍ਰਾਂਸਿਸ ਬੇਕਨ (Francis Bacon) ਨੇ 1597 ਈ. ਵਿਚ ਆਪਣੇ ਨਿਬੰਧ (essay) ਛਪਵਾਏ। ਇਹ ਲੇਖ ਸੰਖੇਪ, ਉਕਤੀਯੁਕਤ ਅਤੇ ਦਲੀਲਪੂਰਣ ਹਨ ਪਰ ਇਨ੍ਹਾਂ ਵਿਚ ਮੋਨਤੇਨ ਵਰਗਾ ਹਲਕਾਪਨ ਨਹੀਂ। ਇਨ੍ਹਾਂ ਦੋਹਾਂ ਲੇਖਕਾਂ ਨੇ ਉਕਤੀਆਂ, ਅਖਾਣਾਂ, ਅਤੇ ਉਦਾਹਰਣਾਂ ਦਾ ਅਧਿਕ ਪ੍ਰਯੋਗ ਕੀਤਾ ਹੈ। ਪਤ੍ਰਿਕਾ ਨਿਬੰਧ (periodical essays) ਡੀਫੋ (Defoe) ਨੇ 1704 ਈ. ਵਿਚ ਲਿਖੇ ਅਤੇ ਰਿਚਰਡ ਸਟੀਲ (Richard Steele) ਟਾਟਲਰ ਨੇ ਆਪਣੀ ਪਤ੍ਰਿਕਾ ਤਤਲਾਰ' (Tatlar) ਵਿਚ ਇਸ ਦਾ ਵਿਕਾਸ ਕੀਤਾ, ਜਿਸ ਪਿੱਛੋਂ ਐਡਿਸਨ (Addision) ਨੇ ਆਪਣੀ ਪਤ੍ਰਿਕਾ 'ਸਪੈਕਟੇਟਰ' (Spectator) ਵਿਚ ਜਾਰੀ ਰੱਖਿਆ। ਇਨ੍ਹਾਂ ਲੇਖਕਾਂ ਨੇ ਯੂਰਪ ਦੇ ਸਾਰੇ ਨਿਬੰਧਕਾਰਾਂ ਨੂੰ ਪ੍ਰਭਾਵਿਤ ਕੀਤਾ। ਐਡਿਸਨ ਨੇ 'ਸਪੈਕਟੇਟਰ' ਦੇ ਨਿਬੰਧਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ-ਗੰਭੀਰ ਨਿਬੰਧ ਅਤੇ ਅਵਸਰੀ ਪਤ੍ਰ (serious essays and occasional essays)। ਅਵਸਰੀ ਪਤ੍ਰਾਂ ਵਿਚ ਉਸ ਨੇ ਮਨ ਦੀ ਮੌਜ, ਹਾਸ-ਰਸ, ਹਲਕਾ ਵਿਅੰਗ ਅਤੇ ਸਰਲ ਤਰੰਗ ਦਾ ਪ੍ਰਯੋਗ ਕੀਤਾ ਹੈ। ਇਹ ਗੁਣ ਅੱਜ ਤਕ ਵਿਅਕਤੀਗਤ ਅਤੇ ਚਪਲ, ਮੌਜੀ ਨਿਬੰਧ ਦੇ ਵਿਆਪਕ ਗੁਣ ਮੰਨੇ ਜਾਂਦੇ ਹਨ। ਪਾਠਕ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਲੇਖਕ ਦੀਆਂ ਗੱਲਾਂ ਉਹਲੇ ਬੈਠਾ ਸੁਣ ਰਿਹਾ ਹੋਵੇ। ਅਜਿਹੇ ਵਿਅਕਤੀਗਤ ਲੇਖਾਂ (personal essays) ਵਿਚ ਅਨੁਭਵ ਅਤੇ ਗਿਆਨ ਦੁਆਰਾ ਲੇਖਕ ਦੇ ਸੰਕਲਪ, ਰੁਚੀ ਅਤੇ ਮੌਲਿਕਤਾ ਦੀ ਸੋਝੀ ਹੁੰਦੀ ਹੈ। ਉਨ੍ਹੀਵੀਂ ਅਤੇ ਵੀਹਵੀਂ ਸਦੀ ਈ. ਵਿਚ ਲੈਂਬ (Lamb), ਥੈਕਰੇ (Theckeray), ਐਮਰਸਨ (Emerson) ਅਤੇ ਚੈਸਟਰਟਨ (Chesterton) ਨੇ ਅਜਿਹੇ ਨਿਬੰਧ ਲਿਖੇ ਹਨ। ਇਸ ਦੇ ਨਾਲ ਅੰਗ੍ਰੇਜ਼ੀ, ਫ਼੍ਰਾਂਸੀਸੀ ਅਤੇ ਜਰਮਨ ਲੇਖਕਾਂ ਨੇ ਇਤਿਹਾਸਕ, ਸਮੀਖਿਅਕ ਅਤੇ ਦਾਰਸ਼ਨਿਕ ਵਿਸ਼ਿਆਂ ਤੇ ਗੰਭੀਰ ਨਿਬੰਧ ਵੀ ਲਿਖੇ। ਕਾਰਲਾਈਨ (Carlyle), ਮੈਕਾਲੇ (Macaulay), ਰਸਕਿਨ (Ruskin), ਵਾਲਟਰ ਪੇਟਰ (Walter Pater), ਮੈਥਿਊ ਆਰਨਲਡ (Matthe Arnold), ਟਾਮਸ ਹਕਸਲੇ (Thomas Huxley) ਅਤੇ ਆਲਡਸ ਹਕਸਲੇ (Aldous Huxley), ਉਨਾਮੁਨੋ (Unamuno), ਉਰਤੇਗ ਗੈਸੇ (Ortegu Y Gasset) ਆਦਿ ਗੰਭੀਰ ਨਿਬੰਧਕਾਰ ਹਨ। ਅਮਰੀਕਨ ਆਲੋਚਕ ਹੈਰਲਡ ਮੈਰੀਅਮ (Harald Marium) ਨੇ ਅਜੋਕੇ ਨਿਬੰਧ ਨੂੰ ਗੱਦਾ ਦੀਆਂ ਸਮਾਨ ਵੰਨਗੀਆਂ ਤੋਂ ਨਿਖੇੜਨ ਦਾ ਯਤਨ ਕੀਤਾ ਹੈ। ਉਸ ਅਨੁਸਾਰ ਜੇ ਅਜਿਹੇ ਸਮਾਨ ਪਦਾਰਥਾਂ ਨੂੰ ਇਕ ਲਾਈਨ ਵਿਚ ਰੱਖਿਆ ਜਾਵੇ ਅਤੇ ਇਸ ਲਾਈਨ ਨੂੰ ਦੋ ਬਰਾਬਰ ਭਾਗਾਂ ਵਿਚ ਵੰਡਿਆ ਜਾਵੇ ਤਾਂ ਲਾਈਨ ਦੇ ਖੱਬੇ ਪਾਸੇ ਨਿਯਮਾਨੁਕੂਲ ਮਰਯਾਦਾ, ਬਾਹਰਮੁਖਤਾ ਅਤੇ ਬੌਧਿਕਤਾ ਵਿਚ ਰੁਚੀ ਦੇ ਪਦਾਰਥ ਹੋਣਗੇ ਅਤੇ ਸੱਜੇ ਪਾਸੇ ਅਨਿਯਮਤਾ, ਅੰਤਰਮੁਖਤਾ ਅਤੇ ਕਲਪਨਾ ਵਿਚ ਰੁਚੀ ਦੇ ਪਦਾਰਥ ਹੋਣਗੇ। ਖੱਬੇ ਸਿਰੇ ਦੇ ਅੰਤ ਵਿਚ ਪ੍ਰਬੰਧ ਅਤੇ ਵਿਸ਼ੇਸ਼ ਵਿਸ਼ੇ ਸੰਬੰਧੀ ਨਿਆਂਪੂਰਣ ਲੇਖ ਹੋਣਗੇ ਅਤੇ ਸੱਜੇ ਸਿਰੇ ਦੇ ਅੰਤ ਵਿਚ ਨਿਬੰਧ ਅਤੇ ਖ਼ਾਕੇ ਵਿਦਮਾਨ ਹੋਣਗੇ। ਖੱਬੇ ਤੋਂ ਸੱਜੇ ਸਿਰੇ ਤਕ ਜੀਵਨ ਸੰਬੰਧੀ ਇਤਿਹਾਸਕ, ਸਮੀਖਿਅਕ ਅਤੇ ਵਿਆਖਿਆਤਮਕ ਲੇਖ (expository essay) ਅਤੇ ਮੱਧ ਵਿਚ ਸੰਪਾਦਕੀ, ਪੁਸਤਕ ਪੜਚੋਲ (book review) ਅਤੇ ਪਤ੍ਰਿਕਾ ਲੇਖਾਂ ਦੀ ਥਾਂ ਹੁੰਦੀ ਹੈ। ਮੱਧ ਤੋਂ ਜ਼ਰਾ ਕੁ ਸੱਜੇ ਪਾਸੇ ਪ੍ਰਭਾਵਵਾਦੀ ਲੇਖ, ਵਿਅਕਤੀਗਤ ਲੇਖ, ਮਨ-ਤਰੰਗ ਲੇਖ ਅਤੇ ਖ਼ਾਕੇ ਆ ਟਿਕਦੇ ਹਨ।

| | |
|---|---|
| ਨਿਯਮਤਾ | ਅਨਿਯਮਤਾ |
| ਬਾਹਰਮੁਖਤਾ | ਅੰਤਰਮੁਖਤਾ |
| (ਬੌਧਿਕਤਾ ਵਿਚ ਰੁਚੀ) | (ਕਲਪਨਾ ਵਿਚ ਰੁਚੀ) |

**ਨਿਬੰਧ**

| | | |
|---|---|---|
| ਪ੍ਰਬੰਧ ਜੀਵਨੀ, ਵਿਗਿਆਨਕ | ਸੰਪਾਦਕੀ ਲੇਖ, ਆਰਟੀਕਲ, ਪਤ੍ਰ ਲੇਖ | ਪ੍ਰਭਾਵਵਾਦੀ ਲੇਖ |
| ਇਤਿਹਾਸਕ, ਵਿਆਖਿਆਤਮਕ | ਪੁਸਤਕ ਪੜਚੋਲ | ਵਿਅਕਤੀਗਤ |
| ਅਤੇ ਸਮੀਖਿਅਕ ਲੇਖ | | ਮਨ–ਤਰੰਗ, ਖ਼ਾਕੇ |

ਸਾਹਿਤਿਕ ਨਿਬੰਧ ਦੀ ਆਪਣੀ ਸੁਤੰਤਰ ਸੱਤਾ ਹੈ ਪਰੰਤੂ ਸੰਖੇਪਤਾ, ਜਜ਼ਬਿਆਂ ਦੀ ਰਵਾਨੀ, ਵਿਚਾਰਾਂ ਵਿਚ ਆਜ਼ਾਦ ਵੇਗ ਤੇ ਪ੍ਰਗਟਾਅ ਦੀ ਸੁੰਦਰ ਸ਼ੈਲੀ ਇਨ੍ਹਾਂ ਸਾਰਿਆਂ ਦੇ ਸਾਂਝੇ ਗੁਣ ਹਨ। ਸਾਹਿਤਿਕ ਨਿਬੰਧ ਦੇ ਆਮ ਤੌਰ ਤੇ ਤਿੰਨ ਭੇਦ ਕੀਤੇ ਜਾਂਦੇ ਹਨ। ਕਥਾਤਮਕ ਨਿਬੰਧ (narrative) ਵਿਚ ਕਾਲਪਨਿਕ, ਪੌਰਾਣਿਕ, ਇਤਿਹਾਸਕ ਅਤੇ ਪ੍ਰਤੀਕਾਤਮਕ ਕਹਾਣੀਆਂ ਪ੍ਰਯੁਕਤ ਕੀਤੀਆਂ ਜਾਂਦੀਆਂ ਹਨ। ਬਿਆਨੀਆਂ ਨਿਬੰਧ (descriptive) ਵਿਚ ਪ੍ਰਾਕ੍ਰਿਤਿਕ ਦ੍ਰਿਸ਼ ਅਤੇ ਮਾਨਵ ਜੀਵਨ ਦੀ ਕਿਸੇ ਘਟਨਾ ਦਾ ਬਿਆਨ ਹੋ ਸਕਦਾ ਹੈ। ਚਿੰਤਨਾਤਮਕ (reflective) ਨਿਬੰਧ ਵਿਚ ਲੇਖਕ ਆਪਣੀ ਪ੍ਰਵ੍ਰਿਤੀ, ਸੁਭਾਅ ਤੇ ਸਥਿਤੀ ਅਨੁਸਾਰ ਭਾਵਨਾ ਨੂੰ ਮੁੱਖ ਆਧਾਰ ਬਣਾਂਉਂਦਾ ਹੈ। ਭਾਵਨਾ ਅਤੇ ਵਿਚਾਰ ਦਾ ਸੁਮੇਲ ਕਰਕੇ ਪਾਠਕਾਂ ਦੀ ਬੁੱਧੀ ਨੂੰ ਪ੍ਰੇਰਿਤ ਕਰਨਾ ਹੈ। ਸਰਲਤਾ, ਸਪਸ਼ਟਤਾ, ਨਿਸੰਕੋਚ ਪ੍ਰਗਟਾ, ਵਿਸ਼ੈ ਦਾ ਸੀਮਿਤ ਘੇਰਾ, ਲੇਖਕ ਦੀ ਵਿਸ਼ੇਸ਼ ਮਨੋਦਸ਼ਾ ਪਾਠਕਾਂ ਨਾਲ ਨਿਕਟ ਸੰਬੰਧ, ਪੰਡਤਾਈ ਦੀ ਅਣਹੋਂਦ ਪਰੰਤੂ ਗਿਆਨ ਦੀ ਵਿਆਪਕਤਾ ਹਰ ਇਕ ਲੇਖ ਦੇ ਪ੍ਰਮੁੱਖ ਗੁਣ ਹਨ। ਆਧੁਨਿਕ ਯੁੱਗ ਵਿਚ ਨਿਬੰਧ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ।

ਇੰਜ ਲੇਖ ਵਾਰਤਕ ਦਾ ਇੱਕ ਅਜਿਹਾ ਰੂਪ ਹੈ, ਜਿਸ ਵਿਚ ਲੇਖਕ ਦੇ ਆਪਣੇ ਨਿੱਜੀ ਭਾਵਾਂ ਨੂੰ ਜਜ਼ਬਾਤੀ ਰੰਗ ਵਿਚ ਕੇ ਪੇਸ਼ ਕੀਤਾ ਜਾਂਦਾ ਹੈ। ਲੇਖ ਵਿਚ ਲੇਖਕ ਨਿੱਜ ਬੋਲਦਾ ਹੈ। ਲੇਖ ਰਾਹੀਂ ਲੇਖਕ ਦੇ ਚਰਿੱਤਰ ਪ੍ਰਧਾਨ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਨ੍ਹਾਂ ਨੂੰ ਕਲਪਨਾ ਦੀ ਉੱਚੀ ਉਡਾਰੀ ਨਾਲ ਸਵਰਗੀ ਝਲਕੀਆਂ ਵਿਚ ਜਾਂ ਨਰਕਾਂ ਦੇ ਦੁਖਾਂਤ ਬਣਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਲੇਖ ਵਿਚ ਸੋਚ ਉਡਾਰੀ ਦੀ ਉੱਚਤਮ ਟੀਸੀ ਦੀ ਕੋਈ ਸੀਮਾ ਨਹੀਂ ਹੁੰਦੀ, ਬਲਕਿ ਭਾਵਾਂ ਦਾ ਹੜ੍ਹ ਵੀ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਲੇਖ ਨੂੰ ਅਕਸਰ ਅਸੀਂ ਗੈਰ ਰਸਮੀ ਕਲਾ ਰਹਿਤ ਰਚਨਾ ਕਹਿ ਸਕਦੇ ਹਾਂ, ਜਿਸ ਵਿਚ ਨਿੱਜੀ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਲੇਖ ਅੰਦਰ ਯਥਾਰਥ ਸੰਤੁਲਿਤ ਘੱਟ ਹੁੰਦਾ ਹੈ। ਨਿਯਮਾਂ, ਵਿਆਕਰਨ ਹਦਾਇਤਾਂ ਅਤੇ ਪਾਬੰਦੀਆਂ ਦਾ ਨਾ-ਮਾਤਰ ਖ਼ਿਆਲ ਰੱਖਿਆ ਜਾਂਦਾ ਹੈ। ਇਹ ਅਨਿਯਮਿਤ ਵਿਅਕਤੀਗਤ ਬੌਧਿਕ ਦੀ ਥਾਂ ਰਸਾਤਮਕ ਹੁੰਦਾ ਹੈ। ਲੇਖ ਦਾ ਸਰੂਪ ਤੇ ਦ੍ਰਿਸ਼ਟੀਕੋਣ ਨਿਰੋਲ ਵਿਅਕਤੀਗਤ ਹੁੰਦਾ ਹੈ।

ਡਾ. ਸਵਿੰਦਰ ਸਿੰਘ ਉੱਪਲ ਲਿਖਦੇ ਹਨ: ਜਿਸ ਵਾਰਤਕ-ਰਚਨਾ ਵਿਚ ਲੇਖਕ ਇਕੱਠੇ ਕੀਤੇ ਜਾਂ ਆਪਣੇ ਵਿਚਾਰਾਂ ਨੂੰ ਇੰਜ ਪੇਸ਼ ਕਰ ਜਾਏ ਕਿ ਉਸ ਵਿਚੋਂ ਲੇਖਕ ਦੀ ਨਿਵੇਕਲੀ ਸ਼ਖ਼ਸੀਅਤ ਦੀ ਰੰਗਣ ਅਤੇ ਸਾਹਿਤਕ ਸੇਧ ਨਾ ਦਿਸੇ, ਉਹ ਲੇਖ ਹੈ, ਪਰ ਜਿਸ ਵਾਰਤਕ ਰਚਨਾ ਵਿਚ ਲੇਖਕ ਦੀ ਕਲਾਤਮਕ ਵਿਉਂਤ, ਨਿੱਜੀ ਸ਼ਖ਼ਸੀਅਤ ਦੀ ਮੋਹਰ ਪਾਠਕ ਨਾਲ ਬਣਾਇਆ ਨਿੱਜੀ ਕਲਾਤਮਕ-ਰਿਸ਼ਤਾ ਅਤੇ ਨਿੱਜੀ ਸ਼ੈਲੀ ਦੀ ਸੁਗੰਧ ਪਾਠਕ ਨੂੰ ਮਸ਼ਹੂਰ ਕਰ ਜਾਏ, ਉਹ ਰਚਨਾ ਨਿਬੰਧ ਹੈ।

ਪੰਜਾਬੀ ਵਿਚ ਨਿਬੰਧ ਸ਼ਬਦ ਤੋਂ ਪਹਿਲਾਂ ਲੇਖ (Article) ਸ਼ਬਦ ਵਰਤਿਆਂ ਜਾਂਦਾ ਸੀ, ਜਿਸ ਨੂੰ ਸਾਹਿਤਕ ਲੇਖ ਕਿਹਾ ਜਾਂਦਾ ਸੀ। ਪ੍ਰੋ. ਪੂਰਨ ਨੇ ਆਪਣੇ ਸਾਹਿਤਕ ਨਿਬੰਧਾਂ ਦਾ ਨਾਂ ਖੁੱਲ੍ਹੇ ਲੇਖ ਹੀ ਰੱਖਿਆ ਸੀ। ਪ੍ਰੋ. ਸਾਹਿਬ ਸਿੰਘ ਦੇ ਸਿੱਖ ਧਰਮ ਦੀ ਮਰਯਾਦਾ ਅਤੇ ਆਦਰਸ਼ ਮੂਲਕਤਾ ਸੰਬੰਧੀ ਜੋ ਲੇਖ ਲਿਖੇ ਸਨ, ਉਹ ਧਾਰਮਿਕ ਲੇਖ ਪੁਸਤਕ ਦੇ ਨਾਂ ਹੇਠ ਉਨ੍ਹਾਂ ਪ੍ਰਕਾਸ਼ਿਤ ਕਰਵਾਏ ਸਨ। ਲੇਖ ਸ਼ਬਦ ਦਾ ਮੂਲ ਵੀ ਬੇਸ਼ੱਕ ਸੰਸਕ੍ਰਿਤ ਭਾਸ਼ਾ ਵਿਚ ਹੈ, ਪਰ ਸੰਨ ਸੰਤਾਲੀ ਤੋਂ ਭਾਰਤ ਨੂੰ ਸੁਤੰਤਰਤਾ ਮਿਲਣ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਲੇਖ ਸ਼ਬਦ ਨਿਬੰਧ ਨਾਲੋਂ ਵਧੇਰੇ ਪ੍ਰਚਲਿਤ ਸੀ।

ਲੇਖ ਵਿਚ ਲਿਖਾਰੀ ਨਿੱਜ ਦਾ ਪ੍ਰਦਰਸ਼ਨ ਕਰਦਾ ਹੈ ਤੇ ਇਸ ਲਈ ਲੇਖ ਇੱਕ ਵਿਅਕਤੀਗਤ ਰਚਨਾ ਹੋ ਕੇ ਰਹਿ ਜਾਂਦੀ ਹੈ। ਲੇਖ ਵਿਚ ਤਾਂ ਲਿਖਾਰੀ ਇਹ ਪ੍ਰਗਟਾਉਂਦਾ ਹੈ ਕਿ ਮੈਂ ਕਿਵੇਂ ਸੋਚਦਾ ਹੈ। ਇਸ 'ਮੈਂ' ਦਾ ਪ੍ਰਤੀਬਿੰਬ ਉਸ ਨੂੰ ਕਈ ਵਾਰੀ ਭਾਵੁਕ ਵਹਿਣਾ ਵਿਚ ਲੈ ਜਾਂਦਾ ਹੈ, ਜਿਸ ਨੂੰ ਵਾਰਤਕਕਾਰੀ ਵਿਚ ਦੋਸ਼ ਸਮਝਿਆ ਜਾਂਦਾ ਹੈ। ਲੇਖ ਵਿਚ ਕਲਪਨਾ ਬੁੱਧੀ  ਦੇ ਅਧੀਨ ਨਹੀਂ ਕੰਮ ਕਰਦੀ, ਸਗੋਂ ਇਸ ਦੀ ਆਪਣੀ ਵੱਖਰੀ ਹੋਂਦ ਹੁੰਦੀ ਹੈ। ਕਲਪਨਾ ਦੇ ਆਉਣ ਨਾਲ ਜਿੱਥੇ ਲੇਖ ਵਿਚ ਰੰਗਤ ਆਉਂਦੀ ਹੈ। ਉੱਥੇ ਇਸ ਵਿਚਲਾ ਬੌਧਿਕ ਗੁਣ ਮਰ ਜਾਂਦਾ ਹੈ ਤੇ ਵਾਰਤਕ ਕਾਵਿਮਈ ਹੋ ਕੇ ਰਹਿ ਜਾਂਦੀ ਹੈ। ਲੇਖ ਦਾ ਰੂਪ ਵਿਧਾਨ ਅਜਿਹਾ ਹੈ ਕਿ ਲਿਖਾਰੀ ਆਪਣੇ ਵਿਚਾਰਾਂ ਨੂੰ ਆਪਣੀ ਮਰਜ਼ੀ ਮੁਤਾਬਿਕ, ਕਿਸੇ ਵੀ ਢੰਗ ਵਿਚ ਢਾਲ ਕੇ ਪੇਸ਼ ਕਰ ਸਕਦਾ ਹੈ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਲੇਖ ਸਾਹਿਤ ਦੀ ਅਜਿਹੀ ਵਿਧਾ ਹੈ ਕਿ ਜਿਸ ਰਾਹੀਂ ਮਾਨਵੀ ਮਨੋਭਾਵਾਂ ਨੂੰ ਅਭਿਵਿਅਕਤ ਕਰਨ ਲਈ ਬੌਧਿਕਤਾ ਦੇ ਸਾਧਨਾਂ ਦੀ ਵਰਤੋਂ ਕਰਦਾ ਹੋਇਆ ਵੀ ਨਿੱਜੀ ਰੁਚੀਆਂ ਕਲਪਨਾ ਦੀ ਵੀ ਵਰਤੋਂ ਕਰ ਸਕਦਾ ਹੈ।

## ਸਾਰਾਂਸ਼ -

ਉਪਰੋਕਤ ਤੱਤਾਂ ਤੋਂ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ ਕਿ ਚੰਗੀ ਵਾਰਤਕ ਕਿਹੜੀ ਹੁੰਦੀ ਹੈ। ਉੱਪਰ ਦਿੱਤੇ ਤੱਤਾਂ ਦੇ ਬਾਵਜੂਦ ਵੀ ਕੋਈ ਰਚਨਾ ਚੰਗੀ ਜਾਂ ਮਾੜੀ ਹੋ ਸਕਦੀ ਹੈ। ਪਰ ਫੇਰ ਵੀ ਇਹ ਜ਼ਰੂਰ ਸੋਚਿਆ ਜਾ ਸਕਦਾ ਹੈ ਕਿ ਇੱਕ ਚੰਗੀ ਵਾਰਤਕ ਦੇ ਕੀ ਗੁਣ ਹੁੰਦੇ ਹਨ। ਮਿਸਾਲ ਵਜੋਂ ਉਹ ਵਾਰਤਕ ਚੰਗੀ ਹੁੰਦੀ ਹੈ ਜਿਸ ਵਿੱਚ

ੳ) ਵਿਸ਼ੇ ਦੇ ਅਨੁਕੂਲ ਵਸਤੂ ਉਸਾਰਿਆ ਗਿਆ ਹੋਵੇ।

ਅ) ਵਸਤੂ ਦੀ ਸਾਰੀ ਸਮੱਗਰੀ ਵਿਚਲੇ ਤੱਥ, ਘਣਤਾਵਾਂ ਦੀ ਲੜੀ ਇੱਕ ਸਿਲਸਿਲੇ ਵਿੱਚ ਬੰਨ੍ਹੀ ਹੋਈ ਹੋਵੇ।

ੲ) ਉਪਰੋਕਤ ਦੋਹਾਂ ਗੁਣਾਂ ਦੇ ਅਨੁਕੂਲ ਵਰਤੀ ਗਈ ਬੋਲੀ ਸਪਸ਼ਟ ਹੋਵੇ।

ਸ) ਰਚਨਾ ਵਿੱਚ ਵਰਤੀ ਗਈ ਭਾਸ਼ਾ ਵਿਆਕਰਨਿਕ ਪੱਖੋਂ ਠੀਕ ਹੋਵੇ। ਵਿਆਕਰਨਿਕ ਪੱਖੋਂ ਸ਼ੁੱਧ ਭਾਸ਼ਾ ਦਾ ਅਰਥ ਕਿਸੇ ਕ੍ਰਮ-ਬੱਧ – ਅਰਥਾਤ ਪੰਜਾਬੀ ਦੇ ਸਬੰਧ ਵਿੱਚ ਕਰਤਾ, ਕਰਮ, ਕਿਰਿਆ ਦੀ ਬੇਤਰਤੀਬ ਵਰਤੋਂ ਤੋਂ ਨਹੀਂ ਸਗੋਂ ਜੇ ਕੋਈ ਸਥਾਨਿਕ-ਰੰਗਣ ਦੀ ਵਰਤੋਂ ਹੁੰਦੀ ਹੈ ਤਾਂ ਵਾਰਤਕ ਵਿੱਚ ਉਸੇ ਸਥਾਨਿਕ-ਰੰਗਣ ਨੂੰ (ਜਿਵੇਂ ਉਸ ਸਥਾਨ ਦੇ ਲੋਕ ਬੋਲਦੇ ਹਨ) ਉਸੇ ਅਨੁਕੂਲ ਪ੍ਰਗਟ ਕੀਤਾ ਗਿਆ ਹੋਵੇ।

ਹ) ਵੱਡੇ-ਵੱਡੇ ਜਾਂ ਔਖੇ ਲਫ਼ਜ਼ ਕਿਸੇ ਵਾਰਤਕ-ਰਚਨਾ ਦਾ ਗੁਣ ਨਹੀਂ, ਔਗੁਣ ਹੁੰਦੇ ਹਨ। ਸੰਸਾਰ ਦੀ ਕੋਈ ਭਾਸ਼ਾ ਅਜਿਹੀ ਨਹੀਂ ਜਿਸ ਵਿੱਚ ਸਾਧਾਰਨ ਤੋਂ ਸਾਧਾਰਨ ਢੰਗ ਨਾਲ ਕੋਈ ਗੱਲ, ਵਿਚਾਰ, ਜਾਂ ਚਿੰਤਨ ਨਾ ਪ੍ਰਗਟ ਕੀਤਾ ਜਾ ਸਕੇ। ਗੁੰਝਲਦਾਰ ਵਾਕ-ਬਣਤਰ ਜਾਂ ਔਖੀ ਸ਼ਬਦਾਵਲੀ ਅਸਲ ਵਿੱਚ ਲਿਖਣ ਵਾਲੇ ਦੀ ਆਪਣੀ ਮਾਨਸਿਕਤਾ ਨੂੰ ਪ੍ਰਗਟ ਕਰਦੀ ਹੈ। ਅਸਲ ਵਿੱਚ ਕੋਈ ਰਚਨਾ ਉਦੋਂ ਹੀ ਗੁੰਝਲਦਾਰ ਤੇ ਅਸਪਸ਼ਟ ਹੁੰਦੀ ਹੈ, ਜਦੋਂ ਰਚਨਾ ਕਰਨ ਵਾਲੇ ਦਾ ਆਪਣਾ ਮਨ ਉਸ ਬਾਰੇ ਸਪਸ਼ਟ ਨਾ ਹੋਵੇ। ਕੋਈ ਵਿਚਾਰ ਜਾਂ ਸੰਕਲਪ ਬੋਲੀ ਤੋਂ ਬਿਨਾਂ ਤਾਂ ਸੋਚਿਆ ਹੀ ਨਹੀਂ ਜਾ ਸਕਦਾ। ਇਸੇ ਲਈ ਜਿਹੋ ਜਿਹਾ ਸਪਸ਼ਟ ਵਿਚਾਰ ਲੇਖਕ ਦੇ ਜ਼ਿਹਨ ਵਿੱਚ ਹੋਵੇਗਾ, ਉਸ ਦਾ ਉਹੋ ਜਿਹਾ ਭਾਸ਼ਾ ਰੂਪ ਪ੍ਰਗਟ ਹੋਏਗਾ।

## ਕੇਂਦਰੀ ਸ਼ਬਦ

- **ਸ਼ੈਲੀ** – ਸ਼ੈਲੀ ਮੁੱਖ ਤੌਰ ਤੇ ਨਿੱਜੀ ਬਿਆਨ-ਢੰਗ ਨੂੰ ਹੀ ਕਿਹਾ ਜਾਂਦਾ ਹੈ
- **ਛੰਦਾਬੰਦੀ** – ਕਾਵਿ ਸਾਹਿਤ ਕਿਰਤ ਦੀ ਪੇਸ਼ਕਾਰੀ ਦੇ ਨਿਯਮਾ ਦਾ ਖਾਖਾ।
- **ਗੱਦ** – ਵਾਰਤਕ ਰਚਨਾ ਰੂਪ

- **ਟੀਕਾ** - ਭਾਵ ਸੂਤ੍ਰਾਂ ਦੀ ਵਿਆਖਿਆ ਕਰਨ ਵਾਲਾ 'ਗ੍ਰੰਥ'।
- **ਪਰਿਆਵਾਚੀ**- ਕਿਸੇ ਦੂਸਰੀ ਭਾਸ਼ਾ ਦੇ ਸਮਾਨਅਰਥੀ ਸ਼ਬਦ

## ਸਵੈ-ਮੁਲਾਂਕਣ

**ਪ੍ਰਸ਼ਨ 1. ਵਾਰਤ ਸ਼ਬਦ ਕਿਸ ਭਾਸ਼ਾ ਦਾ ਪਰਾਇਵਾਚੀ ਸ਼ਬਦ ਹੈ?**

ੳ) ਫਾਰਸੀ

ਅ) ਅਰਬੀ

ੲ) ਲਾਤੀਨੀ

ਸ) ਉਰਦੂ

**ਪ੍ਰਸ਼ਨ 2. ਪਰੰਪਰਾ ਅਨੁਸਾਰ 'ਵਾਰਤਕ' ਸੰਸਕ੍ਰਿਤ ਦੀ ਕਿਸ ਧਾਤੂ ਤੋਂ ਬਣਿਆ ਸ਼ਬਦ ਹੈ?**

ੳ) ਵਕਰ

ਅ) 'ਵ੍ਰਿਤਿ'

ੲ) ਵਿਚਰ

ਸ) ਬੁਰਕ

**ਪ੍ਰਸ਼ਨ 3. 'ਗਦਯ-ਕਾਵਯ' ਕਿਸ ਨੂੰ ਆਖਿਆ ਜਾਂਦਾ ਸੀ?**

ੳ) ਕਵਿਤਾ ਨੂੰ

ਅ) ਵਾਰਤਕ ਨੂੰ

ੲ) ਨਾਵਲ ਨੂੰ

ਸ) ਕਹਾਣੀ ਨੂੰ

**ਪ੍ਰਸ਼ਨ 4. ਵਾਰਤਕ ਨੂੰ ਅਰਬੀ ਫਾਰਸੀ ਵਿਚ ਕੀ ਕਿਹਾ ਜਾਂਦਾ ਹੈ?**

ੳ) ਨਸਰ

ਅ) ਇਲਮ

ੲ) ਲਤੀਫਾ

ਸ) ਕਸੀਦਾ

**ਪ੍ਰਸ਼ਨ 5. ਅਰਬੀ ਫਾਰਸੀ ਵਿਚ ਨਸਰ ਦੇ ਕੀ ਅਰਥ ਸਨ?**

ੳ) ਬਿਖੇਰਨਾ

ਅ) ਖਿਲਾਰਨਾ

ੲ) ਵਾਰ ਕੇ ਸੁੱਟਣਾ

ਸ) ਉਪਰੋਕਤ ਸਾਰੇ

**ਪ੍ਰਸ਼ਨ 6. ਵਾਰਤਕ ਅਤੇ ਕਵਿਤਾ ਵਿੱਚ ਕੀ ਫ਼ਰਕ ਹੁੰਦਾ ਹੈ?**

ੳ) ਵਿਧਾ ਦਾ

ਅ) ਸਰੂਪ ਦਾ

ੲ) ਧੁਨੀ ਦੀ ਬਣਤਰ ਦਾ

ਸ) ਉਪਰੋਕਤ ਸਾਰੇ

**ਪ੍ਰਸ਼ਨ 7. ਵਾਰਤਕ ਵਿਚ ਕਿਹੜੇ ਗੁਣ ਹੋਣੇ ਜਰੂਰੀ ਹਨ?**

ੳ) ਸਪਸ਼ਟਤਾ

ਅ) ਸਰਲਤਾ

ੲ) ਸੰਖੇਪਤਾ

ਸ) ਉਪਰੋਕਤ ਸਾਰੇ

**ਪ੍ਰਸ਼ਨ 8. ਵਾਰਤਕ ਦੇ ਮੁੱਖ ਤੱਤ ਕਿੰਨੇ ਮੰਨੇ ਗਏ ਹਨ?**

ੳ) ਤਿੰਨ

ਅ) ਚਾਰ

ੲ) ਪੰਜ

ਸ) ਸੱਤ

**ਪ੍ਰਸ਼ਨ 9. ਵਾਰਤਕ ਦੇ ਪ੍ਰਮੁੱਖ ਕਿਹੜਾ ਹੈ?**

ੳ) ਵਿਸ਼ਾ-ਵਸਤੂ

ਅ) ਸ਼ੈਲੀ

ੲ)ਮਨੋਰਥ

ਸ) ਉਪਰੋਕਤ ਸਾਰੇ

**ਪ੍ਰਸ਼ਨ 10. ਸੈਲੀ ਕਿਸ ਨੂੰ ਕਿਹਾ ਜਾਂਦਾ ਹੈ?**

ੳ) ਰਚਨਾ ਦੀ ਪੇਸ਼ਕਾਰੀ

ਅ) ਨਿੱਜੀ ਬਿਆਨ ਢੰਗ

ੲ) ਵਿਦਾ ਦੀ ਵਰਤੋਂ

ਸ) ਵਾਕ ਬਣਤਰ

**ਪ੍ਰਸ਼ਨ 11. ਜਦੋਂ ਲਿਖਾਰੀ ਕਿਸੇ ਘਟਨਾ ਜਾਂ ਸਥਿਤੀ ਨੂੰ ਚੁਣ ਕੇ ਉਸ ਦਾ ਵਿਵਰਣ ਦੇਣ ਲੱਗ ਪੈਂਦਾ ਹੈ ਤਾਂ ਇਸ ਨੂੰ ਕੀ ਕਿਹਾ ਜਾਂਦਾ ਹੈ?**

ੳ) ਉਦੇਸ਼ ਹੀ ਵਾਰਤਕ

ਅ) ਬਿਰਤਾਂਤ ਪ੍ਰਦਾਨ ਵਾਰਤਕ

ੲ) ਕਹਾਣੀ ਪ੍ਰਧਾਨ ਵਾਰਤਕ

ਸ) ਉਪਰੋਕਤ ਕੋਈ ਨਹੀਂ

**ਪ੍ਰਸ਼ਨ 12. ਵਾਰਤਕ ਸ਼ਬਦ ਕਿਸ ਭਾਸ਼ਾ ਦਾ ਪਰਾਇਵਾਚੀ ਸ਼ਬਦ ਹੈ?**

ੳ) ਫਾਰਸੀ

ਅ) ਅਰਬੀ

ੲ) ਲਾਤੀਨੀ

ਸ) ਉਰਦੂ

**ਪ੍ਰਸ਼ਨ 13. ਕਵਿਤਾ ਲਈ ਛੰਦ ਤੇ ਤੁਕਾਂਤ ਆਵੱਸ਼ਕ ਹਨ; ਉੱਥੇ ਵਾਰਤਕ ਲਈ ਕਿਹੜੀ ਵਾਕ-ਰਚਨਾ ਜਰੂਰੀ ਅੰਸ਼ ਹਨ?**

ੳ) ਲੈਅ

ਅ) ਤਾਲ

ੲ) ਉਪਰੋਕਤ ਦੋਵੇ

ਸ) ਉਪਰੋਕਤ ਕੋਈ ਨਹੀਂ

**ਪ੍ਰਸ਼ਨ 14. ਹੇਠ ਲਿਖੇ ਵਿਚੋ ਕਿਹੜਾ ਵਾਰਤਕ ਰੂਪ ਹੈ?**

ੳ) ਬਚਨ

ਅ) ਟੀਕਾ

ੲ) ਭਗਤ ਮਾਲ

ਸ) ਉਪਰੋਕਤ ਸਾਰੇ

**ਪ੍ਰਸ਼ਨ 15. ਵਾਰਤਕ ਸਾਹਿਤਕ ਪ੍ਰਗਟਾਅ ਦੇ ਉਹਨਾਂ ਸਾਰੇ ਰੂਪਾਂ ਨੂੰ ਕਹਾਂਗੇ ਜਿਹੜੇ ..........ਵਿੱਚ ਨਾ ਆਉਣ ਤੇ ਸਿੱਧੇ ਬਚਨ ਹੋਣ।**

ੳ) ਨਾਟਕੀ ਰੂਪ

ਅ) ਕਲਾਤਮਿਕ ਰੂਪ

ੲ) ਸਾਹਿਤ ਰੂਪ

ਸ) ਛੰਦਾਬੰਦੀ ਦੀ ਕੈਦ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੲ** | **2 ਅ** | **3.ਅ** | **4. ੳ** | **5. ਸ** |
| **6. ਸ** | **7. ਸ** | **8. ੳ** | **9. ਸ** | **10. ਅ** |
| **11. ਅ** | **12. ੲ** | **13. ੲ** | **14. ਸ** | **15. ਸ** |

## ਅਭਿਆਸ ਪ੍ਰਸ਼ਨ

1. ਵਾਰਤਕ ਕੀ ਹੁੰਦੀ ਹੈ ?

2. ਕਵਿਤਾ ਅਤੇ ਵਾਰਤਕ ਵਿਚਲਾ ਅੰਤਰ ਸਪੱਸ਼ਟ ਕਰੋ।

3. ਵਾਰਤਕ ਦੇ ਤੱਤਾਂ ਬਾਰੇ ਸੰਖੇਪ ਨੋਟ ਲਿਖੋ।

4. ਵਾਰਤਕ, ਇਕ ਕਲਾ ਕਿਸ ਤਰ੍ਹਾਂ ਹੈ ?

5. ਵਾਰਤਕ ਸ਼ੈਲੀ ਤੋਂ ਤੁਸੀਂ ਕੀ ਸਮਝਦੇ ਹੋ ?

6. ਸ਼ੈਲੀ ਦੇ, ਪਾਠਕਾਂ ਉੱਤੇ ਕੀ ਪ੍ਰਭਾਵ ਪੈਂਦੇ ਹਨ ?

7. ਪੁਰਾਤਨ ਪੰਜਾਬੀ ਵਾਰਤਕ ਦੇ ਕੁੱਝ ਸਾਂਝੇ ਗੁਣ ਦਸੋ।

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://punjabipedia.org/topic.aspx?txt=%E0%A8%B2%E0%A9%87%E0%A8%96
- https://pa.wikipedia.org/wiki/%E0%A8%A8%E0%A8%BF%E0%A8%AC%E0%A9%B0%E0%A8%A7_%E0%A8%85%E0%A8%A4%E0%A9%87_%E0%A8%B2%E0%A9%87%E0%A8%96
- https://punjabipedia.org/topic.aspx?txt=%E0%A8%B5%E0%A8%BE%E0%A8%B0%E0%A8%A4%E0%A8%95&k=4

**Dr.** *Satwant Singh*, **Lovely Professional University**

# ਅਧਿਆਇ-10 : ਮੱਧਕਾਲੀ ਪੰਜਾਬੀ ਵਾਰਤਕ ਦਾ ਇਤਿਹਾਸ

**ਵਿਸ਼ਾ ਵਸਤੂ(Content)**

1. ਉਦੇਸ਼
2. ਭੂਮਿਕਾ
3. ਮੱਧਕਾਲੀ ਪੰਜਾਬੀ ਵਾਰਤਕ ਦਾ ਨਿਕਾਸ-ਵਿਕਾਸ
4. ਮੱਧਕਾਲੀ ਪੰਜਾਬੀ ਵਾਰਤਕ ਦੀਆਂ ਵਿਸ਼ੇਸ਼ਤਾਵਾਂ
5. ਸਾਰਾਂਸ਼
6. ਕੇਂਦਰੀ ਸ਼ਬਦ
7. ਸਵੈ-ਮੁਲਾਂਕਣ
8. ਸਵੈ-ਮੁਲਾਂਕਣ ਲਈ ਉੱਤਰ
9. ਅਭਿਆਸ ਪ੍ਰਸ਼ਨ
10. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਮੱਧਕਾਲ ਵਾਰਤਕ ਦੇ ਵਿਭਿੰਨ ਰੂਪਾਂ ਬਾਰੇ ਜਾਣ ਸਕਣਗੇ
- ਮੱਧਕਾਲ ਵਿਚ ਪੈਦਾ ਹੋਈ ਪੰਜਾਬੀ ਵਾਰਤਕ ਲਹਿਰ ਦੀ ਮਹੱਤਤਾ ਨੂੰ ਸਮਝ ਸਕਣਗੇ
- ਮੱਧਕਾਲੀ ਵਾਰਤਕ ਦੀਆਂ ਵਿਸੇਸ਼ਤਾਵਾਂ ਨੂੰ ਜਾਣ ਸਕਣਗੇ

## ਭੂਮਿਕਾ

ਵਾਰਤਕ' ਸ਼ਬਦ ਲਾਤੀਨੀ ਸ਼ਬਦ ਦੇ 'Prose' ਜਾਂ 'Prosus' ਦਾ ਪਰਿਆਵਾਚੀ ਹੈ, ਜਿਸ ਦੇ ਅਰਥ ਹਨ, 'ਸਿੱਧੀ ਗੱਲ ਜਾਂ ਸ਼ਬਦਾਂ ਦੀ ਸਿੱਧੀ-ਸਾਦੀ ਬਣਤਰ ਜਿਹੜੀ ਛੰਦਾਬੰਦੀ ਤੋਂ ਮੁਕਤ ਹੋਵੇ।' 'ਵਾਰਤਕ ਸਾਹਿਤਕ ਪ੍ਰਗਟਾਅ ਦੇ ਉਹਨਾਂ ਸਾਰੇ ਰੂਪਾਂ ਨੂੰ ਕਰਾਂਗੇ, ਜਿਹੜੇ ਛੰਦਾਬੰਦੀ ਦੀ ਕੈਦ ਵਿੱਚ ਨਾ ਆਉਣ ਤੇ ਸਿੱਧੇ ਬਚਨ ਹੋਣ, ਅਰਥਾਤ ਉਹ ਗੱਲਬਾਤ ਜਿਹੜੀ ਦਲੀਲ ਜਾਂ ਤੱਥ ਕਰ ਕੇ ਸੱਚੀ ਤੇ ਸਾਫ਼ ਹੋਵੇ।' ਭਾਰਤੀ ਪਰੰਪਰਾ ਅਨੁਸਾਰ 'ਵਾਰਤਕ' ਸੰਸਕ੍ਰਿਤ ਦੀ 'ਵ੍ਰਿਤਿ' ਧਾਤੂ ਤੋਂ ਬਣਿਆ ਸ਼ਬਦ ਹੈ, ਜਿਸ ਦੇ ਅਰਥ 'ਟੀਕਾ' ਦੇ ਹਨ, ਭਾਵ ਸੂਤ੍ਰਾਂ ਦੀ ਵਿਆਖਿਆ ਕਰਨ ਵਾਲਾ 'ਗ੍ਰੰਥ'। ਇਸ ਨੂੰ 'ਗਦਯ-ਕਾਵਯ' ਵੀ ਆਖਿਆ ਗਿਆ ਹੈ। ਅਰਬੀ, ਫ਼ਾਰਸੀ ਵਿੱਚ ਵਾਰਤਕ ਨੂੰ 'ਨਸਰ' ਕਹਿੰਦੇ ਹਨ। ਜਿਸਦੇ ਅਰਥ ਹਨ, ਖਿਲਾਰਨਾ, ਬਿਖੇਰਨਾ ਜਾਂ ਸਿਰ ਤੋਂ ਵਾਰ ਕੇ ਸੁੱਟਣਾ। ਸੋ ਵਾਰਤਕ ਵਿੱਚ ਉਹ ਵਿਅਕਤੀਗਤ ਲੇਖ ਸ਼ਾਮਿਲ ਜਿੰਨਾ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਮੁਲਾਂਕਣ ਹੋਵੇ, ਮਨੁੱਖੀ ਹਿਰਦੇ ਦੇ ਹਾਵਾ-ਭਾਵਾਂ ਦਾ ਸਮੁੱਚਾ ਪ੍ਰਗਟਾਅ ਹੋਵੇ, ਛਣਕਦੇ ਹਾਸੇ ਹੋਣ ਤੇ ਰੋਂਦੇ ਦਿਲਾਂ ਦੀ ਵਿਥਿਆ ਹੋਵੇ, ਵਿਸ਼ੇਸ਼ ਦ੍ਰਿਸ਼ਟੀਕੋਣ ਦਰਸਾਏ ਗਏ ਹੋਣ ਜਾਂ ਅਜਿਹੇ ਵਿਚਾਰ ਹੋਣ ਜਿਹੜੇ ਸੂਚਕ,

ਬੌਧਿਕ ਤੇ ਭਾਵਕ ਵਿਅਕਤੀ ਨੂੰ ਸਾਕਾਰ ਕਰਦੇ ਹੋਣ ਤੇ ਜਿੰਨਾ ਦੀ ਕਲਪਨਾ ਲਈ ਵਿਸ਼ੇਸ਼ ਲਿਖਣ-ਢੰਗ ਦੀ ਲੋੜ ਪਵੇ, ਵਾਰਤਕ ਦਾ ਰੂਪ ਧਾਰ ਸਕਦੇ ਹਨ। ਵਾਰਤਕ ਵਿੱਚ ਜ਼ਿਆਦਾ ਅਭਿਆਸ, ਸੰਜਮ ਤੇ ਸਾਧਨਾ ਦੀ ਲੋੜ ਹੁੰਦੀ ਹੈ।

ਪੰਜਾਬੀ ਕਵਿਤਾ ਵਾਂਗ ਪੰਜਾਬੀ ਵਾਰਤਕ ਦਾ ਇਤਿਹਾਸ ਬੜਾ ਪੁਰਾਣਾ ਹੈ। ਲਿਖਤੀ ਰੂਪ ਵਿੱਚ ਵਾਰਤਕ ਗੁਰੂ-ਕਾਲ ਵਿੱਚ ਲਿਖੀ ਜਾਣੀ ਸ਼ੁਰੂ ਹੋ ਗਈ ਸੀ। ਸੋਲ੍ਹਵੀਂ ਸਦੀ ਦੇ ਪਹਿਲੇ ਅੱਧ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅੱਧ ਤੱਕ ਦੇ ਸਮੇਂ ਵਿੱਚ ਜਿਹੜੀ ਵਾਰਤਕ-ਕਿਰਤ ਪੁਰਾਤਨ ਜਨਮ ਸਾਖੀ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਹੈ। ਇਸ ਪੁਸਤਕ ਵਿੱਚ ਸੰਸਕ੍ਰਿਤ ਤੇ ਫ਼ਾਰਸੀ ਦੀ ਪੁਰਾਤਨ ਵਾਰਤਕ ਵਾਂਗ ਕਹਾਣੀਆਂ, ਗੋਸ਼ਟਾਂ, ਵਿਆਖਿਆਵਾਂ ਤੇ ਕਲਪਿਤ ਦ੍ਰਿਸ਼ਾਂ ਦੇ ਵਰਣਨ ਦੇ ਸਭ ਰੰਗ ਮਿਲਦੇ ਹਨ। ਮੋਟੇ ਤੌਰ ਤੇ ਇਸ ਕਾਲ ਦੀ ਵਾਰਤਕ ਵਿੱਚ ਜਨਮ ਸਾਖੀਆਂ, ਬਚਨ ਪਰਚੀਆਂ ਆਦਿ ਵਾਰਤਕ ਰੂਪ ਮਿਲਦੇ ਹਨ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਗੁਰਬਾਣੀ ਦੇ ਕੁੱਝ ਭਾਗਾਂ ਦੇ ਟੀਕੇ ਵੀ ਵਾਰਤਕ ਵਿੱਚ ਕੀਤੇ ਗਏ ਤੇ ਫ਼ਾਰਸੀ ਤੇ ਅੰਗਰੇਜ਼ੀ ਵਿੱਚੋਂ ਕੁੱਝ ਰਚਨਾਵਾਂ ਦੇ ਅਨੁਵਾਦ ਵੀ ਪੰਜਾਬੀ ਵਾਰਤਕ ਵਿੱਚ ਕੀਤੇ ਗਏ। ਮਿਸਾਲ ਵਜੋਂ 'ਅੰਜੀਲ' ਦੇ ਇੱਕ ਭਾਗ ਦਾ ਅਨੁਵਾਦ 1815 ਵਿੱਚ ਹੋ ਚੁੱਕਾ ਸੀ ਤੇ ਇਸੇ ਤਰ੍ਹਾਂ 'ਅਦਲੇ ਅਕਬਰੀ' ਤੇ 'ਅਕਬਰਨਾਮਾ' ਆਦਿ ਫ਼ਾਰਸੀ ਪੁਸਤਕਾਂ ਦੇ ਕੁੱਝ ਭਾਗਾਂ ਦਾ ਅਨੁਵਾਦ ਵੀ ਇਸੇ ਸਮੇਂ ਹੋ ਗਿਆ ਸੀ।

## ਮੱਧਕਾਲੀ ਪੰਜਾਬੀ ਵਾਰਤਕ ਦਾ ਨਿਕਾਸ ਅਤੇ ਵਿਕਾਸ

ਜਨਮ-ਸਾਖੀ ਪਰੰਪਰਾ: ਸਾਖੀ ਸ਼ਬਦ ਸਾਕਸ਼ੀ ਦਾ ਬਦਲਿਆ ਹੋਇਆ ਰੂਪ ਹੈ ਜਿਸ ਦੇ ਅਰਥ ਹਨ ਅੱਖੀਂ ਦੇਖਣ ਵਾਲਾ, ਦਰਸ਼ਕ ਜਾਂ ਗਵਾਹ। ਜਨਮ-ਸਾਖੀ ਪੰਜਾਬੀ ਸਾਹਿਤ ਵਿੱਚ ਇੱਕ ਖ਼ਾਸ ਸਾਹਿਤ ਰੂਪ ਹੈ ਜਿਸ ਵਿੱਚ ਗੁਰੂ ਨਾਨਕ ਦੇ ਜੀਵਨ, ਉਹਨਾਂ ਦੀ ਸ਼ਖ਼ਸੀਅਤ ਤੇ ਵਿਚਾਰਧਾਰਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਾਡੇ ਪ੍ਰਸੰਗ ਵਿੱਚ ਜਨਮ-ਸਾਖੀ ਦਾ ਮਤਲਬ ਇਹ ਹੈ ਕਿ ਗੁਰੂ ਨਾਨਕ ਦੇਵ ਬਾਰੇ ਉਹ ਜਾਣਕਾਰੀ ਜਿਸ ਦਾ ਕੋਈ ਸਾਖੀ ਜਾਂ ਗਵਾਹ ਹੋਵੇ। ਇਹਨਾਂ ਪੋਥੀਆਂ ਵਿੱਚ ਪੇਸ਼ ਕੀਤੀਆਂ ਘਟਨਾਵਾਂ, ਪਰਿਸਥਿਤੀਆਂ ਅਤੇ ਵਾਪਰਨਾਵਾਂ ਨੂੰ ਪ੍ਰਥਮ ਅੱਖੀਂ ਦੇਖਣ ਵਾਲੇ ਗੁਰੂ ਨਾਨਕ ਦੇਵ ਦੇ ਉਹ ਸਾਥੀ ਹੋ ਸਕਦੇ ਹਨ ਜਿਹੜੇ ਜੀਵਨ ਭਰ ਉਹਨਾਂ ਦੇ ਨਾਲ ਰਹੇ। ਉਹਨਾਂ ਨੇ ਇਹ ਕਹਾਣੀਆਂ ਸੰਗਤਾਂ ਨੂੰ, ਸ਼ਰਧਾਲੂਆਂ ਨੂੰ ਸੁਣਾਈਆਂ ਅਤੇ ਫੇਰ ਇਹ ਮੂੰਹੋਂ-ਮੂੰਹ ਅੱਗੇ ਤੁਰਦੀਆਂ ਗਈਆਂ। ਇਸ ਪ੍ਰਕਾਰ ਸੁਣਨ ਸੁਣਾਉਣ ਵਾਲੇ ਸ਼ਰਧਾਲੂ ਇਹਨਾਂ ਵਿੱਚ ਅਦਲਾ-ਬਦਲੀਆਂ ਵੀ ਕਰਦੇ ਰਹੇ। ਇਉਂ ਜਨਮ-ਸਾਖੀਆਂ ਦੀ ਇੱਕ ਮੌਖਿਕ ਪਰੰਪਰਾ ਬਣ ਗਈ।

ਉਸ ਤੋਂ ਬਾਅਦ ਗੁਰਸਿੱਖਾਂ ਨੇ ਇਹਨਾਂ ਸਾਖੀਆਂ ਨੂੰ ਕਲਮਬੰਦ ਕਰਨਾ ਅਰੰਭ ਦਿੱਤਾ। ਵੱਖ-ਵੱਖ ਲਿਖਾਰੀਆਂ ਨੇ ਵੱਖ-ਵੱਖ ਸ੍ਰੋਤਾਂ ਤੋਂ ਸੁਣੀਆਂ ਘਟਨਾਵਾਂ ਨੂੰ ਆਪਣੇ- ਆਪਣੇ ਰੰਗ ਵਿੱਚ ਪੇਸ਼ ਕਰ ਦਿੱਤਾ। ਇਉਂ ਇਹਨਾਂ ਜਨਮ-ਸਾਖੀਆਂ ਦੀ ਇੱਕ ਲਿਖਤ ਪਰੰਪਰਾ ਹੋਂਦ ਵਿੱਚ ਆ ਗਈ। ਕੋਈ ਵੀ ਜਨਮ-ਸਾਖੀ ਕਿਸੇ ਇੱਕ ਲੇਖਕ ਨੇ ਕਿਸੇ ਇੱਕ ਥਾਂ ਟਿਕ ਕੇ ਇਉਂ ਨਹੀਂ ਲਿਖੀ ਜਿਵੇਂ ਅੱਜ-ਕੱਲ੍ਹ ਕੋਈ ਲੇਖਕ ਪੁਸਤਕ ਦੀ ਰਚਨਾ ਕਰਦਾ ਹੈ। ਇਹਨਾਂ ਦੀ ਰਚਨਾ ਵੱਖ-ਵੱਖ ਸਮਿਆਂ ਵਿੱਚ, ਵੱਖ- ਵੱਖ ਥਾਵਾਂ ਤੇ ਵੱਖ-ਵੱਖ ਪੀੜ੍ਹੀਆਂ ਦੁਆਰਾ ਹੁੰਦੀ ਰਹੀ ਹੈ। ਇਸੇ ਲਈ ਨਾ ਤਾਂ ਇਹਨਾਂ ਜਨਮ-ਸਾਖੀਆਂ ਦੇ ਰਚਨਹਾਰਿਆਂ ਦਾ ਪੱਕਾ ਪਤਾ ਲੱਗਦਾ ਹੈ ਅਤੇ ਨਾ ਹੀ ਰਚਨਾ-ਕਾਲ ਬਾਰੇ ਕੋਈ ਨਿੱਗਰ ਜਾਣਕਾਰੀ ਮਿਲਦੀ ਹੈ। ਬਸ, ਇੱਕ ਗੱਲ ਨਿਸ਼ਚਿਤ ਹੈ ਕਿ ਇਹ ਜਨਮ- ਸਾਖੀਆਂ ਸਮੇਂ ਦੇ ਪ੍ਰਵਾਹ ਵਿੱਚ ਅੱਗੇ ਤੁਰਦੀਆਂ ਰਹੀਆਂ ਹਨ ਅਤੇ ਕਾਲ-ਪ੍ਰਵਾਹ ਵਿੱਚ ਤੁਰੇ ਜਾਣ ਨੂੰ ਹੀ ਪਰੰਪਰਾ ਆਖਿਆ ਜਾਂਦਾ ਹੈ। ਵਿਦਵਾਨਾਂ ਨੇ ਜਨਮ-ਸਾਖੀਆਂ ਦੀਆਂ ਪੰਜ ਪਰੰਪਰਾਵਾਂ ਮਿੱਥੀਆਂ ਹਨ-

1. ਪੁਰਾਤਨ ਜਨਮ-ਸਾਖੀ ਜਾਂ ਵਲੈਤ ਵਾਲੀ ਜਨਮ-ਸਾਖੀ
2. ਆਦਿ-ਸਾਖੀਆਂ
3. ਮਿਹਰਬਾਨ ਵਾਲੀ ਜਨਮ-ਸਾਖੀ
4. ਬਾਲੇ ਵਾਲੀ ਜਨਮ-ਸਾਖੀ
5. ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ

**ਪੁਰਾਤਨ ਜਨਮਸਾਖੀ** ਇਸ ਨੂੰ ਪੁਰਾਤਨ" ਨਾਮ ਭਾਈ ਵੀਰ ਸਿੰਘ ਨੇ ਦਿੱਤਾ। ਉਹਨਾਂ ਨੇ ਇਹ ਜਨਮਸਾਖੀ 1926 ਈਸਵੀ ਵਿਚ ਪ੍ਰਕਾਸ਼ਿਤ ਕੀਤੀ ਸੀ। ਜਿਸ ਦਾ ਅਧਾਰ ਦੋ ਪੋਥੀਆਂ "ਵਿਲਾਇਤ ਵਾਲੀ ਜਨਮਸਾਖੀ" ਅਤੇ "ਹਫਿਜਾਬਾਦ ਵਾਲੀ ਜਨਮਸਾਖੀ" ਹੈ। ਵਿਲਾਇਤ ਵਾਲੀ ਜਨਮਸਾਖੀ, ਐਚ ਟੀ. ਕਾਲਬਰੁਕ ਨੇ ਈਸਟ ਇੰਡੀਆ ਲਾਇਬ੍ਰੇਰੀ ਨੂੰ ਦਿੱਤੀ ਸੀ। ਇਹ ਪੋਥੀ 1872 ਈਸਵੀ ਵਿੱਚ ਡਾਕਟਰ ਟਰੰਪ ਦੇ ਹੱਥ ਲੱਗ ਗਈ। ਉਸਨੇ ਜਦੋਂ 1872 ਵਿਚ ਜਦੋਂ ਗੁਰੂ ਗ੍ਰੰਥ ਸਹਿਬ ਦਾ ਅਨੁਵਾਦ ਕੀਤਾ ਤਾਂ ਇਸ ਦਾ ਵੀ ਅਨੁਵਾਦ

ਕਰ ਦਿੱਤਾ ਸੀ। ਇਸ ਅਨੁਵਾਦ ਪਿੱਛੋਂ ਸਿੰਘ ਸਭਾ ਲਹਿਰ ਵਾਲਿਆਂ ਨੇ ਇਸ ਪੋਥੀ ਨੂੰ ਵੇਖਣ ਦੀ ਇੱਛਾ ਜ਼ਾਹਰ ਕੀਤੀ, ਜਿਸ ਦੇ ਫਲਸਰੂਪ 1885 ਵਿਚ ਸਿੰਘ ਸਭਾ ਲਹਿਰ ਨੇ ਇਹ ਪੋਥੀ ਆਪਣੇ ਛਾਪੇਖਾਨੇ ਵਿਚ ਪ੍ਰਕਾਸ਼ਿਤ ਕੀਤੀ। ਹਫ਼ਿਜਾਬਾਦ ਵਾਲੀ ਪੋਥੀ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਹਾਫਿਜ਼ਬਾਦ ਜ਼ਿਲ੍ਹਾ ਗੁਜਰਾਂਵਾਲਾ ਤੋ ਪ੍ਰਾਪਤ ਹੋਈ ।ਇਸਨੂੰ ਮੈਕਾਲਿਫ਼ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸਨੂੰ 1885 ਈਸਵੀ ਵਿਚ ਮੈਕਾਲਫ ਨੇ ਪ੍ਰਕਾਸ਼ਿਤ ਕੀਤਾ ਸੀ।ਇਸ ਲਈ ਭਾਈ ਵੀਰ ਸਿੰਘ ਨੇ ਇਨ੍ਹਾਂ ਦੋਵੇਂ ਜਨਮਸਾਖੀਆਂ ਦੇ ਅਧਾਰ ਤੇ ਹੀ ਇਹ ਜਨਮ ਸਾਖੀ ਤਿਆਰ ਕੀਤੀ ਗਈ ਹੈ।ਜਦੋਂ ਇਸ ਜਨਮਸਾਖੀ ਦਾ ਦੂਸਰਾ ਐਡੀਸ਼ਨ ਕਢਿਆ ਗਿਆ ਤਾਂ ਇਸਨੂੰ ਖਾਲਸਾ ਕਾਲਜ ਵਿੱਚ ਪਈ ਜਨਮਸਾਖੀ ਨਾਲ ਮਿਲਾਇਆ ਜਾਂਦਾ ਹੈ।ਇਸ ਜਨਮ ਸਾਖੀ ਵਿੱਚ 57 ਸਾਖੀਆਂ ਹਨ, ਜਿਹੜੀਆਂ ਗੁਰੂ ਨਾਨਕ ਦੇਵ ਜੀ ਦੇ ਕਾਲ ਨਾਲ ਸੰਬੰਧਤ ਹਨ ।ਇਹ ਸਾਖੀ ਨੂੰ ਪੰਜ ਹਿਸਿਆ ਵਿਚ ਵੰਡਿਆ ਗਿਆ ਹੈ। ਗੁਰੂ ਨਾਨਕ ਦੇ ਨਾਲ ਸੰਬੰਧਤ ਵੇਰਵਿਆਂ ਨੂੰ ਕਲਪਨਾ ਦੀ ਆਧਾਰ 'ਤੇ ਅਤੇ ਪ੍ਰਸੰਗ ਦੇ ਕੇ ਵਿਸਤ੍ਰਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਜਿੱਥੇ ਇਤਹਾਸਿਕ ਤੱਥ ਬਣਨ ਦੀ ਸਮਰੱਥਾ ਰੱਖਦੀਆਂ ਹਨ ਉਥੇ ਨਾਨਕ ਦੇ ਵਿਅਕਤਿਤਵ ਸੰਬਧੀ ਵੇਰਵੇ ਵੀ ਸਾਨੂੰ ਇਹਨਾਂ ਵਿਚੋਂ ਮਿਲਦੇ ਹਨ।ਇਸ ਜਨਮ ਸਾਖੀ ਨੂੰ ਇਸ ਤੋਂ ਬਾਦ ਵਾਲੀਆ ਜਨਮਸਾਖੀਆਂ ਨਾਲੋਂ ਜਾਈਦਾ ਖ਼ੂਬਸੂਰਤੀ ਨਾਲ ਬਿਆਨਿਆ ਗਿਆ ਹੈ। ਪੁਰਾਤਨ ਜਨਮਸਾਖੀ ਦਾ ਮੁੱਲ ਇਸ ਕਰਕੇ ਵਧੇਰੇ ਹੈ ਕਿਉਂਕਿ ਕਲਪਨਾਤਮਕ ਹੁੰਦੀ ਹੋਈ ਵੀ ਇਹ ਜਨਮਸਾਖੀ ਅਧਿਆਤਮਿਕ ਸਾਹਿਤਕ ਅਤੇ ਇਤਿਹਾਸਕ ਤੱਥਾਂ ਦੇ ਵਧੇਰੇ ਨੇੜੇ ਹੈ।

**ਆਦਿ ਸਾਖੀਆਂ**: ਸਾਖੀਆਂ ਦੇ ਇਸ ਸੰਗ੍ਰਹਿ ਦਾ ਅਸਲ ਨਾਂ ਹੈ ਜਨਮਪਤਰੀ ਬਾਬੇ ਨਾਨਕ ਜੀ ਕੀ ਅਤੇ ਇਸ ਦੇ ਅਰੰਭ ਵਿੱਚ ਇਹ ਸ਼ਬਦ ਲਿਖੇ ਹੋਏ ਹਨ, "ਬਾਬੇ ਦੀਆਂ ਸਾਖੀਆਂ ਆਦਿ ਤੇ ਲੈ ਕਰ ਚਲੀਆਂ।" ਇਸ ਨੂੰ ਸਭ ਤੋਂ ਪਹਿਲਾਂ ਮੋਹਨ ਸਿੰਘ ਦੀਵਾਨਾ ਦੀ ਖੋਜ ਨੇ ਸਾਮ੍ਹਣੇ ਲਿਆਂਦਾ ਤੇ ਉਸ ਨੇ ਇਹਦਾ ਨਾਂ ਆਦਿ ਸਾਖੀਆਂ ਰੱਖ ਦਿੱਤਾ ਜਿਹੜਾ ਪ੍ਰਚਲਿਤ ਹੋ ਗਿਆ। ਮੋਹਨ ਸਿੰਘ ਦੀਵਾਨਾ ਨੇ ਇਸ ਨੂੰ ਸ਼ੰਭੂ ਨਾਥ ਵਾਲੀ ਜਨਮ-ਸਾਖੀ ਆਖਿਆ ਹੈ ਪਰ ਇਸ ਦੀ ਇੱਕ ਹੋਰ ਹੱਥ ਲਿਖਤ ਤ੍ਰਿਲੋਚਨ ਸਿੰਘ ਬੇਦੀ ਪਾਸ ਵੀ ਮੌਜੂਦ ਦੱਸੀ ਜਾਂਦੀ ਹੈ। ਪਰ ਸ਼ੰਭੂ ਨਾਥ ਇਹਨਾਂ ਸਾਖੀਆਂ ਦਾ ਲੇਖਕ ਨਹੀਂ ਸਗੋਂ ਉਤਾਰਾ ਕਰਨ ਵਾਲਾ ਹੈ। ਬੇਦੀ ਵਾਲੀ ਹੱਥ-ਲਿਖਤ ਵੀ ਉਤਾਰਾ ਹੀ ਹੈ। ਇਸ ਜਨਮ-ਸਾਖੀ ਦੀ ਮੂਲ-ਲਿਖਤ ਅਜੇ ਤੱਕ ਖੋਜੀਆਂ ਦੇ ਹੱਥ ਨਹੀਂ ਲੱਗੀ। ਆਦਿ-ਸਾਖੀਆਂ ਵਿੱਚ ਸਾਖੀਆਂ ਦੀ ਗਿਣਤੀ ਦੂਜੀਆਂ ਜਨਮ-ਸਾਖੀਆਂ ਦੇ ਟਾਕਰੇ ਉੱਤੇ ਘੱਟ ਹੈ। ਸਾਖੀਕਾਰ ਨੇ ਇਹ ਗਿਣਤੀ 30 ਦੱਸੀ ਹੈ ਪਰ ਇਸ ਵਿੱਚ ਕੁਝ ਸਾਖੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਅੰਦਰ ਇੱਕ ਤੋਂ ਵਧੀਕ ਸਾਖੀਆਂ ਸਮੋ ਗਈਆਂ ਹਨ। ਜੇ ਉਹਨਾਂ ਨੂੰ ਵੱਖਰਾ ਸਥਾਨ ਦਿੱਤਾ ਜਾਵੇ ਤਾਂ ਸਾਖੀਆਂ ਦੀ ਗਿਣਤੀ 51 ਹੋ ਜਾਂਦੀ ਹੈ।

**ਮਿਹਰਬਾਨ ਵਾਲੀ ਜਨਮ-ਸਾਖੀ**: ਮਿਹਰਬਾਨ ਦਾ ਪੂਰਾ ਨਾਮ ਮਨੋਹਰਦਾਸ ਮਿਹਰਬਾਨ ਸੀ। ਇਹ ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀਚੰਦ ਦਾ ਪੁੱਤਰ ਅਤੇ ਗੁਰੂ ਰਾਮਦਾਸ ਦਾ ਪੋਤਰਾ ਸੀ। ਇਹ ਜਨਮ-ਸਾਖੀ ਅਸਲ ਵਿੱਚ ਗੋਸ਼ਟਾਂ ਦੇ ਰੂਪ ਵਿੱਚ ਲਿਖੀ ਹੋਈ ਹੈ ਅਤੇ ਤਿੰਨ ਹਿੱਸਿਆਂ ਵਿੱਚ ਵੰਡੀ ਹੋਈ ਹੈ-1. ਪੋਥੀ ਸੱਚ ਖੰਡ, 2. ਪੋਥੀ ਹਰਿ ਜੀ; ਅਤੇ 3. 'ਪੋਥੀ ਚਤਰਭੁੱਜ। ਪਿਛਲੇ ਦੋ ਭਾਗ ਮਿਹਰਬਾਨ ਦੇ ਚਲਾਣੇ ਤੋਂ ਬਾਅਦ ਲਿਖੇ ਗਏ ਹਨ ਅਤੇ ਪਹਿਲਾ ਭਾਗ ਲਿਖਵਾਇਆ ਮਿਹਰਬਾਨ ਨੇ ਪਰ ਲਿਖਣ ਵਾਲਾ ਪੰਡਿਤ ਕੇਸ਼ੋਦਾਸ ਹੈ। ਅਗਲੇ ਭਾਗ ਵੀ ਕੇਸ਼ੋਦਾਸ ਦੇ ਹੀ ਲਿਖੇ ਹੋਏ ਹਨ।

ਵਿਦਵਾਨਾਂ ਨੇ ਜਨਮ-ਸਾਖੀ ਨੂੰ ਪੁਰਾਣੀ ਤੇ ਮੁਢਲੀ ਮੰਨਿਆ ਹੈ ਜਿਸਦਾ ਦੂਜੀਆਂ ਜਨਮ-ਸਾਖੀਆਂ ਉੱਤੇ ਪ੍ਰਭਾਵ ਮੰਨਿਆ ਹੈ ਪਰ ਗੱਲ ਬਹੁਤੀ ਕਾਇਲ ਕਰਨ ਵਾਲੀ ਨਹੀਂ। ਇੱਕ ਤਾਂ ਇਹ ਗੋਸ਼ਟਾਂ (ਵਾਰਤਾਲਾਪੀ) ਦੇ ਰੂਪ ਵਿੱਚ ਲਿਖੀ ਗਈ ਹੈ ਦੂਜੇ ਇਸ ਵਿੱਚ ਬਾਣੀ ਦੇ ਪਰਮਾਰਥ ਵੀ ਦਿੱਤੇ ਗਏ ਹਨ। ਮਿਹਰਬਾਨ ਕੇਵਲ ਵਾਰਤਕ ਲੇਖਕ ਹੀ ਨਹੀਂ ਸਗੋਂ ਕਵੀ ਵੀ ਹੈ। ਹਰ ਗੋਸ਼ਟਿ ਦੇ ਅੰਤ ਵਿੱਚ ਉਸ ਨੇ ਆਪਣਾ ਲਿਖਿਆ ਸਲੋਕ ਦਰਜ ਕੀਤਾ ਹੈ ਤੇ ਉਪ-ਨਾਮ ਜਾਂ ਤਖ਼ੱਲਸ ਦੇ ਤੌਰ ੱਤੇ ਨਾਨਕ ਜਾਂ ਨਾਨਕ ਦਾਸ ਦਾ ਨਾਂ ਵਰਤਿਆ ਹੈ। ਸਭ ਜਾਣਦੇ ਹਨ ਕਿ ਪ੍ਰਿਥੀ ਚੰਦ ਆਪਣੇ-ਆਪ ਨੂੰ ਗੁਰੂ ਅਖਵਾਉਂਦਾ ਸੀ ਇਸੇ ਲਈ ਮਿਹਰਬਾਨ ਵੀ ਨਾਨਕ ਦਾ ਨਾਮ ਵਰਤੋਂ ਵਿੱਚ ਲਿਆਉਂਦਾ ਹੈ। ਇਸੇ ਰਚਨਾ ਨੂੰ ਮੀਣਿਆਂ ਦੀ ਕੱਚੀ ਬਾਣੀ ਵੀ ਆਖਿਆ ਗਿਆ ਹੈ।

**ਬਾਲੇ ਵਾਲੀ ਜਨਮ-ਸਾਖੀ:** ਇਸ ਜਨਮ-ਸਾਖੀ ਵਿੱਚ ਸਭ ਤੋਂ ਵੱਧ ਰਲਾ ਪਾਇਆ ਗਿਆ ਹੈ। ਵਾਰਿਸ ਸ਼ਾਹ ਰਚਿਤ ਹੀਰ ਤੋਂ ਮਗਰੋਂ ਇਹ ਦੂਜੀ ਪੋਥੀ ਹੈ ਜਿਸਦੀ ਹਰ ਛਾਪ ਉੱਤੇ 'ਸਭ ਤੋਂ ਪੁਰਾਤਨ ਤੇ ਵੱਡੀ' ਹੋਣ ਦਾ ਦਾਅਵਾ ਛਾਪਿਆ ਗਿਆ ਹੈ। ਜਦ ਕਿ ਪੁਰਾਣੀ ਰਚਨਾ ਸੰਖੇਪ ਹੋਣੀ ਚਾਹੀਦੀ ਹੈ ਤੇ ਜੇ ਵੱਡੀ ਹੈ ਤਾਂ ਉਹ ਪੁਰਾਣੀ ਨਹੀਂ ਹੋ ਸਕਦੀ।

**ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ**: ਇਸ ਪੋਥੀ ਦੇ ਵੀ ਦੋ ਨਾਂ ਹਨ-ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗਿਆਨ ਰਤਨਾਵਲੀ। ਇਸ ਜਨਮ-ਸਾਖੀ ਦਾ ਆਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ ਹੈ। ਭਾਈ ਮਨੀ ਸਿੰਘ ਨੇ ਸੰਗਤਾਂ ਦੀ ਮੰਗ ਨੂੰ ਮੁਖ ਰੱਖ ਕੇ ਉਸ ਦੀ ਕਥਾ ਕੀਤੀ। ਸੋ ਸਪਸ਼ਟ ਹੈ ਕਿ ਵਾਰ ਵਿੱਚ ਆਈਆਂ ਘਟਨਾਵਾਂ ਨਾਲ ਕਈ ਹੋਰ ਪ੍ਰਸੰਗ ਜੋੜ ਕੇ ਗੱਲਾਂ ਸਪਸ਼ਟ ਕੀਤੀਆਂ।

ਇਸੇ ਲਈ ਜਿੱਥੇ ਵਾਰ ਵਿੱਚ ਕੇਵਲ 15 ਸਾਖੀਆਂ ਹਨ ਉੱਥੇ ਜਨਮ-ਸਾਖੀ ਵਿੱਚ ਇਹਨਾਂ ਦੀ ਗਿਣਤੀ 225 ਤੋਂ ਵੱਧ ਹੋ ਗਈ ਹੈ। ਇਹ ਜਨਮ-ਸਾਖੀ ਭਾਈ ਮਨੀ ਸਿੰਘ ਨਾਲ ਸਿਰਫ਼ ਇਸ ਲਈ ਜੁੜ ਗਈ ਕਿ ਉਹਨਾਂ ਦੀ ਕੀਤੀ ਕਥਾ ਇਸ ਦਾ ਆਧਾਰ ਬਣੀ। ਉਹ ਕਥਾ ਭਾਈ ਗੁਰਬਖ਼ਸ਼ ਸਿੰਘ ਨੇ ਸੁਣੀ ਅਤੇ ਅੱਗੋਂ ਆਪਣੀ ਯਾਦ-ਸ਼ਕਤੀ ਉੱਤੇ ਆਧਾਰਿਤ ਭਾਈ ਸੂਰਤ ਸਿੰਘ ਨੂੰ ਲਿਖਵਾਈ। ਇਸ ਲਈ ਭਾਈ ਮਨੀ ਸਿੰਘ ਪਰੋਖ ਰੂਪ ਵਿੱਚ ਹੀ ਇਸਦੇ ਕਰਤਾ ਮੰਨੇ ਜਾ ਸਕਦੇ ਹਨ। ਅਨੁਮਾਨ ਹੈ ਕਿ ਇਸਦੀ ਰਚਨਾ ਅੰਮ੍ਰਿਤਸਰ ਵਿੱਚ ਹੀ ਹੋਈ ਹੈ ਪਰ ਰਚਨਾ ਦਾ ਸਮਾਂ ਨਹੀਂ ਮਿਥਿਆ ਜਾ ਸਕਦਾ ਕਿਉਂਕਿ ਇਹ ਸਾਰਾ ਕਾਰਜ ਕਿਸੇ ਇੱਕ ਵਿਅਕਤੀ ਨੇ ਸੰਪੂਰਨ ਨਹੀਂ ਕੀਤਾ। ਗਿਆਨ ਰਤਨਾਵਲੀ ਇਸ ਗ੍ਰੰਥ ਨੂੰ ਇਸ ਲਈ ਆਖਿਆ ਜਾਣ ਲੱਗਾ ਕਿ ਇਸ ਵਿੱਚ ਗੁਰੂ ਨਾਨਕ ਦੇਵ ਦੇ ਜੀਵਨ ਜਾਂ ਸ਼ਖ਼ਸੀਅਤ ਉੱਤੇ ਘੱਟ ਬੱਲ ਦਿਤਾ ਗਿਆ ਹੈ ਅਤੇ ਬਹੁਤਾ ਜ਼ੋਰ ਉਹਨਾਂ ਦੇ ਗਿਆਨ ਭਰਪੂਰ ਵਿਚਾਰਾਂ ਨੂੰ ਪੇਸ਼ ਕਰਨ ਉੱਤੇ ਰਿਹਾ ਹੈ। ਇਹਨਾਂ ਤੋਂ ਇਲਾਵਾ ਵਾਰਤਕ ਸਾਨੂੰ ਪ੍ਰਮਾਰਥਾਂ, ਬਚਨਾਂ, ਗੋਸ਼ਟਾਂ, ਸਾਖੀਆਂ ਆਦਿ ਦੇ ਰੂਪ ਵਿਚ ਵੀ ਮਿਲਦੀ ਹੈ। ਇਸ ਵਾਰਤਕ ਦੇ ਪਿੱਛੇ ਕੰਮ ਕਰ ਰਹੇ ਮਾਡਲਾਂ ਨੂੰ ਲੱਭਣਾ ਹੋਵੇ ਤਾਂ ਉਹ ਅਰਬੀ, ਫ਼ਾਰਸੀ ਦੀਆਂ ਲਿਖਤਾਂ ਜਾਂ ਭਾਰਤੀ ਪਰੰਪਰਾ ਵਿਚ ਪਏ ਗ੍ਰੰਥ ਹਨ। ਇਹਨਾਂ ਜਨਮ ਸਾਖੀਆਂ ਦਾ ਜੇ ਅਸੀਂ ਨਜ਼ਦੀਕੀ ਅਧਿਐਨ ਕਰੀਏ ਤਾਂ ਦੇਖਾਂਗੇ ਕਿ ਇਸ ਵਿਚ ਕੰਮ ਕਰਦੇ ਰੂਪ ਜਾਂ ਮਾਡਲ ਬੋਧੀ ਜਾਤਕ ਕਥਾਵਾਂ ਜਾਂ ਹੋਰ ਪਰੰਪਰਕ ਕਥਾਵਾਂ ਵਾਲੇ ਹੀ ਹਨ। ਇਹ ਸਾਖੀਆਂ ਗੁਰੂ ਜੀ ਨੂੰ ਸਰਬ-ਸ਼ਕਤੀਮਾਨ ਸਿੱਧ ਕਰਕੇ ਭਾਰਤੀ ਪਰੰਪਰਾ ਵਿਚ ਟਿਕਾਉਂਦੀਆਂ ਹੈ। ਇਵੇਂ ਹੀ ਇਹ ਜਨਮ-ਸਾਖੀਆਂ ਗੁਰਬਾਣੀ ਦੀ ਸ਼ਕਤੀ ਨੂੰ ਸਥਾਪਤ ਕਰਦੀਆਂ ਹਨ। ਇਨ੍ਹਾਂ ਦੇ ਰਚੇਤਾ ਬੜੀ ਨਿਪੁੰਨਤਾ ਨਾਲ਼ ਆਪਣੇ ਮੰਤਵ ਨੂੰ ਪਰਜਾਪਤ ਕਰਨ ਵੱਲ ਵਧਦੇ ਹਨ। ਕਈ ਵਾਰੀ ਇਹ ਭੁਲੇਖਾ ਪੈਂਦਾ ਹੈ ਕਿ ਜਨਮ-ਸਾਖੀਆਂ ਵਿਚੋਂ ਕਿਸੇ ਤਰੀਕੇ ਇਤਿਹਾਸ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਪਰ ਸੱਚ ਤਾਂ ਇਹ ਹੈ ਕਿ ਸਾਖੀਕਾਰ ਇਤਿਹਾਸ ਲਿਖਣ ਵੱਲ ਰੁਚਿਤ ਨਹੀਂ, ਉਹ ਸਮੇਂ—ਸਥਾਨ ਨੂੰ ਅੰਕਿਤਕਰਨ ਵੱਲ ਰੁਚਿਤ ਨਹੀਂ। ਸਾਖੀਕਾਰਾਂ ਦੀ ਰੁਚੀ ਗੁਰੂ ਨਾਨਕ ਨੂੰ ਭਾਰਤੀ ਧਰਮ ਪਰੰਪਰਾ ਵਿਚ ਦੈਵੀ ਸਥਾਨ ਦਿਵਾਉਣਾ ਹੈ। ਜਿਸ ਵਿਚ ਪ੍ਰਕਿਰਤੀ ਨੂੰ ਜਿੱਤਣ, ਰਾਖਸ਼ਾਂ, ਜਾਦੂਗਰਨੀਆਂ ਨੂੰ ਜਿੱਤਣ ਧਰਮ ਦੇ ਪੈਰੋਕਾਰਾਂ ਨੂੰ ਜਿੱਤਣ ਦੀ ਸ਼ਕਤੀ ਹੈ। ਇਤਿਹਾਸ ਉਹਨਾਂ ਦੀ ਚਿੰਤਾ ਨਹੀਂ।ਕੁੱਝ ਜਨਮ-ਸਾਖੀਆਂ ਦੇ ਪ੍ਰਾਰੰਭ ਇਹਨਾਂ ਸ਼ਬਦਾਂ ਨਾਲ ਹਨ :

(1) ਤਬ ਬਾਬਾ ਜੀ ਉਜਾੜ ਕਉ ਚਲੇ,

(2) ਤਬ ਗੁਰੂ ਨਾਨਕ ਫ਼ਕੀਰਾਂ ਨਾਲ ਮਜਲਸਿ ਕਰੈ,

(3) ਆਗਿਆ ਪ੍ਰਮੇਸਰ ਕੀ ਹੋਈ, ਜੋ ਕਿਰਤਿ ਕੁਛ ਨਾ ਕਰੈ ਆਦਿ।

ਅਸੀਂ ਦੇਖਦੇ ਹਾਂ ਕਿ ਸਾਖੀ ਰਚੇਤਾ ਸਮੇਂ, ਸਥਾਨ ਨੂੰ ਅੰਕਿਤ ਕਰਨ ਵੱਲ ਰੁਚਿਤ ਨਹੀਂ। ਇਸੇ ਤਰ੍ਹਾਂ ਕੁੱਝ ਕਲਪਿਤ ਕਿਸਮ ਦੇ ਪਾਤਰ ਹਨ, ਜਿਵੇਂ 'ਕਲਯੁਗ' ਆਦਿ। ਜਨਮ-ਸਾਖੀ ਇਤਿਹਾਸ ਨਹੀਂ ਮਿਥਿਹਾਸ ਸਿਰਜਣ ਵੱਲ ਰੁਚਿਤ ਹੈ। ਇਵੇਂ ਗੁਰੂ ਨਾਨਕ ਦੇਵ ਜੀ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਵਾਰਤਕ ਦੇ ਇਹਨਾਂ ਜਤਨਾਂ ਤੋਂ ਇਹ ਗੱਲ ਤਾਂ ਪ੍ਰਪੱਕ ਹੁੰਦੀ ਹੈ ਕਿ ਪੂਰਬ ਨਾਨਕ—ਕਾਲ ਵਿਚ ਵੀ ਵਾਰਤਕ ਰਚਨਾ ਹੁੰਦੀ ਰਹੀ ਹੋਵੇਗੀ। (ਜਿਵੇਂ ਕਿ ਵਿਦਵਾਨ ਦਾਅਵਾ ਕਰਦੇ ਹਨ) ਪਰ, ਪ੍ਰਮਾਣਾਂ ਦੀ ਕਮੀਂ ਕਾਰਨ ਪੰਜਾਬੀ ਵਾਰਤਕ ਦਾ ਪ੍ਰਾਰੰਭ ਪੁਰਾਤਨ ਜਨਮ ਸਾਖੀ ਨੂੰ ਹੀ ਮੰਨਿਆ ਜਾਣਾ ਪੈਂਦਾ ਹੈ।

ਭਾਈ ਵੀਰ ਸਿੰਘ, ਜਿਨ੍ਹਾਂ ਨੇ ਪੁਰਾਤਨ ਜਨਮ ਸਾਖੀ ਦੀ ਸੰਪਾਦਨਾ ਕੀਤੀ ਹੈ, ਅਨੁਸਾਰ ਪੁਰਾਤਨ ਜਨਮ-ਸਾਖੀ ਦਾ ਸਮਾਂ 1635 ਈ. ਮੰਨਿਆ ਗਿਆ ਹੈ। ਆਦਿ ਸਾਖੀਆਂ ਦੇ ਸੰਪਾਦਕ ਡਾ. ਪਿਆਰ ਸਿੰਘ ਨੇ ਇਸ ਜਨਮ-ਸਾਖੀ ਦਾ ਸਮਾਂ ਪੁਰਾਤਨ ਜਨਮ-ਸਾਖੀ ਅਤੇ ਮਿਹਰਬਾਨ ਵਾਲੀ ਜਨਮ ਸਾਖੀ ਦੇ ਵਿਚਕਾਰ ਦਾ ਮੰਨਿਆ ਹੈ। ਕਿਉਂਕਿ ਆਦਿ ਸਾਖੀਆਂ ਵਿਚ 18 ਸਾਖੀਆਂ ਪੁਰਾਤਨ ਜਨਮ ਸਾਖੀ ਵਾਲ਼ੀ ਪਰੰਪਰਾ ਵਿਚੋਂ ਲਈਆਂ ਗਈਆਂ ਹਨ ਅਤੇ 7 ਸਾਖੀਆਂ ਮਿਹਰਬਾਨ ਵਾਲ਼ੀ ਜਨਮ-ਸਾਖੀ ਤੋਂ ਲਈਆਂ ਗਈਆਂ ਹਨ। ਇਸ ਦਾ ਕਰਤਾ ਜੋਗ ਮੱਤ ਤੋਂ ਪ੍ਰਭਾਵਤ ਜਾਪਦਾ ਹੈ। ਭਾਈ ਬਾਲੇ ਵਾਲ਼ੀ ਜਨਮ-ਸਾਖੀ ਵਾਦ—ਵਿਵਾਦ ਦਾ ਵਿਸ਼ਾ ਰਹੀ ਹੈ। ਪੰਜਾਬੀ ਵਾਰਤਕ ਦੇ ਵਿਕਾਸ ਵਿਚ ਜਨਮ-ਸਾਖੀਆਂ ਦੋ ਬਾਅਦ ਜਾਂ ਇਸ ਦੇ ਨਾਲ ਹੀ ਪੰਜਾਬੀ ਵਾਰਤਕ ਦਾ ਇੱਕੋ ਹੋਰ ਪੱਖ ਪਰਚੀ, ਕਥਾ ਜਾਂ ਸਾਖੀ ਦਾ ਹੈ। ਇਹ ਜਨਮ-ਸਾਖੀ ਪਰੰਪਰਾ ਦਾ ਹੀ ਅਗਲੇਰਾ ਰੂਪ ਹੈ। ਪਰ ਜਿਵੇਂ ਜਨਮ-ਸਾਖੀਆਂ ਵਿਚ ਇੱਕ ਨਾਇਕ (ਗੁਰੂ ਨਾਨਕ) ਕੇਂਦਰ ਵਿਚ ਹੁੰਦਾ ਹੈ, ਉੱਥੇ ਇਸ ਸਾਖੀ ਪਰੰਪਰਾ ਵਿਚ ਇੱਕ ਤੋਂ ਵੱਧ ਨਾਇਕ ਵੀ ਕੇਂਦਰ ਵਿਚ ਹੋ ਸਕਦੇ ਹਨ। ਇਹ ਫ਼ਾਰਸੀ ਦੇ ਇੱਕ ਵਾਰਤਕ ਰੂਪ ਵਿਚੋਂ ਉਸ ਦੇ ਅਨੁਰੂਪ ਹੋ ਕੇ ਉਪਜਿਆ ਰੂਪ ਹੈ। ਅਜਿਹੀਆਂ ਰਚਨਾਵਾਂ, ਜੋ ਪੰਜਾਬੀ ਵਾਰਤਕ ਦੇ ਇਸ ਮੁੱਢਲੇ ਦੌਰ ਵਿਚ ਮਿਲਦੀਆਂ ਹਨ, ਉਹ ਇਸ ਪ੍ਰਕਾਰ ਹਨ :

(1) ਸੁਖਮਨੀ ਸਹੰਸਰਨਾਮਾ,

(2) ਸ੍ਰੀ ਸਤਿਗੁਰੂ ਜੀ ਕੇ ਮੁੰਹੈ ਕੀ ਸਾਖੀਆਂ,

(3) ਸਿੱਖਾਂ ਦੀ ਭਗਤ ਮਾਲਾ,

(4) ਸੌ ਸਾਖੀ (ਗੁਰ ਰਤਨਮਾਲਾ)

(5) ਸਾਖੀਆਂ ਭਾਈ ਅੱਡਣ ਸ਼ਾਹ ਜੀ,

(6) ਪਰਚੀਆਂ ਭਾਈ ਸੇਵਾ ਦਾਸ।

ਇਹ ਰਚਨਾਵਾਂ ਵਾਰਤਕ ਦੇ ਜਿਨ੍ਹਾਂ ਰੂਪਾਂ ਵਿਚ ਮਿਲ਼ਦੀਆਂ ਹਨ, ਉਹ ਹੇਠ ਲਿਖੇ ਅਨੁਸਾਰ ਹਨ।

## ਪਰਚੀ ਪਰੰਪਰਾ

ਪਰਚੀ ਤੋਂ ਭਾਵ, ਪਰਿਚੈ ਜਾਂ ਜਾਣ—ਪਛਾਣ ਹੈ। ਇਸ ਪਰੰਪਰਾ ਵਿਚ ਕਿਸੇ ਨਾਇਕ ਦੇ ਜੀਵਨ ਨੂੰ ਕੇਂਦਰ ਵਿਚ ਨਾ ਰੱਖ ਕੇ ਕਿਸੇ ਵਿਚਾਰ ਜਾਂ ਸ਼ੰਕੇ ਨੂੰ ਕੇਂਦਰ ਵਿਚ ਰੱਖਿਆ ਜਾਂਦਾ ਹੈ। ਕਿਸੇ ਆਮ ਮਨੁੱਖ ਕੋਲੋਂ ਉਸ ਸ਼ੰਕੇ ਦੇ ਨਿਵਾਰਨ ਲਈ ਪ੍ਰਸ਼ਨ ਕੀਤਾ ਜਾਂਦਾ ਹੈ ਅਤੇ ਕੋਈ ਗਿਆਨੀ ਪੁਰਖ ਉਸ ਦਾ ਉੱਤਰ ਦੇ ਕੇ ਸ਼ੰਕਾ ਨਿਵਾਰਨ ਕਰਦਾ ਹੈ। ਇਹ ਆਮ ਜਿਹੀ ਭਾਸ਼ਾ ਵਿਚ ਹੁੰਦਾ ਹੈ। ਪਰਚੀ ਸ਼ਬਦ ਵੀ ਜਨਮਸਾਖੀ ਦੇ ਅਰਥਾਂ ਵਿੱਚ ਹੀ ਵਰਤਿਆ ਗਿਆ ਹੈ। ਜਿਸ ਮਹਾਂਪੁਰਸ਼ ਨਾਲ ਸਬੰਧਿਤ ਪਰਚੀ ਲਿਖੀ ਗਈ ਹੈ, ਉਸ ਵਿੱਚ ਉਸ ਦੇ ਜੀਵਨ ਸਮਾਚਾਰ ਦਰਜ ਹੁੰਦੇ ਹਨ। ਉਹਨਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੁੰਦੀ ਹੈ। ਪੰਜਾਬੀ ਵਿੱਚ ਵੀ ਪਰਚੀ ਸਾਹਿਤ ਰਚਿਆ ਗਿਆ ਹੈ। ਕੁਝ ਪਰਚੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

## ਪਰਚੀ ਕਬੀਰ ਜੀ ਕੀ

ਕਬੀਰ ਜੀ ਦੀਆਂ ਪਰਿਚਈਆਂ ਸਭ ਤੋਂ ਪੁਰਾਤਨ ਹਨ। ਜਿਹਨਾਂ ਦਾ ਰਚਨਾ ਕਾਲ ਸੰਮਤ 1645 ਬਿ/1588 ਈ ਨਿਸ਼ਚਿਤ ਕੀਤੀ ਹੈ। ਕੇਵਲ ਕਬੀਰ ਜੀ ਕਾ ਉਤਾਰਾ ਗੁਰਮੁਖੀ ਵਿੱਚ ਮਿਲਦਾ ਹੈ। ਅਨੰਤ ਦਾਸ ਜੀ ਕੀ ਰਚਨਾ ਚੋਪਈਆਂ ਅਤੇ ਦੋਹਰਿਆਂ ਵਿੱਚ ਹੈ। ਇਸ ਰਚਨਾ ਵਿੱਚ ਕੁਲ 217 ਬੰਦ ਹਨ।

## ਪਰਚੀ ਭਾਈ ਕਨ੍ਹੈਯਾ ਜੀ ਕੀ

ਇਸ ਦਾ ਰਚਨਾ ਕਾਲ ਸੰਮਤ 1785 ਬਿ/ 1728 ਈ ਤੋਂ 1796 ਬਿ/1739 ਈ ਕਲਪਿਤ ਕੀਤਾ ਗਿਆ ਹੈ। ਇਸ ਪਰਚੀ ਵਿੱਚ ਸੇਵਾ ਪੰਥ ਦੇ ਸੰਚਾਲਕ ਭਾਈ ਕਨ੍ਹੈਆ ਜੀ ਦਾ ਜੀਵਨ ਅੰਕਿਤ ਹੈ। ਇਸ ਰਚਨਾ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਪਰਚੀ ਵਿੱਚ ਪਹਿਲੀ ਵਾਰ ਗੁਰੂ ਸਾਹਿਬਾਨ ਤੇ ਭਗਤਾਂ ਦੀ ਥਾਂ ਗੁਰੂ ਘਰ ਦੇ ਇੱਕ ਸੇਵਕ ਨੂੰ ਨਾਇਕ ਦੇ ਰੂਪ ਵਿੱਚ ਚਿਤ੍ਰਿਆ ਗਿਆ ਹੈ।

## ਸੂਫ਼ੀਆਂ ਦੀਆਂ ਪਰਚੀਆਂ

ਭਾਵੇਂ ਸੂਫ਼ੀਆਂ ਦੇ ਜੀਵਨ ਨੂੰ ਦਰਸਾਉਣ ਲਈ ਫ਼ਾਰਸੀ ਦੀ ਵਰਤੋਂ ਹੋਈ ਹੈ, ਫਿਰ ਵੀ ਕੁਝ ਸੂਫ਼ੀਆਂ ਦੇ ਜੀਵਨ ਪੰਜਾਬੀ ਪਰਚੀਆਂ ਨਾਂ ਹੇਠ ਵੀ ਅੰਕਿਤ ਮਿਲਦੇ ਹਨ। ਇਹ ਪਰਚੀਆਂ ਸੈਂਟਰਲ ਪਬਲਿਕ ਲਾਇਬ੍ਰੇਰੀ ਦੀ ਹੱਥ ਲਿਖਤ ਨੰ: 2916 ਵਿੱਚ ਸੁਰੱਖਿਅਤ ਹਨ।

### ਪਰਚੀਆਂ ਭਗਤਾਂ ਕੀਆਂ

ਇਸ ਗ੍ਰੰਥ ਦੀਆਂ ਪੁਰਾਤਨ ਪੋਥੀਆਂ ਵਿੱਚੋਂ ਇੱਕ ਡਾਸੁਰਿੰਦਰ ਸਿੰਘ ਕੋਹਲੀ ਕੋਲ, ਸੰਮਤ 1781 ਬਿ/1724 ਈਦਾ ਉਤਾਰਾ, ਦੂਜੀ ਡਾ ਤਰਲੋਚਨ ਸਿੰਘ ਬੇਦੀ ਕੋਲ ਸੰਮਤ 1797 ਬਿ/1740 ਈ ਦਾ ਉਤਾਰਾ ਤੇ ਤੀਜੀ ਹੱਥ ਲਿਖਤ ਨੰ:6948 (ਸਿਰੈਲਾ) ਵਿੱਚ ਸੁਰੱਖਿਅਤ ਸੰਮਤ 1819 ਬਿ/1762 ਈ ਦਾ ਉਤਾਰਾ ਹਨ। ਇਨ੍ਹਾਂ ਉਤਾਰਿਆਂ ਤੋਂ ਇਸ ਦੇ ਰਚਨਾ ਕਾਲ ਦਾ ਸੰਮਤ 1750 ਬਿ ਹੋਣਾ ਸਿੱਧ ਹੋ ਜਾਂਦਾ ਹੈ।

## ਪਰਚੀਆਂ ਧੰਨੇ ਭਗਤ ਤੇ ਨਰਸੀ ਭਗਤ ਦੀਆਂ

ਦੋ ਪਰਚੀਆਂ ਧੰਨੇ ਭਗਤ ਤੇ ਨਰਸੀ ਭਗਤ ਦੀਆਂ ਡਾ ਗੰਢਾ ਸਿੰਘ ਪਟਿਆਲਾ ਪਾਸ ਅਧੂਰੇ ਰੂਪ ਵਿੱਚ ਪਈਆਂ ਹਨ। ਦੋਵੇਂ ਪਰਚੀਆਂ ਕੇਵਲ 6 ਪੱਤਰਿਆਂ ਵਿੱਚ ਅੰਕਿਤ ਹਨ।

## ਕਥਾ ਪਰੰਪਰਾ

ਜਨਮ ਸਾਖੀ, ਅਤੇ ਪਰਚੀ ਪਰੰਪਰਾ ਨਾਲ਼ ਹੀ ਮੇਲ ਖਾਂਦੀ ਇਹ ਪਰੰਪਰਾ ਕਥਾ ਕਰਨ ਵਾਲ਼ੇ ਅਤੇ ਸਰੋਤਾ ਵਿਚਾਲੇ ਸੰਵਾਦ ਦੀ ਵਿਧੀ ਨਾਲ਼ ਚਲਦੀ ਹੈ ਅਤੇ ਕਿਸੇ 'ਸ਼ਬਦ' ਜਾਂ 'ਵਿਚਾਰ' ਨੂੰ ਕਥਾ ਦਾ ਵਿਸ਼ਾ ਬਣਾਉਂਦੀ ਹੈ। ਸੁਖਮਨੀ ਸਹੰਸਰਨਾਮਾ, ਸਾਖੀਆਂ ਅੱਡਣ ਸ਼ਾਹ ਜਾਂ ਸਿੱਖਾਂ ਦੀ ਭਗਤ ਮਾਲਾ ਇਸ ਪਰੰਪਰਾ ਅਧੀਨ ਰਚਨਾਵਾਂ ਹਨ।

**ਪਰਮਾਰਥ:** ਇਸ ਸ਼ਬਦ ਤੋਂ ਭਾਵ ਹੈ—ਪਰਮ ਅਰਥ , ਉਤਮ ਅਰਥ। ਕਿਸੇ ਵਾਕ ਦੇ ਭਾਵ-ਅਰਥ ਲਈ ਵੀ ਇਹ ਸ਼ਬਦ ਵਰਤਿਆ ਜਾ ਸਕਦਾ ਹੈ। ਸਿੱਖ ਸਾਹਿਤ ਵਿਚ ਇਸ ਦੀ ਵਰਤੋਂ ਕਿਸੇ ਰਚਨਾ ਵਿਚਲੇ ਅਧਿਆਤਮਿਕ ਵਿਚਾਰਾਂ ਦੇ ਵਿਸ਼ਲੇਸ਼ਣ ਲਈ ਕੀਤੀ ਮਿਲਦੀ ਹੈ।

ਸੂਤ੍ਰਿਕ ਜਾਂ ਕਲਿਸ਼ਟ ਰਚਨਾਵਾਂ ਦੇ ਅਰਥ ਸਪੱਸ਼ਟ ਕਰਨ ਲਈ ਭਾਰਤੀ ਸਾਹਿਤ ਵਿਚ ਅਨੇਕ ਵਿਧੀਆਂ ਪ੍ਰਚਲਿਤ ਹਨ, ਜਿਵੇਂ ਟੀਕਾ , ਵਿਆਖਿਆ, ਭਾਸ਼, ਪਰਮਾਰਥ ਆਦਿ। ਇਨ੍ਹਾਂ ਸਭ ਵਿਚ ਅੰਤਰ ਹੈ। ਸੰਖੇਪ ਵਿਚ ਅਰਥ ਸਮਝਾਉਣ ਵਾਲੇ ਵਾਕ ਨੂੰ 'ਟੀਕਾ' ਕਿਹਾ ਜਾਂਦਾ ਹੈ। ਵਿਸਤਾਰ ਵਿਚ ਅਰਥ ਸਮਝਾਉਣ ਵਾਲੀ ਰਚਨਾ ਨੂੰ 'ਵਿਆਖਿਆ' ਦਾ ਨਾਂ ਦਿੱਤਾ ਜਾਂਦਾ ਹੈ। 'ਭਾਸ਼' (ਭਾਸ਼੍ਯ) ਵਿਚ ਮੂਲ ਰਚਨਾ ਦੀਆਂ ਅਸਪੱਸ਼ਟ ਗੱਲਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਅਤੇ ਉਸ ਸੰਬੰਧੀ ਕੁਝ ਸਾਮਗ੍ਰੀ ਭਾਸ਼ਕਾਰ ਆਪਣੇ ਵਲੋਂ ਵੀ ਸ਼ਾਮਲ ਕਰ ਦਿੰਦਾ ਹੈ। 'ਪਰਮਾਰਥ' ਵਿਚ ਮੂਲ ਰਚਨਾ ਵਿਚਲੇ ਅਧਿਆਤਮਿਕ ਤੱਥਾਂ ਦਾ ਵਿਸ਼ੇਸ਼ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਟੀਕਾ, ਵਿਆਖਿਆ, ਭਾਸ਼, ਪਰਮਾਰਥ ਆਦਿ ਦੀਆਂ ਵਿਭਿੰਨਤਾਵਾਂ ਵਲ ਬਹੁਤ ਧਿਆਨ ਨ ਦੇ ਕੇ ਸਭ ਲਈ ਆਮ ਤੌਰ 'ਤੇ ਟੀਕਾ ਜਾਂ ਪਰਮਾਰਥ ਸ਼ਬਦ ਦੀ ਵਰਤੋਂ ਕਰ ਲਈ ਜਾਂਦੀ ਹੈ।

ਗੁਰਬਾਣੀ ਦੇ ਪਰਮਾਰਥ ਲਿਖਣ ਦੀ ਮੁਢਲੀ ਵੰਨਗੀ 'ਪੁਰਾਤਨ ਜਨਮਸਾਖੀ ' ਅੰਦਰ ਗੁਰਬਾਣੀ ਦੇ ਅਰਥਾਂ ਵਿਚ ਮਿਲਦੀ ਹੈ। ਇਹ ਪਰਮਾਰਥ ਟੀਕੇ ਅਤੇ ਪਰਮਾਰਥ ਦੀ ਰਲੀ ਮਿਲੀ ਵੰਨਗੀ ਹੈ। ਇਸ ਤੋਂ ਬਾਦ ਮਿਹਰਬਾਨ ਦੀ ਲਿਖੀ ਜਨਮਸਾਖੀ ਉਲੇਖਯੋਗ ਹੈ। ਇਸ ਜਨਮਸਾਖੀ ਵਿਚ ਪਹਿਲੀ ਵਾਰ ਵਡੀਆਂ ਬਾਣੀਆਂ ਦੇ ਟੀਕਾ-ਨੁਮਾ ਪਰਮਾਰਥ ਲਿਖੇ ਮਿਲਦੇ ਹਨ। ਸੋਢੀ ਮਿਹਰਬਾਨ ਦੇ ਪੁੱਤਰ ਹਰਿਜੀ ਨੇ ਮਿਹਰਬਾਨ ਵਿਰਚਿਤ 'ਸੁਖਮਨੀ ਸਹੰਸ੍ਰਨਾਮ' ਦਾ ਵਿਸਥਾਰ ਸਹਿਤ ਪਰਮਾਰਥ ਰਚਿਆ ਹੈ। ਇਸ ਤੋਂ ਬਾਦ ਪਰਮਾਰਥ ਦੀ ਥਾਂ ਟੀਕਿਆਂ ਦੀ ਰਚਨਾ ਦਾ ਜ਼ਿਆਦਾ ਪ੍ਰਚਲਨ ਹੋਇਆ ਮਿਲਦਾ ਹੈ।

**ਟੀਕਾ ਪਰੰਪਰਾ** ਪੰਜਾਬੀ ਵਿਚ ਟੀਕਾ-ਪਰੰਪਰਾ ਬਹੁਤ ਪੁਰਾਣੀ ਹੈ। ਪੰਜਾਬੀ ਵਿਚ ਸਭ ਤੋਂ ਪਹਿਲੇ 'ਜਪੁਜੀ' ਦੇ ਟੀਕੇ ਕੀਤੇ ਗਏ। 'ਜਪੁਜੀ' ਦਾ ਸਭ ਤੋਂ ਪੁਰਾਣਾ ਟੀਕਾ ਸੋਢੀ ਮਿਹਰਬਾਨ ਦਾ ਕੀਤਾ ਮਿਲਦਾਦ ਹੈ। ਭਾਈ ਗੁਰਦਾਸ ਨੇ ਗੁਰਬਾਣੀ ਦੇ ਕਈ ਸ਼ਬਦਾਂ ਦੀ ਜੋ ਕਾਵਿ-ਵਿਆਖਿਆ ਕੀਤੀ ਹੈ, ਉਹ 'ਟੀਕਾਕਾਰੀ' ਦੇ ਖੇਤਰ ਵਿਚ ਨਹੀਂ ਆਉਂਦੀ। ਪੰਜਾਬੀ ਟੀਕਾਕਾਰੀ ਟੀਕਾ, ਵਿਆਖਿਆ, ਭਾਸ਼ਾ ਤੇ ਪਰਮਾਰਥ ਦਾ ਮਿਲਿਆ ਜੁਲਿਆ ਰੂਪ ਹੈ। ਪੰਜਾਬੀ ਵਿਚ ਟੀਕੇ ਲਿਖਣ ਦੀ ਪ੍ਰੇਰਣ ਗੁਰਬਾਣੀ ਦਾ ਆਮ ਪਾਠਕ ਨੂੰ ਬੋਧ ਕਰਵਾਉਣ ਦੀ ਬਿਰਤੀ ਵਿਚੋਂ ਪੈਦਾ ਹੋਈ। ਇਸ ਲਈ ਵਧੇਰੇ ਟੀਕੇ ਗੁਰਬਾਣੀ ਦੀਆਂ ਰਚਨਾਵਾਂ ਦੇ ਹੋਏ ਹਨ।

ਹਰ ਇਕ ਸੰਪ੍ਰਦਾਇਕ ਸ਼ਾਖਾ ਦੇ ਵਿਦਵਾਨ ਅਤੇ ਸੰਪ੍ਰਦਾਇਕ ਮੱਤ ਅਨੁਸਾਰ ਰਚਨਾ ਦੇ ਟੀਕੇ ਕਰਦੇ ਸਨ ਜਿਵੇਂ ਗਿਆਨੀ, ਉਦਾਸੀ, ਨਿਰਮਲੇ, ਸੇਵਾ-ਪੰਥੀ ਵਿਦਵਾਨਾਂ ਨੇ ਇਕੋ ਰਚਨਾ ਦੇ ਟੀਕੇ ਆਪਣੇ ਆਪਣੇ ਢੰਗ ਅਤੇ ਦ੍ਰਿਸ਼ਟੀਕੋਣ ਅਨੁਸਾਰ ਕੀਤੇ ਹਨ। ਇਨ੍ਹਾਂ ਵਿਚ ਪੌਰਾਇਕ ਕਥਾਵਾਂ ਦਾ ਬਹੁਤ ਜ਼ਿਕਰ ਹੈ ਕਿਉਂਕਿ ਵਿਦਵਾਨ ਗੁਰਬਾਣੀ ਨੂੰ ਪੰਜਵਾਂ ਵੇਦ ਮੰਨਦੇ ਹਨ। ਭਾਈ ਸੰਤੋਖ ਸਿੰਘ ਅਤੇ ਅਨੰਦ ਘਣ, ਇਸ ਪਰੰਪਰਾ ਦੇ ਵਿਸ਼ੇਸ਼ ਵਿਦਵਾਨ ਹਨ। ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦਾ ਟੀਕਿਆਂ ਵਿਚ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਰਚਿਤ 'ਜਪੁਜੀ' ਦੇ ਡੇਢ ਸੌ ਤੋਂ ਵੱਧ ਟੀਕੇ ਵੱਖ ਵੱਖ ਵਿਦਵਾਨਾਂ ਨੇ ਕੀਤੇ ਹਨ।

**ਗੋਸ਼ਟਿ ਪਰੰਪਰਾ**: ਗੋਸ਼ਟਿ ਪਰੰਪਰਾ ਦੇ ਅੰਤਰਗਤ ਆਈ ਵਾਰਤਕ ਦੀ ਵਿਧੀ ਗੱਲਬਾਤ ਜਾਂ ਵਾਰਤਾਲਾਪ ਦੀ ਹੈ। ਤਰਕਮਈ ਦਲੀਲਾਂ ਨਾਲ਼ ਦਾਰਸ਼ਨਿਕ ਗੁੰਝਲਾਂ ਦਾ ਹੱਲ ਗੋਸ਼ਟਿ ਪਰੰਪਰਾ ਦੇ ਅੰਤਰਗਤ ਆਇਆ। ਇਸ ਵਿਚ ਗੁਰੂਆਂ ਨਾਲ਼ ਸੰਬੰਧਿਤ ਗੋਸ਼ਟਾਂ, ਭਗਤਾਂ ਨਾਲ ਸੰਬੰਧਤ ਗੋਸ਼ਟਾਂ ਹਨ। ਕੁੱਝ ਗੋਸ਼ਟਾਂ ਹਿੰਦੂ-ਮਿਥਿਹਾਸ ਨਾਲ਼ ਵੀ ਸੰਬੰਧਿਤ ਹਨ। ਗੋਸ਼ਟਾਂ ਦੀ ਵਿਧੀ ਇਹ ਹੈ ਕਿ ਇਹ ਸਰੋਤਾ ਨੂੰ ਸੰਬੋਧਿਤ ਹਨ, ਪਾਠਕ ਨੂੰ ਨਹੀਂ। ਉਪਰੋਕਤ ਪਰੰਪਰਾਵਾਂ ਤੋਂ ਇਲਾਵਾ ਕੁੱਝ ਹੋਰ ਵਾਰਤਕ ਪਰੰਪਰਾਵਾਂ ਵੀ, ਪੰਜਾਬੀ ਵਿਚ ਵਾਰਤਕ ਦੀ ਨਿਕਾਸ ਸਥਿਤੀ ਵਿਚ ਮਿਲ਼ਦੀਆਂ ਹਨ। ਇਹਨਾਂ ਵਿਚ 'ਨਾਮੇ' ਭਾਵ ਖ਼ਤ ਜਾਂ ਚਿੱਠੀ ਹਨ।

**ਰਹਿਤਨਾਮੇ ਅਤੇ ਹੁਕਮਨਾਮੇ**: ਰਹਿਤਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਸਿੱਖਾਂ ਦੇ ਨਾਂ ਨਾਲ਼ ਪ੍ਰਚੱਲਤ ਹਨ। ਇਹ ਰਹਿਤਨਾਮੇ, ਆਦਰਸ਼ ਸਿੱਖ ਦੀ ਜੀਵਨ ਜਾਚ ਨਾਲ਼ ਸੰਬੰਧਿਤ ਹਨ। ਇਵੇਂ ਹੀ ਗੁਰੂ ਸਾਹਿਬਾਨ (6ਵੇਂ ਅਤੇ 10ਵੇਂ) ਦੀ ਮੋਹਰ ਹੇਠ ਸਿੱਖ ਸੰਗਤਾਂ ਨੂੰ ਭੇਜੇ ਗਏ ਸੰਦੇਸ਼ 'ਹੁਕਮਨਾਮਾ' ਪਰੰਪਰਾ ਹੇਠ ਪ੍ਰਚੱਲਤ ਹਨ। ਜੇ ਸੰਖੇਪ ਵਿਚ ਸਮਝੀਏ ਤਾਂ ਪੰਜਾਬੀ ਵਾਰਤਕ ਦਾ ਪ੍ਰਾਰੰਭ 16ਵੀਂ ਸਦੀ ਤੋਂ ਹੁੰਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਪੁਰਸ਼ ਦਾ ਪ੍ਰਭਾਵ ਸਾਰੇ ਧਰਮਾਂ ਅਤੇ ਮੱਤਾਂ ਉੱਤੇ ਪਿਆ। ਹਿੰਦੂ ਅਤੇ ਮੁਸਲਮਾਨ ਦੋਹਾਂ ਨੇ ਇਹਨਾਂ ਨੂੰ ਸਵੀਕਾਰਿਆ। ਇਹ ਸ਼ਖ਼ਸੀਅਤ, ਆਮ ਲੋਕਾਂ ਦੇ ਹਿਰਦਿਆਂ ਵਿਚ ਵਸੀ ਅਤੇ ਇਸ ਨਾਲ਼ ਸੰਬੰਧਿਤ ਜਨਮ ਸਾਖੀ ਨਾਲ ਸਾਹਿਤ ਦਾ ਮੁੱਢ ਬੱਝਾ। ਇਸ ਨਾਲ਼ ਸੰਬੰਧਿਤ ਪੰਜ ਜਨਮ ਸਾਖੀਆਂ ਮਿਲ਼ਦੀਆਂ ਹਨ। ਇਸ ਤੋਂ ਇਲਾਵਾ ਸੁਖਮਨੀ ਸਹੰਸਰਨਾਮਾ, ਸਿੱਖਾਂ ਦੀ ਭਗਤਮਾਲਾ, ਸਤਿਗੁਰੂ ਜੀ ਕੇ ਮੂੰਹੇ ਕੀਆਂ ਸਾਖੀਆਂ, ਸੌ ਸਾਖੀ, ਪਰਚੀਆਂ ਭਾਈ ਸੇਵਾ ਦਾਸ ਆਦਿ ਵਾਰਤਕ ਰਚਨਾਵਾਂ ਦੇ ਨਮੂਨੇ ਹਨ। ਇਹਨਾਂ ਤੋਂ ਇਲਾਵਾ ਗੋਸ਼ਟਾਂ ਅਤੇ ਬਚਨ ਹਨ। 'ਨਾਮਾ ਸਾਹਿਤ' ਵੀ ਇਸ ਦੌਰ ਦਾ ਮਹੱਤਵਪੂਰਨ ਵਾਰਤਕ ਰੂਪ ਹੈ। ਪੰਜਾਬੀ ਵਾਰਤਕ ਨੇ ਨਿਕਾਸ ਕਰਕੇ ਇਸ ਖੇਤਰ ਵਿਚ ਜਿਹੜੇ ਇਹ ਮੁੱਢਲੇ ਕਦਮ ਪੁੱਟੇ ਇਹ ਬਹੁਤ ਮਹੱਤਵਪੂਰਨ ਹਨ। ਇਸ ਵਾਰਤਕ ਦੀਆਂ ਆਪਣੀਆਂ ਖ਼ੂਬੀਆਂ ਹਨ। ਇਸ ਦਾ ਨਾਇਕ ਕੇਂਦਰਿਤ ਹੋਣਾ, ਉਪਦੇਸ਼ਾਤਮਕ ਹੋਣਾ, ਗਲਪ ਤੱਤਾਂ ਵਾਲ਼ੀ ਹੋਣਾ ਜਾਂ

ਕਾਵਿਕ ਗੁਣਾਂ ਵਾਲੀ ਹੋਣਾ। ਮੁੱਢਲੀ ਵਾਰਤਕ ਵਿਚ ਤਰਕਸ਼ੀਲਤਾ ਦੀ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਸ਼ਰਧਾ ਮੂਲਕ ਹੀ ਹੈ ਕਿਉਂਕਿ ਇਸ ਦੀ ਵਸਤੂ ਹੀ ਭਾਵਨਾ ਭਰੀ ਹੈ। ਇਸ ਵਿਚ ਬੌਧਿਕਤਾ ਦਾ ਸਥਾਨ ਬੜਾ ਘੱਟ ਹੈ। ਤਾਂ ਵੀ ਇਸ ਮੁੱਢਲੀ ਵਾਰਤਕ ਨੇ ਪੰਜਾਬੀ ਵਾਰਤਕ ਦਾ ਨੁੱਕ ਤਾਂ ਬੰਨ੍ਹ ਹੀ ਦਿੱਤਾ ਇਸ ਦਾ ਸਮਾਂ ਮੁਗ਼ਲ ਕਾਲ ਦਾ ਮੁੱਢਲਾ ਸਮਾਂ ਸੀ। ਤੁਸੀਂ ਸੁਣਿਆ ਹੀ ਹੋਇਆ ਹੋਵੇਗਾ ਕਿ ਬਾਬਰ ਨੇ ਹਿੰਦੁਸਤਾਨ ਉੱਤੇ ਹਮਲਾ ਕਰਕੇ, ਆਪਣਾ ਰਾਜ ਸਥਾਪਤ ਕੀਤਾ। ਇੱਥੋਂ ਦੇ ਗ਼ਰੀਬਾਂ ਤੇ ਮੁਲਜ਼ਮਾਂ ਉੱਤੇ ਬੜਾ ਜ਼ੁਲਮ ਹੋਇਆ। ਇੱਥੋਂ ਤੱਕ ਕਿ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਆਪਣੇ ਕੈਦਖ਼ਾਨੇ ਵਿਚ ਬੰਦ ਕਰ ਦਿੱਤਾ। ਇਹ ਕਾਲ ਜਿੱਥੇ ਮੁਗ਼ਲ ਕਾਲ ਦਾ ਪ੍ਰਾਰੰਭ ਸੀ, ਉੱਥੇ ਹੀ ਗੁਰੂ ਨਾਨਕ ਦੇਵ ਜੀ ਦਾ ਰਚਨਾ ਕਾਲ ਵੀ ਸੀ। ਗੁਰੂ ਨਾਨਕ ਦੇਵ ਜੀ ਰਚਿਤ ਬਾਬਰਬਾਣੀ ਦਾ ਜ਼ਿਕਰ ਵੀ ਤੁਸੀਂ ਸੁਣਿਆ ਹੋਵੇਗਾ। ਇਹੋ ਕਾਲ ਪੰਜਾਬੀ ਦੀ ਵਾਰਤਕ ਦੀ ਉਤਪਤੀ ਦਾ ਕਾਲ ਵੀ ਹੈ। ਇਸ ਮੁੱਢਲੀ ਪੰਜਾਬੀ ਵਾਰਤਕ ਦੀ ਭਾਸ਼ਾ ਸ਼ੁੱਧ ਪੰਜਾਬੀ ਤਾਂ ਨਹੀਂ। ਇਸ ਵਿਚ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦੇ ਸ਼ਬਦ ਅਤੇ ਕਿਸੇ ਹੱਦ ਤੱਕ ਵਾਕ ਬਣਤਰ ਵੀ ਉਹੀ ਦੇਖੀ ਜਾ ਸਕਦੀ ਹੈ। ਇਸ ਭਾਸ਼ਾ ਉੱਤੇ ਲਹਿੰਦੀ ਪੰਜਾਬੀ ਭਾਸ਼ਾ ਦਾ ਵੀ ਬਹੁਤ ਪ੍ਰਭਾਵ ਹੈ, ਭਾਵ ਉਸ ਪੰਜਾਬ ਦੀ ਬੋਲੀ ਦਾ ਜਿਹੜਾ ਪੰਜਾਬ ਦਾ ਹਿੱਸਾ ਹੁਣ ਪਾਕਿਸਤਾਨ ਵਿਚ ਚਲਾ ਗਿਆ ਹੈ। ਪਰ ਇਸ ਤੋਂ ਬਾਅਦ ਦੀ ਪੰਜਾਬੀ ਵਾਰਤਕ ਨੇ ਬਹੁਤ ਵਿਕਾਸ ਕੀਤਾ। ਪਿਛਲੇਰੇ ਮੁਗ਼ਲ ਕਾਲ ਤੱਕ ਪਹੁੰਚਦੇ ਪਹੁੰਚਦੇ ਭਾਵ 1700 ਈ. ਤੱਕ ਪਹੁੰਚ ਕੇ ਪੰਜਾਬੀ ਵਾਰਤਕ ਦਾ ਸਰੂਪ ਕਾਫ਼ੀ ਹੱਦ ਤੱਕ ਬਦਲ ਗਿਆ ਅਤੇ ਉਸ ਵਿਚ ਕਈ ਵਿਸ਼ਿਆਂ ਨਾਲ ਸੰਬੰਧਿਤ ਵਾਰਤਕ ਲਿਖੀ ਗਈ। ਉਸ ਦੇ ਸ਼ਬਦਾਂ, ਵਾਕਾਂ ਦਾ ਵੀ ਨਵਾਂ ਨੁੱਕ ਬੱਝਾ ਅਤੇ ਉਸ ਦੀ ਭਾਸ਼ਾ ਲਹਿੰਦੀ ਦੀ ਬਜਾਏ ਕੇਂਦਰੀ ਪੰਜਾਬੀ ਵੱਲ ਮੁੜਨ ਲੱਗੀ। 1700 ਈ. ਤੋਂ ਬਾਅਦ ਤਾਂ ਪੰਜਾਬੀ ਵਾਰਤਕ ਨੇ ਅਗਾਂਹ ਤੋਂ ਅਗਾਂਹ ਪੁਲਾਂਘਾਂ ਪੁੱਟੀਆਂ।

ਹੁਣ ਅਸੀਂ ਪੰਜਾਬੀ ਵਾਰਤਕ ਦੇ ਇਸ ਵਿਕਾਸ ਬਾਰੇ ਚਰਚਾ ਕਰਾਂਗੇ। ਪੰਜਾਬੀ ਵਾਰਤਕ ਦਾ ਵਿਕਾਸ ਨਿਕਾਸ ਤੋਂ ਬਾਅਦ ਪੰਜਾਬੀ ਵਾਰਤਕ 1708 ਤੋਂ 1800 ਈ. ਤੱਕ ਨਿਰੰਤਰ ਵਿਕਾਸ ਕਰਦੀ ਰਹੀ। ਇਹ ਸਮਾਂ ਹਾਲਾਂਕਿ ਰਾਜਨੀਤਕ ਉਥੱਲ—ਪਥੱਲ ਦਾ ਸੀ। ਮੁਗ਼ਲ ਰਾਜ ਵੀ ਢਹਿੰਦੀ ਸਥਿਤੀ ਵਿਚ ਸੀ ਅਤੇ ਸਿੱਖਾਂ ਦੇ ਦਸਵੇਂ ਗੁਰੂ,ਗੁਰੂ ਗੋਬਿੰਦ ਸਿੰਘ ਵੀ ਜੋਤੀ ਜੋਤ ਸਮਾ ਗਏ ਸਨ। ਪਰ ਤਾਂ ਵੀ ਪੰਜਾਬੀ ਵਾਰਤਕ ਵਿਚ ਪੁਰਾਣੇ ਰੂਪ ਵੀ ਲਿਖੇ ਜਾਂਦੇ ਰਹੇ ਅਤੇ ਨਵੇਂ ਵਾਰਤਕ ਰੂਪ ਵੀ ਸਾਹਮਣੇ ਆਏ। ਵਾਰਤਕ ਦਾ ਬਹੁਪੱਖੀ ਵਿਕਾਸ ਹੋਇਆ। ਅਨੁਵਾਦਾਂ ਵਿਚ ਫ਼ਾਰਸੀ ਦੀਆਂ ਕਈ ਪੁਸਤਕਾਂ ਦੇ ਅਨੁਵਾਦ ਹੋਏ ਅਤੇ ਟੀਕਾ ਪਰੰਪਰਾ ਵੀ ਚਲਦੀ ਰਹੀ। ਜਨਮ ਸਾਖੀ ਪਰੰਪਰਾ ਵੀ ਜਾਰੀ ਰਹੀ। ਜਿਸ ਵਿਚ ਭਾਈ ਮਨੀ ਸਿੰਘ ਨੇ ਜਨਮ ਸਾਖੀ ਲਿਖੀ। ਗੁਰੂ ਗੋਬਿੰਦ ਸਿੰਘ ਦੇ ਨਜ਼ਦੀਕੀ ਸਿੱਖ ਭਾਈ ਮਨੀ ਸਿੰਘ ਨੇ ਸਿੱਖਾਂ ਦੀ 'ਭਗਤਮਾਲਾ' ਵੀ ਲਿਖੀ, ਜਿਸ ਨੂੰ ਉੱਤਮ ਰਚਨਾ ਮੰਨਿਆ ਜਾਂਦਾ ਹੈ। ਦਸ ਦੇ ਕਰੀਬ ਰਚਨਾਵਾਂ ਸੇਵਾ ਪੰਥੀਆਂ ਦੁਆਰਾ ਰਚੀਆਂ ਗਈਆਂ। ਇੱਕ ਹੋਰ ਲੇਖਕ ਸਾਧੂ ਸਦਾ ਨੰਦ ਨੇ ਵੀ ਨੌਂ ਦੇ ਕਰੀਬ ਪੁਸਤਕਾਂ ਰਚੀਆਂ। ਪੰਜਾਬੀ ਵਾਰਤਕ ਦੇ ਨਿਕਾਸ ਬਾਰੇ ਚਰਚਾ ਕਰਦਿਆਂ, ਅਸੀਂ ਕੁੱਝ ਸ਼ੰਕਿਆਂ ਵੱਲ ਸੰਕੇਤ ਕੀਤੇ ਸੀ, ਜਿਵੇਂ ਜਨਮ ਸਾਖੀਆਂ ਵਿਚ ਭਾਈ ਬਾਲੇ ਦੇ ਪਾਤਰ ਬਾਰੇ ਜਾਂ ਸੌ ਸਾਖੀ ਦੇ ਕਰਤਾ ਬਾਰੇ ਜਾਂ ਭਾਈ ਮਨੀ ਸਿੰਘ ਦੇ ਨਾਂ 'ਤੇ ਲਿਖੀਆਂ ਹੋਰ ਰਚਨਾਵਾਂ ਦੀ ਪ੍ਰਮਾਣਿਕਤਾ ਬਾਰੇ, ਆਦਿ। ਪਰ ਇਸ ਕਾਲ ਵਿਚਲੇ ਲੇਖਕਾਂ ਵਿਚੋਂ ਦੋ—ਤਿੰਨ ਦੀ ਪ੍ਰਮਾਣਿਕਤਾ ਬਾਰੇ ਕੋਈ ਸ਼ੰਕੇ ਨਹੀਂ, ਜਿਵੇਂ ਸੋਢੀ ਮਿਹਰਬਾਨ, ਭਾਈ ਮਨੀ ਸਿੰਘ ਦੀਆਂ ਕੁੱਝ ਰਚਨਾਵਾਂ ਅਤੇ ਅੱਡਣ ਸ਼ਾਹ ਦੀਆਂ ਰਚਨਾਵਾਂ। ਇਹ ਵਾਰਤਕਕਾਰ ਇਸ ਸਮੇਂ ਦੇ ਪ੍ਰਮੁੱਖ ਵਾਰਤਕਕਾਰ ਹਨ। ਬਾਕੀ ਲੇਖਕਾਂ ਬਾਰੇ ਪ੍ਰਮਾਣਿਕਤਾ ਨਾਲ਼ ਕੁੱਝ ਨਹੀਂ ਕਿਹਾ ਜਾ ਸਕਦਾ।

1800 ਈ. ਤੋਂ ਬਾਅਦ ਲਗਭਗ 50 ਸਾਲ, ਭਾਵ 1850 ਤੱਕ ਦੇ ਵਰ੍ਹੇ ਵੀ ਰਾਜਨੀਤਕ ਤੌਰ 'ਤੇ ਬੜੇ ਅਹਿਮ ਸਨ। ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਉੱਤੇ ਰਾਜ ਸੀ ਅਤੇ ਮਾਹੌਲ ਸਥਿਰ ਅਤੇ ਸ਼ਾਂਤ ਸੀ। ਪੰਜਾਬੀ ਵਾਰਤਕ ਵਿਚ ਇਸ ਸਮੇਂ ਪੁਰਾਣੀਆਂ ਪਰੰਪਰਾਵਾਂ ਤਾਂ ਜਾਰੀ ਰਹੀਆਂ ਹੀ ਅਤੇ ਇਸ ਦੇ ਨਾਲ਼ ਹੀ ਪੰਜਾਬੀ ਵਿਹਾਰਕ ਜੀਵਨ ਦੇ ਗਿਆਨ ਲਈ ਵੀ ਇਸਤੇਮਾਲ ਹੋਣ ਲੱਗੀ। ਈਸਾਈ ਪਾਦਰੀਆਂ ਨੇ ਵੀ ਵਾਰਤਕ ਲਿਖਵਾਉਣ ਦੇ ਤਰੀਕੇ ਕੀਤੇ। ਅੰਜੀਲ ਦੇ ਅਨੁਵਾਦ ਕਰਾਏ ਗਏ। ਪੰਜਾਬੀ ਅਤੇ ਵਿਆਕਰਨ ਦੀ ਰਚਨਾ ਹੋਈ। ਭਗਵਤ ਗੀਤਾ ਦਾ ਅਨੁਵਾਦ ਹੋਇਆ। ਇਸ ਸਮੇਂ 'ਗੁਰਪ੍ਰਤਾਪ ਸੂਰਜ ਗ੍ਰੰਥ' ਦੀ ਰਚਨਾ ਭਾਈ ਸੰਤੋਖ ਸਿੰਘ ਨੇ ਕੀਤੀ ਅਤੇ ਗੁਲਾਬ ਦਾਸ ਦੁਆਰਾ 'ਗੀਤਾ ਸਾਰ' ਨਾਮ ਦਾ ਗ੍ਰੰਥ ਸਾਹਮਣੇ ਆਇਆ।

**ਮੱਧਕਾਲੀ ਪੰਜਾਬੀ ਵਾਰਤਕ ਦੀਆਂ ਵਿਸ਼ੇਸ਼ਤਾਵਾਂ:-**

ਪੁਰਾਤਨ ਵਾਰਤਕ ਦੇ ਵਿਸ਼ਿਆਂ ਦਾ ਕੇਂਦਰ ਮੁੱਖ ਤੌਰ ਤੇ ਅਧਿਆਤਮ, ਰੱਬ ਜਾਂ ਗੁਰੂ ਹੈ। ਪੁਰਾਤਨ ਪੰਜਾਬੀ ਵਾਰਤਕ ਦੇ ਸਾਰੇ ਰੂਪ ਜਿਨ੍ਹਾਂ ਦਾ ਜ਼ਿਕਰ ਅਸੀਂ ਉੱਪਰ ਕਰ ਆਏ ਹਾਂ, ਉਹਨਾਂ ਵਿਚ ਗੁਰੂ ਦੀ ਸਿੱਖਿਆ, ਗੁਰਬਾਣੀ ਦੀ ਵਿਆਖਿਆ, ਗੁਰੂ ਦੀ ਉਸਤਤੀ, ਸ਼ਕਤੀ ਦਾ ਜ਼ਿਕਰ ਮਿਲਦਾ ਹੈ। ਇਹ ਸ਼ਰਧਾ ਅਤੇ ਵਿਸ਼ਵਾਸ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਜਦਕਿ ਆਧੁਨਿਕ ਵਾਰਤਕ ਦਾ ਆਧਾਰ ਯਥਾਰਥਵਾਦੀ ਸੋਚ ਹੈ। ਆਧੁਨਿਕ ਵਾਰਤਕ, ਪ੍ਰਚਾਰ ਦੀ ਪ੍ਰਵਿਰਤੀ ਤੋਂ ਵੀ ਮੁਕਤ ਹੈ ਅਤੇ ਇਸ ਦਾ ਮੁਹਾਵਰਾ ਸ਼ਰਧਾ ਨਾ ਹੋ ਕੇ ਤਰਕ

ਹੈ। ਇੱਥੇ ਦਲੀਲ ਪ੍ਰਾਥਮਿਕਤਾ ਰੱਖਦੀ ਹੈ। ਆਧੁਨਿਕ ਵਾਰਤਕ ਪਾਸ ਕੇਵਲ ਤੇ ਕੇਵਲ ਅਧਿਆਤਮ ਦਾ ਵਿਸ਼ਾ ਨਾ ਹੋ ਕੇ ਅਨੇਕਾਂ ਅਨੇਕ ਵਿਸ਼ੇ ਹਨ। ਪੁਰਾਤਨ ਪੰਜਾਬੀ ਵਾਰਤਕ ਵਿਚ ਜਨਮ ਸਾਖੀਆਂ, ਗੋਸ਼ਟਾਂ, ਟੀਕੇ, ਪਰਮਾਰਥ ਆਦਿ ਸਭ ਦੇ ਕੇਂਦਰ ਵਿਚ ਗੁਰੂ ਦੀ ਮਹਿਮਾ ਅਤੇ ਸਿੱਖਿਆ ਹੈ ਅਤੇ ਲੇਖਕ ਸ਼ਰਧਾਲੂ ਵਿਸ਼ਵਾਸੀ ਹੈ। ਹੇਠਾਂ ਇਕ ਉਦਾਹਰਨ ਪ੍ਰਸਤੁਤ ਕਰ ਰਹੇ ਹਾਂ।

> "ਸ੍ਰੀ ਸਤਿਗੁਰ ਜੀ ਜਗਤੁ ਨਿਸਤਾਰਣ ਕੁ ਆਇਆ। ਕਲਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ ਪਾਰਬ੍ਰਹਮ ਕਾ ਨਿਜ ਭਗਤ। ਅਨਹਦ ਸ਼ਬਦ ਪਰਮੇਸ਼ਰ ਕੇ ਦਰਬਾਰ ਵਾਜੇ। ਤੇਤੀਸ ਕਰੋੜ ਦੇਵਤਿਆਂ ਨਮਸਕਾਰ ਕੀਆ ਚਉਸਠ ਜੋਗਣੀ ਬਵਜਾਹ ਬੀਰ, ਛਿਆ ਜਾਤੀਆਂ, ਚੌਰਾਸੀਆਂ ਸਿੱਧਾਂ, ਨਵਾਂ ਨਾਥਾਂ ਨਮਸਕਾਰ ਕੀਆ, ਜੋ ਵਡਾ ਭਗਤ ਜਗਤ ਨਿਸਤਾਰਣ ਕਿਉ ਆਇਆ...'ਇਸ ਕਉ ਨਮਸਕਾਰ ਕੀਜੀਐ ਜੀ।" (ਪੁਰਾਤਨ ਜਨਮ ਸਾਖੀ, ਸਾਖੀ ਨੰਬਰ: 1)

ਇਵੇਂ ਹੀ ਵੱਖ ਵੱਖ ਜਨਮਸਾਖੀਆਂ ਜਾਂ ਗੋਸ਼ਟਾਂ ਜਾਂ ਪਰਚੀਆਂ ਆਦਿ ਵਿਚ ਭਾਸ਼ਾ, ਵਾਕ ਬਣਤਰ ਜਾਂ ਸ਼ਬਦਾਵਲੀ ਨੂੰ ਲੈ ਕੇ ਮਾੜਾ ਮੋਟਾ ਅੰਤਰ ਤਾਂ ਮਿਲਦਾ ਹੈ ਪਰ ਵਿਸ਼ੇ ਦੇ ਪੱਖੋਂ ਇਹ ਸਾਰੀਆਂ ਰਚਨਾਵਾਂ ਇਕੋ ਦਿਸ਼ਾ ਵੱਲ ਜਾਂਦੀਆਂ ਦਿੱਖਦੀਆਂ ਹਨ।

ਪੁਰਾਤਨ ਪੰਜਾਬੀ ਵਾਰਤਕ ਵਿਚ ਪ੍ਰਗਟਾਵੇ ਲਈ ਦੋ-ਚਾਰ ਹੀ ਰੂਪ ਸਨ, ਜਿਵੇਂ ਜਨਮ ਸਾਖੀ, ਪਰਮਾਰਥ, ਟੀਕੇ, ਪਰਚੀਆਂ ਜਾਂ ਹੁਕਮਨਾਮੇ ਆਦਿ। ਸੀਮਿਤ ਜਿਹੀ ਵਾਰਤਕ ਸੀਮਿਤ ਜਿਹੇ ਰੂਪਾਂ ਵਿਚ ਹੀ ਪ੍ਰਗਟਾਵਾ ਲੈਂਦੀ ਸੀ। ਵਿਸ਼ੇ ਤਾਂ ਸੀਮਿਤ ਸਨ ਹੀ। ਇਵੇਂ ਪ੍ਰਾਚੀਨ ਪੰਜਾਬੀ ਵਾਰਤਕ ਵਿਚ ਬਹੁਰੰਗੀ ਰੂਪ ਨਜ਼ਰ ਨਹੀਂ ਆਉਂਦੇ। ਇਸ ਦੇ ਮੁਕਾਬਲੇ ਜਦੋਂ ਆਧੁਨਿਕ ਵਾਰਤਕ ਵੱਲ ਨਜ਼ਰ ਮਾਰੀਏ ਤਾਂ ਸਾਨੂੰ ਨਿਬੰਧ, ਜੀਵਨੀ, ਸ੍ਵੈ ਜੀਵਨੀ, ਰੇਖਾ-ਚਿੱਤਰ, ਸਫ਼ਰਨਾਮੇ, ਆਲੋਚਨਾ, ਚਿੱਠੀਆਂ, ਮੁਲਾਕਾਤਾਂ, ਇੰਟਰਵਿਊ, ਪੱਤਰਕਾਰਤਾ ਆਦਿ ਤੋਂ ਇਲਾਵਾ ਕਈ ਰੂਪ ਮਿਲਦੇ ਹਨ। ਕਹਿਣ ਨੂੰ ਤਾਂ ਇਹ ਸਭ ਕੁੱਝ ਵਾਰਤਕ ਰਚਨਾ ਹੈ ਪਰ ਹਰੇਕ ਦਾ ਮੁਹਾਵਰਾ, ਵਿਧੀ, ਭਾਸ਼ਾ, ਪ੍ਰਸਤੁਤੀ ਭਿੰਨ ਹੈ। ਪੁਰਾਤਨ ਪੰਜਾਬੀ ਵਾਰਤਕ ਦੇ ਵੱਖ ਵੱਖ ਰੂਪਾਂ ਦੀ ਇਕ ਇਕ ਉਦਾਹਰਨ ਉਪਰਲੇ ਕਥਨ ਦੀ ਤਸਦੀਕ ਕਰਦੀ ਹਾਂ। ਪੁਰਾਤਨ ਪੰਜਾਬੀ ਵਾਰਤਕ ਦੇ ਵੱਖ ਵੱਖ ਰੂਪਾਂ ਦੇ ਨਮੂਨੇ:

(ੳ) "ਸੰਮਤ 1526 ਬਾਬਾ ਨਾਨਕ ਜਨਮਿਆ। ਵੈਸਾਖੈ ਮਾਹਿ ਜਿਨ ਜੋ ਪਹਰ ਰਾਤ ਰਹਦੀ ਜਨਮਿਆ। ਅਨਹਦ ਸ਼ਬਦ ਪਰਮੇਸਰ ਦੀ ਕਰਾਮਾਤ ਵਾਜੇ ਤੇਤੀਸ ਕਰੋੜਿ ਦੇਵਤਿਆਂ ਨਮਸਕਾਰ ਕੀਤੀ। ਚਉਰਾਸੀ ਥਾਂ ਨਵਾਂ ਨਾਥਾਂ ਉਸ ਜਨੀ ਬਵਿਜਾ ਬੀਰ ਛਿਆ॥ ਜਾਤੀਆ ਨਮਸਕਾਰ ਕੀਆ। ਜੋ ਨਿਰੰਕਾਰ ਪੁਰਖ ਜਗਤੁ ਤਾਰਣ ਕਉ ਭੇਜਿਆ ਹੈ।

(ਆਦਿ ਸਾਖੀਆਂ, ਅਵਤਾਜਰ ਬਾਲਪਨ ਵਾਲੀ ਸਾਖੀ)

(ਅ) ਖਾਲਸੇ ਦੀ ਰਹਿਤ ਰਹਿਣਾ ਭੰਗ ਤਮਾਕੂ ਹਫੀਮ ਪੋਸਤੁ ਦਾਰੂ ਅਮਲ ਕੋਈ ਨਹੀਂ ਖਾਣਾ ਮੱਛਲੀ ਪਿਆਜ ਨਾਹੀ ਖਾਣਾ ਚਾਰੀ ਜਾਰੀ ਨਾਹੀ ਕਰਣੀ।

(ਹੁਕਮਨਾਮਾ ਬਾਬਾ ਬੰਦਾ ਸਿੰਘ ਨੇ ਜਉਨਪੁਰ ਦੀਆਂ ਸੰਗਤ ਨੂੰ 12 ਦਸੰਬਰ 1710 ਈ. ਨੂੰ ਲਿਖਿਆ।)

(ੲ) 'ਅਰ ਮਾਤਾ ਪਿਤਾ ਦੇਖਿਆ ਜੋ ਬੇਟਾ ਮਾਯਾ ਜੋ ਬਿਵਹਾਰ ਮੈ ਨਹਿ ਚਿਤ ਲਾਵਤਾ, ਮਤ ਫਕੀਰ ਹੋਇ ਜਾਵੈ। ਤਬ ਵਿਵਾਹ ਕੀਆ। ਅਰ ਸੁੰਦਰ ਭੂਮਨ ਸਵਰਨ ਕੇ ਪਹਿਰਾਏ।"

(ਸਾਖੀਆਂ ਅੱਡਣ ਸ਼ਾਹ ਵਿਚੋਂ ਇਕ ਹਵਾਲਾ : ਸ. ਗੋਬਿੰਦ ਸਿੰਘ ਲਾਂਬਾਂ)

(ਸ) ਗੁਰੂ ਕਾ ਆਖਣਾ ਹੈ, ਅੰਨ ਬਹੁਤੀ ਭੁਖੈ ਲਗੀ ਜੇਵਣਾ, ਭਰੇ ਤੇ: ਭਰਣਾ ਨਾਹੀ ਅੰਨ ਛੱਡਣਾ ਭੀ ਨਾਹੀ, ਸਵਣਾ ਤਾਂ ਜਾਂ ਬਹੁਤੀ ਨੀਦ ਆਵੇ, ਨੀਂਦ ਬਗੈਰ ਸਵਣਾ ਨਹੀ, ਗਫਲਾਈ ਹੈ।... ਅਕੈ ਬਾਣੀ ਗਾਵਣੀ... ਸ਼ਬਦੁ ਗਾਵਣਾ ਕੂੜ ਨਾਹੀ ਬੋਲਣਾ।"

(ਰਾਵਲਪਿੰਡੀ ਵਾਲੀ ਭਾਈ ਪੈਥੇ ਵਾਲੀ ਬੀੜ)

(ਹ) "ਪਰੁ ਹਮ ਕੇ ਕਿਰਪਾ ਕਰਕੇ ਇਹ ਬਾਤ ਸੁਨਾਵਰੁ, ਜੋ ਉਹ ਕਰਮ ਉਝੇ ਕਉਨ ਕੀਨਾ ॥ ਅਉਰ ਸੇਵਾ ਕਉਨ ਕੀਨੀ ਹੈ। ਅਰ ਉਹ ਕਉਨ ਸੀ ਆਗਿਆ ਮਾਨੀ ਜੋ ਗੁਰੁ ਬਾਬੇ ਤੇਰੇ ਬਿਖੇ ਆਪਨਾ ਸਰੂਪ ਪਲਟ ਛੋਡਿਆ ਹੈ"

(ਪਰਜ਼ੀਆਂ ਸੇਵਾ ਦਾਸ)

ਇਹ ਪ੍ਰਸ਼ਨ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਮਿਲਣ ਸੰਬੰਧੀ ਪੁੱਛਿਆ

(ਕ) ਜਿਨ੍ਹਹੁੰ ਨੇ ਮੰਸ ਖਾਵਣ ਵਾਲਿਹੁੰ ਕੀ ਨਿੰਦਿਆ ਕਰੀ ਹੈ। ਸੋ ਨਿੰਦਿਆ ਮੰਸ ਖਵਣੇ ਤੇ ਭੀ ਬੁਰੀ ਹੈ। ਨਿੰਦਿਆ ਤੇ ਮੰਸ ਖਾਵਾਣਾ ਭਲਾ ਹੈ। ਕਹੇ ਤੇ ਜੋ ਮਨ ਹੰਕਾਰ ਅਰ ਅਭਿਮਾਨ ਮਹਿ ਆਵਤਾ ਹੈ। ਤਬ ਹੀ ਨਿੰਦਿਆ ਕਰਤਾ ਹੈ।"

(ਪਰਚੀਆਂ ਭਾਈ ਸ੍ਰੀ ਕਨ੍ਹੀਯਾ ਜੀ: ਭਾਈ ਹੀਰਾ ਸਿੰਘ ਮਹੰਤ, ਪੰਨਾ: 51)

ਅਬ ਜਾਣ ਤੂੰ ਜੋ ਭਗਵੰਤ ਨੇ ਇਸ ਪ੍ਰਕਾਰ ਆਗਿਆ ਕਰੀ ਹੈ ਜੋ ਪੁਰਖ ਮੇਰੇ ਨਮਿਤ ਬ੍ਰਤ ਅਰ ਤਪ ਕਰਕੇ ਭੋਗ ਕਾ ਤਿਆਗ ਕਰਤੇ ਹੈ ਤਉ ਉਨ ਕਉ ਮੈ ਹੀ ਉਸ ਕਾ ਫਲ ਦੇਨੇ ਹਾਰ ਹੂੰ ਪਰ ਬ੍ਰਤ ਭੀ ਤੀਨ ਪ੍ਰਕਾਰੁ ਦਾ ਕਹਾ ਹੈ। ਸੋ ਪ੍ਰਥਮ ਇਹ ਹੈ ਜੋ ਆਪਣੇ ਚਿਤ ਕਉ ਸੰਕਲਪ ਹੁਏ ਤੋ ਰੋਕ ਰਖਣਾ ਅਜ਼ ਚਿਤ ਦੀ ਬ੍ਰਿਤੀ ਕਉ ਭਗਵੰਤ ਕੇ ਸਰੂਪ ਵਿਖੇ ਇਸਥਿਤ ਕਰਨਾ। ਸੋ ਇਹ ਬ੍ਰਤ ਐਸਾ ਕਠਨ ਹੈ ਜੋ ਜਬ ਭਗਵੰਤ ਬਿਨਾ ਕੁਛਕ ਸੰਕਲਪ ਭੀ ਇਸਕੇ ਰਿਦੇ ਵਿਖੇ ਫੁਰੇ ਤਬ ਵਹੁ ਖੰਡਤ ਹੈ ਜਾਤਾ ਹੈ।

## ਸਾਰਾਂਸ਼

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਤੇ ਵੀਹਵੀਂ ਸਦੀ ਦੇ ਪਹਿਲੇ ਦੋ-ਤਿੰਨ ਦਹਾਕਿਆਂ ਵਿੱਚ ਢੇਰ ਸਾਰੀ ਵਾਰਤਕ-ਰਚਨਾ ਹੋਈ। ਇਸ ਕਾਲ ਦੀ ਵਾਰਤਕ ਵਿੱਚ ਗੁਰਬਾਣੀ ਦੇ ਟੀਕਿਆਂ ਜਾਂ ਸਿੱਖ ਧਰਮ ਨਾਲ ਸਬੰਧਿਤ ਰਚਨਾਵਾਂ ਦੀ ਪ੍ਰਧਾਨਤਾ ਹੈ। ਗਿਆਨੀ ਗਿਆਨ ਸਿੰਘ, ਭਾਈ ਦਿੱਤ ਸਿੰਘ ਆਦਿ ਨੇ ਸਿੱਖ ਅਸੂਲਾਂ ਦਾ ਪ੍ਰਸਾਰ ਤੇ ਵਿਆਖਿਆ ਕਰਨ ਦੇ ਨਾਲ ਨਾਲ ਸਿੱਖ ਧਰਮ ਤੇ ਖ਼ਾਸ ਕਰਕੇ ਖ਼ਾਲਸਾ ਪੰਥ ਦਾ ਇਤਿਹਾਸ ਲਿਖਿਆ। ਇਹਨਾਂ ਦੀ ਬੋਲੀ ਉੱਤੇ ਪੁਰਾਤਨ ਪੰਜਾਬੀ ਤੇ ਬ੍ਰਿਜ ਭਾਸ਼ਾ ਦਾ ਖ਼ਾਸ ਅਸਰ ਹੈ। ਇਸ ਵੇਲੇ ਤੱਕ ਅੰਗਰੇਜ਼ ਪੰਜਾਬ ਉੱਤੇ ਆਪਣਾ ਰਾਜ ਪੂਰੀ ਤਰ੍ਹਾਂ ਕਾਇਮ ਕਰ ਚੁੱਕੇ ਸਨ ਤੇ ਉਨ੍ਹਾਂ ਨੇ ਪੰਜਾਬ ਵਿੱਚ ਆਪਣੀਆਂ ਜੜ੍ਹਾਂ ਪੱਕੀਆਂ ਕਰਨ ਲਈ ਪੰਜਾਬੀ ਸੰਸਕ੍ਰਿਤ ਵਿੱਚ ਘੁਸਪੈਠ ਕਰਨੀ ਅਰੰਭ ਕਰ ਦਿੱਤੀ ਸੀ। ਉਨ੍ਹਾਂ ਨੇ ਅੰਗਰੇਜ਼ੀ ਦੀ ਤਾਲੀਮ ਦੇਣ ਵਾਸਤੇ ਕਈ ਸਕੂਲ ਖੋਲ੍ਹੇਂ ਤੇ ਈਸਾਈ ਮਿਸ਼ਨ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਬਾਈਬਲ ਦੇ ਅਨੁਵਾਦ ਪੰਜਾਬੀ ਵਿੱਚ ਕਰਵਾਏ। ਈਸਾਈ ਮਿਸ਼ਨ ਦੇ ਪ੍ਰਭਾਵ ਨੂੰ ਰੋਕਣ ਲਈ ਹੀ ਪੰਜਾਬੀਆਂ ਨੇ ਜਿੱਥੇ ਰਾਜਨੀਤਿਕ ਪੱਧਰ ਉੱਤੇ ਮਾੜੇ-ਮੋਟੇ ਉੱਦਮ ਕਰਨ ਦੇ ਜਤਨ ਅਰੰਭੇ ਉੱਥੇ ਆਪਣੇ ਵਿਰਸੇ ਨੂੰ ਫਰੋਲਿਆ ਤੇ ਸਿੱਟੇ ਵਜੋਂ ਸਿੱਖੀ-ਅਸੂਲਾਂ ਅਤੇ ਗੁਰਬਾਣੀ ਨਾਲ ਸਬੰਧਿਤ ਬਹੁਤ ਸਾਰਾ ਸਾਹਿਤ ਰਚਿਆ। ਇਹ ਜਤਨ ਭਾਈ ਵੀਰ ਸਿੰਘ ਤੱਕ ਜਾਰੀ ਰਿਹਾ। ਇਸ ਦੇ ਨਾਲ ਹੀ ਅੰਗਰੇਜ਼ੀ ਵਿੱਚ ਵਿਕਾਸ ਕਰ ਚੁੱਕੀ ਵਾਰਤਕ ਦੇ ਸੁਤੰਤਰ ਅਨੁਵਾਦ ਵੀ ਕੀਤੇ ਗਏ ਜਿਨ ਹਾਂ ਵਿੱਚੋਂ ਭਾਈ ਮੋਹਨ ਸਿੰਘ ਵੈਦ ਦੁਆਰਾ ਕੀਤਾ 'ਬੇਕਨ' ਦੇ ਨਿਬੰਧਾਂ ਦਾ ਅਨੁਵਾਦ ਵਰਨਣਯੋਗ ਹੈ। ਇਸ ਸਮੇਂ 'ਐਮਰਸਨ' ਦੇ ਨਿਬੰਧਾਂ ਦਾ ਅਨੁਵਾਦ ਵੀ ਹੋਇਆ ਤੇ ਕੁੱਝ ਅਨੁਵਾਦ ਉਰਦੂ ਨਿਬੰਧਾਂ ਦੇ ਵੀ ਕੀਤੇ ਗਏ। ਇਸ ਕਾਲ ਵਿੱਚ ਭਾਈ ਮੋਹਨ ਸਿੰਘ ਵੈਦ ਤੋਂ ਇਲਾਵਾ ਜੱਗੀ ਸ਼ਿਵਨਾਥ, ਭਾਈ ਬਿਸ਼ਨ ਦਾਸ ਪੁਰੀ ਤੇ ਜੀ.ਬੀ.ਸਿੰਘ ਦੇ ਨਾਂ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ। ਇੰਞ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਹੀ ਅੰਗਰੇਜ਼ੀ ਵਾਰਤਕ ਦਾ ਵਿਕਾਸ ਕਰ ਚੁੱਕਾ ਨਿਬੰਧ-ਰੂਪ ਪੰਜਾਬੀ ਵਿੱਚ ਵੀ ਆਪਣਾ ਲਿਆ ਗਿਆ। ਮੁੱਢ ਵਿੱਚ ਪੰਡਤ ਸ਼ਰਧਾ ਰਾਮ ਫ਼ਿਲੌਰੀ, ਭਾਈ ਵੀਰ ਸਿੰਘ, ਡਾ. ਬਲਬੀਰ ਸਿੰਘ, ਡਾ. ਸ਼ੇਰ ਸਿੰਘ ਤੇ ਸਰਦੂਲ ਸਿੰਘ ਕਵੀਸ਼ਰ ਆਦਿ ਨੇ ਪੰਜਾਬੀ ਵਾਰਤਕ ਨੂੰ ਵਿਕਾਸ ਦੀਆਂ ਲੀਹਾਂ ਤੇ ਪਾਇਆ। ਇਸ ਪਿੱਛੋਂ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਉਹ ਲੇਖਕ ਆਏ ਜੋ ਕਾਫ਼ੀ ਪੜ੍ਹੇ ਲਿਖੇ ਸਨ ਤੇ ਜਿਨ ਹਾਂ ਨੇ ਅੰਗਰੇਜ਼ੀ ਤੋਂ ਇਲਾਵਾ ਹੋਰਨਾਂ ਜ਼ਬਾਨਾਂ ਦਾ ਵੀ ਕਾਫ਼ੀ ਸਾਹਿਤ ਪੜ੍ਹਿਆ ਹੋਇਆ ਸੀ। ਅਜਿਹੇ ਲੇਖਕਾਂ ਵਿੱਚ ਪ੍ਰੋ. ਪੂਰਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਲਾਲ ਸਿੰਘ ਕਮਲਾ ਅਕਾਲੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ, ਮੋਹਨ ਸਿੰਘ, ਸ. ਕਪੂਰ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਸ. ਸੂਬਾ ਸਿੰਘ ਤੇ ਹੋਰ ਬਹੁਤ ਸਾਰੇ ਲੇਖਕ ਆ ਜਾਂਦੇ ਹਨ। ਇਹਨਾਂ ਵਿੱਚੋਂ ਬਹੁਤੇ ਲੇਖਕਾਂ ਨੇ ਨਾ ਕੇਵਲ ਬਾਹਰਲੇ ਦੇਸ਼ਾਂ ਦਾ ਸਾਹਿਤ ਹੀ ਪੜ੍ਹਿਆ ਸੀ ਸਗੋਂ ਇਹ ਖ਼ੁਦ ਵੀ ਬਾਹਰਲੇ ਦੇਸ਼ਾਂ ਵਿੱਚ ਘੁੰਮੇ-ਫਿਰੇ ਸਨ। ਇਹੋ ਕਾਰਨ ਹੈ ਕਿ ਇਹਨਾਂ ਦੀ ਵਾਰਤਕ ਅਨੁਭਵ ਤੇ ਸ਼ੈਲੀ ਦੇ ਪੱਖੋਂ ਬਹੁਤ ਅਮੀਰ ਹੈ। ਜਿਸ ਵਾਰਤਕ-ਰੂਪ ਨੂੰ ਅਸੀਂ ਹੁਣ ਸਾਹਿਤਕ-ਹੋਂਦ ਵਜੋਂ ਸਵੀਕਰਦੇ ਹਾਂ ਉਸ ਨੂੰ ਇਹ ਹਸਤੀ ਦਿਵਾਉਣ ਵਿੱਚ ਉਪਰੋਕਤ ਸਾਹਿਤਕਾਰਾਂ ਦਾ ਹੀ ਹਿੱਸਾ ਹੈ ਤੇ ਇਸ ਦਾ ਸੁਤੰਤਰ ਮੂੰਹ ਮੁਹਾਂਦਰਾ ਵੀਹਵੀਂ ਸਦੀ ਵਿੱਚ ਹੀ ਬਣਿਆ ਹੈ।

## ਕੇਂਦਰੀ ਸ਼ਬਦ

- **ਦਾਰਸ਼ਨਿਕ**- ਜਿਸ ਵਿਚ ਕਿਸੇ ਅਧਿਆਤਮਕ ਦਰਸ਼ਨ ਦੀ ਵਿਚਾਰਧਾਰਾ ਹੋਏ।।
- **ਨਿਕਟਵਰਤੀ** – ਨਜ਼ਦੀਕੀ ਜਿਵੇ ਕਿ ਰਹਿਤਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਸਿੱਖਾਂ ਦੇ ਨਾਂ ਨਾਲ਼ ਪ੍ਰਚੱਲਤ ਹਨ।
- **ਹੁਕਮਨਾਮਾ**- ਗੁਰੂ ਦੁਆਰਾ ਸਿੱਖ ਕੌਮ ਨੂੰ ਦਿੱਤੇ ਜਾਣ ਵਾਲੇ ਆਦੇਸ਼।
- **ਨਿਰਮਲੇ ਸੰਤ** – ਸਿੱਖ ਵਿਚਾਰਧਾਰਾ ਦੇ ਗੁਰੂ ਸਹਿਬਾਂ ਨਾਲੋਂ ਅਲੱਗ ਸਿੱਖ ਗਰੁੱਪ ਜੋ ਸਿੱਖੀ ਦਾ ਪ੍ਰਚਾਰ ਕਰਦੇ ਸਨ।
- **ਸਰਬਸ਼ਕਤੀਮਾਨ** – ਇਹ ਜਿਆਦਾਤਰ ਪਰਮਾਤਮਾ ਲਈ ਪਵਰਤਿਆ ਜਾਣ ਵਾਲਾ ਸ਼ਬਦ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਆਗਿਆ ਪ੍ਰਮੇਸਰ ਕੀ ਹੋਈ, ਇਹ ਸ਼ਬਦ ਜਨੰ ਸਾਖੀ ਵਿਚ ਕਦੋਂ ਵਰਤੇ ਜਾਂਦੇ ਹਨ?**

ੳ) ਮੱਧ ਵਿਚ

ਅ) ਅੰਤ ਵਿਚ

ੲ) ਸ਼ੁਰੂਆਤ ਵਿਚ

ਸ) ਹਰ ਪਹਿਰੇ ਵਿਤ

**ਪ੍ਰਸ਼ਨ 2. ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਿਸ ਨੇ ਕੀਤੀ?**

ੳ) ਭਾਈ ਮਰਦਾਨੇ ਨੇ।

ਅ) ਭਾਈ ਬਾਲੇ ਨੇ

ੲ) ਭਾਈ ਗੁਰਦਾਸ ਨੇ

ਸ) ਭਾਈ ਵੀਰ ਸਿੰਘ ਨੇ

**ਪ੍ਰਸ਼ਨ 3. ਪੁਰਾਤਨ ਜਨਮ ਸਾਖੀ ਦਾ ਸਮਾਂ ਕਿੰਨਾ ਮੰਨਿਆ ਗਿਆ ਹੈ?**

ੳ) 1635

ਅ) 1640

ੲ) 1645

ਸ) 1650

**ਪ੍ਰਸ਼ਨ 4. ਕਿਸ ਵਿਦਵਾਨ ਨੇ ਜਨਮਸਾਖੀ ਦਾ ਸਮਾਂ ਪੁਰਾਤਨ ਜਨਮਸਾਖੀ ਅਤੇ ਮਿਹਰਬਾਨ ਵਾਲੀ ਜਨਮ ਸਾਖੀ ਦੇ ਵਿਚਕਾਰ ਦਾ ਮੰਨਿਆ ਹੈ?**

ੳ) ਰਤਨ ਸਿੰਘ ਜੱਗ ਨੇ

ਅ) ਡਾ. ਪਿਆਰਾ ਸਿੰਘ ਨੇ

ੲ) ਡਾ. ਅਸ਼ੋਕ ਕੁਮਾਰ ਨੇ

ਸ) ਡਾ. ਧਰਮਿੰਦਰ ਸਿੰਘ ਸਿੰਗਲਾ ਨੇ।

**ਪ੍ਰਸ਼ਨ 5. ਆਦਿ ਸਾਖੀਆਂ ਵਿਚ ਕਿਨੀਂਆਂ ਸਾਖੀਆਂ ਪੁਰਾਤਨ ਜਨਮ ਸਾਖੀ ਵਾਲ਼ੀ ਪਰੰਪਰਾ ਵਿਚੋਂ ਲਈਆਂ ਗਈਆਂ ਹਨ?**

ੳ) ਸਤਾਰਾਂ

ਅ) ਪੰਦਰਾਂ

ੲ) ਅਠਾਰਾਂ

ਸ) ਤੇਰਾਂ

**ਪ੍ਰਸ਼ਨ 6. ਆਦਿ ਸਾਖੀ ਵਿਚ ਮਿਹਰਬਾਨ ਵਾਲੀ ਸਾਖੀ ਵਿਚੋਂ ਕਿੰਨੀਆਂ ਜਨਮ ਸਾਖੀਆਂ ਲਈਆਂ ਗਈਆਂ ਹਨ?**

ੳ) ਦੱਸ

ਅ) ਸੱਤ

ੲ) ਬਾਰਾਂ

ਸ) ਤੇਰਾਂ

**ਪ੍ਰਸ਼ਨ 7. ਪੰਜਾਬੀ ਬਾਤਚੀਤ ਪੁਸਤਕ ਕਿਸ ਦੀ ਰਚਨਾ ਹੈ?**

ੳ) ਭਾਈ ਵੀਰ ਸਿੰਘ

ਅ) ਸ਼ਰਧਾ ਰਾਮ ਫਲੋਰੀ

ੲ) ਕਾਨ੍ਹ ਸਿੰਘ ਨਾਭਾ

ਸ) ਬਲਦੇਵ ਸਿੰਘ

**ਪ੍ਰਸ਼ਨ 8. ਪੰਜਾਬੀ ਬਾਤਚੀਤ ਕਿਸ ਵਿਧਾ ਦੀ ਰਚਨਾ ਹੈ?**

ੳ) ਕਵਿਤਾ

ਅ) ਕਹਾਣੀ

ੲ) ਵਾਰਤਕ

ਸ) ਨਾਟਕ

**ਪ੍ਰਸ਼ਨ 9. ਜਨਮ ਸਾਖੀਆਂ ਵਿਚ ਨਾਇਕ ਦੇ ਤੌਰ ਤੇ ਕੇਂਦਰ ਵਿਚ ਕੌਣ ਹੈ?**

ੳ) ਇਨਸਾਨ

ਅ) ਭਗਵਾਨ

ੲ) ਭਾਈ ਮਰਦਾਨਾ

ਸ) ਗੁਰੂ ਨਾਨਕ ਦੇਵ

**ਪ੍ਰਸ਼ਨ 10. ਪੁਰਾਤਨ ਜਨਮ ਸਾਖੀ ਦਾ ਸਮਾਂ ਕਿੰਨਾ ਮੰਨਿਆ ਗਿਆ ਹੈ?**

ੳ) 1635

ਅ) 1640

ੲ) 1645

ਸ) 1650

**ਪ੍ਰਸ਼ਨ 11. ਸਿੱਖਾ ਦੀ ਭਗਤਮਾਲਾ ਦੀ ਰਚਨਾ ਕਿਸ ਨੇ ਕੀਤੀ?**

ੳ) ਮਹਿਰਬਾਨ ਨੇ

ਅ) ਭਾਈ ਵੀਰ ਸਿੰਘ ਨੇ

ੲ) ਗੁਰੂ ਨਾਨਾਕ ਦੇਵ ਨੇ

ਸ) ਬਾਈ ਮਰਦਾਨੇ ਨੇ

**ਪ੍ਰਸ਼ਨ 12. ਹੇਠ ਲਿਖਿਆ ਵਿਚੋਂ ਕਿਸ ਨੇ ਜਨਮਸਾਖੀ ਦੀ ਰਚਨਾ ਕੀਤੀ ਹੈ?**

ੳ) ਸੋਢੀ ਮਹਿਰਬਾਨ

ਅ) ਭਾਈ ਮਨੀ ਸਿੰਘ

ੲ) ਭਾਈ ਬਾਲਾ

ਸ) ਉਪਰੋਕਤ ਸਾਰੇ

**ਪ੍ਰਸ਼ਨ 13.ਜਨਮ ਸਾਖੀ ਦੀ ਭਾਸ਼ਾ ਉੱਤੇ ਲਹਿੰਦੀ ਪੰਜਾਬੀ ਭਾਸ਼ਾ ਦਾ ਵੀ ਬਹੁਤ ਪ੍ਰਭਾਵ ਹੈ?**

ੳ) ਸਹੀ

ਅ) ਗਲਤ

ੲ) ਅੰਸ਼ਕ ਸਹੀ

ਸ) ਅੰਸ਼ਕ ਗਲਤ

**ਪ੍ਰਸ਼ਨ 14. ਬਾਬਰਬਾਣੀ ਕਿਸ ਦੀ ਰਚਨਾ ਹੈ?**

ੳ) ਬਾਬਰ ਦੀ

ਅ) ਭਾਈ ਵੀਰ ਸਿੰਘ ਦੀ

ੲ) ਗੁਰੂ ਨਾਨਾਕ ਦੇਵ ਦੀ

ਸ) ਉਪਰੋਕਤ ਕੋਈ ਨਹੀ

**ਪ੍ਰਸ਼ਨ 15. ਮੁੱਢਲੀ ਪੰਜਾਬੀ ਵਾਰਤਕ ਵਿਚ ਕਿਹੜੀ ਭਾਸ਼ਾ ਮਿਲਦੀ ਹੈ?**

ੳ) ਪੰਜਾਬੀ

ਅ) ਬ੍ਰਜ

ੲ) ਸਾਧ

ਸ) ਉਪਰੋਕਤ ਸਾਰੀਆਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਸ | 3.ੳ | 4. ਅ | 5. ੲ |
| 6. ਅ | 7. ਅ | 8. ੲ | 9. ਸ | 10. ੳ |
| 11. ਅ | 12. ਸ | 13. ੳ | 14. ੲ | 15. ਸ |

## ਅਭਿਆਸ ਪ੍ਰਸ਼ਨ

1. ਮੱਧਕਾਲੀ ਵਾਰਤ ਦਾ ਨਿਕਾਸ ਕਿਸ ਰਚਨਾ ਨਾਲ ਹੋਇਆ?
2. ਮੱਧਕਾਲੀ ਵਾਰਤਕ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦੱਸੋ।
3. ਸੋਢੀ ਮਿਹਰਬਾਨ ਨੇ ਕਿਹੜੀ ਜਨਮਸਾਖੀ ਦੀ ਰਚਨਾ ਕੀਤੀ?
4. ਭਾਈ ਬਾਲੇ ਵਾਲੀ ਸਾਖੀ ਬਾਰੇ ਚਰਚਾ ਕਰੋ?
5. ਪੁਰਾਤਨ ਜਨਮਸਾਖੀ ਦੀ ਰਚਨਾ ਕਦੋ ਦੀ ਹੋਈ ਮੰਨੀ ਜਾਂਦੀ ਹੈ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://docs.google.com/document/d/1bU0znNOPtAfK3jFE4LyvIyHjeGTEkua5Fzwvl0g0yD4/edit
- https://pa.wikipedia.org/wiki/%E0%A8%AE%E0%A9%B1%E0%A8%A7%E0%A8%95%E0%A8%BE%E0%A8%B2%E0%A9%80%E0%A8%A8_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B5%E0%A8%BE%E0%A8%B0%E0%A8%A4%E0%A8%95

**Dr.** *Satwant Singh*, **Lovely Professional University**

# ਅਧਿਆਇ-11 : ਮੁੱਢਲੀ ਪੰਜਾਬੀ ਵਾਰਤਕ 1

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਜਨਮਸਾਖੀ ਦਾ ਸਰੂਪ ਤੇ ਲੱਛਣ
4. ਪਰਮਾਰਥ ਦਾ ਸਰੂਪ ਤੇ ਲੱਛਣ
5. ਗੋਸ਼ਟ ਦਾ ਸਰੂਪ ਤੇ ਲੱਛਣ
6. ਬਚਨ ਦਾ ਸਰੂਪ ਤੇ ਲੱਛਣ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਮੱਧਕਾਲੀ ਕਾਵਿ ਰੂਪਾਕਾਰਾਂ ਵਿਚੋਂ ਜਨਮਸਾਖੀ ਦੇ ਸਰੁਪ ਤੇ ਲੱਛਣਾਂ ਨੂੰ ਜਾਣ ਸਕਣਗੇ
- ਪਰਮਾਰਥ ਦਾ ਸਰੂਪ ਤੇ ਲੱਛਣਾਂ ਨੂੰ ਜਾਣ ਸਕਣਗੇ
- ਗੋਸ਼ਟ ਦਾ ਸਰੂਪ ਤੇ ਲੱਛਣਾਂ ਨੂੰ ਜਾਣ ਸਕਣਗੇ
- ਬਚਨ ਦਾ ਸਰੂਪ ਤੇ ਲੱਛਣਾਂ ਨੂੰ ਜਾਣ ਸਕਣਗੇ

## ਭੂਮਿਕਾ

'ਮੱਧਕਾਲੀ ਪੰਜਾਬੀ ਵਾਰਤਕ' ਦਾ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਬਹੁਤ ਮਹੱਤਵ ਹੈ। ਜੇ ਵਾਰਤਕ ਨੂੰ ਦੇਖਿਆ ਜਾਏ ਤਾਂ ਕਵਿਤਾ ਤੇ ਵਾਰਤਕ ਸਾਹਿਤ ਦੇ ਦੋ ਮੁੱਖ ਰੂਪ ਹਨ ਜਿੱਥੇ ਕਵਿਤਾ ਲਈ ਛੰਦ ਤੇ ਤੁਕਾਂਤ ਆਵੱਸ਼ਕ ਹਨ; ਉੱਥੇ ਵਾਰਤਕ ਲਈ ਲੈਅ, ਤਾਲ ਤੇ ਵਾਕ-ਰਚਨਾ ਜ਼ਰੂਰੀ ਅੰਸ਼ ਹਨ। ਜਦੋਂ ਸਾਹਿਤਕਾਰ ਆਪਣੇ ਵਿਚਾਰ ਭਰੇ ਅਨੁਭਵ ਨੂੰ ਕਲਾਤਮਕ ਰੂਪ ਦੇ ਕੇ ਇੱਕ ਐਸੀ ਸ਼ਾਬਦਿਕ ਰਚਨਾ ਸਿਰਜਦਾ ਹੈ ਜੋ ਵਾਕ ਬਣਤਰ ਵਿੱਚ ਨਿਤਾਪ੍ਰਤੀ ਦੀ ਬੋਲਚਾਲ ਵਰਗੀ ਪਰੰਤੂ ਭਾਸ਼ਾ ਦੇ ਪੱਖੋਂ ਵਧੇਰੇ ਨਿੱਖਰੀ, ਮੰਤਵੀ ਹੋਈ ਤੇ ਵਿਆਕਰਨ ਦੇ ਨਿਯਮਾਂ ਅਨੁਕੂਲ ਹੁੰਦੀ ਹੈ, ਉਹ ਵਾਰਤਕ ਦਾ ਰੂਪ ਧਾਰ ਲੈਂਦੀ ਹੈ। ਇਸ ਵਿੱਚ ਵਾਰਤਕ-ਕਾਰ ਕਿਸੇ ਸਿਧਾਂਤ ਜਾਂ ਵਿਸ਼ੇ ਨੂੰ

ਸੋਚ-ਵਿਚਾਰ ਕੇ, ਬੁੱਧੀ ਦੀ ਕਸੌਟੀ ਤੇ ਪਰਖ ਕੇ, ਤਰਕ ਤੇ ਦਲੀਲ ਦੀ ਵਰਤੋਂ ਕਰ ਕੇ ਐਸਾ ਰੂਪ ਸਿਰਜਦਾ ਹੈ, ਜੋ ਵਾਕਾਂ ਤੇ ਪੈਰਿਆਂ ਵਿੱਚ ਵੰਡਿਆ ਹੁੰਦਾ ਹੈ

ਪੁਰਾਤਨ ਗੱਦ ਦੇ ਵਿਕਾਸ ਨਾਲ ਹੀ ਅਸੀਂ ਪੰਜਾਬੀ ਗੱਦ ਦੇ ਸੋਨ-ਸੁਨਹਿਰੀ ਕਾਲ ਵਿੱਚ ਪ੍ਰਵੇਸ਼ ਕਰਦੇ ਹਾਂ। ਇਹ ਅਠਾਰ੍ਹਵੀ-ਸਦੀਂ ਦਾ ਵਾਰਤਕ ਹੈ। ਮੱਧਕਾਲ ਦੀ ਵਾਰਤਕ ਵਿੱਚ ਰਾਜਸੀ, ਰੋਮਾਂਟਿਕ ਤੇ ਅਧਿਆਤਮਿਕ ਵਿਸ਼ੇ ਛੂਹੇ ਗਏ। ਜੀਵਨੀਆਂ ਤੇ ਜਨਮ-ਸਾਖੀਆਂ ਦੀਆਂ ਕਈ ਪ੍ਰਤੀਆਂ ਲਿਖੀਆਂ ਗਈਆਂ। ਹਿੰਦੂ ਤੇ ਮੁਸਲਮਾਨੀ ਧਾਰਮਿਕ ਸਾਹਿਤ ਦੀ ਵੀ ਕਾਫ਼ੀ ਰਚਨਾ ਹੋਈ। ਭਗਵਤ ਪੁਰਾਣ, ਭਗਵਤ ਗੀਤਾ, ਉਪਨਿਸ਼ਦਾਂ, ਵਿਸ਼ਨੂੰ ਪੁਰਾਣ ਆਦਿ ਦੇ ਉੱਲੇਖ ਕੀਤੇ ਗਏ ਤੇ ਲੋਕ-ਕਹਾਣੀਆਂ ਰਚੀਆਂ ਗਈਆਂ। ਹਜ਼ਰਤ ਮੁਹੰਮਦ ਸਾਹਿਬ ਤੇ ਭਗਤ ਰਵਿਦਾਸ ਦੀਆਂ ਜੀਵਨੀਆਂ ਰਚੀਆਂ ਗਈਆਂ, ਭਾਈ ਮਨੀ ਸਿੰਘ ਨੇ 'ਗਿਆਨ ਰਤਨਾਵਲੀ' ਤੇ ਸਿੱਖਾਂ ਦੀ ਭਗਤ ਮਾਲਾ ਲਿਖੀਆਂ ਗਈਆਂ ਹਨ। ਮੱਧਕਾਲੀਨ ਵਾਰਤਕ ਦੀਆਂ ਮੁੱਖ ਰੂਪ ਵਿੱਚ ਸਾਖੀਆਂ ਜਾਂ ਜਨਮ-ਸਾਖੀਆਂ, ਗੋਸ਼ਟਾਂ, ਬਚਨ, ਟੀਕੇ ਜਾਂ ਨਾਮਾ ਆਦਿ, ਫੁਟਕਲ ਜਿਹਨਾਂ ਵਿੱਚ ਭਿੰਨ-ਭਿੰਨ ਵਿਸ਼ਿਆਂ ਉੱਤੇ ਬਹੁਤ ਕੁੱਝ ਲਿਖਿਆ ਮਿਲਦਾ ਹੈ ਅਤੇ ਅਨੁਵਾਦ ਪ੍ਰਸਿੱਧ ਵੰਨਗੀਆਂ ਤੇ ਰੂਪ ਹਨ।

ਡਾ. ਤਰਲੋਕ ਸਿੰਘ ਬੇਦੀ ਤੇਰ੍ਹਵੀਂ ਸਦੀ ਵਿਚ ਲਿਖੀ ਰਚਨਾ 'ਇਕਾਦਸ਼ੀ ਮਹਾਤਮ' ਨੂੰ ਪੰਜਾਬੀ ਵਾਰਤਕ ਦੀ ਸਭ ਤੋਂ ਪਹਿਲੀ ਰਚਨਾ ਮੰਨਦੇ ਹਨ, ਪਰੰਤ¨ ਵਧੇਰੇ ਵਿਦਵਾਨ ਇਸ ਮਤ ਨਾਲ ਸਹਿਮਤ ਨਹੀਂ ਹਨ। ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਵਿਦਵਾਨਾਂ ਦੀ ਬਹੁਗਿਣਤੀ ਪੁਰਾਤਨ ਜਨਮ ਸਾਖੀ ਨੂੰ ਸਭ ਤੋਂ ਪਹਿਲੀ ਪੰਜਾਬੀ ਵਾਰਤਕ ਰਚਨਾ ਸਵੀਕਾਰ ਕਰਦੀ ਹੈ। ਇਹ ਰਚਨਾ ਸੋਲਵੀਂ ਸਦੀ ਵਿਚ ਲਿਖੀ ਗਈ, ਜਿਸ ਕਾਰਨ ਪੰਜਾਬੀ ਵਾਰਤਕ ਦਾ ਆਰੰਭ ਵੀ ਸੋਲਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਸੋਲਵੀਂ ਤੋਂ ਅਠਾਰ੍ਹਵੀਂ ਸਦੀ ਤੱਕ ਉਪਲਬਧ ਮੱਧਕਾਲੀ ਪੰਜਾਬੀ ਵਾਰਤਕ ਸਾਹਿਤ ਦੀਆਂ ਕੁੱਝ ਪ੍ਰਮੁੱਖ ਵੰਨਗੀਆਂ ਹਨ- ਸਾਖੀਆਂ, ਜਨਮ-ਸਾਖੀਆਂ, ਗੋਸਿਟ, ਟੀਕੇ ਜਾਂ ਪਰਮਾਰਥ, ਬਚਨ, ਹੁਕਮਨਾਮੇ, ਰਹਿਤਨਾਮੇ, ਅਨੁਵਾਦ ਆਦਿ। ਇਸ ਦੌਰ ਦੀ ਵਾਰਤਕ ਬੋਲਚਾਲ ਦੀ ਭਾਸ਼ਾ ਦੇ ਵਧੇਰੇ ਨੇੜੇ ਹੈ। ਇਸਦੀ ਸ਼ਬਦਾਵਲੀ ਉਸ ਸਮੇਂ ਦੀ ਲੋਕ ਭਾਸ਼ਾ ਵਿਚੋਂ ਲਈ ਗਈ ਹੈ। ਵਿਆਕਰਨਕ ਬਣਤਰ ਅਤੇ ਵਾਕ ਰਚਨਾ ਦੇ ਪ੍ਰਸੰਗ ਇਸ 'ਤੇ ਫ਼ਾਰਸੀ ਤੇ ਬ੍ਰਿਜ ਭਾਸ਼ਾਵਾਂ ਦਾ ਪ੍ਰਭਾਵ ਹੈ। ਮੱਧਕਾਲੀ ਪੰਜਾਬੀ ਵਾਰਤਕ ਦੇ ਕੁੱਝ ਸਾਹਿਤਕ ਰੂਪਾਕਾਰਾਂ ਦਾ ਵੇਰਵਾ ਹੇਠਾਂ ਦਰਜ ਕੀਤਾ ਗਿਆ ਹੈ:

## ਜਨਮ-ਸਾਖੀ ਸਰੂਪ ਅਤੇ ਲੱਛਣ:

'ਜਨਮਸਾਖੀ' ਜਨਮ ਅਤੇ ਸਾਖੀ ਦਾ ਸੰਯੁਕਤ ਸ਼ਬਦ ਹੈ। 'ਸਾਖੀ' ਸ਼ਬਦ ਸੰਸਕ੍ਰਿਤ ਦੇ 'ਸਾਕ੍ਸ਼ੀ' ਦਾ ਰੂਪਾਂਤਰ ਹੈ ਅਤੇ ਆਚਾਰਯ ਪਰਸ਼ੁਰਾਮ ਚਤੁਰਵੇਦੀ (ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 178) ਅਨੁਸਾਰ ਇਸ ਦਾ ਮੂਲ ਅਰਥ ਹੈ ਉਹ ਪੁਰਸ਼ ਜਿਸ ਨੇ ਕਿਸੇ ਵਸਤੂ ਜਾਂ ਘਟਨਾ ਨੂੰ ਆਪਣੀ ਅੱਖੀਂ ਵੇਖਿਆ ਹੋਵੇ। ਅਜਿਹੇ ਸਾਖਿਆਤ ਅਨੁਭਵ ਰਾਹੀਂ ਹੀ ਕਿਸੇ ਗੱਲ ਦਾ ਯਥਾਰਥ ਗਿਆਨ ਹੋਣਾ ਸੰਭਵ ਹੈ। 'ਕਬੀਰ-ਬੀਜਕ' ਦੀ ਮਹਾਤਮਾ ਪੂਰਨ ਸਾਹਿਬ ਕ੍ਰਿਤ 'ਗੁਰਮੁਖ ਟੀਕਾ ' ਦੇ ਆਧਾਰ'ਤੇ 'ਸਾਖੀ' ਦਾ ਅਰਥ 'ਪ੍ਰਤੱਖ ਗਿਆਨ' ਸਿੱਧ ਹੁੰਦਾ ਹੈ। ਇਹ ਪ੍ਰਤੱਖ ਗਿਆਨ ਗੁਰੂ ਸਿੱਖ ਨੂੰ ਦਿੰਦਾ ਹੈ। **ਡਾ. ਹਜ਼ਾਰੀ ਪ੍ਰਸਾਦ ਦਿਵੇਦੀ** ਨੇ ਇਸ ਸ਼ਬਦ ਦੀ ਵਰਤੋਂ ਬੋਧ ਸਿੱਧਾਂ ਅਤੇ ਨਾਥਾਂ ਦੇ ਸਾਹਿਤ ਵਿਚੋਂ ਲਭਣ ਦਾ ਯਤਨ ਕਰਦੇ ਹੋਇਆਂ ਇਸ ਨੂੰ ਗੁਰੂ ਦੇ ਬਚਨਾਂ ਲਈ ਪ੍ਰਯੁਕਤ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ।

**ਭਾਈ ਕਾਨ੍ਹ ਸਿੰਘ** ਨੇ ਗੁਰਬਾਣੀ ਦੀ ਇਕ ਤੁਕ (ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ) ਦੇ ਆਧਾਰ'ਤੇ ਇਸ ਦਾ ਅਰਥ 'ਇਤਿਹਾਸ ਅਥਵਾ ਕਥਾ , ਜੋ ਅੱਖੀਂ ਡਿੱਠੀ ਕਹੀ ਗਈ ਹੋਵੇ' ਕੀਤਾ ਹੈ। ਪਰ ਜੇ 'ਸਾਖੀ' ਸ਼ਬਦ ਦਾ ਅਰਥ ਇਸ ਦੇ ਪਰੰਪਰਾਗਤ ਪ੍ਰਯੋਗ ਦੇ ਸੰਦਰਭ ਵਿਚ ਕਰੀਏ ਤਾਂ ਉਕਤ ਤੁਕ ਵਿਚ ਇਹ ਗੁਰੂ ਦੇ ਬਚਨ (ਬੋਲ) ਲਈ ਹੀ ਵਰਤਿਆ ਗਿਆ ਸਿਧ ਹੁੰਦਾ ਹੈ।

'ਜਨਮਸਾਖੀ' ਦੇ ਪ੍ਰਕਰਣ ਵਿਚ ਕਥਾ ਜਾਂ ਵਾਰਤਾ ਲਈ ਇਸ ਸ਼ਬਦ ਦਾ ਪ੍ਰਯੋਗ ਇਸ ਦੀ ਲਾਕਸ਼ਣਿਕ ਵਿਸ਼ਿਸ਼ਟਤਾ ਦੇ ਫਲਸਰੂਪ ਹੋਇਆ ਪ੍ਰਤੀਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਅਨੇਕ ਅਵਸਰਾਂ'ਤੇ ਜਿਗਿਆਸੂਆਂ ਨੂੰ ਜੋ ਉਪਦੇਸ਼ ਰੂਪ ਵਿਚ ਬਚਨ ਜਾਂ ਸ਼ਬਦ ਕਹੇ ਸਨ , ਉਹੀ ਆਪਣੀਆਂ ਘਟਨਾ-ਪ੍ਰਧਾਨ ਵਾਰਤਕ ਉਥਾਨਿਕਾਵਾਂ ਸਹਿਤ ਸਾਖੀਆਂ ਦੇ ਰੂਪ ਵਿਚ ਪ੍ਰਚਲਿਤ ਹੋਏ ਹਨ। ਇਸ ਤਰ੍ਹਾਂ 'ਸਾਖੀ' ਸ਼ਬਦ ਘਟਨਾ ਪ੍ਰਧਾਨ ਉਥਾਨਿਕਾ ਜੁੜੇ 'ਗੁਰੂ-ਬਚਨ' ਦਾ ਪ੍ਰਯਾਯ ਬਣ ਗਿਆ ਅਤੇ ਸਹਿਜੇ ਸਹਿਜੇ ਇਹ ਕਥਾ ਜਾਂ ਵਾਰਤਾ ਲਈ ਵਰਤਿਆ ਜਾਣ ਲਗਿਆ। ਇਸ ਦਾ ਇਕ ਨਾਮਾਂਤਰ 'ਗੋਸਟਿ ' ਵੀ ਹੈ ਪਰ ਗੋਸਟਿ ਸ਼ਬਦ ਅਧਿਕਤਰ ਉਨ੍ਹਾਂ ਸਾਖੀਆਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਵਿਚ ਸੰਵਾਦਾਤਮਕ ਸ਼ੈਲੀ ਅਪਣਾਈ ਗਈ ਹੋਵੇ। ਸੰਸਕ੍ਰਿਤ ਭਾਸ਼ਾ ਦੇ

'ਪਰਿਚਯ' ਸ਼ਬਦ ਤੋਂ ਵਿਉਤਪੰਨ 'ਪਰਚੀ ' ਜਾਂ 'ਪਰਿਚਈ' ਸ਼ਬਦ ਵੀ 'ਸਾਖੀ' ਸ਼ਬਦ ਦਾ ਨਾਮਾਂਤਰ ਹੈ ਪਰ ਇਸ ਦਾ ਪ੍ਰਚਲਨ ਬਾਦ ਵਿਚ ਹੋਇਆ ਹੈ।

'ਜਨਮ' ਤੋਂ ਇਥੇ ਭਾਵ ਕੇਵਲ ਪੈਦਾਇਸ਼ ਨਹੀਂ , ਸਗੋਂ ਸਾਰਾ ਜੀਵਨ ਹੈ। ਇਸ ਤਰ੍ਹਾਂ ਸਥੂਲ ਰੂਪ ਵਿਚ 'ਜਨਮਸਾਖੀ' ਤੋਂ ਭਾਵ ਕਿਸੇ ਮਹਾਪੁਰਸ਼ ਦਾ ਅਧਿਆਤਮਿਕ ਜੀਵਨ-ਬ੍ਰਿੱਤਾਂਤ ਹੈ ਜਿਸ ਵਿਚ ਉਸ ਦੇ ਬਚਨ ਇਸ ਢੰਗ ਨਾਲ ਪਰੁਚੇ ਗਏ ਹੋਣ ਕਿ ਜਿਗਿਆਸੂਆਂ ਦੇ ਨਿੱਤ ਦੇ ਜੀਵਨ ਵਿਚ ਕਦੇ ਕਦੇ ਨੈਤਿਕ, ਅਧਿਆਤਮਿਕ ਅਤੇ ਵਿਵਹਾਰਿਕ ਸਮਸਿਆਵਾਂ ਦੇ ਪ੍ਰਸਤੁਤ ਹੋਣ'ਤੇ ਉਨ੍ਹਾਂ ਦੇ ਸਮਾਧਾਨ ਲਈ ਸੰਕੇਤਿਕ ਉਪਾ ਪ੍ਰਾਪਤ ਕੀਤੇ ਜਾ ਸਕਣ। ਪਰ ਚੂੰਕਿ ਇਸ ਸਾਹਿਤ-ਰੂਪ ਦਾ ਨਾਮਕਰਣ, ਆਰੰਭ ਅਤੇ ਵਿਕਾਸ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬ੍ਰਿੱਤਾਂਤ ਨਾਲ ਹੋਇਆ ਹੈ, ਇਸ ਲਈ ਆਮ ਕਰਕੇ 'ਜਨਮਸਾਖੀ' ਸ਼ਬਦ ਤੋਂ ਭਾਵ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਿਕ ਜੀਵਨ-ਬ੍ਰਿੱਤਾਂਤ ਹੈ, ਜਿਸ ਵਿਚ ਅਨੇਕ ਸਾਖੀਆਂ ਜਾਂ ਗੋਸ਼ਟਾਂ ਜੀਵਨ ਦੇ ਵਿਕਾਸ-ਕ੍ਰਮ ਵਿਚ ਸੰਕਲਿਤ ਹੋਣ। ਉਂਝ ਬਾਦ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਦੇ ਅਨੁਕਰਣ ਉਤੇ ਭਗਤ ਕਬੀਰ , ਭਗਤ ਰਵਿਦਾਸ, ਆਦਿ ਦੀਆਂ ਜਨਮਸਾਖੀਆਂ ਵੀ ਲਿਖੀਆਂ ਗਈਆਂ ਹਨ।

ਪੰਜਾਬੀ ਵਿਚ ਸਭ ਤੋਂ ਪ੍ਰਾਚੀਨ ਜਨਮ-ਸਾਖੀ ਜੋ ਉਪਲਬਧ ਹੈ। ਉਹ ਪੁਰਾਤਨ ਜਨਮ-ਸਾਖੀ ਹੈ ਜਿਹੜੀ 1553 ਈ ਦੇ ਨੇੜੇ ਤੇੜੇ ਕਿਸੇ ਸ਼ਰਧਾਵਾਨ ਸਿੱਖ ਨੇ ਲਿਖੀ। ਇਸ ਤੋਂ ਪਿੱਛੋਂ ਹੋਰ ਬਹੁਤ ਸਦੀਆਂ ਜਨਮ-ਸਾਖੀਆਂ ਲਿਖੀਆਂ ਗਈਆਂ ਜਿਨ੍ਹਾਂ ਵਿਚ ਮੇਹਤਰਨ ਵਾਲੀ ਜਨਮ-ਸਾਖੀ ਭਾਈ ਵਾਲਾਂ ਵਾਲੀ ਜਨਮ-ਸਾਖੀ ਹਿੰਦਾਲੀਏ ਵਾਲੀ ਜਨਮ-ਸਾਖੀ ਵਧਦੇ ਪ੍ਰਸਿੱਧ ਹੈ। ਪਤੀਆਂ ਦਾ ਸੰਗ੍ਰਹਿ ਵੀ ਜਨਮ-ਸਾਖੀ ਦਾ ਬਦਲਵਾਂ ਰੂਪ ਹੈ। ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਚਰਿੱਤਰ ਨਾਲ ਸੰਬੰਧਿਤ ਸਾਖੀਆਂ ਨੂੰ ਉੱਨ੍ਹੀਵੀਂ ਸਦੀ ਦੇ ਪੂਰਵ ਅੱਧ ਵਿਚ "ਮਾਲਵੇ ਦੇਸ ਦੀ ਰਟਨ ਸਾਖੀ ਜਾ ਸਾਖੀ ਪੋਥੀ` ਦੇ ਨਾਂ ਹੇਠ ਲਿਖਿਆ ਗਿਆ ਹੈ।

**ਲਿਖਣ-ਪ੍ਰੇਰਣਾ**: ਗੁਰੂ ਨਾਨਕ ਦੇਵ ਜੀ 15ਵੀਂ ਸਦੀ ਦੇ ਬੜੇ ਪ੍ਰਭਾਵਸ਼ਾਲੀ ਲੋਕ-ਨਾਇਕ ਸਨ। ਉਨ੍ਹਾਂ ਦੇ ਜਨਮ ਲੈਣ ਸਮੇਂ ਭਾਰਤੀ ਜਨਤਾ ਨਿਰਾਸ਼ਾ, ਭੈ , ਦਰਿਦ੍ਰਤਾ ਅਤੇ ਗੌਰਵ-ਹੀਨਤਾ ਦੇ ਹਨੇਰੇ ਵਿਚ ਆਪਣੇ ਰਾਹੋਂ ਖੁੰਝ ਚੁਕੀ ਸੀ। ਇਸਲਾਮੀ ਸੰਸਕ੍ਰਿਤੀ ਦੇ ਦ੍ਰਿੜ੍ਹ ਪ੍ਰਚਾਰ , ਕਠੋਰ ਰਾਜ-ਪ੍ਰਬੰਧ ਅਤੇ ਬਲ-ਪੂਰਵਕ ਧਰਮ ਪਰਿਵਰਤਨ ਦੀ ਰੁਚੀ ਨੇ ਭਾਰਤੀ ਸੰਸਕ੍ਰਿਤੀ ਨੂੰ ਝੰਝੋੜ ਦਿੱਤਾ। ਗੁਰੂ ਜੀ ਨੇ ਭਾਰਤੀ ਸੰਸਕ੍ਰਿਤੀ ਦੀ ਇਸ ਨਿਘਰਦੀ ਹੋਈ ਅਵਸਥਾ ਨੂੰ ਵੇਖਿਆ ਅਤੇ ਇਸ ਵਿਚਲੇ ਗਲੇ ਸੜੇ ਅਤੇ ਯੁਗ ਤੋਂ ਪਛੜ ਚੁਕੇ ਅੰਸ਼ਾਂ ਨੂੰ ਤਿਆਗ ਕੇ ਉਨ੍ਹਾਂ ਦੀ ਸਥਾਨ-ਪੂਰਤੀ ਦੂਜੀਆਂ ਸੰਸਕ੍ਰਿਤੀਆਂ ਦੇ ਨਿਰਮਾਣਕਾਰੀਆਂ ਤੱਤ੍ਵਾਂ ਅਤੇ ਆਪਣੇ ਮੌਲਿਕ ਵਿਚਾਰਾਂ ਨਾਲ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਲੋੜ ਅਨੁਸਾਰ ਮਨੁੱਖਤਾ ਦੇ ਕਲਿਆਣ ਲਈ ਇਕ ਨਵਾਂ ਸੰਦੇਸ਼ ਦਿੱਤਾ ਜੋ ਸਾਧਾਰਣ ਜਨਤਾ ਦੀ ਮਾਨਸਿਕ ਪੱਧਰ ਦੇ ਅਨੁਕੂਲ ਸੀ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਬੜੀ ਅਨੋਖੀ, ਅਦੁੱਤੀ ਅਤੇ ਆਕਰਸ਼ਕ ਸੀ। ਉਨ੍ਹਾਂ ਦੀ ਸਾਧਨਾ ਵਿਚ ਅਪਾਰ ਸ਼ਕਤੀ ਸੀ। ਸੰਸਕ੍ਰਿਤਿਕ ਸੰਕਟ ਦੇ ਉਮਡੇ ਹੋਏ ਭਿਆਨਕ ਹੜ੍ਹ ਨੂੰ ਉਨ੍ਹਾਂ ਨੇ ਆਪਣੀ ਬਾਂਹ ਉਲਾਰ ਕੇ ਰੋਕ ਦਿੱਤਾ। ਸਾਰੇ ਦੇਸ਼ ਵਾਸੀਆਂ ਦੇ ਸੋਚਣ ਦਾ ਢੰਗ ਬਦਲ ਦਿੱਤਾ। ਉਨ੍ਹਾਂ ਦੇ ਤੇਜਸਵੀ ਵਿਅਕਤਿਤਵ ਦਾ ਪ੍ਰਭਾਵ ਉਸ ਯੁਗ ਦੇ ਸਾਹਿਤ, ਸਮਾਜ ਅਤੇ ਇਤਿਹਾਸ ਉਤੇ ਅਮਿਟ ਪਿਆ। ਸ਼ੁਰੂ ਵਿਚ ਉਨ੍ਹਾਂ ਨੂੰ ਭਾਵੇਂ ਸਾਧਾਰਣ ਵਿਅਕਤੀ ਸਮਝਿਆ ਜਾਂਦਾ ਰਿਹਾ ਹੋਵੇ, ਪਰ ਸਮਾਂ ਆਇਆ ਜਦੋਂ ਉਹ ਪੁਰਸ਼ ਤੋਂ ਪੁਰਸ਼ੋਤਮ ਦਿਸਣ ਲਗੇ। ਉਨ੍ਹਾਂ ਦੀ ਨਾਮ-ਖੁਮਾਰੀ ਨੇ ਮੁਗ਼ਲ ਬਾਦਸ਼ਾਹ ਬਾਬਰ ਵਰਗਿਆਂ ਨੂੰ ਹਲੂਣ ਦਿੱਤਾ। ਉਸ ਸਮੇਂ ਦੀ ਜਨਤਾ ਗੁਰੂ ਜੀ ਦੀ ਸ਼ਖ਼ਸੀਅਤ ਵਿਚ ਆਪਣੇ ਦੁੱਖਾਂ ਦਾ ਅੰਤ ਵੇਖਣ ਲਗੀ। ਅਜਿਹੀਆਂ ਭਾਵਨਾਵਾਂ ਉਸ ਵੇਲੇ ਦੇ ਸਮਾਜ ਵਿਚ ਸਮਾ ਗਈਆਂ। ਗੁਰੂਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਸ਼ਰਧਾਲੂਆਂ ਦੇ ਮਨਾ ਵਿਚ ਗੁਰੂ-ਉਪਕਾਰਾਂ ਦੀਆਂ ਯਾਦਾਂ ਨੂੰ ਸੰਭਾਲਣ ਦੀ ਰੀਝ ਪੈਦਾ ਹੋਈ ਅਤੇ ਉਹੀ ਰੀਝ ਜਨਮਸਾਖੀਆਂ ਦਾ ਜਾਮਾ ਪਾ ਕੇ ਸਾਡੇ ਸਾਹਮਣੇ ਆਈ।

ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਇਕ ਨਹੀਂ, ਅਨੇਕ ਹਨ ਅਤੇ ਇਨ੍ਹਾਂ ਵਿਚੋਂ ਪ੍ਰਮੁਖਤਾ ਚਾਰ ਦੀ ਹੈ— (1) ਪੁਰਾਤਨ ਜਨਮਸਾਖੀ , (2) ਮਿਹਰਬਾਨ ਵਾਲੀ ਜਨਮਸਾਖੀ , (3) ਬਾਲੇ ਵਾਲੀ ਜਨਮਸਾਖੀ ਅਤੇ (4) ਮਨੀ ਸਿੰਘ ਵਾਲੀ ਜਨਮਸਾਖੀ। (ਇਨ੍ਹਾਂ ਬਾਰੇ ਵੇਖੋ ਸੁਤੰਤਰ ਇੰਦਰਾਜ)। ਇਨ੍ਹਾਂ ਸਾਰਿਆਂ ਦਾ ਵਿਵਰਣ ਪਰਸਪਰ ਭਿੰਨ ਹੈ। ਇਨ੍ਹਾਂ ਵਿਚ ਅਧਿਆਤਮਿਕਤਾ ਤੋਂ ਛੁਟ ਜੀਵਨ ਦੇ ਹੋਰਨਾਂ ਪੱਖਾਂ ਦੇ ਚਿਤ੍ਰਣ ਦੀ ਲਗਭਗ ਅਣਹੋਂਦ ਹੈ। ਪੰਜਾਬੀ ਸਧੁੱਕੜੀ ਵਾਰਤਕ ਪ੍ਰਧਾਨ ਇਨ੍ਹਾਂ ਜਨਮਸਾਖੀਆਂ ਦੇ ਲਿਖਣ ਲਈ ਕੇਵਲ ਗੁਰਮੁਖੀ ਲਿਪੀ ਦੀ ਹੀ ਵਰਤੋਂ ਕੀਤੀ ਗਈ।

ਅਨੁਮਾਨ ਹੈ ਕਿ ਜਨਮਸਾਖੀ ਆਪਣੇ ਮੂਲ ਰੂਪ ਵਿਚ ਬੜੀ ਸੰਖਿਪਤ ਰਹੀ ਹੋਵੇਗੀ ਅਤੇ ਸਭ ਤੋਂ ਪਹਿਲਾਂ ਇਸ ਵਿਚ 20 ਜਾਂ 30 ਸਾਖੀਆਂ ਹੋਣਗੀਆਂ, ਪਰ ਬਾਦ ਵਿਚ ਇਸ ਦਾ ਆਕਾਰ ਵਧਦਾ ਗਿਆ, ਜਿਸ ਦੇ ਮੁੱਖ ਤੌਰ 'ਤੇ ਤਿੰਨ ਕਾਰਣ ਹੋ ਸਕਦੇ ਹਨ— ਇਕ ਇਹ ਕਿ ਗੁਰੂ ਜੀ ਸੰਬੰਧੀ ਲੋਕਾਂ ਤੋਂ ਭੁਲੀਆਂ ਵਿਸਰੀਆਂ ਯਾਦਾਂ ਪ੍ਰਾਪਤ ਹੁੰਦੀਆਂ ਗਈਆਂ। ਦੂਜੇ ਕੁਝ ਸਾਖੀਆਂ ਅਨੁਮਾਨ ਦੇ ਆਧਾਰ 'ਤੇ

ਘੜੀਆਂ ਜਾਣ ਲਗ ਪਈਆਂ ਅਤੇ, ਤੀਜੇ ਕੁਝ ਸਾਖੀਆਂ ਹੋਰਨਾਂ ਮਤ-ਮਤਾਂਤਰਾਂ ਦੇ ਪ੍ਰਵਰਤਕਾਂ ਦੇ ਨਾਂ ਨਾਲ ਪ੍ਰਸਿੱਧ ਕਥਾਵਾਂ ਦੇ ਅਨੁਰੂਪ ਘੜ ਲਈਆ ਗਈਆਂ। ਇੰਜ ਇਨ੍ਹਾਂ ਦੀ ਗਿਣਤੀ ਵਧਦੀ ਵਧਦੀ 575 ਤਕ ਪਹੁੰਚ ਗਈ।

**ਇਤਿਹਾਸਿਕਤਾ**: ਇਨ੍ਹਾਂ ਜਨਮਸਾਖੀਆਂ ਵਿਚ ਜੀਵਨ ਦੀ ਲਿਖਣ-ਵਿਧੀ ਵਿਗਿਆਨਿਕ ਨਹੀਂ, ਪੌਰਾਣਿਕ ਜਾਂ ਮਿਥਿਕ ਹੈ। ਫਲਸਰੂਪ ਬਹੁਤ ਸਾਰੀਆਂ ਕਰਾਮਾਤਾਂ ਅਤੇ ਚਮਤਕਾਰ ਪ੍ਰਧਾਨ ਘਟਨਾਵਾਂ ਦਾ ਸਮਾਵੇਸ਼ ਗੁਰੂ ਨਾਨਕ ਦੇਵ ਜੀ ਦੇ ਜੀਵਨ-ਵ੍ਰਿੱਤ ਵਿਚ ਕਰ ਦਿੱਤਾ ਗਿਆ ਹੈ। ਜਨਮਸਾਖੀਆਂ ਦੀ ਵਿਸਤਾਰਪੂਰਣ ਸਾਮਗ੍ਰੀ ਨੂੰ ਵੇਖ ਕੇ ਇਕ ਸੁਭਾਵਿਕ ਪ੍ਰਸ਼ਨ ਉਠਦਾ ਹੈ ਕਿ ਜਨਮਸਾਖੀਆਂ ਨੂੰ ਲਿਖਣ ਵੇਲੇ ਸਾਖੀਕਾਰ ਕਿਨ੍ਹਾਂ ਕਿਨ੍ਹਾਂ ਸਰੋਤਾਂ ਤੋਂ ਸਾਮਗ੍ਰੀ ਲੈਂਦੇ ਹਨ ? ਗੁਰੂ ਨਾਨਕ ਦੇਵ ਜੀ ਦੇ ਆਗਮਨ ਕਾਲ ਤਕ ਬੁੱਧ ਦੇਵ ਦੀਆਂ ਜਾਤਕ ਕਥਾਵਾਂ ਅਤੇ ਅਵਦਾਨ ਆਖਿਆਨ ਜਨ-ਜੀਵਨ ਵਿਚ ਪ੍ਰਵੇਸ਼ ਪ੍ਰਾਪਤ ਕਰ ਚੁਕੇ ਸਨ, ਦੇਵੀ ਦੇਵਤਿਆਂ ਸੰਬੰਧੀ ਪੌਰਾਣਿਕ ਕਥਾ-ਪ੍ਰਸੰਗ ਅਨੁਯਾਈਆਂ ਦੀ ਸ਼ਰਧਾ ਦੇ ਅੰਗ ਬਣ ਚੁਕੇ ਸਨ, ਸਿੱਧਾਂ ਅਤੇ ਯੋਗੀਆਂ ਦੀਆਂ ਅਨੇਕ ਪ੍ਰਕਾਰ ਦੀਆਂ ਰਿੱਧੀਆਂ-ਸਿੱਧੀਆਂ ਦੀ ਚਕਾਚੌਂਧ ਤੋਂ ਜਨਤਾ ਪ੍ਰਭਾਵਿਤ ਹੋ ਚੁਕੀ ਸੀ ਅਤੇ ਪੁਰਾਣਾਂ ਦੀਆਂ ਕਲਪਨਾ-ਪ੍ਰਸੂਤ ਵਿਚਿਤ੍ਰ ਕਥਾਵਾਂ ਜਨ-ਮਨ ਵਿਚ ਆਪਣਾ ਸਥਾਨ ਬਣਾ ਚੁਕੀਆਂ ਸਨ।

ਇਹ ਇਕ ਸਚ ਹੈ ਕਿ ਮਨੁੱਖਤਾ ਦੇ ਕਲਿਆਣ ਲਈ ਕੀਤੇ ਕੰਮਾਂ ਨਾਲ, ਲੋਕਾਂ ਦੇ ਮਨ ਵਿਚ ਲੋਕ-ਨਾਇਕਾਂ ਦੇ ਰੂਪ ਵਿਚ ਪ੍ਰਗਟ ਹੋਏ ਸੰਤਾਂ, ਪੀਰਾਂ, ਫ਼ਕੀਰਾਂ, ਮਹਾਪੁਰਖਾਂ ਜਾਂ ਨੇਕ ਚਲਨ ਵਾਲੇ ਰਾਜਿਆਂ ਮਹਾਰਾਜਿਆਂ ਪ੍ਰਤਿ ਇਕ ਖ਼ਾਸ ਸ਼ਰਧਾਲੂ ਬਿਰਤੀ ਵਿਕਸਿਤ ਹੋ ਜਾਂਦੀ ਹੈ। ਇਹੀ ਬਿਰਤੀ ਸਾਹਿਤਿਕ ਰੁਚੀਆਂ ਵਾਲਿਆਂ ਵਿਅਕਤੀਆਂ ਦੁਆਰਾ ਲਿਖਿਤਾਂ ਦਾ ਰੂਪ ਧਾਰਣ ਕਰਦੀ ਹੈ। ਇਹ ਮਨੁੱਖ ਮਨ ਦੀ ਸਾਮਾਨਯ ਪ੍ਰਵ੍ਰਿੱਤੀ ਹੈ, ਇਸ ਲਈ ਇਹ ਹਰ ਦੇਸ਼ ਦੇ ਪਰੋਪਕਾਰੀ ਸਾਧਕਾਂ ਪ੍ਰਤਿ ਉਪਲਬਧ ਹੈ। ਇਸ ਪ੍ਰਕਾਰ ਦੀਆਂ ਰਚਨਾਵਾਂ ਵਿਚ ਚੂੰਕਿ ਮਿਥ ਅਥਵਾ ਸ਼ਰਧਾ ਦੀ ਪ੍ਰਧਾਨਤਾ ਹੁੰਦੀ ਹੈ, ਇਸ ਲਈ ਨ ਤਾਂ ਇਨ੍ਹਾਂ ਨੂੰ ਸ਼ੁੱਧ ਇਤਿਹਾਸ ਦੀ ਸੀਮਾ ਵਿਚ ਰਖਿਆ ਜਾ ਸਕਦਾ ਹੈ ਅਤੇ ਨ ਹੀ ਇਹ ਜੀਵਨੀ ਸਾਹਿਤ-ਰੂਪ ਦੇ ਤੱਤ੍ਵਾਂ ਉਤੇ ਪੂਰੀਆਂ ਉਤਰਦੀਆਂ ਹਨ। ਪੱਛਮੀ ਵਿਦਵਾਨਾਂ ਨੇ ਇਸ ਨੂੰ ਜੀਵਨੀ ਨਾਲੋਂ ਨਿਖੇੜਨ ਲਈ ਹੈ ਗਿਓ-ਗ੍ਰੈਫਿਕ ਲਿਟਰੇਚਰ (Hagio- graphic Literature) ਨਾਂ ਦਿੱਤਾ ਹੈ। ਪੰਜਾਬੀ ਵਿਚ ਇਸ ਨੂੰ ਰੂਪਾਂਤਰਿਤ ਕਰਨ ਲਈ ਭਾਵੇਂ ਕੋਈ ਢੁਕਵਾਂ ਸ਼ਬਦ ਵਰਤਿਆ ਨਹੀਂ ਜਾਂਦਾ, ਪਰ ਜਨਮਸਾਖੀ, ਸਾਖੀ, ਪਰਚੀ, ਮਸਲਾ , ਆਦਿ ਸ਼ਬਦ ਭਾਵ--ਪ੍ਰਕਾਸ਼ਨ ਲਈ ਪ੍ਰਯੁਕਤ ਹੁੰਦੇ ਰਹੇ ਹਨ।

**ਕਰਾਮਾਤ ਦੀ ਰੂੜ੍ਹੀ**: ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਕੁਝ ਸਦੀਆਂ ਪਹਿਲਾਂ ਭਾਰਤ ਵਿਚ ਇਸਲਾਮ ਦਾ ਪ੍ਰਵੇਸ਼ ਹੋਇਆ ਸੀ। ਇਸਲਾਮ ਵਿਚ ਕਰਾਮਾਤਾਂ ਪ੍ਰਤਿ ਵਿਸ਼ੇਸ਼ ਆਸਥਾ ਪ੍ਰਗਟ ਕੀਤੀ ਜਾਂਦੀ ਹੈ। ਕੁਰਾਨ (ਸੂਰਾ ਮਰੀਅਮ) ਵਿਚ ਹਜ਼ਰਤ ਈਸਾ ਦੇ ਚਮਤਕਾਰਾਂ ਦਾ ਵਿਵਰਣ ਉਪਲਬਧ ਹੈ। ਵਾਸਤਵ ਵਿਚ, ਮੁਸਲਮਾਨਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕਿਸੇ ਵਿਅਕਤੀ ਦਾ ਨੱਬੀ ਜਾਂ ਔਲੀਆ ਹੋਣ ਦਾ ਇਕ ਪ੍ਰਮਾਣ ਚਮਤਕਾਰ ਪ੍ਰਦਰਸ਼ਨ ਹੈ। ਮੁਸਲਮਾਨ ਸਾਧਕਾਂ ਅਤੇ ਸੂਫ਼ੀ ਫ਼ਕੀਰਾਂ ਦੇ ਤਜ਼ਕਰੇ (ਜਿਨ੍ਹਾਂ ਰਚਨਾਵਾਂ ਵਿਚ ਕਿਸੇ ਸੂਫ਼ੀ ਬਾਰੇ ਜ਼ਿਕਰ ਕੀਤਾ ਗਿਆ ਹੋਵੇ), 'ਮਲਫ਼ੂਜ਼ਾਤ' (ਇਹ ਮਲਫ਼ੂਜ਼ ਦਾ ਬਹੁਵਚਨ ਹੈ ਅਤੇ ਅਰਥ ਹੈ ਸ਼ਬਦਾਂ ਦੁਆਰਾ ਅਭਿਵਿਅਕਤ , ਮੁੱਖ ਤੋਂ ਬੋਲਿਆ ਹੋਇਆ। ਆਮ ਤੌਰ'ਤੇ ਇਹ ਸ਼ਬਦ ਸੂਫ਼ੀ ਸਾਧਕਾਂ ਦੇ ਬਚਨਾਂ ਦੇ ਸੰਕਲਨਾਂ ਲਈ ਵਰਤਿਆ ਜਾਂਦਾ ਹੈ) ਜਾਂ 'ਅਕਵਾਲ' ਚਮਤਕਾਰਪੂਰਣ ਘਟਨਾਵਾਂ ਨਾਲ ਭਰੇ ਪਏ ਹਨ। ਦਾਤਾਗੰਜ ਬਖ਼ਸ਼ ਹੁਜਵੀਰੀ (1009-1072 ਈ.) ਕ੍ਰਿਤ 'ਕਸ਼ਫ਼ੁਲ-ਮਹਿਜੂਬ' ਵਿਚ ਸੁੱਤੇ ਹੋਏ ਅਬਦੁੱਲਾ ਨਾਂ ਦੇ ਵਲੀ ਨੂੰ ਇਕ ਸੱਪ ਦੁਆਰਾ ਝਾੜ ਲੈ ਕੇ ਪੱਖਾ ਝਲਣ ਦਾ ਪ੍ਰਸੰਗ ਦਰਜ ਹੈ। ਫ਼ਰੀਦ-ਉਦ- ਦੀਨ ਅੱਤਾਰ (1119-1230 ਈ.) ਰਚਿਤ 'ਤਜ਼ਕਰਾ- ਤੁਲ-ਔਲੀਆ' ਵਿਚ ਰਾਬੀਆ ਨਾਂ ਦੀ ਸਾਧਿਕਾ ਕੋਲ ਜੰਗਲ ਵਿਚ ਖ਼ੁਦ ਮੱਕੇ ਦੇ ਚਲ ਕੇ ਆਉਣ ਦਾ ਉੱਲੇਖ ਹੈ। ਮੁਸਲਮਾਨ ਦਰਵੇਸ਼ਾਂ ਨਾਲ ਸੰਬੰਧਿਤ ਇਸ ਪ੍ਰਕਾਰ ਦੀਆਂ ਅਨੇਕਾਂ ਕਥਾਵਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਲੋਕ-ਪ੍ਰਿਯ ਹੋ ਚੁਕੀਆਂ ਸਨ। ਸਿੱਟੇ ਵਜੋਂ ਜਨਮਸਾਖੀ-ਕਾਰਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਹੋਰਨਾਂ ਧਰਮ-ਆਗੂਆਂ ਦੀ ਤੁਲਨਾ ਵਿਚ ਮਹਾਨ ਅਤੇ ਸ੍ਰੇਸ਼ਠ ਸਿੱਧ ਕਰਨ ਲਈ ਉਪਰੋਕਤ ਸਾਰੀਆਂ ਲੋਕ-ਕਥਾਵਾਂ, ਦੰਦ-ਕਥਾਵਾਂ ਅਤੇ ਆਖਿਆਨਾਂ ਤੋਂ ਲਾਭ ਉਠਾਇਆ ਹੋਵੇ, ਤਾਂ ਅਸਚਰਜ ਦੀ ਕੋਈ ਗੱਲ ਨਹੀਂ।

ਅਸਲੋਂ, ਜਨਮਸਾਖੀ ਸਾਹਿਤ ਪ੍ਰਚਾਰਾਤਮਕ ਸਾਹਿਤ ਹੈ ਅਤੇ ਇਸ ਦਾ ਮੁੱਖ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਅਤੇ ਸ੍ਰੇਸ਼ਠਤਾ ਸਿਧ ਕਰਨ ਲਈ ਉਹ ਸਭ ਕੁਝ ਉਨ੍ਹਾਂ ਦੇ ਨਾਂ ਨਾਲ ਜੋੜ ਦੇਣਾ ਹੈ, ਜੋ ਹੋਰਨਾਂ ਮਹਾਪੁਰਸ਼ਾਂ ਦੀ ਵਡਿਆਈ ਦਾ ਆਧਾਰ ਰਿਹਾ ਹੋਵੇ।

**ਮਿਥਿੱਕ ਪ੍ਰਸੰਗ:** ਧਾਰਮਿਕ ਸਾਧਕਾਂ ਸੰਬੰਧੀ ਲੋਕਾਂ ਵਿਚ ਪ੍ਰਚਲਿਤ ਕਥਾਨਕ ਰੂੜ੍ਹੀਆਂ ਅਤੇ ਅੰਧ ਵਿਸ਼ਵਾਸਾਂ ਨੂੰ ਵੀ ਇਨ੍ਹਾਂ ਸਾਖੀਆਂ ਵਿਚ ਸਮੋਇਆ ਗਿਆ ਹੈ ਅਤੇ ਨਵੀਆਂ ਨਵੀਆਂ ਸਾਖੀਆਂ ਘੜੀਆਂ ਵੀ ਗਈਆਂ ਹਨ। ਜਿਵੇਂ 'ਵੇਈ ਪ੍ਰਵੇਸ਼' ਵਾਲੀ ਸਾਖੀ ਵਿਚੋਂ ਹਜ਼ਰਤ ਮੁਹੰਮਦ ਦੀ ਸ਼ਬ-ਮਿਅਰਾਜ ਵਾਲੀ ਘਟਨਾ ਦਾ ਪ੍ਰਭਾਵ ਪੈਂਦਾ ਹੈ। ਕੀੜ ਨਗਰ ਵਾਲੀ ਸਾਖੀ ਵਿਚੋਂ ਹਜ਼ਰਤ ਸੁਲੇਮਾਨ ਦੀ ਦਾਅਵਤ ਦਾ ਆਭਾਸ

ਹੁੰਦਾ ਹੈ। ਇਸੇ ਤਰ੍ਹਾਂ ਰਾਜੇ ਸ਼ਿਵਨਾਭ ਦੇ ਪੁੱਤਰ ਦੀ ਕੁਰਬਾਨੀ ਹਜ਼ਰਤ ਇਸਮਾਈਲ ਦੇ ਪੁੱਤਰ ਦੀ ਕੁਰਬਾਨੀ ਨਾਲ ਕੁਝ ਕੁ ਸਮਾਨਤਾ ਰਖਦੀ ਹੈ। ਬਾਬੇ ਨਾਨਕ ਦਾ ਰੁਹੇਲਿਆਂ ਦੇ ਦੇਸ਼ ਵਿਚ ਜਾ ਕੇ ਵਿਕਣਾ ਹਜ਼ਰਤ ਯੂਸਫ਼ ਦੇ ਵਿਕਣ ਦੀ ਰੂੜ੍ਹੀ ਨਾਲ ਆਪਣਾ ਪੱਲਾ ਮੇਚਦਾ ਹੈ। ਇਸ ਲਈ ਜਨਮਸਾਖੀਆਂ ਦੇ ਵਿਵਰਣ ਦਾ ਭਰਮ-ਪੂਰਣ ਜਾਂ ਮਿਥਿਕ ਹੋਣਾ ਸੁਭਾਵਿਕ ਹੈ। ਮਨੁੱਖ ਜਾਤੀ ਦੇ ਇਤਿਹਾਸ ਦਾ ਵਿਕਾਸ ਮਿਥਿਕ ਜਾਂ ਦੰਦ ਕਥਾਵਾਂ ਤੋਂ ਆਪਣਾ ਰੂਪ ਅਤੇ ਆਕਾਰ ਗ੍ਰਹਿਣ ਕਰਦਾ ਆਇਆ ਹੈ। ਸ਼ੁੱਧ ਇਤਿਹਾਸਿਕ ਦ੍ਰਿਸ਼ਟੀਕੋਣ ਤਾਂ ਮਨੁੱਖ ਮਸਤਕ ਦੀ ਬੜੀ ਬਾਦ ਦੀ ਉਦਭਾਵਨਾ ਹੈ। ਗੁਰੂ ਨਾਨਕ ਦੇਵ ਜੀ ਦੀ ਜੀਵਨੀ ਸੰਬੰਧੀ ਵਿਵਰਣ ਦੀ ਜਨਮਸਾਖੀਆਂ ਵਿਚ ਘਾਟ ਨਹੀਂ ਹੈ, ਪਰ ਚੂੰਕਿ ਇਨ੍ਹਾਂ ਵਿਚ ਉਪਾਖਿਆਨਿਕ ਜਾਂ ਮਿਥਿਕ ਸਾਮਗ੍ਰੀ ਦੀ ਬਹੁਲਤਾ ਹੈ, ਇਸ ਲਈ ਇਨ੍ਹਾਂ ਵਿਚੋਂ ਇਤਿਹਾਸਿਕ ਤੱਥ ਬੜੀ ਸਾਵਧਾਨੀ ਨਾਲ ਲੱਭਣੇ ਹੋਣਗੇ।

ਜਨਮ-ਸਾਖੀ ਸਾਹਿਤ ਦਾ ਇੱਕ ਵਿਸ਼ੇਸ਼ ਲੱਛਣ ਇਹ ਵੀ ਹੈ ਕਿ ਲੇਖਕ ਸਤਪਾਵਸ ਹੋ ਕੇ ਲਿਖਦਾ ਹੈ। ਉਹ ਆਪਣੇ ਨਾਇਕ ਨੂੰ ਪੂਰਬਲੀਆਂ ਅਧਿਆਤਮਿਕ ਹਸਤੀਆਂ, ਅਵਤਾਰਾਂ, ਦੇਵੀ ਦੇਵਤਿਆਂ ਤੋਂ ਨੀਵਾਂ ਨਹੀਂ ਹੋਣ ਜਦ ਚਾਹੁੰਦਾ। ਇਸ ਲਈ ਉਹ ਜਾਂ ਤਾਂ ਨਾਇਕ ਨੂੰ ਉਨ੍ਹਾਂ ਦੇ ਬਰਾਬਰ ਦਾ ਉਚੇਰਾ ਖੜਾ ਕਰਨ ਦੇ ਯਤਨ ਕਰਦਾ ਹੈ ਜੋ ਵਿਚ ਉਹ ਨਾਇਕ ਦਾ ਸੰਬੰਧ ਸਿੱਧੇ ਅਸਿੱਧੇ ਢੰਗ ਨਾਲ ਸਥਾਪਤ ਅਧਿਆਤਮਿਕ ਮਿਥਿਹਾਸਿਕ ਵਿਅਕਤੀਆਂ ਨਾਲ ਜੋੜ ਦਿੰਦਾ ਹੈ। ਇਸ ਤਰ੍ਹਾਂ ਪਰਾਸਰੀ-ਸਕਤ੍ਰੀਆ ਦਾ ਪ੍ਰਭਾਵ ਵਧ ਜਾਂਦਾ ਹੈ। ਇਸ ਲਈ ਜਨਮ-ਸਾਖੀ ਵਿਚ ਮਿਥਿਹਾਸਿਕ ਤੱਤ ਘੁਲ ਮਿਲ ਜਾਂਦੇ ਹਨ। ਇਸ ਵਿਚ ਯਥਾਰਥ ਨਾਲ ਕਰਾਮਾਤਾਂ ਦਾ ਰੰਗ ਬੜੀ ਖ਼ੂਬੀ ਨਾਲ ਨਿੱਖਰਦਾ ਹੈ ਅਤੇ ਕਰਾਮਾਤੀ ਅੰਸ਼ ਆਪਣੇ ਆਪ ਪੈਦਾ ਹੋ ਜਾਂਦਾ ਹੈ। ਇੱਕ ਗੁਰੂ ਸਾਹਿਬ ਉੱਤੇ ਲਿਖੀਆਂ ਗਈਆਂ ਵੱਖ ਵੱਖ ਜਨਮ-ਸਾਖੀਆਂ ਵਿਚ ਸਾਖੀਆਂ ਇੱਕੋ ਜਿਹੀਆਂ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਵਿਚ ਕਰਾਮਾਤੀ ਅੰਸ ਦੀ ਇਕਸਾਰਤਾ ਹੈ। ਇਸ ਸਾਖੀਆਂ ਵਿਚ ਕਰਾਮਾਤੀ ਅੰਸ ਨਾ ਹੋਣ ਦੇ ਬਰਾਬਰ ਹੈ। ਆਮ ਤੌਰ ਤੇ ਬਾਅਦ ਵਿਚ ਜਨਮ-ਸਾਖੀਆਂ ਵਿਚ ਅਲੌਕਿਕ ਅੰਸ਼ ਵਿਚ ਵਾਧਾ ਹੋਇਆ ਹੈ। ਕਈ ਵਾਰ ਇੱਕ ਜਨਮ-ਸਾਖੀ ਵਿਚ ਜੋ ਸਾਖੀ ਹੈ ਉਹ ਦੂਜੀ ਜਨਮ ਸਾਖੀ ਵਿਚ ਨਹੀਂ ਹੈ।

**ਬਾਣੀ ਵਿਚੋਂ ਜੋ ਟੂਕਾਂ ਦੀ ਵਰਤੋਂ:** ਉਪਾਖਿਆਨਿਕ ਜਾਂ ਮਿਥਿਕ ਸਾਮਗ੍ਰੀ ਤੋਂ ਬਿਨਾ ਵੀ ਅਣ-ਇਤਿਹਾਸਿਕਤਾ ਦੇ ਕੁਝ ਕਾਰਣ ਹਨ। ਇਕ ਇਹ ਕਿ ਜਨਮਸਾਖੀ-ਕਾਰ ਗੁਰੂ ਨਾਨਕ ਦੇਵ ਦੇ ਜੀਵਨ ਬ੍ਰਿੱਤਾਂਤ ਪੇਸ਼ ਕਰਨ ਵੇਲੇ ਉਨ੍ਹਾਂ ਦੀ ਬਾਣੀ ਵਿਚੋਂ ਜੋ ਟੂਕਾਂ ਜਾਂ ਪੱਦਾਂਸ਼ ਲਿਖਦੇ ਹਨ, ਉਨ੍ਹਾਂ ਵਿਚੋਂ ਕੁਝ ਟੂਕਾਂ ਗੁਰੂ ਨਾਨਕ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚਲੀ ਪ੍ਰਮਾਣਿਕ ਬਾਣੀ ਵਿਚੋਂ ਨਹੀਂ ਹਨ, ਕੁਝ ਹੋਰਨਾਂ ਗੁਰੂ ਸਾਹਿਬਾਨ ਦੀਆਂ ਹਨ ਅਤੇ ਕੁਝ ਦਾ ਸੰਬੰਧ ਕਬੀਰ ਆਦਿ ਸੰਤਾਂ ਦੀਆਂ ਬਾਣੀਆਂ ਨਾਲ ਹੈ। ਇਸ ਪ੍ਰਕਾਰ ਦੀਆਂ ਟੂਕਾਂ ਨਾਲ ਸੰਬੰਧਿਤ ਘਟਨਾਵਾਂ ਨਿਸਚੇ ਹੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦਾ ਕੋਈ ਯਥਾਰਥ ਵਿਵਰਣ ਪ੍ਰਸਤੁਤ ਨਹੀਂ ਕਰਦੀਆਂ। ਇਸ ਲਈ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਨਰ ਤੋਂ ਨਾਰਾਇਣ ਸਿੱਧ ਕਰਨ ਲਈ ਸਾਖੀਕਾਰਾਂ ਨੇ ਗੁਰਬਾਣੀ ਦੀਆਂ ਕੰਠਸਥ ਟੂਕਾਂ ਜਾਂ ਪਦਿਆਂ ਦੇ ਅਨੁਰੂਪ ਸਾਖੀਆਂ ਘੜ ਲਈਆਂ ਅਤੇ ਜਿਥੇ ਗੁਰੂਆਂ ਦੀ ਬਾਣੀ ਤੋਂ ਉਦਿਸ਼ਟ ਫਲ ਦੀ ਪ੍ਰਾਪਤੀ ਸੰਭਵ ਨ ਦਿਸੀ, ਉਥੇ ਅਪ੍ਰਮਾਣਿਕ ਬਾਣੀ ਨੂੰ ਤੋੜ-ਮੋੜ ਕੇ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੋੜ ਦਿੱਤਾ ਅਤੇ ਇਸ ਤਰ੍ਹਾਂ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਦੀ ਇਤਿਹਾਸਿਕਤਾ ਨੂੰ ਸੰਦੇਹਜਨਕ ਬਣਾ ਦਿੱਤਾ।

ਜਨਮ-ਸਾਖੀ ਦਾ ਆਕਾਰ ਨਿਸ਼ਚਿਤ ਨਹੀਂ। ਇਸ ਵਿਚ ਵਾਰਤਕ ਦੇ ਨਾਲ ਨਾਲ ਪ੍ਰਭਾਵ ਦੀ ਵੱਖਰਤਾ ਲਈ ਦੋਹਰੇ ਜਾਂ ਹੋਰ ਕਾਵਿ ਛੰਦ ਵੀ ਦਿੱਤੇ ਜਾਂਦੇ ਹਨ। ਜਨਮ-ਸਾਖੀ ਦਾ ਲੇਖਕ ਪ੍ਰਮਾਣਿਕਤਾ ਲਈ ਨਾਇਕ ਦੇ ਬੋਲਾਂ ਜਾਂ ਉਪਦੇਸ਼ਾਂ ਦੀ ਟੂਕ ਦਿੰਦਾ ਹੈ। ਕਈ ਥਾਵਾਂ ਉੱਤੇ ਉਕਤ ਟੂਕਾਂ ਦਾ ਟੀਕਾ ਕਰਦਾ ਹੈ ਉਸ ਦੀ ਵਿਆਖਿਆ ਵੀ ਕਰਦਾ ਹੈ ਅਤੇ ਉਨ੍ਹਾਂ ਸ਼ਬਦਾਂ ਦੇ ਪਰਮਾਰਥ ਆਦਿ ਬਾਰੇ ਦੱਸਦਾ ਹੈ। ਇਸ ਤਰ੍ਹਾਂ ਜਨਮ-ਸਾਖੀ ਦੀ ਇਮਾਰਤ ਨੂੰ ਉਸਾਰਨ ਲਈ ਇਨ੍ਹਾਂ ਬਾਰੇ ਬੜੀਆਂ ਦਾ ਪ੍ਰਸੰਗ ਕੀਤਾ ਜਾਂਦਾ ਹੈ। ਜਨਮ-ਸਾਖੀ ਰੂਪਵਾਦੀ ਸਮੇਂ ਦੇ ਸਮਾਜ ਦੇ ਸੰਸਕ੍ਰਿਤੀ ਦੀ ਬੜੀ ਬਾਰੀਕ-ਬੀਨੀ ਨਾਲ ਤਸਵੀਰ ਪੇਸ਼ ਕਰਦੀ

ਦੂਜੇ, ਬਹੁਤ ਸਾਰੀਆਂ ਘਟਨਾਵਾਂ ਦਾ ਉਦੇਸ਼ ਕਰਾਮਾਤਾਂ ਵਿਖਾਉਣਾ ਵੀ ਹੈ। ਅਜਿਹੀਆਂ ਘਟਨਾਵਾਂ ਦੇ ਕਥਾ-ਸੂਤਰ ਹੋਰਨਾਂ ਧਰਮ ਆਗੂਆਂ ਨਾਲ ਸੰਬੰਧਿਤ ਕਰਾਮਾਤਾਂ ਵਾਲੇ ਬ੍ਰਿੱਤਾਂਤਾਂ ਤੋਂ ਲਏ ਗਏ ਹਨ। ਤੀਜੇ, ਇਨ੍ਹਾਂ ਜਨਮਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਭੇਂਟ ਅਨੇਕ ਅਜਿਹੇ ਧਾਰਮਿਕ ਪ੍ਰਵਰਤਕਾਂ ਜਾਂ ਆਗੂਆਂ, ਨਾਥਾਂ, ਸਾਧਕਾਂ, ਪੀਰਾਂ, ਫ਼ਕੀਰਾਂ ਆਦਿ ਨਾਲ ਕਰਾਈ ਗਈ ਹੈ ਜੋ ਉਨ੍ਹਾਂ ਦੇ ਸਮਕਾਲੀ ਨਹੀਂ ਸਨ, ਜਿਵੇਂ ਮਛੰਦਰ, ਗੋਰਖ, ਗੋਪੀਚੰਦ, ਚਰਪਟ, ਭਰਥਰੀ, ਬਹਾਉੱਦੀਨ, ਸੱਯਦ ਮਿਠਾ, ਸ਼ੇਖ਼ ਫ਼ਰੀਦ, ਸ਼ਰਫਉੱਦੀਨ ਆਦਿ। ਉਦਾਸੀਆਂ ਵੇਲੇ ਕਈਆਂ ਸਾਖੀਆਂ ਦਾ ਕ੍ਰਮ ਭੂਗੋਲਿਕ ਦ੍ਰਿਸ਼ਟੀ ਤੋਂ ਵੀ ਸਹੀ ਸਿੱਧ ਨਹੀਂ ਹੁੰਦਾ। ਇਸ ਤਰ੍ਹਾਂ ਇਨ੍ਹਾਂ ਜਨਮਸਾਖੀਆਂ ਵਿਚ ਜੁਟਾਈ ਗਈ ਸਾਮਗ੍ਰੀ ਕਾਫ਼ੀ ਮਾਤ੍ਰਾ ਵਿਚ ਭਰਮਪੂਰਣ ਹੈ। ਅਸਲ ਵਿਚ, ਇਹ ਜਨਮਸਾਖੀਆਂ ਇਤਿਹਾਸ ਪ੍ਰਧਾਨ ਜੀਵਨੀਆਂ ਨਹੀਂ, ਗੁਰੂ ਨਾਨਕ ਦੇਵ ਜੀ ਦੇ ਚਰਿਤ੍ਰ ਸੰਬੰਧੀ ਮਿਥਿਕ ਪ੍ਰਸੰਗ ਹਨ।

**ਸਾਹਿਤਿਕ ਮਹੱਤਵ:** ਸਾਹਿਤਿਕ ਖੇਤਰ ਵਿਚ ਵੀ ਜਨਮਸਾਖੀਆਂ ਦਾ ਬਹੁਤ ਅਧਿਕ ਮਹੱਤਵ ਹੈ। ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਇਨ੍ਹਾਂ ਤੋਂ ਹੀ ਹੁੰਦਾ ਹੈ। ਇਹ ਕਵਿਤਾ ਅਤੇ ਵਾਰਤਕ ਵਿਚਲੇ ਨਿਖੇੜ ਦੀ ਉਸ ਅਵਸਥਾ ਨੂੰ ਪ੍ਰਸਤੁਤ ਕਰਦੀਆਂ ਹਨ ਜਦੋਂ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਭਾਵਾਂ ਦੇ ਸਪੱਸ਼ਟ ਪ੍ਰਗਟਾਵੇ ਲਈ ਕਵਿਤਾ ਦੇ ਨਾਲ ਨਾਲ ਵਾਰਤਕ ਵੀ ਆਪਣੀ ਥਾਂ ਬਣਾਉਣ ਲਗ ਗਈ ਸੀ। ਇਸ ਲਈ ਇਨ੍ਹਾਂ ਦੀ ਵਾਰਤਕ ਕਾਵਿਮਈ ਹੈ, ਕਿਉਂਕਿ ਇਹ ਕਵਿਤਾ ਵਾਲਾ ਵਾਯੂਮੰਡਲ ਸਿਰਜ ਦਿੰਦੀ ਹੈ।

**ਭਾਸ਼ਾ:** ਇਨ੍ਹਾਂ ਦੀ ਭਾਸ਼ਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਭਾਸ਼ਾ ਨੂੰ ਸਮਝ ਸਕਣ ਵਾਲਾ ਪਾਠਕ ਪੰਜਾਬ ਤਕ ਸੀਮਿਤ ਨਹੀਂ, ਸਮੁੱਚੇ ਭਾਰਤ ਦੇ ਵਿਸਤਾਰ ਤਕ ਇਸ ਦੇ ਪਾਠਕਾਂ ਦੀ ਵਿਆਪਤੀ ਹੈ। ਇਸ ਲਈ ਇਨ੍ਹਾਂ ਦੀ ਭਾਸ਼ਾ ਵੀ ਪੰਜਾਬ ਦੀਆਂ ਹੱਦਬੰਦੀਆਂ ਦੀ ਉਲੰਘਣਾ ਕਰਕੇ ਉਸ ਵੇਲੇ ਦੀ ਅਧਿਆਤਮਿਕ ਭਾਸ਼ਾ ਦੀਆਂ ਸਾਰੀਆਂ ਪ੍ਰਵਿਰਤੀਆਂ ਨੂੰ ਗ੍ਰਹਿਣ ਕਰਦੀ ਹੈ। ਇਸ ਨੂੰ ਪੰਜਾਬੀ ਸਾਧ ਭਾਖਾ ਜਾਂ ਪੰਜਾਬੀ ਸਧੁੱਕੜੀ ਕਿਹਾ ਜਾ ਸਕਦਾ ਹੈ।

ਜਨਮਸਾਖੀਆਂ ਆਪਣੇ ਆਪ ਵਿਚ ਪੂਰਣ ਸਾਹਿਤ ਹਨ, ਕਿਉਂਕਿ ਇਨ੍ਹਾਂ ਤੋਂ ਅਨੇਕ ਸਾਹਿਤ ਰੂਪਾਂ ਜਾਂ ਵਿਧਾਵਾਂ ਦਾ ਮੁੱਢ ਬਝਦਾ ਹੈ। ਇਕ ਤਾਂ ਇਨ੍ਹਾਂ ਤੋਂ ਜੀਵਨੀ ਸਾਹਿਤ-ਰੂਪ ਦਾ ਜਨਮ ਹੁੰਦਾ ਹੈ। ਇਹ ਭਾਵੇਂ ਸ਼ੁੱਧ ਅਤੇ ਵਿਗਿਆਨਿਕ ਜੀਵਨੀ ਦੀ ਕਸੌਟੀ ਉਤੇ ਪੂਰੀਆਂ ਨ ਉਤਰ ਸਕਣ, ਪਰ ਕਿਸੇ ਸਾਹਿਤ-ਰੂਪ ਦੀਆਂ ਮੁੱਢਲੀਆਂ ਸੀਮਾਵਾਂ ਦੇ ਅਨੁਰੂਪ ਇਨ੍ਹਾਂ ਵਿਚ ਵੀ ਜੀਵਨੀ ਦੀ ਦ੍ਰਿਸ਼ਟੀ ਤੋਂ ਕੁਝ ਕੁ ਊਣਤਾਈਆਂ ਹਨ।

ਜਨਮਸਾਖੀਆਂ ਤੋਂ ਪੰਜਾਬੀ ਦੇ ਗੁਰਮਤ ਸਾਹਿਤ ਦੀ ਵਿਆਖਿਆ ਜਾਂ ਟੀਕਾਕਾਰੀ, ਗੋਸ਼ਟਾਂ ਵਾਂਗ ਜਿਗਿਆਸੂ ਨੂੰ ਗੁਰਬਾਣੀ ਦੀ ਗੌਰਵਮਈ ਭਾਵਧਾਰਾ ਤੋਂ ਜਾਣੂੰ ਕਰਾਉਣ ਦਾ ਇਕ ਸਰਲ ਮਾਧਿਅਮ ਰਹੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਜਨਮ-ਸਾਖੀਆਂ ਆਪਣੇ ਆਪ ਵਿਚ ਪੂਰਣ ਸਾਹਿਤ ਹਨ ਅਤੇ ਇਨ੍ਹਾਂ ਦੁਆਰਾ ਅਨੇਕ ਸਾਹਿਤ-ਰੂਪਾਂ ਅਤੇ ਵਿਧਾਵਾਂ ਦਾ ਸਫ਼ਲ ਵਿਕਾਸ ਹੋਇਆ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ-ਘਟਨਾਵਾਂ ਦਾ ਸੰਕਲਨ, ਅਧਿਆਤਮਿਕ ਪੱਖ ਤੋਂ ਗੁਰਮਤਿ, ਵੇਦਾਂਤ ਅਤੇ ਸੂਫ਼ੀ ਸਾਧਨਾ ਦੇ ਸਿੱਧਾਂਤਾਂ ਦਾ ਸੰਗ੍ਰਹਿ, ਧਾਰਮਿਕ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਦੇ ਪਰਮਾਰਥ ਅਤੇ ਸਾਧਨਾ ਮਾਰਗ ਦਾ ਵਿਸ਼ਲੇਸ਼ਣ ਅਤੇ ਸਾਹਿਤਿਕ ਪੱਖ ਤੋਂ ਗੱਦ , ਪੱਦ , ਗੋਸਟਿ, ਜੀਵਨੀ, ਟੀਕਾਕਾਰੀ ਆਦਿ ਕਈ ਸਾਹਿਤ-ਰੂਪਾਂ ਦਾ ਸੁੰਦਰ ਵਿਕਾਸ ਹੋਇਆ ਹੈ। ਜਨਮ-ਸਾਖੀ ਸਾਹਿਤ ਕਾਫ਼ੀ ਲੋਕ-ਪ੍ਰਿਯ ਰਿਹਾ ਹੈ। ਜਨਮ-ਸਾਖੀ ਪੰਜਾਬ ਦੇ ਪਿੰਡ ਪਿੰਡ ਤਾਂ ਕੀ ਘਰ ਘਰ ਵਿਚ ਪਹੁੰਚੀ । ਇਸ ਨੇ ਗੁਰਮਤਿ ਦੇ ਵਿਚਾਰਾਂ ਨੂੰ ਬੱਚੇ ਬੱਚੇ ਤਕ ਪਹੁੰਚਾਇਆ। ਜਨਮ-ਸਾਖੀ ਦੇ ਜੀਵਨ ਸਾਬਤ ਵਿਚ ਇਤਿਹਾਸਕ ਤੱਥ ਨਾਲੇ ਲੋਕ ਮਾਨਸ ਦੇ ਸੱਚ ਨੂੰ ਵਧੇਰੇ ਸੁਯੋਗਤਾ ਨਾਲ ਪ੍ਰਣ ਕੀਤਾ ਹੁੰਦਾ ਹੈ। ਜਨਮ-ਸਾਖੀ ਵਾਰਤਕ ਦੇ ਰੂਪ ਜੀਵਨੀ ਅਤੇ ਕਾਵਿ ਦੇ ਰੂਪ ਮਹਾਂ-ਕਾਵਿ ਤੋਂ ਬਿਲਕੁਲ ਭਿੰਨ ਸਾਹਿਤਿਕ ਵਿਧਾ ਹਨ। ਇਸ ਦੇ ਉਨਾਂ ਨਾਲੋਂ ਵੱਖਰੇ ਵੱਖਰੇ ਗੁਣ ਅਤੇ ਲੱਛਣ ਹਨ।

## ਪਰਮਾਰਥ ਦਾ ਅਰਥ: ਸਰੂਪ ਅਤੇ ਲੱਛਣ

ਸੂਤ੍ਰਿਕ ਜਾਂ ਕਲਿਸਟ ਰਚਨਾਵਾਂ ਦੇ ਅਰਥ ਸਪਸ਼ਟ ਕਰਨ ਲਈ ਭਾਰਤੀ ਸਾਹਿਤ ਵਿਚ ਅਨੇਕਾਂ ਵਿਧੀਆਂ ਪ੍ਰਚੱਲਤ ਹਨ, ਜਿਵੇਂ ਟੀਕਾ, ਵਿਆਖਿਆ, ਭਾਸ, ਪਰਮਾਰਥ ਆਦਿ। ਇਹਨਾਂ ਸਭ ਵਿਚ ਅੰਤਰ ਹੈ। ਸੰਖੇਪ ਵਿਚ ਅਰਥ ਸਮਝਣ ਵਾਲੇ ਟੀਕਾ ਕਿਹਾ ਜਾਂਦਾ ਹੈ। ਅਤੇ ਵਿਸਥਾਰ ਵਿੱਚ ਅਰਥ ਸਮਝਾਉਣ ਵਾਲੀ ਰਚਨਾ ਨੂੰ ਪਰਮਾਰਥ ਦੀ ਨਾਂ ਦਿੱਤਾ ਗਿਆ ਹੈ।।

ਪਰਮਾਰਥ ਦਾ ਅਰਥ 'ਪਰਮ-ਅਰਥ' ਤੋ ਹੈ। ਜਿਸ ਤੋ ਭਾਵ ਹੈ,'ਸ੍ਰੇਸ਼ਟ-ਅਰਥ' ਵਾਲੀ ਰਚਨਾ ਤੋ ਹੈ। ਪਰਮਾਰਥ ਵਿਚ ਮੂਲ ਰਚਨਾ ਵਿਚਲੇ ਅਧਿਆਤਮਿਕ ਤੱਥਾਂ ਦੀ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਪਰੰਪਰਾ ਦੀ ਵਰਤੋ ਕਰਨ ਵਾਲੀਆਂ ਦੁਆਰਾ ਇਸ ਦੀ ਵਰਤੋ ਇਸ ਕਰ ਕੇ ਕੀਤੀ ਗਈ ਸੀ। ਕਿਉਂਕਿ ਉਹ ਆਪਣੇ ਆਪ ਨੂੰ ਗੁਰੂ ਦੇ ਸਮਾਨ ਮੰਨਦੇ ਸਨ। 'ਪਰਮਾਰਥ' ਪੰਜਾਬੀ ਵਿੱਚ ਪ੍ਰਵਾਨ ਨਹੀਂ ਚੜ੍ਹ ਸਕੀਆਂ ਕਿਉਂਕਿ ਇਸ ਦਾ ਕੋਈ ਵੀ ਕਲਾਸਕੀ ਸਾਹਿਤਿਕ ਪਿਛੋਕੜ ਨਹੀਂ ਸੀ। ਕਿਉਂਕਿ ਇਸ ਪਰੰਪਰਾ ਦੀ ਵਰਤੋ ਮੀਣਾ ਸੰਪਰਦਾਇ ਦੇ ਲੋਕਾਂ ਦੁਆਰਾ ਕੀਤੀ ਗਈ ਸੀ.ਜਿਸ ਕਾਰਨ ਆਮ ਲੋਕਾਂ ਨੇ ਇਸ ਨੂੰ ਪਰਵਾਨ ਕੀਤਾ। ਪੰਜਾਬੀ ਵਿੱਚ ਆਮ ਕਰ ਕੇ ਹੁਣ ਤਕ ਇਸ ਦੀ ਅਧਿਕਤਰ ਲਈ 'ਟੀਕਾ' ਸ਼ਬਦ ਦੀ ਵਰਤੋ ਕੀਤੀ ਜਾਂਦੀ ਹੈ।

ਜਪੁ ਜੀ ਦਾ ਪਰਮਾਰਥ ਜੋ ਸਾਨੂੰ ਪ੍ਰਾਪਤ ਪਰਮਾਰਥ ਹੁੰਦੇ ਹਨ ਉਨ੍ਹਾਂ ਵਿੱਚੋਂ ਪ੍ਰਾਚੀਨ ਪਰਮਾਰਥ ਹੈ। ਇਹ ਪਰਮਾਰਥ ਸਾਨੂੰ ਕਈ ਇਤਿਹਾਸਕਾਰ ਵੱਲੋਂ ਨਕਲ ਹੋਇਆ ਵੱਖਰੀਆਂ ਕਿਤਾਬਾਂ ਵਿੱਚੋਂ ਸਾਨੂੰ ਹੱਥਾਂ ਦੁਆਰਾ ਲਿਖਿਆ ਮਿਲਦੀਆਂ ਹਨ।

**ਉਦਾਹਰਨ**:-

ਆਦਿ ਸੁੱਚ ਜੁਗਾਦਿ ਸੁੱਚ.ਹੈ ਭੀ ਸੁੱਚ ਨਾਨਕ ਹੋਸੀ ਭੀ।

ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ।
ਚੁਪੈ ਚੁਪ ਨਾ ਹੋਵਈ ਜੇ ਲਾਇ ਰਹਾ ਲਿਵ।
ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ।

ਸਿੱਖ ਸਾਹਿਤ ਵਿਚ ਇਸ ਦੀ ਵਰਤੋਂ ਕਿਸੇ ਰਚਨਾ ਵਿਚਲੇ ਅਧਿਆਤਮਿਕ ਵਿਚਾਰਾਂ ਦੇ ਵਿਸਲੇਸ਼ਣ ਲਈ ਕੀਤੀ ਮਿਲਦੀ ਹੈ। ਜਪੁਜੀ ਸਾਹਿਬ ਦਾ ਪਰਮਾਰਥ ਪੰਜਾਬੀ ,ਸਾਹਿਤ ਵਿਚ ਟੀਕਾ, ਭਾਸ, ਪਰਮਾਰਥ ਆਦਿ ਦੀਆਂ ਭਿੰਨਤਾਵਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਇਹਨਾਂ ਸਭ ਨੂੰ ਜ਼ਿਆਦਾਤਰ ਇੱਕੋ ਅਰਥ ਵਿਚ ਲਿਆ ਜਾਣ ਲੱਗ ਪਿਆ ਹੈ। ਪਰ ਇਹਨਾਂ ਦੀ ਪ੍ਰਕਿਰਤੀ ਸਰੂਪ ਵਿਚ ਸੂਖਮ ਅੰਤਰ ਹਨ। ਪਰ ਪੰਜਾਬੀ ਸਾਹਿਤ ਵਿਚ ਇਹਨਾਂ ਵੱਲ ਬਹੁਤਾ ਧਿਆਨ ਨਾ ਦੇ ਕੇ ਸਭ ਲਈ ਆਮ ਤੌਰ ਤੇ ਟੀਕਾ ਦੀ ਵਰਤੋਂ ਵਧੇਰੇ ਪ੍ਰਚਲਤ ਹੁੰਦੀ ਜਾ ਰਹੀ ਹੈ।

ਗੁਰਬਾਣੀ ਦੇ ਪਰਮਾਰਥ ਲਿਖਣ ਦੀ ਮੁੱਢਲੀ ਵੰਨਗੀ 'ਪੁਰਾਤਨ ਜਨਮ-ਸਾਖੀ' ਅੰਦਰ ਗੁਰਬਾਣੀ ਦੇ ਅਰਥਾਂ ਵਿਚ ਮਿਲਦੀ ਹੈ। ਇਹ ਪਰਮਾਰਥ ਟਿਕੇ ਅਤੇ ਪਰਮਾਰਥ ਦੀ ਰਲ਼ੀ ਮਿਲੀ ਵੰਨਗੀ ਹੈ। ਇਸ ਤੋਂ ਬਾਅਦ ਮਿਹਰਬਾਨ ਦੀ ਲਿਖੀ ਜਨਮ ਸਾਖੀ ਉੱਲੇਖ ਯੋਗ ਹੈ। ਇਸ ਜਨਮ ਸਾਖੀ ਵਿਚ ਪਹਿਲੀ ਬਾਰ ਵੱਡੀਆਂ ਬਾਣੀਆਂ ਦੇ ਟੀਕਾ-ਨੁਮਾ ਪਰਮਾਰਥ ਲਿਖੇ ਮਿਲਦੇ ਹਨ।ਸੋਢੀ ਮਿਹਰਬਾਨ ਦੇ ਪੁੱਤਰ ਹਰਿਜੀ ਨੇ ਮਿਹਰਬਾਨ ਰਚਿਤ 'ਸੁਖਮਨੀ' ਸਹੰਸ੍ਰਨਾਮ ਦੀ ਵਿਸਥਾਰ ਸਹਿਤ ਪਰਮਾਰਥ ਰਚਿਆ ਹੈ। ਇਸ ਤੋਂ ਬਾਅਦ ਪਰਮਾਰਥ ਦੀ ਥਾਂ ਟੀਕਿਆਂ ਦੀ ਰਚਨਾ ਦਾ ਜ਼ਿਆਦਾ ਪ੍ਰਚਲਨ ਹੋਇਆ।

ਪਰਮਾਰ/ਟੀਕਾ ਦਾ ਰੂਪ ਗੋਸ਼ਟ ਵਾਲਾ ਹੋਣ ਕਰ ਕੇ ਦਿਲਚਸਪ ਹੈ। ਮਿਹਰਬਾਨ ਦੀ ਪਾਲਣਾ-ਪੋਸ਼ਣਾ ਦਾ ਕੰਮ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਹੇਠ ਹੋਇਆ। ਜਿਸ ਕਾਰਨ ਇਨ੍ਹਾਂ ਵਿੱਚ ਗੁਰਬਾਣੀ ਤੋਂ ਬਾਹਰ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ।

ਡਾ. ਰਤਨ ਸਿੰਘ ਜੱਸੀ ਅਨੁਸਾਰ 'ਪਰਮਾਰਥ' ਸ਼ਬਦ ਸੰਸਕ੍ਰਿਤ ਦਾ ਹੈ ਤੇ ਇਸ ਦਾ ਵਿਉਤਪਤੀ ਅਰਥ ਹੈ ਕਿਸੇ ਵਸਤੂ ਜਾਂ ਰੱਬ ਦਾ ਬੋਧ ਅਥਵਾ ਪ੍ਰਕਾਸ਼ਨ ਕਰਵਾਉਣ ਵਾਲਾ ਵਾਕ-ਸਾਧਨ। ਪਰੰਤੂ ਇਸ ਟੀਕੇ ਵਿੱਚ ਪਹਿਲੇ ਟੀਕਿਆਂ ਵਰਗੀ ਸਰਲਤਾ ਤੇ ਸੰਜਮ ਨਹੀਂ, ਤਰਕਸ਼ੀਲ ਵਿਆਖਿਆ ਤੇ ਬੋਲੀ ਸਧੁਕੜੀ ਹੈ। 'ਸਤਿਨਾਮ ਹੈ ਸੋ ਕਰਤਾ ਪੁਰਖ ਪਰਮੇਸ਼ਾ ਦਾ ਹੀ ਹੈ ਔਰ ਸਤੀ ਨਾਮ ਝੂਠੇ ਹੈ, ਕਾ ਹੈ ਤੇ ਨਾਮ ਸਤਿ ਹੈ ਤਭੀ ਤੋਂ ਜਾਪਕ ਸਤਿ ਪਦਵੀਂ ਕਰਤਾ ਹੈ। 'ਪਰਮਾਰਥ' ਦੇ ਸ਼ਬਦੀ ਅਰਥ ਪਰਮਾ ਅਰਥ ਅਰਥਾਤ ਸ਼ਰੇਸ਼ਟ ਅਰਥ ਮੰਨੇ ਜਾਂਦੇ ਹਨ। ਮਿਹਰਬਾਨ ਸੰਪਰਦਾਇ ਨੇ ਵਧੇਰੇ ਪਰਮਾਰਥ ਹੀ ਲਿਖੇ

## ਗੋਸਟਿ ਸਰੂਪ ਅਤੇ ਲੱਛਣ:-

ਗੋਸ਼ਟ ਸ਼ਬਦ ਸੰਸਕ੍ਰਿਤ ਦੀ ਗੋਸ਼ਠ ਧਾਤੂ ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਇਕੱਠਾ ਕਰਨਾਂ ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਲਈ ਵਰਤਿਆ ਜਾਂਦਾ ਹੁੰਦਾ ਸੀ। ਪਰ ਕਾਲਾਂਤਰ ਵਿਚ ਇਸ ਦੀ ਵਰਤੋਂ ਇਕੱਠੇ ਮਿਲ ਕੇ ਬੈਠੇ ਹੋਏ ਲੋਕਾਂ ਵਿਚਲੀ ਗੱਲਬਾਤ, ਵਾਰਤਾਲਾਪ, ਜਾਂ ਵਿਚਾਰ ਚਰਚਾ ਲਈ ਹੋਣ ਲੱਗੀ ਅਤੇ ਇਸ ਵਿਚਾਰ ਚਰਚਾ ਦਾ ਲਿਖਤ ਰੂਪ 'ਗੋਸ਼ਟਿ' ਕਿਹਾ ਜਾਣ ਲੱਗ ਪਿਆ। ਅੱਜ ਕਲ ਸਾਹਿਤਕ ਸੈਮੀਨਾਰਾਂ ਨੂੰ ਗੋਸ਼ਟੀ ਕਿਹਾ ਜਾਂਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਦੋ ਮਹਾਂਪੁਰਖਾਂ ਵਿਚਕਾਰ ਹੋਣ ਵਾਲੇ ਸੰਵਾਦ ਜਾਂ ਚਰਚਾ ਨੂੰ ਗੋਸਟਿ ਕਿਹਾ ਜਾਂਦਾ ਹੈ। ਇਹ ਦਾਰਸ਼ਨਿਕ ਕਿਸਮ ਦੀ ਰਚਨਾ ਹੈ, ਜਿਸ ਵਿਚ ਵਿਦਵਾਨ ਕਿਸੇ ਅਧਿਆਤਮਕ ਨੁਕਤੇ ਬਾਰੇ ਗੱਲਬਾਤ ਕਰਕੇ ਉਸ ਰਚਨਾ ਦੀ ਵਿਆਖਿਆ ਕਰਦੇ ਹਨ। ਗੁਰੂ ਨਾਨਕ ਦੇਵ ਜੀ ਰਚਿਤ ਸਿੱਧ ਗੋਸਟਿ ਕਾਵਿ ਰਚਨਾ ਹੈ, ਪਰੰਤੂ ਵਾਰਤਕ ਵਿਚ ਕਈ ਵੀ ਗੋਸਟਿ ਰਚਨਾਵਾਂ ਮਿਲਦੀਆਂ ਹਨ। ਇਹਨਾਂ ਵਿਚੋਂ ਮੱਕੇ ਮਦੀਨੇ ਦੀ ਗੋਸਟਿ ਤੇ ਅਜਿੱਤੇ ਰੰਧਾਵੇ ਦੀ ਗੋਸਟਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਹਨ। ਇਹਨਾਂ ਤੋਂ ਇਲਾਵਾ ਪ੍ਰਾਣ ਸੰਗਲੀ ਨਾਂ ਦੇ ਗ੍ਰੰਥ ਵਿਚ ਵੀ ਕਈ ਗੋਸਟਿ ਰਚਨਾਵਾਂ ਦਰਜ ਹਨ।

ਇਸ ਤਰ੍ਹਾਂ ਵਿਚਾਰ ਵਟਾਂਦਰੇ ਦੀ ਇਹ ਸਾਹਿਤ ਵਿਧਾ ਪ੍ਰਚੀਨ ਕਾਲ ਤੋਂ ਚੱਲਦੀ ਆ ਰਹੀ ਹੈ। ਲਗਭਗ ਸਾਰੀਆਂ ਭਾਸ਼ਾਵਾਂ ਦੇ ਸਾਹਿਤਾਂ ਦਾ ਆਰੰਭ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆਂ ਵਾਲੀਆਂ ਪੁਸਤਕਾਂ ਨਾਲ ਹੋਇਆ ਹੈ ਅਤੇ ਵਿਸਿਆਂ ਦੇ ਤਰਕ ਵਿਤਕਰਿਆਂ ਨੂੰ ਮੁੱਖ ਰੱਖਦੇ ਹੋਇਆਂ ਪਰਸਪਰ ਵਿਰੋਧੀ ਵਿਚਾਰ ਪਰੰਪਰਾਵਾਂ ਦੇ ਕਿਸੇ ਕਾਸ਼ ਨੁਕਤੇ ਤੋਂ ਜਾਣੂ ਕਰਵਾਉਣ ਲਈ 'ਗੋਸ਼ਟਿ' ਦਾ ਸਾਹਿਤਕ ਮਾਧਿਅਮ ਵਿਸ਼ੇਸ਼ ਰੂਪ ਵਿਚ ਚੁਣਿਆ ਗਿਆ ਹੈ। ਪ੍ਰਚੀਨ ਭਾਰਤੀ ਦਾਰਸ਼ਨਿਕ ਸਾਹਿਤ ਵਿਚ ਗੋਸ਼ਟਿ ਦੀ ਪਰੰਪਰਾ ਮੌਜੂਦ ਹੈ। ਯੂਨਾਨ ਦੇ ਪ੍ਰਸਿੱਧ ਦਰਸ਼ਨ-ਵੇਤਾ ਸੁਕਰਾਤ ਦੇ ਸਿਧਾਂਤ ਦਾ ਅਫ਼ਲਾਤੂਨ ਦੁਆਰਾ ਕਿਸੇ ਸ਼ੈਲੀ ਵਿਚ ਅੰਕਣ ਹੋਇਆ ਹੈ। ਕੁਝ ਚੇਲੇ ਸੁਆਲ ਕਰਦੇ ਹਨ ਅਤੇ ਸੁਕਰਾਤ ਆਪਣੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਦਾ ਉੱਤਰ ਦਿੰਦਾ ਹੈ। ਇਸ ਵਿਦਾ ਦੁਆਰਾ ਕਿਸੇ ਵਿਸ਼ੇਸ਼ ਸਿਧਾਂਤ ਜਾਂ ਮੱਤ ਬਾਰੇ ਬੌਧਿਕ ਪੱਖ ਤੋਂ ਸੂਖਮ ਵਿਸ਼ਲੇਸ਼ਣ ਹੋ ਸਕਦਾ ਹੈ ਅਤੇ ਸੰਕਾਲੂ ਦੀ ਭਲੀ ਭਾਂਤ ਸੰਤੁਸ਼ਟੀ ਹੋ ਸਕਦੀ ਹੈ। ਪਰ ਨਵੇਂ

ਧਾਰਮਿਕ ਜਾਂ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਸਥਾਪਨਾ ਪ੍ਰਚੀਨ ਪ੍ਰਚਲਿੱਤ ਪਰੰਪਰਾਵਾਂ ਦੇ ਵਿਰੋਧ ਵਿਚ ਜਾਂ ਉਸ ਦੇ ਨਵੀਨੀਕਰਨ ਵਜੋਂ ਹੁੰਦੀ ਹੈ। ਅਜਿਹੀ ਅਵਸਥਾ ਵਿਚ ਪ੍ਰਾਚੀਨ ਧਰਮ ਜਾਂ ਦਰਸ਼ਨ ਆਪਣੇ ਪਰੰਪਰਾਗਤ ਸਰੂਪ ਦੀ ਰੱਖਿਆ ਲਈ ਯਤਨ ਕਰਦਾ ਹੈ ਅਤੇ ਨਵਾਂ ਮੱਤ ਪੁਰਾਣੇ ਮੱਤ ਦੀਆਂ ਕਮਜੋਰੀਆਂ ਨੂੰ ਉਘਾੜ ਕੇ ਉਹਨਾਂ ਉੱਪਰ ਆਪਣੀ ਵਿਸ਼ੇਸ਼ਤਾ ਅਤੇ ਪ੍ਰਭੁਤਾ ਸਥਾਪਿਤ ਕਰਦਾ ਹੈ। ਉਪਨਿਸ਼ਦ, ਪੁਰਾਣ ਆਦਿ ਰਚਨਾਵਾਂ ਇੱਕ ਪ੍ਰਕਾਰ ਦੀਆਂ ਦਾਰਸ਼ਨਿਕ ਅਤੇ ਧਾਰਮਿਕ ਗੋਸ਼ਟਾਂ ਦੀ ਲਿਖਤੀ ਵਿਵਰਣ ਹਨ। ਇਸੇ ਤਰ੍ਹਾਂ ਮਹਾਤਮਾ ਬੁੱਧ ਦੀਆਂ ਆਪਣੇ ਚੇਲਿਆਂ ਨਾਲ ਹੋਈ ਵਿਸ਼ਾ ਵਿਸ਼ਲੇਸ਼ਣ ਦੀਆਂ ਕਈ ਗੋਸ਼ਟਾਂ ਮਿਲਦੀਆਂ ਹਨ। ਨਾਥ-ਜੋਗੀਆਂ, ਭਗਤਾਂ ਸੰਤਾਂ ਬਾਰੇ ਬਹੁਤ ਸਾਰੀਆਂ ਗੋਸ਼ਟਾਂ ਉਪਲਬਧ ਹਨ, ਜਿਨ੍ਹਾਂ ਅਦਿਕਾਂਸ਼ ਅਪਭ੍ਰੰਸ਼ ਵਿਚ ਸਨ।

ਪੰਜਾਬੀ ਸਾਹਿਤ ਵਿਚ ਗੋਸ਼ਟਿ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ 'ਸਿੱਧ ਗੋਸ਼ਟਿ'ਲਿਖ ਕੇ ਕੀਤਾ, ਜਿਸ ਵਿਚ ਉਨ੍ਹਾਂ ਨੇ ਆਪਣੇ ਸਿਧਾਂਤ ਯੋਗ ਮੱਤ ਦੀ ਤੁਲਨਾ ਵਿਚ ਪੇਸ਼ ਕੀਤੇ । ਇਹ ਗੋਸ਼ਟਿ ਕਾਵਿ ਬੱਧ ਹੈ। ਵਾਰਤਕ ਵਿਚ ਗੋਸ਼ਟਿ ਲਿਖਣ ਦਾ ਆਰੰਭ ਜਨਮ ਸਾਖੀਆਂ ਤੋਂ ਹੁੰਦਾ ਹੈ। ਕਿਉਂਕਿ ਵਾਰਤਕ ਵਿਚ ਜੋਗੀਆਂ ਨਾਲ ਸਬੰਧਿਤ ਗੋਸ਼ਟਾਂ ਬਹੁਤ ਬਾਅਦ ਵਿਚ ਲਿਖੀਆਂ ਗਈਆਂ। ਜੋ ਅਧਿਕਤਰ ਅਪਭਰੰਸ਼ ਵਿਚ ਲਿਖੀਆਂ ਗਈਆਂ। ਇਹ ਹੀ ਗੁਰਮੁਖੀ ਸੰਸਕਰਨ ਸਨ। ਮੱਧ ਕਾਲ ਵਿਚ ਪੰਜਾਬੀ ਦੀਆਂ ਗੋਸ਼ਟਾਂ ਬਹੁਤ ਬਾਅਦ ਵਿਚ ਲਿਖੀਆਂ ਗਈਆਂ ਜੋ ਅਧਿਕਤਰ ਅਪਭਰੰਸ਼ ਵਿਚ ਲਿਖੀਆਂ ਗੋਸ਼ਟਾਂ ਦੇ ਹੀ ਗੁਰਮੁਖੀ ਸੰਸਕਰਨ ਸਨ। ਮੱਧ ਕਾਲ ਵਿਚ ਲਿਖੀਆਂ ਗਈਆਂ ਜੋ ਅਧਿਕਤਰ ਜਨਮ ਸਾਖੀਆਂ ਵਿਚ ਕਤਾ ਪ੍ਰਸ਼ੰਗ ਅਨੁਸਾਰ ਸੰਕਲਿਤ ਹੋਈਆਂ ਹਨ। ਮੱਧ ਕਾਲ ਵਿਚ ਗੋਸ਼ਟਾਂ ਦੋ ਰੂਪਾਂ ਵਿਚ ਸਾਹਮਣੇ ਆਇਆਂ। ਇੱਕ ਉਹ ਜਿਨ੍ਹਾਂ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਹੈ। ਇਹ ਅਧਿਕਤਰ ਜਨਮ ਸਾਖੀਆਂ ਵਿਚ ਕਤਾ ਪ੍ਰਸ਼ੰਗ ਅਨੁਸਾਰ ਸੰਕਲਿਤ ਹੋਈਆਂ ਹਨ। ਅਤੇ ਦੂਜੀ ਮਿਹਰਬਾਨ ਵਾਲੀ ਜਨਮ ਸਾਖੀ ਤਾਂ ਹੈ ਹੀ ਗੋਸ਼ਟਿ ਸੰਗ੍ਰਹਿ। ਕੁੱਝ ਗੋਸ਼ਟਾਂ ਸੁਤੰਤਰ ਰੂਪ ਵਿਚ ਵੀ ਮਿਲਦੀਆਂ ਹਨ। ਜਿਵੇਂ ਮੱਕੇ ਮਦੀਨੇ ਦੀ ਗੋਸ਼ਟਿ, ਕਾਰੂੰ ਨਾਲ ਗੋਸ਼ਟਿ। ਇਸ ਤਰ੍ਹਾਂ ਗੋਸ਼ਟਿ ਪੰਜਾਬ ਵਿਚ ਬਹੁਤ ਪ੍ਰਸਿੱਧ ਅਤੇ ਲੋਕਪ੍ਰਿਯ ਰਹੀ ਹੈ।

## ਬਚਨ ਸਰੂਪ ਅਤੇ ਲੱਛਣ:

ਅਠਾਰ੍ਹਵੀਂ ਸਦੀ ਦੀ ਪੰਜਾਬੀ ਵਾਰਤਕ ਦੇ ਕੁੱਝ ਪ੍ਰਮੁੱਖ ਰੂਪ ਰਹੇ ਹਨ ਜੋ ਇੱਕ ਨਿਵੇਕਲੀ ਵਾਰਤਕ ਵੰਨਗੀ ਹੈ। ਇਹਨਾਂ ਵੰਨਗੀਆਂ ਵਿਚੋਂ ਇੱਕ ਵਚਨ ਹੈ। ਬਚਨ ਸ਼ਬਦ ਸੰਸਕ੍ਰਿਤ ਸ਼ਬਦ 'ਵਚਨ' ਦਾ ਤਦਭਵ ਰੂਪ ਹੈ ਜਿਸਦਾ ਅਰਥ 'ਬੋਲ' ਹੈ। ਇਹ ਭਾਰਤੀ ਸਾਧਾਂ, ਸੰਤਾਂ ਅਤੇ ਗੁਰੂਆਂ ਨਾਲ ਸੰਬੰਧਿਤ ਹਨ। ਬਚਨ ਦੇ ਸਮਾਨਾਰਥੀ ਸ਼ਬਦ "ਸੁਖਨ" ਅਤੇ "ਕੌਲ" ਵੀ ਹਨ। ਸੁਖਨ ਦਾ ਸਬੰਧ ਮੁਸਲਮਾਨ ਪੀਰਾਂ, ਫ਼ਕੀਰਾਂ ਹੈ ਅਤੇ ਕੌਲ ਦਾ ਸਬੰਧ ਗੁਰਬਾਣੀ ਨਾਲ ਹੈ। ਇਹ ਵੰਨਗੀ ਰੂਪ ਨਾਲ ਸਾਧਾਂ, ਪੀਰਾਂ, ਫ਼ਕੀਰਾਂ ਦੇ ਅਧਿਆਤਮਿਕ ਵਿਚਾਰਾਂ ਅਰਥਾਤ ਅਧਿਆਤਮਿਕ ਬੋਲਾਂ ਨੂੰ ਕਲਮਬੱਧ ਕੀਤਾ ਗਿਆ ਹੈ.ਪੰਜਾਬੀ ਵਾਰਤਕ ਵਿਚੋਂ ਬਚਨ ਰੂਪ ਦਾ ਆਰੰਭ ਤਾਂ ਭਾਵੇਂ ਗੁਰੂ ਕਾਲ ਵਿੱਚ ਹੀ ਹੋ ਜਾਂਦਾ ਹੈ ਪਰ ਵਿਧੀਵਤ ਰੂਪ ਬਚਨ ਭਾਈ ਅੱਡਣਸ਼ਾਹੀ ਪਰੰਪਰਾ ਦੀ ਦੇਣ ਹੀ ਮੰਨੀ ਗਈ ਹੈ। ਇਹਨਾਂ ਦਾ ਰਚਨਾ-ਕਾਲ 1740 ਈ. ਤੋਂ 1750 ਈ. ਮੰਨਿਆ ਜਾਂਦਾ ਹੈ ਇਹਨਾਂ ਰਚਨਾਵਾਂ ਵਿੱਚ ਗੁਰੂਆਂ,ਸੰਤਾਂ ਅਤੇ ਸੂਫ਼ੀ ਦਰਵੇਸ਼ਾਂ ਦੇ ਬਚਨ ਜਾਂ ਉਪਦੇਸ਼ਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਪਿਆਰਾ ਸਿੰਘ ਪਦਮ ਨੇ "ਸੰਤ ਬਚਨਾਵਲੀ" ਪੁਸਤਕ ਵਿੱਚ ਚਾਰ ਪ੍ਰਕਾਰ ਦੇ ਬਚਨ ਸੰਗ੍ਰਹਿ ਕੀਤੇ ਹਨ।

ਮੱਧਕਾਲ ਵਿਚ ਲਿਖੀ ਗਈ ਵਾਰਤਕ ਵਿਚੋਂ ਇਸ ਵੰਨਗੀ ਨੂੰ ਅਹਿਮ ਸਥਾਨ ਪ੍ਰਾਪਤ ਹੈ। ਮੱਧ ਕਾਲ ਨੂੰ ਨਾਨਕ ਕਾਲ ਵੀ ਕਿਹਾ ਜਾਂਦਾ ਹੈ। ਵਿਦਵਾਨ ਇਸ ਕਾਲ ਦਾ ਸਮਾਂ 1500 ਤੋਂ 1850 ਤਕ ਮੰਨਦੇ ਹਨ। ਜੇ ਅਸੀਂ ਇਸ ਵਾਰਤਕ ਵੰਨਗੀ ਦੇ ਹੋਰ ਪਿਛੋਕੜ ਵੱਲ ਜਾਈਏ ਤਾਂ ਇਸ ਦਾ ਵਜੂਦ ਮਹਾਤਮਾ ਬੁੱਧ ਨਾਲ ਜੁੜਦਾ ਹੈ। ਸਮੇਂ ਸਮੇਂ 'ਤੇ ਮਹਾਤਮਾ ਬੁੱਧ ਉਨ੍ਹਾਂ ਦੇ ਅਨੁਆਈ, ਗੁਰੂਆਂ, ਅਤੇ ਪੀਰਾਂ ਫ਼ਕੀਰਾਂ ਵੱਲੋਂ ਜਿਹੜੇ ਉਪਦੇਸ਼ ਲੋਕਾਂ ਨੂੰ ਦਿੱਤੇ ਗਏ ਸਨ, ਉਹ ਸਾਹਿਤ ਦੇ ਪਿੜ ਵਿਚ ਇੱਕ ਵੱਖਰੇ ਰੂਪ ਵਜੋਂ ਜਾਣੇ ਜਾਣ ਲੱਗੇ। ਇਹ ਕਿੱਸਾ ਸੰਤ ਫ਼ਕੀਰ ਦੇ ਜਾਂ ਗੁਰੂਆਂ ਦੇ ਸਿੱਖਿਆ ਭਰੇ ਉਪਦੇਸ਼ ਜਾਂ ਬੋਲ ਵਚਨ ਅਖਵਾਏ ਜੋ ਕਿਸੇ ਪਰਮ ਸੱਚ ਦਾ ਉਲੇਖ ਕਰਦੇ ਸਨ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਗੁਰੂ ਜਾਂ ਅਵਤਾਰਾਂ ਵੱਲੋਂ ਮਨੁੱਖ ਜਾਤੀ ਨੂੰ ਦਿੱਤੇ ਗਏ ਉਪਦੇਸ਼ਾਂ ਜਾਂ ਉੱਚ ਮਿਆਰਾਂ ਨੂੰ ਲੋਕ ਬੋਲ ਅਤੇ ਸੰਖੇਪ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ। ਇਸ ਸੰਬੰਧੀ ਮਹਾਪੁਰਖਾਂ ਦੇ ਮੂੰਹਾਂ ਵਿਚੋਂ ਕੱਢੇ ਗਏ ਬਚਨਾਂ ਵਿਚ ਲੇਖਕਾਂ/ਸਾਹਿਤਕਾਰ ਵੱਲੋਂ ਅਜਿਹੀ ਬਿਰਤਾਂਤਿਕ ਅੰਸ਼ ਜੋੜੇ ਗਏ ਕਿ ਉਹ ਇੱਕ ਕਥਾ ਦੇ ਰੂਪ ਵਿੱਚ ਢਲ ਗਏ। ਪੰਜਾਬੀ ਸਾਹਿਤ ਦੇ ਇਸ ਰੂਪ ਨੂੰ ਫ਼ਾਰਸੀ ਵਿਚ ਮਲਫ਼ੂਜ਼ਾਤ ਜਾਂ ਅਕਵਾਲ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਦੇ ਸਮੇਂ ਵਿਚ ਇਹ ਰੁਚੀ ਵਧੇਰੇ ਬਚਨ ਕੋਈ ਵੱਖਰੀ ਕਥਾ ਦੇ ਰੂਪ ਵਿਚ ਉਪਲਬਧ ਨਹੀਂ ਹੈ ਪਰ ਆਉਣ ਵਾਲੇ ਯੁੱਗ ਖ਼ਾਸ ਕਰ ਕੇ ਭਗਤੀ ਲਹਿਰ ਦੇ ਯੁੱਗ ਵਿਚ ਇਹ ਵਿਧਾ ਕਾਫ਼ੀ ਪ੍ਰਫੁਲੱਤ ਅਤੇ ਲੋਕ-ਪ੍ਰਿਆ ਹੋਣ ਲੱਗੀ, ਰਸ, ਖਿੱਚ ਅਤੇ ਪ੍ਰਭਾਵ ਦੇ ਸਦਕਾ ਇਸ ਵਿਧਾ ਨੂੰ ਉਸ ਸਮੇਂ ਤੋਂ ਵੀ ਪਹਿਲਾਂ ਵੈਦਿਕ ਮੰਤਰਾਂ ਨਾਲੋਂ ਵੀ ਵਧੇਰੇ ਅਹਿਮੀਅਤ ਮਿਲਣ ਲੱਗੀ। ਇਸ ਦਾ ਮੁੱਖ ਕਾਰਨ ਇਹ ਸੀ ਕਿ 'ਬਚਨ' ਆਮ ਲੋਕਾਂ ਦੀ ਬੋਲੀ ਵਿਚ ਸਨ। ਅਤੇ ਲੋਕ ਉਨ੍ਹਾਂ

ਵਿਚਲੇ ਅਰਥ ਸਹਿਜਤਾ/ਆਸਾਨੀ ਨਾਲ ਗ੍ਰਹਿਣ ਕਰ ਲੈਂਦੇ ਸਨ। ਇਸ ਲਹਿਰ ਅਰਥਾਤ ਭਗਤੀ ਲਹਿਰ ਦੇ ਕਾਲ ਵਿਚ ਨਾਲ ਬਿਰਤਾਂਤਿਕ ਤੱਤ ਜੋੜਨ ਦਾ ਸਿਲਸਿਲਾ ਉਸੇ ਤਰ੍ਹਾਂ ਜਾਰੀ ਰਿਹਾ ਕਿਉਂਕਿ ਇਹ ਉਸ ਸਮੇਂ ਦੀ ਮੁੱਖ ਲੋੜ ਸੀ।

'ਬਚਨ' ਇੱਕ ਕਿਸਮ ਨਾਲ 'ਸੁਖ਼ਨ' ਦਾ ਹੀ ਪਰਿਆਇਵਾਚੀ ਸ਼ਬਦ ਹੈ ਪਰ ਥੋੜ੍ਹਾ ਬਹੁਤ ਅੰਤਰ ਵੀ ਹੈ। ਅੰਤਰ ਇਹ ਹੈ ਕਿ 'ਬਚਨ' ਜਿੱਥੇ ਭਾਰਤੀ ਸਾਧੂ, ਸੰਤਾਂ ਅਤੇ ਗੁਰੂਆਂ ਦਾ ਘਰ ਦੇ ਨਿਕਟਵਰਤੀ –ਮਹਾਪੁਰਖਾਂ ਨਾਲ ਸੰਬੰਧਿਤ ਹਨ, ਉੱਥੇ 'ਸੁਖਨ' ਦਾ ਸੰਬੰਧ ਮੁਸਲਮਾਨੀ ਸਭਿਅਤਾ ਨਾਲ ਹੈ। ਸੁਖਨ ਮੁਸਲਮਾਨੀ ਪੀਰਾਂ ਫ਼ਕੀਰਾਂ ਦੇ ਮੂੰਹੋਂ ਨਿਕਲੇ ਸ਼ੁੱਭ ਬੋਲ ਹਨ।

ਮੱਧਕਾਲ ਵਿਚ ਲਿਆਏ ਗਏ ਬਚਨਾਂ ਦੀ ਪ੍ਰਕਿਰਤੀ ਇੱਕੋ ਜਿਹੀ ਨਹੀਂ ਹੈ। ਕਈ ਬਚਨ ਤਾਂ ਅਜਿਹੇ ਵੀ ਹਨ ਜਿਨ੍ਹਾਂ ਵਿਚ ਬਿਰਤਾਂਤ ਦੀ ਅਣਹੋਂਦ ਹੈ। ਭਾਵ ਉਹ ਬਿਰਤਾਂਤ ਤੋਂ ਮੁਕਤ ਹਨ। ਜਿਹੜੇ ਕਿਸੇ ਥਾਂ ਦੇ ਅੰਤਰਗਤ ਨਹੀਂ ਆਉਂਦੇ। ਪਰ ਦੂਜੇ ਪਾਸੇ ਅਜਿਹੇ ਬਚਨ ਵੀ ਉਪਲਬਧ ਹਨ ਜਿਹੜੇ ਮਹਾਂਪੁਰਸ਼ਾਂ ਅਤੇ ਉਨ੍ਹਾਂ ਦੇ ਅਨੁਯਾਈਆਂ ਵਿਚਕਾਰ ਵਾਰਤਾਲਾਪ ਦੇ ਰੂਪ ਵਿਚ ਚੱਲਦੇ ਹਨ। ਜਿੱਥੇ ਜਗਿਆਸੂ ਵੱਲੋਂ ਮਹਾਂਪੁਰਸ਼ਾਂ ਨੂੰ ਆਪਣੀ ਜਗਿਆਸਾ ਸ਼ਾਂਤ ਕਰਨ ਲਈ ਸਵਾਲ ਪੁੱਛਿਆ ਜਾਂਦਾ ਸੀ। ਮਹਾਂਪੁਰਸ਼ ਉਸ ਸਵਾਲ ਦਾ ਰਹੱਸ ਖੋਲ੍ਹਦੇ ਸਨ। ਉਨ੍ਹਾਂ ਉੱਤਰਾਂ ਵਿਚ ਰੂਪਕ ਅਤੇ ਚਿੰਨ੍ਹਾਂ ਦੁਆਰਾ ਅਜਿਹੀ ਰੋਚਕਤਾ ਭਰੀ ਜਾਂਦੀ ਸੀ ਕਿ ਜਿਗਿਆਸੂ ਮੰਤਰ ਮੁਗਧ ਹੋ ਕੇ ਬਚਨ ਵਿਚਾਲੇ ਅਰਥਾਂ ਨੂੰ ਗ੍ਰਹਿਣ ਕਰਦਾ ਰਹਿੰਦਾ ਸੀ। ਵਾਰਤਾਲਾਪੀ ਅੰਸ਼ ਹੋਣ ਕਰ ਕੇ ਇਸ ਵੰਨਗੀ ਵਿੱਚ ਨਾਟਕੀਅਤਾ ਪੈਦਾ ਹੋ ਜਾਂਦੀ ਸੀ।

ਬਚਨ ਵੰਨਗੀ ਦੇ ਵਾਕ ਬਹੁਤੇ ਲੰਮੇ ਜਾਂ ਜਟਿਲ ਭਾਵ ਔਖੇ ਜਾਂ ਭਾਰੇ ਨਹੀਂ ਹੁੰਦੇ । ਇਹ ਨਿੱਕੇ ਅਤੇ ਇਕਹਿਰੇ ਹੁੰਦੇ ਸਨ। ਤਾਂ ਜੋ ਆਮ ਸਰੋਤ , ਪਾਠਕਾਂ ਦੀ ਸਮਝ ਵਿਚ ਆ ਸਕਣ। ਦੂਜੇ ਪਾਸੇ ਜਿਨ੍ਹਾਂ ਬਚਨਾਂ ਵਿਚ ਕਿਸੇ ਸਿਧਾਂਤ ਦੀ ਪਰਖ ਪੜ੍ਹੋਲ ਹੁੰਦੀ ਹੈ, ਉਸ ਵਿੱਚ ਦਲੀਲ ਅਤੇ ਨਿਰਏਜਨਕ ਢੰਗ ਨਾਲ ਮੁੱਖ ਵਿਸ਼ੇ ਨੂੰ ਖੋਲ੍ਹ ਕੇ ਸਮਝਾਇਆ ਜਾਂਦਾ ਹੈ। ਇਹਨਾਂ ਵਿੱਚ ਪਹਿਲਾਂ ਨਿੱਕੇ ਨਿੱਕੇ ਪ੍ਰਸ਼ਨ ਪੈਦਾ ਕਰ ਲਏ ਜਾਂਦੇ ਹਨ ਅਤੇ ਫਿਰ ਉਨ੍ਹਾਂ ਦਾ ਉੱਤਰ ਵੀ ਸਪਸ਼ਟ ਕਰ ਦਿੱਤਾ ਜਾਂਦਾ ਹੈ।

ਬਚਨ ਅਖਾਣਾਂ ਵਾਂਗ ਸੰਜਮ ਭਰਪੂਰ ਹੁੰਦੇ ਹਨ ਅਤੇ ਸੰਖੇਪ ਵੀ। ਇਹ ਲੋਕ ਸਿਮ੍ਰਿਤੀ ਦਾ ਅੰਗ ਬਣ ਕੇ ਜਿਗਿਆਸੂਆਂ ਦੀ ਜਿਗਿਆਸਾ ਦੂਰ ਕਰਦੇ ਹਨ ਅਤੇ ਅਨੁਯਾਈਆਂ ਦਾ ਮਾਰਗ ਦਰਸ਼ਨ ਕਰਦੇ ਹਨ। ਪੰਜਾਬੀ ਵਿੱਚ ਇਹਨਾਂ ਦੇ ਬਹੁਤੇ ਸੰਗ੍ਰਹਿ ਉਪਲਬਧ ਨਹੀਂ ਹਨ ਪਰੰਤੂ ਵਿਚ ਵੀ ਸਾਨੂੰ 'ਜਨਮ-ਸਾਖੀਆਂ ਅਤੇ 'ਗੋਸ਼ਟਾਂ ਵਿੱਚ ਇਸ ਵੰਨਗੀ ਦੇ ਨਮੂਨੇ ਮਿਲ ਜਾਂਦੇ ਹਨ। ਇਸ ਤੋਂ ਜ਼ਾਹਿਰ ਹੈ ਕਿ ਇਸ ਵੰਨਗੀ ਦਾ ਅਰੰਭ ਮੱਧ-ਕਾਲ ਵਿੱਚ ਹੀ ਹੋ ਗਿਆ ਸੀ। ਨਵੀਂ ਖੋਜ ਦੱਸਦੀ ਹੈ ਕਿ ਵਿਧੀਵਤ ਰੂਪ ਵਿੱਚ ਅੱਡਣਸ਼ਾਹੀ ਪ੍ਰਥਾ ਸਮੇਂ ਇਸ ਵੰਨਗੀ ਨੂੰ ਪ੍ਰਮਾਣਿਕਤਾ ਮਿਲਣੀ ਸ਼ੁਰੂ ਹੋ ਗਈ ਸੀ ਜਦੋਂ ਵੱਖ-ਵੱਖ ਗੁਰੂ ਸਾਹਿਬਾਨ ਜਾਂ ਮਹਾਂਪੁਰਖਾਂ ਦੇ ਬਚਨਾਂ ਨੂੰ ਬਚਨ ਗੋਬਿੰਦ ਲੋਕਾਂ ਕੇ ਨਾਂ ਦੀ ਪੁਸਤਕ ਵਿੱਚ ਸੰਕਲਿਤ ਕੀਤਾ ਗਿਆ ਸੀ।ਇਹ ਪੁਸਤਕ ਪੰਜਾਬੀ ਜਨ-ਜੀਵਨ ਨੂੰ ਨੈਤਿਕ ਕਦਰਾਂ-ਕੀਮਤਾਂ, ਸਤਾਈ ਤੇ ਸ਼ੁੱਭ ਕਾਰਜਾਂ ਨਾਲ ਜੁੜਨ ਦਾ ਉਪਦੇਸ਼ ਦਿੰਦੀ ਹੈ। ਇਹ ਪੁਸਤਕ ਹੱਥ ਲਿਖਤ ਰੂਪ ਵਿੱਚ ਉਪਲਬਧ ਹੈ। ਗੁਰੂ ਸਾਹਿਬਾਨ ਦੇ ਬਚਨਾਂ ਨੂੰ ਖ਼ੁਦ ਗੁਰੂਆਂ ਜਾਂ ਹੋਰ ਲਿਖਾਰੀਆਂ ਨੇ ਹੱਥ ਲਿਖਤ ਬੀੜਾਂ ਦੇ ਅੰਤ ਵਿੱਚ ਸੰਕਲਿਤ ਕੀਤਾ। ਸਾਖੀਆਂ ਅੱਡਣ ਸ਼ਾਹ ਵਿੱਚ ਵੀ 'ਗੋਬਿੰਦ ਲੋਕਾਂ ਦੇ ਬਚਨ ਮਿਲਦੇ ਹਨ। ਬਚਨਾਂ ਦਾ ਕੇਂਦਰੀ ਵਿਸ਼ਾ-ਵਸਤੂ ਸਿੱਖੀ ਰਹਿਤ ਮਰਯਾਦਾ ਦਾ ਪਾਲਣ ਕਰਨ ਉੱਪਰ ਆਧਾਰਿਤ ਹੈ। ਬਹੁਤੇ ਬਚਨ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਮਨੁੱਖਾ ਜਨਮ ਦੀ ਵਡਿਆਈ ਕੀਤੀ ਮਿਲਦੀ ਹੈ ਅਤੇ ਮਨੁੱਖ ਨੂੰ ਲੋਭ ਲਾਲਚ ਦੀ ਭਾਵਨਾ ਦਾ ਤਿਆਗ ਕਰ ਕੇ ਪਰਮਾਤਮਾ ਤੇ ਅਟੱਲ ਭਰੋਸਾ ਰੱਖਣ ਦੀ ਪ੍ਰੇਰਨਾ ਦਿੱਤੀ ਗਈ ਹੈ। ਪਿਆਰਾ ਸਿੰਘ ਪਦਮ ਨੇ ਬਹੁਤ ਸਾਰੇ ਬਚਨਾਂ ਨੂੰ ਆਪਣੀ ਪੁਸਤਕ ਬਚਨ ਸਾਈ ਲੋਕਾਂ ਦੇ ਵਿੱਚ ਸੰਭਾਲਿਆ ਹੈ।

ਭਾਵੇਂ ਬਚਨਾਂ ਦੀ ਭਾਸ਼ਾ ਦਾ ਮੂਲ ਪਿੰਡਾ ਪੰਜਾਬੀ ਹੀ ਹੁੰਦਾ ਹੈ ਪਰ ਕਿਉਂਕਿ ਜਦੋਂ ਇਹ ਬਚਨ ਬੋਲੇ ਜਾ ਲਿਖਤੀ ਰੂਪ ਵਿੱਚ ਸੰਭਾਲੇ ਗਏ ਸਨ ਉਸ ਸਮੇਂ ਪੰਜਾਬੀ ਭਾਸ਼ਾ ਉੱਪਰ ਸੰਸਕ੍ਰਿਤ, ਬ੍ਰਜੀ, ਲਹਿੰਦੀ, ਫ਼ਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਪ੍ਰਭਾਵ ਅਧਿਕ ਸੀ, ਇਸ ਲਈ ਕਈ ਬਚਨਾਂ ਉੱਪਰ ਇਹ ਬਹੁਭਾਸ਼ਾਈ ਰੰਗ ਚੜ੍ਹਿਆ ਹੋਇਆ ਵੇਖਿਆ ਜਾ ਸਕਦਾ ਹੈ। ਜਿਵੇਂ;

ਬਚਨ ਗੋਬਿੰਦ ਲੋਕਾਂ ਦੇ

ਬਚਨ ਗੁਰਮੁਖਾਂ ਕੇ

ਸੁਖਨ ਫ਼ਕੀਰਾਂ ਦੇ

ਇਸ ਵੰਨਗੀ ਦੇ ਸਾਹਿਤ ਦਾ ਇੱਕ ਨਮੂਨਾ "ਭਾਈ ਪੈਹੰਦਾ ਵਾਲੀ ਬੀੜ" ਵਿੱਚ ਸੁਰੱਖਿਅਤ ਹੈ। ਇਸ ਵੰਨਗੀ ਨੂੰ ਸਾਖੀ "ਗੁਰੂ ਅਮਰਦਾਸ ਜੀ" ਦੇ ਸਿਰਲੇਖ ਹੇਠ ਅੰਕਿਤ ਕੀਤਾ ਗਿਆ ਹੈ। ਇਹ ਇੱਕ ਤਰ੍ਹਾਂ ਨਾਲ ਸਿੱਖਾਂ ਦਾ ਰਹਿਤਨਾਮਾ ਹੈ। ਇਸ ਦੀ ਉਦਾਹਰਨ ਹੈ:- "ਸ੍ਰੀ ਸਤਿਗੁਰੂ ਬੋਲਿਆ ਜੁ ਪੰਜਿ ਕੰਮ ਨਾ ਕਰੈ ਅਤੇ ਪੰਜਿ ਕੰਮ ਕਰੈ ਜੇ ਗੁਰੂ ਕਰਾਵੈ। ਨਾ ਕਰੇ ਪੰਜਿ ਕੰਮ। ਪਰ ਦਰਬ ਨ ਹਿਰੈ। ਪਰ ਇਸਤ੍ਰੀ ਨ ਰਵੈ। ਪਰ ਨਿੰਦਾ ਨ ਕਰੈ। ਜੂਆ ਨ ਖੇਲੈ। ਮਦ ਮਾਸ ਨ ਖਾਇ। ਪੰਜਿ ਕੰਮ ਕਰੈ ਸੁ ਜੀਵਨ ਮੁਕਤਿ ਹੈ: ਸੰਗਤਿ ਨਿਤ

ਜਾਇ ਕਿਛ ਮੁਹ ਪਾਵਣੈ ਨੇ ਲੈ ਜਾਇ। ਅਤੇ ਆਰਤੀ ਕੀਰਤਨ ਸੁਣੈ ਸਵੈ। ਅਰਥੀ ਤੇ ਦੁਖੀਐ ਨਿਮਾਣੇ ਕੋ ਮਾਣੁ ਕੋ ਦੇਇ ਪਰਉਪਕਾਰ ਕਰਾਵੈ ਲੋਚੈ। ਜਿਸ ਨੇ ਕੁੜਮਾਈ ਕੋਈ ਨ ਕਰੈ ਤਿਸ ਕੋ ਪੁੰਨ ਅਰਥ ਲੋਚਿ ਕਰਿ ਕਰਾਵੈ ਅਕੈ ਆਪਿ ਕਰੈ। ਸਭਨਾ ਜੀਆ ਕਾ ਭਲਾ ਮਨਾਵੈ ਕੋਈ ਦੁਖੈ ਨਾਹੀ ਆਤਮਾ ਬ੍ਰਹਮ ਪਛਾਣੈ। ਵਡੀ ਪੂਜਾ ਏਹਾ ਹੈ।

## ਸਾਰਾਂਸ਼

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਮੱਧਕਾਲੀ ਪੰਜਾਬੀ ਸਾਹਿਤ ਵਿਚ ਪ੍ਰਾਪਤ ਹੋਣ ਵਾਲੇ ਵਾਰਤਕ ਰੂਪ ਚਾਹੇ ਧਾਰਮਿਕ ਉਪਦੇਸ਼ ਆਤਮਿਕ ਪੱਖ ਤੋਂ ਹੀ ਆਪਣੀ ਪੇਸ਼ਕਾਰੀ ਕਰਦਾ ਰਿਹਾ। ਪਰ ਇਸਦੇ ਰੂਪ ਪੱਖ ਕਾਫ਼ੀ ਉੱਤਮ ਪੱਧਰ ਦਾ ਰਿਹਾ ਹਾਂ ਜਿਵੇਂ ਕਿ ਇਹ ਪੰਜਾਬੀ ਵਾਰਤਕ ਦਾ ਮੁੱਢਲਾ ਦੌਰ ਸੀ ਫਿਰ ਵੀ ਇਸ ਨੇ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਤੋਂ ਹੀ ਅੱਗੇ ਚੱਲ ਕੇ ਪੰਜਾਬੀ ਵਾਰਤਕ ਆਪਣਾ ਵਿਕਾਸ ਕਰਦੀ ਹੋਈ ਆਧੁਨਿਕ ਵਾਰਤਕ ਦੇ ਵਿਭਿੰਨ ਪਾਸਾਰ ਨੂੰ ਸਫਲਤਾ ਪੂਰਵਕ ਪੇਸ਼ ਕਰਨ ਵਿਚ ਕਾਮਯਾਬ ਹੋਈ ਹੈ। ਸੋ ਅਸੀਂ ਕਹਿ  ਸਕਦੇ ਹਾਂ ਕਿ ਮੱਧਕਾਲੀ ਪੰਜਾਬੀ ਵਾਰਤਕ ਦੀ ਸ਼ੁਰੂਆਤ ਪੰਜਾਬੀ ਸਾਹਿਤ ਦੇ ਆਗਾਜ਼ ਵਿਚ ਕਾਫ਼ੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

## ਕੇਂਦਰੀ ਸ਼ਬਦ

**ਗੋਸ਼ਟਿ-** ਦੋ ਮਹਾਂਪੁਰਖਾ ਵਿਚਕਾਰ ਹੋਣ ਵਾਲੇ ਸੰਵਾਦ ਜਾਂ ਚਰਚਾ ਨੂੰ ਗੋਸਟਿ ਕਿਹਾ ਜਾਂਦਾ ਹੈ। ਇਹ ਦਾਰਸ਼ਨਿਕ ਕਿਸਮ ਦੀ ਰਚਨਾ ਹੈ, ਜਿਸ ਵਿਚ ਵਿਦਵਾਨ ਕਿਸੇ ਅਧਿਆਤਮਕ ਨੁਕਤੇ ਬਾਰੇ ਗੱਲਬਾਤ ਕਰਕੇ ਉਸ ਰਚਨਾ ਦੀ ਵਿਆਖਿਆ ਕਰਦੇ ਹਨ।

**ਬਚਨ-** ਮਹਾਂਪੁਰਸ਼ਾਂ ਦੇ ਮੁਹੋਂ ਨਿਕਲਣ ਵਾਲੇ ਸਿਖਿਆਦਾਈ ਅਤੇ ਉਪਦੇਸ਼ਮਈ ਸ਼ਬਦ।

**ਪਰਮਾਰਥ-** ਸਾਹਿਤ ਦੀ ਇਕ ਅਜਿਹਾ ਰੂਪ ਹੈ, ਜਿਸ ਵਿਚ ਕਿਸੇ ਸ਼ਾਸਤ੍ਰੀਯ, ਜਟਿਲ, ਸੂਤ੍ਰਿਕ, ਸੂਕਮ, ਭਾਵੀ, ਰੱਹਸਮਈ ਤੇ ਉਤਕ੍ਰਿਸ਼ਟ ਰਚਨਾ ਦੇ ਅਰਥ-ਬੋਧ ਨੂੰ ਜਾਣੂ ਕਰਵਾਇਆ ਜਾਂਦਾ ਹੈ।

**ਸੁਖਨ-** ਮੁਸਲਮਾਨ ਫਕੀਰਾਂ ਦੇ ਮੂਹੋਂ ਨਿਕਲਣ ਵਾਲੇ ਸਿੱਖਿਆਦਾਈ ਅਤੇ ਉਪਦੇਮਈ ਸ਼ਬਦ।

**ਜਨਮਸਾਖੀ-** ਮੱਧਕਾਲ ਵਿਚ ਗੁਰੂਆਂ ਤੇ ਮਹਾਂਪੁਰਸ਼ਾਂ ਦੀਆਂ ਜੀਵਨ ਸੰਬੰਧੀ ਜਾਣਕਰੀ ਦੇਣ ਵਾਲਾ ਵਾਰਤਕ ਰੂਪ।

## ਸਵੈ-ਮੁਲਾਂਕਣ

**ਪ੍ਰਸ਼ਨ 1. ਜਨਮਸਾਖੀ ਤੋਂ ਕੀ ਭਾਵ ਹੈ?**

ੳ) ਆਮ ਇਨਸਾਨ ਦੀ ਜੀਵਨੀ

ਅ) ਖਾਸ ਇਨਸਾਨ ਦੀ ਜੀਵਨੀ

ੲ) ਗੁਰੂ ਸਹਿਬਾਨਾਂ ਦੀ ਜੀਵਨੀ

ਸ) ਉਪਰੋਤਕ ਕੋਈ ਨਹੀਂ

**ਪ੍ਰਸ਼ਨ 2. ਗੋਸ਼ਟਿ ਤੋਂ ਕੀ ਭਾਵ ਹੈ?**

ੳ) ਦੋ ਲੋਕਾਂ ਵਿਚਕਾਰ ਹੋਣ ਵਾਲੀ ਗੱਲਬਾਤ

ਅ) ਦੋ ਮਹਾਂਪੁਰਸ਼ਾਂ ਵਿਚ ਹੋਣ ਵਾਲੀ ਵਿਚਾਰ ਚਰਚਾ।

ੲ) ਦੋ ਮਹਾਂਪੁਰਸ਼ਾਂ ਵਿਚ ਹੋਣ ਵਾਲੀ ਬਹਿਸ।

ਸ) ਦੋ ਮਹਾਂਪੁਰਸ਼ਾਂ ਦੀ ਆਪਸੀ ਜਾਣ ਪਹਿਚਾਣ।

**ਪ੍ਰਸ਼ਨ 3. ਪੰਜਾਬੀ ਵਿਚ ਗੋਸ਼ਟਿ ਦਾ ਆਰੰਭ ਕਿਸ ਦੀ ਰਚਨਾ ਨਾਲ ਹੋਇਆ ?**

ੳ) ਗੋਰਖ ਨਾਥ ਨਾਲ

ਅ) ਮਚੰਦਰ ਨਾਲ ਨਾਲ

ੲ) ਗੁਰੂ ਨਾਨਕ ਦੇਵ ਨਾਲ

ਸ) ਬਾਬਾ ਫਰੀਦ ਨਾਲ

**ਪ੍ਰਸ਼ਨ 4. ਪੰਜਾਬੀ ਦੀ ਪਹਿਲੀ ਗੋਸ਼ਟਿ ਕਿਹੜੀ ਸੀ?**

ੳ) ਗੋਸ਼ਚਿ ਬਾਬਾ ਨਾਨਕ

ਅ) ਸਿੱਧ ਗੋਸ਼ਟਿ

ੲ) ਉਪਰੋਕਤ ਦੋਵੇਂ।

ਸ) ਕੋਈ ਨਹੀਂ।

**ਪ੍ਰਸ਼ਨ 5. ਟੀਕਾ ਸਾਹਿਤ ਦੀ ਕਿਸ ਵਿਧਾ ਵਿਚ ਲਿਖਿਆ ਜਾਂਦਾ ਹੈ?**

ੳ) ਕਵਿਤਾ

ਅ) ਨਾਟਕ

ੲ) ਨਾਵਲ

ਸ) ਵਾਰਤਕ

**ਪ੍ਰਸ਼ਨ 6. ਪਰਮਾਰਥ ਤੋਂ ਕੀ ਭਾਵ ਹੈ?**

ੳ) ਕਿਸੇ ਰਚਨਾ ਬਾਰੇ ਜਾਣਕਾਰੀ।

ਅ) ਕਿਸੇ ਰਚਨਾ ਦੀ ਵਿਆਖਿਆ ਕਰਨਾ।

ੲ) ਕਿਸੇ ਰਚਨਾ ਦੇ ਲੇਖਕ ਬਾਰੇ ਦੱਸਣਾ।

ਸ) ਕਹਾਣੀ ਦੀ ਵਿਧਾ ਬਾਰੇ ਦੱਸਣਾ।

**ਪ੍ਰਸ਼ਨ 7. ਸਭ ਤੋਂ ਪੁਰਾਣਾ ਟੀਕਾ ਕਿਸ ਦੁਆਰਾ ਕੀਤਾ ਮਿਲਦਾ ਹੈ?**

ੳ) ਗੁਰੂ ਨਮਾਨਕ ਦਾ

ਅ) ਪ੍ਰਿਥੀ ਚੰਦ ਦਾ

ੲ) ਗੁਰੂ ਅੰਗਦ ਦੇਵ ਦਾ

ਸ) ਸੋਢੀ ਮਹਿਰਬਾਨ ਦਾ

**ਪ੍ਰਸ਼ਨ 8. ਪੰਜਾਬੀ ਵਿਚ ਪਹਿਲਾ ਟੀਕਾ ਕਿਸ ਰਚਨਾ ਦੀ ਕੀਤਾ ਗਿਆ?**

ੳ) ਫਰੀਦ ਦੇ ਸ਼ਲੋਕਾਂ ਦਾ

ਅ) ਜਪੁ ਜੀ ਦਾ

ੲ) ਆਸਾ ਦੀ ਵਾਰ ਦਾ

ਸ) ਨਾਨਕਸ਼ਾਹੀ ਦਾ

**ਪ੍ਰਸ਼ਨ 9. ਬਚਨ ਸ਼ਬਦ ਕਿਸ਼ ਭਾਸ਼ਾ ਦਾ ਤਤਭਵ ਸ਼ਬਦ ਹੈ?**

ੳ) ਫਾਰਸੀ

ਅ) ਅਰਬੀ

ੲ) ਪੰਜਾਬੀ

ਸ) ਸੰਸਕ੍ਰਿਤ

**ਪ੍ਰਸ਼ਨ 10. ਬਚਨ ਤੋ ਸੁਖਨ ਵਿਚ ਕੀ ਅੰਤਰ ਹੈ?**

ੳ) ਦੋਵੇ ਸਮਾਨਅਰਥੀ ਸ਼ਬਦ ਹਨ।

ਅ) ਦੋਵਾਂ ਦੇ ਅੱਲਗ ਅੱਲਗ ਕਾਰਜ ਹਨ।

ੲ) ਦੋਵੇ ਵਿਰੋਧੀ ਸ਼ਬਦ ਹਨ।

ਸ) ਉਪਰੋਕਤ ਕੋਈ ਨਹੀਂ

**ਪ੍ਰਸ਼ਨ 11. ਸੁਖਨ ਦਾ ਸਬੰਧ ਕਿਸ ਨਾਲ ਹੈ?**

ੳ) ਗੁਰੂਆਂ ਦੇ ਬੋਲਾਂ ਨਾਲ

ਅ) ਪੀਰਾਂ ਫਕੀਰਾਂ ਦੇ ਬੋਲਾਂ ਨਾਲ

ੲ) ਜੋਗੀਆਂ ਦੇ ਬੋਲਾਂ ਨਾਲ

ਸ) ਭਗਤਾਂ ਦੇ ਬੋਲਾਂ ਨਾਲ

**ਪ੍ਰਸ਼ਨ 12. ਸੰਤ ਬਚਨਾਵਲੀ ਕਿਸ ਦੀ ਪੁਸਤਕ ਹੈ?**

ੳ) ਗੁਰਦੇਵ ਸਿੰਘ

ਅ) ਰਤਨ ਸਿੰਘ ਜੱਗੀ

ੲ) ਪਰਮਿੰਦਰ ਸਿੰਘ

ਸ) ਪਿਆਰਾ ਸਿੰਘ ਪਦਮ

**ਪ੍ਰਸ਼ਨ 13. ਮੱਧਕਾਲ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?**

ੳ) ਫਰੀਦ ਕਾਲ

ਅ) ਅਕਬਰ ਕਾਲ

ੲ) ਨਾਨਕ ਕਾਲ

ਸ) ਕੋਈ ਨਹੀਂ

**ਪ੍ਰਸ਼ਨ 14. ਬਾਈ ਅਡਣਸਾਹ ਨੇ ਵਾਰਤਕ ਦੀ ਕਿਸ ਵਿਧਾ ਵਿਚ ਰਚਨਾ ਕੀਤੀ?**

ੳ) ਬਚਨ

ਅ) ਜਨਮਸਾਖੀ

ੲ) ਗੋਸ਼ਟਿ

ਸ) ਟੀਕਾ

**ਪ੍ਰਸ਼ਨ 15. 1526 ਤੋਂ 1708 ਵਿਚਕਾਰ ਅਰਥਾਤ ਮੱਧਕਾਲ ਵਿਚ ਲਿਖੇ ਗਏ ਟੀਕੇ ਸਨ।**

ੳ) ਸਿਧ ਗੋਸ਼ਟਿ ਟੀਕਾ

ਅ) ਟੀਕਾ ਦਖਣੀ ਓਕਾਂਰ

ੲ) ਉਪਰੋਕਤ ਦੋਵੇਂ

ਸ) ਕੋਈ ਨਹੀਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੲ** | **2 ਅ** | **3. ੲ** | **4. ਅ** | **5. ਸ** |
| **6. ਅ** | **7. ਸ** | **8. ਅ** | **9. ਸ** | **10. ੳ** |
| **11. ਅ** | **12. ਸ** | **13. ੲ** | **14. ੳ** | **15. ੲ** |

## ਅਭਿਆਸ ਪ੍ਰਸ਼ਨ

ਪ੍ਰਸ਼ਨ 1. ਬਚਨ ਦੀ ਪਰਿਭਾਸ਼ਾ ਦਿਉ।

ਪ੍ਰਸ਼ਨ 2. ਬਾਬੇ ਨਾਨਕ ਨਾਲ ਸੰਬੰਧਿਤ ਗੋਸ਼ਟਿ ਦਾ ਨਾਮ ਲਿਖੋ।

ਪ੍ਰਸ਼ਨ 3. ਜਨਮ ਸਾਖੀ ਤੋਂ ਕੀ ਭਾਵ ਹੈ?

ਪ੍ਰਸ਼ਨ 4. ਸਭ  ਤੋਂ ਵੱਧ ਕਿਸ ਜਨਮ ਸਾਖੀ ਦੀ ਚਰਚਾ ਹੁੰਦੀ ਹੈ?

ਪ੍ਰਸ਼ਨ 5. ਸੁਖਨ ਤੋਂ ਕੀ ਭਾਵ ਹੈ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ


- https://punjabipedia.org/topic.aspx?txt=%E0%A8%9C%E0%A8%A8%E0%A8%AE%E0%A8%B8%E0%A8%BE%E0%A8%96%E0%A9%80+%E0%A8%AA%E0%A8%B0%E0%A9%B0%E0%A8%AA%E0%A8%B0%E0%A8%BE&k=4
- https://pa.wikipedia.org/wiki/%E0%A8%AA%E0%A8%B0%E0%A8%AE%E0%A8%BE%E0%A8%B0%E0%A8%A5
- https://punjabipedia.org/topic.aspx?txt=%E0%A8%97%E0%A9%8B%E0%A8%B8%E0%A8%9F%E0%A8%BF&k=4
- https://punjabipedia.org/topic.aspx?txt=%E0%A8%AC%E0%A8%9A%E0%A8%A8&k=4

**Dr.** *Satwant Singh*, **Lovely Professional University**

# ਅਧਿਆਇ-12 : ਮੁੱਢਲੀ ਪੰਜਾਬੀ ਵਾਰਤਕ ॥

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਹੁਕਮਨਾਮਾ ਦਾ ਸਰੂਪ ਤੇ ਲੱਛਣ
4. ਪਰਚੀਆਂ ਦਾ ਸਰੂਪ ਤੇ ਲੱਛਣ
5. ਟੀਕਾ ਦਾ ਸਰੂਪ ਤੇ ਲੱਛਣ
6. ਅਨੁਵਾਦ ਪਰੰਪਰਾ ਦਾ ਸਰੂਪ ਤੇ ਲੱਛਣ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਮੱਧਕਾਲੀ ਵਾਰਤਕ ਰੂਪਾਕਾਰਾਂ ਵਿਚੋਂ ਹੁਕਮਨਾਮਾ ਦੇ ਸਾਹਿਤਕ ਰੂਪ ਬਾਰੇ ਜਾਣ ਸਕਣਗੇ
- ਵਾਰਤਕ ਰੂਪ ਪਰਚੀਆਂ ਸੰਬੰਧੀ ਜਾਣ ਸਕਣਗੇ
- ਟੀਕੇ ਦੇ ਅਰਥਾਂ ਅਤੇ ਰੂਪ ਬਾਰੇ ਜਾਣ ਸਕਣਗੇ
- ਅਨੁਵਾਦ ਦਾ ਮੱਧਕਾਲੀ ਵਾਰਰਕ ਵਿਚ ਯੋਗਦਾਨ ਨੂੰ ਜਾਣ ਸਕਣਗੇ

## ਭੂਮਿਕਾ

ਪੁਰਾਤਨ ਗੱਦ ਦੇ ਵਿਕਾਸ ਨਾਲ ਹੀ ਅਸੀਂ ਪੰਜਾਬੀ ਗੱਦ ਦੇ ਸੋਨ-ਸੁਨਹਿਰੀ ਕਾਲ ਵਿੱਚ ਪ੍ਰਵੇਸ਼ ਕਰਦੇ ਹਾਂ। ਇਹ ਅਠਾਰ੍ਹਵੀ-ਸਦੀਂ ਦਾ ਵਾਰਤਕ ਹੈ। ਮੱਧਕਾਲ ਦੀ ਵਾਰਤਕ ਵਿੱਚ ਰਾਜਸੀ, ਰੋਮਾਂਟਿਕ ਤੇ ਅਧਿਆਤਮਿਕ ਵਿਸ਼ੇ ਛੂਹੇ ਗਏ। ਜੀਵਨੀਆਂ ਤੇ ਜਨਮ-ਸਾਖੀਆਂ ਦੀਆਂ ਕਈ ਪ੍ਰਤੀਆਂ ਲਿਖੀਆਂ ਗਈਆਂ। ਹਿੰਦੂ ਤੇ ਮੁਸਲਮਾਨੀ ਧਾਰਮਿਕ ਸਾਹਿਤ ਦੀ ਵੀ ਕਾਫ਼ੀ ਰਚਨਾ ਹੋਈ। ਭਗਵਤ ਪੁਰਾਣ, ਭਗਵਤ ਗੀਤਾ, ਉਪਨਿਸ਼ਦਾਂ, ਵਿਸ਼ਨੂੰ ਪੁਰਾਣ ਆਦਿ ਦੇ ਉੱਲੇਖ ਕੀਤੇ ਗਏ ਤੇ ਲੋਕ-ਕਹਾਣੀਆਂ ਰਚੀਆਂ ਗਈਆਂ। ਹਜ਼ਰਤ ਮੁਹੰਮਦ ਸਾਹਿਬ ਤੇ ਭਗਤ ਰਵਿਦਾਸ ਦੀਆਂ ਜੀਵਨੀਆਂ ਰਚੀਆਂ ਗਈਆਂ, ਭਾਈ ਮਨੀ ਸਿੰਘ ਨੇ 'ਗਿਆਨ ਰਤਨਾਵਲੀ' ਤੇ ਸਿੱਖਾਂ ਦੀ ਭਗਤ ਮਾਲਾ ਲਿਖੀਆਂ ਗਈਆਂ ਹਨ। ਮੱਧਕਾਲੀਨ ਵਾਰਤਕ ਦੀਆਂ ਮੁੱਖ ਰੂਪ ਵਿੱਚ ਸਾਖੀਆਂ ਜਾਂ ਜਨਮ-ਸਾਖੀਆਂ, ਗੋਸ਼ਟਾਂ, ਬਚਨ, ਟੀਕੇ ਜਾਂ ਨਾਮਾ ਆਦਿ, ਫੁਟਕਲ ਜਿਨ੍ਹਾਂ ਵਿੱਚ ਭਿੰਨ-ਭਿੰਨ ਵਿਸ਼ਿਆਂ ਉੱਤੇ ਬਹੁਤ ਕੁੱਝ ਲਿਖਿਆ ਮਿਲਦਾ ਹੈ ਅਤੇ ਅਨੁਵਾਦ ਪ੍ਰਸਿੱਧ ਵੰਨਗੀਆਂ ਤੇ ਰੂਪ ਹਨ।

ਵਾਰਤਕ ਦੇ ਕੁੱਝ ਰੂਪਾਕਾਰ ਦੇ ਲੱਛਣਾਂ ਅਤੇ ਸਰੂਪ ਬਾਰੇ ਗੱਲਬਾਤ ਅਸੀਂ ਅਧਿਆਇ 11 ਵਿਚ ਕਰ ਆਏ ਹਾਂ ਇਸ ਅਧਿਆਇ ਵਿਚ ਮੱਧਕਾਲ ਦੇ ਕੁੱਝ ਹੋਰ ਰੂਪਾਕਾਰ ਨੂੰ ਵਿਚਾਰਾਂਗੇ। ਜਿਵੇਂ ਹੁਕਮਨਾਮਾ, ਪਰਚੀਆਂ, ਟੀਕਾ ਅਤੇ ਅਨੁਵਾਦ।

## ਹੁਕਮਨਾਮਾ/ਰਹਿਤਨਾਮਾ ਸਰੂਪ ਅਤੇ ਲੱਛਣ:

ਹੁਕਮਨਾਮਾ ਪੁਰਾਤਨ ਪੰਜਾਬੀ ਵਾਰਤਕ ਦਾ ਨਮੂਨਾ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਹੁਕਮਨਾਮਾ ਸ਼ਬਦ ਅਰਬੀ 'ਹੁਕਮ' ਅਤੇ ਫ਼ਾਰਸੀ 'ਨਾਮਹ' ਸ਼ਬਦ ਦਾ ਸੰਯੁਕਤ ਰੂਪ ਹੈ ਅਤੇ ਇਸਦਾ ਸਾਧਾਰਨ ਅਰਥ ਹੈ 'ਫ਼ਰਮਾਇਸ਼ ਵਾਲਾ ਪੱਤਰ' ਇੱਕ ਅਜਿਹਾ ਪੱਤਰ ਜਿਸ ਰਾਹੀਂ ਸਮੁੱਚੀ ਸੰਗਤ ਨੂੰ ਕੋਈ ਆਦੇਸ਼ ਦਿੱਤਾ ਜਾਵੇ। ਸਿੱਖ ਗੁਰੂਆਂ,ਹੋਰ ਧਾਰਮਿਕ ਆਗੂਆਂ ਦੁਆਰਾ ਆਪਣੇ ਸ਼ਰਧਾਲੂਆਂ ਨੂੰ ਲਿਖੇ ਗਏ ਪੱਤਰ ਨੂੰ ਵੀ ਹੁਕਮਨਾਮਾ ਕਿਹਾ ਜਾਂਦਾ ਹੈ। ਜਦ ਸਿੱਖ ਲਹਿਰ ਪੰਜਾਬ ਤੋਂ ਬਾਹਰ ਦੂਜਿਆਂ ਸੂਬਿਆਂ ਤੱਕ ਫੈਲ ਗਈ ਤਾਂ ਉੱਥੇ ਦੀ ਸੰਗਤ ਨੂੰ ਗੁਰੂ ਅਤੇ ਗੁਰੂ ਘਰ ਨਾਲ ਜੋੜਨ ਲਈ ਚਿੱਠੀਆਂ ਲਿਖਣ ਦੀ ਲੋੜ ਪਈ। ਗੁਰੂ ਸਾਹਿਬਾਨ ਅਤੇ ਮਗਰੋਂ ਗੁਰੂ ਮਹਿਲਾ ਵੱਲੋਂ ਲਿਖੀਆਂ ਗਈਆਂ ਚਿੱਠੀਆਂ ਨੂੰ ਸਤਿਕਾਰ ਵਜੋਂ ਹੁਕਮਨਾਮੇ ਕਿਹਾ ਜਾਵੇ ਲੱਗਾ।

**ਆਰੰਭ** -ਹੁਕਮਨਾਮੇ ਲਿਖੇ ਜਾਣ ਦੀ ਪ੍ਰਥਾ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਤੋਂ ਆਰੰਭ ਹੋਈ ਮੰਨੀ ਜਾ ਸਕਦੀ ਹੈ। ਕਿਉਂਕਿ ਗੁਰੂ ਅਰਜਨ ਦੇਵ ਜੀ ਦੁਆਰਾ ਕੋਈ ਹੁਕਮਨਾਮਾ ਨਹੀਂ ਲਿਖਿਆ ਗਿਆ।ਪਰ ਉਨ੍ਹਾਂ ਦੇ ਨੀਸਾਣ ਜ਼ਰੂਰ ਮਿਲਦੇ ਹਨ। ਨੀਸਾਣ ਤੋ ਭਾਵ ਨਿਸ਼ਾਨ। ਪੁਰਾਣੇ ਸਮਿਆਂ ਵਿੱਚ ਜਦੋਂ ਕੋਈ ਰਾਜਾ ਚਿੱਠੀ ਭੇਜਦਾ ਸੀ।ਉਹ ਚਿੱਠੀ ਤੇ ਜਾਂ ਤਾਂ ਆਪਣੇ ਦਸਤਖ਼ਤ ਕਰ ਦਿੰਦਾ ਸੀ ਅਤੇ ਜਾਂ ਕੋਈ ਨਿਸ਼ਾਨੀ ਲਾ ਦਿੰਦਾ ਸੀ। ਜਿਸ ਕਾਰਨ ਚਿੱਠੀ ਭੇਜੀ ਗਈ ਜਗ੍ਹਾ ਤੇ ਸਹੀ ਪ੍ਰਮਾਣਿਤ ਹੋ ਜਾਂਦੀ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਕੋਈ ਹੱਥ-ਲਿਖਤ ਸਾਡੇ ਪਾਸ ਨਹੀਂ ਪਹੁੰਚੀ। ਗੁਰੂ ਅਰਜਨ ਦੇਵ ਦੇ ਹੱਥੀਂ ਲਿਖਿਆ ਮੂਲ ਮੰਤਰ ਇੱਕ ਬੀੜ ਵਿੱਚ ਪ੍ਰਾਪਤ ਹੈ। ਹੁਕਮਨਾਮੇ ਗੁਰੂ ਹਰਿਗੋਬਿੰਦ ਤੋਂ ਲਿਖੇ ਜਾਏ ਸੁਰੂ ਹੋਏ ਅਤੇ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਾਤਾ ਸੁੰਦਰੀ ਦੇ ਹੁਕਮਨਾਮੇ ਵੀ ਮਿਲਦੇ ਹਨ। ਮੱਧ-ਕਾਲ ਤੋਂ ਚੱਲੀ ਇਹ ਪਰੰਪਰਾ ਅੱਜ ਤੱਕ ਵੀ ਜਾਰੀ ਹੈ ਅਤੇ ਸ੍ਰੀ ਅਕਾਲ ਤਖ਼ਤ ਅਤੇ ਪ੍ਰਮੁਖ ਤਖ਼ਤਾਂ ਤੋਂ ਹੁਣ ਤੱਕ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਦੇ ਸਮੇਂ ਤੱਕ ਹੁਕਮਨਾਮੇ ਗੁਰੂ ਸਾਹਿਬਾਨ ਵੱਲੋਂ ਆਪ ਹੀ ਲਿਖੇ ਤੇ ਭੇਜੇ ਜਾਂਦੇ ਸਨ, ਪਰ ਗੁਰੂ ਗੋਬਿੰਦ ਸਿੰਘ ਦੇ ਸਮੇਂ ਲਿਖਾਰੀਆਂ ਵੱਲੋਂ ਹੀ ਲਿਖੇ ਜਾਣ ਲੱਗੇ। ਅਨੋਖੀ ਗੱਲ ਇਹ ਸੀ ਕਿ ਕਿਸੇ ਵੀ ਹੁਕਮਨਾਮੇ ਉੱਪਰ ਕਿਸੇ ਦੀ ਗੁਰੂ ਸਾਹਿਬ ਦਾ ਨਾ ਨਹੀਂ ਲਿਖਿਆ ਹੋਇਆ, ਪਰ ਸੰਗਤਾਂ ਦੀ ਤਸੱਲੀ ਅਤੇ ਵੈਸੇ ਲਈ ਗੁਰੂ ਸਾਹਿਬ ਆਪਣੀ ਕਲਮ ਤੋਂ ਮੁਕੰਮਲ ਮੂਲ ਮੰਤਰ ਜਾਂ ਇਸ ਦਾ ਛੋਟਾ ਰੂਪ ਹੁਕਮਨਾਮਿਆਂ ਉੱਪਰ ਲਿਖ ਦਿੰਦੇ, ਜਿਸ ਨੂੰ ਨਿਸ਼ਾਨ ਕਿਹਾ ਜਾਂਦਾ ਸੀ।

### ਸ਼ੈਲੀ ਅਤੇ ਬਣਤਰ

ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਪਹਿਲਾਂ ਹੁਕਮਨਾਮਾ ਗੁਰੂ ਸਾਹਿਬਾਨ ਖ਼ੁਦ ਲਿਖਦੇ ਸੀ। ਪਰ ਦਸਮ ਗੁਰੂ ਸਮੇਂ ਹੁਕਮਨਾਮਾ ਲਿਖਣ ਦਾ ਕੰਮ ਵਿਸ਼ੇਸ਼ ਲਿਖਾਰੀ ਕਰਨ ਲੱਗ ਪਏ। ਗੁਰੂ ਸਾਹਿਬ ਕੀਤੀ ਹੋਈ ਲਿਖਤ ਤੇ ਕੇਵਲ ਨੀਸਾਣ ਪਾ ਦਿੰਦੇ ਸਨ। ਹਰ ਹੁਕਮਨਾਮੇ ਵਿੱਚ '੧ਓਂ ਸਤਿਗੁਰ ਪ੍ਰਸਾਦਿ' ਪਾ ਕੇ ਸਮੁੱਚੀ ਸੰਗਤ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਬਾਕੀ ਦਾ ਸਾਰਾ ਹੁਕਮਨਾਮਾ ਲਿਖਾਰੀ ਦੀ ਲਿਖਤ ਹੁੰਦਾ ਹੈ। ਵਸਤੂ ਪੱਖ ਤੋਂ ਹੁਕਮਨਾਮੇ ਦੇ ਤਿੰਨ ਭਾਗ ਮੰਨੇ ਜਾ ਸਕਦੇ ਹਨ। ਜਿਸ ਵਿੱਚ ਪਹਿਲਾ ਭਾਗ ਸੰਬੋਧਨ ਦਾ ਹੈ। ਇਸ ਭਾਗ ਵਿੱਚ ਉਨ੍ਹਾਂ ਸਾਰੇ ਵਿਅਕਤੀਆਂ ਦਾ ਦੇ ਨਾਵਾਂ ਦਾ ਵੇਰਵਾ ਹੁੰਦਾ ਹੈ। ਜਿੰਨਾਂ ਨੂੰ ਹੁਕਮਨਾਮਾ ਸੰਬੋਧਨ ਕਰਦਾ ਹੋਵੇ। ਦੂਜੇ ਭਾਗ ਚ ਉਨ੍ਹਾਂ ਵਸਤਾਂ ਦਾ ਵੇਰਵਾ ਹੁੰਦਾ ਹੈ ਜਿੰਨਾਂ ਦੀ ਮੰਗ ਸੰਬੋਧਿਤ ਸੰਗਤ ਤੋਂ ਕੀਤੇ ਗਈ ਹੈ। ਇਹ ਭਾਗ ਹੁਕਮਨਾਮੇ ਦਾ ਵਿਹਾਰਿਕ ਭਾਗ ਹੁੰਦਾ ਹੈ। ਸਾਹਿਤਕ ਪੱਖੋਂ ਇਸ ਭਾਗ ਦਾ ਬਹੁਤ ਮਹੱਤਵ ਹੈ। ਇਸ ਤਰਾਂ ਕਈ ਹੁਕਮਨਾਮੇ ਦਾ ਦੂਜੇ ਭਾਗ ਤੋਂ ਬਾਅਦ ਈ ਖ਼ਤਮ ਹੋ ਜਾਂਦੇ ਹਨ। ਪਰ ਕਈ ਵਾਰੀ ਤੀਜੇ ਭਾਗ ਵਿੱਚ ਹੁਕਮਨਾਮਾ ਲੈ ਕੇ ਜਾਣ ਵਾਲਾ ਮੇਵੜੇ ਬਾਰੇ ਲਿਖਿਆ ਜਾਂਦਾ ਹੈ ਕਿ ਉਸਨੂੰ ਇਸ ਸੇਵਾ ਬਦਲੇ ਕੀ ਭੇਂਟਾ ਕਰਨਾ ਹੈ। ਅੰਤ ਵਿੱਚ ਤਾਰੀਖ ਲਿਖ ਕੇ ਕੁਲ ਸਤਰਾਂ ਦੀ ਗਿਣਤੀ ਲਿਖੀ ਜਾਂਦੀ ਹੈ। ਸਿੱਖ ਇਤਿਹਾਸ ਵਿੱਚ ਮੰਨੇ ਗਏ ਹੁਕਮਨਾਮਿਆਂ ਦਾ ਕੁੱਝ ਵੇਰਵਾ ਇਸ ਪ੍ਰਕਾਰ ਹੈ:

- ਛੇਵੇਂ ਗੁਰੂ ਸਾਹਿਬ ਦੇ ਦੋ ਨੀਸਾਣ ਅਤੇ ਦੋ ਹੁਕਮਨਾਮੇ
- ਬਾਬਾ ਗੁਰਦਿੱਤਾ ਜੀ ਦੇ ਚਾਰ ਹੁਕਮਨਾਮੇ
- ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦੇ ਛੇ ਹੁਕਮਨਾਮੇ
- ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੇ 22 ਹੁਕਮਨਾਮੇ
- ਮਾਤਾ ਗੁਜਰੀ ਜੀ ਦੇ ਦੋ ਹੁਕਮਨਾਮੇ
- ਦਸਮ ਗੁਰੂ ਜੀ ਦੇ 34 ਹੁਕਮਨਾਮੇ
- ਬੰਦਾ ਸਿੰਘ ਬਹਾਦਰਦੇ ਦੋ ਹੁਕਮਨਾਮੇ

- ਮਾਤਾ ਸੁੰਦਰੀ ਜੀ ਦੇ ਨੌਂ ਹੁਕਮਨਾਮੇ
- ਇੱਕ ਹੁਕਮਨਾਮਾ ਅਕਾਲ ਤਖ਼ਤ ਦਾ
- ਇੱਕ ਹੁਕਮਨਾਮਾ ਤਖ਼ਤ ਹਰਿਮੰਦਰ ਸਾਹਿਬ ਪਟਨਾ ਦਾ

ਇਸ ਪ੍ਰਕਾਰ 75 ਦੇ ਲਗ-ਪਗ ਹੁਕਮਨਾਮਿਆਂ ਬਾਰੇ ਜਾਣਕਾਰੀ ਮਿਲੀ ਹੈ। ਜਿੰਨਾ ਵਿੱਚ ਸਭ ਤੋਂ ਜ਼ਿਆਦਾ ਹੁਕਮਨਾਮੇ ਦਸਮ ਗੁਰੂ ਦੇ ਹਨ। ਇਸ ਤੋਂ ਇਲਾਵਾ 1606 ਤੋਂ 1762 ਦਾ ਸਮਾਂ ਇਹਨਾਂ ਦੇ ਘੇਰੇ ਵਿੱਚ ਆ ਜਾਂਦਾ ਹੈ।

ਫ਼ਾਰਸੀ ਜ਼ੁਬਾਨ ਵਿਚ ਚਿੱਠੀ ਨੂੰ ਨਾਮਾ ਕਿਹਾ ਜਾਂਦਾ ਹੈ। ਮੱਧਕਾਲੀ ਪੰਜਾਬੀ ਵਾਰਤਕ ਵਿਚ ਇਸ ਸ਼ਬਦ ਨਾਲ ਜੁੜੇ ਦੋ ਸਾਹਿਤ ਰੂਪ ਮਿਲਦੇ ਹਨ- ਹੁਕਮਨਾਮਾ ਤੇ ਰਹਿਤਨਾਮਾ। ਇਹਨਾਂ ਵਿਚੋਂ ਹੁਕਮਨਾਮਾ ਗੁਰੂ ਸਾਹਿਬਾਨ ਦੇ ਸੰਗਤ ਨੂੰ ਲਿਖੇ ਖ਼ਤ ਹਨ। ਇਹ ਗੁਰੂ ਸਾਹਿਬਾਨ ਵੱਲੋਂ ਸੰਗਤ ਨੂੰ ਆਪਣੇ ਦਸਤਖ਼ਤਾਂ ਨਾਲ ਜਾਰੀ ਕੀਤੇ ਆਦੇਸ਼ ਹਨ। ਗੁਰੂ ਹਰਗੋਬਿੰਦ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਹੁਕਮਨਾਮੇ ਪ੍ਰਸਿੱਧ ਹਨ। ਰਹਿਤਨਾਮੇ ਤੋਂ ਭਾਵ ਹੈ- ਜੀਵਨ ਜਾਚ। ਇਹ ਇੱਕ ਕਿਸਮ ਦੀ ਅਚਾਰ ਸਹਿਤ ਹੈ, ਜਿਸ ਵਿਚ ਦੱਸਿਆ ਗਿਆ ਹੁੰਦਾ ਹੈ ਕਿ ਇੱਕ ਸਿੱਖ ਨੂੰ ਆਪਣਾ ਨਿੱਤ ਦਿਨ ਦਾ ਜੀਵਨ ਕਿਵੇਂ ਬਤੀਤ ਕਰਨਾ ਚਾਹੀਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 28 ਸਿੱਖ ਰਹਿਤਨਾਮਿਆਂ ਦਾ ਜ਼ਿਕਰ ਕੀਤਾ ਹੈ। ਇਹਨਾਂ ਵਿਚੋਂ ਭਾਈ ਨੰਦ ਲਾਲ ਦਾ ਰਹਿਤਨਾਮਾ, ਭਾਈ ਚੌਪਾ ਸਿੰਘ ਦਾ ਰਹਿਤਨਾਮਾ, ਭਾਈ ਦਯਾ ਸਿੰਘ ਦਾ ਰਹਿਤਨਾਮਾ ਤੇ ਪ੍ਰੇਮ ਸੁਮਾਰਗ ਗ੍ਰੰਥ ਪ੍ਰਮੁੱਖ ਹਨ। ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਮੱਧਕਾਲੀ ਸਾਹਿਤ ਪੰਜਾਬੀ ਸਾਹਿਤ ਦਾ ਮੁੱਢਲਾ ਪੜਾਅ ਨੌਵੀਂ-ਦਸਵੀਂ ਸਦੀ ਦਾ ਸਮਾਂ ਹੈ। ਇਸ ਦੌਰ ਵਿਚ ਰਚੇ ਨਾਥ ਜੋਗੀਆਂ ਦੇ ਸਾਹਿਤ ਵਿਚ ਪੰਜਾਬੀ ਭਾਸ਼ਾ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਸ਼ੇਖ਼ ਫ਼ਰੀਦ ਦੀ ਰਚਨਾ ਨਾਲ ਪੰਜਾਬੀ ਭਾਸ਼ਾ ਇੱਕ ਸੁਤੰਤਰ ਜ਼ੁਬਾਨ ਵਜੋਂ ਵਿਕਸਤ ਪੜਾਅ 'ਤੇ ਪਹੁੰਚਦੀ ਹੈ। ਪੰਦਰਵੀਂ ਸਦੀ ਤੋਂ ਉੱਨ੍ਹੀਵੀਂ ਸਦੀ ਤੱਕ ਪੰਜਾਬੀ ਸਾਹਿਤ ਵਿਚ ਕਈ ਕਾਵਿ ਧਾਰਾਵਾਂ ਨਿਰੰਤਰ ਪ੍ਰਵਾਹ ਵਿਚ ਦੇਖੀਆਂ ਜਾ ਸਕਦੀਆਂ ਹਨ। ਗੁਰਮਤਿ,ਸੂਫ਼ੀ, ਕਿੱਸਾ ਤੇ ਬੀਰ ਰਸੀ ਕਾਵਿ ਧਾਰਾਵਾਂ ਇਸ ਦੌਰ ਦੀ ਪ੍ਰਤਿਨਿਧਤਾ ਕਰਦੀਆਂ ਹਨ। ਇਹਨਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਵਾਰਤਕ ਸਾਹਿਤ ਵੀ ਲਿਖਿਆ ਮਿਲਦਾ ਹੈ। ਇਸ ਦੌਰ ਦੇ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸਦਾ ਮਾਨਵਵਾਦੀ ਚਰਿੱਤਰ ਹੈ। ਪੰਜਾਬੀ ਮੱਧਕਾਲੀ ਸਾਹਿਤ ਕਿਸੇ ਫ਼ਿਰਕੇ ਵਿਸ਼ੇਸ਼ ਦਾ ਪਿਛਲੱਗ ਬਣਨ ਦੀ ਥਾਂ ਉੱਚ ਕਦਰਾਂ-ਕੀਮਤਾਂ ਤੇ ਮਾਨਵੀ ਮੁੱਲਾਂ ਨੂੰ ਸਥਾਪਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਲੋਕ ਕਲਿਆਣ ਅਤੇ ਇੱਕ ਆਦਰਸ਼ਕ ਮਨੁੱਖ ਦੀ ਸਿਰਜਣਾ ਇਸ ਸਾਹਿਤ ਦਾ ਪ੍ਰਮੁੱਖ ਉਦੇਸ਼ ਹੈ।

### ਗੁਰੂ ਸਹਿਬਾਨਾਂ ਨਾਲ ਸੰਬੰਧਿਤ ਹੁਕਮਨਾਮੇ:

ਪਹਿਲੇ ਚਾਰ ਗੁਰੂ ਸਾਹਿਬਾਨ ਦੀ ਕੋਈ ਹੱਥ-ਲਿਖਤ ਸਾਡੇ ਪਾਸ ਨਹੀਂ ਪਹੁੰਚੀ। ਗੁਰੂ ਅਰਜਨ ਦੇਵ ਦੇ ਹੱਥੀਂ ਲਿਖਿਆ ਮੂਲ ਮੰਤਰ ਇੱਕ ਬੀੜ ਵਿੱਚ ਪ੍ਰਾਪਤ ਹੈ। ਹੁਕਮਨਾਮੇ ਗੁਰੂ ਹਰਿਗੋਬਿੰਦ ਤੋਂ ਲਿਖੇ ਜਾਏ ਸੁਰੂ ਹੋਏ ਅਤੇ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਾਤਾ ਸੁੰਦਰੀ ਦੇ ਹੁਕਮਨਾਮੇ ਵੀ ਮਿਲਦੇ ਹਨ। ਮੱਧ-ਕਾਲ ਤੋਂ ਚੱਲੀ ਇਹ ਪਰੰਪਰਾ ਅੱਜ ਤੱਕ ਵੀ ਜਾਰੀ ਹੈ ਅਤੇ ਸ੍ਰੀ ਅਕਾਲ ਤਖ਼ਤ ਅਤੇ ਪ੍ਰਮੁਖ ਤਖ਼ਤਾਂ ਤੋਂ ਹੁਣ ਤੱਕ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਦੇ ਸਮੇਂ ਤੱਕ ਹੁਕਮਨਾਮੇ ਗੁਰੂ ਸਾਹਿਬਾਨ ਵੱਲੋਂ ਆਪ ਹੀ ਲਿਖੇ ਤੇ ਭੇਜੇ ਜਾਂਦੇ ਸਨ ਪਰ ਗੁਰੂ ਗੋਬਿੰਦ ਸਿੰਘ ਦੇ ਸਮੇਂ ਲਿਖਾਰੀਆਂ ਵੱਲੋਂ ਵੀ ਲਿਖੇ ਜਾਣ ਲੱਗੇ। ਅਨੋਖੀ ਗੱਲ ਇਹ ਸੀ ਕਿ ਕਿਸੇ ਵੀ ਹੁਕਮਨਾਮੇ ਉੱਪਰ ਕਿਸੇ ਵੀ ਗੁਰੂ ਸਾਹਿਬ ਦਾ ਨਾਂ ਨਹੀਂ ਲਿਖਿਆ ਹੋਇਆ, ਪਰ ਸੰਗਤਾਂ ਦੀ ਤਸੱਲੀ ਅਤੇ ਭਰੋਸੇ ਲਈ ਗੁਰੂ ਸਾਹਿਬ ਆਪਣੀ ਕਲਮ ਤੋਂ ਮੁਕੰਮਲ ਮੂਲ ਮੰਤਰ ਜਾਂ ਇਸ ਦਾ ਛੋਟਾ ਰੂਪ ਹੁਕਮਨਾਮਿਆਂ ਉੱਪਰ ਲਿਖ ਦਿੰਦੇ ਜਿਸ ਨੂੰ ਨੀਸਾਣ (ਨਿਸ਼ਾਨ) ਕਿਹਾ ਜਾਣ ਲੱਗਾ। ਗੁਰੂ ਤੇਗ਼ ਬਹਾਦਰ ਤੱਕ ਕੋਈ ਵੀ ਹੁਕਮਨਾਮਾ ਮਿਤੀ- ਬੰਧ ਨਹੀਂ ਸੀ, ਪਰ ਗੁਰੂ ਗੋਬਿੰਦ ਸਿੰਘ ਦੇ ਹੁਕਮਨਾਮਿਆਂ ਉੱਪਰ ਮਿਤੀ (ਤਾਰੀਖ ਪਉਣ ਦਾ ਰਿਵਾਜ ਚੱਲ ਪਿਆ।

ਹੁਕਮਨਾਮੇ ਲਿਖੇ ਜਾਣ ਦਾ ਇੱਕ ਖ਼ਾਸ ਢੰਗ ਤਰੀਕਾ ਹੁੰਦਾ ਸੀ। ੧ੴ ਸਤਿਗੁਰ ਪ੍ਰਸਾਦਿ ਲਿਖਣ ਦੇ ਬਾਅਦ ਹੁਕਮਨਾਮਾ ਸਮੁੱਚੀ ਸਿੱਖ ਸੰਗਤ ਨੂੰ ਸੰਬੰਧਿਤ ਹੁੰਦਾ ਸੀ। ਫਿਰ ਗੁਰੂ ਸਾਹਿਬ ਵੱਲੋਂ ਅਸੀਸ ਹੁੰਦੀ ਸੀ। ਕਈ ਵਾਰੀ ਸੰਗਤ ਦੇ ਮੁਖੀ ਦਾ ਨਾਂ ਵੀ ਦੇ ਦਿੱਤਾ ਜਾਂਦਾ ਸੀ। ਫਿਰ ਉਸ ਵਿਸੇ ਦਾ ਵਰਣਨ ਹੁੰਦਾ ਸੀ ਜਿਸ ਦੀ ਖ਼ਾਤਰ ਹੁਕਮਨਾਮਾ ਲਿਖਿਆ ਜਾਂਦਾ ਸੀ। ਵਿਚ ਕਈ ਫ਼ਰਮਾਇਸ਼, ਹਿਦਾਇਤ ਜਾਂ ਨਸੀਹਤ ਹੁੰਦੀ ਸੀ। ਹੁਕਮਨਾਮਾ ਪਹੁੰਚਾਉਣ ਵਾਲੇ ਵਿਅਕਤੀ ਨੂੰ ਮੇਵੜਾ ਕਿਹਾ ਜਾਂਦਾ ਸੀ ਅਤੇ ਜੋ ਮੰਦੜੇ ਨੂੰ ਕੁੱਝ ਤਟਾ ਆਦਿ ਹੋਈ ਹੁੰਦੀ ਸੀ ਤਾਂ ਆਖਦ 'ਤੇ ਉਹ ਵੀ ਲਿਖ ਦਿੱਤੀ ਜਾਂਦੀ ਸੀ। ਹੁਕਮਨਾਮਾ ਹਾਸਲ ਕਰਨ ਦੀ ਵੀ ਇੱਕ ਵਿਧੀ ਹੁੰਦੀ ਸੀ, ਜਿੱਥੇ ਮੇਵੜਾ ਹੁਕਮਨਾਮਾ ਲੈ ਕੇ ਪਹੁੰਚਦਾ, ਸਾਰੀ ਸੰਗਤ ਉਸ ਦਾ ਸੁਆਗਤ ਕਰਦੀ ਅਤੇ ਸੰਗਤ ਦਾ ਮੁਖੀਆ ਖੜ੍ਹਾ ਹੋ ਕੇ ਸਤਿਕਾਰ ਸਹਿਤ ਸਿਰ ਨਿਵਾ ਕੇ ਹੁਕਮਨਾਮਾ ਲੈਣ ਅਤੇ ਫਿਰ ਆਪਣੇ ਸਿਰ 'ਤੇ ਰੱਖ ਕੇ ਸੰਗਤ ਵਿੱਚ ਹਾਜ਼ਰ ਹੁੰਦਾ। ਸਾਰੀ ਸੰਗਤ ਵਿੱਚ ਹੁਕਮਨਾਮਾ ਪੜ੍ਹ ਕੇ ਸੁਣਾਇਆ ਜਾਂਦਾ।

ਹੁਕਮਨਾਮਿਆਂ ਦਾ ਮਹੱਤਵ ਬਹੁ-ਪੱਖੀ ਹੈ। ਸ਼ਰਧਾਲੂ ਸਿੱਖਾਂ ਲਈ ਇਹਨਾਂ ਵਿਚਲੀਆਂ ਗੱਲਾ ਇਲਾਹੀ ਬਚਨ ਅਤੇ ਇਹਨਾਂ ਵਿੱਚ ਲਿਖੇ ਗੁਰੂ ਸਾਹਿਬ ਦੇ ਹਰ ਹੁਕਮ ਨੂੰ ਹਰ ਸਿੱਖ ਸਿਰ ਮੱਥੇ ਮੰਨ ਕੇ ਫ਼ਰਮਾਇਸ ਨੂੰ ਪੂਰਿਆਂ ਕਰਨਾ ਆਪਣਾ ਸੱਚਾ-ਸੁੱਚਾ ਧਾਰਮਿਕ ਫ਼ਰਜ਼ ਸਮਝ ਦਾ ਸੀ। ਗੁਰੂ ਸਾਹਿਬਾਨ ਦੇ ਹੱਥੀਂ ਲਿਖੇ ਹੁਕਮਨਾਮਿਆਂ ਅਤੇ ਨੀਸਾਙਾ ਦੇ ਦਰਸ਼ਨ ਹੀ ਵਿਸਮਾਦੀ ਸਨ। ਇਤਿਹਾਸ ਦੇ ਪੱਖ ਤੋਂ ਇਹ ਮੁੱਲਵਾਨ ਹਨ। ਇਹਨਾਂ ਰਾਹੀਂ ਜਿੱਥੇ ਗੁਰੂ ਸਾਹਿਬਾਨ ਅਤੇ ਬਾਅਦ ਵਾਲੀਆਂ ਸਿੱਖ ਸੰਗਤਾਂ ਵਿੱਚ ਸੰਬੰਧ ਬਣੇ ਰਹਿੰਦੇ, ਉੱਥੇ ਗੁਰੂ-ਘਰ ਦੀਆਂ ਲੋੜਾਂ ਵੀ ਸਨਮੁਖ ਰਹਿੰਦੀਆਂ। ਗੁਰੂ ਦੇ ਲੰਗਰ ਲਈ ਅਤੇ, ਧਰਮ ਅਸਥਾਨਾਂ ਦੀ ਉਸਾਰੀ ਅਤੇ ਹੋਰ ਕੰਮਾਂ ਲਈ ਮਾਇਆ, ਲੋੜਵੰਦ ਸਿੱਖਾਂ ਦੀ ਸਹਾਇਤਾ, ਪ੍ਰਚਾਰ ਲਈ ਹਿਦਾਇਤਾਂ, ਸਿੱਖਾਂ ਨੂੰ ਆਪਸ ਵਿੱਚ ਮੇਲ ਰੱਖਣ ਲਈ ਹੁਕਮ ਗੁਰਪੁਰਬ ਮਨਾਉਣ ਲਈ ਸੰਗਤਾ ਨੂੰ ਉਤਸਾਹ, ਖ਼ਾਸ-ਖ਼ਾਸ ਮੌਕਿਆਂ ਉੱਪਰ ਸੰਗਤਾਂ ਨੂੰ ਗੁਰੂ ਦੀ ਹਜ਼ੂਰੀ ਵਿੱਚ ਆਉਣ ਦਾ ਸੌਦਾ ਜੰਗਾਂ ਯੁੱਧਾਂ ਲਈ ਹਥਿਆਰ ਗੋਲੀ ਸਿੱਕਾ ਅਤੇ ਜਾਨਵਰ ਅਤੇ ਸਿੱਖ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਹਰ ਤਰ੍ਹਾਂ ਦੀਆਂ ਹਿਦਾਇਤਾਂ ਹੁੰਦੀਆਂ। ਹੁਕਮਨਾਮੇ ਸਿੱਖ ਇਤਿਹਾਸ ਬਾਰੇ ਬੜੀ ਠੋਸ ਅਤੇ ਬਰੋਸੇਯੋਗ ਜਾਣਕਾਰੀ ਦਿੰਦੇ ਹਨ।

ਹੁਕਮਨਾਮੇ ਵਾਰਤਕ ਵਿੱਚ ਲਿਖੇ ਹੋਣ ਕਰ ਕੇ ਇਹ ਮੱਧ-ਕਾਲੀ ਪੰਜਾਬੀ ਵਾਰਤਕ ਦੇ ਇਤਿਹਾਸ ਦਾ ਇੱਕ ਭਾਗ ਹਨ। ਸਾਹਿਤਿਕ ਪੱਖ ਤੋਂ ਇਹਨਾਂ ਦੀ ਸਭ ਤੋਂ ਪਹਿਲੀ ਖ਼ੂਬੀ ਇਹ ਹੈ ਕਿ ਇਹ ਆਪਣੇ-ਆਪ ਵਿੱਚ ਇੱਕ ਅਸਲੋਂ ਨਵੀਂ ਅਤੇ ਵਿਲੱਖਣ ਵਾਰਤਕ ਵੰਨਗੀ ਹੈ, ਜੋ ਦੂਜੀਆਂ ਵਾਰਤਕ ਵੰਨਗੀਆਂ ਨਾਲੋਂ ਅਸਲੋਂ ਵੱਖਰੀ ਹੈ। ਪੰਜਾਬੀ ਵਿੱਚ ਪੱਤਰ ਲਿਖਣ ਕਲਾ ਦਾ ਅਰੰਭ ਇਹਨਾਂ ਹੁਕਮਨਾਮਿਆਂ ਤੋਂ ਹੋਇਆ ਮੰਨਿਆ ਜਾ ਸਕਦਾ ਹੈ। ਅੱਜ ਵੀ ਜਦ ਇੱਕ ਸਿੱਖ ਦੂਜੇ ਸਿੱਖ ਨੂੰ ਚਿੱਠੀ ਲਿਖਦਾ ਹੈ ਤਾਂ ਉਸ ਦਾ ਅਰੰਭ '੧ੳ ਸਤਿਗੁਰ ਪ੍ਰਸਾਦਿ ਤੋਂ ਕਰਦਾ ਹੈ। ਇਹ ਹੁਕਮਨਾਮਿਆਂ ਦੇ ਧਾਰਮਿਕ ਸਾਹਿਤਿਕ ਅਸਰ ਕਰ ਕੇ ਹੀ ਹੈ। ਹੁਕਮਨਾਮੇ ਆਪਣੇ ਸਮੇਂ ਦੀ ਭਾਸ਼ਾ ਦੇ ਨਮੂਨੇ ਹਨ, ਇਸ ਲਈ ਇਹ ਪੰਜਾਬੀ ਭਾਸ਼ਾ ਦੇ ਵਿਕਾਸ ਉੱਪਰ ਰੋਸ਼ਨੀ ਪਾਉਂਦੇ ਹਨ। ਗੁਰਮੁਖੀ ਲਿਪੀ ਵਿੱਚ ਲਿਖੇ ਹੋਣ ਕਰ ਕੇ ਇਹ ਗੁਰਮੁਖੀ ਲਿਪੀ ਦੇ ਵਿਕਾਸ ਤੋਂ ਵੀ ਜਾਣੂ ਕਰਵਾਉਂਦੇ ਹਨ। ਗੁਰਮੁਖੀ ਅੱਖਰਾਂ ਦੀ ਤਰਤੀਬ ਅਤੇ ਬਣਾਵਟ ਸਹਿਜੇ-ਸਹਿਜੇ ਬਦਲਦੀਆਂ ਰਹੀਆਂ ਹਨ, ਇਸ ਲਈ ਇਹਨਾਂ ਤੋਂ ਜਾਣੂ ਹੋਣ ਲਈ ਇਹ ਸਾਡੀ ਅਗਵਾਈ ਕਰਦੇ ਹਨ। ਇਸੇ ਤਰ੍ਹਾਂ ਮਾਤਰਾਵਾਂ ਦੀ ਗਿਣਤੀ ਅਤੇ ਉਨ੍ਹਾਂ ਨੂੰ ਲਿਖਣ ਚਿੰਤਨ) ਦੇ ਢੰਗ ਵੀ ਬਦਲਦੇ ਰਹੇ ਹਨ। ਹੁਕਮਨਾਮੇ ਇਹਨਾਂ ਬਾਰੇ ਵੀ ਬੜੀ ਲਾਹੇਵੰਦ ਸਮਗਰੀ ਜੁੜਾਉਂਦੇ ਹਨ। ਇਸ ਤਰ੍ਹਾਂ ਹੁਕਮਨਾਮੇ ਪੰਜਾਬ ਦੇ ਇਤਿਹਾਸ ਅਤੇ ਸਾਹਿਤ ਬਾਰੇ ਰੌਸ਼ਨੀ ਪਾਉਣ ਦੇ ਨਾਲ ਗੁਰੂ ਸਾਹਿਬਾਨ ਦੁਆਰਾ ਲਿਖੇ ਜਾਣ ਕਰ ਕੇ ਜਾਂ ਨੀਸਾਣ ਪਾਉਣ ਕਰ ਕੇ ਸਿੱਖ ਸਮਾਜ ਲਈ ਸ਼ਰਧਾ, ਪ੍ਰੇਮ ਅਤੇ ਸਤਿਕਾਰ ਦੇ ਸੋਮੇ ਹਨ।

ਹੁਕਮਨਾਮਿਆਂ ਦੇ ਮਹੱਤਵ ਨੂੰ ਪਛਾੜਦਿਆਂ ਹੋਇਆ ਇਹਨਾਂ ਨੂੰ ਇਕੱਠਿਆਂ ਕਰਨ ਦਾ ਕੰਮ ਵੀ ਸਮੇਂ-ਸਮੇਂ ਵਿਦਵਾਨਾਂ ਵੱਲੋਂ ਹੁੰਦਾ ਰਿਹਾ ਹੈ। ਭਰਵੇਂ ਰੂਪ ਵਿੱਚ ਇਹਨਾਂ ਦਾ ਸੰਗ੍ਰਹਿ ਸਭ ਤੋਂ ਪਹਿਲਾਂ 1967 ਦੇ ਅਰੰਭ ਵਿੱਚ ਹੁਕਮਨਾਮੇ ਪੁਸਤਕ ਵਿੱਚ ਗੰਡਾ ਸਿੰਘ ਵੱਲੋਂ ਤਿਆਰ ਕਰ ਕੇ ਛਪਵਾਇਆ ਗਿਆ ਜਿਸ ਵਿੱਚ 89 ਨੀਸਾਣ ਤੇ ਹੁਕਮਨਾਮੇ ਹਨ। ਇਸ ਵਿੱਚ ਸਭ ਤੋਂ ਵੱਧ ਗੁਰੂ ਗੋਬਿੰਦ ਸਿੰਘ ਦੇ ਨੀਸਾਣ ਤੇ ਹੁਕਮਨਾਮੇ ਹਨ, ਜਿਨ੍ਹਾਂ ਦੀ ਗਿਣਤੀ 34 ਹੈ। ਗੁਰੂ ਤੇਗ਼ ਬਹਾਦਰ ਦੇ ਇਸੇ ਸੰਗ੍ਰਹਿ ਵਿੱਚ 22 ਹੁਕਮਨਾਮੇ ਹਨ। ਇਹਨਾਂ ਦਾ ਹੀ ਇੱਕ ਹੋਰ ਸੰਕਲਨ ਨੀਸਾਣ ਤੇ ਹੁਕਮਨਾਮੇ ਸੰਘ ਸਮਸੇਰ ਸਿੰਘ ਅਸ਼ੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪ ਚੁੱਕਾ ਹੈ। ਕੇਵਲ ਗੁਰੂ ਤੇਗ਼ ਬਹਾਦਰ ਦੇ ਹੁਕਮਨਾਮਿਆਂ ਦੇ ਹੀ ਦੋ ਸੰਗ੍ਰਹਿ ਵੱਖ-ਵੱਖ ਪੁਸਤਕਾਂ ਵਿੱਚ ਮਿਲਦੇ ਹਨ। ਪਹਿਲਾ ਸੰਗ੍ਰਹਿ ਫ਼ੌਜਾਂ ਸਿੰਘ ਦਾ ਹੈ, ਜਿਸ ਵਿੱਚ ਹੁਕਮਨਾਮਿਆਂ ਦਾ ਮੂਲ ਪਾਠ ਪੰਜਾਬੀ ਤੋਂ ਬਿਨਾਂ ਹਿੰਦੀ ਤੇ ਅੰਗਰੇਜ਼ੀ ਅਨੁਵਾਦ ਸਹਿਤ ਦਿੱਤਾ ਗਿਆ ਹੈ। ਦੂਜਾ ਸੰਕਲਨ ਸਬਿੰਦਰਜੀਤ ਸਿੰਘ ਸਾਗਰ (2002) ਦਾ ਹੈ, ਜਿਸ ਵਿੱਚ ਪੰਜਾਬੀ ਦੇ ਨਾਲ-ਨਾਲ ਇਹਨਾਂ ਦਾ ਅੰਗਰੇਜ਼ੀ ਅਨੁਵਾਦ ਵੀ ਕੀਤਾ ਗਿਆ ਹੈ। ਨਾਮਧਾਰੀ ਆਗੂ ਬਾਬਾ ਰਾਮ ਸਿੰਘ ਦੀਆਂ ਚਿੱਠੀਆਂ, ਜਿਨ੍ਹਾਂ ਨੂੰ ਉਨ੍ਹਾਂ ਦੇ ਸ਼ਰਧਾਲੂ ਹੁਕਮਨਾਮੇ ਹੀ ਆਖਦੇ ਹਨ, ਕਿਤਾਬੀ ਰੂਪ ਵਿੱਚ ਜਸਵਿੰਦਰ ਸਿੰਘ ਵੱਲੋਂ ਸੰਪਾਦਿਤ ਹੋ ਕੇ, ਨਾਮਧਾਰੀ ਦਰਬਾਰ, ਕੋਈ ਸਾਹਿਬ (ਲੁਧਿਆਣਾ) ਵੱਲੋਂ ਛਪ ਚੁੱਕੇ ਹਨ। ਇਹਨਾਂ ਚਿੱਠੀਆਂ ਦੀ ਵਿਧੀ ਵੀ ਗੁਰੂ ਸਾਹਿਬਾਨ ਵਾਲੇ ਹੁਕਮਨਾਮਿਆਂ ਦੀ ਹੀ ਹੈ।

### ਪਰਚੀਆਂ ਦਾ ਸਰੂਪ ਤੇ ਲੱਛਣ:

ਪਰਚੀ ਸੰਸਕ੍ਰਿਤ ਨਾਂਵ ਪਰਚਯਾ ਦਾ ਪੰਜਾਬੀ ਰੂਪ ਹੈ ਜਿਸਦਾ ਅਰਥ ਹੈ ਜਾਣ-ਪਛਾਣ, ਸਬੂਤ ਜਾਂ ਇੱਕ ਕਿੱਸਾ ਜੋ ਕਿਸੇ ਪੈਗ਼ੰਬਰ ਜਾਂ ਦਰਸ਼ਕ ਦੀਆਂ ਚਮਤਕਾਰੀ ਸ਼ਕਤੀਆਂ ਦੀ ਗਵਾਹੀ ਦਿੰਦਾ ਹੈ। ਪਰ ਪੰਜਾਬੀ ਸਾਹਿਤ ਵਿਚ ਵਾਰਤਕ ਅਤੇ ਕਾਵਿ ਦੋਹਾਂ ਵਿਚ ਲਿਖੀ ਜਾਣ ਵਾਲੀ ਇਹ ਇੱਕ ਸਾਹਿਤ ਵਿਦਾ ਹੈ। ਇਹ ਉਸ ਰਚਨਾ ਲਈ ਵਰਤੀ ਜਾਂਦਾ ਹੈ ਜਿਸ ਵਿਚ ਕਿਸੇ ਧਾਰਮਿਕ ਜਾਂ ਅਧਿਆਤਮਕ ਸ਼ਖ਼ਸੀਅਤ ਜਾਂ ਸਾਧਕ ਦਾ ਰਹਿਚਯ ਦਿੱਤਾ ਗਿਆ ਹੋਵੇ। ਇਹ ਪਰਿਚਯ ਕਿਸੇ ਘਟਨਾ-ਪ੍ਰਸੰਗ ਅਤੇ ਪ੍ਰਵਚਨ ਦਾ ਮਿਲਿਆ ਜੁਲਿਆ ਰੂਪ ਹੁੰਦਾ ਹੈ।

ਸੋ ਇਹ ਸ਼ਬਦ ਸਤਾਰ੍ਹਵੀਂ ਸਦੀ ਵਿੱਚ ਗੁਰੂਆਂ, ਸੰਤਾਂ ਅਤੇ ਭਗਤਾਂ ਦੀਆਂ ਜੀਵਨੀਆਂ ਨੂੰ ਪੇਸ਼ ਕਰਨ ਲਈ ਵਿਕਸਿਤ ਹੋਈ ਪੰਜਾਬੀ ਲਿਖਤ ਦੇ ਰੂਪ ਵਿੱਚ ਲਾਗੂ ਕੀਤਾ ਗਿਆ ਸੀ। ਇੱਥੋਂ ਤੱਕ ਕਿ ਧਰੂ ਅਤੇ ਪ੍ਰਹਿਲਾਦ ਵਰਗੇ ਮਿਥਿਹਾਸਿਕ ਪਾਤਰ ਵੀ ਇਸ ਵਿਧਾ ਦੇ ਘੇਰੇ ਤੋਂ ਬਾਹਰ ਨਹੀਂ ਸਨ। ਪਰਚੀ ਸ਼ਬਦ ਨੂੰ ਕਈ ਵਾਰ ਸਾਖੀ ਦੇ ਸਮਾਨਾਰਥੀ ਰੂਪ ਵਿੱਚ ਵਰਤਿਆ ਜਾਂਦਾ ਹੈ, ਪਰ ਦੋਵਾਂ ਵਿੱਚ ਅੰਤਰ ਦੀ ਰੰਗਤ ਹੈ। ਸਾਖੀ ਇੱਕ ਪ੍ਰਸਿੱਧ ਕਥਾ ਹੈ ਜੋ ਇੱਕ ਸੰਤ ਜਾਂ ਪੈਗ਼ੰਬਰ ਦੇ ਜੀਵਨ ਨੂੰ ਪ੍ਰਸ਼ ਕਰਦੀ ਹੈ ਹੈ। ਪਰ ਪਰਚੀ ਇੱਕ ਘਟਨਾ ਦੇ ਬਿਰਤਾਂਤ ਨੂੰ ਦਰਸਾਉਂਦੀ ਹੈ।

### ਪਰਚੀ ਕਬੀਰ ਜੀ ਕੀ

ਕਬੀਰ ਜੀ ਦੀਆਂ ਪਰਿਚਈਆਂ ਸਭ ਤੋਂ ਪੁਰਾਤਨ ਹਨ। ਜਿਹਨਾਂ ਦਾ ਰਚਨਾ ਕਾਲ ਸੰਮਤ 1645 ਬਿ/1588 ਈ ਨਿਸ਼ਚਿਤ ਕੀਤੀ ਹੈ। ਕੇਵਲ ਕਬੀਰ ਜੀ ਕਾ ਉਤਾਰਾ ਗੁਰਮੁਖੀ ਵਿੱਚ ਮਿਲਦਾ ਹੈ। ਅਨੰਤ ਦਾਸ ਜੀ ਕੀ ਰਚਨਾ ਚੌਪਈਆਂ ਅਤੇ ਦੋਹਰਿਆਂ ਵਿੱਚ ਹੈ। ਇਸ ਰਚਨਾ ਵਿੱਚ ਕੁਲ 217 ਬੰਦ ਹਨ।

### ਪਰਚੀ ਭਾਈ ਕਨ੍ਹੈਯਾ ਜੀ ਕੀ

ਇਸ ਦਾ ਰਚਨਾ ਕਾਲ ਸੰਮਤ 1785 ਬਿ/ 1728 ਈ ਤੋਂ 1796 ਬਿ/1739 ਈ ਕਲਪਿਤ ਕੀਤਾ ਗਿਆ ਹੈ। ਇਸ ਪਰਚੀ ਵਿੱਚ ਸੇਵਾ ਪੰਥ ਦੇ ਸੰਚਾਲਕ ਭਾਈ ਕਨ੍ਹੈਆ ਜੀ ਦਾ ਜੀਵਨ ਅੰਕਿਤ ਹੈ। ਇਸ ਰਚਨਾ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਪਰਚੀ ਵਿੱਚ ਪਹਿਲੀ ਵਾਰ ਗੁਰੂ ਸਾਹਿਬਾਨ ਤੇ ਭਗਤਾਂ ਦੀ ਥਾਂ ਗੁਰੂ ਘਰ ਦੇ ਇੱਕ ਸੇਵਕ ਨੂੰ ਨਾਇਕ ਦੇ ਰੂਪ ਵਿੱਚ ਚਿਤ੍ਰਿਆ ਗਿਆ ਹੈ।

### ਸੂਫ਼ੀਆਂ ਦੀਆਂ ਪਰਚੀਆਂ

ਭਾਵੇਂ ਸੂਫ਼ੀਆਂ ਦੇ ਜੀਵਨ ਨੂੰ ਦਰਸਾਉਣ ਲਈ ਫ਼ਾਰਸੀ ਦੀ ਵਰਤੋਂ ਹੋਈ ਹੈ, ਫਿਰ ਵੀ ਕੁੱਝ ਸੂਫ਼ੀਆਂ ਦੇ ਜੀਵਨ ਪੰਜਾਬੀ ਪਰਚੀਆਂ ਨਾਂ ਹੇਠ ਵੀ ਅੰਕਿਤ ਮਿਲਦੇ ਹਨ। ਇਹ ਪਰਚੀਆਂ ਸੈਂਟਰਲ ਪਬਲਿਕ ਲਾਇਬ੍ਰੇਰੀ ਦੀ ਹੱਥ ਲਿਖਤ ਨੂੰ: 2916 ਵਿੱਚ ਸੁਰੱਖਿਅਤ ਹਨ।

### ਪਰਚੀਆਂ ਭਗਤਾਂ ਕੀਆਂ

ਇਸ ਗ੍ਰੰਥ ਦੀਆਂ ਪੁਰਾਤਨ ਪੋਥੀਆਂ ਵਿੱਚੋਂ ਇੱਕ ਡਾਸੁਰਿੰਦਰ ਸਿੰਘ ਕੋਹਲੀ ਕੋਲ, ਸੰਮਤ 1781 ਬਿ/1724 ਈਦਾ ਉਤਾਰਾ, ਦੂਜੀ ਡਾ ਤਰਲੋਚਨ ਸਿੰਘ ਬੇਦੀ ਕੋਲ ਸੰਮਤ 1797 ਬਿ/1740 ਈ ਦਾ ਉਤਾਰਾ ਤੇ ਤੀਜੀ ਹੱਥ ਲਿਖਤ ਨੂੰ:6948 (ਸਿਰੈਲਾ) ਵਿੱਚ ਸੁਰੱਖਿਅਤ ਸੰਮਤ 1819 ਬਿ/1762 ਈ ਦਾ ਉਤਾਰਾ ਹਨ। ਇਨ੍ਹਾਂ ਉਤਾਰਿਆਂ ਤੋਂ ਇਸ ਦੇ ਰਚਨਾ ਕਾਲ ਦਾ ਸੰਮਤ 1750 ਬਿ ਹੋਣਾ ਸਿੱਧ ਹੋ ਜਾਂਦਾ ਹੈ।

### ਪਰਚੀਆਂ ਧੰਨੇ ਭਗਤ ਤੇ ਨਰਸੀ ਭਗਤ ਦੀਆਂ

ਦੋ ਪਰਚੀਆਂ ਧੰਨੇ ਭਗਤ ਤੇ ਨਰਸੀ ਭਗਤ ਦੀਆਂ ਡਾ ਗੰਢਾ ਸਿੰਘ ਪਟਿਆਲਾ ਪਾਸ ਅਧੂਰੇ ਰੂਪ ਵਿੱਚ ਪਈਆਂ ਹਨ। ਦੋਵੇਂ ਪਰਚੀਆਂ ਕੇਵਲ 6 ਪੱਤਰਿਆਂ ਵਿੱਚ ਅੰਕਿਤ ਹਨ।

ਸੋ ਇਸ ਤਰ੍ਹਾਂ ਜੋ ਪਹਿਲੀ ਪਰਚੀ ਸਾਡੇ ਕੋਲ ਆਈ ਹੈ, ਉਸ ਦਾ ਸਬੰਧ ਨਿਰੰਜਨੀ ਸੰਪਰਦਾ ਦੇ ਬਾਨੀ ਬਾਬਾ ਹੰਦਾਲ (ਈ. 15731648) ਨਾਲ ਹੈ, ਜੋ ਉਸ ਦੇ ਪੁੱਤਰ ਬਿਧੀ ਚੰਦ ਦੁਆਰਾ ਕਵਿਤਾ ਵਿੱਚ ਲਿਖਿਆ ਗਿਆ ਸੀ। ਇਹ ਹੈਂਡਲ ਦੇ ਜੀਵਨ ਦਾ ਇੱਕ ਆਦਰਸ਼ਕ, ਅਤਿਕਥਨੀ ਵਾਲਾ ਬਿਰਤਾਂਤ ਹੈ। ਇਸ ਵਿਧਾ ਦੀ ਅਗਲੀ ਰਚਨਾ ਪਰਚਿਦਨ ਪਦਸ਼ਧੀ ਦਾਸ ਹੈ ਜੋ ਅਠਾਰ੍ਹਵੀਂ ਸਦੀ ਦੀ ਪਹਿਲੀ ਤਿਮਾਹੀ ਵਿੱਚ ਸੇਵਾ ਦਾਸ, ਇੱਕ ਉਦਾਸੀ ਸਾਧੂ ਦੁਆਰਾ ਲਿਖੀ ਗਈ ਸੀ। ਭਾਵੇਂ ਕਿ ਰਚਨਾ ਦਾ ਮੁੱਖ ਫੋਕਸ, ਜੋ ਗੱਦ ਵਿਚ ਹੈ, ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ 'ਤੇ ਹੈ, ਇਹ ਨੌਂ ਪੂਰਵ ਗੁਰੂਆਂ ਦੇ ਜੀਵਨ ਨੂੰ ਵੀ ਗ੍ਰਹਿਣ ਕਰਦਾ ਹੈ।

ਇਸੇ ਤਰਤੀਬ ਤੋਂ ਪਰਚੀ ਭਗਤ ਕਨ੍ਹਈਆ ਜੀ, ਪਰਚਟ ਭਗਤ ਸੇਵਾ ਰਾਮ, ਪਰਚਟ ਮਹਦ ਸੁੰਦਰ ਸਚਿਦਰ ਕੀ, ਪਰਚਟ ਰਾਇਬਦ ਜੀ ਕੀ, ਅਤੇ ਪਰਚਿਦਨ ਭਗਤ ਅਦਨ ਸ਼ਾਹ ਆਏ। ਇਹਨਾਂ ਵਿੱਚੋਂ ਹਰੇਕ ਰਚਨਾ ਵਿੱਚ ਸੰਤ ਦੇ ਜੀਵਨ ਨਾਲ ਸਬੰਧਤ ਕਿੱਸੇ ਸ਼ਾਮਲ ਹਨ ਜਿਸ ਨੂੰ ਇਹ ਸਮਰਪਿਤ ਹੈ। ਚੁਣੀਆਂ ਗਈਆਂ ਘਟਨਾਵਾਂ ਨੂੰ ਸੰਤ ਦੇ ਕਰੀਅਰ ਨੂੰ ਦਰਸਾਉਣ ਲਈ ਇੰਨਾ ਨਹੀਂ ਗਿਣਿਆ ਜਾਂਦਾ ਹੈ ਜਿੰਨਾ ਸੰਤ ਦੇ ਅਧਿਆਤਮਿਕ ਅਤੇ ਪਰਉਪਕਾਰੀ ਸੁਭਾਅ ਨੂੰ ਸਾਹਮਣੇ ਲਿਆਉਣ ਲਈ। ਉਦਾਸੀ ਸਕੂਲ ਤੋਂ ਪਰਚਲਡਨ ਸੇਵਾ ਡੀਡੀਐਸ ਆਉਂਦੀ ਹੈ, ਇੱਕ ਅਠਾਰ੍ਹਵੀਂ ਸਦੀ ਦੀ ਰਚਨਾ ਜਿਸ ਵਿੱਚ ਦਸ ਗੁਰੂਆਂ ਦੇ ਜੀਵਨ ਦੀਆਂ ਪੰਜਾਹ ਸਾਖੀਆਂ ਜਾਂ ਕਹਾਣੀਆਂ ਸ਼ਾਮਲ ਹਨ।

### ਟੀਕਾ/ਪਰਮਾਰਥ ਸਰੂਪ ਅਤੇ ਲੱਛਣ-

ਟੀਕਾਕਾਰੀ ਭਾਰਤ ਦੀ ਇਕ ਪ੍ਰਸਿੱਧ ਸਾਹਿਤਿਕ ਪਰੰਪਰਾ ਹੈ। ਸੂਤ੍ਰਿਕ ਅਤੇ ਰਹੱਸਮਈ ਰਚਨਾਵਾਂ ਨੂੰ ਭਲੀ-ਭਾਂਤ ਸਪੱਸ਼ਟ ਕਰਨ ਲਈ ਉਨ੍ਹਾਂ ਦਾ ਟੀਕਾ ਕਰਨਾ ਪਰਮ ਆਵੱਸ਼ਕ ਹੈ। 'ਟੀਕਾ' ਸ਼ਬਦ ਸੰਸਕ੍ਰਿਤ ਦਾ ਹੈ ਅਤੇ ਇਸ ਦਾ ਵਿਉਤਪੱਤੀ ਮੂਲਕ ਅਰਥ ਹੈ

ਕਿਸੇ ਵਸਤੂ ਜਾਂ ਤੱਥ ਦਾ ਬੋਧ ਅਥਵਾ ਪ੍ਰਕਾਸ਼ਨ ਕਰਾਉਣ ਵਾਲਾ ਵਾਕ-ਸਾਧਨ —ਟੀਕ੍ਯਤੇ ਗਮ੍ਯਤੇ ਬੁਧ੍ਯਤੇ ਵਾ ਅਨ੍ਯਾ। ਫਲਸਰੂਪ, ਕਿਸੇ ਵਾਕ ਜਾਂ ਪਦ ਦਾ ਅਰਥ ਸਪੱਸ਼ਟ ਕਰਨ ਵਾਲਾ ਵਾਕ 'ਟੀਕਾ' ਅਖਵਾਉਂਦਾ ਹੈ।

ਸੂਤ੍ਰਿਕ ਜਾਂ ਕਲਿਸ਼ਟ ਰਚਨਾਵਾਂ ਦੇ ਅਰਥ ਸਪੱਸ਼ਟ ਕਰਨ ਦੀਆਂ ਭਾਰਤੀ ਸਾਹਿਤ ਵਿਚ ਅਨੇਕ ਵਿਧੀਆਂ ਹਨ, ਜਿਵੇਂ—ਟੀਕਾ, ਵਿਆਖਿਆ, ਭਾਸ਼੍ਯ, ਪਰਮਾਰਥ ਆਦਿ। ਇਨ੍ਹਾਂ ਸਭ ਵਿਚ ਅੰਤਰ ਹੈ। ਸੰਖੇਪ ਵਿਚ ਅਰਥ ਸਮਝਾਉਣ ਵਾਲੇ ਵਾਕ ਨੂੰ 'ਟੀਕਾ' ਆਖਦੇ ਹਨ, ਜਿਵੇਂ ਸੰਸਕ੍ਰਿਤ ਗ੍ਰੰਥਾਂ ਦੇ ਸਾਰ-ਪ੍ਰਬੋਧਿਨੀ ਟੀਕੇ, 'ਤਰਕ ਸੰਗ੍ਰਹਿ' ਗ੍ਰੰਥ ਦਾ ਅਨੰਮ ਭੱਟ ਰਚਿਤ 'ਤਰਕ ਸੰਗ੍ਰਹਿ ਦੀਪਿਕਾ ਟੀਕਾ' ਆਦਿ। ਵਿਸਥਾਰ ਵਿਚ ਅਰਥ ਸਮਝਾਉਣ ਵਾਲੀ ਰਚਨਾ ਨੂੰ 'ਵਿਆਖਿਆ' ਦਾ ਨਾਂ ਦਿੱਤਾ ਜਾਂਦਾ ਹੈ, ਜਿਵੇਂ ਸੰਸਕ੍ਰਿਤ ਦੇ ਕਾਵਿ-ਗ੍ਰੰਥਾਂ ਦੀਆਂ ਮੱਲੀ ਨਾਥ ਕ੍ਰਿਤ ਵਿਆਖਿਆਵਾਂ। 'ਭਾਸ਼' (ਭਾਸ਼੍ਯ) ਵਿਚ ਮੂਲ ਰਚਨਾ ਦੀਆਂ ਅਸਪੱਸ਼ਟ ਗੱਲਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਅਤੇ ਉਸ ਸੰਬੰਧੀ ਕੁਝ ਸਾਮਗ੍ਰੀ ਭਾਸ਼ਾਕਾਰ ਆਪਣੇ ਵਲੋਂ ਵੀ ਸ਼ਾਮਲ ਕਰ ਦਿੰਦਾ ਹੈ, ਜਿਵੇਂ 'ਪਾਣਿਨੀ ਸੂਤ੍ਰ ' ਉਤੇ ਪਤੰਜਲੀ ਦਾ 'ਵਿਆਕਰਣ ਮਹਾਭਾਸ਼੍ਯ' ਅਤੇ ਸ਼ੰਕਰ ਦੇ ਉਪਨਿਸ਼ਦਾਂ ਉਤੇ ਲਿਖੇ ਭਾਸ਼੍ਯ। 'ਪਰਮਾਰਥ' ਵਿਚ ਮੂਲ ਰਚਨਾ ਵਿਚਲੇ ਅਧਿਆਤਮਿਕ ਤੱਥਾਂ ਦਾ ਵਿਸ਼ੇਸ਼ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਪਰਮਾਰਥਾਂ ਦਾ ਵਾਸਤਵਿਕ ਵਿਕਾਸ ਪੁਰਾਣ-ਸਾਹਿਤ ਵਿਚ ਮਿਲਦਾ ਹੈ।

ਪੁਰਾਤਨ ਪੰਜਾਬੀ ਸਾਹਿਤ ਵਿਚ ਟੀਕਾ, ਵਿਆਖਿਆ, ਭਾਸ਼ਾ, ਪਰਮਾਰਥ ਆਦਿ ਦੀਆਂ ਵਿਭਿੰਨਤਾਵਾਂ ਵਲ ਬਹੁਤ ਧਿਆਨ ਨ ਦੇ ਕੇ ਸਭ ਲਈ ਆਮ ਤੌਰ 'ਤੇ ਪਰਮਾਰਥ ਜਾਂ ਟੀਕਾ ਸ਼ਬਦ ਹੀ ਵਰਤ ਲਿਆ ਜਾਂਦਾ ਰਿਹਾ ਹੈ। ਟੀਕੇ ਅਤੇ ਅਨੁਵਾਦ ਵਿਚ ਵੀ ਅੰਤਰ ਹੈ। ਟੀਕਾ ਮੂਲ ਰਚਨਾ ਦੀ ਸਮਾਨ ਭਾਸ਼ਾ ਜਾਂ ਕਿਸੇ ਵੀ ਹੋਰ ਭਾਸ਼ਾ ਵਿਚ ਹੋ ਸਕਦਾ ਹੈ, ਪਰ ਅਨੁਵਾਦ ਮੂਲ ਰਚਨਾ ਵਾਲੀ ਭਾਸ਼ਾ ਵਿਚ ਨ ਹੋ ਕੇ ਕਿਸੇ ਵੀ ਭਿੰਨ ਭਾਸ਼ਾ ਵਿਚ ਹੁੰਦਾ ਹੈ। ਟੀਕੇ ਅਤੇ ਅਨੁਵਾਦ ਵਾਰਤਕ ਅਤੇ ਕਵਿਤਾ ਦੋਹਾਂ ਵਿਚ ਹੋ ਸਕਦੇ ਹਨ, ਪਰ ਗੁਰਮਤਿ-ਕਾਵਿ ਬਾਰੇ ਪ੍ਰਧਾਨਤਾ ਵਾਰਤਕ ਵਿਚ ਲਿਖੇ ਟੀਕਿਆਂ ਦੀ ਹੈ।

ਟੀਕਾਕਾਰੀ ਕੋਈ ਸਰਲ ਕੰਮ ਨਹੀਂ , ਬੜੀ ਕਠੋਰ ਅਤੇ ਅਕਾ ਦੇਣ ਵਾਲੀ ਸਾਧਨਾ ਹੈ। ਇਹ ਕੇਵਲ ਮੂਲ ਕ੍ਰਿਤੀ ਦਾ ਕੋਸ਼ ਦੇ ਆਧਾਰ'ਤੇ ਸਰਲ ਅਰਥ ਜਾਂ ਵਿਸ਼ਲੇਸ਼ਣ ਕਰਨਾ ਨਹੀਂ, ਇਹ ਵਿਧੀ ਤਾਂ ਉਸ ਦਾ ਇਕ ਸਾਧਾਰਣ ਰੂਪ ਹੈ। ਟੀਕਾਕਾਰ ਦੀ ਵਿਸ਼ੇਸ਼ਤਾ ਤਾਂ ਇਹ ਹੈ ਕਿ ਉਹ ਸ਼ਬਦ ਦੇ ਮਰਮ ਨੂੰ ਸਮਝਦਾ ਹੋਵੇ ਅਤੇ ਟੀਕੇ ਦੇ ਮਾਧਿਅਮ ਦੁਆਰਾ ਮੂਲ ਲੇਖਕ ਦੀ ਭਾਵ-ਧਾਰਾ ਦਾ ਗਿਆਨ ਪਾਠਕ ਨੂੰ ਕਰਾਏ। ਇਕ ਸ਼ਬਦ ਦਾ ਇਕ ਨਹੀਂ ਅਨੇਕ ਅਰਥ ਹੋ ਸਕਦੇ ਹਨ ਅਤੇ ਸ਼ਬਦ-ਸ਼ਕਤੀਆਂ ਦੁਆਰਾ ਉਸ ਦੇ ਅਰਥਾਂ ਦਾ ਘੇਰਾ ਬੜੀ ਅਸੀਮ ਬਣਿਆ ਰਹਿੰਦਾ ਹੈ। ਮੂਲ ਰਚੈਤਾ ਦੇ ਮਨ ਵਿਚ ਰਚਨਾ ਕਰਨ ਵੇਲੇ ਕਿਸੇ ਸ਼ਬਦ ਦੇ ਪ੍ਰਯੋਗ ਪਿਛੇ ਕਿਹੜੀ ਭਾਵ-ਧਾਰਾ ਅਥਵਾ ਅਰਥ ਪ੍ਰੇਰਣਾ ਦੇ ਰਿਹਾ ਹੈ, ਇਹ ਅਨੁਮਾਨ ਲਗਾ ਸਕਣਾ ਸਰਲ ਨਹੀਂ। ਟੀਕਾਕਾਰ ਨੂੰ ਨ ਕੇਵਲ ਵਿਸ਼ੇ ਅਤੇ ਭਾਸ਼ਾ ਦਾ ਗੰਭੀਰ ਗਿਆਨ ਹੋਣਾ ਚਾਹੀਦਾ ਹੈ, ਸਗੋਂ ਉਸ ਨੂੰ ਵਿਆਕਰਣ ਦੀ ਵੀ ਆਵੱਸ਼ਕ ਸੋਝੀ ਹੋਣੀ ਚਾਹੀਦੀ ਹੈ। ਨਾਲੇ , ਉਸ ਨੂੰ ਸ਼ਬਦਾਂ ਦਾ ਅਰਥਗਤ ਅਤੇ ਭਾਸ਼ਾ-ਵਿਗਿਆਨਗਤ ਇਤਿਹਾਸ ਪਤਾ ਹੋਣਾ ਚਾਹੀਦਾ ਹੈ। ਅਰਥ ਦੀ ਸਪੱਸ਼ਟ ਪ੍ਰਸੰਗਿਕਤਾ ਨਿਰਧਾਰਿਤ ਕਰਨ ਲਈ 'ਅਨ੍ਵਯ ਵਿਧੀ' (ਵੇਖੋ) ਦੀ ਵਰਤੋਂ ਕਰਨੀ ਚਾਹੀਦੀ ਹੈ, ਤਾਂ ਜੋ ਸ਼ਬਦਾਂ ਦਾ ਵਾਕ ਵਿਚ ਪਹਿਲਾਂ ਸਹੀ ਸਥਾਨ ਨਿਸਚਿਤ ਕੀਤਾ ਜਾ ਸਕੇ ਅਤੇ ਫਿਰ ਅਰਥ ਕਰਨ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਜਾਏ। ਲੇਖਕ ਦੀਆਂ ਹੋਰ ਰਚਨਾਵਾਂ ਅਤੇ ਉਸ ਵਿਚ ਹੋਏ ਸ਼ਬਦਾਂ ਦੇ ਵਿਸ਼ਿਸ਼ਟ ਪ੍ਰਯੋਗਾਂ ਦੀ ਵੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨਾਲ ਕਈ ਵਾਰ ਅਰਥ ਦਾ ਅਨਰਥ ਹੋਣੋ ਬਚ ਜਾਂਦਾ ਹੈ।

ਟੀਕਾਕਾਰੀ ਵਿਚ ਪੂਰਵ ਮਿਥੀਆਂ ਧਾਰਣਾਵਾਂ ਵੀ ਅਰਥ ਦਾ ਅਨਰਥ ਕਰਦੀਆਂ ਰਹਿੰਦੀਆਂ ਹਨ। ਆਪਣੀ ਨਿੱਜੀ ਰੁਚੀ ਅਨੁਸਾਰ ਅਰਥ ਘੜਨਾ ਟੀਕਾਕਾਰ ਲਈ ਨ ਕੇਵਲ ਅਨੁਚਿਤ ਹੈ ਸਗੋਂ ਇਸ ਦੁਆਰਾ ਪਾਠਕ ਨੂੰ ਗ਼ਲਤ ਰਾਹ ਉਤੇ ਪਾਣਾ ਹੈ। ਇਸ ਲਈ, ਆਵੱਸ਼ਕ ਈਮਾਨਦਾਰੀ ਅਤੇ ਤਟਸਥਤਾ ਇਕ ਚੰਗੇ ਟੀਕਾਕਾਰ ਦੇ ਗੁਣ ਮੰਨੇ ਗਏ ਹਨ। ਇਕ ਰਚਨਾ ਦੇ ਇਕ ਨਹੀਂ ਅਨੇਕ ਟੀਕੇ ਹੋ ਸਕਦੇ ਹਨ, ਪਰ ਪਰਵਰਤੀ ਟੀਕਾਕਾਰਾਂ ਦਾ ਮਨੋਰਥ ਸਦਾ ਇਹ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਟੀਕੇ ਦੁਆਰਾ ਪੂਰਬ-ਵਰਤੀ ਟੀਕਾਕਾਰ ਨਾਲੋਂ ਹੋਰ ਸਪੱਸ਼ਟਤਾ ਲਿਆਉਣ ਅਤੇ ਵਧ ਤੋਂ ਵਧ ਮੂਲ ਰਚੈਤਾ ਦੀ ਅੰਤਰ-ਭਾਵਨਾ ਨੂੰ ਜਾਣਨ ਦਾ ਯਤਨ ਕਰਨ। ਇਹ ਨਹੀਂ ਕਿ ਪਹਿਲੇ ਟੀਕਾਕਾਰ ਨੂੰ ਨਿੰਦਿਆ ਜਾਵੇ ਅਤੇ ਕਈ ਵਿਸ਼ੇਸ਼ ਅਤੇ ਸਿੱਧਾਂਤਿਕ ਸ਼ਬਦਾਂ ਦੇ ਬੜੇ ਵਿਲੱਖਣ ਜਿਹੇ ਅਰਥ ਕਰਕੇ ਵਾਸਤਵਿਕਤਾ ਤੋਂ ਪਾਠਕਾਂ ਨੂੰ ਹੋਰ ਵੀ ਦੂਰ ਲੈ ਜਾਇਆ ਜਾਵੇ।

ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸ ਵਿਚ ਟੀਕਾਕਾਰੀ ਦਾ ਇਕ ਮਹੱਤਵਪੂਰਣ ਸਥਾਨਹੈ। ਇਸ ਨਾਲ ਗੁਰਬਾਣੀ ਦੇ ਭਾਵ-ਸੰਚਾਰ ਵਿਚ ਵਿਸਥਾਰ ਹੁੰਦਾ ਆਇਆ ਹੈ। ਇਸ ਲਈ ਇਸ ਦੇ ਸਰੂਪ ਅਤੇ ਵਿਕਾਸ ਬਾਰੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ।

ਗੁਰਬਾਣੀ ਵਿਚ ਟੀਕਿਆਂ ਦਾ ਮੁੱਢ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਵਿਆਖਿਆ ਨਾਲ ਬਝਿਆ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪੰਜਾਬ ਵਾਸੀਆਂ ਦੇ ਚਿੰਤਨ ਨੇ ਇਕ ਨਵੀਂ ਕਰਵਟ ਲਈ। ਉਨ੍ਹਾਂ ਦੇ ਮਨ ਵਿਚ ਪਰੰਪਰਾ ਦਾ ਜੂਲਾ ਮੋਢਿਆਂ ਤੋਂ ਲਾਹ ਸੁਟਣ ਦੀ ਰੀਝ ਪੈਦਾ ਹੋਈ। ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਉਨ੍ਹਾਂ ਦੇ ਸ਼ਰਧਾਲੂਆਂ ਅਤੇ

ਅਨੁਯਾਈਆਂ ਵਿਚ ਉਨ੍ਹਾਂ ਦੀ ਬਾਣੀ ਦੇ ਪਰਮਾਰਥਾਂ ਦੀਆਂ ਗੱਲਾਂ ਆਮ ਚਲ ਪਈਆਂ। ਸ਼ਬਦਾਂ ਦੇ ਉਚਰੇ ਜਾਣ ਸੰਬੰਧੀ ਅਨੇਕ ਪ੍ਰਕਾਰ ਦੀਆਂ ਅਤੇ ਕਈ ਵਾਰ ਪਰਸਪਰ ਭਿੰਨ ਉਥਾਨਿਕਾਵਾਂ ਪ੍ਰਚਲਿਤ ਹੋ ਗਈਆਂ। ਗੁਰੂ ਜੀ ਦੇ ਉਪਕਾਰਾਂ ਦੀਆਂ ਵਿਸਤ੍ਰਿਤ ਭੂਮਿਕਾਵਾਂ ਕਲਪੀਆਂ ਗਈਆਂ। ਇਨ੍ਹਾਂ ਸਭ ਦਾ ਵਿਵਸਥਿਤ ਰੂਪ ਜਨਮ -ਸਾਖੀਆਂ ਦੁਆਰਾ ਸਾਡੇ ਸਾਹਮਣੇ ਆਇਆ।

ਗੁਰੂ ਅਰਜਨ ਦੇਵ ਜੀ ਦੁਆਰਾ ਅੰਮ੍ਰਿਤਸਰ ਵਿਚ ਸਿੱਖ ਧਰਮ ਦੇ ਪ੍ਰਚਾਰ ਸੰਬੰਧੀ ਨਿਸਚਿਤ ਕੇਂਦਰ ਸਥਾਪਿਤ ਕਰ ਦਿੱਤੇ ਜਾਣ ਅਤੇ 22 ਮੰਜੀਆਂ ਨੂੰ ਮਸੰਦਾਂ ਦੀ ਨਿਯੁਕਤੀ ਦੁਆਰਾ ਸੰਗਠਿਤ ਕਰ ਲਏ ਜਾਣ ਨਾਲ ਸਿੱਖ-ਅਨੁਯਾਈਆਂ ਦੀਆਂ ਗੋਸ਼ਟਾਂ , ਸਮਾਗਮ, ਦੀਵਾਨ ਹੋਣ ਲਗ ਪਏ। ਅਜਿਹੇ ਅਵਸਰਾਂ ਉਤੇ ਗੁਰਬਾਣੀ ਦੇ ਕਿਸੇ ਨ ਕਿਸੇ ਸ਼ਬਦ ਸੰਬੰਧੀ ਵਿਚਾਰ-ਵਟਾਂਦਰੇ ਹੁੰਦੇ। ਕਈ ਵਾਰ ਗੁਰਬਾਣੀ ਦੀਆਂ ਸੂਤ੍ਰਾਤਮਕ, ਗੂਹੜ ਅਰਥ ਭਰਪੂਰ ਬਾਣੀਆਂ ਦੇ ਅਰਥ ਸਮਝਾਉਣ ਦੀ ਲੋੜ ਵੀ ਪੈਂਦੀ। ਕਥਾ-ਵਾਰਤਾ ਵੀ ਚਲਦੀ। ਇਸ ਤਰ੍ਹਾਂ ਗੁਰਬਾਣੀ ਦੇ ਟੀਕੇ ਰਚਣ ਦੀ ਪਿਰਤ ਪਈ। ਇਸ ਦੀਆਂ ਵੀ ਅਗੋਂ ਕਈ ਸ਼ਾਖਾਵਾਂ ਹੋ ਗਈਆਂ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ ਅਤੇ ਆਦਿ-ਸ਼ਾਖਾ ਪਰਵਰਤੀ ਗੁਰੂ ਸਾਹਿਬਾਨ ਦੁਆਰਾ ਰਚੀ ਬਾਣੀ ਹੈ ਜਿਸ ਵਿਚ ਅਸਲੋਂ ਗੁਰੂ ਨਾਨਕ ਬਾਣੀ ਦੀ ਵਿਆਖਿਆ ਹੀ ਪ੍ਰਸਤੁਤ ਹੋਈ ਹੈ।

ਗੁਰੂ-ਦਰਬਾਰ ਨਾਲ ਸੰਬੰਧਿਤ ਇਸੇ ਪੱਧਤੀ ਦੇ ਨੇੜੇ-ਤੇੜੇ ਇਕ ਹੋਰ ਸ਼ਾਖਾ ਦੇ ਪ੍ਰਵਰਤਕ ਭਾਈ ਗੁਰਦਾਸ ਸਨ। ਭਾਈ ਗੁਰਦਾਸ ਉਸ ਸਮੇਂ ਸਿੱਖ-ਮਤ ਦੇ ਅਧਿਕਾਰੀ ਪ੍ਰਚਾਰਕ ਅਤੇ ਪ੍ਰਮੁਖ ਪ੍ਰਵਕਤਾ ਸਨ। ਉਨ੍ਹਾਂ ਨੂੰ ਪ੍ਰਚਾਰ ਲਈ ਅੰਮ੍ਰਿਤਸਰ ਤੋਂ ਦੂਰ ਦੁਰਾਡੇ ਵੀ ਜਾਣਾ ਪੈਂਦਾ। ਕਾਬੁਲ ਅਤੇ ਆਗਰੇ ਵਿਚ ਉਨ੍ਹਾਂ ਨੂੰ ਕਾਫ਼ੀ ਸਮੇਂ ਤਕ ਟਿਕਣਾ ਪਿਆ। ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਇਕ ਇਕ ਬਾਣੀ ਜਾਂ ਸ਼ਬਦ ਲੈ ਕੇ ਨਹੀਂ ਕੀਤੀ, ਸਗੋਂ ਗੁਰਬਾਣੀ ਦੇ ਕੁਝ ਕੁ ਬੁਨਿਆਦੀ ਵਿਚਾਰਾਂ ਅਥਵਾ ਸਿੱਧਾਂਤਾਂ ਦਾ ਕਵਿਤਾ ਵਿਚ ਵਿਸ਼ਲੇਸ਼ਣ ਕੀਤਾ। ਇਸੇ ਲਈ ਉਨ੍ਹਾਂ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ ' (ਵੇਖੋ) ਕਹਿ ਕੇ ਸਨਮਾਨਿਆ ਗਿਆ। ਉਦਾਹਰਣ ਵਜੋਂ ਮੂਲ-ਮੰਤ੍ਰ ਦੀ ਵਿਆਖਿਆ ਇਸ ਪ੍ਰਕਾਰ ਹੈ—ਏਕਾ ਏਂਕਾਰ ਲਿਖ ਦੇਖਾਲਿਆ। ਊੜਾ ਓਅੰਕਾਰ ਪਾਸ ਬਹਾਲਿਆ। ਸਤਿਨਾਮ ਕਰਤਾਰ ਨਿਰਭਉ ਭਾਲਿਆ। ਨਿਰਵੈਰਹੁ ਜੈਕਾਰ ਅਜੂਨਿ ਅਕਾਲਿਆ। ਸਚੁ ਨੀਸਾਣ ਅਪਾਰ ਜੋਤ ਉਜਾਲਿਆ। ਪੰਚ ਅਖਰ ਉਪਕਾਰ ਨਾਮ ਸਮਾਲਿਆ। (ਵਾਰ 3/16)। ਵਿਆਖਿਆ ਦੀ ਇਸ ਸ਼ਾਖਾ ਨੂੰ ਗੁਰੂ-ਘਰ ਦੀ ਪ੍ਰਵਾਨਗੀ ਪ੍ਰਾਪਤ ਸੀ ।

ਗੁਰਬਾਣੀ ਦੇ ਵਾਰਤਕ ਪਰਮਾਰਥ/ਟੀਕੇ: ਗੁਰਬਾਣੀ ਵਿਚ ਵਾਰਤਕ ਟੀਕਾਕਾਰੀ ਦਾ ਆਰੰਭ 'ਪੁਰਾਤਨ -ਜਨਮਸਾਖੀ' (ਰਚਨਾ-ਕਾਲ 1588 ਈ.) ਤੋਂ ਹੁੰਦਾ ਹੈ। ਇਹ ਠੀਕ ਹੈ ਕਿ ਇਸ ਜਨਮਸਾਖੀ ਵਿਚ ਕਿਸੇ ਬਾਣੀ ਦਾ ਵਿਵਸਥਿਤ ਟੀਕਾ ਨਹੀਂ ਮਿਲਦਾ, ਪਰ ਗੁਰਬਾਣੀ ਦੇ ਕੁਝ ਕੁ ਸ਼ਬਦਾਂ ਦੇ ਟੀਕੇ/ਪਰਮਾਰਥ ਲਿਖਣ ਦੀ ਸ਼ੁਰੂਆਤ ਇਸ ਜਨਮਸਾਖੀ ਤੋਂ ਹੀ ਹੋਈ ਹੈ। ਇਸ ਸੰਬੰਧ ਵਿਚ ਤੁਰਤ ਜਾਣਕਾਰੀ ਲਈ 'ਪਟੀ-ਪਾਂਧਾ' ਵਾਲੀ ਸਾਖੀ ਵਿਸ਼ੇਸ਼ ਉੱਲੇਖ-ਯੋਗ ਹੈ। ਉਥੇ ਗੁਰੂ ਨਾਨਕ ਦੇਵ ਜੀ ਨੇ ਸੰਸਾਰਿਕ ਪੜ੍ਹਾਈ ਨੂੰ ਵਿਅਰਥ ਦਸਦੇ ਹੋਇਆਂ ਕਿਹਾ ਹੈ—ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ। ਭਾਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ। ਲਿਖੁ ਨਾਮੁ ਸਲਾਹ ਲਿਖੁ ਅੰਤੁ ਨ ਪਾਰਾਵਾਰੁ। ਬਾਬਾ ਏਹੁ ਲੇਖਾ ਲਿਖਿ ਜਾਣੁ। ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।... ਤਬਿ ਗੁਰੂ ਨਾਨਕ ਕਹਿਆ—ਸੁਣਿ ਹੋ ਸੁਆਮੀ, ਏਹੁ ਜੋ ਸੰਸਾਰ ਕਾ ਪੜਣਾ ਹੈ ਸੋ ਐਸਾ ਹੈ, ਜੋ ਮਸੁ ਦੀਵੇ ਕੀ ਅਰੁ ਕਾਗਦੁ ਸਣ ਕਾ ਅਰੁ ਕਲਮ ਕਾਨੇ ਕੀ। ਅਰੁ ਮਨ ਲਿਖਣਹਾਰੁ ਹੈ। ਅਰੁ ਲਿਖਿਆ ਸੋ ਕਿਆ ਲਿਖਿਆ। ਮਾਇਆ ਕਾ ਜੰਜਾਲ ਲਿਖਿਆ, ਜਿਤੁ ਲਿਖੈ ਸਭੁ ਵਿਕਾਰ ਹੋਇ। ਅਰ ਉਹੁ ਜੋ ਲਿਖਣਾ ਹੈ ਸੋ ਸਚ ਕਾ ਹੈ। ਸੋ ਐਸਾ ਹੈ—

> ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ ਅਰੁ ਤਪਸਿਆ ਕਾ ਕਾਗਦੁ ਕਰੀਐ। ਅਰੁ ਜੋ ਕਿਛੁ ਇਛਿਆ ਅੰਤਰਿ ਕਿਛੁ ਭਾਓ ਹੈ ਤਿਸ ਕੀ ਕਲਮ ਕਰੀਐ ਅਰੁ ਚਿਤ ਲਿਖਣਿਹਾਰੁ ਕਰਹੁ ਅਰੁ ਲਿਖੀਐ ਸੋ ਕਿਆ ਲਿਖੀਐ। ਪਰਮੇਸਰ ਕਾ ਨਾਉ ਲਿਖੀਐ, ਸਲਾਹ ਲਿਖੀਐ, ਜਿਤੁ ਲਿਖੇ ਸਭਿ ਵਿਕਾਰੁ ਮਿਟਿ ਜਾਹਿ। ਬੇਅੰਤ ਸੋਭਾ ਲਿਖੇ ਜਿਤੁ ਲਿਖੇ ਤਨੁ ਸੁਖੀ ਹੋਇ। ਤਿਸ ਕਾ ਅੰਤੁ ਪਾਰਾਵਾਰੁ ਕੁਛੁ ਪਾਇਆ ਨਾਹੀ ਜਾਤਾ। ਹੋ ਪੰਡਿਤ, ਜੇ ਏਹੁ ਲੇਖਾ ਪੜਿਆ ਹੈ ਤਾਂ ਪੜੁ ਅਰੁ ਮੁਝ ਕਉ ਭੀ ਪੜਾਇ, ਨਾਹੀ ਤਾ ਨਾ ਪੜਾਇ। ਸੁਣਿ ਹੋ ਪੰਡਿਤ, ਜਹਾ ਏਹੁ ਤੇਰਾ ਜੀਉ ਜਾਵੇਗਾ ਤਹਾ ਤੇਰੇ ਹਥਿ ਏਹੁ ਪੜਣਾ ਨੀਸਾਣੁ ਹੋਵੈਗਾ, ਤਹਾ ਤੇਰੈ ਨਜੀਕਿ ਜਮੁ ਕਾਲੁ ਨ ਆਵੈਗਾ।... ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ। ਇਕਿ ਉਪਾਏ ਮੰਗਤੇ ਇਕਨਾ ਵਡੇ ਦਰਬਾਰ। ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ।

ਤਬਿ ਗੁਰੂ ਬਾਬੇ ਨਾਨਕ ਕਹਿਆ— ਸੁਣ ਹੋ ਪੰਡਿਤ, ਇਕ ਆਵਤੇ ਹੈ ਇਕ ਜਾਤੇ ਹੈ, ਇਕ ਸਾਹ ਹੈ ਇਕ ਪਾਤਸਾਹ ਹੈ। ਇਕ ਉਨਾ ਕੈ ਆਗੈ ਭਿਖਿਆ ਮੰਗਿ ਮੰਗਿ ਖਾਤੇ ਹੈ। ਪਰ ਸੁਣਿ ਹੋ ਪੰਡਿਤ, ਜੋ ਊਹਾ ਆਗੈ ਜਾਵਹਿਗੇ, ਜੋ ਈਹਾ ਸੁਖੁ ਕਰਤੇ ਹੈ ਅਰੁ ਪਰਮੇਸਰੁ ਨਾਹੀ ਸਿਮਰਤੇ ਹੈ ਤਿਨ ਕਉ ਐਸੀ ਸਜਾਇ ਮਿਲੈਗੀ ਜੈਸੇ ਕਪੜੇ ਕਉ ਧੋਬੀ ਦੇਤਾ ਹੈ ਅਰੁ ਤਿਲਾ ਕਉ ਤੇਲੀ ਦੇਤਾ ਹੈ ਅਰੁ ਚਕੀ ਦਾਣਿਆ ਕਉ ਦੇਤੀ ਹੈ। ਐਸੀ ਸਜਾਇ ਪਾਵਹਿਗੇ। ਅਰੁ ਨਰਕ ਕੁੰਡੇ ਮਿਲਹਿਗੇ। ਅਰੁ ਜੋ ਪਰਮੇਸਰ ਕਉ ਸਿਮਰਤੇ ਹੈ ਅਰੁ ਭਿਖਿਆ ਮੰਗਿ ਮੰਗਿ ਖਾਤੇ ਹੈ, ਉਨ ਕਉ ਦਰਗਹ ਵਡਿਆਈਆ ਮਿਲਹਿ ਗੀਆ।... ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ। ਨਾਵ ਜਿਨਾ ਸੁਲਤਾਨ ਖ਼ਾਨ ਹੋਦੇ ਡਿਠੇ ਖੇਹ। ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ। ਤਿਸ ਕਾ ਪਰਮਾਰਥੁ। ਗੁਰੂ ਬਾਬੇ ਨਾਨਕ ਕਹਿਆ—ਸੁਣ ਪੰਡਿਤ, ਉਸੁ ਸਾਹਿਬ ਕਾ ਐਸਾ ਡਰੁ ਹੈ ਜੋ ਮੇਰੀ ਦੇਹ ਭੈਮਾਨ ਹੋਇ ਗਈ। ਜੋ ਈਹਾ ਖ਼ਾਨ ਸੁਲਤਾਨ ਕਹਾਇਦੇ ਥੇ ਸੋ ਸਭ ਮਰਿ ਖਾਕੁ ਹੋਇ ਗਏ। ਜਿਨ ਕਾ ਅਮਰੁ ਮੰਨੀਦਾ ਥਾ, ਜਿਨ ਕੈ ਡਰ ਪ੍ਰਿਥਮੀ ਭੈਮਾਨੁ ਹੋਤੀ ਥੀ, ਸੋ ਭੀ ਉਠਿ ਗਏ। ਸੁਣਿ ਹੋ ਪੰਡਿਤਾ, ਮੈ ਕੂੜਾ ਸਨੇਹੁ ਕਿਸ ਕਿਉ ਕਰਉ, ਹਮ ਭੀ ਉਠਿ ਜਾਹਿਗੇ, ਖਾਕ ਦਰਿ ਖਾਕ ਹੋਇ ਜਾਹਿਗੇ। ਹਮ ਤਿਸੁ ਕੀ ਬੰਦਗੀ ਕਰਹਿਗੇ ਜੋ ਕੋਈ ਜੀਅ ਲੈਇਗਾ। ਫਿਰਿ ਸੰਸਾਰ ਸਿਉ ਕੂੜਾ ਨੇਹੁ ਕਿਆ ਕਰਹੁ।

ਇਸ ਸੰਦਰਭ ਤੋਂ ਸਪੱਸ਼ਟ ਹੈ ਕਿ 'ਪੁਰਾਤਨ- ਜਨਮਸਾਖੀ' ਵਿਚ ਕਿਸੇ ਵਿਸ਼ੇਸ਼ ਸਾਖੀ ਦੇ ਸੰਦਰਭ ਵਿਚ ਆਈਆਂ ਗੁਰਬਾਣੀ ਦੀਆਂ ਟੂਕਾਂ ਦੀ ਸਾਖੀਕਾਰ ਨੇ ਕਥਾ- ਪ੍ਰਸੰਗ ਵਿਚ ਪਰੋਂਦੇ ਹੋਇਆਂ ਕਿਤੇ ਕਿਤੇ ਵਿਆਖਿਆ ਕੀਤੀ ਹੈ। ਇਹ ਵਿਆਖਿਆ ਟੀਕਾ/ਪਰਮਾਰਥ ਦੀ ਹੀ ਮੁਢਲੀ ਅਵਸਥਾ ਹੈ। ਇਸ ਵਿਚ ਲੇਖਕ ਨੇ ਅਧਿਕ ਤੋਂ ਅਧਿਕ ਸਪੱਸ਼ਟਤਾ ਲਿਆਉਣ ਦਾ ਯਤਨ ਕੀਤਾ ਹੈ ਅਤੇ ਗੁਰਬਾਣੀ ਦੀ ਟੂਕ ਦੇ ਮੂਲ ਆਸ਼ੇ ਤੋਂ ਬਹੁਤ ਹਟਿਆ ਨਹੀਂ ਹੈ।

ਇਸ ਤੋਂ ਉਪਰੰਤ ਗੁਰਬਾਣੀ ਦੀ ਵਾਰਤਕ ਟੀਕਾਕਾਰੀ ਦਾ ਵਿਕਾਸ ਭਿੰਨ ਭਿੰਨ ਸਿੱਖ-ਸੰਪ੍ਰਦਾਵਾਂ ਦੇ ਵਿਦਵਾਨਾਂ ਦੁਆਰਾ ਆਪਣੀ ਆਪਣੀ ਵਿਸ਼ੇਸ਼ ਰੁਚੀ ਅਤੇ ਭਾਵਨਾ ਅਨੁਸਾਰ ਹੋਇਆ, ਜਿਸ ਨੂੰ ਅਧਿਐਨ ਦੀ ਸੁਵਿਧਾ ਲਈ ਪੰਜ ਸੰਪ੍ਰਦਾਈ ਸ਼ਾਖਾਵਾਂ ਵਿਚ ਵੰਡਿਆ ਜਾ ਸਕਦਾ ਹੈ—

(1) ਟੀਕਾਕਾਰੀ ਦੀ ਮਿਹਰਬਾਨ ਸ਼ਾਖਾ

(2) ਟੀਕਾਕਾਰੀ ਦੀ ਗਿਆਨੀ ਸ਼ਾਖਾ

(3) ਟੀਕਾਕਾਰੀ ਦੀ ਸੇਵਾਪੰਥੀ ਸ਼ਾਖਾ

(4) ਟੀਕਾਕਾਰੀ ਦੀ ਉਦਾਸੀ ਸ਼ਾਖਾ

(5) ਟੀਕਾਕਾਰੀ ਦੀ ਨਿਰਮਲਾ ਸ਼ਾਖਾ।

ਗੁਰਬਾਣੀ ਦੀ ਟੀਕਾਕਾਰੀ ਇਕ ਨਿਰੰਤਰ ਅਤੇ ਵਿਕਾਸਸ਼ੀਲ ਵਿਆਖਿਆਤਮਕ ਕਲਾ ਹੈ। ਇਸ ਦੀ ਨਿਰੰਤਰਤਾ ਦੇ ਕਈ ਕਾਰਣ ਹੋ ਸਕਦੇ ਹਨ। ਇਕ ਇਸ ਵਿਚ ਭਾਸ਼ਾ ਅਤੇ ਪਰਿਭਾਸ਼ਿਕ ਸ਼ਬਦਾਵਲੀ ਦੇ ਅਰਥਾਂ ਵਿਚ ਵਿਕਾਸ ਹੁੰਦਾ ਰਹਿੰਦਾ ਹੈ। ਉਸ ਦੀ ਗਹਿਰਾਈ ਤਕ ਪਹੁੰਚਣ ਦੇ ਸਦਾ ਉਦਮ ਬਣੇ ਰਹਿੰਦੇ ਹਨ। ਦੂਜਾ ਕਾਰਣ ਇਹ ਹੈ ਕਿ ਲੋਕਾਂ ਦੀ ਭਾਸ਼ਾ ਦਾ ਸਰੂਪ ਸਦਾ ਬਦਲਦਾ ਰਹਿੰਦਾ ਹੈ। ਪਿਛਲੀ ਭਾਸ਼ਾ ਓਪਰੀ ਜਿਹੀ ਲਗਣ ਲਗ ਜਾਂਦੀ ਹੈ। ਇਸ ਲਈ ਯੁਗ-ਅਨੁਰੂਪ ਭਾਸ਼ਾ ਸ਼ੈਲੀ ਵਿਚ ਟੀਕੇ ਲਿਖਣ ਦੀ ਲੋੜ ਪੈਂਦੀ ਰਹਿੰਦੀ ਹੈ। ਤੀਜਾ ਨਵੀਂ ਸੂਝ ਅਤੇ ਉਚੇਰੀ ਸਿਖਿਆ ਵਾਲੀ ਨਵੀਂ ਪੀੜ੍ਹੀ ਸਦਾ ਪਹਿਲੀ ਪੀੜ੍ਹੀ ਤੋਂ ਅਗੇ ਹੋ ਕੇ ਚਲਦੀ ਹੈ, ਇਸ ਲਈ ਉਨ੍ਹਾਂ ਦੀ ਸਮਝ ਅਤੇ ਸੋਚ ਅਨੁਸਾਰ ਟੀਕੇ ਰਚਣੇ ਪੈਂਦੇ ਹਨ।

## ਅਨੁਵਾਦ ਪਰੰਪਰਾ: ਸਰੂਪ ਅਤੇ ਲੱਛਣ

ਮੱਧ-ਕਾਲੀਨ ਪੰਜਾਬੀ ਵਾਰਤਕ ਵਿੱਚ ਅਨੁਵਾਦ ਪਰੰਪਰਾ ਮੌਲਿਕ ਅਥਵਾ ਆਧਾਰਿਤ ਵਾਰਤਕ ਜਿੰਨੀ ਪੁਰਾਣੀ ਹੈ। ਸਾਹਿਤ ਦਾ ਬਹੁਤਾ ਭਾਗ ਅਜੇ ਹੱਥ ਲਿਖਤਾਂ ਦੇ ਰੂਪ ਵਿੱਚ ਹੀ ਖੋਜ-ਪੁਸਤਕ ਕਾਲਿਆਂ ਵਿੱਚ ਖਿੰਡਿਆ ਪਿਆ ਹੈ ਅਤੇ ਸੰਪਾਦਨ ਹੋ ਕੇ ਲੋਕਾਂ ਸਾਹਮਣੇ ਨਹੀਂ ਆਇਆ।

### ਅਨੁਵਾਦ ਦੀ ਲੋੜ ਦੇ ਮੁੱਖ ਕਾਰਨ

ਗੁਰਮਿਤ ਦੀ ਲਹਿਰ ਸਰਬ ਸਾਂਝੀ ਲਹਿਰ ਸੀ ਇਸ ਦਾ ਉਦੇਸ਼ ਮਾਨਵਤਾ ਦਾ ਕਲਿਆਣ ਕਰਨਾ ਸੀ। ਸਮਕਾਲੀ ਲੋਕ ਆਪਣੇ ਵਿਰਸੇ ਤੋਂ ਵਿਯੋਗ ਹੋਣ ਕਰਕੇ ਹੀਣ ਭਾਵਨਾ ਵਾਲੇ ਬਣ ਗਏ ਸਨ। ਸਵੈ-ਵਿਸ਼ਵਾਸ ਤੇ ਸਵੈ-ਗੌਰਵ ਤੇ ਆਤਮ ਵਿਸ਼ਵਾਸ ਨੂੰ ਪੁਨਰ ਸਥਾਪਿਤ ਕਰਨ ਲਈ ਅਤੇ ਉਨ੍ਹਾਂ ਨੂੰ ਅਮੀਰ ਵਿਰਸੇ ਨੂੰ ਖ਼ਾਸ ਭਾਸ਼ਾ ਤੋਂ ਲੋਕਾਂ ਦੀ ਭਾਸ਼ਾ ਵਿੱਚ ਅਨੁਵਾਦ ਕਰਨਾ ਜ਼ਰੂਰੀ ਸੀ।

ਬਹਾਰੋਂ ਆਏ ਸ਼ਾਸਕਾਂ ਆਪਣੀ ਰਾਜਨੀਤਿਕ ਜਿੱਤ ਦੀਆਂ ਜੜਾਂ ਪੱਕੀਆਂ ਕਰਨ ਵਾਸਤੇ ਲੋਕਾਂ ਨੂੰ ਮੁਸਲਮਾਨ ਬਣਾਇਆ ਤੇ ਧਾਰਮਿਕ ਸਾਹਿਤ ਨੂੰ ਲੋਕਾਂ ਦੀ ਭਾਸ਼ਾ ਵਿੱਚ ਅਨੁਵਾਦ ਕੀਤਾ। ਇਸ ਲਈ ਮੁਸਲਮਾਨੀ ਧਰਮ ਅਥਵਾ ਉਸਦੀ ਰਹੁ ਰੀਤ ਤੇ ਸਭਿਆਚਾਰ ਦਾ ਪ੍ਰਗਟਾਵਾ ਕਰਦੇ ਗ੍ਰੰਥਾਂ ਨੂੰ ਅਰਬੀ ਤੇ ਫ਼ਾਰਸੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ। ਉਨ੍ਹੀਵੀਂ ਸਦੀ ਦੇ ਅੱਧ ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰਕੇ ਲੋਕਾਂ ਨੂੰ ਈਸਾਈ ਬਣਾਉਣਾ ਸ਼ੁਰੂ ਕੀਤਾ ਤੇ ਧਾਰਮਿਕ ਗ੍ਰੰਥਾ ਬਾਈਬਲ ਦਾ ਲੋਕਾਂ ਭਾਸ਼ਾ ਵਿੱਚ ਅਨੁਵਾਦ ਕਰਵਾਇਆ। ਉਨ੍ਹਾਂ ਨੇ ਲੁਧਿਆਣੇ ਵਿੱਚ ਮਿਸ਼ਨ ਦੀ ਸਥਾਪਨਾ ਕੀਤੀ ਤੇ ਅਨੇਕ ਟ੍ਰੈਕਟਾਂ, ਪੁਸਤਕਾਂ ਛਾਪੇ ਤੇ ਮੇਲਿਆਂ ਤੇ ਉਸਤਵਾਂ ਵਿੱਚ ਲੋਕਾਂ ਨੂੰ ਮੁਫ਼ਤ ਵੰਡਿਆ।

ਅਨੁਵਾਦ ਸੰਚਾਰ ਦਾ ਇੱਕ ਸਾਧਨ ਹੈ ਜਿਸ ਨਾਲ ਇੱਕ ਭਾਸ਼ਾ ਦੀ ਲਿਖਤ ਨੂੰ ਦੂਜੀ ਭਾਸ਼ਾ ਵਿੱਚ ਬਦਲਿਆ ਜਾਂਦਾ ਹੈ। ਕਿਸੇ ਵੀ ਭਾਸ਼ਾ ਨੂੰ ਉਸ ਦੇ ਆਪਣੇ ਸਭਿਆਚਾਰਕ ਪਰਿਪੇਖ ਵਿੱਚ ਹੀ ਸਮਝਿਆ ਜਾ ਸਕਦਾ ਹੈ ਭਾਵ ਇਸ ਦਾ ਹੂ-ਬ-ਹੂ ਅਨੁਵਾਦ ਕਰਨਾ ਕਠਿਨ ਹੀ ਨਹੀਂ ਸਗੋਂ ਅਸੰਭਵ ਹੈ।

### ਸ਼ਬਦ ਦੀ ਉਤਪਤੀ

ਅੰਗਰੇਜ਼ੀ ਸ਼ਬਦ translation ਲਈ ਪੰਜਾਬੀ ਵਿੱਚ ਉਲੱਥਾ, ਉਲਟਾ, ਤਰਜਮਾ ਤੇ ਅਨੁਵਾਦ ਸ਼ਬਦ ਵਰਤੇ ਜਾਂਦੇ ਹਨ। ਅਨੁਵਾਦ ਸੰਸਕ੍ਰਿਤ ਦੇ ਧਾਤੂ "ਵਦ" ਤੋਂ ਆਇਆ ਜਿਸਦਾ ਭਾਵ ਹੈ ਕਹਿਣਾ ਜਾਂ ਬੋਲਣਾ,ਇਸਦੇ ਅੱਗੋਂ ਅਗੇਤਰ "ਅਨੁ" ਲੱਗਿਆ ਜਿਸਦਾ ਭਾਵ ਦੁਬਾਰਾ ਜਾਂ ਪੁਨਰ ਹੈ। translation ਸ਼ਬਦ latin ਭਾਸ਼ਾ ਦੇ ਦੋ ਸ਼ਬਦ ਟਰਓਨਸ+ਲਓਟੋਨਿ ਤੋਂ ਬਣਿਆ,trans ਦਾ ਅਰਥ ਹੈ ਦੂਸਰੇ ਪਾਸੇ ਪਾਰ, lation ਦਾ ਅਰਥ ਹੈ ਲੈ ਕੇ ਜਾਣਾ, ਸੋ ਅਨੁਵਾਦ ਓਹ ਕਾਰਜ ਹੈ, ਜਿਸ ਰਾਹੀ ਵਿਚਾਰਾਂ ਜਾਂ ਅਰਥਾਂ ਨੂੰ ਦੂਜੀ ਭਾਸ਼ਾ ਵਿੱਚ ਲਿਜਾਇਆ ਜਾਂਦਾ ਹੈ। ਅਰਥ ਵੀ ਨਿਹਿਤ ਹੋ ਜਾਂਦੇ ਹਨ। ਮਹਾਨ ਕੋਸ਼ ਵਿੱਚ ਅਨੁਵਾਦ ਨੂੰ ਉਲੱਥਾ,ਤਰਜਮਾ,ਦੁਹਰਾਉਣ ਦੀ ਕਿਰਿਆ ਜਾਂ ਕਿਸੇ ਵਾਕ ਨੂੰ ਫੇਰ ਆਖਣਾ।

### ਅਨੁਵਾਦ ਦੇ ਪ੍ਰਕਾਰ

ਵੱਖ-ਵੱਖ ਵਿਦਵਾਨਾ ਅਨੁਸਾਰ ਅਨੁਵਾਦ ਨੂੰ ਬਹੁਤ ਭਾਗਾਂ ਵਿੱਚ ਵੰਡਿਆ ਹੈ।

**ਬਿਜਯ ਕੁਮਾਰ ਦਾਸ** ਨੇ ਅਨੁਵਾਦ ਦੇ ਦੋ ਪ੍ਰਕਾਰ ਦੱਸੇ ਇੱਕ ਸਾਹਿਤਕ (literary), ਗੈਰ-ਸਾਹਿਤਕ (non-litreary) ਸਾਹਿਤਕ ਨੂੰ ਤਿੰਨ ਹਿੱਸਿਆ ਵਿੱਚ ਵੰਡਿਆ

- Phonological translation
- Graphological translation
- Grammatical translation

**ਸੁਰੇਸ਼ ਸੇਹਲ** ਨੇ ਅਨੁਵਾਦ ਦੀ ਵੰਡ ਦੋ ਭਾਗਾਂ ਵਿੱਚ ਕੀਤੀ, ਪ੍ਰਕ੍ਰਿਤੀ ਅਤੇ ਵਿਸ਼ੇ ਅੱਗੋਂ ਪ੍ਰਕ੍ਰਿਤੀ ਦੇ ਵਿੱਚ ਸ਼ਬਦ ਅਨੁਵਾਦ, ਭਾਵ ਅਨੁਵਾਦ, ਅਰਥ ਅਨੁਵਾਦ, ਛਾਇਆ ਅਨੁਵਾਦ, ਵਿਆਖਿਆ ਅਨੁਵਾਦ, ਸਾਰ ਅਨੁਵਾਦ, ਰੂਪਾਂਤਰਣ ਆਉਂਦੇ ਹਨ, ਵਿਸ਼ੇ ਨੂੰ ਫੇਰ ਦੋ ਹਿਸਿਆ ਵਿੱਚ ਰੱਖਿਆ ਹੈ, ਸਾਹਿਤਕ ਅਤੇ ਗੈਰ-ਸਾਹਿਤਕ, ਸਾਹਿਤਕ ਵਿੱਚ ਨਾਟਕ, ਕਵਿਤਾ, ਗਲਪ, ਵਾਰਤਕ, ਸਵੈ ਜੀਵਨੀ, ਆਲੋਚਨਾ ਸ਼ਾਮਿਲ ਹਨ। ਗੈਰ-ਸਾਹਿਤਕ ਵਿੱਚ ਵਿਗਿਆਨ ਅਤੇ ਤਕਨੀਕ, ਮਾਨਵੀ ਅਤੇ ਸਮਾਜ ਸ਼ਾਸਤਰੀ, ਸੰਚਾਰ ਆਦਿ ਸ਼ਾਮਿਲ ਹਨ।

### ਸ਼ਬਦ ਅਨੁਵਾਦ

ਸ਼ਬਦ ਅਨੁਵਾਦ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਲਿਟਰਲ ਟਰਾਂਸਲੇਸ਼ਨ, ਵਰਬਲ ਟਰਾਂਸਲੇਸ਼ਨ,ਵਰਡ ਫ਼ਾਰ ਵਰਡ ਟਰਾਂਸਲੇਸ਼ਨ ਵੀ ਕਹਿੰਦੇ ਹਨ। ਸ਼ਬਦ ਅਨੁਵਾਦ ਦੇ ਵਿੱਚ ਅਨੁਵਾਦਕ ਦਾ ਮੂਲ ਭਾਸ਼ਾ ਦੇ ਹਰ ਸ਼ਬਦ ਉੱਪਰ ਧਿਆਨ ਜਾਂਦਾ ਹੈ। ਇਸ ਅਨੁਵਾਦ ਵਿੱਚ ਭਾਸ਼ਾ, ਸ਼ੈਲੀ, ਵਿਆਕਰਨ, ਕਾਵਿ-ਸ਼ਾਸਤਰ ਅਤੇ ਇਤਿਹਾਸਕ ਸੰਦਰਭਾਂ ਉੱਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਅਨੁਵਾਦਕ ਨੂੰ ਨਹੀਂ ਹੁੰਦੀ। ਸਰੋਤ ਭਾਸ਼ਾ ਦਾ ਇੰਨ-ਬਿੰਨ ਉਤਾਰਾ ਕਰਨਾ ਹੀ ਸ਼ਬਦ ਅਨੁਵਾਦ ਹੈ। ਇਹ ਉੱਪਰੋਂ ਜਿੰਨੀ ਸਰਲ ਲੱਗਦੀ ਹੈ ਪਰ ਇਸਦਾ ਸੁਭਾਅ ਬਹੁਤ ਕਠਿਨ ਹੈ। ਇਸਦਾ ਜ਼ਿਆਦਾਤਰ ਪ੍ਰਯੋਗ ਧਾਰਮਿਕ ਗ੍ਰੰਥਾਂ ਲਈ ਕੀਤਾ ਜਾਂਦਾ ਹੈ।ਸਾਹਿਤ ਦੇ ਖੇਤਰ ਵਿੱਚ ਇਹ ਬਹੁਤਾ ਵਧੀਆ ਨਹੀਂ ਮੰਨਿਆ ਗਿਆ ਕਿਉਂਕਿ ਇੱਕ ਸ਼ਬਦ ਦੇ ਕਈ ਅਰਥ ਹੁੰਦੇ ਹਨ/ਹੋ ਸਕਦੇ ਹਨ।ਸਾਹਿਤਕ ਰਚਨਾ ਕਈ ਵਾਰ ਅਭਿਧਾ ਵਿੱਚ ਪੂਰੀ ਨਹੀਂ ਹੁੰਦੀ ਸਗੋਂ ਵਿਅੰਜਨਾ ਲੱਛਣ ਤੇ ਵਿਅੰਗ ਵਾਲੇ ਲੱਛਣ ਵੀ ਇਸਦੇ ਵਿੱਚ ਮੌਜੂਦ ਹੁੰਦੇ ਹਨ।

### ਭਾਵ ਅਨੁਵਾਦ

ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ ਕਿ ਭਾਵਾਂ ਦੀ ਅਭਿਵਿਅਕਤੀ ਕਰਨੀ, ਇਸ ਪ੍ਰਕਾਰ ਦੇ ਅਨੁਵਾਦ ਵਿੱਚ ਮੂਲ ਭਾਸ਼ਾ ਦੇ ਸ਼ਬਦ,ਵਾਕਾਂਸ਼,ਵਾਕ ਆਦਿ ਤੇ ਧਿਆਨ ਨਾ ਦੇ ਕੇ ਭਾਵ, ਅਰਥ, ਵਿਚਾਰ ਉੱਪਰ ਧਿਆਨ ਕੇਂਦਰਿਤ ਹੁੰਦਾ ਹੈ ਅਤੇ ਉਸਨੂੰ ਲਕਸ਼ ਭਾਸ਼ਾ ਵਿੱਚ ਪੇਸ਼ ਕਰਨਾ ਜਿਵੇਂ ਸ਼ਬਦ ਅਨੁਵਾਦ ਵਿੱਚ ਅਨੁਵਾਦ ਦਾ ਧਿਆਨ ਮੂਲ ਸਮਗਰੀ ਦੇ ਸਰੀਰ ਉੱਤੇ ਹੁੰਦਾ ਹੈ, ਉੱਥੇ ਭਾਵ ਅਨੁਵਾਦ ਦਾ ਧਿਆਨ ਆਤਮਾ ਦੇ ਉੱਪਰ ਕੇਂਦਰਿਤ ਹੁੰਦਾ ਹੈ। ਅੰਗਰੇਜ਼ੀ ਵਿੱਚ ਇਸਨੂੰ sense of sense ਅਤੇ free translation ਵੀ ਕਹਿੰਦੇ ਹਨ। ਅਜਿਹਾ ਅਨੁਵਾਦ ਕੋਸ਼ਗਤ ਨਹੀਂ ਹੁੰਦਾ ਕਿਉਂਕਿ ਇਸ ਵਿੱਚ ਸਿਰਫ਼ ਸ਼ਬਦਾਂ ਦੇ ਸਥਾਪਨ ਤੋਂ ਹੀ ਕਾਰਜ ਨਹੀਂ ਚਲ਼ ਦਾ ਸ਼ਬਦਾਂ ਦੇ ਨਾਲ-ਨਾਲ ਭਾਵਨਾ ਵੀ ਜੁੜੀ ਰਹਿੰਦੀ ਹੈ ਅਤੇ ਉਸਨੂੰ ਵੀ ਲਕਸ਼ ਭਾਸ਼ਾ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ। ਭਾਵ ਅਨੁਵਾਦ ਵਿੱਚ ਅਨੁਵਾਦਕ ਨੂੰ ਰਚਨਾ ਘਟਾਉਣ ਵਧਾਉਣ ਦੀ ਖੁੱਲ ਹੁੰਦੀ ਹੈ।

**ਛਾਇਆ ਅਨੁਵਾਦ**

ਕੁੱਝ ਵਿਦਵਾਨਾ ਨੇ ਛਾਇਆ ਅਨੁਵਾਦ ਨੂੰ 'ਮੂਲ ਮੁਕਤ' ਤੇ 'ਭਾਵ ਅਨੁਵਾਦ'ਦਾ ਵੀ ਨਾਮ ਦਿੱਤਾ ਹੈ। ਅਨੁਵਾਦਕ ਨੇ ਮੂਲ ਕ੍ਰਿਤ ਨੂੰ ਪੜ੍ਹ ਕੇ ਜੋ ਸਮਝਿਆ, ਅਨੁਭਵ ਕੀਤਾ ਅਤੇ ਜਿਹੜਾ ਪ੍ਰਭਾਵ ਗ੍ਰਹਿਣ ਕੀਤਾ ਉਹੀ ਛਾਇਆ ਅਨੁਵਾਦ ਹੈ। ਇਸ ਵਿੱਚ ਵੀ ਅਨੁਵਾਦਕ ਨੂੰ ਪੂਰਨ ਤੋਰ ਤੇ ਛੁੱਟ ਮਿਲਦੀ ਹੈ ਕਿ ਓਹ ਮੁੱਖ ਭਾਵ ਨੂੰ ਲੈ ਕੇ ਸੁਤੰਤਰ ਪਾਠ ਰਚਨਾ ਵੀ ਕਰ ਸਕੇ। ਇਸ ਅਨੁਵਾਦ ਵਿੱਚ ਮੂਲ ਪਾਠ ਦਾ ਪਰਛਾਵਾਂ ਨਾਂ ਮਾਤਰ ਹੀ ਹੁੰਦਾ ਹੈ ਮੂਲ ਭਾਸ਼ਾ ਦਾ ਕਥਨ,ਲਕਸ਼ ਭਾਸ਼ਾ ਦੀ ਸਮਾਜਿਕ ਸੰਸਕ੍ਰਿਤਿਕ ਪਰਿਸਥਿਤੀਆਂ ਦੇ ਅਨੁਰੂਪ ਵਿੱਚ ਕਰ ਲਿਆ ਜਾਂਦਾ ਹੈ। ਇਹ ਇੱਕ ਪ੍ਰਕਾਰ ਦਾ ਰੂਪਾਂਤਰਣ ਹੀ ਹੈ। ਜਿਸ ਵਿੱਚ ਨਾਮ, ਸਥਾਨ, ਵਾਤਾਵਰਨ ਆਦਿ ਨੂੰ ਬਦਲਿਆ ਜਾਂਦਾ ਹੈ, ਇਸ ਨਾਲ ਮੂਲ ਰਚਨਾ ਦਾ ਵਿਸ਼ਾ ਲੈ ਕੇ ਪਾਠਕਾਂ ਤੱਕ ਓਹਨਾਂ ਦੀ ਸਮਝ ਅਨੁਸਾਰ ਢਾਲ ਲਿਆ ਜਾਂਦਾ ਹੈ ਇਸ ਨਾਲ ਓਹ ਰਚਨਾ ਆਪਣੀ ਹੀ ਜਾਪਦੀ ਹੈ ਉਦਾਹਰਨ ਦੇ ਤੋਰ ਤੇ-ਜਓਚਕਸੋਨ- ਜੈ ਕਿਸ਼ਨ,harry- ਹਰੀ ਬਣ ਜਾਵੇਗਾ, ਪੰਜਾਬੀ ਨਾਟਕ ਵਿੱਚ ਸੁਰਜੀਤ ਪਾਤਰ ਦੁਆਰਾ ਪੱਛਮੀ ਨਾਟਕ 'ਬਲੱਡ ਵੈਡਿੰਗ' ਨੂੰ 'ਅੱਗ ਦੇ ਕਲੀਰੇ' ਨਾਮ ਦੇ ਸਿਰਲੇਖ ਹੇਠ ਅਨੁਵਾਦ ਕੀਤਾ ਬਰਤੋਲ ਬਰੇਖਤ ਦਾ ਨਾਟਕ ਦਾ 'ਕਾਕੇਸ਼ੀਅਨ ਚਾਕ ਸਰਕਲ' ਨੂੰ ਸਤੀਸ਼ ਕੁਮਾਰ ਵਰਮਾ ਨੇ 'ਇੰਜ ਹੋਇਆ ਇਨਸਾਫ਼' ਦੇ ਸਿਰਲੇਖ ਹੇਠ ਅਨੁਵਾਦ ਕੀਤਾ।

**ਮਸ਼ੀਨੀ ਅਨੁਵਾਦ**

ਜਦੋਂ ਕਿਸੇ ਦੋ ਭਾਸ਼ਾਵਾਂ ਦੀ ਸਾਮੱਗਰੀ ਨੂੰ ਕੰਪਿਊਟਰ ਵਿੱਚ ਪਾਇਆ ਜਾਂਦਾ ਹੈ ਜਿਸ ਦੀ ਮਦਦ ਨਾਲ ਕੰਪਿਊਟਰ ਸਹੀ ਸ਼ਬਦ ਚੁਣ ਕੇ ਅਨੁਵਾਦ ਕਰਦਾ ਹੈ। ਜਿਹਨਾਂ ਦੋ ਭਾਸ਼ਾਵਾਂ ਨੂੰ ਆਪੋ ਵਿੱਚ ਅਨੁਵਾਦ ਕਰਨਾ ਹੋਵੇ ਉਨ੍ਹਾਂ ਦੀਆਂ ਕੁੱਝ ਪਹਿਲਾਂ ਅਨੁਵਾਦ ਕਿਤਾਬਾਂ ਜੋ ਦੋਵੇਂ ਭਾਸ਼ਾਵਾਂ ਵਿੱਚ ਮਿਲਦੀਆਂ ਹੋਣ ਉਨ੍ਹਾਂ ਨੂੰ ਕੰਪਿਊਟਰ ਵਿੱਚ ਪਾ ਦਿਓ। ਕੰਪਿਊਟਰ ਦੋਵੇਂ ਭਾਸ਼ਾਵਾਂ ਦੀ ਸਾਮਗਰੀ ਦੀ ਤੁਲਨਾ ਦੇ ਆਧਾਰ ਤੇ ਸ਼ਬਦਾਵਲੀ ਬਣਾ ਲਵੇਗਾ ਅਤੇ ਫਿਰ ਕੁੱਝ ਨਵਾਂ ਅਨੁਵਾਦ ਕਰਨ ਲਈ ਇਸ ਨੂੰ ਵਰਤੇਗਾ। ਭਾਵੇਂ ਇਸ ਅਨੁਵਾਦ ਵਿੱਚ ਵਿਆਕਰਨ ਠੀਕ ਨਹੀਂ ਹੁੰਦੀ, ਪਰ ਇਹ ਅਨੁਵਾਦ ਕੁੱਝ ਨਾ ਕੁੱਝ ਸਮਝ ਬਣਾਉਣ ਵਿੱਚ ਕੰਮ ਆਉਂਦਾ ਹੈ।

**ਵਿਆਖਿਆ ਅਨੁਵਾਦ**

ਸਰੋਤ ਭਾਸ਼ਾ ਰਚਨਾ ਨੂੰ ਲਕਸ਼ ਭਾਸ਼ਾ ਵਿੱਚ ਯੋਗ ਤੇ ਲੋੜੀਂਦੀਆਂ ਟਿੱਪਣੀਆਂ ਅਤੇ ਉਦਾਹਰਨਾਂ ਦੇ ਕੇ ਅਨੁਵਾਦਿਤ ਰਚਨਾ ਵਿੱਚ ਵਿਸਥਾਰ ਕੀਤਾ ਜਾਂਦਾ ਹੈ। ਮੂਲ ਰਚਨਾ ਦੇ ਸੰਕਲਪਾਂ ਦੇ ਅਰਥਾਂ ਦੀ ਸਪਸ਼ਟਤਾ ਦੇ ਲਈ, ਇਸ ਅਨੁਵਾਦਿਤ ਰਚਨਾ ਦਾ ਆਕਾਰ ਮੂਲ ਰਚਨਾ ਦੇ ਵਿਸ਼ਾ ਵਸਤੂ, ਲੇਖਕ ਦੇ ਵਿਚਾਰ ਪ੍ਰਵਾਹ, ਸੰਦੇਸ਼ ਨੂੰ ਲਕਸ਼ ਭਾਸ਼ਾ ਵਿੱਚ ਸਰਲਤਾ ਤੇ ਸਪਸ਼ਟਤਾ ਸਹਿਤ ਅਨੁਵਾਦ ਦੇ ਪਾਠਕਾਂ ਤੱਕ ਭੇਜਣਾ ਹੈ।

**ਸਾਰ ਅਨੁਵਾਦ**

ਇਹ ਵਿਆਖਿਆ ਅਨੁਵਾਦ ਦੀ ਵਿਰੋਧੀ ਪ੍ਰਵਿਰਤੀ ਦਾ ਅਨੁਵਾਦ ਹੈ। ਇਸ ਦਾ ਮੰਤਵ ਸਰਲ ਅਤੇ ਸੰਜਮ ਦੀ ਪ੍ਰਵਿਰਤੀ ਵਿੱਚ ਪੇਸ਼ ਕਰਨਾ ਹੈ, ਸਰੋਤ ਭਾਸ਼ਾ ਰਚਨਾ ਦੇ ਵਿਸ਼ਾ ਤੱਤ ਕੇਂਦਰੀ ਭਾਵ ਵਿੱਚ ਪ੍ਰਸਤੁਤ ਕਰਨਾ ਹੈ। ਸਾਰ ਰਚਨਾ ਦਾ ਮੂਲ ਰਚਨਾ ਦੇ ਪ੍ਰਸੰਗ ਨੂੰ ਸਖੇਪਿਤ ਰੂਪ ਵਿੱਚ ਪ੍ਰਸਤੁਤ ਕਰਨਾ,ਮੂਲ ਮਕਸਦ ਹੁੰਦਾ ਹੈ। ਚੰਗੀਆਂ ਰਚਨਾਵਾਂ ਚਾਹੇ ਗੱਦ ਹੋਣ ਚਾਹੇ ਪਦ ਰਚਨਾਵਾਂ ਹੋਣ ਓਹਨਾ ਦਾ ਜੋ ਸਾਰ ਪ੍ਰਸਤੁਤ ਕੀਤਾ ਜਾਂਦਾ ਹੈ, ਉਹ ਇਸ ਅਨੁਵਾਦ ਦੇ ਘੇਰੇ ਵਿੱਚ ਆਉਂਦਾ ਹੈ। ਪ੍ਰਾਚੀਨ ਰਚਨਾਵਾਂ ਦਾ ਆਧੁਨਿਕ ਭਾਸ਼ਾਵਾਂ ਵਿੱਚ ਪੁਨਰ ਵਿਆਖਿਆਨ ਵੀ ਸਾਰ ਅਨੁਵਾਦ ਦੇ ਵਿੱਚ ਮਿਲਦਾ ਜੁਲਦਾ ਇੱਕ ਵਿਸ਼ਿਸ਼ਟ ਪ੍ਰਕਾਰ ਹੈ। ਫਿਰ ਇਹ ਅਨੁਵਾਦ ਜ਼ਿਆਦਾਤਰ ਗੈਰ ਸਾਹਿਤਕ ਵਿਸ਼ਿਆਂ ਦਾ ਹੁੰਦਾ ਹੈ। ਜਿਵੇਂ ਲੋਕ ਸਭਾ ਦੇ ਵਾਦ ਵਿਵਾਦ ਦੀ ਸਮਗਰੀ ਦਾ ਅਨੁਵਾਦ, ਚੰਗੇ ਭਾਸ਼ਣਾਂ ਦਾ ਅਨੁਵਾਦ, ਵਿਚਾਰਾਂ, ਕਾਨਫ਼ਰੰਸਾਂ, ਪ੍ਰਸ਼ਾਸਨਿਕ ਕੰਮਾਂ ਤੇ ਪੱਤਰਕਾਰੀ ਆਦਿ ਦਾ ਅਨੁਵਾਦ ਕਰਨਾ ਇਸਦੇ ਘੇਰੇ ਵਿੱਚ ਸ਼ਾਮਿਲ ਹਨ।

**ਰੂਪਾਂਤਰਣ ਅਨੁਵਾਦ**

ਰੂਪ+ਅੰਤਰ (ਭਾਵ ਰੂਪ ਬਦਲ ਦੇਣਾ) ਸਰੋਤ ਭਾਸ਼ਾ ਰਚਨਾ ਨੂੰ ਆਪਣੀ ਰੁਚੀ ਅਨੁਸਾਰ ਲਕਸ਼ ਭਾਸ਼ਾ ਦੇ ਵਸਤੂ ਯਥਾਰਥ ਸਹਿਤ ਰੂਪ ਤੇ ਭਾਸ਼ਾਈ ਪ੍ਰਕਿਰਤੀ ਦੇ ਅਨੁਕੂਲ ਕਰ ਦੇਣਾ ਹੈ। ਰੂਪਾਂਤਰਨ ਦੀ ਪ੍ਰੀਕ੍ਰਿਆ ਅਨੁਵਾਦ ਦੇ ਨਾਲੋਂ ਮੌਲਿਕ ਪ੍ਰਭਾਵ ਦੇ ਸਿਰਜਨਾ ਦੇ ਵਧੇਰੇ ਨਜ਼ਦੀਕ ਹੈ ਕਿਉਂਕਿ ਇਸ ਵਿੱਚ ਮੂਲ ਰਚਨਾ ਦੇ ਵਸਤੂ ਜਗਤ ਵਾਤਾਵਰਨ, ਪਾਤਰ-ਚਿਤਰਨ, ਭਾਸ਼ਾ (ਰੂਪ ਅਤੇ ਕਲਾ ਦੇ ਪੱਖ) ਸਾਹਿਤ ਨੂੰ ਲਕਸ਼ ਭਾਸ਼ਾਈ ਰੂਪ ਵਿੱਚ ਢਾਲ ਲਿਆ ਜਾਂਦਾ ਹੈ, ਇਸ ਨਾਲ ਲਕਸ਼ ਭਾਸ਼ਾ ਦੀ ਰਚਨਾਤਮਿਕ ਪ੍ਰਵਿਰਤੀ ਅਤੇ ਸਾਹਿਤ ਰੂਪ ਸਭਿਆਚਾਰਕ ਸੰਦਰਭ ਤੇ ਅਨੁਵਾਦ ਦਾ ਆਪਣਾ ਰਚਨਾ ਅਨੁਭਵ ਨਜ਼ਰ ਆਉਣ ਲੱਗਦਾ ਹੈ।

## ਸਾਰਾਂਸ਼

ਮੱਧਕਾਲੀ ਪੰਜਾਬੀ ਵਾਰਤਕ ਵਿਚ ਵਾਰਤਕ ਦੇ ਵੱਖੋ ਵੱਖਰੇ ਰੂਪਾਕਾਰਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਜਿੰਨਾ ਕਰਕੇ ਮੱਧਕਾਲੀ ਵਾਰਤਕ ਨੇ ਪੰਜਾਬੀ ਸਾਹਿਤ ਨੂੰ ਸਾਹਿਤਕ ਅਤੇ ਕਲਾਤਮਿਕ ਪੱਖੋਂ ਅਮੀਰ ਕੀਤਾ। ਉਪਰੋਕਤ ਰੂਪਾਕਾਰਾਂ ਨੇ ਆਪਣੀ ਪਹਿਚਾਣ ਇਸੇ ਕਾਲ ਵਿਚ ਸਥਾਪਿਤ ਕਰ ਲਈ ਸੀ ਜੋ ਲਗਾਤਾਰ ਵਿਕਾਸਸ਼ੀਲ ਪੈਂਡੇ ਤੇ ਰਹੀ ਹੈ। ਇਸ ਵੇਲੇ ਤੱਕ ਪੰਜਾਬੀ ਵਾਰਤਕ ਦੇ ਵਿਭਿੰਨ ਰੂਪ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਹਨ। ਨਾਵਲ, ਨਾਟਕ, ਕਹਾਣੀ ਤੋਂ ਇਲਾਵਾ ਨਿਰੋਲ ਵਾਰਤਕ ਦੀਆਂ ਹੀ ਵਿਭਿੰਨ ਵੰਨਗੀਆਂ ਆਪਣੀ ਨਿਵੇਕਲੀ ਹਸਤੀ ਬਣਾ ਚੁੱਕੀਆਂ ਹਨ। ਵਿਚਾਰਾਤਮਿਕ, ਅਲੋਚਨਾਤਮਕ ਤੇ ਦਾਰਸ਼ਨਿਕ ਨਿਬੰਧ, ਪ੍ਰਬੰਧ ਗੰਭੀਰ ਤੇ ਹਲਕੇ ਫੁਲਕੇ ਲੇਖ, ਜੀਵਨੀਆਂ, ਸਫ਼ਰਨਾਮੇ, ਯਾਦਾਂ, ਰਿਪੋਰਤਾਜ, ਡਾਇਰੀਆਂ, ਰੇਖਾ-ਚਿੱਤਰ ਤੇ ਹੋਰ ਕਿੰਨੇ ਹੀ ਵਾਰਤਕ ਰੂਪ ਪੰਜਾਬੀ ਵਿੱਚ ਆਪਣੀ ਪਰੰਪਰਾ ਕਾਇਮ ਕਰ ਚੁੱਕੇ ਹਨ।

## ਕੇਂਦਰੀ ਸ਼ਬਦ

**ਮਸ਼ੀਨੀ ਅਨੁਵਾਦ -** ਜਦੋਂ ਕਿਸੇ ਦੋ ਭਾਸ਼ਾਵਾਂ ਦੀ ਸਾਮੱਗਰੀ ਨੂੰ ਕੰਪਿਊਟਰ ਵਿੱਚ ਪਾਇਆ ਜਾਂਦਾ ਹੈ ਜਿਸ ਦੀ ਮਦਦ ਨਾਲ ਕੰਪਿਊਟਰ ਸਹੀ ਸ਼ਬਦ ਚੁਣ ਕੇ ਅਨੁਵਾਦ ਕਰਦਾ ਹੈ

**ਤਰਜਮਾ** – ਕਿਸੇ ਭਾਸ਼ਾ ਦੇ ਸ਼ਬਦ ਨੂੰ ਦੂਸਰੀ ਭਾਸ਼ਾ ਵਿਚ ਅਨੁਵਾਦ ਕਰਨਾ।

**ਟੀਕਾ** - ਟੀਕਾ ਸਾਹਿਤ ਦੀ ਇਕ ਅਜਿਹਾ ਰੂਪ ਹੈ, ਜਿਸ ਵਿਚ ਕਿਸੇ ਸ਼ਾਸਤ੍ਰੀਯ, ਜਟਿਲ, ਸੂਤ੍ਰਿਕ, ਸੂਕਮ, ਭਾਵੀ, ਰੱਹਸਮਈ ਤੇ ਉਤਕ੍ਰਿਸ਼ਟ ਰਚਨਾ ਦੇ ਅਰਥ-ਬੋਧ ਨੂੰ ਜਾਣੂ ਕਰਵਾਇਆ ਜਾਂਦਾ ਹੈ।

**ਪਰਚੀ -** ਪਾਰਚੀ ਸੰਸਕ੍ਰਿਤ ਨਾਂਵ ਪਰਚਯਾ ਦਾ ਪੰਜਾਬੀ ਰੂਪ ਹੈ ਜਿਸਦਾ ਅਰਥ ਹੈ ਜਾਣ-ਪਛਾਣ, ਸਬੂਤ ਜਾਂ ਇੱਕ ਕਿੱਸਾ ਜੋ ਕਿਸੇ ਪੈਗੰਬਰ ਜਾਂ ਦਰਸ਼ਕ ਦੀਆਂ ਚਮਤਕਾਰੀ ਸ਼ਕਤੀਆਂ ਦੀ ਗਵਾਹੀ ਦਿੰਦਾ ਹੈ।

**ਹੁਰਮਨਾਮਾ** - ਹੁਕਮਨਾਮਾ ਪੁਰਾਤਨ ਪੰਜਾਬੀ ਵਾਰਤਕ ਦਾ ਨਮੂਨਾ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਹੁਕਮਨਾਮਾ ਸ਼ਬਦ ਅਰਬੀ 'ਹੁਕਮ' ਅਤੇ ਫ਼ਾਰਸੀ 'ਨਾਮਹ' ਸ਼ਬਦ ਦਾ ਸੰਯੁਕਤ ਰੂਪ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਹੁਕਮਨਾਮਾ ਸ਼ਬਦ ਅੰਸ਼ ਅਰਬੀ ਦੇ ਕਿਸ ਸ਼ਬਦ ਤੋਂ ਲਿਆ ਗਿਆ ਹੈ?**

ੳ) ਹੁਕਮ

ਅ) ਨਾਮਾ

ੲ) ਵਫਦ

ਸ) ਲਫਜ਼

**ਪ੍ਰਸ਼ਨ 2. ਹੁਕਮਨਾਮਾ ਸ਼ਬਦ ਅੰਸ਼ ਫਾਰਸੀ ਦੇ ਕਿਸ ਸ਼ਬਦ ਤੋਂ ਲਿਆ ਗਿਆ ਹੈ?**

ੳ) ਹੁਕਮ

ਅ) ਨਾਮਾਹ

ੲ) ਵਫਦ

ਸ) ਲਫਜ਼

**ਪ੍ਰਸ਼ਨ 3. ਪਹਿਲੇ ਕਿੰਨੇ ਗੁਰੂਆਂ ਵਲੋਂ ਹੁਕਮਨਾਮੇ ਨਹੀਂ ਲਿਖੇ ਗਏ?**

ੳ) ਪਹਲੇ ਤਿੰਨ

ਅ) ਪਹਿਲੇ ਚਾਰ

ੲ) ਆਖਰੀ ਚਾਰ

ਸ) ਆਖਰੀ ਦੋ

**ਪ੍ਰਸ਼ਨ 4. ਹੁਕਮਨਾਮੇ ਤੇ ਗੁਰੂ ਸਹਿਬਾਨਾਂ ਵੱਲੋਂ ਕੀਤੇ ਦਸਤਖਤ ਨੂੰ ਕੀ ਕਿਹਾ ਜਾਂਦਾ ਸੀ?**

ੳ) ਮੋਹਰ

ਅ) ਦਸਤਖਤ

ੲ) ਨਿਸਾਨ

ਸ) ਉਪਰੋਕਤ ਕੋਈ ਨਹੀ

**ਪ੍ਰਸ਼ਨ 5. ਪਰਚੀ ਸ਼ਬਦ ਕਿਸ਼ ਭਾਸ਼ਾ ਤੋਂ ਲਿਆ ਗਿਆ ਸ਼ਬਦ ਹੈ?**

ੳ) ਊਰਦੂ

ਅ) ਫਾਰਸੀ

ੲ) ਅਰਬੀ

ਸ) ਸੰਸਕ੍ਰਿਤ

**ਪ੍ਰਸ਼ਨ 6. ਪਰਚੀ ਕਿਸ ਸਦੀ ਵਿਚ ਲਿਖੀ ਜਾਣੀ ਸ਼ੁਰੂ ਹੋਈ?**

ੳ) 16ਵੀਂ ਸਦੀ

ਅ) 17ਵੀਂ ਸਦੀ

ੲ) 18ਵੀਂ ਸਦੀ

ਸ) 15ਵੀਂ ਸਦੀ

**ਪ੍ਰਸ਼ਨ 7. ਪਹਿਲੀ ਪ੍ਰਾਪਤ ਹੋਣ ਵਾਲੀ ਪਰਚੀ ਦਾ ਕਿਸ ਨਾਲ ਸਬੰਧ ਹੈ?**

ੳ) ਬਾਬਾ ਹਦਲਾ ਨਾਲ

ਅ) ਗੁਰੂ ਨਾਨਕ ਨਾਲ

ੲ) ਗੁਰੂ ਅੰਗਦ ਦੇਵ ਨਾਲ

ਸ) ਮਹਿਰਬਾਨ ਨਾਲ

**ਪ੍ਰਸ਼ਨ 8. ਟੀਕਾ ਦੀ ਰਚਨਾ ਸਾਹਿਤ ਦੇ ਕਿਸ ਰੂਪ ਵਿਚ ਹੁੰਦੀ ਹੈ?**

ੳ) ਵਾਰਤਕ ਵਿਚ

ਅ) ਕਵਿਤਾ ਵਿਚ

ੲ) ਉਪਰੋਕਤ ਦੋਵੇ

ਸ) ਉਪਰੋਕਤ ਕੋਈ ਨਹੀ

**ਪ੍ਰਸ਼ਨ 9. ਪੰਜਾਬੀ ਵਿਚ ਸਭ ਤੋਂ ਪਹਿਲਾਂ ਕਿਸ ਦਾ ਟੀਕਾ ਪ੍ਰਾਪਤ ਹੁੰਦਾ ਹੈ?**

ੳ) ਭਗਤਮਾਲਾ ਦਾ

ਅ) ਗੁਰੂ ਨੇਨਰ ਦਾ

ੲ) ਆਸਾ ਦੀ ਵਾਰ ਦਾ

ਸ) ਜਪੁ ਜੀ ਦਾ

**ਪ੍ਰਸ਼ਨ 10. ਜਦੋਂ ਕਿਸੇ ਦੋ ਭਾਸ਼ਾਵਾਂ ਦੀ ਸਾਮੱਗਰੀ ਨੂੰ ਕੰਪਿਊਟਰ ਵਿੱਚ ਪਾਇਆ ਜਾਂਦਾ ਹੈ ਜਿਸ ਦੀ ਮਦਦ ਨਾਲ ਕੰਪਿਊਟਰ ਸਹੀ ਸ਼ਬਦ ਚੁਣ ਕੇ ਅਨੁਵਾਦ ਕਰਦਾ ਹੈ। ਇਸ ਨੂੰ ਕੀ ਕਿਹਾ ਜਾਂਦਾ ਹੈ?**

ੳ) ਅਨੁਵਾਦ

ਅ) ਸ਼ਬਦ ਰੂਪਾਂਤਰਨ

ੲ) ਮਸੀਨੀ ਅਨੁਵਾਦ

ਸ) ਛਾਇਆ ਅਨੁਵਾਦ

**ਪ੍ਰਸ਼ਨ 11. ਹੁਕਮਨਾਮਾ ਦੇ ਸਾਧਾਰਨ ਅਰਥ ਕੀ ਹਨ?**

ੳ) ਫਰਮਾਇਸ਼ ਵਾਲਾ ਪੱਤਰ

ਅ) ਹੁਕਮ

ੲ) ਆਗਿਆ

ਸ) ਫੈਸਲਾ

**ਪ੍ਰਸ਼ਨ 12. ਜਪੁ ਜੀ ਦਾ ਟੀਕਾ ਕਿਸ ਦੁਆਰਾ ਕੀਤਾ ਗਿਆ ਸੀ?**

ੳ) ਭਾਈ ਬਾਲਾ ਦੀ

ਅ) ਮਹਿਰਬਾਨ

ੲ) ਭਾਈ ਮਰਦਾਨਾ

ਸ) ਗੁਰੂ ਅੰਗਦ ਦੇਵ

**ਪ੍ਰਸ਼ਨ 13. ਪੰਜਾਬੀ ਵਿਚ ਅਨੁਵਾਦ ਦੇ ਸਮਾਨ ਅਰਥੀ ਸ਼ਬਦ ਹਨ।**

ੳ) ਉਥਲਾ

ਅ) ਉਲਟਾ

ੲ) ਤਰਜਮਾ

ਸ) ਉਪਰੋਕਤ ਸਾਰੇ

**ਪ੍ਰਸ਼ਨ 14. ਅੰਗਰੇਜੀ ਵਿਚ ਸ਼ਬਦ ਅਨੁਵਾਦ ਨੂੰ ਕੀ ਕਿਹਾ ਜਾਂਦਾ ਹੈ?**

ੳ) ਵਰਡ ਫ਼ਾਰ ਵਰਡ ਟਰਾਂਸਲੇਸ਼ਨ

ਅ) ਵੇਰਬਲ ਟਰਾਂਸਲੇਸ਼ਨ

ੲ) ਲਿਟਰਲ ਟਰਾਂਸਲੇਸ਼ਨ

ਸ) ਉਪਰੋਕਤ ਸਾਰੇ

**ਪ੍ਰਸ਼ਨ 15. ਹੁਕਮਨਾਮਾ ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ?**

ੳ) ਫਾਰਸੀ

ਅ) ਅਰਬੀ

ੲ) ਉਪਰੋਕਤ ਦੋਵੇ

ਸ) ਕੋਈ ਨਹੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1. ੳ** | **2. ਅ** | **3. ਅ** | **4. ੲ** | **5. ਸ** |
| **6. ਅ** | **7. ੳ** | **8. ੲ** | **9. ਸ** | **10. ੲ** |
| **11. ੳ** | **12. ਅ** | **13. ਸ** | **14. ਸ** | **15. ੲ** |

## ਅਭਿਆਸ ਪ੍ਰਸ਼ਨ

1. ਛਾਯਾ ਅਨੁਵਾਦ ਤੋਂ ਕੀ ਭਾਵ ਹੈ?।
2. ਹੁਕਮਨਾਮਾ ਤੋਂ ਕੀ ਭਾਵ ਹੈ?
3. ਪਰਚ ਸਹਿਤ ਤੋਂ ਜਾਣੂ ਕਰਵਾਓ?
4. ਪਹਿਲਾ ਟੀਕਾ ਕਿਹੜਾ ਪ੍ਰਾਪਤ ਹੁੰਦਾ ਹੈ?
5. ਵਾਰਤਕ ਵਿਚ ਅਨੁਵਾਦ ਦਾ ਮਹੱਤਵ ਕੀ ਹੈ?

## ਸੰਦਰਭ ਪੁਸਤਕਾਂ

1. ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001

2. ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
3. ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
4. ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
5. ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
6. ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

## ਵੈਬ ਲਿੰਕ

- https://punjabipedia.org/topic.aspx?txt=%E0%A8%B9%E0%A9%81%E0%A8%95%E0%A8%AE%E0%A8%A8%E0%A8%BE%E0%A8%AE%E0%A8%BE&k=4
- https://punjabipedia.org/topic.aspx?txt=%E0%A8%9F%E0%A9%80%E0%A8%95%E0%A8%BE%E0%A8%95%E0%A8%BE%E0%A8%B0%E0%A9%80%3A+%E0%A8%97%E0%A9%81%E0%A8%B0%E0%A8%AC%E0%A8%BE%E0%A8%A3%E0%A9%80&k=4
- https://pa.wikipedia.org/wiki/%E0%A8%85%E0%A8%A8%E0%A9%81%E0%A8%B5%E0%A8%BE%E0%A8%A6

1.

**Dr.** *Satwant Singh*, **Lovely Professional University**

# ਅਧਿਆਇ-13 : ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਭਾਈ ਵੀਰ ਸਿੰਘ: ਜੀਵਨ ਤੇ ਰਚਨਾ
4. ਪੁਰਾਤਨ ਜਨਮਸਾਖੀ ਵਿਸ਼ਾਗਤ ਅਧਿਐਨ
5. ਪੁਰਾਤਨ ਜਨਮਸਾਖੀ ਕਲਾਤਮਿਕ ਅਧਿਐਨ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਭਾਈ ਵੀਰ ਸਿੰਘ ਦੇ ਜੀਵਨ ਤੋਂ ਜਾਣੂ ਹੋ ਸਕਣਗੇ
- ਭਾਈ ਵੀਰ ਸਿੰਘ ਦੇ ਰਚਨਾ ਸੰਸਾਰ ਤੋਂ ਜਾਣੂ ਹੋ ਸਕਣਗੇ
- ਪੁਰਾਤਨ ਜਨਮ ਸਾਖੀ ਦੇ ਵਿਸ਼ੇ ਬਾਰੇ ਜਾਣ ਸਕਣਗੇ
- ਪੁਰਾਤਨ ਜਨਮ ਸਾਖੀ ਦੇ ਕਲਾ ਪੱਖ ਤੋਂ ਜਾਣੂ ਹੋ ਸਕਣਗੇ

## ਭੂਮਿਕਾ

ਮੱਧਕਾਲੀ ਕਿਰਤਾਂ ਬਹੁ-ਦਿਸ਼ਾਵੀ ਮਹੱਤਤਾ ਰੱਖਦੀਆਂ ਹਨ। ਇਨ੍ਹਾਂ ਵਿੱਚ ਧਾਰਮਿਕਤਾ, ਸਾਹਿਤਕਤਾ, ਇਤਿਹਾਸਿਕਤਾ, ਸਮਾਜਿਕਤਾ ਤੇ ਸੁਹਜ ਬੋਧ ਦਾ ਗਿਆਨ ਸ਼ਾਸਤਰ ਆਪਣੇ ਪੂਰੇ ਜਲੌਅ ਵਿੱਚ ਮਿਲਦਾ ਹੈ। ਜਨਮ ਸਾਖੀ ਪਰੰਪਰਾ ਵੀ ਇਸੇ ਦਾ ਇੱਕ ਅੰਗ ਹੈ। ਜਨਮ ਸਾਖੀਆਂ ਅਜਿਹੇ ਬਿਰਤਾਂਤ ਹਨ ਜੋ ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਦੀਆਂ ਲੌਕਿਕ/ ਅਲੌਕਿਕ ਘਟਨਾਵਾਂ ਵਿੱਚੋਂ ਘੜੇ ਗਏ ਹਨ। ਸਿੱਖ ਸਾਹਿਤ ਵਿੱਚ ਜਨਮ ਸਾਖੀਆਂ ਦਾ ਮਹੱਤਵਪੂਰਨ ਸਥਾਨ ਹੈ। ਇਨ੍ਹਾਂ ਦੇ ਲਿਖਣਹਾਰੇ ਜਿੱਥੇ ਡੂੰਘੇ ਅਨੁਭਵ ਵਾਲੇ ਸ਼ਰਧਾਵਾਨ ਸਿੱਖ ਸਨ, ਉੱਥੇ ਉਹ ਲੋਕਿਕ ਪਰੰਪਰਾ ਵਿੱਚ ਪ੍ਰਚੱਲਿਤ ਨਾਨਕ ਦੇ ਬਿੰਬ ਅਤੇ ਉਹਦੇ ਨਾਲ ਜੁੜੇ ਸਰੋਕਾਰਾਂ ਤੋਂ ਵੀ ਡੂੰਘੀ ਤਰ੍ਹਾਂ ਵਾਕਿਫ਼ ਸਨ। ਹਾਲਾਂਕਿ ਇਨ੍ਹਾਂ ਦਾ ਇੱਕ ਪੱਖ ਬੁੱਧ ਕਥਾਵਾਂ ਨਾਲ ਵੀ ਜੋੜਿਆ ਜਾਂਦਾ ਹੈ, ਪਰ ਮੱਧਕਾਲ ਵਿੱਚ ਬੁੱਧ ਕਥਾਵਾਂ ਵੀ ਲੋਕਿਕ ਪਰੰਪਰਾ ਦਾ ਅੰਗ ਸਨ। ਇਸੇ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਉਸ ਚਾਣਨੇ ਪੱਖ ਨੂੰ ਵਡਿਆਇਆ ਗਿਆ ਹੈ ਜਿੱਥੇ ਉਹ ਅਕਾਲ ਪੁਰਖ ਦਾ ਰੂਪ ਨਜ਼ਰ ਆਉਂਦੇ ਹਨ। ‘ਜਨਮ ਸਾਖੀਆਂ: ਇੱਕ ਇਤਿਹਾਸਕ ਪੜਚੋਲ’ ਵਿੱਚ ਡਾ. ਸ਼ੇਰ ਸਿੰਘ ਨੇ ਇਨ੍ਹਾਂ ਦੀ ਇਤਿਹਾਸਕ ਪੜਚੋਲ ਕਰਦਿਆਂ, ਇਨ੍ਹਾਂ ਦਾ ਬਹੁਪੱਖੀ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਇਸ ਬਾਰੇ ਉਹਦਾ ਮੱਤ ਹੈ ਕਿ ਜਨਮ

ਸਾਖੀ ਸਾਹਿਤ ਬਹੁਪੱਖੀ ਸਾਹਿਤ ਹੈ। ਇਹ ਗੁਰੂ ਨਾਨਕ ਦੇਵ ਦੇ ਜੀਵਨ ਦੀਆਂ ਰਵਾਇਤਾਂ ਦਾ ਅਧਿਆਤਮਕ ਪੱਖ ਤੋਂ ਗੁਰਮਤਿ, ਵੇਦਾਂਤ ਅਤੇ ਸੂਫ਼ੀ ਮੱਤ ਦੇ ਸੰਕੇਤਾਂ ਦਾ ਬਹੁਮੁੱਲਾ ਖ਼ਜ਼ਾਨਾ ਹੈ। ਜਨਮ ਸਾਖੀਆਂ ਸਿੱਖ ਇਤਿਹਾਸ ਦਾ ਮਹੱਤਵਪੂਰਨ ਸਰੋਤ ਹਨ, ਖ਼ਾਸਕਰ ਗੁਰੂ ਨਾਨਕ ਦੇਵ ਦੇ ਜੀਵਨ ਤੇ ਸਮੇਂ, ਗੁਰਮੁਖੀ ਦੀ ਵਾਰਤਕ ਅਤੇ ਲੋਕ ਵਿਸ਼ਵਾਸਾਂ ਦਾ ਇਹ ਮੁੱਢਲਾ ਸੋਮਾ ਹਨ। ਇਸ ਖੋਜ ਕਾਰਜ ਵਿੱਚ ਖ਼ੋਜੀ ਜਨਮ ਸਾਖੀ ਸਾਹਿਤ ਦੀ ਜਾਣਕਾਰੀ ਦੇ ਨਾਲ ਨਾਲ ਗੁਰੂ ਨਾਨਕ ਸਾਹਿਬ ਦਾ ਜਨਮ ਤੇ ਮੁੱਢਲਾ ਜੀਵਨ, ਉਨ੍ਹਾਂ ਦੀਆਂ ਉਦਾਸੀਆਂ ਤੇ ਸਿੱਖਿਆਵਾਂ, ਉਨ੍ਹਾਂ ਦਾ ਅੰਤਿਮ ਸਮਾਂ ਤੇ ਜਨਮ ਸਾਖੀਆਂ ਦੇ ਗੁਰਮੁਖੀ ਵਾਰਤਕ ਦੇ ਤੁਲਨਾਤਮਿਕ ਅਧਿਐਨ ਪੇਸ਼ ਕਰਦਾ ਹੈ। ਅੰਤ 'ਤੇ ਉਹ ਆਪਣੀ ਖੋਜ ਦੀਆਂ ਧਾਰਨਾਵਾਂ ਪੇਸ਼ ਕਰਦਾ ਹੈ- ਜਨਮ ਸਾਖੀ ਸਾਹਿਤ 16ਵੀਂ ਸਦੀ ਤੋਂ 19ਵੀਂ ਸਦੀ ਤਕ ਰਚਿਆ ਜਾਂਦਾ ਰਿਹਾ ਤੇ ਇਸ ਦੌਰਾਨ ਇਹਦੇ ਕਈ ਰੂਪ ਵਿਕਸਿਤ ਹੋਏ ਜੋ ਵੱਖੋ ਵੱਖਰੀਆਂ ਪਰੰਪਰਾਵਾਂ ਦੇ ਧਾਰਨੀ ਬਣੇ। ਦੂਜਾ,ਪੁਰਾਤਨ ਜਨਮ ਸਾਖੀ ਜੋ ਕਿ ਬੜੀ ਮਹੱਤਵਪੂਰਨ ਰਚਨਾ ਹੈ, ਇਸਦੇ ਲਿਖਣ ਕਾਲ ਤੇ ਲਿਖਾਰੀ ਬਾਰੇ ਕੋਈ ਪਤਾ ਨਹੀਂ ਚਲਦਾ ਤੇ ਇਸ ਬਾਰੇ ਕਈ ਮੱਤ ਭੇਦ ਹਨ। ਤੀਜਾ, ਮਿਹਰਬਾਨ ਵਾਲੀ ਜਨਮ ਸਾਖੀ ਇਸ ਕੜੀ ਦੀ ਮਹੱਤਵਪੂਰਨ ਰਚਨਾ ਹੈ। ਜਿਸ ਵਿਚਲੇ ਪਹਿਲੇ ਭਾਗ ਨੂੰ ਸੱਚਖੰਡ ਪੋਥੀ ਤੇ ਦੂਜੇ ਭਾਗ ਦੇ ਦੋ ਹਿੱਸਿਆਂ ਨੂੰ ਹਰਿ ਜੀ ਤੇ ਚਤਰਭੁਜ ਪੋਥੀ ਕਿਹਾ ਹੈ। ਚੌਥੇ, ਤੀਜੀ ਮਹੱਤਵਪੂਰਨ ਜਨਮ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਹੈ। ਖ਼ੋਜੀ ਨੇ ਇਨ੍ਹਾਂ ਜਨਮ ਸਾਖੀਆਂ ਨੂੰ ਫਰੋਲਦਿਆਂ ਗੁਰੂ ਨਾਨਕ ਸਾਹਿਬ ਦੇ ਜੀਵਨ ਫਲਸਫਿਆਂ ਦਾ ਇਤਿਹਾਸਕ ਪੱਖੋਂ ਡੂੰਘਾ ਵਿਸ਼ਲੇਸ਼ਣ ਕਰਕੇ ਗਿਆਨ ਸ਼ਾਸਤਰੀ ਸਮਝ ਬਣਾਉਣ ਦਾ ਉਪਰਾਲਾ ਕੀਤਾ ਹੈ। ਆਸ ਹੈ ਨਵੀਆਂ ਖੋਜਾਂ ਦੇ ਆਸਵੰਦਾਂ ਨੂੰ ਇਹ ਪੁਸਤਕ ਨਵੇਂ ਦਿਸਹੱਦਿਆਂ ਦਾ ਗਿਆਨ ਦੇਵੇਗੀ।

## ਭਾਈ ਵੀਰ ਸਿੰਘ: ਜੀਵਨ ਅਤੇ ਰਚਨਾ

ਭਾਈ ਵੀਰ ਸਿੰਘ (1872–1957) ਇੱਕ ਪੰਜਾਬੀ ਕਵੀ ਅਤੇ ਵਿਦਵਾਨ ਸੀ, ਜਿਸ ਨੂੰ ਅਜੋਕੇ ਪੰਜਾਬੀ ਸਾਹਿਤ ਦਾ ਮੋਢੀ ਵੀ ਕਿਹਾ ਜਾਂਦਾ ਹੈ। ਉਸ ਨੇ ਆਪਣੀ ਕਵਿਤਾ ਨੂੰ ਸਿੱਖ ਧਰਮ ਅਤੇ ਗੁਰਮਤਿ ਫ਼ਿਲਾਸਫ਼ੀ ਨਾਲ ਜੋੜਿਆ ਜਿਸ ਕਰ ਕੇ ਉਸ ਨੂੰ ਭਾਈ ਜੀ ਆਖਿਆ ਜਾਣ ਲੱਗਾ। ਉਸ ਨੇ ਛੋਟੀ ਕਵਿਤਾ, ਮਹਾਂਕਾਵਿ ਤੋਂ ਇਲਾਵਾ ਵਾਰਤਕ ਵਿੱਚ ਨਾਵਲ, ਨਾਟਕ ਇਤਿਹਾਸ, ਜੀਵਨੀਆਂ, ਲੇਖਾਂ ਅਤੇ ਸਾਖੀਆਂ ਇਤਿਆਦਿ ਦੀ ਰਚਨਾ ਕਰਨ ਦੀ ਪਹਿਲ ਕੀਤੀ।

### ਮੁੱਢਲੀ ਜ਼ਿੰਦਗੀ

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ: ਨੂੰ ਅੰਮ੍ਰਿਤਸਰ ਵਿਖੇ ਡਾ: ਚਰਨ ਸਿੰਘ ਦੇ ਘਰ ਹੋਇਆ। ਇਸ ਘਰਾਣੇ ਦਾ ਸਬੰਧ ਸਿੱਖ ਇਤਿਹਾਸ ਦੇ ਦੀਵਾਨ ਕੌੜਾ ਮੱਲ ਨਾਲ ਸੀ। 1891 ਵਿੱਚ ਅੰਮ੍ਰਿਤਸਰ ਦੇ ਚਰਚ ਮਿਸ਼ਨ ਸਕੂਲ ਤੋਂ ਦਸਵੀਂ ਦਾ ਇਮਤਿਹਾਨ ਜ਼ਿਲ੍ਹੇ ਭਰ ਵਿੱਚੋਂ ਅੱਵਲ ਰਹਿ ਕੇ ਪਾਸ ਕੀਤਾ। ਉਸ ਨੇ ਸਰਕਾਰੀ ਨੌਕਰੀ ਪਿੱਛੇ ਨਾ ਦੌੜ ਕੇ ਆਪਣੀ ਰੁਚੀ ਅਨੁਸਾਰ ਇੱਕ ਲੇਖਕ ਦੇ ਤੌਰ ਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਸ਼ੁਰੂ ਵਿੱਚ ਸਕੂਲਾਂ ਲਈ ਪਾਠ-ਪੁਸਤਕਾਂ ਲਿਖੀਆਂ।

ਸਾਤਾਰਾਂ ਸਾਲ ਦੀ ਉਮਰ ਵਿੱਚ ਆਪ ਦਾ ਵਿਆਹ ਅੰਮ੍ਰਿਤਸਰ ਦੇ ਨਰਾਇਣ ਸਿੰਘ ਦੀ ਸਪੁੱਤਰੀ ਚਤਰ ਕੌਰ ਨਾਲ ਹੋਇਆ। ਉਨ੍ਹਾਂ ਸਰਕਾਰੀ ਨੌਕਰੀ ਪਿੱਛੇ ਨਾ ਦੌੜ ਕੇ ਆਪਣੀ ਰੁਚੀ ਅਨੁਸਾਰ ਇੱਕ ਲੇਖਕ ਦੇ ਤੌਰ ਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਸ਼ੁਰੂ ਵਿੱਚ ਸਕੂਲਾਂ ਲਈ ਪਾਠ-ਪੁਸਤਕਾਂ ਲਿਖੀਆਂ। ਆਪ ਨੇ 1892 ਈ: ਵਿੱਚ ਸਰਦਾਰ ਵਜ਼ੀਰ ਸਿੰਘ ਨਾਲ ਰਲ ਕੇ 'ਵਜ਼ੀਰ ਹਿੰਦ ਪ੍ਰੈੱਸ ' ਚਲਾਇਆ। ਭਾਈ ਸਾਹਿਬ ਨੇ ਆਪਣੀ ਮਿਹਨਤ ,ਤੇ ਲਗਨ ਨਾਲ ਪ੍ਰੇਸ ਨੂੰ ਇਨਾ ਕਾਮਯਾਬ ਕੀਤਾ ਕਿ ਦੂਰੋਂ ਦੂਰੋਂ ਲੋਕ ਇਸ ਨੂੰ ਦੇਖਣ ਆਉਂਦੇ। 1890 ਵਿਚ ਉਨ੍ਹਾਂ ਨੇ ਹਫ਼ਤਾਵਾਰੀ ਖ਼ਾਲਸਾ ਸਮਾਚਾਰ ਅਖ਼ਬਾਰ ਸ਼ੁਰੂ ਕੀਤਾ। 1893 ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰੱਖੀ ਗਈ ਜਿਸਨੇ ਮਾਸਿਕ ਪਰਚਾ "ਨਿਰਗੁਣੀਆਰਾ " ਜਾਰੀ ਕੀਤਾ। ਪੰਜਾਬੀ ਦਾ ਇਹ ਪਹਿਲਾ ਪਰਚਾ ਹੈ ਜੋ ਨਿਰਵਿਘਨ ਪ੍ਰਕਾਸ਼ਿਤ ਹੋ ਰਿਹਾ ਹੈ।

### ਸਿੱਖਿਆ

ਭਾਈ ਜੀ ਨੇ ਰਵਾਇਤੀ ਭਾਰਤੀ ਤੇ ਆਧੁਨਿਕ ਅੰਗਰੇਜ਼ੀ ਦੋਵੇਂ ਕਿਸਮ ਦੀ ਵਿੱਦਿਆ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਭਾਈ ਜੀ ਨੇ ਫ਼ਾਰਸੀ, ਉਰਦੂ ਤੇ ਸੰਸਕ੍ਰਿਤ ਗ੍ਰੰਥਾਂ ਦਾ ਗਿਆਨ ਵੀ ਹਾਸਲ ਕੀਤਾ। ਉਹ ਚਰਚ ਮਿਸ਼ਨ ਸਕੂਲ, ਅੰਮ੍ਰਿਤਸਰ ਵਿਖੇ ਪੜ੍ਹਿਆ ਅਤੇ 1891 ਵਿੱਚ ਮੈਟ੍ਰਿਕ ਪ੍ਰੀਖਿਆ ਦੇ ਪੂਰੇ ਜ਼ਿਲ੍ਹੇ 'ਚੋਂ ਅੱਵਲ ਰਿਹਾ। ਭਾਈ ਜੀ ਨੇ ਸੈਕੰਡਰੀ ਸਿੱਖਿਆ ਚਰਚ ਮਿਸ਼ਨ ਹਾਈ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਇਸ ਸਕੂਲ 'ਚ ਪੜ੍ਹਦਿਆਂ ਭਾਈ ਜੀ ਦੇ ਜਮਾਤੀਆਂ ਨੇ ਧਰਮ ਤਬਦੀਲ ਕਰ ਇਸਾਈ ਮੱਤ ਧਾਰਨ ਕੀਤਾ ਪਰ ਭਾਈ ਸਾਹਿਬ ਸਿੱਖੀ ਸਿਦਕ ਕਾਇਮ ਰੱਖਿਆ।

### ਰਾਜਸੀ ਸਰਗਰਮੀਆਂ

ਇਸ ਸਮੇਂ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਅਹਿਮਦੀ ਤੇ ਆਰੀਆ ਸਮਾਜੀ ਲਹਿਰਾਂ ਉਰਦੂ ਤੇ ਹਿੰਦੀ ਰਾਹੀਂ ਪ੍ਰਚਾਰ ਕਰ ਰਹੀਆਂ ਸਨ। ਸਿੰਘ ਸਭਾ ਲਹਿਰ ਵੀ ਪੰਜਾਬੀ ਬੋਲੀ ਤੇ ਸਿੱਖ ਧਰਮ ਦੀ ਰੱਖਿਆ ਲਈ ਮੈਦਾਨ ਵਿੱਚ ਪ੍ਰਵੇਸ਼ ਕਰ ਚੁੱਕੀ ਸੀ ਪਰ ਇਸ ਲਹਿਰ ਵਿੱਚ ਸਭ ਤੋਂ ਵਧੇਰੇ ਹਿੱਸਾ ਭਾਈ ਵੀਰ ਸਿੰਘ ਨੇ ਪਾਇਆ।

ਭਾਈ ਵੀਰ ਸਿੰਘ ਸਿੰਘ ਸਭਾ ਲਹਿਰ ਦੇ ਪੈਦਾ ਕੀਤੇ ਵਿਦਵਾਨ ਤੇ ਸਾਹਿਤਕਾਰਾਂ ਵਿਚੋਂ ਸਿਰਮੌਰ ਸਨ ਸਿੰਘ ਸਭਾ ਲਹਿਰ ਦਾ ਜਨਮ , ਸਿੱਖ ਸਮਾਜ ਵਿਚ ਆਈਆਂ ਸਿਧਾਂਤਿਕ ਕਮਜ਼ੋਰੀਆਂ ਤੇ ਅਮਲੀ ਗਿਰਾਵਟ ਤੋਂ ਹੋਇਆ। ਸਿੱਖ ਸਮਾਜ ਵਿਚ ਬ੍ਰਾਹਮਣ ਵਾਦ ਪੂਰੀ ਤਰ੍ਹਾਂ ਛਾਇਆ ਹੋਇਆ ਸੀ। ਜਿਨ੍ਹਾ ਵਹਿਮਾਂ ਭਰਮਾ, ਭੇਖਾਂ ਪਖੰਡਾਂ, ਰਸਮਾਂ ਰਿਵਾਜ਼ਾਂ ਤੋ ਗੁਰਮਤਿ ਨੇ ਵਰਜਿਆ ਸੀ, ਉਹ ਫਿਰ ਸਿੱਖ ਜੀਵਨ ਜਾਚ ਵਿਚ ਘਰ ਕਰ ਚੁੱਕੀਆਂ ਸੀ। ਆਪਜੀ ਨੇ ਕੌਮ ਨੂੰ ਜਾਗ੍ਰਿਤ ਕਰਨ ਲਈ ਲੋਕਾਂ ਨੂੰ ਆਪਣੇ ਅਮੀਰ ਵਿਰਸੇ ਤੋ ਜਾਣੂ ਕਰਵਾਇਆ ਅਤੇ ਦੋ ਆਦਰਸ਼ ਨੀਯਤ ਕੀਤੇ (1) ਵਿੱਦਿਆ ਪ੍ਰਚਾਰ (2) ਮਾਂ ਬੋਲੀ ਵਿਚ ਸਹਿਤ ਸਿਰਜਣਾ।

ਵਿੱਦਿਆ ਪ੍ਰਚਾਰ ਲਈ ਆਪਣੇ ਐਜੂਕੇਸ਼ਨ ਕਮੇਟੀ ਦਾ ਗਠਨ ਕੀਤਾ ਇਸ ਕਮੇਟੀ ਨੂੰ ਸਫਲ ਕਰਨ ਲਈ ਭਾਈ ਸਾਹਿਬ ਨੇ ਆਪਣੇ ਸਾਰੇ ਨਿੱਜੀ ਰੁਝੇਵਿਆਂ ਦਾ ਤਿਆਗ ਕਰਕੇ ਦਿਨ-ਰਾਤ ਇੱਕ ਕਰ ਦਿੱਤਾ। ਇਸ ਕਮੇਟੀ ਦੀ ਸਫਲਤਾ ਦਾ ਅੰਦਾਜ਼ਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਚਲਾਈਆਂ ਜਾ ਰਹੀਆਂ ਵਿੱਦਿਅਕ ਸੰਸਥਾਵਾਂ ਤੋ ਲਗਾਇਆ ਜਾ ਸਕਦਾ ਹੈ। ਕੌਮ ਨੂੰ ਜਾਗ੍ਰਿਤ ਕਰਨ ਤੇ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਸਹਿਤ ਸਿਰਜਣ ਤੇ ਲੱਗਾ ਦਿੱਤਾ। ਭਾਈ ਵੀਰ ਸਿੰਘ ਦੇ ਇਸ ਅਮੀਰ ਸਹਿਤ ਨੇ ਆਪਣੀ ਹਾਰੀ ਹੋਈ ਕੌਮ ਤੇ ਬੁਜ਼ਦਿਲ ਹੋ ਚੁੱਕੇ ਲੋਕਾਂ ਨੂੰ ਨਵ -ਜੀਵਨ ਪ੍ਰਦਾਨ ਕੀਤਾ। ਭਾਈ ਵੀਰ ਸਿੰਘ ਸਹਿਤ ਵਿਚ ਦੋ ਜੁਗਾਂ ਨੂੰ ਜੋੜਨ ਵਾਲੀ ਕੜੀ ਸਨ ਜਿਨ੍ਹਾ ਦੁਆਰਾ ਨਵੀਆਂ ਤੇ ਪੁਰਾਣੀਆਂ ਪਰੰਪਰਾਵਾ ਦਾ ਮੇਲ ਹੋਇਆ ਹੈ। ਭਾਈ ਵੀਰ ਸਿੰਘ ਜੀ ਦੀ ਕਵਿਤਾ ਦਾ ਵਿਸ਼ਾ ਭਾਵੇਂ ਗੁਰਬਾਣੀ ਵਿੱਚੋਂ ਲਿਆ ਹੈ,ਪਰ ਕਵਿਤਾ ਦਾ ਰੂਪ ਸੱਜਰਾ ਤੇ ਨਿਰੋਲ ਨਵਾਂ ਸੀ ।

ਭਾਈ ਵੀਰ ਸਿੰਘ ਦਾ ਪੁਸ਼ਤੈਨੀ ਘਰ ਕਟੜਾ ਗਰਬਾ ਅੰਮ੍ਰਿਤਸਰ ਵਿੱਚ ਸੀ ਜਿੱਥੇ ਉਨ੍ਹਾਂ ਆਪਣੇ ਜੀਵਨ ਦੇ ਮੁੱਢਲੇ ਵਰ ਹੇ ਗੁਜ਼ਾਰੇ। 1925 ਵਿੱਚ ਉਨ੍ਹਾਂ ਚਰਚ ਮਿਸ਼ਨ ਸਕੂਲ ਦੇ ਪਾਦਰੀ ਕੋਲੋਂ ਅੰਮ੍ਰਿਤਸਰ ਲਾਰੈਂਸ ਰੋਡ ਸਥਿਤ 5 ਏਕੜ ਵਿੱਚ ਫੈਲਿਆ ਇੱਕ ਸ਼ਾਨਦਾਰ ਘਰ ਖ਼ਰੀਦ ਲਿਆ ਤੇ 1930 ਤੋਂ ਇੱਥੇ ਰਹਿਣ ਸ਼ੁਰੂ ਕਰ ਦਿੱਤਾ। ਇਸ ਘਰ ਨੂੰ ਉਨ੍ਹਾਂ ਦੀ ਯਾਦਗਾਰ ਤੌਰ ਤੇ ਭਾਈ ਵੀਰ ਸਿੰਘ ਮੈਮੋਰੀਅਲ ਘਰ ਵਜੋਂ ਜਾਣਿਆ ਜਾਂਦਾ ਹੈ।

**ਭਾਈ ਵੀਰ ਸਿੰਘ ਦੀਆਂ ਰਚਨਾ ਜਗਤ:**

**ਗਲਪ**

ਸੁੰਦਰੀ (1898)

ਬਿਜੇ ਸਿੰਘ(1899)

ਸਤਵੰਤ ਕੌਰ-ਦੋ ਭਾਗ(1890 ਤੇ 1927)

ਸੱਤ ਔਖੀਆਂ ਰਾਤਾਂ (1919)

ਬਾਬਾ ਨੌਧ ਸਿੰਘ (1907, 1921)[8]

ਸਤਵੰਤ ਕੌਰ ਭਾਗ ਦੂਜਾ (1927)

ਰਾਣਾ ਸੂਰਤ ਸਿੰਘ ਮਹਾਂ ਕਾਵਿ (1905)

ਰਾਣਾ ਭਬੋਰ

**ਗੈਰ-ਗਲਪ**

ਜੀਵਨੀਆਂ

ਸ੍ਰੀ ਕਲਗੀਧਰ ਚਮਤਕਾਰ (1925)

ਪੁਰਾਤਨ ਜਨਮ ਸਾਖੀ, (1926)

ਸ੍ਰੀ ਗੁਰੂ ਨਾਨਕ ਚਮਤਕਾਰ (1928)

ਭਾਈ ਝੰਡਾ ਜੀਓ (1933)

ਭਾਈ ਭੂਮੀਆਂ ਅਤੇ ਕਲਿਜੁਗ ਦੀ ਸਾਖੀ (1936)

ਸੰਤ ਗਾਥਾ (1938)

ਸ੍ਰੀ ਅਸ਼ਟ ਗੁਰ ਚਮਤਕਾਰ ਭਾਗ - 1 ਤੇ 2 (1952)

ਗੁਰਸਿੱਖ ਵਾੜੀ, (1951)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰ ਬਾਲਮ ਸਾਖੀਆਂ (1955)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ (1955)

**ਨਾਟਕ**

ਰਾਜਾ ਲਖਦਾਤਾ ਸਿੰਘ

**ਟੀਕੇ ਅਤੇ ਹੋਰ**

ਸਿਖਾਂ ਦੀ ਭਗਤ ਮਾਲਾ (1912)

ਪ੍ਰਾਚੀਨ ਪੰਥ ਪ੍ਰਕਾਸ਼ (1914)

ਗੰਜ ਨਾਮਹ ਸਟੀਕ (1914)

ਸ੍ਰੀ ਗੁਰੂ ਗ੍ਰੰਥ ਕੋਸ਼ (1927)

ਸ੍ਰੀ ਗੁਰਪ੍ਰਤਾਪ ਸੂਰਜ ਗਰੰਥ ਸਟਿੱਪਣ (1927-1935)-ਟਿੱਪਣੀਆਂ ਸਹਿਤ 14 ਜਿਲਦਾਂ ਵਿੱਚ ਇਸ ਗ੍ਰੰਥ ਨੂੰ ਪ੍ਰਕਾਸ਼ਤ ਕੀਤਾ[9]

ਦੇਵੀ ਪੂਜਨ ਪੜਤਾਲ (1932)

ਪੰਜ ਗ੍ਰੰਥੀ ਸਟੀਕ (1940)

ਕਬਿੱਤ ਭਾਈ ਗੁਰਦਾਸ (1940)

ਵਾਰਾਂ ਭਾਈ ਗੁਰਦਾਸ

ਬਨ ਜੁੱਧ

ਸਾਖੀ ਪੋਥੀ (1950)

**ਕਵਿਤਾ**

ਦਿਲ ਤਰੰਗ(1920)

ਤ੍ਰੇਲ ਤੁਪਕੇ(1921)

ਲਹਿਰਾਂ ਦੇ ਹਾਰ[10](1921)

ਮਟਕ ਹੁਲਾਰੇ[11](1922)

ਬਿਜਲੀਆਂ ਦੇ ਹਾਰ(1927)

ਪ੍ਰੀਤ ਵੀਣਾਂ

ਮੇਰੇ ਸਾਂਈਆਂ ਜੀਉ(1953)

ਕੰਬਦੀ ਕਲਾਈ

ਨਿੱਕੀ ਗੋਦ ਵਿੱਚ

1891 ਤੋਂ ਲੈ ਕੇ ਆਪਣੇ ਆਖਰੀ ਸਮੇ ਤਕ ਲਗਪਗ 200 ਟ੍ਰੈਕਟਾਂ ਦੀ ਰਚਨਾ ਕੀਤੀ। ਭਾਈ ਵੀਰ ਸਿੰਘ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਸੰਚਾਲਕ ਤੇ ਮੈਂਬਰ ਸਨ ਜਿਨ੍ਹਾ ਵਿਚੋ ਪ੍ਰਮੁਖ ਖ਼ਾਲਸਾ ਟ੍ਰੈਕਟ ਸੋਸਾਇਟੀ (1893) ਚੀਫ਼ ਖ਼ਾਲਸਾ ਦੀਵਾਨ ਅਮ੍ਰਿਤਸਰ (1901) ਸੈਂਟਰਲ ਖ਼ਾਲਸਾ ਯਤੀਮਖਾਨਾ (1904) ਸਿੱਖ ਐਜੂਕੇਸ਼ਨ ਕਮੇਟੀ ਤੇ ਸੈਂਟਰਲ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ (1908) ਗੁਰੂਦਵਾਰਾ ਹੇਮਕੁੰਟ ਟ੍ਰਸਟ (1926) ਸੈਂਟਰਲਸੂਰਮਾ ਸਿੰਘ ਆਸ਼ਰਮ (1935) ਫ਼ਰੀ ਹੋਮੋਪੈਥਿਕ ਹਸਪਤਾਲ (1943) ਆਦਿ 1 ਪੰਥਕ ਸੰਸਥਾਵਾਂ ਖ਼ਾਲਸਾ ਕਾਲਜਾਂ ਨੂੰ ਅਮ੍ਰਿਤਸਰ ਪੰਥਕ ਪ੍ਰਬੰਧ ਵਿਚ ਲਿਆਉਣ ਤੇ ਪੰਜਾਬ ਐਂਡ ਸਿੰਧ ਬੈਂਕ ਆਰੰਭ ਕਰਨ ਵਿਚ ਭਾਈ ਵੀਰ ਸਿੰਘ ਦਾ ਵੱਡਾ ਹੱਥ ਹੈ।

ਆਪ ਜੀ ਦੀਆਂ ਕਲਮੀ ਸੇਵਾਵਾਂ ਅਥਵਾ ਸਹਿਤਕ ਕਿਰਤਾਂ ਨੂੰ ਪੰਜਾਬੀਆਂ ਨੇ ਦਿਲ ਖ਼ੋਲ ਕੇ ਸਮਰਥਨ ਦਿੱਤਾ। ਬਹੁ ਸਾਰੀਆਂ ਲਿਖਤਾਂ ਦਾ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਵੀ ਹੋਇਆ। 'ਲਹਿਰਾਂ ਦੇ ਹਾਰ' ਤੇ ਕੁੱਝ ਹੋਰ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਪ੍ਰਸਿਧ ਦਾਰਸ਼ਨਿਕ ਕਵੀ ਪ੍ਰੋਫ਼ੇਸਰ ਪੂਰਨ ਸਿੰਘ ਜੀ ਨੇ ਕੀਤਾ। 'ਮੇਰਿਆ ਸਾਂਈਆ ਜਿਉਂ' ਨੂੰ ਸਹਿਤ ਅਕੈਡਮੀ ਦਾ ਸਨਮਾਨ ਪ੍ਰਾਪਤ ਹੋਇਆ 1949 ਵਿਚ ਪੰਜਾਬੀ ਯੂਨੀਵਰਸਿਟੀ ਭਾਈ ਸਾਹਿਬ ਨੂੰ ਸਹਿਤਕ ਕਿਰਤਾਂ ਵਜੋਂ ਡਾਕਟਰ ਆਫ਼ ਓਰੀਐਂਟਲ ਲਿਟਰੇਚਰ ਦੀ

ਡਿਗਰੀ ਪ੍ਰਦਾਨ ਕੀਤੀ ਗਈ 1952 ਵਿਚ ਹੋਈ ਸਿੱਖ ਵਿੱਦਿਅਕ ਕਾਨਫ਼ਰੰਸ ਸਮੇਂ ਇਨ੍ਹਾਂ ਨੂੰ ਅਭਿਨੰਦਨ ਗ੍ਰੰਥ ਭੇਟਾ ਕੀਤਾ ਗਿਆ1 ਇਸੇ ਸਾਲ ਇਨ੍ਹਾਂ ਨੂੰ ਪੰਜਾਬ ਲੈਜਿਸਲੈਟਿਵ ਕੌਂਸਲ ਦਾ ਸਰਕਾਰੀ ਤੋਰ ਤੇ ਮੈਂਬਰ ਨਾਮਜ਼ਦ ਕੀਤਾ ਗਿਆ। 1956 ਈ ਗਣਰਾਜ ਦਿਵਸ ਤੇ ਭਾਰਤ ਸਰਕਾਰ ਵੱਲੋਂ ਭਾਈ ਵੀਰ ਸਿੰਘ ਨੂੰ ਪਦਮ ਭੂਸ਼ਨ ਦਿੱਤਾ ਗਿਆ।

ਭਾਈ ਵੀਰ ਸਿੰਘ ਨੂੰ ਜੂਨ 1957 ਦੇ ਪਹਿਲੇ ਹਫ਼ਤੇ ਬੁਖ਼ਾਰ ਹੋ ਗਿਆ ਜੋ ਜਾਨ ਲੇਵਾ ਸਾਬਤ ਹੋਇਆ। ਡਾਕਟਰਾਂ ਨੇ ਇਨ੍ਹਾਂ ਨੂੰ ਮੁਕੰਮਲ ਆਰਾਮ ਕਰਨ ਲਈ ਕਿਹਾ ਪਰ ਜਿਹੜੇ ਇਹ ਉਪਦੇਸ਼ ਕਰਦੇ ਹੋਣ ਉਹ ਆਰਾਮ ਨਾਲ ਕਿਵੇਂ ਬੈਠ ਸਕਦੇ ਹਨ –

ਸੀਨੇ ਖਿੱਚ ਜਿਨ੍ਹਾ ਨੇ ਖਾਧੀ , ਉਹ ਕਰ ਆਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਕੀ ਨੀਂਦਰ ? ਉਹ ਦਿਨੇ ਰਾਤ ਪਏ ਵਹਿੰਦੇ

ਅੰਤ 10 ਜੂਨ 1957 ਇਹ ਕਵੀ ਸਭ ਨੂੰ ਅਲਵਿਦਾ ਕਹਿ ਕੇ ਇਸ ਦੁਨੀਆ ਤੋਂ ਵਿਦਾ ਹੋ ਗਿਆ। ਭਾਈ ਵੀਰ ਸਿੰਘ ਜੀ ਬੜੀ ਦਿਲ-ਖਿੱਚਵੀਂ ਸ਼ਖ਼ਸੀਅਤ ਸੀ। ਬੜੇ ਸਿੱਧੇ-ਸਾਦੇ, ਕੋਈ ਮੇਰ-ਤੇਰ ਨਹੀਂ, ਜਿਸਦੇ ਸੰਪਰਕ ਵਿਚ ਆਉਂਦੇ ਆਪਣਾ ਬਣਾ ਲੈਂਦੇ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਕੌਮੀ ਜਾਗ੍ਰਿਤੀ, ਮਾਂ ਬੋਲੀ ਪੰਜਾਬੀ ਨੂੰ ਸਤਿਕਾਰ ਦਿਵਾਉਣ ਤੇ ਧਰਮ ਪ੍ਰਚਾਰ ਤੇ ਪ੍ਰਸਾਰ ਹਿਤ ਜੋ ਕੰਮ ਕੀਤੇ ਹਨ ਉਹ ਸਿੱਖ ਕੌਮ ਕਦੇ ਭੁੱਲਾ ਨਹੀਂ ਸਕਦੀ। ਸਿੱਖੀ ਦੀ ਛਾਪ ਉਨ੍ਹਾਂ ਦੇ ਤਨ-ਮਨ ਵਿਚ ਇਸ ਕਦਰ ਵਸੀ ਹੋਈ ਸੀ ਕਿ ਬਹੁਤ ਸਾਰੇ ਲੋਕ ਉਨ੍ਹਾਂ ਦੇ ਅਮਲੀ ਜੀਵਨ ਨੂੰ ਦੇਖ ਕੇ ਨਾਨਕ ਨਿਰਮਲ ਪੰਥ ਦੇ ਰਾਹੀ ਬਣ ਗਏ।

ਜਿਨ੍ਹਾ ਵਿਚੋਂ ਮਾਸਟਰ ਤਾਰਾ ਸਿੰਘ ਜੀ ਪਹਿਲੀ ਸ਼ਖ਼ਸੀਅਤ ਸਨ , ਜਿਨ੍ਹਾ ਨੇ ਸ਼ਰੋਮਣੀ ਅਕਾਲੀ ਦਲ ਦੇ ਆਗੂ ਵਜੋਂ ਸਿੱਖ ਕੌਮ ਦੀ ਲਗ-ਪਗ 40 ਸਾਲ ਅਗਵਾਈ ਕੀਤੀ, ਉਹ ਸਿੱਖ ਸਰੂਪ ਵਿਚ ਨਹੀਂ ਸਨ ਪਰ ਜਦ ਉਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੀ ਪਹਿਲੀ ਗਲਪ ਰਚਨਾ ਸੁੰਦਰੀ ਪੜ੍ਹੀ ਤਾਂ ਉਹ ਐਨੇ ਪ੍ਰਭਾਵਿਤ ਹੋਏ ਕੀ ਸਿੱਖੀ ਸਰੂਪ ਧਾਰਨ ਕਰ ਲਿਆ। 'ਸੁੰਦਰੀ' ਪੰਜਾਬੀ ਭਾਸ਼ਾ ਦਾ ਪਹਿਲਾ ਨਾਵਲ ਸੀ, ਜਿਸ ਰਾਹੀਂ ਭਾਈ ਵੀਰ ਸਿੰਘ ਨੇ ਉਸ ਸਮੇਂ ਦੇ ਸਮਾਜ ਨੂੰ ਸਿੱਖ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਸਿੱਖ ਯੋਧਿਆਂ ਨੂੰ ਆਪਣੀ ਕਥਾ ਦਾ ਆਧਾਰ ਬਣਾਇਆ। ਦੂਸਰੀ ਸ਼ਖ਼ਸੀਅਤ ਪ੍ਰਸਿਖ ਦਾਰਸ਼ਨਿਕ ਲੇਖਕ ਕਵੀ ਪ੍ਰੋਫ਼ੈਸਰ ਪੂਰਨ ਸਿੰਘ ਜੀ ਸਨ ਜੋ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਜਾਪਾਨ ਗਏ ਜਿੱਥੇ ਆਪਣੇ ਅਮੋਲ ਵਿਰਸੇ ਸਿੱਖੀ ਨੂੰ ਛੱਡ ਸੰਨਿਆਸ ਧਾਰਨ ਕਰ ਲਿਆ ਪਰ ਦੇਸ਼ ਪਰਤਣ ਤੋਂ ਬਾਅਦ ਭਾਈ ਵੀਰ ਸਿੰਘ ਦੀ ਸੰਗਤ ਵਿਚ ਰਹਿ ਕੇ ਮੁੜ ਸਿੰਘ ਸਜ ਗਏ।

## ਪੁਰਾਤਨ ਜਨਮ ਸਾਖੀ: ਵਿਸ਼ਾ ਪੱਖ ਅਧਿਐਨ

ਪੁਰਾਤਨ ਜਨਮ ਸਾਖੀ ਦਾ ਮੁੱਖ ਵਿਸ਼ਾ ਗੁਰੂ ਨਾਨਕ ਦੇਵ ਦੀ ਅਦੁੱਤੀ ਸ਼ਖ਼ਸੀਅਤ ਨੂੰ ਦੀ ਅਲੋਕਿਕ ਜਾਂ ਅਸਧਾਰਨ ਪੇਸ਼ਕਾਰੀ ਕਰਨਾ ਸੀ। ਤਾਂ ਜੋ ਗੁਰੂ ਨਾਨਕ ਦੇਵ ਨੂੰ ਪੂਰਵ ਪਰੰਪਰਿਕ ਨਾਇਕਾਂ ਦੇ ਬਰਾਬਰ ਦਾ ਵਿਖਾਈਆਂ ਜਾ ਸਕੇ। ਪਰ ਇਸ ਸਾਰੇ ਕਰਕੇ ਗੁਰੂ ਨਾਨਕ ਦੇਵ ਜੀ ਦਾ ਅਕਸ ਇਤਿਹਾਸਕ ਨਹੀਂ ਰਹਿੰਦਾ । ਉਨ੍ਹਾਂ ਉੱਤੇ ਇਤਿਹਾਸਕ ਅਤੇ ਪੌਰਾਣਿਕ ਰੰਗਤ ਵਧੇਰੇ ਚੜ੍ਹ ਜਾਂਦੀ ਹੈ। ਇਸ ਤਰਾਂ ਅਸੀਂ ਦੇਖੀਏ ਪੁਰਾਤਨ ਜਨਮ-ਸਾਖੀ ਦੇ ਲੇਖਕ ਦਾ ਵਿਸ਼ਾ ਗੁਰੂ ਨਾਨਕ ਦੇਵ ਦੀ ਦੀ ਇਹੋ ਜਿਹੀ ਹੀ ਸ਼ਖ਼ਸੀਅਤ ਉਘਾੜਨ ਵੱਧ ਵਧੇਰੇ ਰਹੀ ਹੈ। ਪਰ ਅਸੀਂ ਵੇਖੀਏ ਤਾਂ ਜਨਮ-ਸਾਖੀ ਪੁਰਾਤਨ ਪੰਜਾਬੀ ਵਾਰਤਕ ਦੀ ਇੱਕ ਅਜਿਹੀ ਵੰਨਗੀ ਹੈ ਜਿਸ ਵਿਚ ਕਿਸੇ ਅਧਿਆਤਮਕ ਪੁਰਸ਼ ਨੂੰ ਨਾਇਕ ਦਾ ਦਰਜਾ ਦਿੱਤਾ ਜਾਂਦਾ ਹੈ। ਜਨਮ-ਸਾਖੀ ਦੋ ਸ਼ਬਦਾਂ ਦਾ ਸੁਮੇਲ ਹੈ। ਇਸ ਤਰ੍ਹਾਂ ਇਸ ਸ਼ਬਦ ਦੇ ਅਰਥ ਹਨ ਜਨਮ ਦੀ ਗਵਾਹੀ. ਨਾਇਕ ਦਾ ਜਨਮ ਬਿਆਨ ਕੀਤਾ ਜਾਂਦਾ ਹੈ ਅਤੇ ਇਸਦੀ ਗਵਾਹੀ ਸਾਖੀਕਾਰ ਆਪ ਭਰ ਦਿੰਦਾ ਹੈ। ਇਸ ਪਰਿਭਾਸ਼ਾ ਤੋਂ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਇਸ ਰਚਨਾ ਦਾ ਸਾਖੀਕਾਰ ਕੋਈ ਇਤਿਹਾਸਕ ਵਿਅਕਤੀ ਹੁੰਦਾ ਹੈ ਭਾਵ ਉਸ ਕਲਪਨਾ ਦਾ ਪਾਤਰ ਨਾ ਹੋ ਕੇ ਉਸਨੇ ਅਸਲ ਜੀਵਨ ਗੁਜ਼ਾਰਿਆ ਹੁੰਦਾ ਹੈ। ਦੂਜੀ ਗੱਲ ਉਹ ਇੱਕ ਪਰਭਾਵਸ਼ਾਲੀ ਵਿਅਕਤੀ ਹੁੰਦਾ ਹੈ। ਇਸ ਲਈ ਸਾਖੀਕਾਰ ਉਸਨੂੰ ਆਪਣੀ ਲਿਖਤ ਦਾ ਪਾਤਰ ਬਣਾਕੇ ਉਸਦੇ ਸ਼ਰਧਾਲੂਆਂ ਦੇ ਖੇਤਰ ਨੂੰ ਵਧਾਉਂਦਾ ਹੈ। ਪੁਰਾਤਨ ਜਨਮ-ਸਾਖੀ ਭਾਈ ਵੀਰ ਸਿੰਘ ਨੇ ਸੰਪਾਦਿਤ ਕਰਕੇ 1926 ਈ. ਵਿਚ ਪ੍ਰਕਾਸ਼ਿਤ ਕੀਤੇ। ਇਸਨੂੰ ਪੁਰਾਤਨ ਦਾ ਦਰਜਾ ਭਾਈ ਵੀਰ ਸਿੰਘ ਨੇ ਹੀ ਦਿੱਤਾ। ਇਸ ਜਨਮ-ਸਾਖੀ ਦੀਆਂ ਦੋ ਆਧਾਰ ਪੋਥੀਆਂ ਹਨ। ਭਾਈ ਵੀਰ ਸਿੰਘ ਨੇ ਦੋਹਾਂ ਨੂੰ ਹੀ ਜਨਮ-ਸਾਖੀ ਤਿਆਰ ਕਰਨ ਲਈ ਆਧਾਰ ਬਣਾਇਆ ਹੈ। ਪੁਰਾਤਨ ਜਨਮ-ਸਾਖੀ ਵਿਚ ਕੁਲ 57 ਜਨਮ-ਸਾਖੀਆਂ ਹਨ ਅਤੇ ਗੁਰੂ ਨਾਨਕ ਦੀਆਂ ਅਧਿਆਤਮਕ ਯਾਤਰਾਵਾਂ ਨੂੰ 5 ਹਿੱਸਿਆਂ ਵਿਚ ਵੰਡ ਲਿਆ ਗਿਆ ਹੈ।

ਪੁਰਾਤਨ ਜਨਮ-ਸਾਖੀ ਵਿਚ ਗੁਰੂ ਨਾਨਕ ਦੇ ਚਰਿੱਤਰ ਦੀ ਪੇਸ਼ਕਾਰੀ ਪੁਰਾਤਨ ਜਨਮ-ਸਾਖੀ ਪੁਰਾਤਨ ਵਾਰਤਕ ਦੀ ਇੱਕ ਅਜਿਹੀ ਵੰਨਗੀ ਹੈ ਜੋ ਗੁਰੂ ਨਾਨਕ ਦੀ ਸ਼ਖ਼ਸੀਅਤ ਬਾਰੇ ਹੈ। ਇਸ ਵਿਚ ਨਾਨਕ ਦੇ ਚਰਿੱਤਰ ਨੂੰ ਸ਼ਰਧਾ ਅਤੇ ਸਤਿਕਾਰ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਭਾਵੇਂ ਜਨਮ-ਸਾਖੀ ਵਿਚ ਹੋਰ ਵੀ ਪਾਤਰ ਹਨ ਪਰ ਸਾਰੀ ਜਨਮ-ਸਾਖੀ ਵਿਚ ਗੁਰੂ ਨਾਨਕ ਜੀ ਹੀ ਛਾਏ ਰਹਿੰਦੇ

ਹਨ। ਬਾਕੀ ਪਾਤਰਾਂ ਦੇ ਮੁਕਾਬਲੇ ਗੁਰੂ ਨਾਨਕ ਜੀ ਦਾ ਚਰਿੱਤਰ ਵਧੇਰੇ ਆਧਿਆਤਾਮਕ ਢੰਗ ਨਾਲ ਪੇਸ਼ ਹੋਇਆ ਹੈ। ਪੁਰਾਤਨ ਜਨਮ-ਸਾਖੀ ਵਿਚ ਗੁਰੂ ਨਾਨਕ ਜੀ ਦੀ ਜੋ ਸ਼ਖ਼ਸੀਅਤ ਉੱਭਰਦੀ ਹੈ, ਉਸ ਉੱਪਰ ਚਰਚਾ ਹੇਠ ਲਿਖੇ ਅਨੁਸਾਰ ਹੈ:

### ਵੱਡੇ ਭਗਤ

ਸਾਖੀ ਦੇ ਸਾਖੀਕਾਰ ਨੇ ਗੁਰੂ ਨਾਨਕ ਦੇ ਚਰਿੱਤਰ ਨੂੰ ਦੂਜੇ ਪਾਤਰਾਂ ਦੇ ਮੁਕਾਬਲੇ ਰੱਬ ਦੇ ਵੱਡੇ ਭਗਤ ਵਜੋਂ ਦਰਸਾਇਆ ਹੈ। ਜੱਦੋ ਗੁਰੂ ਨਾਨਕ ਜੀ ਨੂੰ ਪਾਂਧੇ ਕੋਲ ਪੜ੍ਹਨ ਭੇਜਿਆ ਜਾਂਦਾ ਹੈ ਤਾਂ ਪਾਂਧਾ ਗੁਰੂ ਜੀ ਦੇ ਵਿਚਾਰ ਸੁਣਕੇ ਹੈਰਾਨ ਹੋ ਜਾਂਦਾ ਹੈ। ਏਨਾ ਹੀ ਨਹੀਂ, ਸਾਖੀਕਾਰ ਨੇ ਗੁਰੂ ਨਾਨਕ ਜੀ ਨੂੰ ਵੱਡਾ ਸਾਬਿਤ ਕਰਨ ਲਈ ਪਾਂਧੇ ਕੋਲੋਂ ਨਾਨਕ ਨੂੰ ਨਮਸਕਾਰ ਵੀ ਕਰਵਾਈ। ਇਸ ਤੋਂ ਇਲਾਵਾ ਸਾਖੀਕਾਰ ਗੁਰੂ ਨਾਨਕ ਨੂੰ ਬਹੁਤੇ ਥਾਵੇਂ 'ਗੁਰੂ' ਜਾਂ 'ਪਰਮੇਸ਼ਰ' ਵੀ ਕਹਿੰਦਾ ਹੈ। ਅਜਿਹੀ ਬਿਰਤੀ ਨਾਲ ਕੀਤੀ ਵਡਿਆਈ ਦਾ ਸਬੂਤ ਪੁਰਾਤਨ ਜਨਮ-ਸਾਖੀ ਦੀਆਂ ਸਾਖੀਆਂ 1, 10, 21, 22 ਆਦਿ ਵਿਚ ਮਿਲਦਾ ਹੈ। ਸਾਖੀਕਾਰ ਗੁਰੂ ਨਾਨਕ ਨੂੰ ਹਰ ਵੇਲੇ ਨਾਮ ਖ਼ੁਮਾਰੀ ਵਿਚ ਲੀਨ ਦਿਖਾਉਂਦਾ ਹੈ। ਇਸ ਤਰ੍ਹਾਂ ਦੀਆਂ ਬ੍ਰਿਤਾਂਤਕ ਜੁਗਤਾਂ ਰਾਹੀਂ ਸਾਖੀਕਾਰ ਗੁਰੂ ਸਾਹਿਬ ਨੂੰ ਬਾਕੀ ਪਾਤਰਾਂ ਦੇ ਮੁਕਾਬਲੇ ਰੱਬ ਦਾ ਵੱਡਾ ਭਗਤ ਸਾਬਿਤ ਕਰ ਦਿੰਦਾ ਹੈ।

### ਕਰਾਮਾਤੀ ਨਾਇਕ

ਪੁਰਾਤਨ ਜਨਮ-ਸਾਖੀ ਦੇ ਸਾਖੀਕਾਰ ਨੇ ਗੁਰੂ ਨਾਨਕ ਨਾਲ ਕਰਾਮਾਤੀ ਅੰਸ਼ਾਂ ਨੂੰ ਜੋੜਿਆ ਹੈ ਤਾਂ ਜੋ ਉਨ੍ਹਾਂ ਦਾ ਚਰਿੱਤਰ 'ਕਰਨੀ ਵਾਲਾ' ਸਿੱਧ ਹੋ ਸਕੇ. ਗੁਰੂ ਨਾਨਕ ਦੀ ਮਰਜ਼ੀ ਨਾਲ ਖੇਤ ਹਰਾ ਜਾਂਦਾ ਹੈ। ਦਰਖ਼ਤ ਦੀ ਛਾਂ ਫਿਰਨ ਕੀਤੀ ਜਾਂਦੀ ਹੈ। ਮਰੇ ਹਾਥੀਆਂ ਨੂੰ ਜਿੰਦਾ ਕਰ ਦਿੰਦਾ ਹੈ। ਸਹਾਇਕ ਪਾਤਰ ਮਰਦਾਨਾ ਮਾਸੂਮ ਜਿਹਾ ਬਣ ਕੇ ਕੋਈ ਗ਼ਲਤੀ ਕਰ ਦਿੰਦਾ ਹੈ ਤਾਂ ਗੁਰੂ ਨਾਨਕ ਆਪਣੀ ਸ਼ਕਤੀ ਨਾਲ ਠੀਕ ਕਰ ਦਿੰਦੇ ਹਨ। ਸਾਖੀ ਨ. 47 ਵਿਚ ਗੁਰੂ ਨਾਨਕ ਮੋਏ ਰਾਜਕੁਮਾਰ ਨੂੰ ਜਿੰਦਾ ਕਰਕੇ ਆਪ ਲੋਪ ਹੋ ਜਾਂਦੇ ਹਨ। ਇੱਕ ਸਾਖੀ ਵਿਚ ਤਾਂ ਸਾਖੀਕਾਰ ਇੱਥੋਂ ਤੱਕ ਕਹੀ ਜਾਂਦਾ ਹੈ ਕਿ ਗੁਰੂ ਨਾਨਕ ਦੀ ਮੌਤ ਤੋਂ ਬਾਅਦ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਝਗੜਾ ਹੋ ਜਾਂਦਾ ਹੈ। ਮੁਸਲਮਾਨ ਉਨ੍ਹਾਂ ਨੂੰ ਦਫ਼ਨਾਉਣਾ ਚਾਹੁੰਦੇ ਸਨ ਪਰ ਹਿੰਦੂ ਉਨ੍ਹਾਂ ਦਾ ਦਾਹ-ਸੰਸਕਾਰ ਕਰਨਾ ਚਾਹੁੰਦੇ ਸਨ ਪਰ ਇਸਦੇ ਹੱਲ ਲਈ ਜਦੋਂ ਚਾਦਰ ਨੂੰ ਚੁੱਕਿਆ ਗਿਆ ਤਾਂ ਉਸ ਹੇਠਾਂ ਸਿਰਫ਼ ਫੁੱਲ ਸਨ। ਇਸ ਤਰ੍ਹਾਂ ਸਾਖੀਕਾਰ ਗੁਰੂ ਨਾਨਕ ਜੀ ਦੀ ਮੌਤ ਹੋਣ ਤੋਂ ਬਾਅਦ ਵੀ ਉਨ੍ਹਾਂ ਕਰਾਮਾਤੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ।

### ਆਦਰਸ਼ਕ ਭੇਖਧਾਰੀ ਸ਼ਖ਼ਸੀਅਤ

ਗੁਰੂ ਨਾਨਕ ਦੇਵ ਪੁਰਾਤਨ ਜਨਮ-ਸਾਖੀ ਦੀ ਪੂਰੀ ਲਿਖਤ ਵਿਚ ਛਾਏ ਰਹਿੰਦੇ ਹਨ। ਕਰਤਾ ਦਾ ਇੱਕੋ ਇੱਕ ਟੀਚਾ ਇਹ ਹੈ ਕਿ ਉਹ ਬਾਕੀ ਪਾਤਰਾਂ ਤੋਂ ਅਲੱਗ ਦਿਸਣ. ਇਸ ਮਨੋਰਥ ਦੀ ਪੂਰਤੀ ਲਈ ਉਹ ਕਈ ਬਿਰਤਾਂਤਿਕ ਜੁਗਤਾਂ ਨੂੰ ਅਪਣਾਉਂਦਾ ਹੈ। ਗੁਰੂ ਸਾਹਿਬ ਦੇ ਸਰੀਰ ਉੱਪਰ ਵੰਨ-ਸੁਵੰਨੇ ਵਸਤਰ ਸਜਾਉਂਦਾ ਹੈ। ਸਾਖੀ ਵਿਚ ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਗੁਰੂ ਸਾਹਿਬ ਜਦ ਵੀ ਜਿਸ ਜਗਹ ਉੱਪਰ ਜਾਂਦੇ ਸਨ, ਉੱਥੋਂ ਦਾ ਪਹਿਰਾਵਾ ਪਹਿਨ ਲੈਂਦੇ ਸਨ। ਕਹਿਣ ਤੋਂ ਭਾਵ ਸਾਖੀਕਾਰ ਨੇ ਉਨ੍ਹਾਂ ਦੀ ਸ਼ਖ਼ਸੀਅਤ ਭੇਖਧਾਰੀ ਦਿਖਾਈ ਹੋਈ ਹੈ। ਸਾਖੀ 16 ਵਿਚ ਗੁਰੂ ਨਾਨਕ ਦੀ ਪਹਿਲੀ ਉਦਾਸੀ ਵਿਚ ਉਨ੍ਹਾਂ ਦੇ ਸਿਰ ਉੱਪਰ ਕਲੰਦਰੀ ਟੋਪੀ ਪਹਿਨੀ ਹੋਈ ਹੈ। ਦੂਜੀ ਉਦਾਸੀ ਵਿਚ ਉਨ੍ਹਾਂ ਦੇ ਪੈਰਾਂ ਵਿਚ ਖੜਾਵਾਂ ਪਾਈਆਂ ਹੋਈਆਂ ਸਨ। ਸਾਖੀ 49 ਵਿਚ ਉਨ੍ਹਾਂ ਦੇ ਮੱਥੇ ਉੱਪਰ ਤਿਲਕ ਸੀ। ਸਾਖੀ 51 ਵਿਚ ਗੁਰੂ ਸਾਹਿਬ ਨੀਲੇ ਵਸਤਰ ਪਾ ਕੇ ਬਾਲਕਾਂ ਸੰਗ ਖੇਡਦੇ ਸਨ ਅਤੇ ਉਨ੍ਹਾਂ ਦੇ ਪੈਰਾਂ ਵਿਚ ਚੰਮ ਦੀਆਂ ਜੁੱਤੀਆਂ ਪਹਿਨੀਆਂ ਹੋਈਆਂ ਸਨ। ਇਸ ਸਾਰੇ ਵਿਵਰਨ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਿਰਫ਼ ਸਰੀਰ ਦੇ ਨਹੀਂ ਮਨ ਦੇ ਵੀ ਪ੍ਰਬਲ ਸੀ। ਇਸ ਤਰ੍ਹਾਂ ਸਾਖੀਕਾਰ ਗੁਰੂ ਸਾਹਿਬ ਦੇ ਸਰੀਰਕ ਵਸਤਰਾਂ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਖਿੱਚ ਪੈਦਾ ਕਰਨਾ ਚਾਹੁੰਦਾ ਹੈ ਅਤੇ ਗੁਰੂ ਨਾਨਕ ਜੀ ਨੂੰ ਦੂਜੇ ਪਾਤਰਾਂ ਤੋਂ ਅਲੱਗ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ।

### ਅਣਥੱਕ ਯਾਤਰੀ

ਗੁਰੂ ਨਾਨਕ ਇੱਕ ਸਦਾਚਾਰਕ ਵਿਚਾਰਧਾਰਾ ਦੇ ਧਾਰਨੀ ਸਨ। ਉਹ ਇਸਨੂੰ ਹੋਰ ਅੱਗੇ ਤੋਰਨਾ ਚਾਹੁੰਦੇ ਸਨ। ਇਸਦੇ ਲਈ ਉਨ੍ਹਾਂ ਚਾਰ ਉਦਾਸੀਆਂ ਕੀਤੀਆਂ. ਪੁਰਾਤਨ ਜਨਮ-ਸਾਖੀ ਵਿਚ ਉਨ੍ਹਾਂ ਚਾਰਾਂ ਉਦਾਸੀਆਂ ਦਾ ਜ਼ਿਕਰ ਆਉਂਦਾ ਹੈ। ਪਹਿਲੀ ਇਹ ਕਿ ਮੱਧਕਾਲੀ ਯੁੱਗ ਵਿਚ ਭਾਵੇਂ ਆਣ-ਜਾਣ ਵਾਲੇ ਸਾਧਨਾ ਦੇ ਘਾਟ ਸੀ ਪਰ ਉਸ ਵੇਲੇ ਦੇ ਅਧਿਆਤਮਕ ਨਾਇਕਾਂ ਦੇ ਲਈ ਇਹ ਗੱਲ ਪਰਚੱਲਿਤ ਸੀ ਕਿ ਉਹ ਆਪਣੀ ਵਿਚਾਰਧਾਰਾ ਨੂੰ ਘੁੰਮ-ਘੁੰਮ ਕੇ ਹੀ ਪ੍ਰਚਾਰਨ ਲਈ ਗੁਰੂ ਸਾਹਿਬ ਨੇ ਲਗਭਗ 25,000 ਮੀਲ ਦੀ ਯਾਤਰਾ ਕੀਤੀ। ਇਸ ਤਰ੍ਹਾਂ ਸਾਖੀਕਾਰ ਗੁਰੂ ਨਾਨਕ ਨੂੰ ਇੱਕ ਅਣਥੱਕ ਯਾਤਰੀ ਸਾਬਿਤ ਕਰ ਦਿੰਦਾ ਹੈ। ਗੁਰੂ ਨਾਨਕ ਨੂੰ ਹਰ ਤਰ੍ਹਾਂ ਦੇ ਲੋਕਾਂ ਦੀ ਮਦਦ ਕਰਦਿਆਂ ਦਿਖਾਇਆ ਗਿਆ ਹੈ। ਉਹ ਬਾਬਰ ਕੋਲੋਂ ਵੀ ਨਹੀਂ ਡਰਦੇ. ਕਈ ਹੋਰ ਪਾਤਰਾਂ ਨਾਲ ਸੰਵਾਦ ਰਾਹੀਂ ਸਾਖੀਕਾਰ ਗੁਰੂ ਨਾਨਕ ਦੀ ਸ਼ਖ਼ਸੀਅਤ ਨੂੰ ਬਾਕੀ ਪਾਤਰਾਂ ਤੋਂ ਅੱਡ ਦਿਖਾਉਂਦਾ ਹੈ।

ਸੋ ਇਸ ਤਰ੍ਹਾਂ ਸਾਖੀਕਾਰ ਦਾ ਇੱਕੋ-ਇੱਕ ਮਨੋਰਥ ਜਾਪਦਾ ਹੈ ਕਿ ਉਹ ਬਾਕੀ ਪਾਤਰਾਂ ਨੂੰ ਘੱਟ ਮਹੱਤਵਪੂਰਨ ਦਿਖਾ ਕੇ ਗੁਰੂ ਨਾਨਕ ਦੀ ਸ਼ਖ਼ਸੀਅਤ ਉਸਾਰੀ ਨੂੰ ਵੱਧ ਤਰਜੀਹ ਦਿੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਮੱਧਕਾਲ ਵਿਚ ਗੁਰੂ ਨਾਨਕ ਦਾ ਕੱਦ ਅਧਿਆਤਮਕ ਅਤੇ ਸਾਹਿੱਤਕ ਖੇਤਰ ਵਿਚ ਬਹੁਤ ਉੱਚਾ ਹੈ ਪਰ ਜਿਸ ਤਰ੍ਹਾਂ ਗੁਰੂ ਨਾਨਕ ਦੀ ਸ਼ਖ਼ਸੀਅਤ ਨੂੰ ਸਾਖੀ ਵਿਚ ਪੇਸ਼ ਕੀਤਾ ਗਿਆ ਹੈ, ਉਸ ਰਾਹੀਂ ਪੇਸ਼ ਨਾਇਕ ਯਥਾਰਥ ਤੋਂ ਕਿਤੇ ਦੂਰ ਦਾ ਲੱਗਦਾ ਹੈ। ਸਾਖੀਕਾਰ ਦੁਆਰਾ ਜ਼ਿਆਦਾ ਜ਼ੋਰ ਉਸਦੀ ਰੁਮਾਂਟਿਕ ਪੇਸ਼ਕਾਰੀ ਉੱਪਰ ਹੈ ਜਿਸ ਨਾਲ ਉਸਦੀ ਸਦਾਚਾਰਕ ਅਤੇ ਅਧਿਆਤਮਕ ਦਿਖ ਧੁੰਦਲੀ ਕਰ ਦਿੱਤੀ ਗਈ ਹੈ।

## ਪੁਰਾਤਨ ਜਨਮਸਾਖੀ: ਕਲਾਤਮਿਕ/ਸਾਹਿਤਿਕ ਅਧਿਐਨ

### ਮੁੱਢਲੀ ਜਾਣ ਪਛਾਣ

ਪੁਰਾਤਨ ਜਨਮਸਾਖੀ ਪੰਜਾਬੀ ਜਨਮਸਾਖੀ ਪਰੰਪਰਾ ਦੀ ਪਹਿਲੀ ਰਚਨਾ ਹੈ। ਇਸ ਕਰਕੇ ਇਸ ਆਲੋਚਨਾਧੀਨ ਰਚਨਾ ਨੂੰ 'ਪੁਰਾਤਨ' ਵਿਸ਼ੇਸ਼ਣ ਦਿੱਤਾ ਗਿਆ ਹੈ। ਇਹ ਇੱਕ ਅਜਿਹੀ ਰਚਨਾ ਹੈ ਜਿਸ ਨੂੰ ਅਧਾਰ ਬਣਾ ਕੇ ਚਾਰ ਹੋਰ ਜਨਮਸਾਖੀਆਂ ਜਾਂ ਕ੍ਰਿਤਾਂ ਲਿਖੀਆਂ ਗਈਆਂ ਜਿਨ੍ਹਾਂ ਵਿੱਚ 1.ਆਦਿ ਸਾਖੀਆਂ, (ਦੂਜਾ ਨਾਉ ਸ਼ੰਭੂ ਨਾਥ ਵਾਲੀ ਜਨਮਸਾਖੀ) 2.ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ, 3. ਪ੍ਰਾਚੀਨ ਜਨਮਸਾਖੀ, 4.ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ।

ਇਹ ਜਨਮਸਾਖੀ ਭਾਈ ਵੀਰ ਸਿੰਘ ਨੇ ਸੰਪਾਦਿਤ ਕਰਕੇ ਪਹਿਲੀ ਵਾਰ ਸੰਨ 1926 ਈ. ਵਿੱਚ ਪ੍ਰਕਾਸ਼ਿਤ ਕੀਤੀ। ਇਸ ਨੂੰ ਪੁਰਾਤਨ ਵਿਸ਼ੇਸ਼ਣ ਭਾਈ ਵੀਰ ਸਿੰਘ ਦਾ ਦਿੱਤਾ ਹੈ। ਇਸ ਰਚਨਾ ਦੀਆਂ ਆਧਾਰ ਦੋ ਪੋਥੀਆਂ ਹਨ। ਪਹਿਲੀ ਆਧਾਰ ਪੋਥੀ ਦਾ ਨਾਉ'ਵਲਾਇਤ ਵਾਲੀ ਜਨਮਸਾਖੀ' ਹੈ। ਇਹ ਪੋਥੀ ਐਚ. ਟੀ. ਕੋਲਬਰੁਕ ਨੇ 1815 ਜਾਂ 1816 ਵਿੱਚ ਈਸਟ ਇੰਡੀਆ ਹਾਊਸ ਦੀ ਲਾਇਬਰੇਰੀ ਨੂੰ ਸੌਂਪੀ ਸੀ। ਉਥੇ ਖੋਜ ਕਰਦਿਆਂ ਡਾ. ਟ੍ਰੰਪ ਨੂੰ ਇਹ ਪੋਥੀ ਨਜ਼ਰੀ ਆਈ। ਇਸ ਵਿਦਵਾਨ ਨੇ ਇਸ ਪੋਥੀ ਦਾ ਅੰਗਰੇਜ਼ੀ ਅਨੁਵਾਦਕ੍ਰਿਤ 'The Adi Granth ` ਦੀ ਭੂਮਿਕਾ ਵਜੋਂ ਛਾਪਿਆ। ਦੂਜੀ 'ਹਾਫ਼ਿਜਾਬਾਦ ਵਾਲੀ ਜਨਮਸਾਖੀ' ਜੋ ਪ੍ਰੋ. ਗੁਰਮੁਖ ਸਿੰਘ ਓਰਿਐਂਅਲ ਕਾਲਜ ਲਾਹੌਰ ਦੇ ਕਥਨ ਅਨੁਸਾਰ ਉਹਨਾਂ ਨੂੰ 1884 ਈ. ਵਿੱਚ ਆਪਣੇ ਦੌਰੇ ਦੇ ਦੌਰਾਨ ਹਾਫ਼ਿਜਾਬਾਦ ਜਿਲ੍ਹਾ ਗੁਜਰਾਂਵਾਲਾ ਤੋਂ ਪ੍ਰਾਪਤ ਹੋਈ ਅਤੇ ਜਿਸ ਨੂੰ ਪਦਛੇਦ ਕਰਕੇ 1885 ਈ. ਵਿੱਚ ਮੈਕਾਲਿਫ ਨੇ ਪ੍ਰਕਾਸ਼ਿਤ ਕੀਤਾ। ਪੁਰਾਤਨ ਜਨਮਸਾਖੀ ਦੀਆਂ ਕਈ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਰਕੇ ਇਹ ਜਨਮਸਾਖੀ ਪਰੰਪਰਾ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਿੱਚ ਕਾਮਯਾਬ ਰਹੀ ਹੈ ਇਹ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

ਇਹ ਨਿਸ਼ਚਿਤ ਹੈ ਕਿ ਲੋਕ-ਕਹਾਣੀਆਂ ਵਾਂਗ ਇਹ ਸਾਖੀਆਂ ਅਰੰਭ ਵਿੱਚ ਮੌਖਿਕ ਪਰੰਪਰਾ ਦਾ ਹਿੱਸਾ ਰਹੀਆਂ ਹੋਣਗੀਆਂ। ਮਗਰੋਂ ਕਿਸੇ ਨੇ ਇਹਨਾਂ ਨੂੰ ਲਿਖਤੀ ਰੂਪ ਦੇ ਦਿੱਤਾ। ਇਹਨਾਂ ਸਾਖੀਆਂ ਦਾ ਸੰਗ੍ਰਹਿ-ਕਰਤਾ ਜਾਂ ਇਹਨਾਂ ਨੂੰ ਲਿਪੀਬੱਧ ਕਰਨ ਵਾਲਾ ਵਿਅਕਤੀ ਕੌਣ ਹੈ, ਇਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।

ਗੁਰੂ ਨਾਨਕ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਭਾਰਤ ਤੋਂ ਬਾਹਰ ਵੀ ਕਈ ਸਾਲ ਯਾਤਰਾ ਉੱਤੇ ਰਹੇ। ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਆਖਿਆ ਜਾਂਦਾ ਹੈ। ਪੁਰਾਤਨ ਜਨਮਸਾਖੀ ਵਿੱਚ ਗੁਰੂ ਸਾਹਿਬ ਦੀਆਂ ਪੰਜ ਉਦਾਸੀਆਂ ਦਾ ਵਰਣਨ ਹੈ। ਪੁਸਤਕ ਵਿੱਚ 15 ਸਾਖੀਆਂ, ਉਦਾਸੀਆਂ ਤੋਂ ਪਹਿਲਾਂ ਦੀਆਂ ਹਨ, 26 ਸਾਖੀਆਂ ਪਹਿਲੀ ਉਦਾਸੀ ਨਾਲ, ਸੱਤ ਸਾਖੀਆਂ ਦੂਜੀ ਉਦਾਸੀ ਨਾਲ, ਦੋ ਸਾਖੀਆਂ ਤੀਜੀ ਉਦਾਸੀ ਨਾਲ, ਇੱਕ ਸਾਖੀ ਚੌਥੀ ਉਦਾਸੀ ਨਾਲ ਅਤੇ ਛੇ ਸਾਖੀਆਂ ਪੰਜਵੀਂ ਉਦਾਸੀ ਨਾਲ ਸੰਬੰਧ ਰੱਖਦੀਆਂ ਹਨ।

ਇਸ ਪੋਥੀ ਵਿਚਲੀਆਂ ਸਾਖੀਆਂ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ।

1. **ਨਿਰੋਲ ਸਾਖੀ ਰੂਪ:** ਇੱਕ ਨਿਰੋਲ ਸਾਖੀ ਦਾ ਰੂਪ ਹੈ, ਜਿਸ ਵਿੱਚ ਕੇਵਲ ਕਥਾ ਦਾ ਬਿਰਤਾਂਤ ਪੇਸ਼ ਹੋਇਆ ਹੈ।
2. **ਗੋਸ਼ਟ ਰੂਪ:** ਦੂਜੀ ਪ੍ਰਕਾਰ ਦੀਆਂ ਸਾਖੀਆਂ ਗੋਸ਼ਟਾਂ (ਵਾਰਤਾਲਾਪ) ਦੇ ਰੂਪ ਵਿੱਚ ਹਨ।
3. **ਮਿਸ਼ਰਤ ਰੂਪ;** ਤੀਜੀ ਕਿਸਮ ਦੀਆਂ ਸਾਖੀਆਂ ਮਿਸ਼ਰਿਤ ਰੂਪ ਵਾਲੀਆਂ ਹਨ ਅਰਥਾਤ ਵਾਰਤਾਲਾਪੀ ਢੰਗ ਵੀ ਵਰਤਿਆ ਗਿਆ ਹੈ ਅਤੇ ਬਿਰਤਾਂਤ ਵਰਣਨ ਵੀ।

### ਪੁਰਾਤਨ ਜਨਮਸਾਖੀ ਦਾ ਰਚਨਾਕਾਲ ਤੇ ਰਚਨਹਾਰ

ਪੁਰਾਤਨ ਜਨਮ-ਸਾਖੀ ਮੱਧਕਾਲੀ ਪੰਜਾਬੀ ਵਾਰਤਕ ਦੀ ਅਤਿਅੰਤ ਮਹੱਤਵਪੂਰਨ ਵਾਰਤਕ ਰਚਨਾ ਹੈ। ਇਸਦੀ ਦੱਸ ਸਭ ਤੋਂ ਪਹਿਲਾਂ ਇੱਕ ਜਰਮਨ ਈਸਾਈ ਮਿਸ਼ਨਰੀ ਅਰਨੈਸਟ ਟ੍ਰੰਪ ਨੇ ਪਾਈ ਸੀ, ਜਿਸ ਨੂੰ ਇਹ ਇੰਡੀਆ ਆਫਿਸ ਲਾਇਬ੍ਰੇਰੀ ਲੰਦਨ ਵਿੱਚੋਂ ਮਿਲੀ। 1872 ਵਿੱਚ ਪ੍ਰਾਪਤ ਹੋਈ ਇਹ ਪੋਥੀ ਵਲਾਇਤ ਵਾਲੀ ਜਨਮ-ਸਾਖੀ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ। ਇਸ ਜਨਮ-ਸਾਖੀ ਵੱਲ ਸਿੱਖ ਵਿਦਵਾਨਾਂ ਵਿੱਚੋਂ ਸਭ ਤੋਂ ਪਹਿਲਾਂ ਕਰਮ ਸਿੰਘ ਹਿਸਟੋਰੀਅਨ ਦਾ ਧਿਆਨ ਗਿਆ, ਜਿਸ ਨੇ 1913 ਵਿੱਚ ਇਸ ਰਚਨਾ 'ਤੇ ਆਧਾਰਿਤ ਕੱਤਕ ਕਿ ਵਿਸਾਖ ਨਾਮੀ ਪੁਸਤਕ ਲਿਖੀ।

ਭਾਈ ਵੀਰ ਸਿੰਘ ਨੇ 1926 ਈ. ਵਿੱਚ ਇਸ ਜਨਮ-ਸਾਖੀ ਦੀ ਸੰਪਾਦਨਾ ਕੀਤੀ ਅਤੇ ਇਸ ਨੂੰ ਪ੍ਰਕਾਸ਼ਿਤ ਵੀ ਕੀਤਾ। ਇਸ ਜਨਮ-ਸਾਖੀ ਵਿੱਚ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਜੁੜੀਆਂ 57 ਸਾਖੀਆਂ ਸ਼ਾਮਲ ਹਨ। ਪਹਿਲਾਂ ਪਹਿਲ ਇਸ ਵਿੱਚ ਕੇਵਲ 15-20 ਸਾਖੀਆਂ ਹੀ ਸਨ। ਉਸ ਤੋਂ ਮਗਰੋਂ ਕੁਝ ਹੋਰ ਸਾਖੀਆਂ ਇਸ ਵਿੱਚ ਸ਼ਾਮਲ ਹੋ ਗਈਆਂ ਅਤੇ ਇਹ ਪੋਥੀ ਪਹਿਲਾਂ 25 ਅਤੇ ਫੇਰ 30 ਸਾਖੀਆਂ `ਤੇ ਆਧਾਰਿਤ ਹੋ ਗਈ।

ਪੁਰਾਤਨ ਜਨਮਸਾਖੀ ਦੇ ਰਚਨਾ ਕਾਲ ਅਤੇ ਰਚੈਤਾ ਬਾਰੇ ਕੋਈ ਪੁਖਤਾਂ ਸਬੂਤ ਨਹੀਂ ਮਿਲਦੇ ਤੇ ਵਿਦਵਾਨਾਂ ਵਿੱਚ ਆਪਸੀ ਮਤਭੇਦ ਹੈ। ਪ੍ਰੋ. ਗੁਰਮੁਖ ਸਿੰਘ ਨੇ 'ਜਨਮਸਾਖੀ ਦੀ ਹਾਫ਼ਿਜਾਬਾਦੀ ਹੱਥ ਲਿਖਤ 1885 ਈ. ਵਿੱਚ ਪ੍ਰਕਾਸ਼ਿਤ ਕਰਨ ਵੇਲੇ ਭੂਮਿਕਾ ਵਿੱਚ ਲਿਖਿਆ ਕਿ ਇਸਦਾ ਲੇਖਕ ਰਾਵਲਪਿੰਡੀ ਕਮਿਸ਼ਨਰੀ ਦਾ ਰਹਿਣ ਵਾਲਾ ਗੁਰਮੁਖ ਹੈ।` ਕਈ ਵਿਦਵਾਨ ਗੁਰੂ ਨਾਨਕ ਦੇਵ ਜੀ ਦੇ ਸਾਥੀਆਂ ਜੋ ਕਿ ਉਦਾਸੀਆਂ ਸਮੇਂ ਉਹਨਾਂ ਨਾਲ ਸੀ ਨੂੰ ਇਸ ਦਾ ਰਚੈਤਾ ਮੰਨਦੇ ਹਨ। ਇਸ ਦੇ ਰਚਨਾਕਾਲ ਸੰਬੰਧੀ ਭਾਈ ਵੀਰ ਸਿੰਘ ਦਾ ਵਿਚਾਰ ਹੈ ਕਿ ਇਸ ਦਾ ਰਚਨਕਾਲ 1635 ਹੈ। ਉਨ੍ਹਾਂ ਨੇ ਜਨਮਸਾਖੀ ਦੀ ਅਖੀਰਲੀ ਤੁੱਕ "ਕਲਜੁਗ ਪੰਜ ਹਜ਼ਾਰ ਸਤ ਸੈ ਪੈਂਤੀਸ ਬਰਸ ਵਰਤਿਆ ਹੈ ਅਨੁਸਾਰ ਇਸ ਦਾ ਰਚਨਾਕਾਲ ਨਿਸ਼ਚਤ ਕੀਤਾ। ਪਰ ਕਈ ਵਿਦਵਾਨ ਇਸ ਦਾ ਰਚਨਾਕਾਲ ਗੁਰੂ ਅਰਜਨ ਦੇਵ ਜੀ ਦੇ ਗੁਰੁਗੱਦੀ ਤੇ ਬੈਠਣ ਤੋਂ ਬਾਅਦ 1588 ਈ. ਮੰਨਦੇ ਹਨ।

### ਗੁਰੂ ਜੀ ਦੀ ਸ਼ਖਸੀਅਤ ਸਿਰਜਣਾ

ਇਸ ਜਨਮਸਾਖੀ ਦੇ ਕਰਤਾ ਨੇ ਗੁਰੂ ਨਾਨਕ ਦੇਵ ਜੀ ਨੂੰ ਪਾਰਬ੍ਰਹਮ ਦਾ ਨਿੱਜ ਭਗਤ ਕਿਹਾ ਹੈ ਜਿਸਨੇ ਕਲਯੁਗ ਵਿੱਚ ਲੋਕਾਂ ਨੂੰ ਮੁਕਤੀ ਦਿਵਾਉਣ ਲਈ ਅਵਤਾਰ ਧਾਰਿਆ। ਪਹਿਲੀ ਸਾਖੀ ਵਿੱਚ ਹੀ ਇਹ ਗੱਲ ਕਹੀ ਗਈ ਹੈ ਵੱਡਾ ਭਗਤ ਜਗਤ ਨਿਸਤਾਰਣ ਕਉ ਆਇਆ ਲਖਾਰੀ ਨੇ ਗੁਰੂ ਜੀ ਨੂੰ ਬਾਲਪਨ ਤੋਂ ਹੀ ਆਤਮ ਅਭਿਆਸ ਭਾਵ ਪਰਮਾਤਮਾ ਦਾ ਸਿਮਰਨ ਕਰਦੇ ਵਿਖਾਇਆ ਹੈ ਅਤੇ ਕਿਹਾ ਹੈ ਕਿ ਲਗਾ ਬਾਤਾਂ ਅਗਨ ਨਿਗਮ ਕੀਆਂ ਕਰਨ, ਇਹਨਾਂ ਦੀਆਂ ਗੱਲਾਂ ਸੁਣ ਕੇ ਹਿੰਦੂ ਕਹਿੰਦੇ ਸਨ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ ਅਤੇ ਮੁਸਲਮਾਨ ਕਹਿੰਦੇ ਸਨ ਕਿ ਖੁਦਾਇ ਕਾ ਸਾਦਿਕ ਪੈਦਾ ਹੋਇਆ ਹੈ। ਇਸ ਲਈ ਇਸ ਜਨਮਸਾਖੀ ਦੇ ਕਰਤਾ ਅਨੁਸਾਰ ਗੁਰੂ ਨਾਨਕ ਦੇਵ ਜਨਮ ਤੋਂ ਹੀ ਹਿੰਦੂਆ ਅਤੇ ਮੁਸਲਮਾਨਾ ਦੇ ਸਾਂਝੇ ਗੁਰੂ ਪੀਰ ਸਨ। ਪਾਂਧੇ ਨਾਲ ਹੋਈ ਗੋਸਟ ਦੇ ਅੰਤ ਉਤੇ ਪੰਡਿਤ ਹੋਰੀ ਆਖਦੇ ਹਨ ਏਹ ਕੋਈ ਵੱਡਾ ਭਗਤ ਹੈ, ਉਜੜੀ ਖੇਤੀ ਹਰੀ ਹੋਈ ਅਤੇ ਬ੍ਰਿਛ ਦੀ ਛਾਂ ਖੜੋਤੀ ਵੇਖ ਕੇ ਰਾਏ ਬੁਲਾਰ ਗੁਰੂ ਜੀ ਨੂੰ ਔਲੀਆ ਸਮਝਣ ਲੱਗ ਪੈਂਦਾ ਹੈ। ਲਿਖਾਰੀ ਨੇ ਇਸ ਪ੍ਰਕਾਰ ਗੁਰੂ ਜੀ ਨੂੰ ਬਚਪਨ ਤੋਂ ਹੀ ਇੱਕ ਕਰਾਮਾਤੀ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਉਹਨਾਂ ਨੂੰ ਇੱਕ ਮਹਾਨ ਪੁਰਸ਼ ਦਾ ਦਰਜਾ ਦਿੱਤਾ ਹੈ।

ਇੰਜ ਪੁਰਾਤਨ ਜਨਮ-ਸਾਖੀ ਦਾ ਵਿਸ਼ਾ ਗੁਰੂ ਨਾਨਕ ਦੇਵ ਦੀ ਅਦੁੱਤੀ ਸ਼ਖ਼ਸੀਅਤ ਨੂੰ ਪੇਸ਼ ਕਰਨਾ ਹੈ ਪਰ ਪੋਥੀ ਵਿਚਲਾ ਗੁਰੂ ਨਾਨਕ ਪੂਰਨ ਰੂਪ ਵਿੱਚ ਇਤਿਹਾਸਿਕ ਵਿਅਕਤੀ ਨਹੀਂ ਰਹਿੰਦਾ। ਉਸ ਉੱਤੇ ਪੌਰਾਣਿਕ ਤੇ ਮਿਥਿਹਾਸਿਕ ਰੰਗਣ ਬੜੀ ਗੂੜ੍ਹੀ ਚੜ੍ਹ ਗਈ ਹੈ। ਉਹ ਜੇ ਇੱਕ ਪਾਸੇ ਦਲੀਲ ਨਾਲ ਦੂਜੇ ਬੰਦੇ ਨੂੰ ਕਾਇਲ ਕਰ ਸਕਦਾ ਹੈ ਤਾਂ ਦੂਜੇ ਪਾਸੇ ਕਰਾਮਾਤੀ ਸ਼ਕਤੀ ਦਰਸਾ ਕੇ ਵਿਰੋਧੀ ਨੂੰ ਆਪਣਾ ਮੁਰੀਦ ਬਣਾ ਸਕਦਾ ਹੈ।

### ਇਕ ਇਤਿਹਾਸਿਕ ਦਸਤਾਵੇਜ

ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮਭੂਮੀ ਤਲਵੰਡੀ ਉਥੋਂ ਦਾ ਸਥਾਨਕ ਹਾਕਮ ਰਾਇ ਬੁਲਾਰ, ਗੁਰੂ ਸਾਹਿਬ ਦੇ ਮਾਤਾ-ਪਿਤਾ, ਬਹਿਨੋਈ, ਭੈਣ ਆਦਿ ਇਤਿਹਾਸਕ ਵਿਅਕਤੀਆਂ ਬਾਰੇ ਲੇਖਕ ਨੇ ਬੜੀ ਸਹੀ ਜਾਣਕਾਰੀ ਪ੍ਰਦਾਨ ਕੀਤੀ ਹੈ।ਇਸੇ ਤਰ੍ਹਾਂ ਇਸ ਜਨਮਸਾਖੀ ਵਿੱਚ ਇਬਰਾਹੀਮ ਲੋਧੀ, ਬਾਬਰ, ਫਰੀਦ ਸਾਨੀ (ਸ਼ੇਖ ਬ੍ਰਹਮ) ਆਦਿਕ ਸਮਕਾਲੀ ਵਿਅਕਤੀਆਂ ਦਾ ਬਿਆਨ ਵੀ ਬੜੀ ਕੁਸ਼ਲਤਾ ਨਾਲ ਕੀਤਾ ਗਿਆ ਹੈ। ਇਉਂ ਪੰਦਰਵੀ-ਸੋਲ੍ਹਵੀ ਸਦੀ ਦੇ ਪੰਜਾਬ ਅਤੇ ਭਾਰਤ ਨੂੰ ਸਮਝਣ ਲਈ ਪੁਰਾਤਨ ਜਨਮਸਾਖੀ ਇੱਕ 'ਇਤਿਹਾਸਕ ਦਸਤਾਵੇਜ` ਦੀ ਭੂਮੀਕਾ ਨਿਭਾਉਦੀ ਹੈ।ਇਸ ਜਨਮਸਾਖੀ ਵਿੱਚ ਸਾਰੀਆਂ ਸਾਖੀਆਂ 1469ਈ. ਤੋਂ ਲੈ ਕੇ 1539ਈ. ਤੱਕ ਗੁਰੂ ਨਾਨਕ ਸਾਹਿਬ ਦੇ ਜੀਵਨ-ਬ੍ਰਿਤਾਂਤ ਨਾਲ ਸੰਬੰਧਿਤ ਸਾਰੇ ਮਹੱਤਵਪੂਰਨ ਪੜਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ।

### ਗੋਸ਼ਟਾਂ ਅਤੇ ਸੰਵਾਦ ਵਿਧੀ ਦੀ ਵਰਤੋਂ

ਪੁਰਾਤਨ ਜਨਮਸਾਖੀ ਦੀ ਅਭਿਵਿਅਕਤੀ ਦੀ ਇੱਕ ਵਿਸ਼ੇਸ਼ਤਾ ਹੈ ਗੋਸ਼ਟਾਂ ਰਾਹੀਂ ਅਧਿਆਤਮਕ ਚਿੰਤਨ ਦਾ ਰੋਚਕ ਵਿਧੀ ਨਾਲ ਬੋਧ ਕਰਾਉਣਾ। ਇਹ ਵਿਧੀ ਪੁਰਾਤਨ ਕਾਲ ਤੋਂ ਹੀ ਚਲਦੀ ਆ ਰਹੀ ਹੈ। ਲਗਭਗ ਸਾਰੇ ਸਾਹਿਤਾਂ ਦਾ ਆਰੰਭ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆ ਵਾਲੀਆਂ ਪੁਸਤਕਾਂ ਨਾਲ ਹੋਇਆ ਹੈ ਅਤੇ ਵਿਸ਼ਿਆਂ ਦੇ ਤਰਕ ਵਿਤਰਕ ਨੂੰ ਲਿੱਪੀ-ਬੱਧ ਰੂਪ ਦੇਣ ਲਈ ਜਾਂ ਜਨ-ਸਧਾਰਨ ਦੇ ਸੰਕਿਆਂ ਨੂੰ ਮੁੱਖ ਰੱਖਦੇ ਹੋਇਆ ਪਰਸਪਰ ਵਿਰੋਧੀ ਵਿਚਾਰ ਪਰੰਪਰਾਵਾਂ ਦੇ ਕਿਸੇ ਖਾਸ ਨੁਕਤੇ ਤੋਂ ਜਾਣੂ ਕਰਾਉਣ ਲਈ ਗੋਸਟਿ ਜਾਂ ਸਾਹਿਤਿਕ ਮਾਧਿਅਮ ਵਿਸ਼ੇਸ਼ ਰੂਪ ਵਿੱਚ ਚੁਣਿਆ ਗਿਆ ਹੈ। ਪੁਰਾਤਨ ਜਨਮਸਾਖੀ ਵਿੱਚ ਪ੍ਰਮੁੱਖ ਰੂਪ ਵਿੱਚ 14 ਗੋਸ਼ਟਾਂ ਹਨ। ਗੋਸ਼ਟਾਂ ਦੇ

ਨਾਲ-ਨਾਲ ਦੂਜੀ ਵਿਧੀ ਸੰਵਾਦ ਦੀ ਵਰਤੀ ਗਈ ਹੈ ਇਨ੍ਹਾਂ ਦੋਹਾਂ ਵਿਧੀਆਂ ਦਾ ਆਧਾਰ ਵਾਰਤਾਲਾਪ ਹੈ। ਪਰ ਦੋਹਾਂ ਵਿੱਚ ਅੰਤਰ ਇਹ ਹੈ ਕਿ ਗੋਸ਼ਟਿ ਵਿਧੀ ਵੇਲੇ ਵਾਰਤਾਲਾਪ ਸਿੱਧਾਂਤਿਕ ਚਰਚਾ ਨਾਲ ਸੰਬੰਧਿਤ ਹੁੰਦਾ ਹੈ। ਜਿਥੇ ਦੋਹਾਂ ਧਿਰਾਂ ਵਲੋਂ ਆਪਣੇ ਮਤ ਦੀ ਵਿਆਖਿਆ ਕਰਕੇ ਉਸ ਵਿਚਲੀ ਸ੍ਰੇਸ਼ਠਤਾ ਨੂੰ ਤੁਲਨਾਤਮਕ ਅਧਾਰ ਤੇ ਉਘਾੜਿਆ ਜਾਂਦਾ ਹੈ। ਪਰ ਸੰਵਾਦ ਵਿਧੀ ਵੇਲੇ ਵਾਰਤਾਲਾਪ ਦਾ ਸਬੰਧ ਆਮ ਗੱਲਬਾਤ ਨਾਲ ਹੈ। ਇਸ ਤਰ੍ਹਾਂ ਇਨ੍ਹਾਂ ਵਿਧੀਆਂ ਰਾਹੀਂ ਸਾਖੀਕਾਰ ਨੇ ਜਨਮਸਾਖੀ ਵਿੱਚ ਰੋਚਕਤਾ ਲਿਆਂਦੀ ਹੈ।

**ਪਾਤਰ-ਚਿਤਰਣ**

ਪੁਰਾਤਨ ਸਾਖੀਕਾਰ ਪਾਤਰ-ਚਿ੍ਤਣ ਵਿਧੀਆਂ ਪ੍ਰਤੀ ਸਚੇਤ ਹੋਣ ਦੇ ਨਾਲ-ਨਾਲ ਸਜਗ ਦਿਖਾਈ ਦਿੰਦਾ ਹੈ। ਉਸਨੇ ਗੁਰੂ ਨਾਨਕ, ਭਾਈ ਮਰਦਾਨਾ, ਸੱਜਣ ਠੱਗ, ਦੁਨੀ ਚੰਦ, ਸ਼ੇਖ ਬ੍ਰਹਮ, ਸ਼ਾਹ ਸ਼ਰਫ ਆਦਿਕ ਇਤਿਹਾਸਕ ਵਿਅਕਤੀਆਂ ਦੇ ਚਰਿੱਤਰ ਬੜੇ ਸੁਚੱਜੇ ਤਰੀਕੇ ਨਾਲ ਚਿਤਰੇ ਹਨ। ਇਸ ਜਨਮਸਾਖੀ ਦੇ ਕਰਤਾ ਨੇ ਗੁਰੂ ਸਾਹਿਬ ਦੇ ਕੱਦ-ਕਾਠ ਅਤੇ ਰੰਗ-ਰੂਪ ਆਦਿ ਸੰਬੰਧੀ ਤਾਂ ਕੋਈ ਵੇਰਵਾ ਨਹੀਂ ਦਿੱਤਾ ਪਰੰਤੂ ਆਪ ਦੇ ਪਹਿਰਾਵੇ ਸੰਬੰਧੀ ਕੁਝ ਜਾਣਕਾਰੀ ਦਿਤੀ ਹੈ। ਪਹਿਲੀ ਉਦਾਸੀ ਤੇ ਜਾਣ ਸਮੇਂ ਗੁਰੂ ਜੀ ਦੀ ਵੇਸ-ਭੂਸ਼ਾ ਇਸ ਪ੍ਰਕਾਰ ਦੱਸੀ ਹੈ:-

> ਪਹਿਰਾਵਾ ਬਾਬੇ ਕਾ ਏਕ ਬਸਤਰੁ ਅੰਬੋਆ, ਏਕ ਬਸਤਰ ਚਿੱਟਾ, ਏਕ ਪੈਰ ਜੁਤੀ, ਏਕ ਪੈਰ ਖੰਉਸ, ਗਲਿ ਖਫਨੀਂ ਸਿਰਿ ਟੋਪੀ ਕਲੰਦਰੀ, ਮਾਲਾ ਹਡਾਂ ਕੀ ਮਥੈ ਤਿਲਕੁ ਕੇਸਰ ਕਾ। ਇਸ ਤਰ੍ਹਾਂ ਸਾਨੂੰ ਇਸ ਸਾਖੀ ਵਿਚੋਂ ਗੁਰੂ ਜੀ ਦੇ ਪਹਿਰਾਵੇ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।

**ਤਤਕਾਲੀਨ ਇਤਿਹਾਸ ਦੇ ਅੰਸ਼**

ਇਸ ਜਨਮਸਾਖੀ ਵਿੱਚ ਤਤਕਾਲੀਨ ਸਮਾਜਿਕ, ਰਾਜਨੀਤਿਕ, ਧਾਰਮਿਕ, ਤੇ ਭਾਈਚਾਰਿਕ ਇਤਿਹਾਸ ਦੇ ਵੀ ਕੁੱਝ ਜ਼ਰੂਰੀ ਅੰਸ਼ ਉਘੜਦੇ ਹੋਏ ਦਿੱਸਦੇ ਹਨ। ਇਸ ਸਾਹਿਤ ਨੂੰ ਪੜ੍ਹ ਕੇ ਸਹਿਜ ਰੂਪ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇ ਆਲੇ-ਦੁਆਲੇ ਦਾ ਸਮਾਜ ਪਤਨ ਦੇ ਮੂੰਹ ਤੇ ਖੜ੍ਹਾਂ ਸੀ, ਅੰਧ-ਵਿਸ਼ਵਾਸ, ਰੀਤੀ-ਰਿਵਾਜਾਂ ਦੀਆਂ ਰੂੜ੍ਹੀਆਂ, ਵਹਿਮਾਂ-ਭਰਮਾਂ ਤੇ ਗਰਜ਼ਾਂ ਵਿੱਚ ਫਸਿਆ ਸੀ। ਜੋਗੀਆਂ ਜੰਗਮਾਂ ਦੀ ਸਭ ਪਾਸੇ ਚੜ੍ਹ ਮਚੀ ਹੋਈ ਸੀ। ਇਸ ਤੋਂ ਪਿੱਛੋਂ ਸੂਫ਼ੀ ਸੰਤਾਂ ਤੇ ਸਾਧੂ-ਸੰਨਿਆਸੀਆਂ ਦੀ ਚੜ੍ਹਤ ਸੀ।ਧਰਮ ਦੇ ਖੇਤਰ ਵਿੱਚ ਸੱਚੇ ਧਰਮ ਦੀ ਥਾਂ ਕੂੜ ਤੇ ਕੁਸੱਤ ਨੇ ਲੈ ਲਈ ਸੀ, ਪੀਰਾਂ ਤੇ ਫ਼ਕੀਰਾਂ ਦੀ ਮਾਨਤਾ ਵਧੇਰੇ ਸੀ। ਕਰਾਮਾਤਾਂ ਤੇ ਕਰਿਸ਼ਮੇ ਸਾਧੂ-ਸਮਾਜ ਦਾ ਜ਼ਰੂਰੀ ਅੰਗ ਮੰਨੇ ਜਾਂਦੇ ਸਨ। ਧਰਮ ਦੇ ਨਾਂ ਤੇ ਧਰਮ ਦੇ ਠੇਕੇਦਾਰ ਲੋਕਾਂ ਨੂੰ ਰਾਹ ਦੱਸਣ ਦੀ ਥਾਂ ਗੁੰਮਰਾਹ ਕਰ ਰਹੇ ਸਨ। ਧਰਮ ਦਾ ਨਾਂ ਲੈ ਕੇ ਵੇਲੇ ਦੇ ਹਾਕਮ ਵੀ ਆਮ ਲੋਕਾਈ ਦਾ ਖ਼ੂਨ ਚੂਸ ਰਹੇ ਸਨ। ਧਾਰਮਿਕ ਭਿੰਨ-ਭੇਦ ਅਤੇ ਅਸਹਿਨਸ਼ੀਲਤਾ ਜ਼ੋਰਾਂ ਤੇ ਸੀ। ਭਾਰਤੀ ਸਮਾਜ ਹਿੰਦੂ ਤੇ ਮੁਸਲਮਾਨ ਰੂਪੀ ਮਜ਼੍ਹਬਾਂ ਵਿੱਚ ਹੀ ਵੰਡਿਆ ਹੋਇਆ ਨਹੀਂ ਸੀ, ਸਗੋਂ ਸੈਂਕੜੇ ਹੀ ਫ਼ਿਰਕਿਆਂ ਤੇ ਪੰਧਾਂ ਵਿੱਚ ਗ੍ਰਸਿਤ ਸੀ। ਸੱਜਣ ਠੱਗਾਂ, ਕੌਡੇ ਰਾਕਸ਼ਾਂ, ਟੂਣੇਹਾਰ ਕਾਮਣੀਆਂ, ਹੱਥ ਹੌਲੇ ਕਰਨ ਵਾਲੇ ਸਾਧਾਂ, ਪੀਰਾਂ ਤੇ ਫ਼ਕੀਰਾਂ ਦੀ ਘਾਟ ਨਹੀਂ ਸੀ।ਪ੍ਰਭੂ ਦੇ ਘਰਾਂ ਵਿੱਚ ਵੀ ਮਾਨਵਤਾ ਵਿਰੋਧੀ ਕੰਮ ਕਾਰ ਹੋ ਰਹੇ ਸਨ। ਇਹਨਾਂ ਸਭ ਕਿਸਮ ਦੀ ਬਿਪਤਾ ਵਿੱਚ ਘਿਰੀ ਲੋਕਾਈ ਸੱਚ ਅਤੇ ਤੱਥ ਦੀ ਤਲਾਸ਼ ਵਿੱਚ ਭਟਕ ਰਹੀ ਸੀ। ਘਰ ਉਸ ਨੂੰ ਰਾਹ ਮਿਲਣ ਦੀ ਥਾਂ ਸਗੋਂ ਦਰ ਦਰ ਦੀਆਂ ਠੋਕਰਾਂ ਹੀ ਮਿਲ ਰਹੀਆਂ ਸਨ। ਇਸ ਤਰ੍ਹਾਂ ਇਸ ਜਨਮਸਾਖੀ ਰਾਹੀਂ ਸਾਖੀਕਾਰ ਦੁਆਰਾ ਉਸ ਸਮੇਂ ਦੀ ਸਮਾਜਿਕ, ਰਾਜਨੀਤਿਕ, ਧਾਰਮਿਕ, ਤੇ ਭਾਈਚਾਰਿਕ ਸਥਿਤੀ ਨੂੰ ਬਿਆਨ ਕਰਨਾ ਇਸ ਜਨਮਸਾਖੀ ਦੀ ਇੱਕ ਵੱਡੀ ਵਿਸ਼ੇਸ਼ਤਾ ਹੈ।

**ਮਿਥਿਹਾਸਿਕ ਪੱਖ**

ਇਸ ਜਨਮਸਾਖੀ ਵਿੱਚ ਮਿਲਦੇ ਮਿੱਥਿਹਾਸਕ ਅੰਸ਼ ਹਨ:- ਜਨਮਸਾਖੀ ਅਨੁਸਾਰ ਤੇਤੀਸ ਕਰੋੜ ਦੇਵਤਿਆਂ ਨਮਸ਼ਕਾਰ ਕੀਆ ਚਉਸਠ ਜੋਗਣੀ ਬਵੰਜਾਹ ਬੀਰ ਨਿਆਂ ਜਤੀਆਂ ਚੋਰਾਸੀ ਸਿੱਧਾਂ ਨਵਾਂ ਨਾਥਾਂ ਨਮਸਕਾਰ ਕੀਆ। ਇਹ ਸਾਰੇ ਅੰਸ਼ ਵਾਸਤਵਿਕ ਦੀ ਥਾਂ ਪਰੰਪਰਾਗਤ ਹਨ। ਵੈਦਿਕ ਕਾਲ ਵਿੱਚ ਹਿੰਦੂ ਤੇਤੀ ਦੇਵੀ ਦੇਵਤਿਆਂ ਨੂੰ ਮੰਨਦੇ ਸਨ। ਵੈਦਿਕ ਕਾਲ ਵਿੱਚ ਤਾਂ ਇਨ੍ਹਾਂ ਨੂੰ 33 ਕੋਟੀ ਦੇਵਤੇ ਕਹਿੰਦੇ ਸਨ ਪਰ ਮਗਰੋਂ ਕੋਟੀ ਦਾ ਅਰਥ ਕਰੋੜ ਸਮਝ ਕੇ ਇਹ ਗਿਣਤੀ 33 ਕਰੋੜ ਬਣਾ ਦਿੱਤੀ ਗਈ। ਇਸੇ ਤਰ੍ਹਾਂ ਨੌ ਨਿੱਧਾ, ਨੌ ਖੰਡ, ਨੌ ਗ੍ਰਹਿ, ਨੌ ਦਵਾਰ, ਨੌ ਹੀ ਨਰਾਤੇ ਹੁੰਦੇ ਹਨ। ਇਸੇ ਪ੍ਰਕਾਰ ਹੀ ਨੌ ਨਾਥ ਮੰਨੇ ਜਾਂਦੇ ਹਨ। ਛੇ ਰੁਤਾਂ, ਛੇ ਸ਼ਾਸਤਰ ਅਤੇ ਛੇ ਹੀ ਮੁੱਖ ਰਾਗ ਮੰਨੇ ਜਾਂਦੇ ਹਨ ਇਸੇ ਤਰ੍ਹਾਂ ਜਤੀ ਵੀ ਛੇ ਹੀ ਹਨ। ਨੌ ਨਾਥਾ ਚੌਰਾਸੀ ਸਿੱਧਾਂ ਵਾਂਗ ਬੀਰਾਂ ਦੀ ਗਿਣਤੀ 52 ਅਤੇ ਜੋਗਨੀਆਂ ਦੀ ਗਿਣਤੀ 64 ਹੈ। ਇਹ ਦੁਰਗਾ ਅਤੇ ਕਾਲੀ ਦੀਆਂ ਸਹਾਇਕ ਸਮਝੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਸ ਜਨਮਸਾਖੀ ਵਿੱਚ ਕਈ ਮਿਥਿਹਾਸਕ ਵੇਰਵੇ ਆਉਣਾ ਇਸ ਸਾਖੀ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ।

**ਉਪਦੇਸ਼ਾਤਮਕਤਾ ਅਤੇ ਵਿਵਰਣਾਤਮਕਤਾ**

ਇਸ ਜਨਮਸਾਖੀ ਦੀ ਇੱਕ ਵਿਸ਼ੇਸ਼ਤਾ ਇਸ ਦਾ ਉਪਦੇਸ਼ਾਤਮਕ ਹੋਣਾ ਹੈ। ਇਸ ਜਨਮਸਾਖੀ ਦਾ ਇੱਕ ਲਿਖਣ-ਮਨੋਰਥ ਗੁਰੂ ਜੀ ਦੇ ਉਪਕਾਰਾਂ ਨੂੰ ਸੰਭਾਲਣਾ ਵੀ ਹੈ। ਗੁਰੂ ਜੀ ਦੇ ਉਪਕਾਰ ਸ਼ਿਕਸ਼ਾ-ਮ{ਲਕ ਹਨ। ਫਲਸਰੂਪ, ਉਨ੍ਹਾਂ ਦਾ ਪ੍ਰਧਾਨ ਸੁਰ ਉਪਦੇਸ਼ਾਤਮਕ ਹੈ। ਇਸ ਦੀ ਹਰ ਸਾਖੀ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦਾ ਅਤਿ ਧੁਨਿਤ ਕੀਤਾ ਗਿਆ ਪ੍ਰਤੀਤ ਹੰ[ਦਾ ਹੈ।ਵਿਵਰਣਾਤਮਕਤਾ ਇਸ ਜਨਮਸਾਖੀ ਦੀ ਅਭਿਵਿਅਕਤੀਗਤ ਵਿਸ਼ੇਸ਼ਤਾ ਹੈ। ਇਸ ਦੇ ਅੰਤਰਗਤ ਵਿਵਰਣ, ਵਰਣਨ, ਬ੍ਰਿਤਾਂਤ, ਆਦਿ ਸਭ ਰੱਖੇ ਜਾ ਸਕਦੇ ਹਨ। ਜਿਥੇ ਵਸਤੂਆਂ ਦੇ ਚਿਤ੍ਰਣ ਦਾ ਅਵਸਰ ਹੈ, ਉਥੇ ਸ਼ੈਲੀ ਦਾ ਸਰੂਪ ਵਰਣਾਤਮਕ ਹੈ ਅਤੇ ਜਿੱਥੇ ਪ੍ਰਸੰਗ ਵਿੱਚ ਕਥਾ ਅੰਸ਼ ਦੀ ਅਧਿਕਤਾ ਹੈ ਉੱਥੇ ਸ਼ੈਲੀ ਦਾ ਸਰੂਪ ਬ੍ਰਿਤਾਂਤਿਕ ਹੈ।

### ਮਨੁੱਖੀ ਭਾਵਨਾਵਾਂ ਦਾ ਚਿਤਰਨ

ਇਸ ਸਾਖੀ ਵਿੱਚ ਸਾਖੀਕਾਰ ਨੇ ਅਨੇਕ ਸਥਾਨਾਂ ਤੇ ਮਨੁੱਖੀ ਮਨ ਦੀਆਂ ਭਾਵਨਾਵਾਂ ਨੂੰ ਚਿਤਰ ਕੇ ਆਪਣੀ ਸੁਖਮ ਮਨੋਵਿਗਿਆਨਿਕ ਅੰਤਰ-ਦ੍ਰਿਸ਼ਟੀ ਦਾ ਪਰਿਚਯ ਦਿੱਤਾ ਹੈ। ਉਦਾਹਰਨ ਵਜੋਂ ਸੁਲਤਾਨਪੁਰ ਨੂੰ ਤਿਆਰੀ ਵਾਲੀ ਸਾਖੀ (8) ਨੂੰ ਲਿਆ ਜਾ ਸਕਦਾ ਹੈ। ਸੰਸਾਰਿਕਤਾ ਤੋਂ ਉਦਾਸੀਨ ਅਤੇ ਪਰਿਵਾਰਿਕ ਮੋਹ ਮਾਇਆ ਤੋਂ ਮੁਕਤ ਗੁਰੂ ਜੀ ਦੀ ਪਤਨੀ ਤੋਂ ਵੀ ਨਿਰਮੋਹੀ ਪਤੀ ਦਾ ਵਿਯੋਗ ਸਹਿਨ ਕਰਨਾ ਮੁਹਾਲ ਹੈ। ਉਸਦੇ ਮਨ ਦੀ ਸਥਿਤੀ ਅਤੇ ਪਤੀ ਦੇ ਸੰਪਰਕ ਵਿੱਚ ਰਹਿਣ ਦੀ ਤੀਬਰ ਇੱਛਾ ਨੂੰ ਸਾਖੀਕਾਰ ਨੇ ਬੜੀ ਸੂਖਮਤਾ ਨਾਲ ਚਿਤਰਿਆ ਹੈ।

### ਸ਼ੈਲੀ

ਇਸ ਰਚਨਾਂ ਦੇ ਕਰਤਾ ਨੇ ਵੀ ਵਾਰਤਾਲਾਪੀ ਢੰਗ ਦੀ ਕਾਫ਼ੀ ਅਧਿਕ ਵਰਤੋਂ ਕੀਤੀ ਹੈ। ਹਰ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਤੇ ਹੋਰ ਕਿਸੇ ਨਾ ਕਿਸੇ ਪਾਤਰ ਦੀ ਗਲਬਾਤ ਵਿਖਾਈ ਗਈ ਹੈ। ਕਿਤੇ-ਕਿਤੇ ਗੱਲਬਾਤ ਕਾਫ਼ੀ ਰੋਚਕ ਬਣ ਜਾਂਦੀ ਹੈ। ਜੇ ਬਾਤਚੀਤ ਦੇ ਅੱਗੇ ਕੇਵਲ ਬੋਲਣ ਵਾਲੇ ਦਾ ਨਾਂ ਲਿਖੀਏ ਤਾਂ ਹੇਠ ਲਿਖੇ ਅਨਸਾਰ ਝਾਕੀ ਬਣ ਜਾਂਦੀ ਹੈ:-(ਮੋਦੀ ਦੀ ਕਾਰ ਤਿਆਰੀ ਵਾਲੀ ਸਾਖੀ -11)

> ਲੋਕ- ਬਾਬਾ ਨਾਨਕ ਆਖਦਾ ਹੈ ਜੋ 'ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ` ਹੈ।
>
> ਖਾਨ- ਇਸ਼ਕੇ ਖਿਆਲ ਨਾਹੀ ਪਾਉਣਾ, ਇਹ ਫ਼ਕੀਰ ਹੈ।
>
> ਕਾਜੀ- ਖਾਨ ਜੀ ਅਜਬੁ ਹੈ, ਕਿਉਂ ਜੋ ਆਖਿਦਾ ਹੈ- ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ।
>
> ਖਾਨ- ਜਾਇ ਕਰ ਨਾਨਕ ਫਕੀਰ ਤਾਂਈ ਲੈ ਆਵਹੁ।
>
> ਆਦਮੀ- ਨਾਨਕ ਤੇਰੇ ਤਾਈਂ ਖਾਨ ਬੁਲਾਇੰਦਾ ਹੈ।
>
> ਨਾਨਕ- ਮੈਂ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ।
>
> ਲੋਕ- ਇਹ ਕਮਲਾ ਦਿਵਾਨਾ ਹੋਆ ਹੈ।

ਇਸ ਜਨਮਸਾਖੀ ਦੀ ਸ਼ੈਲੀ ਦਾ ਇੱਕ ਗੁਣ ਇਸ ਦਾ ਪਰਾਸਰੀਰਕ ਅੰਸ਼ ਹੈ। ਥਾਂ ਪਰ ਥਾਂ ਗੁਰੂ ਜੀ ਦੇ ਨਾਂ ਨਾਲ ਕਰਾਮਾਤਾਂ ਜੋੜ ਕੇ ਬਿਆਨ ਨੂੰ ਰੁਮਾਂਟਿਕ ਬਣਾ ਦਿੱਤਾ ਹੈ। ਕਿਤੇ ਕਿਤੇ ਮੋਇਆ ਹਾਥੀ ਜੀਉਂਦਾ ਹੁੰਦਾ ਵਿਖਾਇਆ ਹੈ, ਕਿਤੇ ਰਾਮ ਗਣਾ ਅਤੇ ਯਮ ਗਣਾ ਦਾ ਝਗੜਾ ਹੁੰਦਾ ਦਰਸਾਇਆ ਹੈ। ਕਿਤੇ ਮਰਦਾਨੇ ਨੂੰ ਮਿੱਡਾ ਬਣਦਾ ਅਤੇ ਕਾਵਰੂ ਦੇਸ਼ ਦੀ ਇੱਕ ਇਸਤਰੀ ਦੇ ਸਿਰ ਉੱਤੇ ਘੜਾ ਚਿਪਕਦਾ ਦਰਸਾਇਆ ਹੈ ਕਿਤੇ ਕਲਯੁਗ ਨੂੰ ਅਨੇਰੀ, ਅਗਨੀ, ਧੂਆਂ ਅਤੇ ਪਾਣੀ ਦਾ ਰੂਪ ਧਾਰਦੇ ਵਿਖਾਇਆ ਹੈ। ਮੱਕਾ ਘੁੰਮ ਜਾਂਦਾ ਹੈ ਅਤੇ ਅੰਤ ਕਰਤਾਰਪੁਰ ਬਾਬੇ ਦੀ ਮ੍ਰਿਤਕ ਦੇਹ ਹੀ ਅਲੋਪ ਹੋ ਜਾਂਦੀ ਹੈ ਕਰਾਮਾਤਾਂ ਨੇ ਸ਼ੈਲੀ ਨੂੰ ਬੋਧਿਕ ਦੀ ਥਾਂ ਰੁਮਾਚਿਕ ਬਣਾ ਦਿੱਤਾ ਹੈ।

ਜਨਮ-ਸਾਖੀਆਂ ਸਾਡੇ ਸਾਹਿਤ ਦਾ ਅਟੁੱਟ ਤੇ ਅਖੁੱਟ ਅੰਗ ਹਨ ਅਤੇ ਇਹਨਾਂ ਦੀ ਕਲਾਤਮਿਕ ਅਤੇ ਸਾਹਿਤਿਕ ਮਹੱਤਾ ਅਸੀਮ ਹੈ, ਇਸ ਪਾਸੇ ਸਭ ਤੋਂ ਪਹਿਲਾਂ ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੇ ਡੀ. ਲਿਟ ਦੇ ਥੀਸਸ ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ ਵਿਚ ਸਾਡਾ ਧਿਆਨ ਖਿੱਚਿਆ। ਉਹ ਲਿਖਦੇ ਹਨ ਜਦ ਅਸੀਂ ਸਾਖੀਆਂ ਦੀ ਵਰਨਾਤਮਿਕ, ਨਾਟਕੀ ਅਤੇ ਵਾਰਤਾਲਾਪੀ ਸ਼ੈਲੀ, ਗੋਸ਼ਟਾਂ ਦੀ ਸੰਵਾਦਾਤਮਿਕ ਅਤੇ ਮਨੋਵਿਗਿਆਨਿਕ ਸ਼ੈਲੀ ਅਤੇ ਹਾਜ਼ਿਰਨਾਮਾ ਦੀ ਸਮਾਸ ਪ੍ਰਧਾਨ ਵਿਆਖਿਆਤਮਿਕ ਸ਼ੈਲੀ ਨੂੰ ਦੇਖਦੇ ਹਾਂ ਤਾਂ ਅਸੀਂ ਇਹਨਾਂ ਦੀ ਪੂਰਣਤਾ, ਚਮਕਾਰ, ਮੁਹਾਵਰੇ, ਪ੍ਰਵਾਹ ਅਤੇ ਗਤੀਸ਼ੀਲਤਾ ਨੂੰ ਦੇਖ ਕੇ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦੇ ਅਤੇ ਜਦ ਅਸੀਂ ਇਹਨਾਂ ਵਿਚ ਵਰਤੀ ਗਈ ਵਿਵਿਧ ਪ੍ਰਕਾਰ ਦੀ ਸ਼ਬਦਾਵਲੀ ਦਾ ਅਧਿਐਨ ਕਰਦੇ ਹਾਂ ਤਾਂ ਇਹਨਾਂ ਦੀ ਐਪਕਤਾ, ਆਪ-ਮੁਹਾਰਤਾ ਅਤੇ ਸੰਜੋਗਾਤਮਿਕਤਾ ਦੇਖ ਕੇ ਹੈਰਾਨ ਹੋ ਜਾਂਦੇ ਹਾਂ।

**ਡਾ. ਪਿਆਰ ਸਿੰਘ** ਇਸ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ, "ਤਕਨੀਕੀ ਪੱਖ ਤੋਂ ਵਾਚਿਆਂ ਇਸ ਗੱਦ ਦੀ ਸ਼ਬਦ-ਚੋਣ ਸੁਥਰੀ, ਵਾਕ ਗੁੱਠੇ ਹੋਏ, ਲਿਖਣ ਢੰਗ ਨਾਟਕੀ ਅਤੇ ਸ਼ੈਲੀ ਵਾਰਤਾਲਾਪੀ ਹੈ।"

**ਪ੍ਰੋ. ਪੂਰਨ ਸਿੰਘ** ਦੇ ਕਥਨ ਅਨੁਸਾਰ, "ਇਹ (ਪੁਰਾਤਨ ਜਨਮਸਾਖੀ) ਇੰਜ ਦਿਸਦੀ ਹੈ ਜਿਵੇਂ ਕੋਈ 'ਵੱਡਾ ਬਜ਼ੁਰਗ ਪਿੱਪਲ ਹੇਠ ਬੈਠਾ ਨੂਰੀ ਲੰਬੀ ਦਾੜ੍ਹੀ, ਕੇਸ ਮੋਢਿਆਂ ਤੇ ਸੁੱਟੀ, ਮਿੱਠੀਆਂ-ਮਿੱਠੀਆਂ ਗੱਲਾਂ ਕਰ ਰਿਹਾ ਹੋਵੇ, ਅਤੇ ਉਸ ਦੀ ਰੂਹ ਦਾ ਰੰਗ ਵੱਖਰੇ-ਵੱਖਰੇ, ਫ਼ਿਕਰੇ ਬਣ ਕੇ ਆਪ-ਮੁਹਾਰੇ ਗੁੰਦੇ ਜਾ ਰਹੇ ਹੋਣ, ਅਰਸ਼ਾਂ ਤੋਂ ਕੋਈ ਮਾਖਿਓਂ ਦਾ ਮੀਂਹ ਪੈ ਰਿਹਾ ਹੋਵੇ । ਇਹ ਉਹ ਵਾਰਤਕ ਹੈ ਜੋ ਲੇਖਕ ਦੀਆਂ ਕਲਾਤਮਿਕ ਛੂਹਾਂ ਹੇਠ 'ਸਹਿਜ ਸੁਭਾ ਅਫ਼ਲਾਤੂਨ ਦੀ ਪੁਸਤਕ ਦੇ ਟੁਕੜੇ ਹੋ ਨਿੱਬੜੀ ਹੈ।" ਇਸ ਦਾ ਨਾਟਕੀ ਲਿਖਣ ਢੰਗ, ਕਾਵਿਮਈ ਰੰਗਣ, ਅਨੁਪਰਾਸ ਯੁਕਤ ਨਿੱਕੇ-ਨਿੱਕੇ ਵਾਕ, ਉਨ੍ਹਾਂ ਦੀ ਗੀਤਾਤਮਿਕ ਗੋਂਦ, ਰਵਾਨੀ, ਸੰਜਮ, ਸੁਝਾਉ ਤੇ ਸਰਲਤਾ, ਇਸ ਨੂੰ ਕਿਸੇ ਵੀ ਉੱਤਮ ਗੱਦ ਦੇ ਤੁੱਲ ਬਣਾਉ ਦੀ ਸਮਰੱਥਾ ਰੱਖਦੇ ਹਨ। ਇਸ ਕਿਸਮ ਦੀ ਉੱਚਤਮ ਗੱਦ ਉਸ ਵੇਲੇ ਦੇ ਭਾਰਤ ਵਿਚ ਹੋਰ ਕਿਤੇ ਵੇਖਣ ਵਿਚ ਨਹੀਂ ਆਈ। ਇਸ ਦਾ ਆਪਣਾ ਵਿਸ਼ੇਸ਼ ਰਸ ਹੈ ਤੇ ਆਪਣਾ ਹੀ ਸੁਆਦ ਤੇ ਆਪਣੀ ਹੀ ਮਹੱਤਾ ਹੈ ਜੋ ਇਸ ਦਾ ਰੂਹ ਵਿਚ ਪ੍ਰਵਾਨ ਕਰਨ ਨਾਲ ਉੱਘੜਦੀ ਹੈ। ਇਸ ਦੀ ਗੋਂਦ ਵਿਚ ਪੁਰਾਤਨਤਾ ਕਈਆਂ ਲਈ ਇੱਕ ਔਗੁਣ ਹੈ। ਪਰ ਇਹ ਪੁਰਾਤਨਤਾ ਤਾਂ ਉਹ ਪੁਰਾਣਾ ਮਾਖਿਓ ਹੈ ਜਿਸ ਦਾ ਸਵਾਦ ਅਤੇ ਗੁਣ ਸਮਾਂ ਪੈਣ ਨਾਲ ਸਗੋਂ ਹੋਰ ਤੋਂ ਹੋਰ ਵਧਦਾ ਤੁਰਿਆ ਜਾਂਦਾ ਹੈ। ਪਹਿਲੇ ਪਾਣ ਵਿਚ ਭਾਵੇਂ ਇਹ ਗੋਂਦ ਓਪਰੀ, ਨੀਰਸ ਤੋਂ ਖ਼ੁਸ਼ਕ ਜਾਪਦੀ ਹੈ ਪਰ ਇਸ ਦੇ ਕਰਤਾ (ਜਾ ਕਤਰੀਆਂ) ਦੀ ਵਰਣਨ ਸ਼ਕਤੀ, ਸਰਸਤਾ ਤੋਂ ਸ਼ਰਧਾ ਭਾਵ ਸਦਕਾ ਅਸੀਂ ਛੇਤੀ ਹੀ ਇਸ ਦੇ ਰਸ ਵਿਚ ਇੰਜ ਜਾਂਦੇ ਹਾਂ। ਇਸ ਦੇ ਮੁਹਾਵਰੇ ਵਿਚ ਮਸਤੀ, ਹਿੰਦੀ ਭਰਿਆ, ਫ਼ੱਕਰਾਨਾ, ਠੇਠ ਤੇ ਨੀਤੀ ਵਚਨ ਕਹਿੰਦਾ, ਕੁੱਝ ਸਮਝਾਉਂਦਾ ਤੇ ਸੁਝਾਉ ਦਿੰਦਾ, ਅਧਿਆਤਮਿਕ ਹੁਲਾਰੇ ਦਿੰਦਾ ਅਲੌਕਿਕ ਅਨੰਦ ਦਿੰਦਾ , ਪੰਜਾਬੀ ਮੁਹਾਵਰਾ ਦਿਸ ਆਉਂਦਾ ਹੈ। ਇਸ ਵਿਚ ਜਜ਼ਬੇ ਬੁੱਧੀ ਨੂੰ ਟੁੰਬਦੇ ਹਨ ਅਤੇ ਬੁੱਧੀ ਖ਼ੁਸ਼ਕ ਗਿਆਨ-ਮੰਡਲਾਂ ਵਿਚ ਸਰਗਰਦਾਨ ਨਹੀਂ, ਸਗੋਂ ਜਜ਼ਬਿਆਂ ਦੇ ਮਾਨਸਰੋਵਰ ਵਿਚੋਂ ਨਹਾ ਕੇ ਨਿਕਲੀ ਰਾਜ ਹੰਸਨੀ ਹੈ ਜਿਹੜੀ ਕਲੋਲਾਂ (ਸ਼ਬਦ-ਕਲੋਲਾਂ ਤਾਂ ਕਰਦੀ ਹੈ ਪਰ ਇੱਕ ਵੀ ਫ਼ਾਲਤੂ ਸ਼ਬਦ ਨਹੀਂ ਚੁਗਦੀ, ਨਿਰੇ ਮੋਤੀ ਰੂਪ ਸ਼ਬਦ ਚੁਣਦੀ ਅਤੇ ਪਾਠਕਾਂ ਨੂੰ ਕੀਲ ਕੇ ਉਸ ਅਗੰਮੀ ਜੀਅ-ਦਾਨ ਦੇ ਦਾਨੀ, ਸਰਵਿੰਗ, ਸਰਵਾਤਮਵਾਦੀ ਗੁਰੂ ਨਾਨਕ ਦੇ ਮਾਨਸਿਕ ਲੋਕ ਨਾਲ ਜਾ ਜੋੜਦੀ ਹੈ।"

### ਸੰਗੀਤਿਕਤਾ

ਪੁਰਾਤਨ ਜਨਮਸਾਖੀ ਦੀ ਵਾਰਤਕ ਕਲਾਤਮਿਕ ਤੇ ਰਸਾਤਮਿਕ ਹੀ ਨਹੀਂ ਸਗੋਂ ਸੰਗੀਤਿਕ ਵੀ ਹੈ। ਇਸ ਵਿਚਲਾ ਕਾਵਿਕ ਗੁਣ, ਭਾਵੁਕਤਾ ਦੀ ਡੂੰਘਾਈ , ਭਾਵਾਂ ਦੀ ਤਰਲਤਾ ਅਤੇ ਵਿਸਤਾਰ ਇਸ ਨੂੰ ਕਵਿਤਾ ਦੇ ਵਧੇਰੇ ਨੇੜੇ ਲੈ ਜਾਂਦਾ ਹੈ। ਇਹੋ ਕਾਰਨ ਹੈ ਕਿ ਇਸ ਦੀ ਵਾਰਤਕ ਇਸ ਵਿੱਚ ਦਿੱਤੀਆਂ ਗਈਆਂ ਬਾਣੀ ਦੀਆਂ ਟੂਕਾਂ ਅਨੁਸਾਰ ਹੀ ਢਲਦੀ ਜਾਂਦੀ ਹੈ, ਇੱਕ ਅਜਬ ਲੈਅ ਤੇ ਤੋਲ ਪੈਦਾ ਕਰਦੀ ਹੈ ਜਿਸ ਨਾਲ ਲੋਹੜੇ ਦੇ ਸੰਗੀਤ ਰਸ ਦਾ ਪ੍ਰਭਾਵ ਪੈਂਦਾ ਹੈ। ਜੇ ਗੁਰੂ ਨਾਨਕ ਦੀ ਬਾਣੀ ਇੱਕ ਅਗੰਮੀ ਸੰਗੀਤ ਹੈ ਤਾਂ ਪੁਰਾਤਨ ਜਨਮਸਾਖੀ ਦੀ ਵਾਰਤਕ ਮਰਦਾਨੇ ਦੀ ਮਿੱਠੀ ਰਬਾਬ ਹੈ ਜਿਸ ਵਿਚੋਂ ਮਿੱਠਤ, ਨਿਮਰਤਾ, ਸੇਵਾ, ਤਿਆਗ, ਨਾਮ ਦਾਨ, ਇਸ਼ਨਾਨ, ਕਿਰਤ ਅਤੇ ਪਰਮਾਰਥ ਜਾਂ ਪਰ-ਉਪਕਾਰ ਆਦਿ ਸੁਰਾਂ ਫੁੱਟ ਰਹੀਆਂ ਹਨ। ਸਾਡੇ ਇਸ ਕਥਨ ਦੀ ਉਗਾਹੀ ਲਈ ਖੇਤੀ, ਵਣਜ, ਸਉਦਾਗਰੀ ਅਤੇ ਚਾਕਰੀ ਸਿਰਲੇਖ ਅਧੀਨ ਆਈਆਂ ਸਾਖੀਆਂ ਦੇਖੀਆਂ ਜਾ ਸਕਦੀਆਂ ਹਨ।

ਡਾ. ਮੋਹਨ ਸਿੰਘ ਦੀਵਾਨਾ, ਡਾ. ਪਿਆਰ ਸਿੰਘ ਤੇ ਡਾ. ਜੱਗੀ ਨੇ ਪੁਰਾਤਨ ਜਨਮ-ਸਾਖੀ ਦੇ ਨਾਟਕੀ-ਜੋਗੀ ਬਣਾਉਣ ਵਾਲੀ ਸਫਲ ਕਲਾ ਕਿਰਤ ਮੰਨਿਆ, ਪਰੰਤੂ ਡਾ. ਹਰਭਜਨ ਸਿੰਘ ਇਸ ਗੁਣ ਨਾਲ ਜਨਮ-ਸਾਖੀ ਦੀ ਸਭ ਤੋਂ ਵੱਡੀ ਕਮਜ਼ੋਰੀ ਗਿਣਦੇ ਹਨ। ਉਨ੍ਹਾਂ ਅਨੁਸਾਰ, ਇਸ ਵਿਚ ਕਥਾ ਦਾ ਵਿਕਾਸ ਨਹੀਂ, ਪਾਤਰਾਂ ਵਿਚ ਕੋਈ ਅੰਤਰ-ਦਵੰਦ ਨਹੀਂ ਜਿਹੜਾ ਇਸ ਨੂੰ ਨਾਟਕੀ ਰੂਪ ਦੇਵੇ। ਉਹ ਲਿਖਦੇ ਹਨ "ਬਹੁਤ ਧਿਆਨਯੋਗ ਗੱਲ ਇਹ ਹੈ ਕਿ ਇਹਨਾਂ ਪਾਤਰਾਂ ਦੇ ਸਾਰੇ ਕਾਰਜ, ਸੰਪਰਕ ਤਕ ਹੀ ਵਾਪਰਦੇ ਹਨ। ਸੰਪਰਕ ਬਾਅਦ ਕਾਰਜ ਆਪਣੀ ਲੀਲ੍ਹਾ ਸਮੇਟ ਲੈਂਦਾ ਹੈ। ਇਸ ਪ੍ਰਕਾਰ ਜਨਮ-ਸਾਖੀ ਦੇ ਬਿਰਤਾਂਤ ਵਿਚ ਵਿਸਤਰਿਤ (ਐਕਸਟੈਨਸ਼ਨ) ਅਤੇ ਤੀਬਰਤਾ (ਇੰਟੈਂਸ਼ਨ) ਦੋਵੇਂ ਹੀ ਗ਼ਾਇਬ ਹਨ।" ਆਪਣੀ ਇਸ ਗੱਲ ਦੀ ਵਿਆਖਿਆ ਕਰਦੇ ਹੋਏ ਉਹ ਸਾਹਿਤ-ਸ਼ਾਸਤਰ ਦੀ ਸੰਕੇਤਾਵਲੀ ਦੇ 'ਪਤਾਕਾ' ਤੇ 'ਪ੍ਰਕਰੀ' ਨੂੰ ਪੁਰਾਤਨ ਜਨਮ-ਸਾਖੀ ਉੱਤੇ ਢੁਕਾ ਕੇ ਹੇਠ ਲਿਖੇ ਸਿੱਟੇ ਕੱਢਦੇ ਹਨ :

1. ਬਿਰਤਾਂਤ-ਪ੍ਰਬੰਧ ਦਾ ਬਹੁਤ ਵੱਡਾ ਹਿੱਸਾ ਇਕਹਿਰਾ ਰੇਗਿਸਤਾਨ ਹੈ, ਜਿਸ ਵਿਚ ਨਾਇਕ ਤੋਂ ਸਿਵਾ, ਨਾਇਕ ਪੱਖ ਵਿਚ ਦੂਸਰਾ ਕੋਈ ਨਹੀਂ।

2. ਜਨਮ-ਸਾਖੀ ਵਿਚ ਪ੍ਰਮੁੱਖ ਪਾਤਰਾਂ ਨੂੰ ਵੀ ਨਿਗੂਣੇ ਪਾਤਰ ਬਣਾ ਦੇਣ ਦੀ ਪ੍ਰਵਿਰਤੀ ਹੈ। ਨਾਇਕ ਤੋਂ ਛੁੱਟ ਬਾਕੀ ਹਰ ਪਾਤਰ ਅਤੇ ਹਰ ਘਟਨਾ, ਇੱਕ ਦਾਇਰਾ ਹੈ ਜੋ ਦੂਸਰੇ ਦਾਇਰੇ ਵਿਚ ਦਾਖ਼ਲ ਨਹੀਂ ਹੋ ਸਕਦੀ। ਨਾਇਕ ਤੋਂ ਸਿਵਾ ਉਨ੍ਹਾਂ ਦਾ ਇੱਕ ਦੂਸਰੇ ਨਾਲ ਕੋਈ ਸੰਬੰਧ ਨਹੀਂ। ਸਾਖੀਆਂ ਦੀ ਦਾਇਰਾ-ਬਿਰਤੀ ਕਾਰਨ, ਸਮੁੱਚੀ ਕਿਰਤ ਵਿਚ ਪ੍ਰਾਣਧਾਰੀ ਏਕਤਾ ਦੀ ਸਿਰਜਣਾ ਨਹੀਂ ਹੋ ਸਕੀ। ਕੋਈ ਸਾਖੀ ਅਸਲੋਂ ਖ਼ਾਰਜ ਕਰ ਦਿੱਤੀ ਜਾਵੇ ਜਾਂ ਉਸ ਦਾ ਸਥਾਨ ਬਦਲ ਦਿੱਤਾ ਜਾਵੇ, ਕੋਈ ਫ਼ਰਕ ਨਹੀਂ ਪੈਂਦਾ।

ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਪੁਰਾਤਨ ਜਨਮਸਾਖੀ " ਜੀਵਨਪ੍ਰਕਰਿਆਂ ਦਾ ਸੰਗ੍ਰਹਿ ਪ੍ਰਤੀਤ ਹੁੰਦੀ ਹੈ ਅਤੇ ਇਸ ਵਿਚੋਂ ਮੁੱਖ ਕਥਾ ਤਲਾਸ਼ ਕਰ ਸਕਣਾ ਜੋ ਅਸੰਭਵ ਨਹੀਂ ਤਾਂ ਅਤਿਅੰਤ ਕਠਿਨ ਜ਼ਰੂਰ ਹੈ। ਨਾਇਕ ਨਾਉ ਧਰੀਕ ਸਿੱਖਾਂ, ਮਿੱਤਰਾਂ, ਪ੍ਰਸ਼ੰਸਕਾਂ ਦੀ ਗਿਣਤੀ ਵਿਚ ਵਾਧਾ ਕਰਦਾ ਤੁਰਿਆ ਜਾਂਦਾ ਹੈ, ਪਰ ਹਰ ਨਵੀਂ ਸਾਖੀ ਵਿਚ ਉਹ ਇਕੱਲਾ ਹੈ। ਇਸ ਰੇਗਿਸਤਾਨ ਦੇ ਸਫ਼ਰ ਵਿਚ ਮਾਜੀ, ਹਾਲ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ। ਅਸਲ ਵਿਚ ਸਮੇਂ ਦਾ ਪਸਾਰ ਲਗਪਗ ਗਾਇਬ ਹੈ। ਪਲ ਛਿਨ ਨਵੀਂ ਕਰਾਮਾਤ ਦੀ ਮੰਗ ਕਰਦਾ ਹੈ। ਬੀਤ ਚੁੱਕਾ ਸਮਾਂ, ਜੀਵਨ ਅਤੇ ਜੀਵਨ-ਬਿਰਤਾਂਤ ਨੂੰ ਜਿਸ ਪ੍ਰਕਾਰ ਦੀ ਗਹਿਰਾਈ ਦਿੰਦਾ ਹੈ, ਉਸ ਦੀ ਤਲਾਸ਼ ਇਸ ਬਿਰਤਾਂਤ-ਸੰਗ੍ਰਹਿ ਵਿਚ ਹੈ।

ਇਸ ਬਾਰੇ ਲੰਮੀ ਬਹਿਸ ਵਿਚ ਨਾ ਪੈ ਕੇ ਅਸੀਂ ਇਹੋ ਕਹਿਣਾ ਚਾਹੁੰਦੇ ਹਾਂ ਕਿ ਡਾ. ਹਰਿਭਜਨ ਸਿੰਘ ਦੇ ਕਹਿਣ ਦਾ ਭਾਵ ਇਹ ਹੈ ਕਿ ਪੁਰਾਤਨ ਜਨਮਸਾਖੀ ਨਾ ਨਾਟਕ ਹੈ, ਨਾ ਹੀ ਜੀਵਨੀ ਹੈ ਸਗੋਂ ਇਕ ਬਿਰਤਾਂਤ-ਸੰਗ੍ਰਹਿ ਹੈ ਜਿਸ ਵਿਚ ਕੋਈ ਵਿਵਸਥਾ ਜਾਂ ਨੇਮ-ਬੱਧਤਾ ਨਹੀਂ ਹੈ।

**ਭਾਸ਼ਾ ਦਾ ਸਰੂਪ**

ਪੁਰਾਤਨ ਜਨਮਸਾਖੀ ਦੀ ਸ਼ਬਦ ਕੋਸ਼ ਦੀ ਦ੍ਰਿਸ਼ਟੀ ਤੋਂ ਸਰਵ ਪ੍ਰਮੁੱਖ ਵਿਸ਼ੇਸਤਾ ਇਹ ਹੈ ਕਿ ਇਸ ਦਾ ਸ਼ਬਦ ਭੰਡਾਰ ਵਿਸ਼ਾਲ ਹੈ। ਲੋੜ ਅਨੁਸਾਰ ਦੇਸ਼ੀ ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ ਲੈਣੇ ਲੇਖਕ ਨੇ ਸੰਕੋਚ ਨਹੀਂ ਕੀਤਾ। ਇਸ ਦੀ ਸ਼ਬਦਾਬਲੀ ਦਾ ਮੁੱਖ ਆਧਾਰ ਭਾਰਤੀ ਵਿਰਸਾ ਹੈ। ਸੰਸਕ੍ਰਿਤ ਦੇ ਕੁਝ ਤਤਸਮ ਅਤੇ ਅਰਧ ਤਤਸਮ ਸ਼ਬਦ ਨਮੂਨੇ ਹਨ:-ਜਗਤ, ਨਿਸਤਾਰਣ, ਵੇਲਾ, ਨਮਸਕਾਰ, ਨਾਮ, ਸੰਸਾਰ, ਅਤੀਤ, ਸੇਵਕ, ਸਰਵੰਗ, ਪ੍ਰਜਾ ਆਦਿ। ਇਸ ਜਨਮਸਾਖੀ ਦੀ ਭਾਸ਼ਾ ਦਾ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਇਸ ਵਿੱਚ ਅਰਬੀ, ਫਾਰਸੀ ਆਦਿ ਕੁਝ ਵਿਦੇਸ਼ੀ ਭਾਸ਼ਾਵਾਂ ਦਾ ਸਪਸ਼ਟ ਪ੍ਰਭਾਵ ਹੈ। ਦੇਸ਼ੀ ਸ਼ਬਦਾਵਲੀ ਦੀ ਵੀ ਸਾਖੀਕਾਰ ਨੇ ਖੁਲ੍ਹ ਕੇ ਵਰਤੋਂ ਕੀਤੀ ਹੈ। ਪੱਛਮੀ ਪੰਜਾਬ ਵਿੱਚ ਬੋਲੀਆਂ ਜਾਣ ਵਾਲੀਆਂ ਉਪਬੋਲੀਆਂ ਯਥਾ-ਪੋਠੋਹਾਰੀ, ਅਵਾਣਕਾਰੀ, ਝਾਂਗੀ ਮੁਲਤਾਨੀ ਆਦਿ ਵਿੱਚ ਅਧਿਕਤਰ ਸਮਾਨ ਰੂਪ ਵਿੱਚ ਵਰਤੀ ਹੋਈ ਮਿਲ ਜਾਂਦੀ ਹੈ।

ਪੁਰਾਤਨ ਜਨਮ-ਸਾਖੀ ਦੀ ਸ਼ਬਦ ਚੋਣ, ਸ਼ਬਦਾਵਲੀ ਅਤੇ ਸ਼ਬਦ-ਯੋਜਨਾ ਕਮਾਲ ਦੀ ਹੈ। ਇਹ ਪਾਤਰ ਪਰਿਸਥਿਤੀ ਅਤੇ ਪ੍ਰਸੰਗ ਦੇ ਅਨੁਕੂਲ ਵਰਤੀ ਗਈ ਹੈ। ਇਸ ਸ਼ਬਦਾਵਲੀ ਵਿਚ ਆਮ ਫ਼ਹਿਮ ਸ਼ਬਦ ਹਨ; ਵਿਦਵਤਾ ਭਰੇ, ਰੋਹਬ ਪਾਊ ਤੇ ਮੁਹਾਵਰੇ ਤੋਂ ਪੂਰੇ ਦੇ ਸ਼ਬਦ ਨਹੀਂ ਲਏ ਗਏ। ਇਸ ਦੀ ਸ਼ਬਦ-ਚੋਣ ਆਮ ਆਦਮੀ ਦੀ ਗਿਆਨ ਸੀਮਾ ਨੂੰ ਮੁੱਖ ਰੱਖ ਕੇ ਹੀ ਕੀਤੀ ਗਈ ਹੈ। ਵਾਕ ਬਹੁਤ ਛੋਟੇ-ਛੋਟੇ ਹਨ ਅਤੇ ਵਾਕ-ਰਚਨਾ ਸਰਲ, ਸੁਭਾਵਿਕ, ਸਿੱਧੀ ਤੇ ਸਾਰਥਿਕ ਹੈ। ਹੋ ਸਕਦਾ ਹੈ, ਸ਼ਬਦ-ਜੋੜ ਸਮਾਂ ਪੈਣ ਕਾਰਨ, ਵੱਖ-ਵੱਖ ਉਤਾਰਾਕਾਰਾਂ ਦੇ ਹੱਥਾਂ ਵਿਚੋਂ ਨਿਕਲਣ ਕਾਰਨ ਕੁੱਝ ਫ਼ਰਕ ਪਾ ਗਏ ਹੋਣ ਪਰੰਤੂ ਵਾਕ-ਯੋਜਨਾ ਵਿਚ ਵਧੇਰੇ ਮੌਲਿਕਤਾ ਹੈ ਜੋ ਸਾਖੀਕਾਰਾਂ ਦੀ ਸਫਲ ਅਭਿਵਿਅਕਤੀ ਦਾ ਨਵੇਕਲਾ ਗੁਣ ਹੈ।

ਪੁਰਾਤਨ ਜਨਮ ਸਾਖੀ ਦੀ ਭਾਸ਼ਾ ਦਾ ਸਰੂਪ ਗੁਰਬਾਣੀ ਦੀ ਭਾਸ਼ਾ ਨਾਲ ਕਾਫ਼ੀ ਹੱਦ ਤੱਕ ਮਿਲਦਾ-ਜੁਲਦਾ ਹੈ। ਇਸ ਨੂੰ 'ਹਿੰਦਵੀ', 'ਸਾਧ ਭਾਸ਼ਾ' ਜਾਂ 'ਸਧੁੱਕੜੀ' ਭਾਸ਼ਾ ਆਖਿਆ ਜਾਂਦਾ ਹੈ। ਇਹ ਭਾਸ਼ਾ ਉਸ ਸਮੇਂ ਸਾਰੇ ਭਾਰਤ ਵਿੱਚ ਸਮਝੀ ਜਾਂਦੀ ਸੀ ਕਿਉਂਕਿ ਇਹ ਬਹੁਤ ਸਾਰੀਆਂ ਭਾਸ਼ਾਵਾਂ ਦਾ ਮਿਲਗੋਭਾ ਸੀ। ਉਸ ਸਮੇਂ ਦੀ ਰਾਜ ਦਰਬਾਰ ਦੀ ਭਾਸ਼ਾ ਫ਼ਾਰਸੀ ਸੀ। ਇਸ ਵਿੱਚ ਫ਼ਾਰਸੀ ਦੇ ਸ਼ਬਦ ਆਪਣੇ ਅਸਲੀ ਰੂਪ ਵਿੱਚ ਜਾਂ ਬਦਲਵੇਂ ਰੂਪ ਵਿੱਚ ਮਿਲਦੇ ਹਨ। ਭਾਰਤ ਦੀਆਂ ਮੂਲ ਧਾਰਮਿਕ ਪਰੰਪਰਾਵਾਂ ਭਾਰਤੀ ਸੋਮਿਆਂ ਵਿੱਚੋਂ ਆਈਆਂ ਭਾਸ਼ਾਵਾਂ ਨਾਲ ਜੁੜੀਆਂ ਹੋਈਆਂ ਸਨ। ਇਸ ਲਈ ਸਾਧ ਭਾਸ਼ਾ ਵਿੱਚ ਜਿੱਥੇ ਸੰਸਕ੍ਰਿਤ ਦੀ ਸ਼ੁੱਧ ਅਤੇ ਅਸ਼ੁੱਧ ਸ਼ਬਦਾਵਲੀ ਵਰਤੀ ਜਾਂਦੀ ਸੀ ਉੱਥੇ ਨਾਲ ਹੀ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਸੰਘਣੀ ਰੰਗਣ ਵੀ ਇਸ ਭਾਸ਼ਾ ਉੱਤੇ ਚੜ੍ਹੀ ਹੋਈ ਸੀ। ਇਸ ਲਈ ਆਪਣੇ ਪ੍ਰਸੰਗ ਵਿੱਚ ਇਸ ਭਾਸ਼ਾ ਨੂੰ ਅਸੀਂ ਪੁਰਾਤਨ ਪੰਜਾਬੀ ਵੀ ਆਖ ਸਕਦੇ ਹਾਂ।

ਵਾਕ ਬਣਤਰ ਦੀ ਦ੍ਰਿਸ਼ਟੀ ਤੋਂ ਇਹ ਭਾਸ਼ਾ ਇੱਕ ਪਾਸੇ ਸੰਜੋਗਾਤਮਿਕ ਹੈ, ਦੂਜੇ ਪਾਸੇ ਇਹ ਸ਼ੈਲੀ ਦੇ ਪੱਖੋਂ ਲੋਕ-ਭਾਸ਼ਾ ਦੇ ਰੂਪ ਵਿੱਚ ਢਲਣ ਦੀ ਪ੍ਰਵਿਰਤੀ ਰੱਖਦੀ ਹੈ। ਇਸ ਤਰ੍ਹਾਂ ਸੰਜਮ ਇਸ ਪੁਸਤਕ ਦੀ ਭਾਸ਼ਾ-ਸ਼ੈਲੀ ਦਾ ਬੜਾ ਵੱਡਾ ਲੱਛਣ ਹੈ। ਸਮੁੱਚੇ ਤੌਰ `ਤੇ ਪੁਰਾਤਨ ਜਨਮ-ਸਾਖੀ ਦੀ ਵਾਰਤਕ ਗੁਰਬਾਣੀ ਦੀ ਸ਼ਬਦਾਵਲੀ, ਸ਼ਬਦ-ਜੋੜ ਅਤੇ ਵਾਕ-ਬਣਤਰ ਦੀ ਰੰਗਤ ਵਿੱਚ ਭਿੱਜੀ ਹੋਈ ਹੈ। ਇਸ ਕਾਰਨ ਇਹ ਵਾਰਤਕ ਕੇਵਲ ਕਲਾਮਈ ਤੇ ਰਸਦਾਇਕ ਹੀ ਨਹੀਂ ਸਗੋਂ ਸੰਗੀਤਕ ਵੀ ਹੋ ਨਿਬੜੀ ਹੈ।

ਅਸੀਂ ਉੱਪਰ ਦੱਸ ਹੀ ਚੁੱਕੇ ਹਾਂ ਕਿ ਜਨਮਸਾਖੀ ਦੀ ਭਾਸ਼ਾ ਵਿਚ ਉਸ ਸਮੇਂ ਦੇ ਸੰਤ ਸਮਾਜ ਵਿਚ ਪ੍ਰਚਲਿਤ ਸਾਧ ਭਾਖਾ ਦੇ ਦਰਸ਼ਨ ਹੁੰਦੇ ਹਨ, ਜਿਸ ਵਿਚ ਉੱਤਰ ਭਾਰਤ ਦੀਆਂ ਸਾਰੀਆਂ ਉਪ-ਬੋਲੀਆਂ ਦੇ ਸ਼ਬਦ ਇਕ ਜਾਨ ਹੋਏ ਜਾਪਦੇ ਹਨ। ਇਸੇ ਲਈ ਇਸ ਨੂੰ ਸਾਧ ਭਾਖਾ ਤੋਂ ਛੁੱਟ 'ਹਿੰਦਵੀ' ਜਾਂ 'ਸਿੰਧੀ` ਦਾ ਨਾਮ ਵੀ ਦਿੱਤਾ ਗਿਆ ਹੈ। ਦੋਵਾਂ ਹੀ ਰੂਪਾਂ ਵਿਚ ਇਸ ਦੀ ਭਾਸ਼ਾ ਹਿੰਦਵੀ ਭਾਸ਼ਾ ਸਿੱਧ ਹੁੰਦੀ ਹੈ। ਹਿੰਦੀ ਵਾਲੇ ਇਸ ਨੂੰ ਪੁਰਾਣ ਹਿੰਦੀ ਮੰਨਦੇ ਹਨ ਤੇ ਹਿੰਦੀ ਵਿਚ ਵੀ ਇਹਨਾਂ ਉੱਤੇ ਪੀ-ਐਚ.ਡੀ ਲਈ ਖੋਜ ਕੀਤੀ ਜਾ ਚੁੱਕੀ ਹੈ। ਜਿਸ

ਵਿਚ ਖੜੀ ਬੋਲੀ, ਫੌਜੀ, ਅਵਧੀ, ਕੇਂਦਰੀ ਪੰਜਾਬੀ ਲਹਿੰਦੀ, ਮਰਾਠੀ ਤੇ ਗੁਜਰਾਤੀ ਦੇ ਸ਼ਬਦਾਂ ਦਾ ਚੋਖਾ ਮਿਸ਼ਰਨ ਹੈ। ਇਸ ਦੀ ਸਾਹਿਤਿਕ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਜਦ ਅਸੀਂ ਇਸ ਦੀ ਅੰਦਰਲੀ ਗਵਾਹੀ ਤੋਂ ਇਹ ਜਾਣ ਲੈਂਦੇ ਹਾਂ ਕਿ ਇਸ ਸਾਖੀਕਾਰ ਨੂੰ ਆਪਣੇ ਵਕਤ ਵਿਚ ਰਚੇ ਜਾ ਰਹੇ ਸਾਹਿਤ ਬਾਰੇ ਵੀ ਕਾਫ਼ੀ ਗਿਆਨ ਸੀ ਤੇ ਉਸ ਬਾਰੇ ਉਹ ਥਾਂ ਵੀ ਸੀ। ਸਿੱਖ ਬ੍ਰਹਮ ਨਾਲ ਗੋਸਟਿ' ਵਿਚ ਜਿੱਥੇ 'ਬੈਂਤ' ਦਾ ਜ਼ਿਕਰ ਕਰਦਾ ਹੈ, ਉੱਥੇ ਵਾਰ ਦੀ ਮਹਾ ਪਰਿਭਾਸ਼ਾ ਵੀ ਕਰਦਾ ਹੈ। ਵਾਰ ਦੇ ਕਥਾਨਕ ਵਿਚ ਦੋ ਧਿਰਾਂ ਦਾ ਹੋਣਾ ਲਾਜ਼ਮੀ ਹੈ ਕਿਉਂਕਿ ਦੇ ਬਾਦ ' ਤੋਂ ਬਿਨਾਂ ਉਸ ਵਿਚ ਟੱਕਰ ਜਾਂ ਸੰਘਰਸ਼ ਪੈਦਾ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਇਕ ਪੀਰ ਦੀ ਗੱਲ ਕਰਦੇ ਹਨ ਤਾਂ ਸ਼ੇਖ ਕਹਿੰਦਾ ਹੈ ਕਿ ਜਦ ਇਸ ਇਕ ਦਾ ਕੋਈ ਸ਼ਰੀਕ ਤਾਂ ਵਾਰ ਦੀ ਰਚਨਾ ਤੁਸੀਂ ਕਿਵੇਂ ਕਰੋਗੇ :

(ਦੀ) ਹੀ ਨਤਾਂ ਫਿਰਿ ਪੀਰ ਕਹਿਆ :

ਨਾਨਕ! ਹਿਕ ਖੁਦਾਇ ਕੀ ਵਾਰ ਸੁਣਾਇ, ਅਸਾਨੂੰ ਇਹ ਅਖ ਹੈ, ਜੋ ਵਾਰ ਦਹੁ ਬਾਝੂ ਹੋਂਦੀ ਨਾਹੀ, ਅਤੇ ਤੂ ਇਕੋ ਹਿਕੂ ਆਖਦਾ ਹੈ, ਵੇਖਾਂ ਖੁਦਾਇ ਦਾ ਸਰੀਕ ਤੋਂ ਬਣ ਕਰਸੀ

ਸਾਖੀਕਾਰ ਦਾ ਸਾਹਿਤ ਰਚਨਾ ਦੀ ਸੂਝ ਰੱਖਣਾ ਹੀ ਸਿੱਧ ਕਰਦਾ ਹੈ ਕਿ ਉਹ ਧਰਮ ਕਥਾ ਨੇਤਾ ਕਥਾ ਜਾਂ ਪਰਮਾਰਥ ਕਥਾ ਜਾਂ ਗੋਸ਼ਟ ਕਹਿਣ ਵੇਲੇ ਆਪਣੀ ਸਾਹਿਤ ਧਰਮਤਾ ਪ੍ਰਤਿ ਵੀ ਪੂਰੀ ਤਰ੍ਹਾਂ ਸੁਝ ਸੀ। ਇਸ ਲਈ ਅਸੀਂ ਡਾ. ਪਿਆਰ ਸਿੰਘ ਨਾਲ ਮਿਲ ਕੇ ਇਹ ਸਿੱਟਾ ਕੱਢ ਸਕਦੇ ਹਾਂ "ਇਹ ਚੀਜ ਸਿੱਧ ਕਰਦੀ ਹੈ ਕਿ ਲੇਖਕ ਸਾਹਿਤ ਰਚਨਾ ਦੀਆਂ ਬਰੀਕੀਆਂ ਤੋਂ ਜਾਣੂ ਹੈ ਅਤੇ ਉਸ ਦੀ ਇਸ ਸਾਹਿਤਿਕ ਸੂਝ ਦਾ ਪ੍ਰਮਾਣ ਇਸ ਗੱਦ ਦੀਆਂ ਸ਼ੈਲੀਗਤ ਖੂਬੀਆਂ ਤੋਂ ਥਾਂ ਪੁਰ ਥਾਂ ਮਿਲਦਾ ਹੈ।" ਪੂਰਨ ਸਿੰਘ ਹੁਰੀਂ ਪੁਰਾਤਨ ਜਨਮਸਾਖੀ ਦੀ ਸਾਹਿਤਿਕਤਾ ਬਾਰੇ ਬਹੁਤ ਹੀ ਭਾਵਪੂਰਨ ਸ਼ੈਲੀ ਵਿਚ ਲਿਖਦੇ ਹਨ: ਨਸਰ ਉਹਨਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੇਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫ਼ਤ ਸਮੀਰ ਨਾਲ ਹਿਲਦੇ ਸਨ। ਪੁਰਾਤਨ ਜਨਮਸਾਖੀ ਪੜ੍ਹਨ ਨਾਲ ਪਤਾ ਲਗਦਾ ਹੈ ਕਿ ਨਸਰ ਲਿਖਣੀ ਕਿੱਡੀ ਮੁਸ਼ਕਲ ਹੈ ਇੱਥੇ ਰੂਹ ਤੇ ਦਿਮਾਗ਼ ਦੀ ਨੰਗੀ ਤਸਵੀਰ ਖਿਚੀਂਦੀ ਹੋਈ। ਇਹ ਪੁਰਾਣੀ ਕੋਲ ਬਰੂਕ ਸਾਹਿਬ ਦੀ ਲੱਭੀ ਜਨਮਸਾਖੀ ਦੀ ਇਬਾਰਤ ਹੈ, ਆਪਣੀ ਸਾਦਗੀ ਦੇ ਕਮਾਲ ਵਿਚ ਕਿੰਨੀ ਭਾਵ ਭਰੀ, ਮਿੱਠੀ, ਸਰਲ ਤੇ ਰੋਹਬਦਾਬ ਵਾਲੀ ਹੈ, ਜਿਸ ਤਰ੍ਹਾਂ ਇਕ ਵੱਡਾ ਬਜ਼ੁਰਗ ਪਿੱਪਲ ਹੇਠ ਬੈਠਾ, ਨੂਰੀ ਚਿਹਰਾ, ਨੂਰੀ ਬੀਬੀ ਲੰਮੀ ਦਾਹੜੀ ਤੇ ਕੇਸ ਮੋਹਢਿਆਂ ਤੇ ਸੁੱਟੇ ਬੈਠਾ ਗੱਲਾਂ ਕਰਦਾ ਹੋਵੇ। ਮਿੱਠੀਆਂ-ਮਿੱਠੀਆਂ ਗੱਲਾਂ ਕਰ ਰਿਹਾ ਹੈ, ਤੇ ਇਉਂ ਜਾਪਦਾ ਹੈ ਜਿਵੇਂ ਅਰਸ਼ਾਂ ਥੀਂ ਮਾਖਿਉਂ ਦਾ ਮੀਂਹ ਪੈ ਰਿਹਾ ਹੈ, ਉਹਦੇ ਰੂਹ ਦਾ ਰੰਗ ਵੱਖਰੇ-ਵੱਖਰੇ ਫ਼ਿਕਰੇ ਬਣਾ ਰਿਹਾ ਹੈ, ਆਪ-ਮੁਹਾਰੇ ਗੁੰਦੇ ਜਾ ਰਹੇ ਹਨ, ਤੇ ਇਕ ਘੜੀ ਪਲ ਦੀ ਵਾਰਤਾਲਾਪ ਅਫਲਾਤੂ ਦੀ ਪੁਸਤਕ ਦੇ ਟੁਕੜੇ ਸਹਿਜ ਸੁਭਾਅ ਹੋ ਗਈ ਹੈ। ਇਹ ਸਾਹਿਤਯ ਹੈ ਜਿਹੜਾ ਜੀਵਨ ਨੂੰ ਦੀਪਤ ਕਰਨ ਵਿਚ ਸਹਾਈ ਹੁੰਦਾ ਹੈ। ਨਸਰ ਤੇ ਨਜ਼ਮ ਵਿਚ ਫ਼ਰਕ ਬੜਾ ਘੱਟ ਰਹਿ ਜਾਂਦਾ ਹੈ ਜਦਕਿ ਅਨੁਭਵੀ ਪੁਰਸ਼ਾਂ ਦੇ ਵਚਨਾਂ ਦੀ ਮਿੱਠ ਦੀ ਗੇਂਦ ਹੋਵੇ। ਗੁਰੂ ਨਾਨਕ ਬੋਲਿਆ, 'ਅੰਗਦਾ' ਇਥਹੁ ਭਜ ਜਾਹਿ।

**ਛੰਦ-ਵਿਵਸਥਾ**

ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਪੰਜਾਬੀ, ਬ੍ਰਜ ਭਾਸ਼ਾ, ਸੰਸਕ੍ਰਿਤ, ਉਰਦੂ, ਫਾਰਸੀ ਤੇ ਅਰਬੀ ਆਦਿ ਬੋਲੀਆਂ ਦੇ ਵਿਦਵਾਨ ਤੇ ਹਿੰਦੂ-ਮੁਸਲਿਮ, ਜੈਨੀ ਤੇ ਬੋਧੀ ਫਿਲਾਸਫੀ ਦੇ ਮਾਹਰ ਸਨ, ਇਸੇ ਲਈ ਉਹਨਾਂ ਆਪਣੀਆਂ ਚੌਹਾਂ ਜਾਂ ਪੰਜਾਂ ਉਦਾਸੀਆਂ ਵਿਚ ਨਾ ਕੇਵਲ ਦੇਸ਼-ਵਿਦੇਸ਼ ਦੇ ਆਦਿ ਧਰਮੀਆਂ ਨੂੰ ਹੀ ਜੀਵਨ ਦੀ ਸਹੀ ਸੇਧ ਦੱਸ ਕੇ ਸਿੱਧੇ ਰਸਤੇ ਪਾਇਆ, ਸਗੋਂ ਮੱਕੇ ਮਦੀਨੇ ਤੇ ਬਗ਼ਦਾਦ ਦੇ ਮੁੱਲਾਂ-ਮੁਲਾਇਆਂ, ਮੁਫਤੀਆਂ, ਤੇ ਪੀਰਾਂ ਫ਼ਕੀਰਾਂ ਨੂੰ ਵੀ ਸੱਚਾਈ ਦੇ ਰਾਹ ਪਾਇਆ ਸੀ। ਇਸ ਕਾਰਨ ਗੁਰੂ ਨਾਨਕ ਬਾਣੀ ਵਿਚ ਨਾਮ ਬਾਣੀ ਦੇ ਉਪਦੇਸ਼ ਨਾਲ ਹੀ ਕਾਵਯ-ਸਾਹਿਤ ਦੀ ਝਲਕ ਵੀ ਪਾਈ ਜਾਂਦੀ ਹੈ, ਤੇ ਸਲੋਕ ਵਾਰਾਂ ਤੇ ਵਧੀਕ ਮਹਲਾ ੧ ਵਿਚ ਵਿੱਦਿਆ ਸੰਬੰਧੀ ਉਹਨਾਂ ਦੇ ਇਹ ਮਹਾਵਾਕ ਹਮੇਸ਼ਾ ਚੇਤੇ ਰੱਖਣਯੋਗ ਹਨ, ਜਿਵੇਂ

ਇਹ ਕਹਿ ਜਾਣਨਿ ਕਹਿਆ ਬੁਝਨਿ ਤੇ ਦਰ
ਸੁਘੜ ਸਰੂਪ ਇਕਨਾ ਨਾਦੁ ਨ ਬੇਦੁ ਨ ਗੀਅਰਸ,
ਰਸ ਕਸੁ ਨਾ ਜਾਣੈਤਿ ਇਕਨਾ ਸਿਧਿ ਨ ਬੁਧਿ ਨ ਅਕਲਿਸਰ,
ਅਖਰ ਕਾ ਭਉ ਨ ਲਹੰਤ ਨਾਨਕ ਤੇ ਨਰ ਅਸਲਿ ਖਰ,
ਜਿ ਬਿਨੁ ਗੁਣ ਗਰਬ ਕਰੰਤ॥5॥

ਇਸ ਲਈ ਗੁਰੂ ਨਾਨਕ ਨੇ ਆਪਣੀ ਅਕਾਲੀ ਬਾਣੀ ਵਿਚ, ਜਿਹੜੀ ਕਿ ਇਸ ਪੁਰਾਤਨ ਜਨਮ-ਸਾਖੀ ਵਿਚ ਵੀ ਦਰਜ ਹੈ, ਯਥਾਕ੍ਰਮ ਉਲਾਲ, ਸਰਸੀ, ਸ਼ਲੋਕ, ਸਵੱਯਾ, ਲਲਿਤਪਦ, ਹਾਕਲ, ਕਲਸ, ਗੀਤਾ (ਸੀਆ ਮਾਲਤੀ), ਘਨਕਲਾ, ਚੌਪਈ, ਤਾਟੰਕ, ਪਉੜੀ, ਪ੍ਰਮਾਣਿਕਾ, ਵਿਸ਼ਨੂਪਦ, ਪੁਨਹਾ ਤੇ ਰੂਪਮਾਲਾ ਨਾਮੀ ਸਤਾਰ੍ਹਾਂ ਛੰਦ ਵਰਤੇ ਹਨ, ਜੋ ਮਾਤਰਿਕ, ਵਰਨਿਕ ਤੇ ਗਣਿਕ ਨਾਂ ਦੀਆਂ ਤਿੰਨੇ

ਕਿਸਮਾਂ ਨਾਲ ਸੰਬੰਧ ਰੱਖਦੇ ਹਨ। ਇਸ ਤੋਂ ਪਾਠਕ ਗੁਰੂ ਨਾਨਕ ਦੀ ਅਲੌਕਿਕ ਕਾਵਜ-ਪ੍ਰਤਿਭਾ ਦਾ ਅਨੁਮਾਨ ਸਹਿਜੇ ਹੀ ਲਗਾ ਸਕਦੇ ਹਨ। ਪ੍ਰਮਾਣ ਵੱਜੋਂ ਉਹਨਾਂ ਦੀ ਬਾਣੀ ਦੇ ਦੋ ਉਦਾਹਰਨ ਹਨ : (i) ਪ੍ਰਮਾਣਿਕਾ (ਗਣਿਕ-ISI, SIS, 1,S) :

ਨਾ ਦੇਵ ਦਾਨਵਾਂ ਨਰਾ। ਨ ਸਿਧ ਸਾਧਿਕਾ ਬਰਾ।

ਕਲਾ ਧਰੈ ਹਿਰੈ ਸਈ। ... (ਵਾਰ ਮਾਝ ਮਹਲਾ ੧)

## ਸਾਰਾਂਸ਼

ਪੁਰਾਤਨ ਜਨਮ-ਸਾਖੀ ਗੁਰੂ ਨਾਨਕ ਦਾ ਸਾਹਿਤਿਕ ਮੁਲਾਂਕਣ, ਜਿਸ ਬਾਰੇ ਵਧੇਰੇ ਵਿਸਤਾਰ ਦੀ ਥਾਵੇਂ ਸੰਖੇਪ ਰੂਪ ਤੋਂ ਹੀ ਕੰਮ ਲਿਆ ਗਿਆ ਹੈ, ਉਸ ਸਮੇਂ ਜਦ ਇਹ ਜਨਮ-ਸਾਖੀ ਗੁਰੂ ਸਾਹਿਬ ਦੇ ਹਜ਼ੂਰੀ ਸਿੱਖਾਂ ਵੱਲੋਂ ਕਲਮ-ਬੰਦ ਹੁੰਦੀ ਰਹੀ, ਦਰਅਸਲ ਪੰਜਾਬੀ ਗੱਦ ਦਾ ਪ੍ਰਾਰੰਭ ਕਾਲ ਸੀ ਤੇ ਗੁਰੂ ਦਰਬਾਰੀ ਵੀ ਉਸ ਸਮੇਂ ਬਹੁਤੇ ਮੱਦ ਦੇਸ਼ (ਮਾਝੇ) ਦੇ ਜੰਮ ਪਲ ਤੇ ਰਾਵੀ ਝਨਾਂ ਤੋਂ ਪਾਰ ਲਹਿੰਦੇ ਪੰਜਾਬ ਦੇ ਵਸਨੀਕ ਸਨ। ਗੁਰੂ ਨਾਨਕ ਦਾ ਜਨਮ ਵੀ ਤਲਵੰਡੀ ਰਾਇ ਭੋਏ (ਨਨਕਾਣਾ ਸਾਹਿਬ), ਜ਼ਿਲ੍ਹਾ ਸ਼ੇਖ਼ੂਪੁਰਾ ਦਾ ਸੀ, ਇਸ ਲਈ ਉਹਨਾਂ ਦੀ ਜ਼ਬਾਨ ਤੇ ਇਸ ਜਨਮ-ਸਾਖੀ ਦੀ ਜ਼ੁਬਾਨ ਵਿਚ ਲਹਿੰਦੀ ਦਾ ਵਧੀਕ ਪ੍ਰਭਾਵ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪੁਰਾਤਨ ਜਨਮ-ਸਾਖੀ ਦੀ ਸਭ ਤੋਂ ਵੱਡੀ ਤਾਰੀਖ਼ੀ ਤੇ ਕਲਾਤਮਿਕਤਾ ਦੀ ਅਹਿਮੀਅਤ ਇਹੋ ਹੈ ਕਿ ਇਹ ਸਭ ਤੋਂ ਪਹਿਲਾਂ ਪੰਜਾਬੀ ਗੱਦ ਅਥਵਾ ਵਾਰਤਕ ਰਚਨਾ ਦਾ ਅਤਿ ਉੱਤਮ ਨਮੂਨਾ ਹੈ, ਜਿਸ ਦਾ ਲਗਾਊ ਹਿੰਦਵੀਅਤ, ਉਰਦੂ, ਬ੍ਰਜ ਭਾਸ਼ਾ, ਸੰਸਕ੍ਰਿਤ ਤੇ ਫ਼ਾਰਸੀ ਜਾਂ ਹੋਰ ਕਿਸੇ ਬੋਲੀ ਨਾਲ ਕੋਈ ਨਹੀਂ ਹੈ। ਇਸ ਠੇਠ ਪੰਜਾਬੀ ਗੱਦ ਨੂੰ ਸਵੱਛ ਢੰਗ ਨਾਲ ਅੰਕਿਤ ਕਰਨ ਲਈ ਗੁਰੂ ਨਾਨਕ ਨੇ ਲਿਪੀ ਵੀ ਆਪਣੀ ਹੀ ਬਣਾ ਲਈ ਸੀ, ਜਿਸ ਦੇ ਮੁੱਢ ਦਾ ਸੰਕੇਤ ਰਾਗ ਆਸਾ ਪੱਟੀ ਮਹੱਲਾ ੧ ਦੇ ਸ਼ਬਦ ਸਸੈ ਸੋਇ ਸ੍ਰਿਸਟਿ ਜਿਨ ਸਾਜੀ ਸਭਨਾ ਸਾਹਿਬ ਏਕ ਭਇਆ।" ਤੋਂ ਸਾਫ਼ ਪਤਾ ਲੱਗਦਾ ਹੈ। ਇਸ ਸੰਬੰਧ ਵਿਚ ਲਿਪੀ ਤੇ ਪੰਜਾਬੀ ਸ਼ਬਦ-ਸ਼ਾਸਤਰ ਦੇ ਸਿਰਜਣਹਾਰ ਹੋਣ ਕਰਕੇ ਗੁਰੂ ਜੀ ਦਾ ਲਿਖਣ-ਢੰਗ, ਜਿਵੇਂ ਕਿ ਉਹਨਾਂ ਦੀ ਰਾਗਾਤਮਿਕ ਅਕਾਲੀ ਬਾਣੀ ਤੋਂ ਸਾਫ਼ ਝਲਕ ਪੈਂਦੀ ਹੈ, ਬਿਲਕੁਲ ਆਪਣਾ ਹੀ ਨਵਾਂ ਇਨਕਲਾਬੀ ਲਿਖਣ-ਢੰਗ ਸੀ, ਭਾਸ਼ਾ ਵਿਗਿਆਨਿਕ, ਸਮਝ-ਸੂਝ ਵੀ ਆਪਣੀ ਅਤੇ ਵਿਚਾਰ ਅਤੇ ਭਾਵ ਪ੍ਰਕਾਸ਼ਨ-ਪ੍ਰਣਾਲੀ ਵਿਚ ਵੀ ਆਪਣੀ ਹੀ ਨਵੀਂ ਤੇ ਨਿਰਾਲੀ ਰੰਗਣ, ਜਿਸ ਦਾ ਮੁਕਾਬਲਾ ਕਿਸੇ ਸਾਧਾਰਣ ਲੇਖਕ ਦੀ ਕਲਮ ਨਹੀਂ ਕਰ ਸਕਦੀ।

## ਕੇਂਦਰੀ ਸ਼ਬਦ

**ਬਿਰਤਾਂਤ**- ਕਿਸੇ ਕਥਾ ਦੇ ਵਿਸਥਾਰ ਦਾ ਪਲਾਂਟ।

**ਸਾਖੀ**-ਜਨਮਸਾਖੀਆਂ ਨੂੰ ਸਾਖੀ ਵੀ ਕਿਹਾ ਜਾਂਦਾ ਰਿਹਾ ਹੈ।

**ਸਾਖੀਕਾਰ**- ਜਨਮਸਾਖੀ ਲਿਖਣ ਵਾਲਾ ਲੇਖਕ।

**ਅਸਧਾਰਨ** – ਜੋ ਆਮ ਸਾਧਾਰਨ ਨਾ ਹੋਕੇ ਵਿਸ਼ੇਸ਼ ਹੋਵੇ।

**ਪੌਰਾਣਿਕ**- ਹਿੰਦੂ ਮਿਥਿਹਾਸਕ ਕਥਾਵਾਂ

## ਸਵੈ-ਮੁਲਾਂਕਣ

**ਪ੍ਰਸ਼ਨ 1. ਭਾਈ ਵੀਕ ਸਿੰਘ ਨੇ ਪੁਰਾਤਨ ਜਨਮ ਸਾਖੀ ਦੀ ਸੰਪਾਦਨਾ ਕਦੋਂ ਕੀਤੀ?**

ੳ) 1922

ਅ) 1923

ੲ) 1926

ਸ)1925

**ਪ੍ਰਸ਼ਨ 2. 'ਜਨਮ ਸਾਖੀਆਂ: ਇੱਕ ਇਤਿਹਾਸਕ ਪੜਚੋਲ' ਕਿਸ ਦੀ ਰਚਨਾ ਹੈ?**

ੳ) ਡਾ. ਅਸ਼ੋਕ ਕੁਮਾਰ

ਅ) ਡਾ. ਸ਼ੇਰ ਸਿੰਘ

ੲ) ਭਾਈ ਵੀਰ ਸਿੰਘ

ਸ)ਰਤਨ ਸਿੰਘ ਜੱਗੀ

**ਪ੍ਰਸ਼ਨ 3. ਜਨਮ ਸਾਖੀ ਸਾਹਿਤ ਕਿਸ ਤਰ੍ਹਾਂ ਦੀ ਸਾਹਿਤ ਹੈ?**

ੳ) ਧਾਰਮਿਕ

ਅ) ਬਹੁਪੱਖੀ

ੲ) ਸਮਾਜਿਕ

ਸ) ਲੋਕਿਕ

**ਪ੍ਰਸ਼ਨ 4. ਜਨਮ ਸਾਖੀ ਸਾਹਿਤ ਕਦੋਂ ਤੋਂ ਕਦੋਂ ਤੱਕ ਰਚਿਆ ਜਾਂਦਾ ਰਿਹਾ ਹੈ?**

ੳ) 16ਵੀਂ ਤੋਂ 19 ਸਦੀ ਤੱਕ

ਅ) 16 ਵੀਂ ਤੋਂ 20ਵੀਂ ਸਦੀ ਤੱਕ

ੲ) 17 ਤੋਂ 18ਵੀਂ ਸਦੀ ਤੱਕ

ਸ)17ਵੀ ਤੋਂ 19ਵੀਂ ਸਦੀ ਤੱਕ

**ਪ੍ਰਸ਼ਨ 5. ਬਾਈ ਵੀਰ ਸਿੰਘ ਦਾ ਜਨਮ ਕਦੋਂ ਹੋਇਆ?**

ੳ) 1871

ਅ) 1872

ੲ) 1972

ਸ)1877

**ਪ੍ਰਸ਼ਨ 6. ਭਾਈ ਵੀਰ ਸਿੰਘ ਦਾ ਦਿਹਾਂਤ ਕਦੋਂ ਹੋਇਆ?**

ੳ) 1980

ਅ) 1977

ੲ) 1962

ਸ)1957

**ਪ੍ਰਸ਼ਨ 7. ਭਾਈ ਵੀਰ ਸਿੰਘ ਦਾ ਜਨਮ ਕਿਸ ਸ਼ਹਿਰ ਵਿਖੇ ਹੋਇਆ?**

ੳ) ਪਟਿਆਲਾ

ਅ) ਗੁਰਦਾਸਪੁਰ

ੲ) ਅਮ੍ਰਿਤਸਰ

ਸ) ਜਲੰਧਰ

**ਪ੍ਰਸ਼ਨ 8. ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਕਦੋਂ ਰੱਖੀ ਗਈ?**

ੳ) 1893

ਅ) 1897

ੲ) 1890

ਸ)1896

**ਪ੍ਰਸ਼ਨ 9. ਭਾਈ ਵੀਰ ਸਿੰਘ ਨੇ ਕਿਹੜਾ ਮਾਸਿਕ ਪਰਚਾ ਸ਼ੁਰੂ ਕੀਤਾ?**

ੳ) ਅਰਦਾਸ਼

ਅ) ਨਿਰਗੁਣੀਆਰਾ

ੲ) ਗੁਰੂ ਸ਼ਬਦ

ਸ) ਪ੍ਰੀਤਲੜੀ

**ਪ੍ਰਸ਼ਨ 10. ਭਾਈ ਵੀਰ ਸਿੰਘ ਨੇ ਆਪਣੀ ਕੌਮ ਨੂੰ ਜਾਗ੍ਰਿਤ ਕਰਨ ਲਈ ਕੀ ਕੀਤਾ?**

ੳ) ਵਿਰਸੇ ਤੋਂ ਜਾਣੂ ਕਰਵਾਇਆ

ਅ) ਮਾਂ ਬੋਲੀ ਵਿਚ ਸਾਹਿਤ ਰਚਿਆ

ੲ) ਵਿਦਿਆ ਦਾ ਪ੍ਰਚਾਰ

ਸ) ਉਪਰੋਕਤ ਸਾਰੇ

**ਪ੍ਰਸ਼ਨ 11. ਭਾਈ ਵੀਰ ਸਿੰਘ ਦੀ ਰਚਨਾ ਕਿਹੜੀ ਹੈ?**

ੳ) ਸੁੰਦਰੀ

ਅ) ਸਤਵੰਤ ਕੌਰ

ੲ) ਬਾਬਾ ਨੌਧ ਸਿੰਘ

ਸ) ਉਪਰੋਕਤ ਸਾਰੇ

**ਪ੍ਰਸ਼ਨ 12. ਭਾਈ ਵੀਰ ਸਿੰਘ ਨੇ ਕਿਸ ਵਿਧਾ ਵਿਚ ਸਾਹਿਤ ਰਚਿਆ?**

ੳ) ਕਵਿਤਾ

ਅ) ਨਾਵਲ

ੲ) ਨਾਟਕ

ਸ) ਉਪਰੋਕਤ ਸਾਰੇ

**ਪ੍ਰਸ਼ਨ 13. ਭਈ ਵੀਰ ਸਿੰਘ ਦੀ ਰਚਨਾ ਮੇਰੇ ਸਾਂਈਆ ਜੀਉ ਨੂੰ ਕਿਹੜਾ ਸਨਮਾਨ ਪ੍ਰਪਤ ਹੋਇਆ?**

ੳ) ਸਰਵੋਤਮ ਸਾਹਿਤਕ ਰਚਨਾ

ਅ) ਸਾਹਿਤ ਅਕਾਦਮੀ ਪੁਰਸਕਾਰ

ੲ) ਨੋਬਲ ਪੁਰਸਕਾਰ

ਸ) ਸਰਸਵਤੀ ਪੁਰਸਕਾਰ

**ਪ੍ਰਸ਼ਨ 14.ਪੁਰਾਤਨ ਜਨਮ ਸਾਖੀ ਵਿਚ ਕਿੰਨੀਆਂ ਸਾਖੀਆਂ ਸਾਮਿਲ ਸਨ?**

ੳ) 57

ਅ) 18

ੲ) 40

ਸ)58

**ਪ੍ਰਸ਼ਨ 15. ਪੁਰਾਤਨ ਜਨਮਸਾਖੀ ਨੂੰ ਪੁਰਤਨ ਦਾ ਜਦਰਜਾ ਕਿਸ ਨੇ ਦਿੱਤਾ?**

ੳ) ਰੁਗੁ ਨਾਨਕ ਨੇ

ਅ) ਭਾਈ ਮਰਦਾਨੇ ਨੇ

ੲ) ਭਾਈ ਵੀਰ ਸਿੰਘ ਨੇ

ਸ) ਭਾਈ ਬਾਲਾ ਜੀ ਨੇ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੲ** | **2 ਅ** | **3. ਅ** | **4. ੳ** | **5. ੲ** |
| **6.ਸ** | **7. ੲ** | **8. ੳ** | **9. ਅ** | **10. ਸ** |
| **11. ਸ** | **12. ਸ** | **13. ਅ** | **14. ੳ** | **15. ੲ** |

## ਅਭਿਆਸ ਪ੍ਰਸ਼ਨ

ਪ੍ਰਸ਼ਨ 1. ਭਾਵੀ ਵੀਰ ਸਿੰਘ ਦੇ ਪਿਤਾ ਦਾ ਨਾਮ ਕੀ ਸੀ?

ਪ੍ਰਸ਼ਨ 2. ਭਾਈ ਵੀਰ ਸਿੰਘ ਨੇ ਕਿਸ ਪਰਚੇ ਦੀ ਸ਼ੁਰੂਆਤ ਕੀਤੀ?

ਪ੍ਰਸ਼ਨ 3.ਪੁਰਾਤਨ ਜਨਮਸਾਖੀ ਵਿਚ ਕਿੰਨੀਆਂ ਸਾਖੀਆਂ ਸ਼ਾਮਿਲ ਸਨ?

ਪ੍ਰਸ਼ਨ 4. ਪੁਰਾਤਨ ਜਨਮਸਾਖੀ ਕਿਸ ਤੇ ਆਧਾਰਿਤ ਹੈ?

ਪ੍ਰਸ਼ਨ 5. ਭਾਈ ਵੀਰ ਸਿੰਘ ਨੇ ਕਿਸ ਕਿਸ ਸਾਹਿਤਕ ਵਿਧਾਵਾਂ ਵਿਚ ਰਚਨਾ ਕੀਤੀ?

## ਸੰਦਰਭ ਪੁਸਤਕਾਂ


- ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
- ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
- ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
- ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
- ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


## ਵੈਬ ਲਿੰਕ

- https://punjabipedia.org/topic.aspx?txt=%E0%A8%AA%E0%A9%81%E0%A8%B0%E0%A8%BE%E0%A8%A4%E0%A8%A8%20%E0%A8%9C%E0%A8%A8%E0%A8%AE-%E0%A8%B8%E0%A8%BE%E0%A8%96%E0%A9%80
- https://pa.wikipedia.org/wiki/%E0%A8%AA%E0%A9%81%E0%A8%B0%E0%A8%BE%E0%A8%A4%E0%A8%A8_%E0%A8%9C%E0%A8%A8%E0%A8%AE_%E0%A8%B8%E0%A8%BE%E0%A8%96%E0%A9%80

**Dr.** *Satwant Singh*, ***Lovely Professional University***

# ਅਧਿਆਇ-14 : ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ ਦੇ ਵਿਭਿੰਨ ਪੱਖ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਪੁਰਾਤਨ ਜਨਮਸਾਖੀ ਦਾ ਇਤਿਹਸਕ ਪੱਖ
4. ਪੁਰਾਤਨ ਜਨਮਸਾਖੀ ਦਾ ਮਿਥਿਹਾਸਕ ਪੱਖ
5. ਪੁਰਾਤਨ ਜਨਮਸਾਖੀ ਦਾ ਲੋਕਧਰਾਈ ਪੱਖ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੁਰਾਤਨ ਜਨਮ ਸਾਖੀ ਦੀ ਇਤਿਹਾਸਕ ਮਹੱਤਤਾ ਬਾਰੇ ਜਾਣ ਸਕਣਗੇ
- ਪੁਰਾਤਨ ਜਨਮ ਸਾਖੀ ਵਿਚਲੇ ਮਿਥਿਹਾਸਿਕ ਤੱਤਾਂ ਦੀ ਨਿਸ਼ਾਨਦੇਹੀ ਕਰ ਪਾਉਣਗੇ
- ਜਨਮ ਸਾਖੀ ਦੇ ਲੋਕਧਰਾਈ ਅੰਸ਼ਾਂ ਬਾਰੇ ਸਮਝ ਸਕਣਗੇ

## ਭੂਮਿਕਾ

ਪੁਰਾਤਨ ਜਨਮ-ਸਾਖੀ ਪੁਰਾਤਨ ਪੰਜਾਬੀ ਵਾਰਤਕ ਦੀ ਮਹੱਤਵਪੂਰਨ ਰਚਨਾ ਹੈ। ਪੁਰਾਤਨ ਜਨਮ-ਸਾਖੀ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਪੇਸ਼ ਕਰਨ ਵਾਲਾ ਹੈ। ਇਸ ਸਾਖੀ ਦੀ ਦੱਸ ਸਭ ਤੋਂ ਪਹਿਲਾਂ ਇੱਕ ਜਰਮਨ ਈਸਾਈ ਮਿਸ਼ਨਰੀ ਅਰਨੈਸਟ ਟਰੰਪ ਨੇ ਪਾਈ। ਇਹ ਜਨਮ ਸਾਖੀ 1872 ਈਸਵੀ ਵਿਚ ਪ੍ਰਾਪਤ ਹੋਈ। ਜਨਮ ਸਾਖੀਆਂ ਮੱਧਕਾਲੀਨ ਵਾਰਤਕ ਸਾਹਿਤ ਵਿਚੋਂ ਪ੍ਰਮੁੱਖ ਸਾਹਿਤ ਰੂਪ ਹਨ। ਚਾਹੇ ਇਸ ਕਾਲ ਵਿੱਚ ਗੋਸਟਾ, ਪਰਮਾਰਥ ,ਟੀਕੇ ,ਬਚਨ, ਰਹਿਤ ਨਾਮੇ ਹੁਕਮਨਾਮੇ ਅਤੇ ਪਰਚੀਆਂ ਆਦਿ ਵਾਰਤਕ ਰੂਪ ਵੀ ਮਿਲਦੇ ਹਨ ਪਰ ਇਨ੍ਹਾਂ ਸਾਰੀਆਂ ਵਿਚੋਂ ਜਨਮ

ਸਾਖੀਆਂ ਮਹੱਤਵਪੂਰਨ ਹਨ। ਜਦੋਂ ਅਸੀਂ ਪੁਰਾਤਨ ਜਨਮ-ਸਾਖੀ ਆ ਵੱਲ ਧਿਆਨ ਦਿੰਦੇ ਹਾਂ ਤਾਂ ਸਾਨੂੰ ਗੱਦ ਸਾਹਿਤ ਵਿਚ ਅਨੇਕਾਂ ਸਾਖੀਆਂ ਵੇਖਣ ਨੂੰ ਮਿਲਦੀਆਂ ਹਨ ਪਰ ਇਨ੍ਹਾਂ ਵਿਚੋਂ ਪ੍ਰਮੁੱਖ ਜਨਮ ਸਾਖੀਆਂ ਹੇਠ ਲਿਖੀਆਂ ਹਨ:-

੧ ਪੁਰਾਤਨ ਜਨਮ-ਸਾਖੀ

੨ ਸੋਢੀ ਮਿਹਰਬਾਨ ਵਾਲੀ ਜਨਮ-ਸਾਖੀ

੩ ਭਾਈ ਬਾਲੇ ਵਾਲੀ ਜਨਮ-ਸਾਖੀ

੪ ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ

ਇਹਨਾਂ ਸਾਰੀਆਂ ਜਨਮ-ਸਾਖੀਆਂ ਵਿਚ ਸਾਂਝ ਇਹ ਹੈ ਕਿ ਇਹ ਸਾਖੀਆਂ ਅਧਿਆਤਮਕ ਹਨ, ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿੱਤਰ ਨਾਲ ਸਬੰਧਿਤ ਅਤੇ ਗੁਰਮੁਖੀ ਲਿਪੀ ਵਿੱਚ ਲਿਖੀਆਂ ਹੋਈਆ ਮਿਲਦੀਆਂ ਹਨ।

## ਪੁਰਾਤਨ ਜਨਮ-ਸਾਖੀ ਦਾ ਇਤਿਹਾਸਕ ਪੱਖ

ਇਸ ਬਾਰੇ ਪੰਜਾਬੀ ਦੇ ਵਿਦਵਾਨਾਂ ਵਿਚ ਕਾਫ਼ੀ ਮੱਤ-ਭੇਦ ਹੈ ਕਿ ਜਨਮ-ਸਾਖੀ ਸਾਹਿਤ ਵਿਚ ਨਿਰੂਪਿਤ ਇਤਿਹਾਸਿਕ ਘਟਨਾਵਾਂ ਅਤੇ ਵਿਅਕਤੀ ਦੀ ਕੀ ਪ੍ਰਮਾਣਿਕਤਾ ਹੈ? ਇਤਿਹਾਸ ਅਤੇ ਸਭਿਆਚਾਰ, ਇਤਿਹਾਸ ਅਤੇ ਲੋਕ-ਵਿਸ਼ਵਾਸ ਵਿਚ ਢੇਰ ਅੰਤਰ ਹੈ, ਇਸੇ ਤਰ੍ਹਾਂ ਇਤਿਹਾਸ ਅਤੇ ਧਰਮ ਤੇ ਇਤਿਹਾਸ ਅਤੇ ਦਰਸ਼ਨ ਵਿਚ ਵੀ ਅੰਤਰ ਹੈ। ਸਾਖੀਆਂ ਮਨੋਕਲਪਿਤ ਗਿਆਨ-ਕਥਾਵਾਂ ਹਨ, ਇਹਨਾਂ ਵਿਚ ਆਇਆ ਇਤਿਹਾਸ ਜਾਂ ਇਤਿਹਾਸਿਕ ਵਿਅਕਤੀਆਂ ਸੰਬੰਧੀ ਹਵਾਲੇ ਇਤਿਹਾਸਿਕ ਕਸਵੱਟੀ 'ਤੇ ਪੂਰੇ ਨਹੀਂ ਉੱਤਰਦੇ। ਇਹਨਾਂ ਦਾ ਚਰਿੱਤਰ-ਨਾਇਕ ਗੁਰੂ ਨਾਨਕ ਦੇਵ ਹੀ ਇੱਕੋ ਇੱਕ ਪ੍ਰਮਾਣਿਕ ਇਤਿਹਾਸਿਕ ਵਿਅਕਤੀ ਹੈ, ਉਹ ਵੀ ਉਸ ਰੂਪ ਵਿਚ ਨਹੀਂ ਜਿਸ ਰੂਪ ਵਿਚ ਅੱਜ ਇਤਿਹਾਸ ਉਨ੍ਹਾਂ ਨੂੰ ਜਾਣਦਾ ਹੈ, ਸਗੋਂ ਉਸੇ ਰੂਪ ਵਿਚ ਹੈ ਜਿਸ ਰੂਪ ਵਿਚ ਉਸ ਨੂੰ ਧਰਮ ਤੇ ਦਰਸ਼ਨ ਵਿਚ ਪਵਿੱਤਰ ਵਿਸ਼ਾਲ ਜਨ-ਸਮੂਹ ਤੇ ਸਾਧੂ-ਸਮਾਜ ਦੇਖਦਾ ਹੈ। ਉਨ੍ਹਾਂ ਦੀ ਬਾਣੀ ਦੀਆਂ ਤੁਕਾਂ ਜਾਂ ਹੋਰ ਗੁਰੂ ਸਾਹਿਬਾਨ ਦੀ ਬਾਣੀ ਸਮੇਂ, ਸਥਾਨ ਅਤੇ ਸਥਿਤੀ ਦੀ ਲੋੜ ਅਨੁਸਾਰ ਢਾਲ ਕੇ ਸਿੱਖਿਆਦਾਇਕ ਜਾਂ ਉਪਦੇਸ਼ਾਤਮਿਕ ਸ਼ੈਲੀ ਵਿਚ ਪੇਸ਼ ਕਰ ਦਿੱਤੀ ਗਈ ਹੈ। ਜੋ ਲੋਕ ਇਹਨਾਂ ਵਿਚੋਂ ਹਵਾਲੇ ਲੈ ਕੇ ਕਿਸ ਇਤਿਹਾਸਿਕ ਸੱਚ ਦੱਸਣ ਦੀ ਗੱਲ ਕਰਦੇ ਹਨ, ਉਹ ਭਾਰੀ ਗ਼ਲਤੀ ਦਾ ਸ਼ਿਕਾਰ ਹਨ। ਇਸ ਵਿਚਲਾ ਇਤਿਹਾਸ ਸਭਿਆਚਾਰਕ ' ਤੇ ਧਾਰਮਿਕ ਜੀਵਨ ਦਾ ਧਾਰਨੀ ਬਹੁਤਾ ਹੈ। ਪ੍ਰਮਾਣਿਕ ਘਟਨਾਕ੍ਰਮ ਤੋਂ ਵਿਅਕਤੀ-ਚਰਿੱਤਰ ਦਾ ਲਖਾਇਕ ਘੱਟ ਹੈ।

**ਡਾ. ਕਿਰਪਾਲ ਸਿੰਘ** ਨੂੰ ਇਹ, ਇਤਿਹਾਸ ਦਾ ਬਹੁਤ ਵੱਡਾ ਸੋਮਾ ਨਜ਼ਰ ਆਉਂਦੀਆਂ ਹਨ। ਉਹ ਲਿਖਦੇ ਹਨ : ਇਹ ਸਾਖੀਆਂ ਇਤਿਹਾਸਿਕ ਤੱਤਾਂ ਨਾਲ ਭਰੀਆਂ ਪਈਆਂ ਹਨ ਜਿਹੜੀਆਂ ਕਿ ਗੁਰੂ ਨਾਨਕ ਸਾਹਿਬ ਦੀ ਜੀਵਨੀ ਬਣਾਉਣ ਵਾਸਤੇ ਅਤਿ ਜ਼ਰੂਰੀ ਹਨ। ਮੇਰਾ ਤਾਂ ਵਿਸ਼ਵਾਸ ਹੈ ਕਿ ਸਾਖੀਕਾਰਾਂ ਨੂੰ ਬੜੀ ਇਤਿਹਾਸਿਕ ਸੂਝ ਸੀ। ਵਲਾਇਤ ਵਾਲੀ ਜਨਮ-ਸਾਖੀ ਵਿਚ ਬਹੁਤ ਹੀ ਇਤਿਹਾਸਿਕ ਤੱਤ ਮਿਲਦੇ ਹਨ। ਇੱਕ ਜਨਮ-ਸਾਖੀ ਵਿਚ ਲਿਖਿਆ ਹੈ ਕਿ ਗੁਰੂ ਮਹਾਰਾਜ ਆਸਾ ਦੇਸ਼ ਗਏ। ਗੁਰੂ ਨਾਨਕ ਸਾਹਿਬ ਕਾਮਰੂਪ ਗਏ। ਹੁਣ ਡਾਕਟਰ ਮੈਕਲੋਡ ਨੇ ਲਿਖਿਆ ਹੈ ਕਿ ਆਸਾ ਦੇਸ ਕੋਈ ਦੇਸ ਨਹੀਂ ਹੈ। ਉਸ ਦੇ ਖ਼ਿਆਲ ਅਨੁਸਾਰ ਇਹ ਇੱਕ ਮਿਥਿਹਾਸਿਕ ਗੱਲ ਹੈ, ਇਹ ਮਿਥਿਆ ਹੈ। ਪਰ ਜੇਕਰ ਅਸੀਂ ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਆਸਾ ਦੇਸ਼ ਮਿਥਿਆ ਨਹੀਂ, ਅਸਲੀਅਤ ਹੈ।

ਅਸਲ ਗੱਲ ਇਹ ਹੈ ਕਿ ਡਾ. ਕਿਰਪਾਲ ਸਿੰਘ ਬੜੀ ਇਤਿਹਾਸਿਕ ਸੂਝ ਅਤੇ 'ਬਹੁਤ ਇਤਿਹਾਸਿਕ ਤੱਤ' ਕਹਿ ਕੇ ਖ਼ੁਦ ਵੀ ਵਧੇਰੇ ਵਿਸ਼ਵਾਸ ਨਾਲ ਬੋਲਦੇ ਨਜ਼ਰ ਨਹੀਂ ਆਉਂਦੇ। ਇਸ ਦੀਆਂ ਕੁੱਝ ਗੱਲਾਂ ਇਤਿਹਾਸਿਕ ਹਨ, ਇਸ ਗੱਲ ਨੂੰ ਸਿੱਧ ਕਰਨ ਲਈ ਉਨ੍ਹਾਂ ਨੇ ਜਿਸ ਮਹਾਨਕੋਸ਼ ਦਾ ਸਹਾਰਾ ਲਿਆ ਹੈ, ਉਹ ਧਰਮ ਤੇ ਸਦਾਚਾਰ ਦਾ ਕੋਸ਼ ਹੈ, ਕੋਈ ਇਤਿਹਾਸ ਗ੍ਰੰਥ ਨਹੀਂ, ਸਾਨੂੰ ਤਾਂ ਇਸ ਵਿਚ ਡਾ. ਸਾਹਿਬ ਦੀ ਹੱਠ-ਧਰਮਤਾ ਦੇ ਦਰਸ਼ਨ ਹੀ ਵਧੇਰੇ ਹੁੰਦੇ ਹਨ। ਇੱਕ ਹੋਰ ਪੁਸਤਕ-ਜਨਮਸਾਖੀ ਪਰੰਪਰਾ ਦੇ ਪੰਨਾ 15 ਉੱਤੋਂ ਉਹ 'ਪੁਰਾਤਨ ਜਨਮ-ਸਾਖੀ' ਦੇ ਇਤਿਹਾਸਿਕ ਰੰਗ ਬਾਰੇ ਇਉਂ ਲਿਖਦੇ ਹਨ-

ਹਰ ਹਾਲਤ ਵਿਚ ਇਤਿਹਾਸਿਕ ਪੱਖ ਤੋਂ ਇਹ (ਪੁਰਾਤਨ ਜਨਮ-ਸਾਖੀ) ਇੱਕ ਵਡਮੁੱਲੀ ਰਚਨਾ ਹੈ। ਇਹ ਇੱਕੋ ਇੱਕ ਜਨਮ-ਸਾਖੀ ਹੈ ਜਿਸ ਵਿਚੋਂ ਸੰਕੋਚਵੇਂ ਢੰਗ ਨਾਲ ਗੁਰੂ ਨਾਨਕ ਸਾਹਿਬ ਸੰਬੰਧੀ ਵਡਮੁੱਲੀ ਜਾਣਕਾਰੀ ਮਿਲਦੀ ਹੈ, ਜਿਵੇਂ :

1. ਜਿੱਥੇ-ਜਿੱਥੇ ਵਣਜਾਰੇ ਆਪਣਾ ਪੜਾਅ ਬਣਾਉਂਦੇ ਉਹ ਮਗਰੋਂ ਟਾਂਡਾ ਬਣ ਜਾਂਦਾ ਜਿਵੇਂ ਭੱਟੀ ਆਪਣੇ ਪਿੰਡ ਦਾ ਨਾਂ ਤਲਵੰਡੀ ਰੱਖਦੇ ਸਨ। 'ਵਣਜਾਰਿਆਂ ਦਾ ਟਾਂਡਾ' ਸਾਖੀ ਵਿਚ ਸ਼ਬਦ ਵਣਜਾਰਿਆਂ ਨੂੰ ਸੰਬੋਧਨ ਕਰਕੇ ਉਚਾਰਿਆ ਹੈ। ਇਹ ਟਾਂਡਾ ਨਾਮ ਦਾ ਨਗਰ ਰਿਆਸਤ ਰਾਮਪੁਰ ਵਿਚ ਮੁਰਾਦਾਬਾਦ ਦੇ ਨੇੜੇ ਤਰਾਈ ਦੇ ਨਾਲ ਦੇ ਇਲਾਕੇ ਵਿਚ ਨਾਨਕ- ਮਤੇ ਤੋਂ ਦੱਖਣ ਵੱਲ ਹੈ। ਇਸੇ ਤਰ੍ਹਾਂ 'ਕਿਹੜੀਆਂ ਪਠਾਣਾ" ਜਾਂ 'ਕਿੜੀਆਂ ਅਫ਼ਗ਼ਾਨਾਂ' ਮੌਜੂਦਾ ਜ਼ਿਲ੍ਹਾ ਗੁਰਦਾਸਪੁਰ ਵਿਚ ਹੈ ਅਤੇ ਸ੍ਰੀ ਹਰਗੋਬਿੰਦਪੁਰ ਡੇ ਨੇੜੇ ਹੈ। ਇੱਥੋਂ ਦੇ ਕੁੱਝ ਮੁਸਲਮਾਨ ਗੁਰੂ ਨਾਨਕ ਸਾਹਿਬ ਦੇ ਸਿੱਖ ਬਣੇ। ਇਹ ਸਾਖੀ ਵੀ ਕੇਵਲ ਇਸੇ ਪੁਰਾਤਨ ਸਾਖੀ ਵਿਚੋਂ ਮਿਲਦੀ ਹੈ।
2. ਕੀੜ ਨਗਰ ਜਾਂ ਕੀੜੇ ਗ੍ਰਾਮ ਮੌਜੂਦਾ ਬੈਜਨਾਥ ਦਾ ਪੁਰਾਣਾ ਨਾਂ ਸੀ। ਇੱਥੇ ਕੀੜੀ ਦੀ ਕੌਮ ਵੱਸਦੀ ਸੀ ਜਿਨ੍ਹਾਂ ਦਾ ਹਾਲ ਕੀੜ ਨਗਰ ਦੇ ਮੰਦਰ ਵਿਚ ਲੱਗੇ ਸ਼ਿਲਾਲੇਖਾਂ ਤੋਂ ਮਿਲਦਾ ਹੈ। ਬੈਜਨਾਥ ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼) ਗੁਰੂ ਨਾਨਕ ਸਾਹਿਬ ਦੇ ਪਧਾਰਨ ਦਾ ਪਤਾ ਲੱਗਦਾ ਹੈ। ਇੱਕ ਹੋਰ ਨਗਰ ਕੋਟਲਾ ਮੀਆਂ ਮਿੱਠਾ ਪਸਰੂਰ ਜ਼ਿਲ੍ਹਾ ਸਿਆਲਕੋਟ- ਪਾਕਿਸਤਾਨ) ਵਿਚ ਜਾਣ ਦਾ ਪਤਾ ਵੀ ਇਸੇ ਪੁਰਾਤਨ ਜਨਮ-ਸਾਖੀ ਤੋਂ ਲੱਗਦਾ ਹੈ।
3. ਇਸ ਜਨਮ-ਸਾਖੀ ਵਿਚ ਆਸਾਮ ਨੂੰ ਆਸਾ ਦੇਸ਼ ਲਿਖਿਆ ਹੈ ਤੇ ਦੱਸਿਆ ਹੈ ਕਿ ਆਸਾ ਦੇਸ਼ ਦੇ ਰਾਜੇ ਸਮੁੰਦਰ ਦੀ ਔਲਾਦ ਸਨ। ਰਾਜਾ ਸਮੁੰਦਰ ਦੇ ਸੰਕੇਤ ਤੋਂ ਪਤਾ ਲੱਗਦਾ ਹੈ ਕਿ ਆਸ਼ਾ ਦੇ ਆਸਾਮ ਹੀ ਸੀ। ਇਸੇ ਤਰ੍ਹਾਂ ਧਨਾਸਰੀ ਦੇਸ਼ ਦਾ ਕਥਨ ਹੈ। ਧਨਾਸਰੀ ਆਸਾਮ ਦੇ ਪੂਰਬ ਵਿਚ ਇੱਕ ਵਾਦੀ ਦਾ ਨਾਂ ਹੈ ਜੋ ਧਨਾਸਰੀ ਦਰਿਆ ਬਣਾਉਂਦਾ ਹੈ। ਇਹਨਾਂ ਦੇ ਵਿਸਤਾਰ ਲਈ ਵਖੋ-ਵਸਦੇ ਰਹੇ,
4. ਮੁੱਖਦਮ ਬਹਾਵਲ ਹੱਕ, ਮੁਲਤਾਨ ਨਿਵਾਸੀ ਬਹਾਊਦੀਨ ਜ਼ਿਕਰੀਆਂ ਦੀ ਔਲਾਦ ਵਿਚੋਂ ਆਪਣੇ ਸਮੇਂ ਬਹਾਉਦੀਨ ਸ਼ਿਕਾਰੀਆ ਦੇ ਮਜ਼ਾਰ ਦਾ ਮਖ਼ਦੂਮ ਸੀ। ਇਹ ਗੁਰੂ ਨਾਨਕ ਸਾਹਿ ਸਮਕਾਲੀ ਸੀ। ਇਸ ਨੂੰ ਪੁਰਾਤਨ ਜਨਮ-ਸਾਖੀ ਵਿਚ ਮਖ਼ਦੂਮ ਬਹਾਵਲੀ ਲਿਖਿਆ ਹੈ।
5. ਗੋਰਖਹਟੜੀ ਹੁਣ ਵੀ ਪਿਸ਼ਾਵਰ ਦਾ ਇੱਕ ਪ੍ਰਸਿੱਧ ਸਥਾਨ ਹੈ। ਗੁਰੂ ਸਾਹਿਬ ਦੇ ਗੁਰ ਘਟਦੀਜ ਦਾ ਵਰਨਨ ਇਸ ਜਨਮ-ਸਾਖੀ ਵਿਚੋਂ ਮਿਲਦਾ ਹੈ। ਗੁਰੂ ਨਾਨਕ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੀ ਬਾਣੀ ਗੁਰੂ ਅੰਗਦ ਸਾਹਿਬ ਸੌਂਪ ਦਿੱਤੀ ਸੀ। -ਤਿਤ ਮਹਲਿ ਜੋ ਸਬਦੁ ਹੋਆ ਸੋ ਪੋਥੀ ਗੁਰੂ ਅੰਗਦ ਜੋਗ ਮਿਲੀ। ਇਸ ਗੱਲ ਦਾ ਹੋਰ ਕਿਸੇ ਜਨਮ-ਸਾਖੀ ਵਿਚ ਉੱਲੇਖ ਨਹੀਂ।
6. ਇਸ ਲਈ ਇਤਿਹਾਸਿਕ ਪੱਖ ਤੋਂ ਵੇਖਿਆ ਵਲਾਇਤ ਵਾਲੀ ਜਨਮ-ਸਾਖੀ ਇੱਕ ਬਹੁਤ ਵੱਡੀ ਵਡਮੁੱਲੀ ਰਚਨਾ ਹੈ। ਆਕਾਰ ਵਿਚ ਇਹ ਛੋਟੀ ਹੈ ਤੇ ਭਾਈ ਗੁਰਦਾਸ ਦੀ ਪਹਿਲੀ ਵਾਰ ਅਤੇ ਮਿਹਰਬਾਨ ਵਾਲੀ ਜਨਮ-ਸਾਖੀ ਦੀ ਸਮਕਾਲੀ ਰਚਨਾ ਹੈ।

ਇੱਕ ਇਤਿਹਾਸਕਾਰ ਵਿਦਵਾਨ ਸੱਜਣ ਆਪਣੀ ਦਲੀਲ ਲਈ ਕਿਸ ਤਰ੍ਹਾਂ ਦੀਆਂ ਨਿਰਾਧਾਰ ਚੀਜਾਂ ਕਰ ਸਕਦਾ ਹੈ, ਉਪਰੋਕਤ ਸਾਰੀ ਟੂਕ ਇਸ ਦੀ ਵਧੀਆ ਮਿਸਾਲ ਹੈ। ਕਹਾਣੀ ਵਿਚ ਆਏ ਕੁੱਝ ਨਾਮ ਤੇ ਥਾਵਾਂ ਦੇ ਆਧਾਰ 'ਤੇ ਹੀ ਇਸ ਸਿੱਟੇ ਤੇ ਪੁੱਜ ਜਾਣਾ ਠੀਕ ਨਹੀਂ ਕਿ ਉਸ ਸਾਖੀ ਦੀ ਸਾਰੀ ਸਾਮ ਗਰੀ ਇਤਿਹਾਸ ਦੀ ਉਪਜ ਹੈ। ਇਹ ਨਾਂ ਤੇ ਥਾਂ ਤਾਂ ਹਰ ਉਸ ਕਹਾਣੀ ਵਿਚ ਹੀ ਆਉਣਗੇ ਜਿਹੜੀ ਕਿਸੇ ਚਰਿੱਤਰ-ਨਾਇਕ ਦੇ ਉਪਦੇਸ਼ਾਂ ਦੀ ਵਿਆਖਿਆ ਲਈ ਘੜੀ ਜਾਵੇਗੀ। ਅਸਲੀਅਤ ਵੱਲੋਂ ਮੂੰਹ ਮੋੜ ਕੇ ਨਵਾਂ ਮਨੋਂ-ਕਲਪਿਤ ਇਤਿਹਾਸ ਘੜਨਾ ਇਤਿਹਾਸਕਾਰ ਦਾ ਨਹੀਂ; ਕਿਸੇ ਰਾਜਨੀਤਿਕ ਧੜੇਬੰਦੀ ਦਾ ਹੀ ਖ਼ਾਸਾ ਹੁੰਦਾ ਹੈ। ਇਤਿਹਾਸਕਾਰ ਤਰਕ ਜਾਂ ਵਿਵੇਕ ਦਾ ਪੱਲਾ ਫੜਦੇ ਹਨ, ਨਾ ਕਿ ਸ਼ਰਧਾ ਤੇ ਅੰਧ-ਵਿਸ਼ਵਾਸ ਦਾ।

ਇਸ ਦੇ ਵਿਪਰੀਤ ਸਾਡੇ ਬਹੁਤੇ ਵਿਦਵਾਨ ਜਨਮ-ਸਾਖੀਆਂ ਨੂੰ ਕੇਵਲ ਗੁਰੂ ਨਾਨਕ ਸਾਹਿਬ ਦੀਆਂ ਸ਼ਰਧਾਪੂਰਨ ਜੀਵਨੀਆਂ ਅਤੇ ਵੇਲੇ ਦੇ ਹਾਲਾਤ ਨੂੰ ਗੁਰੂ-ਆਸ਼ੇ ਨਾਲ ਪ੍ਰਗਟ ਕਰਕੇ ਉਸ ਵਿਚ ਗੁਰੂ ਨਾਨਕ ਦੇਵ ਜੀ ਦੀ ਸ੍ਰੇਸ਼ਠਤਾ ਸਿੱਧ ਕਰਨਾ ਹੀ ਮਨੋਰਥ ਸਮਝਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹਨਾਂ ਜਨਮ-ਸਾਖੀਆਂ ਵਿਚ ਇਤਿਹਾਸ ਲੱਭਣਾ ਗੁਨਾਹ ਦੇ ਬਰਾਬਰ ਹੈ।

ਡਾ. ਮੈਕਲੈਂਡ ਨੇ ਆਪਣੀ ਪੁਸਤਕ ਗੁਰੂ ਨਾਨਕ ਐਂਡ ਸਿੱਖ ਰਿਲੀਜਨ ਵਿਚ ਇਹ ਤੱਤ ਕੱਢਿਆ ਹੈ ਕਿ "ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੁੜੀਆਂ ਬਹੁਤੀਆਂ ਘਟਨਾਵਾਂ ਇਤਿਹਾਸ ਨਾਲੋਂ ਦੰਦ-ਕਥਾਵਾਂ ਜਾਂ ਰਵਾਇਤਾਂ ਵਧੇਰੇ ਹਨ।" ਡਾ. ਪਿਆਰ ਸਿੰਘ ਇਸ ਗੱਲ ਬਾਰੇ ਕਿੰਤੂ ਉਠਾਉਂਦੇ ਹਨ-"ਜਨਮ-ਸਾਖੀ ਦੀ ਇਤਿਹਾਸਿਕ ਮਹੱਤਤਾ ਬਾਰੇ ਅਕਸਰ ਕਿੰਤੂ ਕੀਤਾ ਜਾਂਦਾ ਹੈ। ਸ਼ਰਧਾ ਉਨ੍ਹਾਂ ਨੂੰ ਤੱਥ ਮੰਨਦੀ ਹੈ ਅਤੇ ਤੁਰਕ ਸੰਦਿਗਧ ਬਹੁਤੀਆਂ ਸਾਖੀਆਂ ਦਾ ਸੰਬੰਧ ਪੁਰਾਣੇ ਧਾਰਮਿਕ ਆਗੂਆਂ, ਸੂਫ਼ੀਆਂ, ਸੰਤਾਂ ਤੇ ਪੀਰਾਂ-ਫ਼ਕੀਰਾਂ ਦੀਆਂ ਰਵਾਇਤਾਂ ਨਾਲ ਜਾ ਜੁੜਦਾ ਹੈ। ਇੰਜ ਦੋ ਕਾਰਨਾਂ ਕਰਕੇ ਹੋ ਸਕਦਾ ਹੈ- ਪਹਿਲਾ ਇੱਕੋ ਜਿਹਾ ਜੀਵਨ ਬਤੀਤ ਕਰਨ ਵਾਲੇ ਵਿਅਕਤੀਆਂ ਨਾਲ ਇੱਕੋ ਜਿਹੀਆਂ ਘਟਨਾਵਾਂ ਵਾਪਰਨ ਦੀ ਸੰਭਾਵਨਾ; ਦੂਜਾ ਇੱਕ ਦੀਆਂ ਸਾਖੀਆਂ ਦਾ ਦੂਜੇ ਦੇ ਨਾਲ ਜੁੜ ਜਾਣਾ। ਸਾਡਾ ਖ਼ਿਆਲ ਹੈ ਕਿ ਇਹ ਦੂਜੀ ਕਿਰਿਆ ਬੜੀ ਤੇਜ਼ੀ ਨਾਲ ਚੱਲਦੀ ਰਹੀ ਹੈ। ਸ਼ਰਧਾ ਰੱਖਣ ਵਾਲਿਆਂ ਲਈ ਪ੍ਰਸ਼ਨ ਤੱਥ ਦਾ ਨਹੀਂ ਹੁੰਦਾ ਸੁਣਾਈ ਗਈ ਵਾਰਤਾ ਤੇ ਉਸ ਦੀ ਜੀਵਨ ਲਈ ਸਾਰਥਿਕਤਾ ਦਾ ਹੁੰਦਾ ਹੈ। ਜੇ ਕਿਸੇ ਹੋਰ ਵਿਅਕਤੀ ਨਾਲ ਜੁੜੀ ਕੋਈ ਕਥਾ ਜਾਂ ਘਟਨਾ ਉਨ੍ਹਾਂ ਦੇ ਭਾਵ ਨੂੰ ਸਿੱਧ ਕਰਨ ਦੀ ਸਮਰੱਥਾ ਰੱਖਦੀ ਦਿਸ ਆਉਂਦੀ ਹੈ ਤਾਂ ਉਹ ਉਸ ਨੂੰ ਆਪਣੇ ਇਸ਼ਟ ਨਾਲ ਜੋੜਣੋਂ ਸੰਕੋਚ ਨਹੀਂ ਕਰਦੇ। ਮੱਧਕਾਲ ਵਿਚ ਇਹ ਰੁਚੀ ਆਮ ਪ੍ਰਚਲਿਤ ਸੀ। ਉਹ ਇਹ ਵੀ ਦੱਸਦੇ ਹਨ ਕਿ ਸਾਡੇ ਸਾਖੀਕਾਰ ਇਤਿਹਾਸਿਕ ਸੂਝ ਨਹੀਂ ਸਨ ਰੱਖਦੇ। ਇਸ ਇੱਕ ਜਨਮ-ਸਾਖੀ ਵਿਚ ਸਾਖੀਕਾਰ ਨੇ ਬਾਬੇ ਨਾਨਕ ਨੂੰ ਜੋ 15ਵੀਂ-16ਵੀਂ ਸਦੀ ਈਸਵੀ ਵਿਚ ਹੋਏ, ਬਹਾਉਦੀਨ (ਮ੍ਰਿਤ 1267 ਈ.) ਦੇ ਪੋਤੇ ਰੁਕਨਦੀਨ (ਮ੍ਰਿਤ 1335 ਈ.), ਬਾਬਾ ਰਤਨ ਹਾਜੀ (ਮ੍ਰਿਤ (234-35) ਅਤੇ ਗੁਰਮਨਾਥਾ (11ਵੀਂ-12ਵੀਂ ਸਦੀ) ਨਾਲ ਜਾ ਮਿਲਾਇਆ ਹੈ ਜੋ ਕਿ ਕਿਸੇ ਵੀ ਤਰ੍ਹਾਂ ਨਾਲ ਇਤਿਹਾਸਿਕ ਦ੍ਰਿਸ਼ਟੀ ਨਹੀਂ ਬਣਦੀ। ਡਾ. ਕਿਰਪਾਲ ਸਿੰਘ ਜੀ ਨੇ ਸਿਰਫ਼ ਬਹਾਉਦੀਨ ਦਾ ਨਾਂ ਤਾਂ ਲੈ ਲਿਆ ਹੈ, ਪਰ ਇਤਿਹਾਸ ਦੇ ਇਸ ਗੱਲ-ਘੱਟ ਵਤੀਰੇ ਪ੍ਰਤੀ ਉਹ ਕੀ ਕਹਿਣਾ ਚਾਹੁਣਗੇ ?

ਇਸ ਲਈ ਜਨਮ-ਸਾਖੀ ਸਾਹਿਤ ਨੂੰ ਇਤਿਹਾਸ ਨਹੀਂ, ਸਾਹਿਤ ਮੰਨਣਾ ਵਧੇਰੇ ਯੋਗ ਹੈ। ਇਹ ਉਹ ਸਾਹਿਤ ਹੈ ਜੋ ਇੱਕ ਨਾਇਕ, ਇੱਕ ਧਾਰਮਿਕ ਆਗੂ, ਦੇ ਆਦਰਸ਼ ਵਿਅਕਤਿਤਵ ਅਤੇ ਉਸ ਦੀ ਮੱਧਕਾਲੀਨ ਮਨੁੱਖ ਉੱਪਰ ਪਕੜ ਨੂੰ ਮੂਰਤੀਮਾਨ ਕਰਨ ਲਈ ਪੈਦਾ ਕੀਤਾ ਗਿਆ ਸੀ। ਇਹ ਤਤਕਾਲੀਨ ਸਚਾਈ ਤੇ ਸਮੇਂ ਦੀ ਸੋਚਣੀ ਦੇ ਐਨ ਅਨੁਕੂਲ ਹੈ। ਇਸ ਦਾ ਸੁਆਦ ਮਾਨਣ ਲਈ ਅੰਧ-ਵਿਸ਼ਵਾਸ ਦਾ ਤਿਆਗ ਜ਼ਰੂਰੀ ਹੈ। ਇਹਨਾਂ ਦੇ ਪਾਠ ਵਿਚੋਂ ਜੋ ਕੁੱਝ ਲੱਭਦਾ ਹੈ ਉਹ ਇਤਿਹਾਸ ਨਹੀਂ ਸਗੋਂ ਸਭਿਆਚਾਰ ਹੈ। ਧਰਮ ਸਭਿਆਚਾਰ ਦਾ ਜ਼ਰੂਰੀ ਹਿੱਸਾ ਹੁੰਦਾ ਹੈ। ਧਰਮ ਕਿਸੇ ਇੱਕ ਮਜ਼੍ਹਬ ਜਾਂ ਫ਼ਿਰਕੇ ਨੂੰ ਨਹੀਂ ਕਹਿੰਦੇ ਸਗੋਂ ਇਹ ਸਾਡਾ ਸਾਂਝਾ ਵਿਰਸਾ ਹੈ। ਇਹੋ ਕਾਰਨ ਹੈ ਕਿ ਬਹੁਤ ਸਾਰੀਆਂ ਉਹ ਗੱਲਾਂ ਜੋ ਧਰਮ ਦੇ ਕਿਸੇ ਹੋਰ ਮਹਾਂਪੁਰਖ ਨਾਲ ਸੰਬੰਧਿਤ ਕੀਤੀਆਂ ਜਾਂਦੀਆਂ, ਉਨ੍ਹਾਂ ਵਿਚੋਂ ਕੁੱਝ ਇਹਨਾਂ ਵਿਚ ਵੀ ਇੰਨ-ਬਿੰਨ ਜਾਂ ਥੋੜੇ ਫ਼ਰਕ ਨਾਲ ਮਿਲ ਜਾਂਦੀਆਂ ਹਨ।

ਇਸੇ ਲਈ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਸਾਰਾ ਸਾਹਿਤ ਨਿਰਾਰਥਕ ਹੈ। ਇਸ ਵਿਚ ਬਾਬੇ ਦੀ ਜੀਵਨੀ ਦਾ ਸਾਰ-ਤੱਤ ਬੀਜ-ਰੂਪ ਵਿਚ ਆ ਹੀ ਜਾਂਦਾ ਹੈ। ਬਾਬਾ ਕਿਸ ਉੱਚ ਸ਼ਖ਼ਸੀਅਤ ਦਾ ਮਾਲਕ ਸੀ। ਉਸ ਨੇ ਆਪਣੀ ਕਰਨੀ ਤੇ ਬਚਨਾਂ ਨਾਲ ਕਿਸ ਤਰ੍ਹਾਂ ਦੇ ਲੋਕਾਂ ਵਿਚ ਕਿਸ ਤਰ੍ਹਾਂ ਥਾਂ ਬਣਾਈ, ਉਨ੍ਹਾਂ ਲਈ ਉਹ ਕਿਵੇਂ ਥਾਂ-ਥਾਂ ਭਟਕਿਆ ਅਤੇ ਉਨ੍ਹਾਂ ਦਾ ਅਗਿਆਨ ਰੂਪੀ ਹਨੇਰਾ ਕੱਟਣ ਲਈ ਉਸ ਨੇ ਕੀ-ਕੀ ਜ਼ਫ਼ਰ ਜਾਲੇ? ਉਸ ਨੇ ਧਰਮ ਤੇ ਸਭਿਆਚਾਰ ਦੇ ਖੇਤਰ ਵਿਚ ਕੀ-ਕੀ ਦੇਣ ਦਿੱਤੀ। ਅੰਧ-ਵਿਸ਼ਵਾਸ ਦੇ ਸ਼ਿਕਾਰ ਲੋਕਾਂ ਨੂੰ ਧਰਮ ਦਾ ਅਸਲ ਸਰੂਪ ਕਿਵੇਂ ਦਰਸਾਇਆ। ਇਹ ਵੀ ਕਿ ਉਹ ਭਾਵੇਂ ਸੰਸਾਰ ਦੇ ਕੰਮਾਂ-ਕਾਰਾਂ ਵਿਚ ਖਚਿਤ ਦਿੱਸਦਾ ਸੀ, ਪਰ ਫਿਰ ਵੀ ਸੁਭਾਅ ਤੋਂ ਉਹ ਮੁਕਤ ਜੀਵ ਸੀ, ਪਰ-

ਉਪਕਾਰੀ ਸੀ, ਦੂਰ-ਦਰਸ਼ੀ ਤੇ ਧਰਮ ਨੂੰ ਇੱਕ ਅਮਲੀ ਰੂਪ ਦੇਣ ਵਾਲਾ ਅਤੇ ਭਾਰਤ ਦਾ ਕਲਿਆਣ ਕਰਨ ਵਾਲਾ ਮਹਾਨ ਸੁਧਾਰਕ ਸੀ ਅਤੇ ਰੱਬ-ਰੂਪ ਹੋਇਆ ਪ੍ਰਾਣੀ ਸੀ। ਜਨਮ-ਸਾਖੀਆਂ ਦਾ ਨਾਨਕ ਇੱਕ ਕਰਨੀ ਵਾਲਾ, ਦਾਤਾਂ ਵੰਡਦਾ ਤੇ ਨਾਮ-ਦਾਨ-ਇਸ਼ਨਾਨ ਵਿਚ ਲੋਕਾਂ ਨੂੰ ਦ੍ਰਿੜ੍ਹ ਕਰਦਾ, ਦੁਖੀ ਆਤਮਾਵਾਂ ਨੂੰ ਠਾਰਨ ਵਾਲਾ ਗ੍ਰਿਸਿਥੀ ਪਰ ਕਰਮਯੋਗੀ ਮਹਾਤਮਾ ਸੀ।

ਜਨਮਸਾਖੀਆਂ ਦਾ ਪਾਠ ਉਹਨਾਂ ਦੇ ਇਸ ਪੱਖ ਨੂੰ ਉਜਾਗਰ ਅਵੱਸ਼ ਕਰਦਾ ਹੈ, ਭਾਵੇਂ ਉਹਨਾਂ ਦੀ ਪੂਰੀ ਸੂਰੀ ਜੀਵਨੀ ਸਾਡੇ ਸਾਮ੍ਹਣੇ ਨਹੀਂ ਰੱਖਦਾ।

ਇਹਨਾਂ ਅਰਥਾਂ ਵਿਚ, ਜਨਮਸਾਖੀ ਸਾਹਿਤ ਵਿਚ ਤਤਕਾਲੀਨ ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਭਾਈਚਾਰਿਕ ਇਤਿਹਾਸ ਦੇ ਵੀ ਕੁੱਝ ਜ਼ਰੂਰੀ ਅੰਸ਼ ਉਘੜਦੇ ਹੋਏ ਦਿੱਸਦੇ ਹਨ। ਇਸ ਸਾਹਿਤ ਨੂੰ ਪੜ੍ਹ ਕੇ ਸਹਿਜ ਰੂਪ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇ ਆਲੇ-ਦੁਆਲੇ ਦਾ ਸਮਾਜ ਪਤਨ ਦੇ ਮੂੰਹ ਤੇ ਖੜ੍ਹਾ ਸੀ, ਅੰਧ-ਵਿਸ਼ਵਾਸ, ਰੀਤੀ-ਰਿਵਾਜਾਂ ਦੀਆਂ ਰੂੜ੍ਹੀਆਂ, ਵਹਿਮਾਂ-ਭਰਮਾਂ ਦੀਆਂ ਗਰਜ਼ਾਂ ਵਿਚ ਫਸਿਆ ਹੋਇਆ ਸੀ। ਜੋਗੀਆਂ, ਜੰਜਮਾਨਾਂ ਦੀ ਸਭ ਪਾਸੇ ਚੜ੍ਹ ਮਚੀ ਹੋਈ ਸੀ। ਇਸ ਤੋਂ ਪਿੱਛੋਂ ਸੂਫ਼ੀ ਸੰਤਾਂ ਤੇ ਸਾਧੂ-ਸੰਨਿਆਸੀਆਂ ਦੀ ਚੜ੍ਹਤ ਸੀ। ਧਰਮ ਦੇ ਖੇਤਰ ਵਿਚ ਸੱਚੇ ਧਰਮ ਦੀ ਥਾਂ ਕੂੜ ਨੇ ਲੈ ਲਈ ਸੀ, ਪੀਰਾਂ ਤੇ ਫ਼ਕੀਰਾਂ ਦੀ ਮਾਨਤਾ ਵਧੇਰੇ ਸੀ, ਕਰਾਮਾਤਾਂ ਤੇ ਕਰਿਸ਼ਮੇ ਸਾਧੂ-ਸਮਾਜ ਦਾ ਜ਼ਰੂਰੀ ਅੰਗ ਮੰਨੇ ਜਾਂਦੇ ਸਨ। ਧਰਮ ਦੇ ਨਾਂ ਤੇ ਧਰਮ ਦੇ ਠੇਕੇਦਾਰ ਲੋਕਾਂ ਨੂੰ ਰਾਹ ਦੱਸਣ ਦੀ ਥਾਂ ਗੁੰਮਰਾਹ ਕਰ ਰਹੇ ਸਨ। ਧਰਮ ਦਾ ਨਾਂ ਲੈ ਕੇ ਵੇਲੇ ਦੇ ਹਾਕਮ ਵੀ ਆਮ ਲੋਕਾਈ ਦਾ ਖ਼ੂਨ ਚੂਸ ਰਹੇ ਸਨ, ਧਾਰਮਿਕ ਭਿੰਨ-ਭੇਦ ਅਤੇ ਅਸਹਿਨਸ਼ੀਲਤਾ ਜ਼ੋਰਾਂ ਤੇ ਸੀ। ਭਾਰਤੀ ਸਮਾਜ ਹਿੰਦੂ ਤੇ ਮੁਸਲਮਾਨ ਰੂਪੀ ਦੋ ਮਜ਼ਬਾਂ ਵਿਚ ਹੀ ਵੰਡਿਆ ਹੋਇਆ ਨਹੀਂ ਸੀ, ਸਗੋਂ ਸੈਂਕੜੇ ਹੀ ਫ਼ਿਰਕਿਆਂ ਤੇ ਪੰਥਾਂ ਵਿਚ ਗ੍ਰਸਿਤ ਸੀ। ਸੱਜਣ ਠੱਗਾਂ, ਕੌਡੇ ਰਾਕਸ਼ਾਂ, ਟੂਣੇਹਾਰ ਕਾਮਣੀਆਂ, ਹੱਥ ਹੌਲੇ ਕਰਨ ਵਾਲੇ ਸਾਧਾਂ, ਪੀਰਾਂ ਤੇ ਫ਼ਕੀਰਾਂ ਦੀ ਘਾਟ ਨਹੀਂ ਸੀ। ਪ੍ਰਭ ਦੇ ਘਰਾਂ ਵਿਚ ਵੀ ਮਾਨਵਤਾ ਵਿਰੋਧੀ ਕੰਮ ਕਾਰ ਹੋ ਰਹੇ ਸਨ। ਇਹਨਾਂ ਸਭ ਕਿਸਮ ਦੀ 410 ਖੋਜ ਪਤ੍ਰਿਕਾ ਬਿਪਤਾ ਵਿਚ ਘਿਰੀ ਲੋਕਾਈ ਸੱਚ ਅਤੇ ਤੱਥ ਦੀ ਤਲਾਸ਼ ਵਿਚ ਭਟਕ ਰਹੀ ਸੀ। ਪਰ ਉਸ ਨੂੰ ਰਾਹ ਮਿਲਣ ਦੀ ਥਾਂ ਸਗੋਂ ਦਰ-ਦਰ ਦੀਆਂ ਠੋਕਰਾਂ ਹੀ ਮਿਲ ਰਹੀਆਂ ਸਨ।

ਜਨਮਸਾਖੀਆਂ ਬਾਰੇ ਪੀ-ਐਚ.ਡੀ. ਦਾ ਸ਼ੋਧ ਪ੍ਰਬੰਧ ਲਿਖਣ ਵਾਲੇ ਇਕ ਹੋਰ ਵਿਦਵਾਨ ਡਾ. ਜਗਜੀਤ ਸਿੰਘ ਹੁਰੀਂ ਵੀ ਪੁਰਾਤਨ ਜਨਮਸਾਖੀ ਦੀ ਇਤਿਹਾਸਿਕ ਮਹੱਤਾ ਨਾਲੋਂ ਸਾਹਿਤਿਕ ਮਹੱਤਤ ਨੂੰ ਹੀ ਵਧੇਰੇ ਸਵੀਕਾਰ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਜਨਮ ਬਾਰੇ ਇਤਿਹਾਸ ਤੇ ਸਭਿਆਚਾਰ (ਚੰਦ-ਕਥਾ ਵਿਚ ਢੇਰ ਅੰਤਨ ਹੈ। ਸ. ਕਰਮ ਸਿੰਘ ਹਿਸਟੋਰੀਅਨ ਨੇ ਬਾਲੇ ਵਾਲੀ ਜਨਮਸਾਖੀ ਦਾ ਡੂੰਘਾ ਅਧਿਐਨ ਪੇਸ਼ ਕੀਤਾ ਹੈ ਅਤੇ ਸਿੱਟਾ ਕੱਢਿਆ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ ਸੁਦੀ ਤੀਜ ਨੂੰ ਹੋਇਆ ਸੀ ਨਾ ਕਿ ਕੱਤਕ ਦੀ ਪੂਰਨਮਾਸ਼ੀ ਨੂੰ। ਪਰੰਤੂ ਇਸ ਬਾਰੇ ਸਾਡਾ ਸਭਿਆਚਾਰ ਜਿਸ ਨੂੰ ਲੋਕ ਮਾਨਸ ਵੀ ਕਿਹਾ ਜਾਂਦਾ ਹੈ। ਇਹ ਅਵਤਾਰ ਪੁਰਬ ਕੱਤਕ ਦੀ ਪੂਰਣਿਮਾ ਹੀ ਦੱਸਦਾ ਤੇ ਮਨਾਉਂਦਾ ਹੈ।

ਡਾ. ਹਰਿਭਜਨ ਸਿੰਘ ਹੁਰੀਂ ਵੀ ਇਸ ਸਾਹਿਤ ਨੂੰ ਇਤਿਹਾਸ ਦੇ ਪ੍ਰਮਾਣ ਵੱਜੋਂ ਮੰਨਣ ਲਈ ਤਿਆਰ ਨਹੀਂ। ਇਸ ਵਿਚੋਂ ਪ੍ਰਮਾਣਿਕ ਇਤਿਹਾਸ ਮਿਲ ਹੀ ਨਹੀਂ ਸਕਦਾ। ਉਹ ਲਿਖਦੇ ਹਨ :

ਜਿਨ੍ਹਾਂ ਦੇਸ਼ਾਂ ਦਾ ਰਟਨ ਸਾਖੀ ਨਾਇਕ ਨੇ ਕੀਤਾ, ਸਾਨੂੰ ਉਹਨਾਂ ਦੇ ਨਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ ਪਰ ਉਹਨਾਂ ਦਾ ਕੋਈ ਪ੍ਰਮਾਣਿਕ ਵੇਰਵਾ ਕਿਸੇ ਸਾਖੀ ਵਿਚ ਅੰਕਿਤ ਨਹੀਂ। ਪ੍ਰਮਾਣਿਕ ਵੇਰਵ ਤੋਂ ਮੇਰਾ ਮਤਲਬ ਭੂਗੋਲਿਕ ਵੇਰਵਾ ਨਹੀਂ, ਨਾ ਹੀ ਮੇਰਾ ਇਸ਼ਾਰਾ ਭਾਸ਼ਾ, ਰਹਿਣੀ-ਬਹਿਣੀ, ਮਹਿਕ-ਪੁਸ਼ਾਕ ਆਦਿ ਉਹਨਾਂ ਸਭਿਆਚਾਰਕ ਤੱਥਾਂ ਪ੍ਰਤੀ ਹੈ ਜਿਨ੍ਹਾਂ ਉੱਪਰ ਸਥਾਨਕ ਰੰਗ ਦੀ ਮੋਹਰ-ਛਾਪ ਅੰਕਿਤ ਹੁੰਦੀ ਹੈ। ਸਾਖੀ ਸਥਾਨ ਵਿਚ ਵਿਚਰਦੀ ਹੈ, ਪਰ ਸਥਾਨ ਦੀ ਅਧੀਨਗੀ ਤੋਂ ਮੁਕਤ ਹੈ। ਪਰਮੇਸ਼ੁਰ ਮੁੱਖ ਸਾਖੀ ਦੀ ਹੋਂਦ-ਵਿਧੀ, ਸਾਖੀ ਦੀ ਹੋਂਦ-ਵਿਧੀ, ਪਰਮੇਸਰ ਵਾਂਗ ਹੀ ਸਮੇਂ ਅਤੇ ਸਥਾਨ ਤੋਂ ਅਤੀਤ ਹੈ। ਪ੍ਰਸਿੱਧ ਇਤਿਹਾਸਕਾਰ ਡਾ. ਫੌਜਾ ਸਿੰਘ ਹੁਰੀਂ ਜਨਮਸਾਖੀ ਸਾਹਿਤ ਨੂੰ ਨਾ ਨਿਰੋਲ ਇਤਿਹਾਸ ਮਨ ਹਨ, ਨਾ ਹੀ ਨਿਰੋਲ ਸਾਹਿਤ। ਉਹਨਾਂ ਦਾ ਵਿਚਾਰ ਹੈ ਕਿ ਦੋਵੇਂ ਹੀ ਮਤਾਂ ਵਾਲੇ ਸੱਚਾਈ ਤੋਂ ਦੂਰ ਹਨ। ਉਹ ਲਿਖਦੇ ਹਨ :

ਮੈਂ ਜਨਮਸਾਖੀ ਦੇ ਸਾਹਿਤ ਪੱਖ ਤੋਂ ਇਨਕਾਰੀ ਨਹੀਂ ਹਾਂ। ਮੈਂ ਜਨਮਸਾਖੀ ਦੇ ਪ੍ਰਭਾਵਸ਼ਾਲੀ ਢੰਗ ਬੋਲੀ ਤੇ ਸ਼ੈਲੀ ਆਦਿ ਦੀ ਖ਼ੂਬਸੂਰਤੀ ਮੰਨਦਾ ਹਾਂ, ਲੇਕਿਨ ਇਸ ਸ਼ਰਧਾ ਤੇ ਪਿਆਰ ਵਾਲੀ ਗੱਲ ਨੂੰ ਮੈਂ ਮੁੜ ਇਤਿਹਾਸਿਕ ਮਹੱਤਾ ਹੀ ਦੇਣੀ ਚਾਹੁੰਦਾ ਹਾਂ।.....ਮੇਰਾ ਵਿਚਾਰ ਹੈ ਕਿ ਸਿੱਖ-ਸਾਹਿਤ ਦਾ ਲੋਕ ਜੀਵਨ ਤੇ ਲੋਕ-ਵਿਸ਼ਵਾਸ ਨਾਲ ਅਟੁੱਟ ਰਿਸ਼ਤਾ ਨਹੀਂ ਉਹ ਸਾਹਿਤ ਸਾਨੂੰ ਉਸ ਜ਼ਮਾਨੇ ਦਾ ਇਕ ਇਤਿਹਾਸਿਕ ਪ੍ਰਤਿਬਿੰਬ ਪ੍ਰਦਾਨ ਕਰਦਾ ਹੈ।.......ਇਸ ਲਈ ਮੈਂ ਵਿਸ਼ਵਾਸ ਕਰਦਾ ਹਾਂ ਕਿ ਜਿਹੜੇ ਲੋਕ ਇਹਨਾਂ ਨੂੰ ਨਿਰਾਪੁਰਾ ਇਤਿਹਾਸ ਸਮਝਦੇ ਹਨ, ਉਹ ਵੀ ਸੱਚਾਈ ਤੋਂ ਦੂਰ ਹਨ। ਜਨਮਸਾਖੀਆਂ ਸਹੀ ਅਰਥਾਂ ਵਿਚ ਸਾਹਿਤ ਤੇ ਇਤਿਹਾਸ ਦਾ ਇਕ ਮਿਸ਼ਰਿਤ ਰੂਪ ਹਨ।

ਪੰਜਾਬੀ ਦੇ ਪ੍ਰਸਿੱਧ ਆਲੋਚਕ ਅਤੇ ਮੌਲਿਕ ਚਿੰਤਕ ਡਾ. ਮੋਹਨ ਸਿੰਘ ਦੀਵਾਨਾ ਇਸ ਮਸਲੇ ਬਾਰੇ ਬਹੁਤ ਵਧੀਆ ਗੱਲ ਕਹਿੰਦੇ ਹਨ। ਗੁਰੂ ਸਾਹਿਬ ਦੇ ਸ਼ਿਸ਼ਾਂ (ਸਿੱਖਾਂ) ਨੂੰ ਆਪਣੇ ਆਗੂ ਬਾਰੇ ਵੱਧ ਤੋਂ ਵੱਧ ਜਾਣਨ ਦੀ ਲਾਲਸਾ ਜਾਗੀ ਤੇ ਉਹਨਾਂ ਦੀ ਇਸ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਹਰ ਸਾਖੀਕਾਰ ਵੱਧ ਤੋਂ ਵੱਧ ਪ੍ਰਮਾਣਿਕ ਤੇ ਵਿਸ਼ਵਾਸਯੋਗ ਵਾਕਫ਼ੀ ਦੇਣ ਦਾ ਦਾਹਵਾ ਕਰਨ ਲੱਗਾ। ਇਹਨਾਂ ਵਿਚ ਇਤਿਹਾਸ ਘੱਟ ਤੇ ਲੋਕ-ਗਾਥਾ ਵਧੇਰੇ ਲੱਭੀ ਜਾ ਸਕਦੀ ਹੈ। ਇਹਨਾਂ ਸਾਖੀਆਂ ਦੀ ਉਤਪੱਤੀ ਬਾਰੇ ਉਹ ਲਿਖਦੇ ਹਨ ਕਿ ਇਹਨਾਂ ਸਾਖੀਆਂ ਦਾ ਜਨਮ ਮੁੱਖ ਤੌਰ ਤੇ ਸੰਤਾਂ ਤੇ ਗੁਰੂਆਂ ਦੇ ਮੁੱਖ ਵਾਕਾਂ ਨੂੰ ਇੰਨ-ਬਿੰਨ ਲੇਖਣੀ-ਸ ਕਰਨ, ਸਾਂਭਣ ਦੀ ਧਾਰਮਿਕ ਲੋੜ ਵਿਚੋਂ ਹੋਇਆ। ਮਗਰੋਂ ਉਹਨਾਂ ਦੇ ਪੈਰੋਕਾਰਾਂ ਦੀ ਅਗਵਾਈ ਅਤੇ ਲਾਭ ਹਿੱਤ ਆਪਣੇ ਵਿਛੜ ਚੁੱਕੇ ਆਗੂਆਂ ਨਾਲ ਸੰਬੰਧਿਤ ਕਾਰਜਾਂ, ਸਫ਼ਰਾਂ, ਮਿਲਣੀਆਂ, ਗੋਸ਼ਟੀ ਬਹਿਸਾਂ, ਕਰਾਮਾਤਾਂ, ਉਹਨਾਂ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸੰਪਰਕਾਂ ਅਤੇ ਸਾਹਿਤਿਕ ਕਿਰਤਾਂ ਦੀ ਸਾਜ-ਸੰਭਾਲ ਕੀਤੀ ਗਈ। ਇਹਨਾਂ ਬਾਰੇ ਪ੍ਰਾਪਤ ਹਰ ਛੋਟੇ ਜੀਵਨੀਪਰਕ ਜਾਂ ਸਾਹਿਤਿਕ ਵੇਰਵੇ ਨੂੰ ਹਾਰਦਿਕ ਪ੍ਰਸੰਸਾ, ਮੰਨਣਯੋਗਤਾ ਅਤੇ ਸ਼ਰਧਾ ਮਿਲਦੀ ਸੀ। ਸਮਾਂ ਪਾਕੇ ਇਹ ਵੇਰਵੇ ਵਧੇਰੇ ਗੌਰਵਮਈ ਅਤੇ ਮੰਨਣਯੋਗ, ਲਿਖਤੀ ਜਾਂ ਜ਼ਬਾਨੀ ਵਿਸਤਾਰਾਂ ਦਾ ਮੂਲ ਆਧਾਰ ਬਣੇ। ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਮੋਢੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਤਾਂਘ ਤੇ ਜਿਗਿਆਸਾ ਰੱਖਣ ਲੱਗੀਆਂ, ਇਸ ਲਈ ਹਰ ਪ੍ਰਕਾਰ ਦੇ ਦਾਹਵੇਦਾਰਾਂ ਨੇ ਪਹਿਲੇ ਦਰਜੇ ਦੀਆਂ ਜਾਂ ਦੂਜੇ ਦਰਜੇ ਦੀਆਂ ਗਵਾਹੀਆਂ ਦੇ ਆਧਾਰ 'ਤੇ, ਇਤਿਹਾਸ ਵਿਚੋਂ ਘੱਟ ਅਤੇ ਲੋਕ-ਗਾਥਾ ਵਿਚੋਂ ਵਧੇਰੇ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕੀਤੀ। ਡਾ. ਮੋਹਨ ਸਿੰਘ ਹੁਰਾਂ ਦੀ ਉਕਤ ਟੂਕ ਦੇ ਆਧਾਰ ਤੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਨਮਸਾਖੀਆਂ ਵਿਚੋਂ ਇਤਿਹਾਸ ਲੱਭਣਾ ਠੀਕ ਨਹੀਂ ਕਿਉਂਕਿ ਇਹਨਾਂ ਦਾ ਆਧਾਰ ਧਾਰਮਿਕ ਲੋੜ, ਸ਼ਰਧਾ ਅਤੇ ਲੋਕ ਵਿਰਸਾ ਹੈ।

## ਪੁਰਾਤਨ ਜਨਮਸਾਖੀ ਦਾ ਮਿਥਿਹਾਸਕ ਪੱਖ

ਜਨਮ ਸਾਖੀ ਦਾ ਇਕ ਲੱਛਣ ਇਹ ਵੀ ਹੈ ਕਿ ਲੇਖਕ ਸ਼ਰਧਾਵਸ ਹੋ ਕੇ ਜਨਮਸਾਖੀ ਦੀ ਰਚਨਾ ਕਰਦਾ ਹੈ। ਸ਼ਰਧਾਵਸ਼ ਹੋਣ ਕਰਕੇ ਉਹ ਰਚਨਾ ਨੂੰ ਤਾਰਕੀਕ ਚੌਖਟੇ ਤੇ ਤੋਰਨ ਵਿਚ ਅਸਫਲ ਹੋ ਜਾਂਦਾ ਹੈ। ਉਹ ਆਪਣੇ ਨਾਇਕ ਨੂੰ ਵਿਸ਼ੇਸ਼ ਦੱਸ਼ਣ ਦੇ ਚੱਕਰ ਵਿਚ ਆਪਣੇ ਇਤਿਹਾਸਕ ਨਾਇਕ ਦੀ ਛੱਵੀ ਨੂੰ ਮਿਤਿਹਾਸਕ ਤੱਥਾਂ ਨਾਲ ਰੱਲ-ਗੱਡ ਕਰ ਦਿੰਦਾ ਹੈ।

ਉਹ ਆਪਣੇ ਨਾਇਕ ਨੂੰ ਪੂਰਬਲੀਆਂ ਅਧਿਆਤਮਿਕ ਹਸਤੀਆਂ, ਅਵਤਾਰਾਂ, ਦੇਵੀ ਦੇਵਤਿਆਂ ਤੋਂ ਹੀਣਾ ਨਹੀਂ ਹੋਣ ਦੇਣਾ ਚਾਹੁੰਦਾ। ਇਸ ਲਈ ਉਹ ਜਾਂ ਤਾਂ ਆਪਣੇ ਨਾਇਕ ਨੂੰ ਉਹਨਾਂ ਦੇ ਬਰਾਬਰ ਜਾਂ ਚੇਰਾ ਖੜਾਂ ਕਰਨ ਦੇ ਯਤਨ ਕਰਦਾ ਹੈ। ਜਾਂ ਫਿਰ ਉਹ ਆਪਣੇ ਨਾਇਕ ਦਾ ਸੰਬੰਧ ਸਿੱਧੇ ਜਾਂ ਅਿੱਧੇ ਢੰਗ ਨਾਲ ਸਥਾਪਿਤ ਅਧਿਆਤਮਕ ਮਿਥਿਹਾਸਕ ਵਿਆਕਤੀਆਂ ਨਾਲ ਜੋੜ ਦਿੰਦਾ ਹੈ। ਇਸ ਤਰ੍ਹਾਂ ਪਰਾਸ਼ਰੀਰਿਕ ਸ਼ਕਤੀਆਂ ਦਾ ਪ੍ਰਭਾਵ ਵੱਧ ਜਾਂਦਾ ਹੈ। ਪੁਰਾਤਨ ਜਨਮ ਸਾਖੀ ਵਿਚ ਇਸ ਤਰ੍ਹਾਂ ਦੇ ਕਈ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ ਜਿਥੇ ਲੇਖਕ ਨੇ ਬਾਬੇ ਨਾਨਕ ਨੂੰ ਆਪਣੇ ਤੋਂ ਪੂਰਬਲੀਆਂ ਮਹਾਨ ਹਸਤੀਆਂ ਤੋਂ ਵੱਡਾ ਦਿੱਖਾਉਣ ਦੇ ਚੱਕਰ ਵਿਚ ਬਾਨੇ ਨਾਨਕ ਨੂੰ ਕਈ ਤਰ੍ਹਾਂ ਦੀਆਂ ਮਿਥਿਹਾਸਕ ਘਟਨਾਵਾਂ ਨਾਲ ਜੋੜ ਦਿਤਾਂ, ਜਾਂ ਉਹਨਾਂ ਨਾਲ ਅਜਿਹੀਆਂ ਮਿਥਕ ਘਟਨਾਵਾਂ ਨੂੰ ਜੋੜਿਆ ਹੈ ਜੋ ਬਿਲਕੁਲ ਕਾਲਪਨਿਕ ਸਨ। ਜਿਵੇਂ ਪੰਜਾ ਸਾਹਿਬ ਦੀ ਘਟਨਾ, ਗੁਰੂ ਦੀ ਦੁਆਰਾ ਹੱਥ ਨਾਲ ਪਹਾੜ ਨੂੰ ਰੋਕਣ ਦੀ ਘਟਨਾ ਦੀ ਪ੍ਰੇਰਨਾ ਮਿਥਿਹਾਸਕ

ਪਾਤਰ ਹਨੂੰਮਾਨ ਦੇ ਪਹਾੜ ਚੁੱਕ ਲਿਆਉਣ ਜਾਂ ਕ੍ਰਿਸ਼ਨ ਦੇ ਉਂਗਲੀ ਉੱਤੇ ਪਹਾੜ ਚੁਕਣ ਦੀ ਬਰਾਬਰਤਾ ਦਿਖਾਉਣ ਦੀ ਸ਼ਰਧਾ ਭਾਵਨਾ ਵਿਚੋਂ ਅਭਿਵਿਅਕਤ ਹੁੰਦੀ ਹੈ। ਵਿਸ਼ਨੂੰ ਦੇ ਸ਼ੇਸ਼ ਨਾਗ ਦੀ ਛਾਂ ਵਿਚ ਸੌਣ ਦੀ ਮਿਥਿਕ ਕਥਾ ਬਾਬੇ ਨਾਨਕ ਦੇ ਮੱਝਾਂ ਚਾਰਨ ਦੇ ਸਮੇਂ ਨਾਲ ਜੋੜੀ ਜਾਂਦੀ ਹੈ।

ਲੋਕਮਨ ਦੇ ਸੱਚ ਦਾ ਆਧਾਰ ਨਾ ਤਾਂ ਵਿਗਿਆਨਿਕ ਹੁੰਦਾ ਹੈ ਅਤੇ ਨਾ ਹੀ ਵਿਵੇਕਸ਼ੀਲ ਤੱਥਾਂ ਦਾ ਦੈਵੀਕਰਨ ਹੀ ਸਾਖੀ ਦੀ ਬੁਨਿਆਦੀ ਪ੍ਰਕਿਰਤੀ ਹੈ। ਸਾਖੀ ਨਾਇਕ ਨਾਲ ਜੁੜੀ ਮਿੱਥ ਹੀ ਸਾਖੀ ਦੇ ਚਿਹਰੇ ਮੋਹਰੇ ਨੂੰ ਗੌਰਵ ਬਖਸ਼ਦੀ ਹੈ। ਇਹੋ ਉਸਦੀ ਮੂਲ ਪਛਾਣ ਬਣਦੀ ਹੈ। ਤੱਥ ਆਪਣੇ ਆਪ ਵਿੱਚ ਕੇਵਲ ਸ਼ਰੀਰ ਹੈ, ਜਦੋਂ ਤੱਕ ਉਸ ਵਿੱਚ ਕੋਈ ਦੈਵੀ ਅੰਸ਼, ਮਿੱਥਕ ਰੂਪ ਵਿੱਚ ਨਹੀਂ ਰਲਦਾ ਉਦੋਂ ਤੱਕ ਸਾਖੀ ਹੋਂਦ ਵਿੱਚ ਨਹੀਂ ਆਉਂਦੀ। ਭਾਵੇਂ ਕਈ ਵਾਰ ਇਰ ਮਿੱਥਕ ਤੱਤ ਇਤਨਾ ਸੂਖਮ ਹੁੰਦਾ ਹੈ ਕਿ ਪਹਿਲੀ ਨਜ਼ਰੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸਾਖੀਆਂ ਵਿਚਲਾ ਇਹੋ ਮਿੱਥਕ ਸਾਖੀ ਪੁਰਸ਼ ਨੂੰ ਆਮ ਆਦਮੀ ਨਾਲੋਂ ਨਿਖੇੜਕੇ ਵਿਸ਼ੇਸ਼ ਤੇ ਆਲੋਕਿਕ ਬਣਾਉਂਦਾ ਹੈ।

ਇਸ ਲਈ ਇਸ ਪੁਰਾਤਨ ਜਨਮ ਸਾਖੀ ਵਿਚ ਲੇਖਕ ਗੁਰੂ ਨਾਨਕ ਦੇ ਵਿਆਕਤਿਵ ਨੂੰ ਸਿੱਧੇ ਜਾਂ ਅਸੀਧੇ ਢੰਗ ਨਾਲ ਮਿਥਿਹਾਸਕ ਪਾਤਰਾਂ ਨਾਲ ਜੋੜ ਦਿੰਦਾ ਹੈ। ਇਸ ਤਰ੍ਹਾਂ ਲੇਖਕ ਜਨਮ ਸਾਖੀ ਵਿਚ ਮਿਥਿਹਾਸਕ ਤੱਤ ਘੋਲ ਦਿੰਦਾ ਹੈ। ਇਸ ਵਿਚ ਯਥਾਰਥਿਕਤਾ ਨਾਲੋਂ ਰੁਮਾਂਸਿਕਤਾ ਦਾ ਰੰਗ ਬੜੀ ਖੂਬੀ ਨਾਲ ਨਿਖਰਦਾ ਹੈ ਅਤੇ ਕਰਾਮਾਤੀ ਅੰਸ਼ ਆਪਣੇ ਆਪ ਪੈਦਾ ਹੋ ਜਾਂਦੇ ਹਨ। ਇਸ ਤਰਾਂ ਗੁਰੂ ਸਾਹਿਬ ਉੱਤੇ ਲਿਖੀਆਂ ਗਈਆਂ ਸਾਰੀਆਂ ਹੀ ਜਨਮ ਸਾਖੀਆਂ ਵਿਚ ਮਿਥਿਹਾਸਕ ਅੰਸ ਮਿਲ ਜਾਂਦੇ ਹਨ। ਪਰ ਪੁਰਾਤਨ ਜਨਮ ਸਾਖੀ ਵਿਚ ਇਸ ਦੀ ਘਟ ਹੀ ਵਰਤੋਂ ਹੋਈ ਹੈ ਪਰ ਮਿਤਿਹਾਸਕ ਤੱਤ ਦੀ ਜਾਂ ਅਲੋਕਿਕ ਤੱਤਾਂ ਦੀ ਵਰਤੋਂ ਇਸ ਜਨਮ ਸਾਖੀ ਤੋਂ ਬਾਅਦ ਕਈ ਗੁਣਾ ਜਿਆਦਾ ਵੱਧ ਗਈ ਹੈ।

ਸੋ ਅਸੀਂ ਕਿਹ ਸਕਦੇ ਹਾਂ ਕਿ ਇਸ ਜਨਮਸਾਖੀ ਦੀ ਆਤਮਾ ਸਮਕਾਲੀ ਧਰਮਾਂ ਦੀਆਂ ਧਾਰਮਿਕ ਕਥਾਵਾਂ ਨਾਲ ਜੁੜੀ ਹੁੰਦੀ ਹੈ। ਇਸ ਲਈ ਕਈ ਵਾਰ ਨਾਇਕ ਤੋਂ ਪੂਰਬਲੀਆਂ ਜਾਂ ਲੇਖਕ ਤੇ ਨਾਇਕ ਦੇ ਵਿਚਕਾਰ ਵਾਪਰੀਆਂ ਘਟਨਾਵਾਂ ਜਾਂ ਪ੍ਰੱਲਿਚਤ ਕਥਾਵਾਂ ਨੂੰ ਵੀ ਲੇਖਕ ਅਚੇਤ ਜਾਂ ਸੁਚੇਤ ਤੌਰ ਤੇ ਨਾਇਕ ਦੇ ਜੀਵਨ ਚ੍ਰਿਤਰ ਨਾਲ ਜੋੜੀ ਜਾਂਦਾ ਹੈ। ਸਾਖੀਕਾਰ ਸੀਨਾ ਬਸੀਨਾ ਚੱਲੀਆਂ ਆਉਂਦੀਆਂ ਕਹਾਣੀਆਂ ਨੂੰ ਕਲਮੰਬਧ ਕਰਦਾ ਹੈ। ਇਸ ਤਰ੍ਹਾਂ ਕਿਸੇ ਹੋਰ ਵਿਆਤਕੀ ਦੀ ਸਾਖੀ ਕਿਸੇ ਹੋਰ ਵਿਤਕੀ ਨਾਲ ਜੁੜ ਜਾਂਦੀ ਹੈ। ਦੂਜੇ ਧਰਮਾਂ ਵਿਚ ਪ੍ਰਚੱਲਤ ਕਥਾਵਾਂ ਵੀ ਰੂਪਾਂਤ੍ਰਿਤ ਹੋ ਕੇ ਜਨਮ ਸਾਖੀ ਦੇ ਨਾਇਕ ਨਾਲ ਜੁੜ ਜਾਂਦੀਆਂ ਹਨ। ਇਸ ਤਰ੍ਹਾਂ ਇਹਨਾਂ ਕਥਾਵਾਂ ਦਾ ਸਮਕਾਲੀਨ ਸਮਾਜ ਦੇ ਸਾਹਿਤ ਅਤੇ ਲੋਕ ਮਾਨਸ ਦੀ ਚਿਤਵ੍ਰਿਤੀ ਵਿਚ ਇਕ ਅੱਦਿਖ ਜਿਹਾ ਚੱਕਰ ਜਿਹਾ ਚੱਲ ਪੈਂਦਾ ਹੈ। ਕਈ ਵਾਰ ਇਹਨਾਂ ਦਾ ਮੁਹਾਂਦਰਾ ਇਨਾਂ ਬਦਲ ਜਾਂਦਾ ਹੈ ਕਿ ਵਿਦਵਾਨਾਂ ਨੂੰ ਭੁਲੇਖਾ ਲੱਗ ਸਕਦਾ ਹੈ। ਜਨਮ ਸਾਕੀ ਦਾ ਮੁਹਾਂਦਰਾ ਇਤਿਹਾਸਕ ਹੁੰਦਾ ਹੈ ਪਰ ਮਿਥਿਹਾਸਕ ਤੱਤਾਂ ਦੇ ਪਰਵੇਸ਼ ਕਰਕੇ ਇਸ ਦੇ ਸਰੂਪ ਉੱਤੇ ਅੰਸੁਕ ਲੱਗ ਜਾਂਦਾ ਹੈ। ਸਮਾਤਨੀ ਵਿਚਾਰਾਂ ਦੇ ਅਨੁਮਈ ਇਹ ਗੱਲ ਮੰਨਣਾ ਨਹੀਂ ਚਾਹੁੰਦੇ ਅਤੇ ਅਤੇ ਉਹ ਇਸ ਨੂੰ ਨਿਰੋਲ ਇਤਿਹਾਸ ਪ੍ਰਮਾਣ ਵਜੋਂ ਹੀ ਵਰਤਦੇ ਆ ਰਹੇ ਹਨ।

## ਪੁਰਾਤਨ ਜਨਮਸਾਖੀ ਦਾ ਲੋਕਧਰਾਈ ਪੱਖ

ਸਾਖੀਆਂ ਦੀ ਰਚਨਾ ਦੰਤ ਕਥਾਵਾਂ ਦੇ ਵਾਂਗ ਹੀ ਲੋਕ ਪ੍ਰਵਾਹ ਵਿਚੋਂ ਹੋਈ। ਇਨ੍ਹਾਂ ਦੀ ਸਿਰਜਣਾ ਸਾਖੀਕਾਰਾਂ ਨੇ ਨਹੀਂ ਕੀਤੀ। ਸਾਖੀਕਾਰਾਂ ਨੇ ਤਾਂ ਜੋ ਕੁਝ ਲੋਕਾਂ ਵਿੱਚ ਪ੍ਰਚੱਲਿਤ ਸੀ ਉਸਨੂੰ ਕਲਮਬੱਧ ਕਰਕੇ ਸ਼ੈਲੀ ਵਿੱਚ ਅਮਰ ਕਰ ਦਿੱਤਾ। ਇਸ ਕਰਕੇ ਸਾਡੇ ਕੋਲ ਜੋ ਵੀ ਸਾਖੀਆਂ ਪ੍ਰਪਤ ਹਨ ਉਹ ਲੋਕਧਰਾਈ ਰੰਗਤ ਦੇ ਪ੍ਰਭਾਵ ਵਾਲੀਆਂ ਹੀ ਹਨ। ਭਾਵ ਕਿ ਇਹਨਾਂ ਸਾਖੀਆਂ ਦੀ ਵਿਸ਼ਾ ਕੋਈ ਵੀ ਹੋਵੇ ਪਰ ਲੋਕ ਪਰੰਪਰਾ ਦੇ ਅੰਸ ਇਹਨਾਂ ਵਿਚ ਖੁਦ-ਬ-ਖੁਦ ਸ਼ਾਮਿਲ ਹੋ ਜਾਂਦੇ ਸਨ।

ਲੋਕਮਨ ਦੇ ਸੱਚ ਦਾ ਆਧਾਰ ਨਾ ਤਾਂ ਵਿਗਿਆਨਿਕ ਹੁੰਦਾ ਹੈ ਅਤੇ ਨਾ ਹੀ ਵਿਵੇਕਸ਼ੀਲ। ਤੱਥਾਂ ਦਾ ਦੈਵੀਕਰਨ ਹੀ ਸਾਖੀ ਦੀ ਬੁਨਿਆਦੀ ਪ੍ਰਕਿਰਤੀ ਹੈ। ਸਾਖੀ ਨਾਇਕ ਨਾਲ ਜੁੜੀ ਮਿੱਥ ਹੀ ਸਾਖੀ ਦੇ ਚਿਹਰੇ ਮੋਹਰੇ ਨੂੰ ਗੌਰਵ ਬਖਸ਼ਦੀ ਹੈ। ਇਹੋ ਉਸਦੀ ਮੂਲ ਪਛਾਣ ਬਣਦੀ ਹੈ। ਤੱਥ ਆਪਣੇ ਆਪ ਵਿੱਚ ਕੇਵਲ ਸ਼ਰੀਰ ਹੈ, ਜਦੋਂ ਤੱਕ ਉਸ ਵਿੱਚ ਕੋਈ ਦੈਵੀ ਅੰਸ਼, ਮਿੱਥਕ ਰੂਪ ਵਿੱਚ ਨਹੀਂ ਰਲਦਾ ਉਦੋਂ ਤੱਕ ਸਾਖੀ ਹੋਂਦ ਵਿੱਚ ਨਹੀਂ ਆਉਂਦੀ। ਭਾਵੇਂ ਕਈ ਵਾਰ ਇਰ ਮਿੱਥਕ ਤੱਤ ਇਤਨਾ

ਸੂਖਮ ਹੁੰਦਾ ਹੈ ਕਿ ਪਹਿਲੀ ਨਜ਼ਰੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸਾਖੀਆਂ ਵਿਚਲਾ ਇਹੋ ਮਿੱਥਕ ਸਾਖੀ ਪੁਰਸ਼ ਨੂੰ ਆਮ ਆਦਮੀ ਨਾਲੋਂ ਨਿਖੇੜਕੇ ਵਿਸ਼ੇਸ਼ ਤੇ ਆਲੌਕਿਕ ਬਣਾਉਂਦਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਸਾਖੀ ਲੋਕ ਮਨ ਦੀ ਹੀ ਇੱਕ ਬਿਰਤਾਂਤਿਕ ਅਭਿਵਿਅਕਤੀ ਹੈ।, ਜਿਸ ਵਿੱਚ ਪਰੰਪਰਾ ਨਾਲ ਇਕਸੁਰ ਹੋਕੇ ਸਾਖੀ ਪੁਰਸ਼ ਨੂੰ ਉਸਦੀ ਬੁਨਿਆਦੀ ਪ੍ਰਕਿਰਤੀ ਦੇ ਲੱਛਣਾਂ ਦੇ ਅਨੁਕੂਲ ਇੱਕ ਦੈਵੀ ਚਰਿੱਤਰ, ਪ੍ਰਦਾਨ ਕੀਤਾ ਜਾਂਦਾ ਹੈ। ਇਹ ਸਾਰੀ ਸਿਰਜਣ ਪ੍ਰਕਿਰਿਆ ਲੋਕ ਧਾਰਾ ਦੀਆਂ ਹੋਰ ਰੂੜ੍ਹੀਆਂ ਵਾਂਗ ਅਚੇਤ ਰੂਪ ਵਿੱਚ ਇੱਕ ਸੰਸਕ੍ਰਿਤਿਕ ਪ੍ਰਕਾਰਜ ਵਾਂਗ ਹੁੰਦੀ ਹੈ। ਸਾਖੀ ਦਾ ਸੰਸਾਰ ਲੋਕ ਧਾਰਾਈ ਵਿਵੇਕ ਵਾਲਾ ਹੋਣ ਕਰਕ ਵਿਲੱਖਣ ਵੀ ਹੈ ਤੇ ਲੌਕਿਕ ਵੀ।

ਪੁਰਾਤਨ ਜਨਮ-ਸਾਖੀ ਵਿੱਚ ਗੁਰੂ ਨਾਨਕ ਦੇਵ ਦੇ ਸਮੇਂ ਦੇ ਸਮਾਜ ਦੀ ਝਲਕ ਵੀ ਮਿਲਦੀ ਹੈ। ਪਤਾ ਲੱਗਦਾ ਹੈ ਕਿ ਲੋਕ ਵਹਿਮਾਂ-ਭਰਮਾਂ ਦਾ ਸ਼ਿਕਾਰ ਸਨ। ਅੰਧ- ਵਿਸ਼ਵਾਸ ਦਾ ਬੋਲ-ਬਾਲਾ ਸੀ। ਜਾਦੂ-ਟੂਣਿਆਂ ਦੀ ਜਕੜ ਬੜੀ ਪੱਕੀ ਸੀ। ਵਰਨ ਵਿਵਸਥਾ ਨੇ ਸਮਾਜ ਨੂੰ ਜਾਤ-ਪਾਤ ਵਿੱਚ ਵੰਡਿਆ ਹੋਇਆ ਸੀ। ਰਾਜ ਅਤੇ ਧਰਮ ਦਾ ਪਤਨ ਹੋ ਚੁੱਕਾ ਸੀ। ਹਰ ਪਾਸੇ ਅਗਿਆਨ ਦਾ ਪਹਿਰਾ ਸੀ। ਇਹਨਾਂ ਹਾਲਾਤਾਂ ਦਾ ਚਿੱਤਰ ਪੁਰਾਤਨ ਜਨਮ-ਸਾਖੀ ਵਿੱਚੋਂ ਬੜੇ ਉਘੜਵੇਂ ਰੂਪ ਵਿੱਚ ਸਾਮ੍ਹਣੇ ਆਉਂਦਾ ਹੈ। ਇਸ ਤਰ੍ਹਾਂ ਪੁਰਾਤਨ ਜਨਮ-ਸਾਖੀ ਵਿੱਚੋਂ ਸਮਾਜਿਕ, ਰਾਜਨੀਤਿਕ, ਧਾਰਮਿਕ, ਇਤਿਹਾਸਿਕ ਅਤੇ ਭਾਈਚਾਰਿਕ ਜੀਵਨ ਦੀ ਭਰਪੂਰ ਝਲਕ ਮਿਲਦੀ ਹੈ।

### ਸਾਰਾਂਸ਼

ਉਪਰੋਕਤ ਚਰਚਾ ਦੌਰਾਨ ਅਸੀਂ ਪੁਰਾਤਨ ਜਨਮ ਸਾਖੀ ਦਾ ਇਤਿਹਾਸਕ ਪੱਖੋਂ, ਲੋਕਧਰਾਈ ਪੱਖੋ ਅਤੇ ਮਿਥਿਹਾਸਕ ਪੱਖੋਂ ਆਪਣੇ ਅਧਿਐਨ ਦਾ ਹਿੱਸਾ ਬਣਾਇਆ ਹੈ। ਜਿਸ ਵਿਚ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਕੋਈ ਵੀ ਸਮਾਜਿਕ ਰਚਨਾ ਜਾਂ ਸਾਹਿਤਕ ਕਿਰਤ ਸਮਾਜ ਦੀ ਪਰੰਪਰਾ ਤੋਂ ਟੁੱਟ ਕੇ ਨਹੀਂ ਚੱਲ ਸਕਦੀ, ਮਿਥਿਹਾਸ ਭਾਰਤੀ ਸਮਾਜ ਦੀ ਰੀੜ ਦੀ ਹੱਡੀ ਬਣ ਚੁਕਿੱਆ ਹੈ ਇਸ ਤੋਂ ਸਿੱਖ ਵਿਚਾਰਧਾਰਾ ਵੀ ਆਪਣੇ ਆਪ ਨੂੰ ਅਲੱਗ ਨਹੀਂ ਰੱਖ ਸਕੀਂ ਅਤੇ ਆਪਣੀ ਇਤਿਹਾਸਕ ਘਟਨਾਵਾਂ ਵਿਚ ਸੁੱਤੇ ਸਿੱਧ ਦੀ ਮਿਥਿਹਾਸ ਨੂੰ ਰੱਲ-ਗੱਡ ਕਰ ਗਏ। ਜਿਸ ਦੇ ਸਾਫ ਸਪੱਸ਼ਟ ਪ੍ਰਮਾਣ ਸਾਨੂੰ ਪੁਰਾਤਨ ਜਨਮਸਾਖੀ ਵਿਚ ਮਿਲਦੇ ਹਨ। ਦੂਜਾ ਪੱਖ ਪੁਰਾਤਨ ਜਨਮ ਸਾਖੀ ਦਾ ਇਤਿਹਾਸਕ ਦਸਤਾਵੇ ਦੇ ਤੌਰ ਇਸ ਦੀ ਮਹੱਤਤਾ ਨੂੰ ਲੈ ਕੇ ਹੈ, ਜਿਸ ਵਿਚ ਕਿਹਾ ਜਾ ਸਕਦਾ ਹੈ ਕਿ ਕਈ ਪੱਖਾਂ ਤੋਂ ਪੁਰਾਤਨ ਜਨਮ ਸਾਖੀ ਇਤਿਹਾਸਕ ਪਖੋਂ ਸਫਲ ਨਜਰ ਆਉਂਦੀ ਹੈ ਪਰ ਇਸ ਨੂੰ ਇਕ ਇਤਿਹਾਸਕ ਕਿਰਤ ਦਾ ਨਾਮ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਦੀ ਰਚਨਾ ਸ਼ਰਧਵਸ਼ ਕੀਕੀ ਗਈ ਹੈ ਇਸ ਕਰਕੇ ਇਸ ਦਾ ਮੁਖ ਕਾਰਜ ਗੁਰੂ ਨਾਨਕ ਦੇਵ ਦੇ ਵਿਆਕਤਿਵ ਨੂੰ ਉਭਾਰਨਾ ਰਿਹਾ ਹੈ ਨਾ ਕਿ ਕਿਸੇ ਭਾਰਤੀ ਇਤਿਹਾਸ ਨੂੰ ਪੇਸ਼ ਕਰਨ ਦੋ ਕੁਝ ਤੱਥ ਇਤਿਹਾਸ ਦੇ ਇਸ ਵਿਚ ਆਏ ਹਨ ਉਹ ਸਹਿਜ ਸੁਭਾਵ ਕਿਸੇ ਵੀ ਕਾਲ ਦੌਰਨ ਲਿਖੀ ਗਈ ਰਚਨਾ ਵਿਚ ਹੋ ਸਕਦੇ ਹਨ।

## ਕੇਂਦਰੀ ਸ਼ਬਦ

- **ਮਿਥਿਹਾਸ** - ਉਹ ਵਰਤਾਰਾ ਜਿਸ ਦੀ ਕੋਈ ਪ੍ਰਮਾਣਿਕਤਾ ਨਾ ਸਾਬਿਤ ਹੁੰਦੇ ਹਵੇ। ਜਿਵੇ ਹਿੰਦੂ ਧਰਮ ਦੇ ਸਾਰੇ ਦੇਵੀ ਦੇਵਤੇ।
- **ਇਤਿਹਾਸ**- ਉਹ ਘਟਨਾਵਾਂ ਜਿਨ੍ਹਾਂ ਹੋਣ ਜਾ ਵਾਪਰਨ ਦੇ ਤੱਥ ਜਾਂ ਪ੍ਰਮਾਣ ਮਿਲਦੇ ਹੋਣ।
- **ਲੋਕਧਾਰਾ** - ਆਮ ਜਨ ਸਾਧਾਰਨ ਦਾ ਜੀਵਨ ਪ੍ਰਵਾਹ ਵਿਚਲੇ ਰਸਮੋ ਰਿਵਾਜ।
- **ਜਨਮਸਾਖੀ**- ਗੁਰੂ ਨਾਨਕ ਦੇਵ ਦੇ ਜੀਵਨ ਲੈ ਕੇ ਲਿਖੀਆਂ ਗਈਆਂ ਕਹਾਣੀਆਂ ਜਾ ਜੀਵਨੀ।
- **ਅਲੋਕਿਕ** – ਇਹ ਲੋਕ ਦੀ ਨਾ ਹੋ ਕੇ ਇਸ ਹੋਰ ਲੋਕ ਦੀ ਵਸਤ ਭਾਵ ਕਾਲਪਨਿਕ।

### ਸਵੈ-ਮੁਲਾਂਕਣ

**ਪ੍ਰਸ਼ਨ 1. ਕਰਮ ਸਿੰਘ ਹਿਸਟੋਰੀਅਨ ਗੁਰੂ ਨਾਨਕ ਦੇਵ ਦਾ ਜਨਮ ਕਦੋਂ ਤੋਂ ਮੰਨਦਾ ਹੈ?**

ੳ) ਵਿਸਾਖ ਸੁਦੀ ਤੀਜ ਨੂੰ

ਅ) ਵਿਸਾਖ ਸੁਦੀ ਨੌਵੀਂ ਨੂੰ

ੲ) ਕੱਤਕ ਦੀ ਪੂਰਨਮਾਸ਼ੀ ਨੂੰ

ਸ) ਉਪਰੋਕਤ ਸਾਰੇ

**ਪ੍ਰਸ਼ਨ 2. ਜਨਮ ਸਾਖੀ ਵਿਚ ਇਤਿਹਾਸ ਘੱਟ ਤੇ ਲੋਕ-ਗਾਥਾ ਵਧੇਰੇ ਲੱਭੀ ਜਾ ਸਕਦੀ ਹੈ। ਇਹ ਕਿਸ ਦਾ ਵਿਚਾਰ ਹੈ?**

ੳ) ਧਰਮਿੰਦਰ ਸਿੰਘ ਸਿੰਗਲਾ

ਅ) ਮੋਹਨ ਸਿੰਘ ਦਿਵਾਨ

ੲ) ਕਰਮ ਸਿੰਘ ਹਿਸਟੋਰੀਅਨ

ਸ) ਰੱਤਨ ਸਿੰਘ ਜੱਗੀ

**ਪ੍ਰਸ਼ਨ 3. ਭਾਈ ਗੁਰਦਾਸ ਦੀ ਪਹਿਲੀ ਵਾਰ ਅਤੇ ਮਿਹਰਬਾਨ ਵਾਲੀ ਜਨਮਸਾਖੀ ਦਾ ਆਪਸੀ ਕੀ ਸੰਯੋਗ ਹੈ?**

ੳ) ਦੋਵੇ ਗੁਰੂ ਜੇ ਜੀਵਨ ਨਾਲ ਸਬੰਧਿਤ ਹਨ।

ਅ) ਦੋਵੇਂ ਗੁਰੂ ਜੀ ਬਾਰੇ ਹਨ।

ੲ) ਦੋਵੇ ਸਮਕਾਲੀ ਸਨ।

ਸ) ਦੋਵਾ ਦਾ ਵਿਸ਼ਾ ਭਿੰਨ ਹੈ।

**ਪ੍ਰਸ਼ਨ 4. ਭਾਈ ਵੀਰ ਜਨਮ ਸਾਖੀ ਦਾ ਆਧਾਰ ਕਿਹੜੀ ਜਨਮਸਾਖੀ ਹੈ?**

ੳ) ਸੋਢੀ ਮਿਹਰਬਾਨ ਵਾਲੀ ਜਨਮਸਾਖੀ

ਅ) ਭਾਈ ਬਾਲੇ ਵਾਲੀ ਜਨਮਸਾਖੀ

ੲ) ਭਾਈ ਮਨੀ ਸਿੰਘ ਵਾਲੀ ਜਨਮਸਾਖੀ

ਸ) ਪੁਰਾਤਨ ਜਨਮਸਾਖੀ

**ਪ੍ਰਸ਼ਨ 5. ਪੁਰਾਤਨ ਜਨਮ ਸਾਖੀ ਕਦੋਂ ਪ੍ਰਚਲਤ ਹੋਈ?**

ੳ) 1871

ਅ) 1876

ੲ) 1875

ਸ)1872

**ਪ੍ਰਸ਼ਨ 6. ਕਿਸ ਲੇਖਕ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੁੜੀਆਂ ਬਹੁਤੀਆਂ ਘਟਨਾਵਾਂ ਇਤਿਹਾਸ ਨਾਲੋਂ ਦੰਦ ਕਥਾਵਾਂ ਜਾਂ ਰਵਾਇਤਾਂ ਵਧੇਰੇ ਹਨ?**

ੳ) ਅਮਰ ਸਿੰਘ ਹਿਸਟੋਰੀਅਨ

ਅ) ਡਾ. ਮੈਕਲੈਂਡ ਨੇ

ੲ) ਮੋਹਨ ਸਿੰਘ ਦਿਵਾਨਾ

ਸ) ਡਾ. ਅਸ਼ੋਕ ਕੁਮਾਰ

**ਪ੍ਰਸ਼ਨ 7.** ਗੁਰੂ ਨਾਨਕ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੀ ਬਾਣੀ ਕਿਸ ਨੂੰ ਸੌਂਪ ਦਿੱਤੀ ਸੀ?

ੳ) ਭਾਈ ਬਾਲਾ ਜੀ ਨੂੰ

ਅ) ਗੁਰੂ ਅੰਗਦ ਦੇਵ ਨੂੰ

ੲ) ਭਾਈ ਮਰਦਾਨੇ ਨੂੰ

ਸ) ਕਿਸੇ ਨੂੰ ਨਹੀਂ

**ਪ੍ਰਸ਼ਨ 8. ਪੁਸਤਕ 'ਗੁਰੂ ਨਾਨਕ ਐਂਡ ਸਿੱਖ ਰਿਲੀਜਨ' ਕਿਸ ਦੀ ਰਚਨਾ ਹੈ?**

ੳ) ਅਮਰ ਸਿੰਘ ਹਿਸਟੋਰੀਅਨ

ਅ) ਡਾ. ਮੈਕਲੈਂਡ ਨੇ

ੲ) ਮੋਹਨ ਸਿੰਘ ਦਿਵਾਨਾ

ਸ) ਕੋਈ ਨਹੀਂ

**ਪ੍ਰਸ਼ਨ 9. ਜਨਮਸਾਖੀ ਨੂੰ ਇਤਿਹਾਸ ਦੀ ਬਜਾਏ ਕੀ ਮੰਨਣਾ ਵਧੇਰੇ ਯੋਗ ਹੈ?**

ੳ) ਵਾਰਤਕ

ਅ) ਕਵਿਤਾ

ੲ) ਸਾਹਿਤ

ਸ) ਕਥਾ

**ਪ੍ਰਸ਼ਨ 10. ਸਾਖੀਆਂ ਵਿਚਲੇ ਮਿੱਥਕ ਤੱਤ ਦੀ ਕੀ ਵਿਸ਼ੇਸ਼ਤਾ ਹੈ ਜੋ ਉਸਨੂੰ ਆਲੋਕਿਕ ਬਣਾਉਂਦੀ ਹੈ?**

ੳ) ਨਾਇਕ ਨੂੰ ਸ਼ਕਤੀਸਾਲੀ ਬਣਉਂਦਾ ਹੈ।

ਅ) ਨਾਇਕ ਨੂੰ ਆਦਰਸ਼ਕ ਬਣਾਉਂਦਾ ਹੈ।

ੲ) ਨਾਇਕ ਨੂੰ ਵਿਵੇਕਸ਼ੀਲ ਬਣਾਉਂਦਾ ਹੈ।

ਸ) ਸਾਧਾਰਨ ਤੋਂ ਵਿਸੇਸ਼ ਵਿਆਕਤੀ ਬਣਾਉਂਦਾ ਹੈ।

**ਪ੍ਰਸ਼ਨ 11. ਸਾਖੀ ਨਾਇਕ ਨਾਲ ਜੁੜੀ ਮਿੱਥ ਹੀ ਸਾਖੀ ਦੇ ਚਿਹਰੇ ਮੋਹਰੇ ਨੂੰ ਗੌਰਵ ਬਖਸ਼ਦੀ ਹੈ।**

ੳ) ਗਲਤ ਹੈ

ਅ) ਸਹੀ ਹੈ।

ੲ) ਉਪਰੋਕਤ ਦੋਵੇ ਗਲਤ

ਸ) ਉਪਰੋਕਤ ਦੋਵੇ ਅੰਸ਼ਕ ਗਲਤ

**ਪ੍ਰਸ਼ਨ 12. ਜਨਮਸਾਖੀ ਦੀ ਬੁਨਿਆਦੀ ਪ੍ਰਕਿਰਤੀ ਕਿਸ ਕਿਸ ਨੂੰ ਮੰਨਿਆ ਜਾਂਦਾ ਹੈ?**

ੳ) ਦੇਵੀਕਰਨ

ਅ) ਵਿਅਕਤੀਤਵਕਰਨ

ੲ) ਇਤਿਹਾਸਿਕਤਾ

ਸ) ਭੂਗੋਲਿਤਾ

**ਪ੍ਰਸ਼ਨ 13. ਲੋਕਮਨ ਦੇ ਸੱਚ ਦਾ ਆਧਾਰ ਕੀ ਹੁੰਦਾ ਹੈ।?**

ੳ) ਵਿਗਿਆਨ

ਅ) ਵਿਵੇਕਸ਼ੀਲਤਾ

ੲ) ਉਪਰੋਕਤ ਦੋਵੇ

ਸ) ਉਪਰੋਕਤ ਕੋਈ ਨਹੀਂ

**ਪ੍ਰਸ਼ਨ 14.** ਇਤਿਹਾਸਕ ਨਾਇਕ ਦੀ ਛੱਵੀ ਨੂੰ ਮਿਥੀਹਾਸਕ ਤੱਥਾਂ ਨਾਲ ਰੱਲ-ਗੱਡ ਕਿਉਂ ਕੀਤਾ ਜਾਂਦਾ ਹੈ?

ੳ) ਪਰੰਪਰਾਗਤ ਨਾਇਕਾ ਵਿਰੁੱਧ ਕਰਨ ਲਈ

ਅ) ਪਰੰਪਰਾਗਤ ਨਾਇਕਾ ਤੋਂ ਵੱਖ ਕਰਨ ਲਈ

ੲ) ਪਰੰਪਰਾਗਤ ਨਾਇਕਾ ਦੇ ਬਰਾਬਰ ਕਰਨ ਲਈ

ਸ) ਪਰੰਪਰਾਗਤ ਨਾਇਕਾ ਤੋਂ ਘੱਟ ਕਰਨ ਲਈ

**ਪ੍ਰਸ਼ਨ 15. ਜਨਮਸਾਖੀਆਂ ਸ਼ਰਧਾਵਸ਼ ਲਿਕੀਆਂ ਗਈਆਂ ਹਨ ਨਾ ਕਿ ਇਤਿਹਾਸਕ ਪੱਖੋ ਕਿਸ ਦਾ ਵਿਚਾਰ ਹੈ?**

ੳ) ਮੋਹਨ ਸਿੰਘ ਦਿਵਾਨਾ ਦਾ

ਅ) ਧਰਮਿਦਰ ਸਿੰਘ ਸਿੰਗਲਾ ਦਾ

ੲ) ਰਤਨ ਸਿੰਘ ਜੱਗੀ ਦਾ

ਸ) ਡਾ. ਅਸੋਕ ਕੁਮਾਰ ਦਾ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ਅ** | **3. ੲ** | **4. ਸ** | **5. ਸ** |
| **6. ਅ** | **7. ਅ** | **8. ਅ** | **9. ੲ** | **10. ਸ** |

| | | | | |
|---|---|---|---|---|
| **11. ਅ** | **12. ਅ** | **13. ਸ** | **14. ੲ** | **15. ਅ** |

**ਅਭਿਆਸ ਪ੍ਰਸ਼ਨ:**

ਪ੍ਰਸ਼ਨ 1. ਪੁਰਾਤਨ ਜਨਮ ਸਾਖੀ ਕਿਸ ਵਲੋਂ ਸੰਪਾਦਿਤ ਕੀਤੀ ਗਈ?

ਪ੍ਰਸਨ 2. ਜਨਮਸਾਖੀ ਤੋਂ ਕੀ ਭਾਵ ਹੈ?

ਪ੍ਰਸ਼ਨ 3. ਜਨਮਸਾਖੀ ਦੀ ਇਤਿਹਾਸਕ ਮਹੱਤਤਾ ਕੀ ਹੈ?

ਪ੍ਰਸ਼ਨ 4. ਗੁਰੂ ਨਾਨਕ ਸੰਬੰਧੀ ਕਿੰਨੀਆਂ ਜਨਮਸਾਖੀਆਂ ਪ੍ਰਾਪਤ ਹੁੰਦੀਆਂ ਹਨ?

ਪ੍ਰਸਨ 5. ਪੁਰਾਤਨ ਜਨਮ ਸਾਖੀ ਕਿਸ ਨੂੰ ਪ੍ਰਾਪਤ ਹੋਈ ਸੀ।?

**ਸੰਦਰਭ ਪੁਸਤਕਾਂ**


1. ਅਮਰਜੀਤ ਸਿੰਘ ਕਾਂਗ ਅਤੇ ਜਸਪਾਲ ਕੌਰ ਕਾਂਗ, ਮੱਧਕਾਲੀ ਸਾਹਿਤ ਵਿਵੇਕ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001
2. ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨਵਾਂ ਸੰਸਰਕਰਨ, 2015
3. ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
4. ਅਮਰਜੀਤ ਸਿੰਘ ਕਾਂਗ, ਕਿੱਸਾ ਸੰਸਾਰ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987
5. ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
6. ਕਰਨਜੀਤ ਸਿੰਘ, ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਪੰਜਾਬੀ ਯੂਨੀਵਰਸਿਟੀ, ਪਟਿਆਲਾ, 2005


**ਵੈਬ ਲਿੰਕ**

- https://punjabipedia.org/topic.aspx?txt=%E0%A8%AA%E0%A9%81%E0%A8%B0%E0%A8%BE%E0%A8%A4%E0%A8%A8+%E0%A8%9C%E0%A8%A8%E0%A8%AE-%E0%A8%B8%E0%A8%BE%E0%A8%96%E0%A9%80&k=4
- https://pa.wikipedia.org/wiki/%E0%A8%9C%E0%A8%A8%E0%A8%AE%E0%A8%B8%E0%A8%BE%E0%A8%96%E0%A9%80_%E0%A8%85%E0%A8%A4%E0%A9%87_%E0%A8%B8%E0%A8%BE%E0%A8%96%E0%A9%80_%E0%A8%AA%E0%A9%8D%E0%A8%B0%E0%A9%B0%E0%A8%AA%E0%A8%B0%E0%A8%BE

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-521360
Fax.: +91-1824-506111
Email: odl@lpu.co.in